# ਕਿੱਸਾ ਹੀਰ ਦਮੋਦਰ

**ਏਸੇ ਕਲਮ ਤੋਂ**

(1) ਪੰਜਾਬੀ ਕਿੱਸਾ - ਕਾਵਿ ਦੀਆਂ ਕਥਾਨਕ ਰੂੜ੍ਹੀਆਂ
(2) ਕਿੱਸਾ ਮਿਰਜ਼ਾ ਸਾਹਿਬਾਂ (ਪੀਲੂ)
(3) ਭਗਤ ਰਵਿਦਾਸ : ਜੀਵਨ ਤੇ ਰਚਨਾ
(4) ਗੁਰੂ ਅਮਰਦਾਸ: ਜੀਵਨ ਅਤੇ ਦਰਸ਼ਨ
(5) ਗੁਰਬਾਣੀ ਵਿਚ ਰਾਜ ਦਾ ਸੰਕਲਪ
(6) ਲੋਕ ਮਸਲੇ: ਦਸ਼ਾ ਤੇ ਦਿਸ਼ਾ
(7) ਦ੍ਰਿਸ਼ਟੀਕੋਣ
(8) ਕਿੱਸਾ ਦੁੱਲਾ ਭੱਟੀ ਕ੍ਰਿਤ ਕਿਸ਼ਨ ਸਿੰਘ ਸਹਿ ਸੰਪਾਦਕ : ਡਾ. ਬਿਕਰਮ ਸਿੰਘ ਘੁੰਮਣ)
(9) ਚੰਡੀ ਦੀ ਵਾਰ: ਚਿੰਤਨ ਤੇ ਕਲਾ (ਸਹਿ ਸੰਪਾਦਕ : ਡਾ. ਬਿਕਰਮ ਸਿੰਘ ਘੁੰਮਣ)
(10) ਗੁਰੂ ਨਾਨਕ ਬਾਣੀ: ਸਰੋਕਾਰ ਅਤੇ ਪੈਗ਼ਾਮ (ਸਹਿ ਸੰਪਾਦਕ : ਡਾ. ਬਿਕਰਮ ਸਿੰਘ ਘੁੰਮਣ)
(11) ਗੁਰੂ ਤੇਗ਼ ਬਹਾਦਰ: ਜੀਵਨ, ਚਿੰਤਨ ਅਤੇ ਬਾਣੀ (ਸਹਿ ਸੰਪਾਦਕ : ਡਾ. ਬਿਕਰਮ ਸਿੰਘ ਘੁੰਮਣ)
(12) ਬਾਬਾ ਗੁਰਦਿੱਤਾ ਜੀ (ਸਹਿ -ਸੰਪਾਦਕ ਕੁਲਦੀਪ ਸਿੰਘ ਕਾਮਿਲ)

**ਸ਼ਾਹਮੁੱਖੀ:**

(1) ਪੰਜਾਬੀ ਕਿੱਸਾ - ਕਾਵਿ ਦੀਆਂ ਕਥਾਨਕ ਰੂੜ੍ਹੀਆਂ
(2) ਕਿੱਸਾ ਮਿਰਜ਼ਾ ਸਾਹਿਬਾਂ (ਪੀਲੂ)
(3) ਭਗਤ ਰਵਿਦਾਸ : ਜੀਵਨ ਤੇ ਰਚਨਾ
(4) ਗੁਰੂ ਨਾਨਕ ਸਾਹਿਬ, ਜੀਵਨ ਕਾਲ ਤੇ ਫ਼ਿਲਾਸਫੀ (ਸਹਿ ਸੰਪਾਦਕ : ਡਾ. ਕਲਿਆਣ ਸਿੰਘ ਕਲਿਆਣ, ਡਾ. ਅਜੀਤ ਸਿੰਘ, ਸਤਵੰਤ ਕੌਰ)

**ਹਿੰਦੀ:**

1) ਭਗਤ ਰਵਿਦਾਸ : ਜੀਵਨ ਵਾ ਬਾਣੀ

# ਕਿੱਸਾ ਹੀਰ ਦਮੋਦਰ

ਸੰਪਾਦਕ :
ਡਾ. ਚਰਨਜੀਤ ਸਿੰਘ ਗੁਮਟਾਲਾ

ESTD. 1942
LAHORE
AZAD BOOK DEPOT
ਆਜ਼ਾਦ ਬੁੱਕ ਡੀਪੂ
ਅੰਮ੍ਰਿਤਸਰ

# KISSA HEER DAMODAR

*Editor :*
**Dr. Charanjit Singh Gumtala**
253, Ajit Nagar, Amritsar-143006 (India)
Email : gumtalacs@gmail.com
Ph. 91-9417533060

2705 Oak Trce, Beavercreek, OH, USA-45431-8572
Email : gumtalacs@gmail.com
Ph 0019375739812

© Author

ISBN : 978-81-969539-6-6

*Year of Publication :* 2024

Price : Rs. 400/-

*Published By:*
**AZAD BOOK DEPOT**
Hall Bazar, Amritsar
Ph: 0183-2292513, M: 919463170369, 91-93562-92513
Kd_singh180@hotmail.com

*Printer:* **PRINTWELL,** 146, Industrial Focal Point, Amritsar

# ਸਮਰਪਣ

ਆਪਣੇ ਗੁਰੂਦੇਵ ਤੇ ਨਾਮਵਰ ਲੇਖਕ
**ਡਾ. ਬਿਕਰਮ ਸਿੰਘ ਘੁੰਮਣ ਜੀ**
ਨੂੰ

# ਤਤਕਰਾ


- ਭੂਮਿਕਾ 7
- ਹੀਰ ਦਮੋਦਰ ਦੇ ਸ਼ੁੱਧ ਪਾਠ ਦੀ ਸਮੀਖਿਆ 8
- ਮੂਲ ਪਾਠ 11
- ਅੰਤਿਕਾ :

ਅਧਿਆਇ – 1 : ਪੰਜਾਬੀ ਕਿੱਸਾਕਾਰੀ 197

ਅਧਿਆਇ – 2 : ਦਮੋਦਰ ਕੌਣ ਸੀ ਤੇ ਉਸ ਨੇ ਕਿੱਸਾ ਕਦੋਂ ਲਿਖਿਆ? 219

ਅਧਿਆਇ – 3 : ਕੀ ਦਮੋਦਰ ਹੀ ਕਿੱਸਾ ਹੀਰ ਰਾਂਝਾ ਦਾ ਪਹਿਲਾ ਕਿੱਸਾਦਾਰ ਹੈ? 221

ਅਧਿਆਇ – 4 : ਹੀਰ ਰਾਝੇ ਦੀ ਕਹਾਣ : ਦਮੋਦਰ ਦੀ ਜ਼ੁਬਾਨੀ 225

ਅਧਿਆਇ – 5 : ਦਮੋਦਰ ਨੇ ਕਿੱਸਾ ਕਦੋਂ ਲਿਖਿਆ? 232

ਅਧਿਆਇ – 6 : ਝੰਗ ਸਿਆਲ ਦਾ ਇਤਿਹਾਸ 237

ਅਧਿਆਇ – 7 : ਜੋਗੀ ਬਾਲ ਨਾਥ ਦਾ ਸਮਾਂ 241

ਅਧਿਆਇ – 8 : ਸੱਚੀ ਜਾਂ ਮਨਘੜਤ 243

- ਸਹਾਇਕ ਪੁਸਤਕ ਸੂਚੀ 247


❋❋❋

# ਭੂਮਿਕਾ

ਪੰਜਾਬੀ ਕਿੱਸਾ ਸਾਹਿਤ ਵਿੱਚ ਹੀਰ ਦਮੋਦਰ ਦਾ ਵਿਸ਼ੇਸ਼ ਸਥਾਨ ਹੈ। ਦਮੋਦਰ ਪਹਿਲਾ ਕਵੀ ਸੀ, ਜਿਸ ਨੇ ਹੀਰ ਰਾਂਝੇ ਦਾ ਕਿੱਸਾ ਲਿਖਿਆ। ਹੀਰ ਰਾਂਝੇ ਦੇ ਪਿਆਰ ਦੀ ਗਾਥਾ ਦਾ ਜ਼ਿਕਰ ਤਾਂ ਵੱਖ ਵੱਖ ਲੇਖਕਾਂ ਆਪਣੀਆਂ ਲਿਖਤਾਂ ਵਿੱਚ ਕੀਤਾ ਹੈ, ਜਿਸ ਬਾਰੇ ਹਥਲੀ ਪੁਸਤਕ ਵਿੱਚ ਵੇਰਵਾ ਦਿੱਤਾ ਗਿਆ ਹੈ, ਪਰ ਇਸ ਗੱਲ ਦਾ ਮਾਨ ਦਮੋਦਰ ਨੂੰ ਜਾਂਦਾ ਹੈ ਕਿ ਉਸ ਨੇ ਇਸ ਪ੍ਰੇਮ ਕਹਾਣੀ ਨੂੰ ਕਿੱਸੇ ਦਾ ਰੂਪ ਦੇ ਕੇ ਹੀਰ ਰਾਂਝਾ ਕਾਵਿ ਦੀ ਪਰੰਪਰਾ ਨੂੰ ਜਨਮ ਦਿੱਤਾ। ਉਸ ਤੋਂ ਬਾਅਦ ਅਨੇਕਾਂ ਕਵੀਆਂ ਨੇ ਇਹ ਕਿੱਸੇ ਲਿਖੇ ਪਰ ਸਭ ਤੋਂ ਵੱਧ ਹਰਮਨ ਪਿਆਰਤਾ ਵਾਰਿਸ ਸ਼ਾਹ ਦੇ ਹਿੱਸੇ ਆਈ।

ਹੀਰ ਦਮੋਦਰ ਦੇ ਕਿੱਸੇ ਬਹੁਤ ਸਾਰੇ ਲੇਖਕਾਂ ਨੇ ਲਿਖੇ ਹਨ, ਪਰ ਅਸੀਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਿੰਸੀਪਲ ਗੁਰਦਿਤ ਸਿੰਘ 'ਪ੍ਰੇਮੀ' ਦੀ 1974 ਵਿੱਚ ਪਹਿਲੀ ਵਾਰ ਸੰਪਾਦਿਤ ਪੁਸਤਕ ਦਮੋਦਰ ਰਚਨਾਵਲੀ ਨੂੰ ਆਧਾਰ ਬਣਾਇਆ ਹੈ ਤੇ ਧੰਨਵਾਦ ਸਹਿਤ ਅਸੀਂ ਉਹ ਛਾਪ ਰਹੇ ਹਾਂ। ਪ੍ਰਿੰਸੀਪਲ ਸਾਹਿਬ ਨੇ 'ਹੀਰ ਦਮੋਦਰ ਦਾ ਸ਼ੁੱਧ ਪਾਠ' ਸਿਰਲੇਖ ਹੇਠ ਲਿਖਿਆ ਹੈ ਕਿ ਉਨ੍ਹਾਂ ਨੂੰ ਕੋਈ ਵੀ ਮੂਲ ਖਰੜਾ ਹੱਥ ਨਹੀਂ ਲੱਗਾ ਤੇ ਉਨ੍ਹਾਂ ਬਹੁਤ ਹੱਦ ਤੀਕ ਬਾਵਾ ਗੰਗਾ ਸਿੰਘ ਬੇਦੀ ਦੀ ਸੰਪਾਦਿਤ ਹੀਰ ਨੂੰ ਪ੍ਰਵਾਨ ਕੀਤਾ ਹੈ। ਉਨ੍ਹਾਂ ਨੇ ਮੂਲ ਪਾਠ ਦੇ ਉਤਾਰੇ ਸਮੇਂ ਸ. ਨਿਹਾਲ ਸਿੰਘ ਰੱਸ, ਸ. ਕਰਮ ਸਿੰਘ ਤੇ ਡਾ. ਗੁਰਦੇਵ ਸਿੰਘ ਦੇ ਯਤਨਾਂ ਨੂੰ ਵੀ ਸਾਹਮਣੇ ਰੱਖਿਆ ਹੈ।ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਪ੍ਰਿੰਟਵੈੱਲ ਦੇ ਸ. ਗੁਰਿੰਦਰ ਸਿੰਘ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਸ. ਸੁਖਰਾਜ ਸਿੰਘ ਪਾਸੋਂ ਟਾਈਪ ਕਰਵਾ ਕੇ ਸਾਡੇ ਖਰੜੇ ਨੂੰ ਕਿਤਾਬੀ ਰੂਪ ਦਿੱਤਾ। ਸੁਖਰਾਜ ਸਿੰਘ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਖਰੜੇ ਨੂੰ ਟਾਈਪ ਕੀਤਾ। ਸ੍ਰੀਮਤੀ ਅੰਮ੍ਰਿਤਪਾਲ ਕੌਰ ਕਲਸੀ ਦਾ ਵੀ ਧੰਨਵਾਦ ਜਿਨ੍ਹਾਂ ਨੇ ਪਰੂਫ਼ ਪੜ੍ਹਨ ਵਿੱਚ ਮੇਰੀ ਸਹਾਇਤਾ ਕੀਤੀ। ਆਜ਼ਾਦ ਬੁੱਕ ਡੀਪੂ, ਹਾਲ ਬਜ਼ਾਰ ਅੰਮ੍ਰਿਤਸਰ ਦਾ ਵੀ ਧੰਨਵਾਦ ਜਿਨ੍ਹਾਂ ਨੇ ਬਤੌਰ ਪ੍ਰਕਾਸ਼ਕ ਆਪਣੀ ਜ਼ੁੰਮੇਵਾਰੀ ਨਿਭਾਈ। ਉਮੀਦ ਹੈ ਕਿ ਸਾਡੀ ਇਹ ਲਿਖਤ ਪਾਠਕਾਂ ਨੂੰ ਜ਼ਰੂਰ ਪਸੰਦ ਆਵੇਗੀ। ਪਾਠਕਾਂ ਵੱਲੋਂ ਆਏ ਸੁਝਾਵਾਂ ਦਾ ਸਾਨੂੰ ਹਮੇਸ਼ਾਂ ਇੰਤਜ਼ਾਰ ਰਹੇਗਾ।

**ਚਰਨਜੀਤ ਸਿੰਘ ਗੁਮਟਾਲਾ (ਡਾ.)**

# ਹੀਰ ਦਮੋਦਰ ਦੇ ਸ਼ੁੱਧ ਪਾਠ ਦੀ ਸਮੀਖਿਆ

ਹੀਰ ਦਮੋਦਰ ਦਾ ਕਿਹੜਾ ਪਾਠ ਸ਼ੁੱਧ ਹੈ? ਬਾਰੇ ਪ੍ਰਿੰਸੀਪਲ ਗੁਰਦਿੱਤ ਸਿੰਘ ਪ੍ਰੇਮੀ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਪੁਸਤਕ ਦਮੋਦਰ ਰਚਨਾਵਲੀ ਵਿੱਚ ਲਿਖਦੇ ਹਨ ਕਿ ਦਮੋਦਰ ਰਚਿਤ ਕਿੱਸਾ ਮੂਲ ਖਰੜੇ ਦੇ ਰੂਪ ਵਿੱਚ ਅਜੇ ਪ੍ਰਾਪਤ ਨਹੀਂ। ਮੂਲ ਖਰੜੇ ਦੇ ਉਤਾਰੇ ਜ਼ਰੂਰ ਹੋਏ ਹਨ। ਬਾਵਾ ਬੁਧ ਸਿੰਘ ਨੇ 'ਕੋਇਲ ਕੂ' ਵਿੱਚ ਇਸ ਸਬੰਧੀ ਕੁਝ ਜਾਣਕਾਰੀ ਦਿੱਤੀ ਹੈ। ਬਾਵਾ ਗੰਗਾ ਸਿੰਘ ਬੇਦੀ ਨੇ ਅਜਿਹੇ ਦੋ ਉਤਾਰਿਆਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਉਨ੍ਹਾਂ ਉਤਾਰਿਆਂ ਦੀ ਸਹਾਇਤਾ ਨਾਲ ਬਾਵਾ ਜੀ ਨੇ ਹੀਰ ਦਮੋਦਰ 1940 ਈ. ਵਿੱਚ ਛਾਪ ਵੀ ਦਿੱਤੀ। ਹੀਰ ਦਮੋਦਰ ਨੂੰ ਛਾਪ ਦੇਣ ਦਾ ਇਹ ਪਹਿਲਾ ਯਤਨ ਸੀ। ਇਸ ਦਾ ਮਾਣ ਬਾਵਾ ਗੰਗਾ ਸਿੰਘ ਨੂੰ ਜਾਂਦਾ ਹੈ। ਪਰ ਅੱਜ ਇਹ ਉਤਾਰੇ ਵੀ ਬਾਵਾ ਜੀ ਦੀ ਸੰਤਾਨ ਪਾਸ ਨਹੀਂ ਮਿਲਦੇ।

ਬਾਵਾ ਗੰਗਾ ਸਿੰਘ ਬੇਦੀ ਦੀ ਸੰਪਾਦਤ 'ਹੀਰ ਦਮੋਦਰ' ਨੇ ਪੰਜਾਬੀ ਸੰਸਾਰ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਪਾਠਕ ਤੇ ਸਾਹਿਤਕਾਰ ਇਸ ਅਮੋਲਕ ਪਰ ਢੇਰ ਚਿਰ ਤੱਕ ਲੁਕੇ ਰਹੇ ਖਜ਼ਾਨੇ ਵਿੱਚ ਦਿਲਚਸਪੀ ਲੈਣ ਲੱਗੇ। ਕੁਝ ਹੋਰ ਵਿਦਵਾਨਾਂ ਨੇ ਵੀ ਹੀਰ ਦਮੋਦਰ ਨੂੰ ਸੰਪਾਦਨ ਕਰਨ ਅਤੇ ਛਾਪਣ ਦੇ ਯਤਨ ਕੀਤੇ। ਬਾਵਾ ਗੰਗਾ ਸਿੰਘ ਤੋਂ ਇਲਾਵਾ ਸ੍ਰੀ ਨਿਹਾਲ ਸਿੰਘ ਰੱਸ, ਸ੍ਰ. ਕਰਮ ਸਿੰਘ, ਸ੍ਰ. ਦੇਵਾ ਸਿੰਘ ਤੇ ਡਾ. ਗੁਰਦੇਵ ਸਿੰਘ ਦੁਆਰਾ ਸੰਪਾਦਿਤ ਹੀਰ ਦਮੋਦਰ ਦੇ ਕਿੱਸੇ ਮਿਲਦੇ ਹਨ। ਹੁਣ ਭਾਸ਼ਾ ਵਿਭਾਗ ਪੰਜਾਬ ਨੇ ਦਮੋਦਰ ਰਚਨਾਵਲੀ ਦਾ ਮਤਨ ਤੇ ਸੰਪਾਦਨ ਕਰਨ ਦਾ ਕੰਮ ਮੈਨੂੰ ਸੌਂਪਿਆ ਹੈ। ਦਮੋਦਰ ਰਚਿਤ ਕੇਵਲ 'ਹੀਰ' ਹੀ ਮਿਲੀ ਹੈ ਜਿਸ ਨੂੰ ਮੈਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹਾਂ।

ਪ੍ਰਿੰਸੀਪਲ ਪ੍ਰੇਮੀ ਅੱਗੇ ਲਿਖਦੇ ਹਨ ਕਿ ਹੱਥਲੀ ਐਡੀਸ਼ਨ ਮੈਂ ਕੋਈ ਹੱਥ ਨਹੀਂ ਬੰਨ੍ਹ ਸਕਦਾ ਕਿ ਮੈਂ 'ਹੀਰ ਦਮੋਦਰ' ਦਾ ਅਸਲੀ ਤੇ ਬਿਲਕੁਲ ਠੀਕ ਪਾਠ ਦਾ ਉਤਾਰਾ ਪੇਸ਼ ਕਰ ਰਿਹਾ ਹਾਂ। ਮੈਨੂੰ ਮੂਲ ਖਰੜਾ ਕੋਈ ਹੱਥ ਨਹੀਂ ਲੱਗਾ ਫੇਰ ਵੀ ਇਤਨਾ ਕਹਿ ਸਕਦਾ ਹਾਂ ਕਿ ਪਾਠ ਕ੍ਰਮ ਵਿੱਚ ਮੈਂ ਬਹੁਤ ਹੱਦ ਤੱਕ ਬਾਵਾ ਗੰਗਾ ਸਿੰਘ ਸੰਪਾਦਿਤ ਹੀਰ ਨੂੰ ਪ੍ਰਵਾਨ ਕੀਤਾ ਹੈ। ਭਾਵੇਂ ਮੂਲ ਪਾਠ ਦੇ ਉਤਾਰੇ ਸਮੇਂ ਸ੍ਰ. ਨਿਹਾਲ ਸਿੰਘ ਰੱਸ, ਸ੍ਰ. ਕਰਮ ਸਿੰਘ ਤੇ ਡਾ. ਗੁਰਦੇਵ ਸਿੰਘ ਦੇ ਯਤਨਾਂ ਨੂੰ ਵੀ ਸਾਹਮਣੇ ਰੱਖਿਆ ਗਿਆ ਹੈ। ਸ਼ੁੱਧ ਪਾਠ ਦੇਣ ਸਮੇਂ ਜਿਥੇ ਫ਼ਰਕ ਦਿਸਿਆ ਹੈ, ਮੈਂ ਬੋਲੀ ਦੇ ਨਿਯਮਾਂ ਤੇ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲਾ ਕੀਤਾ ਹੈ ਅਤੇ ਲੋੜ ਅਨੁਸਾਰ ਹੇਠ ਨੋਟ ਦੇ ਕੇ ਗੁਥੀ ਨੂੰ ਸੁਲਝਾਉਣ ਦਾ ਯਤਨ ਵੀ ਕੀਤਾ ਹੈ।

ਜਿੱਥੋ ਬੋਲੀ ਦਾ ਸੰਬੰਧ ਹੈ, ਉਹ ਇਸ ਸੰਬੰਧੀ ਲਿਖਦੇ ਹਨ ਕਿ ਹੀਰ ਦਮੋਦਰ ਵਿੱਚ ਵਰਤੀ ਬੋਲੀ ਨੂੰ ਸਮਝਣ ਅਤੇ ਇਸ ਦੀ ਅਰਥਾਵਲੀ ਦੇਣ ਵਿੱਚ ਉਨ੍ਹਾਂ ਨੇ

ਕਿਸੇ ਦੀ ਸਹਾਇਤਾ ਨਹੀਂ ਲਈ। ਝਾਂਗੀ ਉਨ੍ਹਾਂ ਦੀ ਮਾਤ-ਭਾਸ਼ਾ ਹੈ। ਅਲੀਪੁਰ ਦੀ ਜ਼ੈਲ ਦੇ ਉਹ ਮੇਰਾ ਜੰਮ-ਪਲ ਹਨ। ਵੱਡੇ ਸਿਆਲਾਂ ਤੇ ਸਿਆਲ ਉਪਜਾਤੀਆਂ ਦੇ ਨੌਂ-ਨਿਹਾਲਾਂ ਨਾਲ ਉਨ੍ਹਾਂ ਰਲ ਕੇ ਪਹਿਲੇ ਮਸੀਤੇ ਤੇ ਫੇਰ ਸਕੂਲ ਵਿੱਚ ਪੜ੍ਹਾਈ ਕੀਤੀ, ਉਨ੍ਹਾਂ ਨਾਲ ਕਬੱਡੀ, ਘੋਧਾ ਤੇ ਤਲੀਆਂ ਖੇਡਿਆ। ਉਨ੍ਹਾਂ ਵਿੱਚੋਂ ਕੁਝ ਉਨ੍ਹਾਂ ਦੇ ਚੰਗੇ ਯਾਰ ਵੀ ਸਨ। ਚੂਚਕਾਣੇ ਉਹ ਦੋ ਵਾਰ ਗਏ। ਨੌਂਵੀਂ ਦਸਵੀਂ ਜਮਾਤ ਝੰਗ ਸ਼ਹਿਰ ਪੜ੍ਹਕੇ ਪਾਸ ਕੀਤੀ। ਝੰਗ ਵਿੱਚ ਰਹਿਣ ਸਮੇਂ ਝੰਗ ਤੋਂ ਦੋ ਮੀਲ ਦੂਰ ਅਤੇ ਮਘਿਆਣਾ ਸ਼ਹਿਰ ਤੋਂ ਪੌਣਾ ਮੀਲ ਪੂਰਬ ਵੱਲ ਇਸਥਿਤ ਹੀਰ ਦੇ ਮਕਬਰੇ ਪਰ ਵੀ ਦੋ ਵਾਰ ਗਏ। ਮਿਡਲ ਤੱਕ ਤਾਲੀਮ ਝੰਗ ਦੇ ਪਿੰਡਾਂ ਵਿੱਚ ਪ੍ਰਾਪਤ ਕੀਤੀ। ਇਹ ਪਿੰਡ ਝੰਗ ਤੋਂ ਦਰਿਆ ਝਨਾਂ ਦੇ ਦੂਜੇ ਪਾਸੇ ਅਲੀਪੁਰ ਦੇ ਨੇੜੇ ਆਬਾਦ ਹਨ। ਕਿੜਾਣਾ ਪਹਾੜੀ ਪਰ ਉਹ ਦੋ ਵਾਰ ਗਏ ਜਦ ਉਹ ਲਾਲੀਆਂ ਜ਼ਿਲ੍ਹਾ ਝੰਗ ਵਿੱਚ ਅੰਗ੍ਰੇਜ਼ੀ ਦੀਆਂ ਸਪੈਸ਼ਲ ਕਲਾਸਾਂ ਪੜ੍ਹਦੇ ਸਨ। ਇਹ ਗੱਲ 1933-34 ਤੇ 1934-35 ਈ. ਦੀ ਹੈ। ਇਸ ਲਈ ਪਾਠ ਦੇ ਮਤਨ ਅਤੇ ਖ਼ਾਸ ਤੌਰ ਪਰ ਅਰਥਾਵਲੀ ਵਿੱਚ ਉਨ੍ਹਾਂ ਝਾਂਗੀ ਅਥਵਾ ਬਾਰ ਦੀ ਬੋਲੀ ਤੇ ਮੁਹਾਵਰੇ ਨੂੰ ਮੁਖ ਰੱਖਿਆ ਹੈ। ਫਾਰਸੀ ਸ਼ਬਦਾਵਲੀ ਸਮਝਣ ਵਿੱਚ ਉਨ੍ਹਾਂ ਨੂੰ ਵੈਸੇ ਕੋਈ ਔਖਿਆਈ ਪੇਸ਼ ਨਹੀਂ ਆਈ। ਫ਼ਾਰਸੀ ਪੜ੍ਹਦੇ ਆਯੂ ਦਾ ਬਹੁਤਾ ਹਿੱਸਾ ਬੀਤ ਚੁੱਕਾ ਹੈ। ਉਹ ਇਤਨੀ ਆਸ ਜ਼ਰੂਰ ਰੱਖਦੇ ਹਨ ਕਿ ਹੀਰ ਦਮੋਦਰ ਦੇ ਛਾਪਣ ਅਤੇ ਉਸ ਨੂੰ ਅਰਥਾਵਲੀ ਦੇਣ ਦੇ ਹੁਣ ਤੱਕ ਜਿਤਨੇ ਯਤਨ ਹੋਏ ਹਨ ਉਨ੍ਹਾਂ ਵਿੱਚੋਂ ਇਹ ਵਧੇਰੇ ਸਫ਼ਲ ਰਹੇਗਾ।

***

# ਸੰਕੇਤਾਵਲੀ

## ਵੱਖ ਵੱਖ ਐਡੀਸ਼ਨਾਂ ਲਈ

| | | |
|---|---|---|
| * | ਹੀਰ ਸੰਪਾਦਤ ਬਾਵਾ ਗੰਗਾ ਸਿੰਘ ਬੇਦੀ | ੳ |
| * | ਹੀਰ ਸੰਪਾਦਤ ਨਿਹਾਲ ਸਿੰਘ ਰੱਸ | ਅ |
| * | ਹੀਰ ਸੰਪਾਦਤ ਕਰਮ ਸਿੰਘ | ੲ |
| * | ਹੀਰ ਸੰਪਾਦਤ ਡਾ. ਗੁਰਦੇਵ ਸਿੰਘ | ਸ |

# ਮੂਲ ਪਾਠ

## ਮੰਗਲਾਚਰਨ

ਅੱਵਲ[1] ਨਾਮ ਸਾਹਿਬ ਦਾ ਲਈਏ, ਜਿਨ ਏਹੁ ਜਗਤ ਉਪਾਇਆ।
ਜ਼ਿਮੀਂ ਅਸਮਾਨ ਪਲਕ[2] ਦੁਰੁਸੀਤੀ[3], ਕੁਦਰਤ ਨਾਲ ਟਿਕਾਇਆ।
ਦੌਰ[4] ਕਮਰ[5] ਖੁਰਸ਼ੈਦੋ[6] ਸੀਤੇ, ਕੇ[7] ਹਰ ਜਾ ਇਕ ਸਾਇਆ।
ਨਾਉਂ ਦਮੋਦਰ ਜਾਤ ਗੁਲਾਟੀ ਜੈਂ ਇਹ ਕਿੱਸਾ ਚਾਇਆ[8] ॥੧॥

## ਚੂਚਕ ਦੇ ਘਰ ਹੀਰ ਦਾ ਜਨਮ

ਵੱਡਾ ਰਾਠ[9] ਜ਼ਿਮੀਂ ਦਾ ਖਾਵੰਦ[10] ਕੇਹੀ ਸਿਫਤ ਅਖਾਈਂ।
ਅਕਬਰ ਨਾਲ ਕਰੇਂਦਾ ਦਾਵੇ[11], ਭੁਈਂ ਨਈਂ ਦਾ ਸਾਈਂ[12]।
ਸੋਨਾ, ਰੁੱਪਾ, ਮਾਲ, ਖ਼ਜ਼ੀਨਾ[13], ਢੁੱਕਣ ਸੱਤੇ ਪਾਹੀਂ[14]।
ਚਾਰੋਂ ਬੇਟੇ ਚੜ੍ਹੋ ਚੜ੍ਹੰਦੇ, ਗਾਣ ਗਣ ਨਾਉਂ ਸੁਣਾਈਂ।
ਖਾਨ, ਪਠਾਣ, ਸੁਲਤਾਨ, ਬਹਾਦਰ ਕਿਸੇ ਬਿਦੇਂਦੇ[15] ਨਾਹੀਂ।
ਵਾਹ ਦਮੋਦਰ ਜਾਵਣ ਵਾਲੀ ਰੂਪ ਦਿਤੋਈ ਸਾਈਂ ॥੨॥

ਵੇਖੋ ਕੁਦਰਤ ਕਾਦਰ ਵਾਲੀ, ਡਾਢੇ ਰੱਬ ਕੀ ਭਾਈ।
ਹੋਇਆ ਹੁਕਮ ਹਜ਼ੂਰੋਂ ਕੋਈ, ਆਪੇ ਬਾਜੀ ਪਾਈ[16]।
ਵਾਰ ਬੁਢੇ ਦੀ ਮਹਿਰੀ ਕੁੰਦੀ, ਵੇਖਹੁ ਫੁੱਟ ਵਿਆਈ[17]।
ਆਖ ਦਮੋਦਰ ਖਾਣ ਇਸ਼ਕ ਦੀ, ਘਰ ਚੂਚਕਾਣੇ ਲਾਈ ॥੩॥

ਘਰ ਚੂਚਕ ਦੇ ਬੇਟੀ ਜੰਮੀ, ਹੋਈਆਂ ਜੱਗ ਵਧਾਈਆਂ।
ਨ੍ਹਾਤੀ ਧੋਤੀ, ਪੱਟ ਵਲ੍ਹੇਟੀ, ਕੁੱਛੜ ਕੀਤੀ ਦਾਈਆਂ।
ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁੱਕ ਰਹੀਆਂ ਕੁੜਮਾਈਆਂ[17]।
ਚਉਂ ਵਰ੍ਹਿਆਂ ਦੀ ਛੋਹਿਰ ਹੋਈ, ਗੱਲਾਂ ਕਰੇ ਸਚਿਆਈਆਂ ॥੪॥

---

1. ਸਭ ਤੋਂ ਪਹਿਲੇ। 2. ਫ਼ਲਕ, ਅਸਮਾਨ। 3. ਮੋਤੀਆਂ ਨਾਲ ਜੜਿਆ, ਦੁਰ ਭਾਵ ਮੋਤੀ। 4. ਚੱਕਰ, ਚਰਖ, ਆਸਮਾਨ। 5. ਚੰਨ। 6. ਸੂਰਜ। 7. ਇਸ ਤਰ੍ਹਾਂ ਕਿ। 8. ਚੁਕਿਆ, ਆਰੰਭ ਕੀਤਾ। 9. ਰਾਸ਼ਟਰ ਦਾ ਮਾਲਿਕ, ਭੂਪਤੀ। 10. ਮਾਲਿਕ। 11. ਝਗੜੇ, ਬਰਾਬਰੀ। 12. ਧਰਤੀਆਂ ਅਤੇ ਨਦੀਆਂ ਦਾ ਮਾਲਿਕ। 13. ਸੋਨਾ, ਚਾਂਦੀ, ਧਨ, ਦੌਲਤ। 14. ਸੱਤ ਪਰਕਾਰ ਦੇ ਚੌਪਾਏ ਜਿਵੇਂ ਊਠ, ਘੋੜਾ, ਮੱਝ, ਗਾਂ, ਭੇਡ, ਬਕਰੀ ਤੇ ਖੋਤਾ। 15. ਕਿਸੇ ਨੂੰ ਕੁਝ ਨਹੀਂ ਜਾਣਦੇ। 16. ਖੇਡ ਰਚਾਈ। 17. ਵਿਅਮ ਪਿਆ, ਮਹਰੀ ਕੁੰਦੀ ਨੇ ਬੁੱਢੀ ਉਮਰੇ ਕੁੜੀ ਨੂੰ ਜਨਮ ਦਿੱਤਾ। 17. ਰਿਸ਼ਤੇ ਦੀ ਮੰਗ ਹੋਣ ਲੱਗੀ।

ਛੇਆਂ ਵਰ੍ਹਿਆਂ ਦੀ ਛੋਹਿਰ ਹੋਈ, ਲੱਗੀ ਕਰਨ ਭਲਿਆਈਆਂ[1]।
ਅੱਠਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਦਰ ਦਰ[2] ਕੂਕਾਂ ਪਾਈਆਂ।
ਦਸਾਂ ਵਰ੍ਹਿਆਂ ਦੀ ਛੋਹਿਰ ਹੋਈ, ਚਾਰੇ ਨਈਂ ਨਿਵਾਈਆਂ[3]।
ਬਾਰਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਰਾਂਝੇ ਅੱਖੀਆਂ ਲਾਈਆਂ॥੫॥

## ਹੀਰ ਦੀ ਕੁੜਮਾਈ ਬਾਬਤ ਸਲਾਹ-ਮਸ਼ਵਰਾ

ਭਾਈ ਬਾਬੇ[4] ਮੰਤ੍ਰ[5] ਪਕਾਇਆ, ਹੀਰ ਕੁੜੀ ਕਹੀਂ ਡੀਹਾਂ[6]।
ਹਿੱਕੇ ਤਾਂ ਦੀਜੇ ਤੋੜ ਪਠਾਣਾਂ[7], ਸਿੰਧੋਂ ਪਾਰ[8] ਚੜ੍ਹੀਹਾਂ।
ਹਿੱਕੇ ਦਿਵੀਂਹਾ ਅਕਬਰ ਗ਼ਾਜ਼ੀ[9] ਕਛਾਂ ਆਪ ਕਛੀਹਾਂ[10]।
ਆਖ ਦਮੋਦਰ ਜਾਤ ਗੁਲਾਟੀ, ਏਹੋ ਮਤਾ ਪਕੀਹਾਂ॥੬॥

ਰਲ ਸਿਆਲਾਂ ਮਸਲਤ[11] ਕੀਤੀ, ਆਖਣ ਚੂਚਕ ਤਾਈਂ।
ਹੀਰ ਤੇਰੇ ਘਰ ਵੱਡੀ ਹੋਈ ਕੀਚੇ ਸਾਕ ਕਿਦਾਈਂ।
ਆਖਰ ਮਾਲ ਪਰਾਇਆ ਏਹੋ, ਰਖਿਆਂ ਬਣਦੀ ਨਾਹੀਂ।
ਆਖ ਦਮੋਦਰ ਸਭ ਸਿਆਲਾਂ, ਏਹੋ ਗੱਲ ਸੁਣਾਈ॥੭॥

ਭਾਈ ਤੁਸਾਂ ਖ਼ਬਰ ਨਾ ਕਾਈ, ਖ਼ਤ ਖੇੜਿਆਂ ਦਾ ਆਇਆ।
ਕੰਮੀਂ ਆਏ ਰਤੋਕੇ[12] ਬੈਠੇ, ਕਹੀਂ ਆਦਰ ਦੇ ਨਾ ਬਹਾਇਆ।
ਕਹੀਏਂ ਪੁਛ ਕੇ ਵੰਞ ਨ ਡਿੱਠਾ, ਖਤ ਨ ਘਿੰਨ[13] ਪੜ੍ਹਾਇਆ।
ਆਖ ਦਮੋਦਰ ਜੋ ਤੁਸਾਂ ਭਾਵੇ, ਦੋਸ ਨਾ ਮੈਥੇ ਆਇਆ॥੮॥

ਖ਼ਾਨਾਂ! ਕੇਹੜੀ ਗੱਲ ਨਾ ਦੇਹਾਂ, ਏਹੁ ਮੁਨਾਸਬ ਨਾਹੀਂ।
ਹਿਕ[14] ਦਿਹੁ ਜੋਗਾ ਸਕਾ[15] ਵੱਡਾ, ਆਵੇ ਕੰਮ ਅਸਾਹੀਂ[16]।
ਹਿੱਕੋ ਜੇਹੀ ਉਮਰ ਨਾ ਕਿਸੇ, ਅਵਸਰ[17] ਹਭਸੇ ਤਾਈਂ।
ਕਹੇ ਦਮੋਦਰ ਢਿੱਲ ਨਾ ਕੀਚੈ, ਬਣੇ ਤਹੰਬਲ[18] ਨਾਹੀਂ॥੯॥

---

1. ਭਲੇ ਕੰਮ ਕਰਨ ਲੱਗੀ। 2. ਹਰ ਘਰ, ਮਹੱਲੇ ਪਾਹੜੇ ਵਿਚ ਨਚਦੀ ਫਿਰਦੀ ਸੀ। 3. ਚਾਰੇ ਨਦੀਆਂ ਨਿਵਾ ਲਈਆਂ। ਦੇਸ਼ ਭਰ ਵਿਚ ਉਹ ਸੁੰਦਰਤਾ ਵਿਚ ਪ੍ਰਸਿੱਧ ਹੋ ਗਈ। 4. ਪਿਉ ਅਤੇ ਭਰਾਵਾਂ ਨੇ। 5. ਮਤਾ। 6. ਦੇ ਦੇਈਏ, ਵਿਆਹ ਦੇਈਏ। 7. ਪਠਾਣ ਘਰਾਣੇ ਵਿਚ ਵਿਆਹ ਦੇਈਏ। 8. ਸਿੰਧ ਤੋਂ ਪਾਰ ਦਾ ਦੇਸ਼ ਜੋ ਪਠਾਣਾਂ ਦਾ ਦੇਸ਼ ਮੰਨਿਆ ਜਾਦਾ ਹੈ। 9. ਦੀਨ ਲਈ ਯੁਧ ਕਰਨ ਵਾਲਾ ਅਕਬਰ। 10. ਕਛਣਾ ਭਾਵ ਜ਼ਮੀਨ ਮਾਪਣਾ, ਇਥੇ ਜ਼ਮੀਨ ਪਰ ਕਬਜ਼ਾ ਕਰ ਲੈਣ ਤੋਂ ਭਾਵ ਹੈ। 11. ਸਲਾਹ, ਮਸ਼ਵਰਾ। 12. ਰਾਤ ਦੇ, ਰਾਤ ਵੇਲੇ ਦੇ। 13. ਲੈ ਕੇ। 14. ਇਕ। 15. ਰਿਸ਼ਤੇਦਾਰ, ਕੁੜਮ। 16. ਸਾਡੇ ਹੀ। 17. ਮੌਕਾ, ਸਮਾਂ। 18. ਤਹੱਮਲ, ਧੀਰਜ, ਇਥੇ ਦੇਰ ਤੋਂ ਭਾਵ ਹੈ।

ਅੰਦਰਖਾਨੇ ਰਾਜ਼ੀ ਹੱਭਾ[1], ਏਹੋ ਮਤਾ ਪਕਾਏ।
ਆਇਆ ਖ਼ਾਨ ਸੱਥ ਵਿਚ ਬੈਠਾ, ਵੱਡੇ ਰੋਹ[2] ਅਲਾਏ।
ਬਾਮਣ ਸਦ ਸਉਂ ਪਾਏ ਬਾਮਣ[3], ਖਿਜਮਤ[4] ਬਹੁੰ ਕਰਿਆਹੇ।
ਆਖ ਦਮੋਦਰ ਡੂਮਾਂ ਤਾਈਂ[5], ਘਰ ਮਿਜਮਾਨ[6] ਬਣਾਏ॥੧੦॥

## ਹੀਰ ਦੀ ਕੁੜਮਾਈ

ਅਠੋਹਾਰਿ[7] ਗੁਜ਼ਰ ਗਈਆਂ ਨੇ, ਚੂਚਕ ਸੱਥੇ[8] ਆਇਆ।
ਕੀਤੁਸ ਫ਼ਿਕਰ ਕਿ ਦੀਚੈ ਭਾਈ? ਤਾਂ ਸੁਨਿਆਰ ਸਦਾਇਆ।
ਰਾਜੀ ਥੀ ਸੋਨਾ ਹੱਥ ਲੀਤਾ, ਤਾਂ ਬਹਿ ਤ੍ਰਗ[9] ਘੜਾਇਆ।
ਆਖ ਦਮੋਦਰ ਦਿੱਤੀ ਵਧਾਈ, ਤਾਂ ਬਾਮਣ ਗਲ ਪਾਇਆ॥੧੧॥

ਜੋੜਾ[10] ਘੋੜਾ ਦੋਹਾਂ ਤਾਈਂ, ਦੋਹੇਂ ਤੇੜ ਪਹਿਰਾਏ[11]।
ਦੋ ਸਿਰਪਾਉ ਵਿਦੇ ਤੇ ਆਂਦੇ, ਗਲ ਚੂਚਕ ਪੱਲੂ ਪਾਏ।
ਵੰਞਹੁ ਖੇੜੀਂ 'ਬਹੁਤ ਆਜਜ਼ੀ'[12], ਚੂਚਕ ਆਖ ਸੁਣਾਏ।
ਆਖ ਦਮੋਦਰ ਖ਼ਾਨ ਸੁਣਾਏ, ਸੈ ਵਾਰੀ ਤੁਸਾਂ ਵਧਾਏ[13]॥੧੨॥

ਟੁਰੇ ਵਿਦਾ ਥੀ ਕੰਮੀ ਯਾਰੋ, ਕਰਨ ਪਸੰਦ ਤਦਾਹਾਂ।
ਹਿਕ ਇਨਾਮ ਅਸਾਂ ਦਿੱਤਾ ਚੂਚਕ, ਦੂਜਾ ਅਗੂ ਵੰਞ ਘਿੰਨਾਹਾਂ।
ਜੇ ਅੱਗਦੂੰ ਸੁਣ ਪਾਏ ਅਲੀ[14], ਤਾਂ ਸਿਰ ਖ਼ਾਕ ਅਸਾਹਾਂ।
ਕਹੈ ਦਮੋਦਰ ਪੈਂਡਾ ਮੰਦਾ[15], ਕਰ ਕਰ ਘੁਟ ਪੀਵਾਹਾ[16]॥੧੩॥

ਚਲੇ ਕੰਮੀ ਉਥੋਂ ਤਾਈਂ, ਕੇਹੇ ਕਦਮ ਉਠਾਏ।
ਅੱਗੇ ਖ਼ਾਨ ਸੱਥ ਵਿਚ ਬੈਠਾ, ਦਿਲ ਵਿਚ ਫਿਕਰ ਹੰਢਾਏ।
ਕੰਮੀਂ ਵੰਞ ਸਿਆਲੀਂ ਬੈਠੇ, ਤਿਨ ਕੋ ਖ਼ਬਰ ਸੁਣਾਏ[17]।
ਆਖ ਦਮੋਦਰ ਹੋਆ ਖੁਸ਼ਹਾਲੀ, ਜੇ ਉਹ ਨਦਰੀ ਪਾਏ[18]॥੧੪॥

---

1. ਸਾਰੇ। 2. ਰੋਅਬ ਵਿਚ। 3. ਆਏ ਬ੍ਰਾਹਮਣਾਂ ਦੀ ਸੇਵਾ ਲਈ ਬ੍ਰਾਹਮਣਾਂ ਨੂੰ ਸੌਂਪਣਾ ਕੀਤੀ। 4. ਖਿਦਮਤ, ਸੇਵਾ। 5. ਮਿਰਾਸੀ। 6. ਮਿਹਮਾਨ। 7. ਅਠਵਾਰਾ, ਅਠ ਦਿਨ। 8. ਸੱਥ ਵਿਚ, ਜ਼ਿਮੀਦਾਰੀ ਵਿਚ ਬੈਠਣ ਉਠਣ ਦੀ ਥਾਂ ਨੂੰ ਸੱਥ ਕਹਿੰਦੇ ਹਨ। 9. ਗਲ ਪਾਉਣ ਦਾ ਤਿੰਨ ਨਗਾਂ ਵਾਲਾ ਗਹਿਣਾਂ। 10. ਪਗੜੀ ਤੇ ਝੱਗਾ। 11. ਦੋਹਾਂ ਨੂੰ ਚਾਦਰੇ ਮੱਝ ਬੰਨ੍ਹਣ ਲਈ ਦਿੱਤੇ। 12. ਨਿਮਰਤਾ। 13. ਵਧਾਈਆਂ। 14. ਖੇੜਾ ਸਰਦਾਰ, ਹਰੀ ਦਾ ਸਹੁਰਾ। 15. ਔਖਾ। 16. ਥੋੜ੍ਹਾ-ਥੋੜ੍ਹਾ ਕਰ ਕੇ ਸੁਕਾ ਲਈਏ। 17. ਉਨ੍ਹਾਂ ਦੀ ਖ਼ਬਰ ਕੌਣ ਦੱਸੇ। 18. ਨਜ਼ਰ ਆਏ।

## ਖੇੜਿਆਂ ਵਿਚ ਖ਼ੁਸ਼ੀ

ਹਸ ਹਸ ਖ਼ਾਨ ਸੁਨੇਹੇ ਪੁਛੇ, ਖ਼ੁਸ਼ੀ ਹੋਆ ਸਿਰ ਤਾਈਂ।
ਬਹੁਤੇ ਖ਼ਾਨ ਸਭ ਆਣ ਖਲੋਤੇ, ਭੁਈਂ ਨਈਂ ਦੇ ਸਾਈਂ।
ਤਣੀਆਂ ਤੁਟ ਗਈਆਂ ਅਲੀ ਦੀਆਂ[1], ਜੁੱਸੇ ਮਾਵੈ ਨਾਹੀਂ।
ਕਹੇ ਦਮੋਦਰ ਦਿਲ ਵਿਚ ਕੀਤੁਸ, ਟੰਮਕ ਢੋਲ ਧਰਾਹੀਂ[2] ॥੧੫॥

ਟੰਮਕ ਆਣ ਧਰਾਇਆ ਅੱਲੀ, ਸੱਭ ਭਿਰਾਉ ਸਦਾਏ।
ਸ਼ਾਦੀ ਕੀਤੀ ਦਿਲ ਦੀ ਭਾਂਦੀ[3] ਕੋਠੇ ਆਣ ਲੁਟਾਏ[4]।
ਕੰਮੀ ਭੇਜ ਸੱਦਿਆ ਨੇ ਸੱਕੇ[5] ਆਏ ਖ਼ਾਨਾਂ ਜਾਏ।
ਖਾਣਾ ਖਾਇ ਕਰੇਂਦੇ ਮਸਲਤ, ਕੇਹੇ ਮਤੇ ਪਕਾਏ॥੧੬॥

ਆਖੇ ਖਾਨ ਸੁਣੋ ਭਿਰਾਓ, ਬੈਠ ਪਸੰਦ ਕਰੀਹੇ।
ਮੂਲ ਤਹੰਬਲ ਬਣਦਾ ਨਾਹੀਂ, ਚੰਗੇ ਹੱਥ ਉਠੀਹੇ।
ਚਲੀਏ ਝੰਗ ਸਿਆਲਾਂ ਵਾਲੇ, ਰੌਸ਼ਨ ਸਾਕ ਕਰੀਹੇ[6]।
ਕਹੇ ਦਮੋਦਰ ਢਿੱਲ ਨ ਬਣਦੀ, ਤਈਆਰੀ ਤੁਰਤ ਕਰੀਹੇ॥੧੭॥

ਤਾਂ ਹਭਸੇ ਚਿਤ ਏਹਾ ਆਈ, ਜਿਉਂ ਕਰ ਖ਼ਾਨ ਸੁਣਾਏ।
ਨੁਕਰੇ, ਨੀਲੇ, ਅਬਲਕ, ਤਾਜ਼ੀ[7], ਗਲ ਗਜਗਾਹਾ ਬਣਾਏ[8]।
ਨਚ ਨਚ ਤਾਨ ਪੁਰੇਂਦੋ ਤਾਜ਼ੀ[9], ਮਖਮਲ ਹੰਨੇ ਪਾਏ[10]।
ਖ਼ਾਨ ਮਲੂਕ[11] ਅਕੱਠੇ ਹੋਏ, ਤਾਂ ਆਲਮ[12] ਵੇਖਣ ਆਏ॥੧੮॥

## ਖੇੜੇ ਝੰਗ ਸਿਆਲਾਂ ਨੂੰ ਤੁਰ ਪਏ

ਚੱਲੇ ਖ਼ਾਨ ਭੁਈਂ ਦੇ ਖਾਵੰਦ, ਕੁੱਲ ਸਮਾਨ ਉਠਾਏ।
ਘੋੜੇ ਬਖਸ਼ਣ ਕਾਰਣ ਲੀਤੇ, ਰੋਕੜ[13] ਉਠ ਲਦਾਏ।
ਭੰਡ, ਭਗਤੀਏ[14] ਤੇ ਸਰਨਾਈ[15], ਕੰਜਰੀਆਂ ਵੇਸ ਬਣਾਏ।
ਆਖ ਦਮੋਦਰ ਮਲਕਾਂ ਖ਼ਾਨਾਂ, ਚੜ੍ਹਿਆ ਰੰਗ ਸਵਾਏ॥੧੯॥

---

1. ਖ਼ੁਸ਼ੀ ਵਿਚ ਜੁੱਸਾ ਇਤਨਾ ਫੁਲਿਆ ਕਿ ਗਲ ਪਾਏ ਜਾਮੇ ਦੀਆਂ ਤਣੀਆਂ ਟੁੱਟ ਗਈਆਂ। 2. ਢੋਲ ਨਗਾਰੇ ਵਜਾਏ ਜਾਣ। 3. ਮਨ ਚਾਹਤ ਖ਼ੁਸ਼ੀ ਕੀਤੀ। 4. ਬਹੁਤ ਅੰਨ ਦਾਨਾ ਵੰਡਿਆ। 5. ਰਿਸ਼ਤੇਦਾਰਾਂ ਨੂੰ ਬੁਲਾ ਭੇਜਿਆ। 6. ਆਪਣਾ ਰਿਸ਼ਤਾ ਰੌਸ਼ਨ ਕਰੀਏ, ਰਿਸ਼ਤਾ ਲੋਕਾਂ ਵਿਚ ਮਸ਼ਹੂਰ ਕਰੀਏ। 7. ਘੋੜਿਆਂ ਦੀਆਂ ਕਿਸਮਾਂ। 8. ਘੋੜਿਆਂ ਦੇ ਗਲ ਵਿਚ ਹਾਰ ਹਮੇਲਾ ਪਾਈਆਂ ਤੇ ਉਨ੍ਹਾਂ ਨੂੰ ਹਾਥੀਆਂ ਵਾਂਗ ਸਜਾ ਦਿੱਤਾ। 9. ਤਾਜ਼ੀ (ਘੋੜੇ) ਤਾਲ ਪਰ ਨਾਚ ਕਰ ਰਹੇ ਸਨ। 10. ਕਾਠੀਆਂ ਉਪਰ ਮਖਮਲੀ ਕਪੜਾ ਵਿਛਾਇਆ ਗਿਆ। 11. ਮਲਿਕ ਦਾ ਬਹੁਵਚਨ, ਅਮੀਰ ਲੋਕ। 12. ਇਕ ਦੁਨੀਆ ਦੇਖਣ ਆਈ। 13. ਨਕਦੀ, ਰੁਪਏ ਪੈਸੇ। 14. ਰਾਸਧਾਰੀਏ। 15. ਸ਼ਰਨਾਈਆਂ, ਸ਼ਰਨਾਈਆਂ ਬਜਾਣ ਵਾਲੇ।

ਕੁੱਲੇ ਕੋਤਲ, ਅਬਲਕ, ਮੁਸ਼ਕੀ[1] ਖ਼ਾਨ ਮਲੂਕ ਸਦਾਏ।
ਬਹਿੰਗੀ[2], ਅਸਤਰ[3], ਸ਼ੁਤਰ[4], ਸਵਾਈ[5], ਪੂਰਨ ਤਾਨ ਸਵਾਏ।
ਊਠ ਟੱਟੂ, ਕਸ਼ਮੀਰੀ, ਉੜਦੂ, ਖ਼ਾਨਾ ਹਥਿਆਰ ਬਣਾਏ।
ਆਖ ਦਮੋਦਰ ਤਿਸ ਦਿਨ ਧਰਤੀ, ਭਾਰ ਨ ਸਿਰ ਤੇ ਚਾਏ॥੨੦॥

ਤਾਂ ਸੁਣ ਸੰਜਮ[6] ਕੀਤਾ ਚੂਚਕ, ਜਾਂ ਸੁਣਿਆ ਖੇੜੇ ਆਏ।
ਘਿਉ, ਗੁੜ, ਖੰਡ, ਮੈਦੇ, ਤੇ ਦਾਣੇ ਆਣ ਮੌਜੂਦ ਧਰਾਏ।
ਦਾਣਾ, ਘਾਹ, ਸ਼ਰਾਬ, ਪਿਆਏ, ਢਾਡੀ[7] ਭਲੇ ਸਦਾਏ।
ਅਣਵਾਏ ਬਹੁ ਲੇਫ ਤੁਲਾਈ, ਭਲਾ ਦਲਾਨ[8] ਪੁਚਾਏ॥੨੧॥

ਲਥੇ ਬਾਘ[9] ਬਹਾਦਰ ਡਾਢੇ ਭੂਈਂ ਨਈਂ ਦੇ ਸਾਈਂ।
ਛੁਟੀ ਸੁਨਿ ਜਣ ਇੰਦ੍ਰ ਅਖਾੜੇ, ਬਹੁ ਭੇਰੀ ਤੇ ਸਰਣਾਈਂ।
ਨਚ ਨਚ ਤਾਨ ਪੁਰੇਨ ਭਗਤੀਏ, ਕੰਜਰੀਆਂ ਗਾਵਨ ਗਾਹੀ।
ਤਾਂ ਤਾਂ ਖਾਣਾ ਚੂਚਕ ਭੇਜੇ, ਕੱਚਾ ਕੋਰਾ[10] ਤਾਂਹੀ॥੨੨॥

## ਖੇੜੇ-ਸਿਆਲ ਮਿਲਣੀ

ਖਾਣਾ ਖਾਇ ਤਯਾਰੀ ਕੀਤੀ, ਘਿੰਨਣ ਸਾਊ[11] ਆਏ।
ਮਿਲਣ ਮੁਹੱਬਤ ਨਾਲੇ ਹੱਸ ਕਰ, ਹਿੱਕੇ ਹਿੱਕ ਮਿਲਾਏ[12]।
ਸੂਰਤ ਸ਼ਕਲ ਬਹੁਤ ਚਤੁਰਾਈ[13], ਮਾਵਾਂ ਪੁਤ੍ਰ ਕੇ ਜਾਏ।
ਆਖ ਦਮੋਦਰ ਚੰਦ ਸੂਰਜ ਦੋ, ਜਣ ਜਾਲੀ ਆਣ ਫਹਾਏ[14]॥੨੩॥

ਖ਼ੈਰ ਪੁਛ ਕੇ ਨੱਪ[15] ਉਠਾਏ, ਰਲ ਮਿਲ ਜੁਲੇ ਘਰਾਹੀਂ।
ਆਣ ਦਲਾਨੀ ਲਾਹੇ ਯਾਰੋ ਵੇਖੇ ਲੋਕ ਤਦਾਹੀਂ।
ਚੜ੍ਹੋ ਚੜ੍ਹੰਦੇ ਵੱਡੇ ਸੂਰਮੇ, ਭੂਈਂ ਨਈਂ ਦੇ ਸਾਈਂ।
ਆਖ ਦਮੋਦਰ ਲੈ ਚਲੇ ਪਿਆਲੇ[16] ਢਾਡੀ ਵਾਰਾਂ ਤਾਈਂ॥੨੪॥

---

1. ਘੋੜਿਆਂ ਦੀਆਂ ਕਿਸਮਾਂ। 2. ਕਚਾਵਾ। 3. ਕਪੜਾ ਜੋ ਊਠ ਦੇ ਪਲਾਣ ਪਰ ਸੁੱਟਿਆ ਜਾਂਦਾ ਹੈ। 4. ਊਠ। 5. ਊਠਣੀ ਰਾਜਸਥਾਨੀ। 6. ਸਾਮਾਨ ਇਕੱਠਾ ਕੀਤਾ। 7. ਢੱਡ ਸਾਰੰਗੀ ਵਜਾਣ ਵਾਲੇ, ਵਾਰਾਂ ਗਾਉਣ ਵਾਲੇ। 8. ਖੁਲ੍ਹੀ ਥਾਂ ਪਰ। 9. ਸ਼ੇਰ। 10. ਕੱਚੀ ਪੱਕੀ ਰਸਦ। 11. ਸਰਦਾਰ ਲੋਕ, ਵੱਡੇ ਲੋਕ। 12. ਹਿੱਕ ਨਾਲ ਹਿੱਕ ਮਿਲਾ ਕੇ, ਜਫ਼ੀਆਂ ਪਾ ਕੇ। 13. ਸੁੰਦਰ, ਦਿਲ ਖਿਚਵੀਂ। 14. ਮਾਨੋ ਚੰਨ ਸੂਰਜ ਇਕੱਠੇ ਹੋ ਗਏ। 15. ਪਕੜ ਉਠਾਏ। 16. ਸ਼ਰਾਬ ਦਾ ਦੌਰ ਚਲਿਆ।

ਦਿਹੁੰ ਬੀਤਾ ਖਾਣਾ ਖਧਿਓ ਨੇ[1], ਵਖਤ ਰਾਤ ਦਾ ਆਇਆ।
ਹੱਸ ਖੇਡ ਕਰ ਸੁੱਤੇ ਸਾਊ, ਕੋਈ ਨ ਮੂਲ ਰਿੰਜਾਇਆ।
ਕਰ ਸਿਰਪਾਊ ਬੈਠੇ ਸਭ ਸਾਊ, ਆਲਮ ਵੇਖਣ ਆਇਆ।
ਆਖ ਦਮੋਦਰ ਵੱਡੇ ਵੇਲੇ ਰਾਠਾਂ ਹੱਥ ਉਠਾਇਆ[2] ॥੨੫॥

ਭੰਡ ਭਗਤੀਏ ਅਵਰ ਮੰਗਤੀਏ ਆਲਮ ਉੱਛਲ ਆਏ।
ਦੇ ਦੇ ਘੋੜੇ ਖੇਸ ਪਟਾਂਗਲੀ[3] ਅਜੇ ਦੇਵਣ ਨੂੰ ਸਧਰਾਏ[4]।
ਮੰਗਤੇ ਮੰਗ ਮੰਗ ਰਾਜ਼ੀ ਹੋਏ, ਕਰ ਦੁਆਈ ਮੰਗਲ ਗਾਏ।
ਆਖ ਦਮੋਦਰ 'ਸਹੀ ਸਲਾਮਤ' ਸੱਭ ਅਸੀਸ ਸੁਣਾਏ ॥੨੬॥

## ਖੇੜੇ ਵਿਦਾ ਹੋਏ

ਦੂਜੀ ਰਾਤ ਰਹਿਣ ਨਹੀਂ ਕੀਤਾ, ਚੂਚਕ ਪੱਲੂ ਪਾਇਆ[5]।
ਸਰ ਪਰ ਰੱਖ ਤਿਆਰੀ ਕੀਤੀ, ਮੇਲ ਕੁਟੰਬ ਬਹਾਇਆ।
ਸੱਚ ਆਖੋ ਕੇ ਦਿਚੈ ਸੱਕੈ[6] ਚੂਚਕ ਏਵ ਪੁਛਾਇਆ।
ਆਖ ਦਮੋਦਰ ਮਿਲ ਕਬੀਲੇ, ਏਹੋ ਮਤਾ ਪਕਾਇਆ ॥੨੭॥

ਜਣੇ ਜਣੇ ਨੂੰ 'ਪਗੜੀ' ਮੰਗਤੇ ਹਿਕ ਹਿਕ 'ਖੇਸ' ਦਿਵਾਹੇਂ।
ਹਿੱਕ ਊਠ ਤੇ ਤਾਜ਼ੀ ਘੋੜਾ, ਕਿੱਲੇ ਆਣ ਬਨਾਹੇਂ।
ਸਭ ਸਿਰਪਾਉ ਸੁਨਹਿਰੀ ਦਿਚੈ, ਸੋਭਾ ਜੱਗ ਘਿਨਾਹੇਂ।
ਅੰਦਰ ਬੈਠ ਕਰੇਂਦੇ ਮਸਲਤ ਢਿੱਲ ਨਾ ਮੂਲ ਘਤਾਂਹੇਂ[7] ॥੨੮॥

ਬੈਠੇ ਖ਼ਾਨ ਜ਼ਿਮੀਂ ਦੇ ਖਾਵੰਦ, ਆਖਣ ਦੀ ਗੱਲ ਨਾਹੀਂ।
ਗੀਤ ਨਾਚ ਭੰਡ ਭਗਤੀਏ ਕਰਦੇ, ਬਹੁਤ ਸਾਂਗ ਜਗ ਮਾਹੀਂ।
ਪਵੇ ਨਾਚ ਖੁਸ਼ ਥੀਵੇ ਲੋਕ ਸਭ, ਵਗਨ ਭੇਰੀ ਤੇ ਸਰਨਾਈਂ।
ਆਖ ਦਮੋਦਰ ਆਏ ਸਾਊ, ਖਾਣਾ ਖਾਵਣ ਤਾਈਂ ॥੨੯॥

ਖਾਣਾ ਖਾਇ ਤਿਆਰੀ ਕੀਤੀ, ਸਭ ਸਿਰਪਾਉ ਮੰਗਾਇਆ।
ਦੇ ਦੇ ਸਿਆਲ ਖੁਸ਼ੀ ਬਹੁਤੇਰੇ, ਜਣੇ ਜਣੇ ਪਹਿਰਾਇਆ।
ਰਾਤੀਂ ਰੱਖ ਸਬਾਹੀਂ[8] ਚੱਲੇ, ਆਲਮ ਵੇਖਣ ਆਇਆ।
ਆਖ ਦਮੋਦਰ ਗਲ ਵਿਚ ਪੱਲੂ, ਚੂਚਕ ਖਾਨ ਤਦ ਪਾਇਆ ॥੩੦॥

---

1. ਉਨ੍ਹਾਂ ਨੇ ਖਾਣਾ ਖਾਇਆ। 2. ਦਾਨ ਪੁੰਨ ਕਰਨ ਲੱਗੇ। 3. ਰੇਸ਼ਮੀ ਕਪੜੇ। 4. ਅਜੇ ਹੋਰ ਦੇਣਾ ਚਾਹੁੰਦੇ ਸਨ। 5. ਚੂਚਕ ਨੇ ਗਲ ਵਿਚ ਪਲੂ ਪਾ ਕੇ ਬੇਨਤੀ ਕੀਤੀ ਕਿ ਹੋਰ ਠਹਿਰੋ। 6. ਕੁੜਮ ਨੂੰ ਕੀ ਦਿੱਤਾ ਜਾਏ ? 7. ਢਿਲ ਨਾ ਲਾਈਏ। 8. ਸਵੇਰ ਵੇਲੇ।

ਤਾਜ਼ੀ ਛੋੜ ਰਖੇ ਭੁਇੰ ਉਤੇ, ਚੂਚਕ ਆਖ ਸੁਣਾਇਆ।
ਕੀਤੇ ਵੈਰ ਜਗਤ ਬਹੁਤੇਰੇ, ਸਭ ਕੋ ਆਣ[1] ਨਿਵਾਇਆ।
ਦੇ ਕਰ ਤੇਗਾਂ ਗਾਹਿ[2] ਜਿਮੀਂ ਤੇ ਸਭ ਕੋ ਪੈਰੇ[3] ਲਾਇਆ।
ਖ਼ਾਨ ਸਲਾਮਤ ਕਹੀਂ ਨ ਨਿਵਿਆਂ, ਹੁਣ ਹੀਰੇ ਆਣ ਨਿਵਾਇਆ॥੩੧॥

'ਹੀਰ ਮਹਿੰਡੀ ਸਾਹਿਬਆਣੀਂ, ਤੂੰ ਮੈਂਡਾ ਸਿਰ ਸਾਈਂ।
ਤੈਂਡਾ ਕੀਤਾ ਮੈਂ ਵੱਡਾ ਹੋਆ, ਕਿਹੜੇ ਵਾਤ[4] ਸਲਾਹੀਂ।
ਬਾਝੋਂ ਮੁੱਲ ਵਿਕਾਣਾ ਤੁਧ ਹੱਥ, ਉਜਰ ਕੋਈ ਵੀ ਨਾਹੀਂ।
ਆਖ ਦਮੋਦਰ ਹੱਥ ਚੂਚਕ ਦਾ, ਫੜ ਅੱਲੀ ਲਿਆ[5] ਤਦਾਈਂ॥੩੨॥

ਲੈ ਵਿਦਿਆ ਘਰ ਚੱਲੇ ਖੇੜੇ, ਸਿਆਲ ਸੁ ਮੁੜ ਘਰ ਆਏ।
ਭਲਾ ਰੰਗ ਰਿਹਾ ਦੋਹਾਂ ਧਿਰਾਂ ਦਾ, ਗਾਵਣ ਡੂਮ ਬਹਾਏ।
ਸਾਰੇ ਜੱਗ ਵਧਾਈ ਹੋਈ, ਘਰ ਘਰ ਮੰਗਲ ਗਾਏ[6]।
ਆਖ ਦਮੋਦਰ ਹਿਤ[7] ਭਾਣਾ ਸਭਣਾ, ਰੌਸ਼ਨ ਸਾਕ ਸਵਾਏ[8]॥੩੩॥

ਮਾਉਂ ਹੀਰੇ ਦੀ ਸ਼ਗਨ ਕਰੇਂਦੀ, ਕੁੜੀਆਂ ਸਭ ਸਦਾਏ।
ਚਾਵਲ ਚਿੱਟੇ ਤੇ ਦੁੱਧ ਮਾਝਾ, ਕੁੜੀਆਂ ਵਿਚ ਪਤਾਸੇ ਪਾਏ।
ਸਭ ਕੁੜੀਆਂ ਨੂੰ ਕੁੰਦੀ ਆਖੇ, ਪਹਿਲੋਂ ਹੀਰੇ ਦੇ ਮੂੰਹ ਪਾਏ।
ਆਖ ਦਮੋਦਰ ਪਹਿਲ ਗਿਰਾਹੀਂ, ਮਨ ਸੌਣਾ ਨਿਛ ਜੇ ਪਾਏ[9]॥੩੪॥

ਤਦਾਂ ਖੇੜੇ ਗਏ ਘਰ ਆਪਣੇ, ਕੁਲ ਵਧਾਈ ਥੀਂਦੀ[10]।
ਨੱਢੇ ਸਭ ਸਦਾਏ ਮਾਊਂ, ਚਾਵਲ ਦੁੱਧ ਲਏਂਦੀ।
ਦੇਇ ਗਿਰਾਹੀਂ, ਨੀਂਗਰ ਨੂੰ ਪਹਿਲੇ ਆਪਣੀ ਇੱਛ ਪੁਜੇਂਦੀ।
ਆਖ ਦਮੋਦਰ ਪਹਿਲ ਗਿਰਾਹੀਂ ਮਨ ਸੌਣਾ ਨਿਛ[11] ਕਿਰੇਂਦੀ॥੩੫॥

---

1. ਅ–(ਆਨ) ੲ–(ਆਨ)। 2. ੳ, ਅ, ੲ–ਗਾਹਿ। 3. ਅ–ਪੈਰ। 4. ਮੂੰਹ, ਕਿਹੜੇ ਸ਼ਬਦਾਂ ਨਾਲ। 5. ੳ, ਅ, ੲ–ਲਇਆ। 6. ਖੁਸ਼ੀ ਦੇ ਗੀਤ ਗਾਏ। 7. ਪਿਆਰ, ਸ਼ੌਕ, ਖੁਸ਼ੀ। 8. ਦੋਵੇਂ ਘਰਾਣਿਆਂ (ਸਿਆਲਾਂ ਤੇ ਖੇੜਿਆਂ) ਦੀ ਸਾਕਾਦਾਰੀ ਦੀ ਵਡਿਆਈ ਹੋਰ ਵਧੀ। ਜੱਗ ਵਿਚ ਪ੍ਰਸਿੱਧੀ ਹੋਈ। 9. ਠੀਕ ਪਾਠ 'ਮਨ ਸੌਣਾ ਨਿਛ ਪੁਜਾਏ' ਹੋਣਾ ਚਾਹੀਦਾ ਹੈ (ਵੇਖੋ ਅਗਲਾ ਬੰਦ 35) ਭਾਵ ਨਿਸ਼ਾ (ਨਿਛ) ਪੂਜਣ ਲਈ ਸ਼ਗਨ ਮਨਾਏ, ਪੂਰਨ ਖੁਸ਼ੀ ਮਨਾਣ ਲਈ ਸ਼ਗਨ ਕੀਤੇ। 10. ਹੋਈ। 11. ਨਿਸ਼ਾ, ਤਸੱਲੀ, ਸ਼ਗਨ ਕਰਕੇ ਆਪਣੀ ਦਿਲ ਦੀ ਤਸੱਲੀ ਕਰਦੀ ਹੈ।

## ਹੀਰ ਦਾ ਨਿਤਾ ਪ੍ਰਤਿ ਜੀਵਣ

ਨਵਾਂ ਵਰ੍ਹਿਆਂ ਦੀ ਮੰਗੀ ਨੀਂਗਿਰ[1] ਅਜ਼ਮਤ[2] ਕੀ ਰੁਸ਼ਨਾਈ।
ਤਾਂ ਚੁਣ ਚੁਣ ਆਤਣ ਕਰੇ ਅਕੱਠਾ[3], ਜਿਹੜੀ ਭਾਵਸ ਕਾਈ।
ਸੂਰਤ ਜਮਾਲ[4] ਸੁਣੇ ਜੋ ਕੋਈ, ਸਾਈ ਆਤਣ ਆਈ।
ਤ੍ਰੈ ਸੈ ਸੱਠ ਸਹੇਲੀ[5] ਜੋੜੀ, ਜੇਹੜੀ ਜੇਹੜੀ ਭਾਈ॥੩੬॥

ਕਵਣ ਸਰਿਸ਼ਤਾ[6] ਹੀਰੇ ਕੀਤਾ ਕੇ ਕੁਝ ਆਖ ਸੁਣਾਏ।
ਪਹਿਲਾ ਪਹਿਰ ਸਭੋ ਹੀ ਆਤਣ[7] ਮੱਖਣ ਰੋਟੀ ਖਾਏ।
ਦੂਜੇ ਪਹਿਰ ਘਿਣਦੀ ਘੁੰਙਣੀਆਂ ਪੀਂਘਾਂ ਪੀਂਘਣ ਜਾਏ।
ਤੀਜੇ ਪਹਿਰ ਬੇਲੇ ਵਿਚ ਖੇਡੇ ਰੇਂਡੀ[8] ਖੱਖੜੀ[9] ਖਾਏ॥੩੭॥

ਏਹੋ ਜਹੀਆਂ ਗੱਲਾਂ ਨਿੱਤ ਸਲੇਟੀ, ਇੰਵ ਗੁਜ਼ਰਾਨ ਕਰੇਂਦੀ।
ਬਾਘ[10] ਬਹਾਦਰ ਚੜ੍ਹੇ ਕਮਾਣੇ[11], ਧੂੰ ਨਾ ਧੁੱਖਣ ਦੇਂਦੀ।
ਬੱਗਾ ਸੀਂਹ ਫਿਰੇ ਵਿਚ ਝੱਲਾ[12], ਪੌਂਦੀ ਧ੍ਰੋਹੀ[13] ਜੈਂਦੀ।
ਆਖ ਦਮੋਦਰ ਬਾਝ ਕਮਾਣੋਂ, ਤੀਰ ਸਿਆਲ ਚਲੈਂਦੀ॥੩੮॥

ਜਿਦੇ ਕਿਦੇ[14] ਚੂਚਕ[15] ਹੋਂਦੀ, ਧ੍ਰੋਹੀ ਹੋਰ ਨ ਕਾਈ।
ਹੀਰੇ ਸੰਦੀ ਧ੍ਰੋਹੀ ਪੌਂਦੀ, ਸਾਰੀ ਜ਼ਿਮੀ ਨਿਵਾਈ।
ਕਟਕ[16] ਸਮੇਤ ਫਿਰੇ ਵਿਚ ਝਲਾਂ, ਮਹਿਰੀ ਜ਼ਿਮੀ ਕੰਬਾਈ।
ਕਹੇ ਦਮੋਦਰ ਵਾਹ ਸਲੇਟੀ, ਧੰਨ ਚੂਚਕ ਦੀ ਜਾਈ॥੩੯॥

---

1. ਓ, ੲ, – ਨੀਂਗਰ ਜੋ ਗ਼ਲਤ ਹੈ। ਲਹਿੰਦੀ ਵਿਚ ਨੀਂਗਰ ਪੁਲਿੰਗ ਲਈ ਵਰਤਿਆ ਜਾਂਦਾ ਹੈ। 2. ਵੱਡੀ, ਰੱਬੀ ਮਿਹਰ। 3. ਓ, ਅ, ੲ, ਸ – ਇਕੱਠਾ ਜੋ ਕੇਂਦਰੀ ਮੁਹਾਵਰਾ ਹੈ। ਝਾਂਗੀ ਭਾਸ਼ਾ ਵਿਚ ਅਕੱਠਾ ਵਰਤਿਆ ਜਾਂਦਾ ਹੈ। 4.ਚਿਹਰੇ ਦਾ ਰੋਅਬ, ਪ੍ਰਭਾਵਸ਼ਾਲੀ ਸੁੰਦਰਤਾ। 5. ਦਮੋਦਰ ਨੇ ਹੀਰ ਦੀਆਂ ਤ੍ਰੈ ਸੈ ਸੱਠ ਸਹੇਲੀਆਂ ਲਿਖੀਆਂ ਹਨ ਜੋ ਕਾਨ੍ਹ ਜੀ ਦੀਆਂ 360 ਗੋਪੀਆਂ ਸਮਾਨ ਹਨ। 6. ਸਿਲਸਿਲਾ, ਤਰੀਕਾ। 7. ਸਹੇਲੀਆਂ ਦਾ ਟੋਲਾ। 8. ਖਰਬੂਜਾ, 9. ਫੁਟ, ਵੇਖਣ ਵਿਚ ਖਰਬੂਜੇ ਵਾਂਗ ਹੁੰਦੀ ਹੈ ਪਰ ਸਵਾਦ ਵਿਚ ਖਟ-ਮਿੱਠੀ।10. ਉ, ਅ, ੲ, ਸ- ਬਾਗ ਵਾਸਤਵ ਵਿਚ ਬਾਘ ਭਾਵ ਸ਼ੇਰ, ਬਹਾਦਰ। 11. ਭਵਾਂ ਤਣੀਆਂ ਰਹਿੰਦੀਆਂ, ਰੋਹਬ ਵਿਚ ਰਹਿੰਦੀ। 12. ਝੱਲ ਬੂਟੇ, ਬੇਲਾ। 13. ਦੁਹਾਈ, ਦੋਹੀ। 14. ਹਰ ਪਾਸੇ (ੲ) – ਇਦੇ। 15. ਚੂਚਕ ਦੀ ਬੇਟੀ ਹੀਰ। 16. ਕੁੜੀਆਂ ਦੀ ਫੌਜ, ਮਨੁੱਖਾਂ ਦਾ ਇਕੱਠ ਲਸ਼ਕਰ।

## ਨੂਰਾ ਸੰਬਲ, ਬੇੜੀ ਤੇ ਲੁਡਣ

ਨੂਰਾ ਨਾਉਂ ਜਾਤਿ ਦਾ ਸੰਬਲ[1], ਉਸ ਬੇੜਾ ਅਜਬ ਘੜਾਇਆ।
ਲੁੱਡਣ ਨਾਉਂ, ਮਲਾਹ ਦਾ ਨੀਂਗਰ[2], ਦੂਰੋਂ ਸੱਦ ਅਣਾਇਆ[3]।
ਬੇੜੀ ਪਕੜ ਹਵਾਲੇ ਕੀਤੀ, ਲੈ ਸਿਰਪਾਉ ਬੰਨ੍ਹਾਇਆ।
ਆਪਣੇ ਦਿਲ ਬਹੂੰ ਖੁਸ਼ ਹੋਇਆ, ਹੋਰ ਸਭਨਾਂ ਦੇ ਹਿੱਤ ਭਾਇਆ॥੪੦॥

ਹਿਕ ਦਿਨ ਯਾਰੋ ਜ਼ਿਮੀਂਦਾਰ ਬੇੜੀ, ਵੇਖਣ ਨੂੰ ਚਲ ਆਏ।
ਬੇੜੀ ਵੇਖ ਖੁਸ਼ਾਲੀ ਹੋਏ, ਸਭਨਾਂ ਚਿੱਤ ਸਵਾਏ।
ਮਸਲਤ[4] ਕਰ ਸਦਵਾਇਆ ਲੁੱਡਣ, ਅਸਾਂ ਨੂੰ ਚਾ ਦਿਖਲਾਏ।
ਚਾੜ੍ਹ ਵਿਖਾਇ ਉਸ ਬੇੜੀ ਉੱਤੇ[5], ਤਮਾਸ਼ਾ ਦੇ ਦਿਖਾਏ॥੪੧॥

ਹੋਇਆ ਰੋਹ[6] ਸਹੀ ਸੱਚ ਨੂਰਾ, ਜਾਂ ਕਹੀ ਏਹ ਸੁਣਾਇਆ।
ਭੇਜ ਡੂਮ ਨੂੰ ਦੇ ਕਰ ਗਾਲੀ, ਵੱਡੇ ਰੋਹ ਸਦਾਇਆ।
ਕੀਤੁਸੁ ਹੁਕਮ ਜੁ ਵੈਂਦਾ ਨੀਹੇ[7], ਮੁਹਿ ਮੁਹਿ ਚਾਇ ਮਰਾਇਆ[8]।
ਸੱਟਾਂ ਪਈਆਂ ਲੁੱਡਣ ਤਾਈਂ, ਕਹੀਂ ਨ ਮੂਲ ਛੁੜਾਇਆ।
ਆਖ ਦਮੋਦਰ ਵੱਸ ਨ ਚੱਲੇ, ਜੇ[9] ਲੁੱਡਣ ਗੁੱਸਾ ਖਾਇਆ॥੪੨॥

ਰੋਇ ਜਬਾਬ ਕੀਤੋਈ ਲੁੱਡਣ, ਤਾਂ ਮੂੰਹੋਂ ਆਖ ਸੁਣਾਇਆ।
ਓਹ ਦਿਨ ਚਿਤ ਨ ਕੀਤੋ ਖ਼ਾਨਾ, ਹੱਥ ਖਾਡੀ[10] ਘੱਤ ਸਦਾਇਆ।
ਹੋਆ ਬੇਇੱਜ਼ਤ ਬਣੀ ਅਸਾਹੀਂ, ਕਬਰ ਕਿਨਾਰੇ ਆਇਆ[11]।
ਮਰਦੀ ਵਾਰ ਬੇਇੱਜ਼ਤ ਕੀਤੋ, ਜਾਮ[12] ਬੁਢੇਪਾ ਆਇਆ॥੪੩॥"

ਏਡੀ ਨਜ਼ਰ ਵਧ ਗਈ ਤੇਰੀ ਝੀਵਰ! ਜੁ ਮੈਥੋਂ ਪੁੱਛੇਂ ਨਾਹੀਂ।
ਆਹੇ ਕਵਣ[13]? ਚੜ੍ਹਾਏ ਬੇੜੀ, ਅਦਬ ਨਹੀਂ ਤੁਧ ਤਾਈਂ।
ਏਡਾ ਗੁੱਸਾ ਮੇਰੇ ਤਾਈਂ ਜੋ ਤੈਂ ਥਾਂਇ ਮਰਾਈਂ।
ਆਖ ਦਮੋਦਰ ਜੇ ਛੋੜੀਂ ਤੈਨੂੰ[14], ਤਾਂ ਕਿਉਂ ਰੋਵੈਂ ਨਾਹੀਂ॥੪੪॥

---

1. ਮੁਸਲਮਾਨ ਜੱਟਾਂ ਦੀ ਇਕ ਜਾਤ ਜੋ ਚਨ੍ਹਾਂ ਦੇ ਦੋਹਾਂ ਕਿਨਾਰਿਆਂ ਪਰ ਆਬਾਦ ਹੈ। 2. ਜਵਾਨ। 3. ਮੰਗਵਾਇਆ। 4. ਸ–ਮਸਤਕ ਛਾਪੇ ਦੀ ਗ਼ਲਤੀ ਹੈ ਜਾਂ ਸਮਝਣ ਦੀ, ਮਸਲਤ ਠੀਕ ਢੁਕਦਾ ਹੈ। 5. ਏ–ਕੁੱਤੇ ਖਾਨਾਂ ਲਈ ਜਿਨ੍ਹਾਂ ਦਾ ਲੁਡਣ ਨੂੰ ਲਿਹਾਜ਼ ਸੀ, ਕੁੱਤੇ ਵਰਤਿਆ ਹੋਵੇ ਠੀਕ ਨਹੀਂ ਲਗਦਾ। 6. ਰੋਅਬ, ਗੁੱਸਾ। 7. ਵੰਝੇ ਨਹੀਂ। ਆਪਣੇ ਆਪਦੀਆਂ ਨੂੰ ਕਿਹਾ ਕਿ ਲੁਡਣ ਜਾਂਦਾ ਜੇ ਇਸ ਦੀ ਖੂਬ ਪਿਟਾਈ ਕਰੋ। 8. ਸਿਰ ਮੂੰਹ ਭੰਨ ਦਿੱਤਾ, ਬਹੁਤ ਮਾਰ ਪਵਾਈ। 9. ਅ–ਜੇ। 10. ਠੋਡੀ–ਠੋਡੀ ਹੱਥ ਲਗਾ ਕੇ, ਮਿੰਨਤ ਕਰਕੇ। 11. ਮੁਹਾਵਰਾ ਹੈ। ਮਰਣ ਕਿਨਾਰੇ, ਬੁੱਢੇ ਵਾਰੇ। 12. ਜਦ ਮੈਨੂੰ। 13. ਉਹ ਲੋਕ ਕੌਣ ਸਨ? ਉਹ ਲੋਕ ਤੇਰੇ ਕੀ ਲਗਦੇ ਸਨ? 14. ਜੇ ਤੈਨੂੰ ਜੀਂਦਾ ਛੋੜਿਆ ਤਾਂ ਆਖੀਂ।

ਤਾਂ ਮਨ ਅੰਦਰ ਕੀਤਾ ਲੁੱਡਣ, ਵੇਖਹੁ ਇਸ ਵਿਖਾਹੀਂ।
ਜੇ ਪਛਤਾਉ ਲਗੁਸ ਭੀ ਵੱਡਾ, ਹੱਥ ਸੱਜੇ ਤਦਾਂ ਖਾਈਂ[1]।
ਹੁਕਮੀ[2] ਘਿੰਨ ਵੰਞਾਉਸੁ[3] ਬੇੜਾ, ਜੇ ਵੇਲ ਕਦਾਹੀਂ ਪਾਈਂ।
ਆਖ ਦਮੋਦਰ ਇਸ ਜੀਵਣ ਕੋਲੂੰ[4], ਮਰਣਾ ਭਲਾ ਅਸਾਹੀਂ॥੪੫॥

ਹਿਕ ਦਿਹੁੰ ਲੁੱਡਣ ਵੇਲ ਪਾਇਓਈ, ਨੂਰਾ ਕਹੀਂ ਸਿਧਾਇਆ।
ਬੇੜਾ ਕਪ[5] ਚਲਾਇ ਉਸ ਰਾਤੀਂ, ਵੇਲਾ ਕਿਵਹੀਂ ਪਾਇਆ।
ਰਾਤੋ ਰਾਤ ਜੁਲਿਆ ਥੀ ਰਾਹੀ, ਵਿਚ ਕੂਕੇਂਦਾ ਆਇਆ।
ਜੋ ਰੱਖੋ ਪਿਛੋਂ ਪਾਇ ਅਸਾਨੂੰ[6], ਕੋਈ ਰਾਠ ਸਵਾਣੀ ਜਾਇਆ[7]॥੪੬॥

ਤਾਂ ਸੁਣ ਚੁਪ ਕਰੇਂਦੇ ਸਾਊ[8], ਕੋਈ ਨਾ ਮੂੰਹੋਂ ਅਲਾਏ।
ਕੇਹੜਾ ਤਾਪ[9] ਵਿਹਾਝੇ ਆਪੇ, ਵੈਰ ਨਵੇਂ ਸਿਰ ਚਾਏ।
ਨਹੀਂ ਮੁਨਾਸਬ ਜੋ ਬਦਲੇ ਬੇੜੇ, ਭਿੜ[10] ਕਰ ਮੁਣਸ[11] ਮਰਾਏ।
ਆਖ ਦਮੋਦਰ ਨਾਇ ਨੂਰੇ ਦੇ, ਕੋਈ ਨ ਰਾਹੁ ਫੁਰਮਾਏ[12]॥੪੭॥

ਕੀਤਾ ਫ਼ਿਕਰ ਮਨ ਅੰਦਰ ਲੁੱਡਣ, ਪਛੋਤਾਣਾ ਤਾਹੀਂ।
ਹੋਇਉਸੁ[13] ਚੋਰ, ਨ ਰਖਿਉਸੁ ਕਿਸੇ[14], ਮਰਾਂ ਕਿ ਮਹੁਰਾ ਖਾਈਂ।
ਥੱਕਾ ਹੁਟ[15], ਕੁਕੇਂਦਾ ਝੀਵਰ, ਕਿਸੇ ਬਹਾਇਆ ਨਾਹੀਂ।
ਡਰਵਰ[16] ਹੋਇ ਰਹਿਆ ਬੇੜੀ ਤੇ, ਕੇਹੜੀ ਤਰਫ਼ ਥੀਵਾਈਂ[17]॥੪੮॥

ਹੁਟਾ ਵੇਖ ਕਰੇਂਦਾ ਨਾਰੇ[18], ਕਿਸੇ ਨ ਰਾਹ ਫੁਰਮਾਇਆ[19]।
ਹੋਇਉਸੁ ਚੋਰ ਰਠਾਇਣ[20] ਸਾਰੇ, ਕਹੀਂ ਨ ਪਿਛੇ ਪਾਇਆ।
ਬੇੜੀ ਛੋੜ ਜੁਲਾਂ ਨੱਸ ਵੰਞਾਂ, ਏਹੋ ਮਨ ਮਹਿ ਪਾਇਆ।
ਆਖ ਦਮੋਦਰ ਫਿਕਰ ਕਰੇਂਦਾ, ਸਿੱਕ ਸਿਆਲੀਂ[21] ਆਇਆ॥੪੯॥

---

1. ਤਦ ਮੈਂ ਰੋਟੀ ਸੱਜੇ ਹੱਥ ਨਾਲ ਖਾਵਾਂਗਾ। 2. ਹੁਕਮ ਨਾਲ, ਜ਼ਰੂਰੀ ਤੌਰ ਪਰ, ਹੁਕਮੀ ਕਰਨਾ, ਮੁਹਾਵਰਾ ਹੈ। ਭਾਵ ਜ਼ਰੂਰ ਕਰਨਾ। 3. ਉ, ਅ, ਇ, ਸ–ਵੰਞਉਸ, ਮੈਂ ਉਸ ਦਾ ਬੇੜਾ ਲੈ ਵੰਞਾਂ। 4. ਅ, ਸ–ਕੰਨੂ ਜੋ ਝਾਂਗੀ ਭਾਸ਼ਾ ਦਾ ਸ਼ਬਦ ਨਹੀਂ। 5. ਕੱਟ ਕੇ ਭਾਵ ਬੇੜੀ ਦਾ ਰੱਸਾ ਕੱਟ ਕੇ। 6. ਜੋ ਸਾਨੂੰ ਆਪਣੇ ਪਿਛੇ ਨਾਹ ਦੇਵੇ। 7. ਹੈ ਕੋਈ ਅਜਿਹਾ ਮਾਈ ਦਾ ਲਾਲ। ਰਾਠ ਦੇ ਅਸਲ ਅਰਥ ਹਨ ਰਾਸ਼ਟਰ ਦਾ ਨਾਇਕ ਭਾਵ ਸਰਦਾਰ। 8. ਸਰਦਾਰ ਲੋਕ, ਸ਼ਰੀਫ। 9. ਬੁਖਾਰ, ਮੁਸੀਬਤ। 10. ਭਿੜਨਾ–ਲੜਨਾ। 11. ਆਦਮੀ। 12. ਕੋਈ ਰਾਹ ਨਹੀਂ ਦਸਦਾ, ਪਨਾਹ ਨਹੀਂ ਦੇਂਦਾ। 13. ਸ–'ਹੋਇਉ ਸੁ' ਜੋ ਗ਼ਲਤ ਹੈ ਹੋਇਉਸ–ਮੈਂ ਉਸ ਦਾ ਹੋਇਆ। 14. ਮੈਨੂੰ ਕਿਸੇ ਨਾ ਰਖਿਆ (ਉ,ਇ) – ਰਖਿਉਸੁ, (ਅ, ਸ)–ਰਖਿਉ ਸੁ। 15. ਓ–ਹੁਟਾ। 16. ਭੈਭੀਤ। 17. ਥੀਵਾਂ, ਹੋਵਾਂ, ਵੰਞਾਂ। 18. ਕੂਕ, ਪੁਕਾਰ। 19. ਕਿਸੇ ਨੇ ਰਾਹ ਨਾ ਦਿੱਤਾ, ਕਿਸੇ ਨੇ ਪਨਾਹ ਨਾ ਦਿੱਤੀ। 20. ਸਾਰੀ ਰਾਠ ਬਰਾਦਰੀ ਵਿਚ ਮੈਂ ਚੋਰ ਬਣਿਆ। 21. ਸਿਆਲਾਂ ਦੇ ਦੇਸ਼।

## ਲੁਡਣ ਹੀਰ ਦੀ ਪਨਾਹ ਵਿਚ

ਕੱਧੀ ਉੱਤੇ ਵਾੜਾ ਡਿੱਠਾ, ਸ਼ੋਰ ਵੱਡਾ ਸੁਣ ਪਾਇਆ।
ਕੰਨ ਅੰਗਲ ਘੱਤ ਕਰਾਹੀਂ, ਲੁੱਡਣ ਕੂਕ ਸੁਣਾਇਆ।
ਕੋਈ ਰੱਖੇ ਪਿਛੇ ਪਾਇ ਅਸਾਨੂੰ, ਰਾਠ ਸਵਾਣੀ ਜਾਇਆ।
ਆਖ ਦਮੋਦਰ ਲੁੱਡਣ ਕੂਕੇ, ਸੰਬਲੋਂ ਨੱਠਾ ਕਿਸੇ ਰਾਠ ਨ ਪਿੱਛੇ ਲਾਇਆ॥੫੦॥

ਅੱਗੇ ਹੀਰ ਕਟਕ ਸੁਣ ਵਾੜੀ[1] ਇਸੇ ਕੂਕ ਸੁਣਾਇਆ।
ਸੁਣ ਚਮਕਾਇਲ[2] ਹੋਈ ਸਲੇਟੀ, ਧੀਰਜ ਨਹਿ ਠਹਿਰਾਇਆ।
ਲੱਭੇ ਖ਼ਬਰ ਕੋਈ ਦੁਖਿਆਰਾ, ਸਾਮ[3] ਅਸਾਡੀ ਆਇਆ।
ਆਖ ਦਮੋਦਰ ਕੁੜੀਆਂ ਤਾਈਂ, ਜਾਂ ਹੀਰੇ ਫੁਰਮਾਇਆ॥੫੧॥

ਕੁੜੀਆਂ ਧਾ ਹੱਲਾ ਚਾ ਕੀਤਾ, ਬੇੜੀ ਨਦਰੀਂ ਆਈ।
ਦੂਰੋਂ ਦੇ ਵੇਖ ਹੋਈਆਂ ਅਗੇਰੇ, ਡਿੱਠੀ ਜਾਂ ਨੇੜੇ ਆਈਂ।
ਉਠ ਨੀ ਹੀਰੇ ਵੇਖ ਤਮਾਸ਼ਾ, ਆਖਣ ਦੀ ਗੱਲ ਨਾਹੀਂ।
ਚੱਲੀ ਛੌਣੇ[4] ਹਾਥੀ ਵਾਂਙੂ, ਚੱਲੇ ਕਟਕ[5] ਤਦਾਈਂ॥੫੨॥

ਕਿੱਤ[6] ਕੂਕੇਂਦਾ ਆਖ ਹਕੀਕਤ[7]! ਕੇ ਤੁਧ ਸਾਥ ਮਰਾਇਆ।
ਕੇ ਕੋਈ ਮੋਇਆ ਸੁਣਿਆ ਪਿਛਹੁੰ, ਕੇ ਮੰਗੂ[8] ਤੁਧ ਖੜਾਇਆ[9]।
ਤੂੰ ਕਿਤ ਕੂਕੇਂਦਾ? ਹੀਰ ਪੁਛੇਂਦੀ, ਕੇ ਤੁਧੁ ਕੁਝ ਵੰਞਾਇਆ[10]।
ਵੱਡੇ ਰੋਹ ਪੁਕਾਰੇ ਨੀਂਗਿਰ[11], ਭਉਹਾਂ ਚਾੜ੍ਹ ਅਲਾਇਆ[12]॥੫੩॥

## ਲੁੱਡਣ

ਸੁਣ ਕੁੜੀਏ! ਮੈਂ ਤੈਨੂੰ ਆਖਾਂ, ਜੋ ਮੈਂ ਕੂਕ ਸੁਣਾਇਆ।
'ਨੂਰਾ' ਨਾਉ ਜਾਤ ਦਾ 'ਸੰਬਲ' ਬੇੜਾ ਓਸ ਘੜਾਇਆ।
ਬਾਲਕ ਬੁੱਧ ਸਦਾਇਉਸ[13] ਮੈਨੂੰ, ਫੁੱਲ ਨ ਕਦੀ ਵਗਾਹਿਆ।
ਵਾਰ ਬੁੱਢੇ ਦੀ ਬੇਇੱਜ਼ਤ ਹੋਇਆ, ਜਾਂ ਕਬਰ ਕਿਨਾਰੇ ਆਇਆ[14]।
ਤੁਸੀਂ ਵੱਡੇ ਰਾਠ ਜਿਮੀਂ ਦੇ ਖਾਵੰਦ, ਮੈਂ ਤੱਕ ਤੁਸਾਨੂੰ ਆਇਆ॥੫੪॥

---

1. ਅ,ੲ,ਸ, ਵਿਚ ਪਾਠ ਹੈ, 'ਕਟਕ ਸਣਵਾੜੀ' ਅਸਲ ਪਾਠ 'ਕਟਕ-ਸਣ ਵਾੜੀ ਹੈ' ਭਾਵ ਹੀਰ ਸਹੇਲੀਆਂ ਸਹਿਤ ਵਾੜੀ ਵਿਚ ਸੀ, ਵਾੜੀ ਤੋਂ ਭਾਵ ਖਰਬੂਜਿਆਂ ਦਾ ਖੇਤ। 2. ਚਮਕੀ ਭਾਵ ਰੋਹ ਵਿਚ ਆਈ। 3. ਪਨਾਹ। 4. ਮਸਤ। 5. ਧਾੜ, ਟੋਲਾ, ਫੌਜ ਕੁੜੀਆਂ ਦੀ। 6. ਕਿਸ ਲਈ ਕਿਉਂ। 7. ਵਾਸਤਵਿਕ ਵਿਥਿਆ, ਅਸਲ ਗੱਲ। 8. ੳ, ੲ-ਮੱਢੂ ਅ,ਸ-ਮੱਝੂ 'ਮੰਗੂ' ਭਾਵ ਮੱਝਾਂ ਦਾ ਵੱਗ। 9. ਗੁੰਮ ਕੀਤਾ। 10. ਨੁਕਸਾਨ ਕੀਤਾ, ਜ਼ਾਇ ਕੀਤਾ। 11. ਅ, ਸ-ਨੀਂਗਰ, ਅਸਲ ਸ਼ਬਦ ਨੀਂਗਿਰ ਹੈ ਭਾਵ ਜਵਾਨ ਕੁੜੀ, ਮੁਟਿਆਰ। 12. ਭਰਵੱਟੇ ਚੜ੍ਹਾ ਕੇ ਬੋਲੀ। ਆਪਣੇ ਰੋਅਬ ਵਿਚ ਬੋਲੀ। 13. ਅ, ਸ—'ਸਦਾਇਆ ਉਸ ਮੈਨੂੰ, ਸਦਾਇਉਸ-ਉਸ ਨੇ ਮੈਨੂੰ ਬੁਲਾ ਭੇਜਿਆ। 14. ਮਰਨ ਦੇ ਨੇੜੇ ਪਹੁੰਚਿਆ।

### ਹੀਰ

ਬੇੜੀ ਬੰਨ੍ਹ ਤੂੰ ਟਾਂਗ[1] ਅਸਾਡੇ, ਤੈਨੂੰ ਕਮੀ ਨ ਕਾਈ।
ਨੂਰਾ ਕਉਣ ਬਲਾਇ ਸੁਣਾਇਆ, ਬੇੜੀ ਜਿਨ੍ਹ ਘੜਾਈ।
ਬੰਨ੍ਹਸ[2] ਟਾਂਗ, ਠੁਕੇ ਉਸ ਚੱਪਾ[3], ਏਹੁ ਬੇੜੀ ਮੈਂ ਖੁਸ਼ ਆਈ।
ਆਖ ਦਮੋਦਰ ਕੋਇ ਨ ਰੱਖੀ[4], ਬਿਨ ਮੈਂ ਚੂਚਕ ਜਾਈ॥੫੫॥

### ਲੁੱਡਣ

ਸਦ ਪਿਤ੍ਰੀਆ[5], ਚਾਚਾ, ਮਾਮਾ, ਲੱਜ ਕਹੀਂ ਗਲ ਪਾਈਂ।
ਦੇਵੀਂ ਰੱਸੀ, ਵੰਝ ਗਡੀਹਾਂ, ਰਹਿਣ ਕਰੀ ਇਸ ਥਾਈਂ।
ਆਵਣ ਰਾਠ ਬੰਨ੍ਹ ਖੜਸਨ ਮੈਨੂੰ, ਤਾਂ ਤੁਸਾਡੀ ਰਹਿਸੀ ਨਾਹੀਂ[6]।
ਹੀਰੇ ਖ਼ਬਰ ਕਰੋ ਭਿਰਾਵਾਂ, ਰਾਠਾਂ ਹਿੱਕੇ ਪਿਉ ਚੂਚਕ ਤਾਈਂ॥੫੬॥

ਤਾਂ ਭਉਹਾਂ ਚਾੜ੍ਹ ਬੁਲੇਂਦੀ, ਫਿੱਕਾ[7] ਉਚੇ ਰੋਹ ਅਲਾਇਆ।
ਫਿੱਟੇ ਨੂਰੇ ਦਾ ਪਿਉ ਦਾਦਾ, ਕਿਉਂ ਇਤਨਾ ਡਰ ਖਾਇਆ।
ਮਾਰੀ ਥਾਉਂ, ਨ ਟਲਾਂ ਕਿਸੇ, ਜੇ ਕੋਈ ਸੁਣੇਸਾਂ[8] ਆਇਆ।
ਤਾਂ ਸੱਦੀ[9] ਬਾਪ ਚਾਚੇ ਦੇ ਤਾਈਂ, ਜੇ ਹੋਵੀ ਅਕਬਰ ਦਾ ਛਪਾਇਆ[10]॥੫੭॥

### ਲੁੱਡਣ

ਤਾਂ ਰੱਸੀ ਘਿਨ, ਤੁਧੇ ਗਲ ਲੱਜਾ, ਹੋਰ ਨ ਕੋਈ ਸਦੈਂਦੀ।
ਜਿਉਂ ਜਾਣੇ ਤਿਉਂ ਲੱਜ ਤੁਧੇ ਗੱਲ ਹਭਾ ਪਈਆ ਮੈਂਡੀ[11]।
ਆਏ ਬਾਝ[12] ਨ ਰਹਿਸਨ ਪਿੱਛੋਂ, ਤੂੰ ਤਾਂ ਗਈ ਕਰੇਂਦੀ[13]।
ਘਿੰਨ ਕੁੜੀਏ ਬੇੜੀ ਦੀ ਰੱਸੀ, ਦਿੱਸੇ ਮਰਦੀ[14] ਤੈਂਡੀ॥੫੮॥

ਠੋਕਿਉਸੁ[15] ਵੰਝ ਲੁੱਡਣ ਰੱਸੀ ਦਿੱਤੀ, ਬੇੜੀ ਬੱਧੀ ਤਾਹੀਂ।
ਬੰਨ੍ਹ ਖੁਸ਼ਾਲ[16] ਹੋਆ ਸਭ ਆਤਣ, ਹਭਣਾ ਬਹੁਤ ਰਜਾਈਂ।
ਜਿਉਂ ਜਿਉਂ ਵੇਖਣ ਬੇੜੀ ਵੱਲੋਂ, ਹਸਕਰ ਨ੍ਹਾਵਨ ਉਥਾਈਂ।
ਆਖ ਦਮੋਦਰ ਮੀਆਂ ਲੁੱਡਣ, ਕਰ ਧੀਰਜ ਰਹਿਆ ਤਦਾਹੀਂ॥੫੯॥

---

1. ਕਿੱਲਾ, ਪੁਰਾਣੇ ਦਰਖਤ ਦਾ ਮੁੱਢ। 2. ਉਸ (ਬੇੜੀ) ਨੂੰ ਬੰਨ੍ਹ ਦੇ। 3. ਅ,ੲ,ਸ.–'ਠੁਕੇ ਉਸ ਚਪਾਂ, ਠੀਕ ਪਾਠ ਠੁਕੇ ਉਸ ਚੱਪਾ ਹੀ ਹੈ ਭਾਵ ਉਸ ਦਾ ਚਪੂ ਠੋਕ ਦੇ, ਧਰਤੀ ਵਿਚ ਗੱਡ ਦੇ। 4. ਕੋਈ ਤੈਨੂੰ ਪਨਾਹ ਨਹੀਂ ਦੇਵੇਗਾ। 5. ਤਾਇਆ, ਪਿਉ ਦਾ ਭਰਾ ਭਾਈ। 6. ਤਾਂ ਤੁਹਾਡੀ ਇੱਜ਼ਤ ਨਹੀਂ ਰਹੇਗੀ। 7. ਕਉੜਾ ਬੋਲ, ਗਾਲ੍ਹ ਕੱਢ ਕੇ। 8. ਅ,ਸ—'ਸੁਣਸਾਂ' ਸੁਣੇਸਾਂ ਭਾਵ ਮੈਂ ਸੁਣਾਂਗੀ। 9. ਮੈਂ ਸੱਦਾਂ। 10. ਜੇ ਤੂੰ ਅਕਬਰ ਦੀ ਕੋਈ ਵਸਤੂ ਚੋਰੀ ਕਰਕੇ ਲੈ ਆਇਆ ਹੋਵੇਂ। 11. ਮੇਰੀ ਇੱਜ਼ਤ ਤੇਰੇ ਹੱਥ ਹੈ। 12. ਅ—ਬਾਰ। 13. ਤੂੰ ਤੇ ਆਪਣੀ ਮਨ ਦੀ ਮਰਜ਼ੀ ਕਰਦੀ ਗਈ ਹੈ। 14. ਅ ਤੇ ਸ—ਮਾਰ ਦੀ ਮਰਦੀ ਭਾਵ ਮਰਦਾਨਗੀ। 15. ਅ,ਸ—ਠੋਕਿਉ ਸੁ, ਠੋਕਿਉਸ ਭਾਵ ਉਸ ਨੇ ਵੰਝ ਠੋਕਿਆ। 16. ਅ : ਸ ਖੁਸ਼ਹਾਲ ਲੌਕਿਕ ਭਾਸ਼ਾ ਖੁਸ਼ਾਲ ਠੀਕ ਹੈ। ਭਾਵ ਖੁਸ਼ੀ ਦੀ ਹਾਲਤ ਵਿਚ ਆਈਆਂ।

## ਨਿਤ ਦਾ ਕਰਮ

ਤਾਂ ਪਹਿਲੇ ਪਹਿਰ ਕੁਲ ਆਤਣ, ਸਾਗ ਰੋਟੀ ਮੱਖਣ ਖਾਵੈ।
ਦੂਜੇ ਪਹਿਰ ਪੀਂਘਾਂ ਤੇ ਪੀਂਘਣ, ਘੁੰਙਣੀਆਂ ਘਿੰਨ ਆਵੈ।
ਤੀਜੇ ਪਹਿਰ ਬੇਲੇ ਵਿਚ ਖੇਡੇ, ਰੇਂਡੀ ਰੱਖੜੀ ਖਾਵੈ।
ਚਉਥੇ ਪਹਿਰ ਬੇੜੀ ਵਿਚ ਆਤਣ, ਛੋਣ ਚਨ੍ਹਾਉਂ ਵਿਖਾਵੈ[1] ॥੬੦॥

ਏਹੁ ਸਰਿਸ਼ਤਾ ਕੁੜੀਆਂ ਸੰਦਾਂ, ਇਉਂ ਗੁਜ਼ਰਾਨ ਕਰੇਂਦੀ।
ਜਿੱਥੇ ਸੁਣੇ ਕੋਈ ਚੰਗਾ ਮੰਦਾ, ਧੂੰ ਨ ਧੁੱਖਣ[2] ਦੇਂਦੀ।
ਬਲੀ ਬਹਾਦਰ ਆਤਣ ਸਾਰਾ, ਕਿਸੇ ਨ ਮੂਲ ਬਿਦੇਂਦੀ[3]।
ਆਖ ਦਮੋਦਰ ਚੰਗੀ ਮੰਦੀ, ਧ੍ਰੋਹੀ ਹੀਰ ਪਏਂਦੀ[4] ॥੬੧॥

## ਚੁਗਲੀ

ਤਾਂ ਬੇੜੀ ਵੇਖ ਕੋਈ ਬਖਲਾਣਾ[5], ਕਿਸੇ ਮਰ ਖਾਈ[6] ਚਾਈ।
ਪੇਟ ਪਜੂਤੀ ਸੂਲ ਕੂਕੇਂਦਾ[7], ਨੂਰੇ ਖ਼ਾਨ ਸੁਣਾਈ।
ਸੁਣ ਖ਼ਾਨਾ ਕਿਤ ਨੂੰ ਸਿਰ ਬੱਧੀ[8], ਕਿਤ ਨੂੰ ਸਿਰੇ ਵਲਾਈ।
ਬੇੜੀ ਤੈਂਡੀ ਰੱਖੀ ਸਿਆਲਾਂ, ਹੁਕਮੀ ਪਿੱਛੇ ਪਾਈ[9] ॥੬੨॥

ਇਹ ਸੁਣ ਰਾਠ ਕਰੇਂਦਾ ਕਾਵੜ[10] ਤਾਂ ਕੁੱਲ ਰਾਠ ਸਦਾਏ।
ਬੇੜੀ ਬੰਨ੍ਹ ਸਿਆਲਾਂ ਰੱਖੀ, ਲੋਕ ਸੱਭੇ ਵੇਖ ਕੇ ਆਏ।
ਚਾਹੋ ਮਰਣ-ਵਲਾਹੇ ਲੋਹਾ[11], ਪੀਵਹੁ ਰੱਤ ਤ੍ਰਿਹਾਏ।
ਕਰਨ ਤਿਆਰੀ ਮਰਨ ਤਕਿਓਨੇ[12], ਲੱਗੇ ਕਰਨ ਸੰਬਾਹੇ[13] ॥੬੩॥

## ਨੂਰੇ ਸੰਬਲ ਦਾ ਏਲਚੀ ਸਿਆਲਾਂ ਦੇ ਦਰਬਾਰ ਵਿਚ

ਤਾਂ ਸੁਣ ਨੂਰੇ ਖ਼ਾਨ ਸਹੀ ਸਚ, ਸੱਦ ਕਰ ਡੂਮ ਚਲਾਇਆ।
ਤਾਂ ਕਾਵੜ ਕਰ ਖ਼ਤ ਲਿਖੇ[14] ਤਦਾਹੀਂ, ਮੈਂ ਬੇੜਾ ਸੁਣ ਪਾਇਆ।
ਬੇੜੀ ਲੁੱਡਣ ਬੰਨ੍ਹ ਭੇਜ ਦੇਹੋ, ਚੋਰ ਅਸਾਡਾ ਆਇਆ।
ਹਿੱਕੇ ਤਾਂ ਫ਼ਿਕਰ ਕਰੋ ਇਸ ਗੱਲ ਦਾ, ਨਹੀਂ ਤਾਂ ਮੈਂ ਭੀ ਆਇਆ ॥੬੪॥

---

1. ਚਨ੍ਹਾਂ ਵਿਚ ਬੇੜੀ ਛੱਡ ਕੇ ਸਾਰੇ ਆਤਣ ਨੂੰ ਚਨ੍ਹਾਂ ਦੀ ਸੈਰ ਕਰਾਂਦੀ ਸੀ। 2. ਕਿਤੇ ਕਿਸੇ ਨੂੰ ਸਿਰ ਨ ਚੁਕਣ ਦੇਂਦੀ। 3. ਹੀਰ ਕਿਸੇ ਦੀ ਪ੍ਵਾਹ ਨਹੀਂ ਸੀ ਕਰਦੀ। 4. ਹੀਰ ਦੀ ਹਰ ਪਾਸੇ ਧ੍ਰੋਹੀ ਫਿਰੀ ਹੋਈ ਸੀ। 5. ਕਿਸੇ ਨੇ ਬਖੀਲੀ ਅਥਵਾ ਕਮੀਨਗੀ ਕੀਤੀ। 6. ਸ—'ਮਾਰਖਾਈ' ਮਰ ਖਾਈ ਭਾਵ ਮੁਖਬਰੀ, ਚੁਗਲੀ। 7. (ਚੁਗਲ ਖੋਰ ਦੇ) ਪੇਟ ਵਿਚ ਜਿਵੇਂ ਸੂਲ ਪੈ ਗਿਆ ਹੋਵੇ ਉਹ ਕੂਕਦਾ ਆਇਆ। 8. ਸਿਰ ਪਰ ਪੱਗ ਕਿਉਂ ਬੰਨ੍ਹੀ ਹੈ। 9. ਆਪਣੇ ਹੁਕਮ ਨਾਲ ਆਪਣੇ ਕਬਜ਼ੇ ਕਰ ਰੱਖੀ ਹੈ। 10. ਗੁੱਸਾ। 11-12. ਤਲਵਾਰ ਹੱਥ ਵਿਚ ਫੜੋ ਅਤੇ (ਸੂਰਮਿਆਂ ਵਾਂਗ) ਮੌਤ ਕਬੂਲ ਕਰੋ। ਉਨ੍ਹਾਂ ਨੇ ਤਕਿਆ। 13. ਸੰਭਲਣ ਲਗੇ ਭਾਵ ਤਿਆਰੀ ਕਰਨ ਲਗੇ। 14. 'ਸ' ਪਾਠ—'ਕੁਰਖਤ ਲਿਖੇ' ਅਸਲ ਪਾਠ ਹੈ ਤਾਂ 'ਕਾਵਿੜਕਰ ਖ਼ਤ ਲਿਖੇ' ਭਾਵ, ਗੁੱਸਾ ਖਾ ਕੇ ਚਿੱਠੀ ਲਿਖੀ।

ਆਇਆ ਡੂਮ ਝੰਗ ਸਿਆਲੀਂ, ਮਨ ਮਹਿ ਗੁੱਸਾ ਖਾਇਆ।
ਅੱਗੇ ਖ਼ਾਨ[1] ਸੱਥ ਵਿਚ ਬੈਠਾ, ਕਰ ਕਲਿਆਣ[2] ਸੁਣਾਇਆ।
ਪੁੱਛੇ ਖ਼ਾਨ ਕਿੱਥੇ ਵੈਸੀ ਅੱਗੇ, ਪਿੱਛੋਂ ਕਿੱਦੋਂ ਆਇਆ।
ਮੂੰਹੋਂ ਨ ਬੋਲਿਆ ਮੂਲ ਡੁਮੇਟਾ, ਤਾਂ ਕੱਢ ਖ਼ਤ ਵਿਖਾਇਆ॥੬੫॥

ਤਾਂ ਪੜ੍ਹ ਚੂਚਕ ਰੋਸ ਬੁਲੇਂਦਾ ਜਾਂ ਉਸ ਈਂਵ ਸੁਣਾਇਆ।
ਭੇਡਾਂ ਸਿੰਙ ਕਦੋਕੇ ਜੰਮੇ[3], ਤੂੰ ਨੂਰੇ ਭੇਜ ਚਲਾਇਆ।
ਮੂੰਹ ਮੂੰਹ ਛਿੱਤਰ ਖਾ ਕੇ ਕੰਮੀ, ਬਹੂ ਰੁੰਨਾ ਦੁਖ ਪਾਇਆ।
ਆਖ ਦਮੋਦਰ ਉਹ ਡੁਮੇਟਾ, ਮੂੰਹ[4] ਚੂਚਕਾਣੇ ਆਇਆ॥੬੬॥

ਵੈਂਦਾ ਡੂਮ ਗਇਆ ਚੂਚਕ ਥੇ[5], ਖਾਨਾਂ ਨੱਪ ਬਹਾਇਆ।
ਕਰ ਮੂੰਹ ਕਾਲਾ, ਪੌਂਦੇ ਛਿੱਤਰ, ਡੂਮਾਂ ਜ਼ੋਰ ਵਿਖਾਇਆ[6]।
ਵੇਖ ਜਣੇਂਦੀ ਨੂਰੇ ਸੰਦੀ[7], ਲੋਕਾਂ ਆਖ ਸੁਣਾਇਆ।
ਆਖ ਦਮੋਦਰ ਡੂਮ ਸ਼ਰਮਿੰਦਾ, ਤਾਂ ਮੂੰਹ ਊਂਧੇ[8] ਆਇਆ॥੬੭॥

ਤੀਜੀ ਰਾਤ ਮੁੜ ਗਿਆ ਖਾਨ ਥੇ, ਰੋਇਨ ਜਿੰਦ ਭਰੇਂਦੀ[9]।
ਖ਼ਾਨਾ[10] ਹਾਲ ਅਸਾਡਾ ਡਿਠੋ ਨਾਹੀਂ, ਜੋ ਸਿਰ ਮੈਂਡੇ ਥੀਂਦੀ।
ਰੱਤ ਵਿਰੱਤੀ[11] ਜੁੱਸਾ ਥੀਆ, ਕੰਮੀ ਤੁਸਾਡਾ ਥੀਂਦੀ[12]।
ਮੈਂ ਮਰੀਂਦਾ ਲੱਜ ਕਿ ਜਾਪੇ, ਪੜ ਅੰਮੜ[13] ਪਈ ਮਰੀਂਦੀ॥੬੮॥

## ਨੂਰਾ ਸੰਬਲ ਚੜ੍ਹ ਕੇ ਆਇਆ

ਏ ਸੁਣ ਨੂਰਾ ਰੋਹ ਬੁਲੇਂਦਾ, ਵੱਡੇ ਵੈਣ[14] ਅਲਾਏ।
ਕੁੱਲੇ, ਕਾਲੇ, ਨੁੱਕਰੇ, ਨੀਲੇ ਅਬਲਕ, ਬਾਜ[15] ਪੀੜਾਏ[16]।
ਕਰੋ ਤਿਆਰੀ ਨ ਬਹਿਣ ਤਹੰਬਲ[17] ਆਪਣੇ ਲੋਕ ਬੁਲਾਏ।
ਆਖ ਦਮੋਦਰ ਤ੍ਰੈ ਸੈ ਘੋੜਾ, ਤੇ ਤ੍ਰੈ ਵੀਹਾਂ ਆਏ[18]॥੬੯॥

---

1. ਚੂਚਕ। 2. ਜਸ ਗਾ ਕੇ, ਉਸਤਤ ਕਰਕੇ, ਖਾਨ ਦੇ ਹੱਕ ਵਿਚ ਦੁਆ ਮੰਗ ਕੇ। 3. ਭੇਡਾਂ ਨੂੰ ਸਿੰਙ ਨਹੀਂ ਹੁੰਦੇ ਭਾਵ ਇਹ ਨੂਰੇ ਜਿਹੇ ਨਿਮਾਣੇ ਆਦਮੀ ਦੀ ਕੀ ਮਜ਼ਾਲ ਹੈ ਜੋ ਸਿਆਲ ਸਰਦਾਰ ਨੂੰ ਧਮਕੀ ਭਰੀ ਚਿੱਠੀ ਲਿਖੇ। 4. ਚੂਚਕ ਦੇ ਆਦਮੀਆਂ ਦੇ ਵੱਸ ਪੈ ਗਿਆ। 5. ਚੂਚਕ ਪਾਸ ਪਹੁੰਚ ਕੇ ਡੂਮ ਘਬਰਾ ਗਿਆ। 6. ਡੂਮ ਅਥਵਾ ਕੰਮੀ ਲੋਕ ਗਾਲ੍ਹਾਂ ਕੱਢਣ ਲਗੇ ਅਤੇ ਤਾਹਨੇ ਦੇਣ ਲਗੇ। 7. ਵੇਖੋ ਮਾਂ ਨੇ ਨੂਰਾ ਜੰਮਿਆ ਹੈ। 8. ਮੂੰਹ ਹੇਠ ਸੁੱਟ ਕੇ ਵਾਪਸ ਆਇਆ। 9. ਰੋਂਦਾ ਬਸ ਨਹੀਂ ਸੀ ਕਰਦਾ। 10. ੳ, ਅ, ੲ, ਸ—ਸਭ ਵਿਚ ਪਾਠ ਖਾਨਾਂ ਛਪਿਆ ਹੈ 'ਖਾਨਾਂ ਭਾਵ ਹੈ ਖਾਨ। 11. ਲਹੂ ਲੁਹਾਣ। ਇਹੀ ਮੁਹਾਵਰਾ ਅਗੇ ਬੰਦ 83 ਵਿਚ ਵੀ ਵਰਤਿਆ ਹੈ। 12. ਇਹ ਜਿੰਦੜੀ ਤੁਹਾਡਾ ਕੰਮੀ ਕਰ ਕੇ ਜਾਣੀ ਜਾਂਦੀ ਹੈ। ਕਿਉਂ ਜੋ ਮੈਂ ਤੁਹਾਡਾ ਕੰਮੀ ਸੀ। 13. 'ਮਾਂ ਦੀ ਮਾਂ' ਜਿਵੇਂ 'ਪੜਦਾਦਾ' ਭਾਵ ਤੇਰੀ ਮਾਂ ਦੀ ਮਾਂ ਨੂੰ ਗਾਲ੍ਹਾਂ ਪੈ ਰਹੀਆਂ ਸਨ (ਵੇਖੋ ਬੰਦ 67 ਉਤਲਾ) ਵੇਖ ਜਣੇਂਦੀ ਨੂਰੇ ਸੰਦੀ। 14. ਗੁੱਸੇ ਦੇ ਬੋਲ। 15. ਕੁੱਲੇ, ਕਾਲੇ, ਨੁਕਰੇ, ਨੀਲੇ, ਅਬਲਕ, ਬਾਜ—ਘੋੜਿਆਂ ਦੀਆਂ ਕਿਸਮਾਂ। 16. ਕਸਾਏ, ਤਿਆਰ ਕਰਾਏ। 17. ਤਹੱਮਲ ਤੋਂ ਬਣਿਆ ਹੈ ਭਾਵ ਸਬਰ, ਧੀਰਜ। ਏਥੇ ਢਿਲ ਅਥਵਾ ਦੇਰੀ ਦੇ ਅਰਥਾਂ ਵਿਚ ਵਰਤਿਆ ਹੈ। 18. ਧਿਆਨ ਦਿਉ—ਨੂਰਾ ਤ੍ਰੈ ਸੌ ਸੱਠ ਘੋੜ ਸਵਾਰ ਲੈ ਆਇਆ ਹੈ। ਹੀਰ ਦੀਆਂ ਤ੍ਰੈ ਸੌ ਸਠ ਸਹੇਲੀਆਂ ਹਨ। ਭਗਵਾਨ ਕ੍ਰਿਸ਼ਨ ਦੀਆਂ ਤ੍ਰੈ ਸੌ ਸਠ ਗੋਪੀਆਂ ਸਨ।

ਐਲੀ ਐਲੀ[1] ਕਰ ਵਡੇ ਗੁੱਸੇ, ਕੇਹੀ ਰਉਂਸੇ[2] ਆਏ।
ਜਿਉਂ ਕਰ ਖਾਨ ਖੜੇਂਦੇ ਬੇੜੀ, ਤਿਉਂ ਪੈਂਡਾ ਲਸ਼ਕਰ ਖਾਏ[3]।
ਭਿੜਨੇ ਉੱਤੇ ਚਾਉ ਕਟਕ[4] ਨੂੰ, ਕੋ ਨਹੀਂ ਜੋ ਪਾਣੀ ਪਾਏ[5]।
ਆਖ ਦਮੋਦਰ ਕੋਹਾਂ ਛੇਹਾਂ ਤੇ, ਪੀਵਨ ਰੱਤ ਤ੍ਰਿਹਾਏ[6] ॥੭੦॥

ਤਾਂ ਖਲੋਏ ਪਸਿੰਦ ਕਰੇਂਦੇ, ਮਸਲਤ[7] ਬੈਠ ਕਰੀਹਾਂ।
ਰਾਹ ਛੋੜ ਕਰ ਪਕੜੋ ਬੇਲਾ, ਬੇੜੀ ਕੱਪ[8] ਛਿਕੀਹਾਂ[9]।
ਲੁੱਡਣ ਬੰਨ੍ਹ ਚਲਾਹੋ ਮੁਸ਼ਕੀਂ, ਬਹੁਤੀ ਮਾਰ ਕਰੀਂਹਾ।
ਆਖ ਦਮੋਦਰ ਜੇ ਮਿਲਨ ਅਸਾਨੂੰ[10], ਤਾਂ ਲੋਹੇ ਹੱਥ ਪਈਹਾਂ[11] ॥੭੧॥

ਰਾਹ ਛੋੜ ਬੇਲੇ ਨੂੰ ਥੀਏ, ਰਵਿਆਂ[12] ਉਡੇ ਗਟਾਰੇ[13]।
ਉੱਡੀ ਧੂੜ ਅਕਾਸੀਂ ਗਈਆਂ, ਛਪੇ ਨੇ ਅੱਮਰ[14] ਤਾਰੇ।
ਵੱਜੀ ਧਰਤ[15] ਤੇ ਜ਼ਿਮੀਂ ਬੁਲੇਂਦੀ, ਝੱਲ ਨ ਸੰਘੇ ਭਾਰੇ[16]।
ਲੁੱਡਣ ਦੇਖ ਹੋਆ ਮੂੰਹ ਪੀਲਾ, ਆਏ ਤੱਤੇਹਾਰੇ[17] ॥੭੨॥

ਘੱਤ ਕੰਨ ਉਂਗਲੀ[18] ਲੁੱਡਣ ਕੂਕੇ, ਹਾਲੋ ਹਾਲ ਕਰੇਂਦਾ।
ਹੀਰੇ ਵਖਤ ਆਇਓਸੀ ਓਹੋ, ਲੱਜਾ ਤੁਧ ਪਏਂਦਾ।
ਤੇ ਮਿਲਿਆ ਨੀ[19] ਜਿਨ੍ਹਾਂ ਘੜਾਇਆ, ਬੇੜਾ ਹੇਈ ਜੈਂਦਾ[20]।
ਕਹੇ ਦਮੋਦਰ ਹੀਰ ਸਿਆਲੀਂ[21], ਲੁੱਡਣ ਈਂਵ ਕੂਕੇਂਦਾ ॥੭੩॥

ਤਜ ਕਰ ਵਾੜੀ[22] ਧਾੜ ਕਰ ਧਾਣੀ[23], ਬੇਲੇ ਆਤਣ ਵੈਂਦਾ।
ਉਠੀ ਧੂੜ ਅਕਾਸ਼ ਛਪਾਇਆ, ਲੁੱਡਣ ਉਨ੍ਹਾਂ ਵਿਖੈਂਦਾ।
'ਕਾਵਾਂ' ਭੱਤੇ ਹਾਰੇ ਆਏ[24], ਲੱਜਾਂ ਤੁਸਾਂ ਪਏਂਦਾ।
ਹੀਰੇ ਸਹੀ ਸਿਵਾਂਣ ਤਿਨ੍ਹਾਂ ਨੂੰ, ਬੇੜਾ ਹੈਈ ਜੈਂਦਾ ॥੭੪॥

---

1. ਅਲੀ ਹੈਦਰ ਦਾ ਨਾਅਰਾ ਲਗਾਂਦੇ ਹੋਏ। 2. ਢੰਗ, ਤਰੀਕਾ। 3. ਲਸ਼ਕਰ ਨੇ ਪੈਂਡਾ ਮੁਕਾਇਆ। ਤਿਖੇ ਆਏ। 4. ਫੌਜ, ਭਾਰੀ ਦਲ, ਧਾੜ। 5. ਕੋਈ ਵੀ ਅਜਿਹਾ ਨਹੀਂ ਸੀ ਜੋ ਉਨ੍ਹਾਂ ਨੂੰ ਠੰਡਾ ਕਰਦਾ। 6. ਰੱਤ ਪੀਣਾ ਲੋਚਦੇ ਸਨ। 7. ਸਲਾਹ, ਮਸ਼ਵਰਾ। 8. ਕੱਟ ਕੇ ਭਾਵ ਬੇੜੀ ਦਾ ਰੱਸਾ ਕੱਟ ਕੇ। 9. ਖਿਚ ਕੇ ਲੈ ਚਲੀਏ। 10. ਲੁੱਡਣ ਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਚਲੋ। 11. ਜੇ ਕੋਈ ਸਾਡੇ ਟਾਕਰੇ 'ਤੇ ਆਏ। 12. ਲੋਹਾ ਅਥਵਾ ਤਲਵਾਰ ਹੱਥ ਵਿਚ ਲਈਏ। 13. ਗਰਦਾ, ਘੱਟਾ। 14. ਅੰਬਰ, ਆਕਾਸ਼। 15. ਘੋੜਿਆਂ ਦੀਆਂ ਟਾਪਾਂ ਨਾਲ ਧਰਤੀ 'ਤੇ ਖੜਾਕ ਪੈਦਾ ਹੋਇਆ। 16. ਧਰਤੀ ਇੰਨਾ ਭਾਰ ਨਹੀਂ ਸੀ ਉਠਾ ਸਕਦੀ। 17. ਤੱਤਕਾਲ, ਜੋਸ਼ ਵਿਚ। 18. ਅ, ੲ, ਸ ਵਿਚ ਪਾਠ ਹੈ 'ਘਤ ਉਂਗਲੀ ਲੁੱਡਣ ਕੂਕੇ' ਜਾਂਗਲੀ। 19. ਉਹ ਲੋਕ ਤੈਨੂੰ ਆ ਮਿਲੇ ਹਨ। 20. ਜਿਨ੍ਹਾਂ ਦਾ। 21. ਹੀਰ ਸਿਆਲ ਨੂੰ। 22. ਖਰਬੂਜਿਆਂ ਦਾ ਖੇਤ ਛੋੜ ਕੇ। 23. ਧਾਈ ਕਰ ਕੇ ਬੇਲੇ ਨੂੰ ਆਈ। 24. ਜਿਵੇਂ ਸਵੇਰ ਵੇਲੇ ਕਾਂ ਇਕੱਠੇ ਹੋ ਆਉਂਦੇ ਹਨ, ਇਸੇ ਤਰ੍ਹਾਂ ਨੂਰੇ ਦੇ ਆਦਮੀ ਆ ਰਹੇ ਹਨ।

ਤਾਂ ਹੁਣ ਹੀਰ ਦੇ ਨਾਲੇ ਕੁੜੀਆਂ, ਘਰੋ ਘਰੀ ਸਭ ਧਾਈਆਂ।
ਭੂਰੇ ਬੰਨ੍ਹ ਲਇਓਨੇ[1] ਜੁੱਸੇ, ਚੋਰੀ ਘਿੰਨ ਸਰਵਾਹੀਆਂ[2]।
ਨਾਲੇ ਢਾਲੀਂ ਨੱਪ ਲਈਆਂ ਨੇ, ਅਬਦਾਲੀ[3] ਭਿੜਨੇ ਤੇ ਸਧਰਾਈਆਂ।
ਆਖ ਦਮੋਦਰ ਹਿਕਸੁ[4] ਘੜੀ ਨੂੰ, ਬੇੜੀ ਉੱਤੇ ਆਈਆਂ॥੭੫॥

ਤਾਂ ਲੁੱਡਣ ਬੋਲੇ ਸੁਣ ਹੀਰੇ ਕੁੜੀਏ, ਖਬਰ ਕਰੋ ਪਿਉ ਤਾਈਂ।
ਆਏ ਕਟਕ ਪਰਾਏ ਧੀਏ, ਇਨ੍ਹਾਂ ਝਲੇਸੇਂ[5] ਨਾਹੀਂ।
ਭਾਈ ਵੀਰ ਸਦਾ ਇਸ ਵੇਲੇ, ਮਤ ਬੇੜਾ ਲੈਣ ਤਾਂ ਤਾਈਂ[6]।
ਹੀਰੇ ਫ਼ਿਕਰ ਇਜੇਹਾ ਕੀਚੇ, ਮੈਂ ਘਰ ਵੈਂਦਾ ਆਹੀਂ[7]॥੭੬॥'

## ਹੀਰ

ਜਾਹ ਦੂਰ ਅੱਖੀਂ ਦੇ ਅੱਗੋਂ; ਪਹਿਲਾਂ ਤੁਧ ਮਰੀਹਾਂ।
ਭਿੜਨੇ ਉੱਤੇ ਚਾਉ ਅਸਾਂ ਨੂੰ, ਕਿਉਂ ਕਰ ਵੀਰ ਸਦੀਹਾਂ।
ਵੇਖ ਤਮਾਸ਼ਾ ਭਿੜਨ ਅਸਾਡਾ, ਕੇਡੀ[8] ਮਾਰ ਕਰੀਹਾਂ।
ਆਖ ਦਮੋਦਰ ਵੱਟ ਕਛੋਟਾ[9], ਅਗੋਂ ਹੋਇ ਝਲੀਹਾਂ[10]॥੭੭॥

ਆਖੇ ਹੀਰ ਸੁਣੋ ਤੁਸੀਂ ਕੁੜੀਓ! ਮਸਲਤ ਏਹੁ ਕਰੀਹੇ।
ਆਏ ਪੁੱਤ੍ਰ ਪਰਾਏ ਸੰਬਲ, ਅਗੋਂ ਹੋਇ ਝਲੀਹੇ।
ਆਵਣ ਘੋੜੇ ਤ੍ਰੁਟਨ[11] ਵਲੀਂ, ਅੱਗੋਂ ਹੋਇ ਨਪੀਹੇ[12]।
ਲੁੱਡਣ ਦਾ ਮੂੰਹ ਸਾਵਾਂ ਪੀਲਾ[13], ਚਲੋ ਤਾਂ ਖੁਰੀ ਕਰੀਹੇ[14]॥੭੮॥

## ਹੀਰ ਤੇ ਸੰਬਲਾਂ ਦਾ ਭੇੜ

ਆਇ ਖਲੋਤੀ ਹੀਰ ਫੌਜ ਘਿੰਨ, ਤਾਂ ਮੂੰਹ ਮੱਥਾ ਲਾਏ।
ਇਦੋਂ ਉੱਦੋਂ ਕਟਕ ਇਕੱਠੇ, ਦੋਹਾਂ ਨਦਰੀ ਆਏ।
ਵੇਖ ਹੈਰਾਨ ਖਲੋਤੇ ਸੰਬਲ, ਰਾਠ ਬਹਾਦਰ ਸਾਏ[15]।
ਕਹੇ ਦਮੋਦਰ ਹੀਰ ਸਿਆਲ, ਭਿੜਨੇ ਤੇ ਸਧਰਾਏ[16]॥੭੯॥

---

1. ਉਨ੍ਹਾਂ ਨੇ ਭੂਰੇ ਬੰਨ੍ਹ ਲਏ। 2. ਤਲਵਾਰਾਂ। 3. ਅਬਦਾਲਾਂ ਦੀਆਂ ਕੁੜੀਆਂ (ਕਵੀ ਸਿਆਲਾਂ ਲਈ ਪਹਿਲੇ ਵੀ ਸ਼ਬਦ ਅਬਦਾਲ ਵਰਤਿਆ ਹੈ, ਵੇਖੋ ਬੰਦ ਪਹਿਲਾ)। 4. ਇਕ ਘੜੀ ਵਿਚ। 5. ਤੂੰ ਇਨ੍ਹਾਂ ਦਾ ਟਾਕਰਾ ਨਹੀਂ ਕਰ ਸਕੇਂਗੀ। ਇਨ੍ਹਾਂ ਦੀ ਝਾਲ ਨਹੀਂ ਝਲ ਸਕੇਂਗੀ। 6. ਨਾਲ ਹੀ, ਆਉਂਦੇ ਹੀ ਬੇੜਾ ਨਾ ਕਾਬੂ ਕਰ ਲੈਣ। 7. ਵੈਦਾਂ ਹਾਂ (ਤਾਂਕਿ ਆਪਣੇ ਆਦਮੀਆਂ ਨੂੰ ਖਬਰ ਕਰਾਂ), ਮੈਂ ਘਰ ਜਾਂਦਾ ਹਾਂ। 8. ਕਿਤਨੀ। 9. ਕਮਰ ਕੱਸਾ ਕਰ ਕੇ। 10. ਅੱਗੇ ਹੋ ਕੇ ਟਾਕਰਾ ਕਰੀਏ, ਵਾਰ ਝਲੀਏ। 11. ਓ, ਅ, ੲ, ਸ—ਤ੍ਰੁਟਨ, ਘੋੜਿਆਂ ਦੇ ਚਲਣ ਨਾਲ ਖਰਬੂਜਿਆਂ ਦੀਆਂ ਵਲਾਂ ਟੁੱਟਣੀਆਂ। 12. ਘੋੜੇ ਫੜ ਲਈਏ। 13. ਲੁੱਡਣ ਬਹੁਤ ਘਬਰਾਇਆ ਹੋਇਆ ਸੀ। 14. ਤਿੱਖੇ ਅਗੇ ਵਧੀਏ। 15. ਬਹਾਦਰ ਜ਼ਿਮੀਂਦਾਰ ਜਿਨ੍ਹਾਂ ਦਾ ਦੂਰ ਤਕ ਪ੍ਰਭਾਵ ਸੀ। 16. ਹੀਰ ਅੱਜ ਭਿੜਨ ਲਈ ਤਿਆਰ ਸੀ।

ਨੂਰਾ ਨਾਉਂ ਜਾਤ ਦਾ ਚੱਧ੍ਰੜ[1], ਘੋੜੀ ਗਰਮ ਕਰਾਏ।
ਅੱਡੀ ਲਾਇ ਆਇਆ ਹੋਇ ਤ੍ਰਿੱਖਾ, ਹੀਰੇ ਨਾਉਂ ਪੁਛਾਏ।
ਧ੍ਰੂਹ ਮਿਆਨੋਂ ਕੱਢੀ, ਮਿਸਰੀ[2], ਪੁੱਛੇ ਅਤੇ ਭਵਾਏ[3]।
ਕਿਹੜੀ ਹੀਰ ਤੁਹਾਡੇ ਵਿਚੋਂ, ਮੈਂ ਨਾਲ ਮੱਥਾ ਲਾਏ॥੮੦॥

ਤਾਂ ਕੁੱਦੀ ਵਿਚਹੁੰ ਹਰਣੀ ਵਾਂਗੁਣ, ਜਾਂ ਉਸ ਇਹ ਸੁਣਾਇਆ।
ਕੇ ਤੂੰ ਅੰਨ੍ਹਾ ਕੇ ਕਪ ਕੱਢਿਆ[4] ?, ਮੈਨੂੰ ਸੁਣ ਨਹੀਂ ਪਾਇਆ।
ਮੈਂ ਹਾਂ ਹੀਰ, ਚੂਚਕ ਦੀ ਜਾਈ, ਆਓ ਝਲੇਸਾਂ ਆਇਆ[5]।
ਕਹੇ ਦਮੋਦਰ ਹੀਰ ਸਿਆਲੀ, ਮੂੰਹ ਮੱਥਾ ਦੋਹਾਂ ਲਾਇਆ॥੮੧॥

ਤਾਂ ਧ੍ਰੂਹ ਮਿਆਨੋ ਮਿਸਰੀ ਕੱਢੀ, ਸਿਰ ਹੀਰੇ ਦੇ ਲਾਈ।
ਗਿਰਦੀ ਖਾਏ ਗਈ[6] ਵੱਲ ਪਿਛੋਂ, ਓਹ ਤਾਂ ਸੱਟ ਬਚਾਈ।
ਤਾਂ ਦੂਜੀ ਚੋਟ ਮਾਰੀ ਫਿਰ ਨੂਰੇ, ਘੋੜੀ ਪਿਛਦੋਂ ਆਈ[7]।
ਭੱਜੇਂ ਨਾਹੀਂ ਅੱਗੋਂ ਜੱਟਾ, ਹੁਣ ਵਾਰੀ ਮੈਂਡੀ ਆਈ॥੮੨॥

ਹੀਰ ਧ੍ਰੂ ਕਰ ਮਾਰੀ ਮਿਸਰੀ, ਸਿਰ ਨੂਰੇ ਦੇ ਸੱਟੀ।
ਆਈ ਰਾਸ, ਨ ਗਈ ਸੁਹਾਵੀਂ[8], ਧਰਤੀ ਰੱਤ ਵਿਰੱਤੀ।
ਅੱਧ ਧੜ ਹੰਨੇ[9] ਵਿਚ ਫਾਥਾ, ਅੱਧਾ ਢੱਠਾ ਧਰਤੀ।
ਆਖ ਦਮੋਦਰ ਕੀਕਣ ਦਿਸੇ, ਜਣ ਧੋਬੀ ਸੁੱਥਣ ਘੱਤੀ[10]॥੮੩॥

ਤਾਂ ਹੱਸੀ[11] ਭੱਜ ਅਗੇਰੇ ਹੋਈ, 'ਕੇਹਾ ਕਹਿਰ ਕੀਤੋਈ'।
ਅਸਾਂ ਖਲਿਆਂ, ਮੰਦਾ ਕੀਤੋ, ਜੇਕਰ ਭੇੜ ਲਇਉਈ[12]।
ਵੇਖ ਤਮਾਸ਼ਾ ਭੱਛ[13] ਅਸਾਨੂੰ, ਲੁਝ[14] ਕਰੇ ਸਭ ਕੋਈ।
ਐਬ ਤੇਰਾ ਜੇ ਹੀਰੇ ਹੋਵੇ, ਸਭ ਆਤਣ ਰੰਡਾ ਹੋਈ॥੮੪॥

---

1. ੳ, ਅ, ੲ, ਸ, ਵਿਚ ਪਾਠ ਚੰਧੜ ਹੈ। ਝੰਗ ਵਿਚ ਚਧ੍ਰੜ ਬੋਲਦੇ ਹਨ। ਇਹ ਨੂਰਾ ਚੱਧ੍ਰੜ ਨੂਰੇ ਸੰਬਲ ਦਾ ਸਾਥੀ ਹੈ। 2. ਤਲਵਾਰ। 3. ਨੂਰਾ ਤਲਵਾਰ ਘੁੰਮਾਉਂਦਾ ਆਇਆ ਅਤੇ ਹੀਰ ਦੀ ਪੁਛਣਾ ਕਰਨ ਲਗਾ। 4. ਕਿਸੇ ਨੇ ਤੇਰਾ ਸਿਰ ਵੱਢ ਦਿੱਤਾ ਹੈ ਜੋ ਤੈਨੂੰ ਦਿਸਦਾ ਨਹੀਂ। 5. ਮੈਂ ਹਮਲਾਵਰ ਦਾ ਟਾਕਰਾ ਕਰਾਂਗੀ। 6. ਭਵਾਟਣੀ ਖਾ ਕੇ ਪਿਛੇ ਹੱਟ ਗਈ। 7. ਘੋੜੀ ਪਿਛੋਂ ਦੀ ਭਜਾ ਕੇ ਲੈ ਆਇਆ। 8. ਕੇਵਲ ਨੂਰੇ ਨੂੰ ਛੁਹ ਕੇ ਨਹੀਂ ਨਿਕਲ ਗਈ, ਸਗੋਂ ਕਰਾਰੀ ਸੱਟ ਲਾਈ। 9. ਜ਼ੀਨ ਅਥਵਾ ਕਾਠੀ ਦਾ ਅਗਲਾ ਮੁੰਨਾ। 10. ਅੰਤਲੀ ਤੁਕ ਵਿਚ ਸ਼ਬਦ ਸੁਥਣ ਦੇ ਦ੍ਰਿਸ਼ਟਾਂਤ ਨੇ ਹਾਸਰਸ ਲਿਆ ਦਿੱਤਾ ਹੈ। 11. ਹੀਰ ਦੀ ਪਰਮ ਸਹੇਲੀ ਹੱਸੀ। 12. 'ਸ' 'ਲਾਇਓਈ' ਹੈ। 13. ਤਿਆਰ ਕਰ, ਹੌਂਸਲਾ ਵਧਾ। 14. ਤੇਰੀਆਂ ਸਭ ਸਹੇਲੀਆਂ ਲੜਾਈ ਕਰਨਗੀਆਂ।

ਆਖੇ ਹੀਰ 'ਸੁਣ ਹੱਸੀ ਭੈਣੇ, ਇਹ ਗੱਲ ਬਣਦੀ ਨਾਹੀਂ।
ਹੋ ਸਿਕਦਾਰ[1] ਖਲੋਵੇ ਪਿੱਛੇ, ਲ੍ਹਾਨਤ ਹੈ ਤਿਸ ਤਾਈਂ।
ਮਰਣਾ ਜੀਣਾ ਵੱਸ ਨਾ ਕਿਸੇ, ਹੋਸੀ ਰੱਬ ਰਜ਼ਾਈਂ।
ਆਖ ਦਮੋਦਰ ਹੱਸੀ ਭੈਣੇ, ਮੈਥੋਂ ਮੰਦੀ ਨਾ ਕਾਈ[2] ॥੮੫॥

## ਹੱਸੀ

ਤੈਥੋਂ ਮੰਦੀ ਨਾ ਕਾਈ ਭੈਣੇ ਤੂੰ ਅੱਖੀਂ ਵੇਖ ਤਮਾਸ਼ਾ।
ਪੁੱਤ੍ਰਾਂ ਨਾਲ ਪਰਾਇਆਂ ਲੜਨਾ, ਮਤ ਕਰ ਜਾਣੇਂ ਹਾਸਾ।
ਮਰਨ ਮਰੀਵਨ ਨਾਲ ਬੰਦੇ ਦੇ, ਜੀ ਦਾ ਕੀ ਭਰਵਾਸਾ।
ਆਖ ਦਮੋਦਰ ਸੂਰੇ ਸੋਈ[3], ਜੇ ਲੜਦਿਆਂ ਮੁੜੇ ਨ ਪਾਸਾ॥੮੬॥

## ਹੀਰ

ਸ਼ਾਬਸ[4], ਹੱਸੀ ਤੇਰੇ ਤਾਈਂ, ਸੁਖਨ[5] ਏਹ ਭਲਾ ਕੀਤੋਈ।
ਆਇਆ ਸੰਬਲ ਧਾਇ ਅਸਾਥੇ[6], ਸਾਂਈ ਵੇਲ[7] ਦਿਤੋਈ।
ਕੇਹੀ ਅਜ ਤੁਸੀਂ ਹੋਸੋ ਭੈਣੇ[8], ਪਹਿਲਾ ਭੇੜ ਪਇਓਈ[9]।
ਆਖ ਦਮੋਦਰ ਅਜੇਹੇ ਹੱਥ ਵਿਖਾਓ, ਜੇ ਸਿਫ਼ਤ ਕਰੇ ਸਭ ਕੋਈ॥੮੭॥

ਵੇਖ ਤਮਾਸ਼ਾ ਹੀਰ ਅਸਾਡਾ, ਭੇੜ ਅਸਾਨੂੰ ਆਇਆ[10]।
ਓਹ ਮਰਦ, ਮਹਿਰੀ ਜਾਤ ਅਸਾਡੀ[11], ਹੋਸੀ ਜੋ ਰੱਬ ਭਾਇਆ।
ਕਰ ਕੇ ਹਾਠ[12] ਖਲੋਹੋ ਭੈਣੇ! ਜੋ ਤੁਸੀਂ ਲੋਹਾ ਚਾਇਆ।
ਆਖ ਦਮੋਦਰ ਵੇਖੋ ਯਾਰੋ, ਕੁੜੀਆਂ ਜੰਗ ਮਚਾਇਆ॥੮੮॥

ਵੇਖ ਖਲੋਤੇ ਸਾਊ ਸੱਭੇ, ਇਹੁ ਲੜਨੇ ਨੂੰ ਸਧਰਾਈਆਂ।
ਅੱਖੀਂ ਡਿੱਠਾ ਸਾਊਆਂ ਸਭਨਾਂ, ਕੋਈ ਕਦਮ ਅਗੇਰੇ ਆਈਆਂ।
ਛਿੱਕ ਤਲਵਾਰੀਂ[13] ਕੁੜੀਆਂ ਸਭੇ, ਢਾਲੀਂ ਆਣ ਭਵਾਈਆਂ।
ਆਖ ਦਮੋਦਰ ਵੇਖੋ ਦਿਲ ਕੁੜੀਆਂ ਦਾ, ਐਲੀ ਐਲੀ ਕਰ ਧਾਈਆਂ॥੮੯॥

---

1. ਸਿਕਦਾਰ ਭਾਵ ਸਰਦਾਰ। 2. ਮੇਰੇ ਨਾਲੋਂ ਕੋਈ ਘੱਟ ਮਹੱਤਾ ਨਹੀਂ ਰਖਦੀ। ਹੀਰ ਅਨੁਸਾਰ ਉਸ ਦੀਆਂ ਸਭ ਸਹੇਲੀਆਂ ਇਕ ਦੂੰ ਇਕ ਚੜ੍ਹੰਦੀਆਂ ਹਨ। 3. ੳ, ਅ, ੲ ਵਿਚ ਪਾਠ 'ਸੂਰੇ ਸੋਈ' ਹੈ ਅਤੇ 'ਸ' ਵਿਚ 'ਸੂਰਾ ਸੋਈ'। 4. ੳ, ੲ, ਵਿਚ ਪਾਠ—ਸ਼ਾਬਾਸ਼, 'ਅ' 'ਸ'—ਸ਼ਾਬਾਸ਼। 5. ਗੱਲ, ਬਾਤ, ਬਚਨ। 6. ਨੂਰਾ ਸੰਬਲ ਸਾਡੇ 'ਤੇ ਚੜ੍ਹਾਈ ਕਰ ਕੇ ਆਇਆ ਹੈ। 7. ਚੱਬ ਨੇ ਅੱਜ ਸਾਨੂੰ ਟਾਕਰਾ ਕਰਨ ਦਾ ਵੇਲਾ ਅਥਵਾ ਅਵਸਰ ਦਿੱਤਾ ਹੈ। 8. ਭੈਣਾ ਅੱਜ ਤੁਸੀਂ ਕਿਵੇਂ ਨਿਪਟੋਗੀਆਂ। 9. ਲੜਾਈ ਵਿਚ ਕੁਦਣ ਦਾ ਸਾਡਾ ਪਹਿਲਾ ਅਵਸਰ ਹੈ। 10. ਅਸੀਂ ਅੱਜ ਲੜਾਈ ਕਰਨ ਪਰ ਤੁਲੀਆਂ ਹਾਂ। 11. ਅਸੀਂ ਤੀਵੀਂ ਜਾਤਿ ਹਾਂ। 12. ਹੱਠ ਕਰ ਕੇ, ਦਿਲ ਤਕੜਾ ਕਰ ਕੇ। 13. ਤਲਵਾਰਾਂ ਸੂਤ ਕੇ।

ਰੱਖੇ ਹੱਥ ਕਮਾਣਾਂ ਉੱਤੇ, ਰਾਠਾਂ ਭਿੜਨਾ ਚਾਇਆ[1]।
ਨਾਉਂ ਤਾਜ਼ੀ[2] ਘੜੀਆਂ[3] ਮੁਲਤਾਨੇ, ਜਿਉਂ ਕਰਿ ਸਾਵਣ ਆਇਆ[4]।
ਉੱਡਣ ਤੁੱਰੇ[5] ਭੰਬੀਰੀ ਵਾਂਙੂੰ, ਸਾਊਆਂ ਪੜ੍ਹਾ[6] ਬੰਨ੍ਹਾਇਆ।
ਆਖ ਦਮੋਦਰ ਭਿੜਨ ਸੂਰਮੇ, ਲੋਹੇ ਨੂੰ ਹੱਥ ਪਾਇਆ॥੯੦॥

ਢਾਲੀਂ ਰੱਖ ਸਿਆਲੀ ਸਿਰ ਤੇ, ਕੇਹੀ ਰਉਂਸੇ ਗਈਆਂ।
ਵਾਂਗੂੰ ਗੋਈ[7] ਸੀਨੇ ਪਰਣੇ, ਐਲੀ ਐਲੀ ਕਰ ਪਈਆਂ।
ਲੜਨੇ ਉੱਤੇ ਚਾਉ ਸਿਆਲੀਂ, ਹੋਇ ਇਕੱਠੀਆਂ ਪਈਆਂ।
ਆਖ ਦਮੋਦਰ ਮਰਣ ਅਹੂਲਿਆ[8], ਹੋਇ ਜਮਾਤੀ[9] ਸਹੀਆਂ॥੯੧॥

ਵਗੀਆਂ ਤੇਗਾਂ, ਇੱਦੋਂ ਉਦੋਂ, ਕੇਹੀ ਸਿਫ਼ਤ ਅਖਾਹੀਂ।
ਲੋਥਾਂ ਝੜਨੇ[10] ਜ਼ਿਮੀਂ ਉੱਤੇ, ਰੱਤ ਲੱਗੇ ਜੰਘੀ[11] ਬਾਹੀਂ।
ਜੋਗਣੀਆਂ ਰੱਤ ਪੀਵਨ ਆਈਆਂ[12], ਸੀਸ ਧੜਾਂ ਤੇ ਨਾਹੀਂ।
ਆਖ ਦਮੋਦਰ ਲਾਲ ਜ਼ਿਮੀਂ ਸਭ, ਅਲਤਾ ਜਿਵੇਂ ਵਿਵਾਹੀਂ[13]॥੯੨॥

ਅਜੇ ਇਦੋਂ ਉਦੋਂ ਚਾਉ ਭਿੜਨ ਦਾ, ਆਤਣ ਟਲਦਾ ਨਾਹੀਂ।
ਜਿਉਂ ਕੋਈ ਸ਼ਰਬਤ ਪੀਵੇ ਘੋਲ ਕੇ, ਲੋਹਾ ਖਾਣ ਤਿਵਾਹੀਂ।
ਮਾਰ ਮਾਰ ਕਰ ਬੋਲਣ ਸੂਰਮੇ, ਹੁੱਟੇ ਲੜਦੇ ਤਾਹੀਂ[14]।
ਆਖ ਦਮੋਦਰ ਹੀਰ ਸਿਆਲੀਂ ਹੱਥੋਂ, ਬਾਰਾਂ ਕੀਏ ਅਜਾਈਂ[15]॥੯੩॥

ਕੁੜੀਆਂ ਅੱਠ ਅਜਾਈਂ ਹੋਈਆਂ, ਪਈਆਂ ਫੇਰ ਤਿਵਾਈਂ[16]।
ਅਜੇ ਲੜਨੇ ਉਤੇ ਚਾਉ ਅਸਾਡਾ, ਬਿਰਾਗ[17] ਲਥੋਸੇ ਨਾਹੀਂ।
ਐਲੀ ਐਲੀ ਕਰ ਲਸ਼ਕਰ ਵੜੀਆਂ, ਜਾਵਣ ਦੇਵਣ ਨਾਹੀਂ।
ਆਖ ਦਮੋਦਰ ਹੁੱਟੇ ਸਾਊ ਕੁੜੀਆਂ ਹੁੱਟਣ ਨਾਹੀਂ॥੯੪॥

---

1. ਲੜਨਾ ਸ਼ੁਰੂ ਕੀਤਾ। 2. ਤੀਰਾਂ ਦਾ ਨਾਂ 'ਤਾਜ਼ੀ ਕਾਨੀਆਂ ਅਥਵਾਂ ਤੀਰ'। 3. ਜੋ ਮੁਲਤਾਨ ਵਿਚ ਤਿਆਰ ਕੀਤੀਆਂ ਗਈਆਂ। 4. ਤੀਰ ਇਉਂ ਵਸਾਏ ਗਏ ਜਿਵੇਂ ਸਾਵਣ ਮਾਹ ਮੀਂਹ ਵਸਦਾ ਹੈ। 5. ਤੀਰਾਂ ਦੇ ਤੁੱਕੇ ਭੰਬੀਰੀ ਵਾਂਙੂੰ ਘੁੰਮ ਕੇ ਉਡਣ ਲਗੇ। 6. ਪਿੜ ਬੱਧਾ ਜੰਗ ਕਰਨ ਲਈ। 7. ਗੋਹ ਵਾਂਗ। 8. ਕਬੂਲਿਆ। 9. ਇਕਠੀਆਂ ਹੋ ਕੇ। 10. ਦੋਹਾਂ ਧਿਰਾਂ ਦੀਆਂ ਲੋਥਾਂ ਧਰਤੀ ਪਰ ਡਿੱਗਣ ਲਗੀਆਂ। 11. ਬਾਹਾਂ ਤੇ ਲਤਾਂ ਰੱਤ ਵਿਰੱਤੀ ਹੋ ਗਈਆਂ। 12. ਕਵੀ ਨੇ ਇਥੇ ਮਿਥਿਹਾਸਕ ਰੰਗ ਭਰ ਦਿੱਤਾ ਹੈ। ਭਾਰਤੀ ਮਿਥਿਹਾਸ ਅਨੁਸਾਰ ਜੰਗ ਸਮੇਂ ਯਮਣੀਆਂ ਅਥਵਾ ਕਲਜੋਗਣਾਂ ਰੱਤ ਪੀਣ ਆ ਜਾਂਦੀਆਂ ਹਨ। ਇਥੇ ਤਲਵਾਰਾਂ ਨੂੰ ਜੋਗਣੀਆਂ ਕਿਹਾ ਹੈ। 13. ਜਿਵੇਂ ਵਿਵਾਹ ਵਿਚ ਹਰ ਥਾਂ ਗੁਲਾਲ ਛਿੜਕਿਆ ਹੁੰਦਾ ਹੈ। 14. ਥੱਕ ਗਏ ਹਨ ਫੇਰ ਵੀ ਲੜੀ ਜਾਂਦੇ ਹਨ। 15. ਬਾਰਾਂ ਜਾਨ ਤੋਂ ਹੱਥ ਧੋ ਬੈਠੇ। 16. ਫੇਰ ਪਹਿਲੇ ਵਾਂਗ ਜੰਗ ਵਿਚ ਕੁਦ ਪਈਆਂ। 17. ਸਾਡਾ ਵਿਰਾਗ ਨਹੀਂ ਲੱਥਾ। ਸਾਡੀ ਚਾਹ ਨਹੀਂ ਪੂਰੀ ਹੋਈ।

ਤਾਂ ਟੱਪ[1] ਪਿਛੂਹਾਂ[2] ਹੋਏ ਯਾਰੋ, ਘੋੜੇ ਵਾਗਾਂ ਚਾਈ[3]।
ਦੋ ਤੀਰ ਵਾਹ[4] ਗਿਆ ਸਭ ਲਸ਼ਕਰ, ਆਤਣ ਪਿਛੋਂ ਧਾਈ।
ਹੀਰੇ ਹੋੜਾ[5] ਪਾਇਆ ਹੁਕਮੀ, ਅੱਗੇ ਵੰਞਹੁ ਨ ਕਾਈ।
ਕਹੈ ਦਮੋਦਰ ਹੀਰ ਸਿਆਲੀ, ਮੈਨੂੰ ਵੇਖਹੁ ਆਈ॥੯੫॥

ਨੂਰਾ ਆਖੇ ਸੁਣਹੁ ਭਰਾਵੋ, ਏਹੁ ਨ ਕੰਮ ਕਰੀਹੇ।
ਜੇ ਮਰਾਹਾਂ ਕੁੜੀਆਂ ਹੱਥੋਂ, ਸੋਭ[6] ਨ ਏਹੋ ਪਈਹੇ।
ਲੁੱਡਣ ਛੋੜ ਚਲੋ ਸਣ ਬੇੜੀ, ਹੁਣ ਲੜਨਾ ਭਲਾ ਸੁਨੀਹੇ।
ਆਖ ਦਮੋਦਰ ਨੂਰਾ ਆਖੇ, ਜੁ ਵਾਗਾਂ ਪਿਛਾਂ ਚਈਹੇ॥੯੬॥

ਹੀਰ, ਵੰਗਾਰ ਸੁਣਾਏ ਉੱਚਾ, ਆਖੇ ਨੂਰੇ ਤਾਈਂ।
ਆਇਓ ਚੱਲ ਉਚੇਚਾ ਮੈਥੇ, ਹੁਣ ਫਿਰ ਵੰਞੇ ਨਾਹੀਂ।
ਭਿੜਨੇ ਉੱਤੇ ਚਾਉ ਅਸਾਡਾ, ਅਜੇ ਮੈਂ ਹੁਣ ਆਈ ਆਹੀਂ।
ਆਖ ਦਮੋਦਰ ਸੁਣਿਆ ਨੂਰੇ, ਤਾਂ ਦਿਲ ਘੱਤੇ[7] ਨਾਹੀਂ॥੯੭॥

ਅੰਬਰ ਪਾੜ ਨਿਕਥੀਆਂ ਹੂਰਾਂ, ਜਾਡ ਸਿਆਲੀਂ ਪਰੀਆਂ[8]।
ਮੈਦਾ ਖਾਇਨ ਤੇ ਪੱਟ[9] ਹੰਢਾਇਨ, ਨੁਕਲ[10] ਜਿਨ੍ਹਾਂ ਦੇ ਗਰੀਆਂ[11]।
ਵੇਖੋ ਹੀਆ[12] ਸਹੀ ਸਿਆਲੀਂ, ਮਰਨੋਂ ਜ਼ਰਾ ਨ ਡਰੀਆਂ।
ਹੁਕਮੀ ਤੀਰ ਚਲਾਇਨ ਅੱਖੀਂ, ਬਿਨ ਖੰਭਾਂ ਬਾਝੋਂ ਸਰੀਆਂ[13]॥੯੮॥

ਆਖੇ ਰਾਠ[14] ਸੁਣੋ ਭਿਰਾਹੋ, ਆਖ ਸੁਣਾਈਂ ਭਾਈਆਂ।
ਨਹੀਂ ਮੁਨਾਸਿਬ ਲੜਨ ਅਸਾਡਾ, ਏਹ ਲੜਨੇ ਤੇ ਸਧਰਾਈਆਂ।
ਵੱਡੇ ਬਹਾਦਰ ਸਹੀ ਸਿਆਲੀਂ[15], ਭਿੜਨੇ ਉਤੇ ਆਈਆਂ।
ਆਖ ਦਮੋਦਰ ਸੋ ਕੇ ਜਾਪਨ, ਜੈਂ ਇਹ ਪੇਟੋਂ ਜਾਈਆਂ[16]॥੯੯॥

---

1. ਉ, ਅ, ੲ, ਸ–ਟਪਿ ਟੱਪ ਭਾਵ ਕੁਦ ਕੇ। 2. ਪਿਛਾਂਹ ਨੂੰ ਮੁੜੇ। 3. ਸੰਬਲਾਂ ਨੇ ਘੋੜਿਆਂ ਦੀਆਂ ਵਾਗਾਂ ਚਕ ਲਈਆਂ। 4. ਦੋ ਤੀਰਾਂ ਦੀ ਵਿਥ ਤੇ। ਤੀਰ ਵਾਹ ਤੋਂ ਭਾਵ ਉਹ ਫਾਸਲਾ ਜਿਥੇ ਕਮਾਨ ਵਿਚੋਂ ਨਿਕਲਿਆ ਤੀਰ ਜਾ ਡਿਗਦਾ ਹੈ। 5. ਰੋਕ। ਹੀਰ ਨੇ ਆਪਣੇ ਹੁਕਮ ਨਾਲ ਕੁੜੀਆਂ ਨੂੰ ਪਿਛਾ ਕਰਨ ਤੋਂ ਰੋਕ ਦਿੱਤਾ। 6. ਸੋਭਾ, ਵਡਿਆਈ। ਇਥੇ ਬਦਨਾਮੀ ਲਈ ਵਰਤਿਆ ਹੈ। 7. ਨੂਰਾ ਸੰਬਲ ਹੌਸਲਾ ਨਹੀਂ ਸੀ ਬੰਨ੍ਹਦਾ। 8. ਸਿਆਲਾਂ ਦੀਆਂ ਕੁੜੀਆਂ ਪਰੀਆਂ ਹਨ ਜੋ ਆਸਮਾਨ ਪਾੜ ਕੇ ਸਿਧੀਆਂ ਧਰਤੀ 'ਤੇ ਉਤਰੀਆਂ ਹਨ। 9. ਰੇਸ਼ਮ। 10. ਖਾਧ, ਖੁਰਾਕ। 11. ਗਰੀ, ਛੁਹਾਰੇ, ਬਦਾਮ। 12. ਹੌਂਸਲਾ। 13. ਸਿਆਲਾਂ ਦੀਆਂ ਇਹ ਪਰੀਆਂ ਸਮਾਨ ਕੁੜੀਆਂ ਅੱਖਾਂ ਦੇ ਜ਼ਬਰਦਸਤ ਤੀਰ ਚਲਾਂਦੀਆਂ ਹਨ। ਇਨ੍ਹਾਂ ਤੀਰਾਂ ਦੇ ਨਾ ਤੁਕੇ ਹਨ ਨਾ ਕਾਨੀਆਂ। 14. ਨੂਰੇ ਸੰਬਲ ਤੋਂ ਮੁਰਾਦ ਹੈ। 15. ਇਹ ਸਿਆਲਾਂ ਦੀਆਂ ਕੁੜੀਆਂ ਵੱਡੀਆਂ ਬਹਾਦਰ ਹਨ। 16. ਕਵੀ ਕਹਿੰਦਾ ਹੈ ਉਹ ਲੋਕ ਕਿਤਨੇ ਬਹਾਦਰ ਹੋਣਗੇ ਜਿਨ੍ਹਾਂ ਦੀਆਂ ਜੰਮੀਆਂ ਕੁੜੀਆਂ ਇੰਨੀਆਂ ਬਹਾਦਰ ਹਨ।

ਅੱਡੀਆਂ ਮਾਰ ਚਲਾਇਓ[1] ਲਸ਼ਕਰ, ਹੀਰ ਪਿਛੂਹਾਂ ਆਈ[2]।
ਮੋਹੀਂ ਕਰਿਹੋਂ ਕੱਪੜੇ ਲੱਤੇ[3], ਸੱਟ ਨ ਕਰਿਹੋ ਕਾਈ।
ਦਾੜ੍ਹੀ ਵਾਲਾ[4] ਮੁੜ ਖਲੋਤਾ, ਮੂੰਹ ਤੋਂ ਲੱਜ ਵੰਞਾਈ।
ਆਖ ਦਮੋਦਰ ਏਹੁ ਸਖੁਨ ਕਰ, ਫਿਰੀ ਚੂਚਕ ਦੀ ਜਾਈ॥੧੦੦॥

ਮੜੇ ਧ੍ਰੂਹਾਏ[5] ਸੁਟੇ ਵਿਚ ਨੈਂ ਦੇ[6], ਕੁੜੀਆਂ ਆਣ ਦਬਾਈਆਂ।
ਰੁੱਨੀ ਪਹਿਰ ਹਿਕ ਸਲੇਟੀ, ਕਰ ਵੈਰਾਗ ਗਲ ਲਾਈਆਂ।
ਖਾਇ ਭੇੜ[7] ਆਈਆਂ ਫਿਰ ਪੱਤਣ, ਜਿੱਥੇ ਵਲੀਂ[8] ਆਹੀਆਂ।
ਆਖ ਦਮੋਦਰ ਕਹੀਂ ਸੁ-ਖ਼ਬਰੀ[9], ਚੂਚਕ ਜੋਗ ਸੁਣਾਈਆਂ॥੧੦੧॥

ਜਿਉਂ ਜਿਉਂ ਸੁਣਦੇ ਤਿਉਂ ਤਿਉਂ ਜਲਦੇ, ਕੇ ਕੋ ਆਖ ਵਿਚਾਰੇ।
ਜਿਉਂ ਘੱਤ ਸਾਵਣ ਬੂੰਦ ਬਹਾਰਾਂ, ਤਿਉਂ ਆਏ ਲਸ਼ਕਰ ਭਾਰੇ।
ਬੇਲੇ ਦੇ ਵਿਚ ਮਾਵਨ[10] ਨਾਹੀਂ, ਵੱਡੇ ਬਹਾਦਰ ਸਾਰੇ[11]।
ਲੜਦੇ ਵੀਰ ਹੀਰ ਦੇ ਤਾਈਂ, ਜੇਤੀ ਅੰਬਰ ਤਾਰੇ[12]॥੧੦੨॥

ਭਈਏ ਮੋਈਏ! ਕਿਆ ਕੀਤੋ! ਅਸਾਂ ਖਬਰ ਨਾ ਕਾਈ।
ਅਸਾਂ ਸੁਣਿਆ, ਸੰਬਲ ਆਏ, ਖਬਰ ਨ ਅਸਾਂ ਰਾਈ।
ਗਏ ਕਿਦੂਰ[13] ਤੂੰ ਦੱਸ ਅਸਾਨੂੰ, ਵੀਰਾਂ ਗੱਲ ਚਲਾਈ।
ਦੱਸ ਸਹੀ ਸਚ, ਆਖ ਸਵੇਲੇ[14], ਚਲੀਏ ਕੇਹੜੀ ਜਾਈ॥੧੦੩॥

ਸੁਣ ਵੀਰਾ ਖਾਨਾ ਤੇ ਸੁਲਤਾਨਾ! ਕਿਸੇ ਤੁਹਾਨੂੰ[15] ਕੂੜ ਸੁਣਾਇਆ।
ਭੁਖੇ ਚਾਕ ਕਿਦਾਊਂ ਆਏ, ਉਨ੍ਹਾਂ ਵੱਲੀਂ ਨੂੰ[16] ਹੱਥ ਪਾਇਆ।
ਕੁੜੀਆਂ ਕਢੇ ਚਿਕ[17] ਕਿਵੇਂਹੀ, ਕੋਈ ਨਦਰ ਨ ਮੈਨੂੰ ਆਇਆ।
ਕਿਤ ਨੂੰ ਆਖਾਂ ਤੁਸਾਂ ਸੁਣਾਈਂ, ਕਿਛ ਅਕਬਰ ਮੈਥੇ ਧਾਇਆ[18]॥੧੦੪॥

---

1. ਅ, ੲ, ਸ ਵਿਚ ਪਾਠ 'ਚਲਾਇਓਈ' ਹੈ। 2. ਹੀਰ ਵਾਪਸ ਪਰਤ ਆਈ। 3. ਕੱਪੜੇ ਲੱਤੇ ਠੀਕ ਕਰ ਲਉ, ਪਰ ਭਜਦੇ ਦੁਸ਼ਮਨ ਨੂੰ ਕੋਈ ਸੱਟ ਨਾ ਮਾਰੋ। 4. ਨੂਰਾ ਸੰਬਲ ਮਰਦ ਜਾਤਿ ਦਾ ਹੁੰਦਾ ਹੋਇਆ ਮੈਦਾਨ ਛੱਡ ਗਿਆ ਹੈ। 5. 'ਅ', 'ੲ', 'ਸ' ਵਿਚ ਪਾਠ 'ਮੜੇ ਧਰੂਹਾਏ' ਹੈ। 6. ਸੰਬਲਾਂ ਦੇ ਜੋ ਆਦਮੀ ਮਾਰੇ ਗਏ ਸਨ, ਉਨ੍ਹਾਂ ਦੇ ਮੁਰਦੇ ਧੂਹ ਕੇ ਨਦੀ (ਚਨ੍ਹਾਂ) ਵਿਚ ਸੁਟੇ ਗਏ। 7. ਜੰਗ ਕਰਨ ਪਸ਼ਚਾਤ। 8. ਖਰਬੂਜਿਆਂ ਦੀ ਵਾੜੀ ਹੈਸੀ। 9. ਚੰਗੀਆਂ ਖਬਰਾਂ, ਜਿੱਤ ਦੀਆਂ ਖਬਰਾਂ। 10. ਇਤਨੇ ਲਸ਼ਕਰ ਇਕੱਠੇ ਹੋ ਗਏ ਕਿ ਬੇਲੇ ਵਿਚ ਸਮਾਂਦੇ ਨਹੀਂ ਸਨ। ਬੇਅੰਤ ਸਨ। 11. 'ਸ' ਪਾਠ—ਵੱਡੇ ਬਹਾਦਰ ਮਾਰੇ। 12. ਹੀਰ ਦੇ ਭਰਾ ਅਤੇ ਉਨ੍ਹਾਂ ਦੇ ਸਾਥੀ ਸਾਰੇ ਆਸਮਾਨ ਦੇ ਤਾਰਿਆਂ ਵਾਂਗ ਰੌਸ਼ਨ ਚਿਹਰੇ ਵਾਲੇ ਸੁੰਦਰ ਸਜੀਲੇ ਜਵਾਨ ਸਨ। ਉਹ ਹੀਰ ਨਾਲ ਗੁੱਸੇ ਹੁੰਦੇ ਸਨ ਕਿ ਉਨ੍ਹਾਂ ਨੂੰ ਸੰਬਲਾਂ ਦੇ ਹਮਲੇ ਦੀ ਸੂਚਨਾ ਕਿਉਂ ਨਹੀਂ ਭੇਜੀ ਗਈ। 'ਸ' ਵਿਚ ਪਾਠ 'ਜੇਤੀ ਅੰਦਰ ਤਾਰੇ'। 13. ਕਿਤਨੀ ਕੁ ਦੂਰ ਨਿਕਲ ਗਏ ਹਨ। 14. ਜਲਦੀ। 15. ੳ, ਅ, ੲ, ਸ ਪਾਠ—ਤੁਸਾਂ ਨੂੰ। 16. ਸ ਪਾਠ—ਉਨ੍ਹਾਂ ਵਲੀਂ ਹੱਥ ਪਾਇਆ। 17. ਭਜਾ ਦਿੱਤੇ ਜਿਵੇਂ ਕਿਵੇਂ। 18. ਕੋਈ ਮੇਰੇ ਪਰ ਅਕਬਰ ਚੜ੍ਹਾਈ ਕਰਕੇ ਆਇਆ ਸੀ।

ਹੱਥੇ ਪੁੱਛ ਸਿਆਲੀਂ ਆਏ, ਹੀਰ ਇਕੱਲੀ ਹੋਈ।
ਲੁੱਡਣ ਦੇ ਮੂੰਹ ਲਾਲੀ ਆਈ, ਆਇ ਸਲਾਮ ਕੀਤੋਈ।
ਭਲਾ ਥੀਆ ਜੋ ਕਟਕ[1] ਚਲਾਇਆ, ਤਾਂ ਦਿਲ ਤਾਜ਼ੀ ਹੋਈ।
ਸੂਤਕ[2] ਲਾਹ ਲੁੱਡਣ ਚੜ੍ਹ ਬੈਠਾ, ਦਿਲ ਤੋਂ ਦਗਾ[3] ਗਇਓਈ॥੧੦੫॥

ਇਤ ਭੱਤ[4] ਜੰਮੀ, ਇਤ ਭੱਤ ਮੰਗੀ, ਇਤ ਭੱਤ ਖੇਡੀ ਤਾਈਂ।
ਇਤ ਭੱਤ ਬੇੜੀ, ਇਤ ਭੱਤ ਬੇਲਾ, ਜੰਮੀ ਪਲੀ ਇਥਾਈਂ।
ਇਸੇ ਰਉਂਸੇ ਹੱਭ[5] ਹਕੀਕਤ, ਦਮੋਦਰ ਆਖ ਸੁਣਾਈਂ।
ਕਿੱਸਾ ਇਹ ਸੰਪੂਰਣ ਹੋਆ, ਹੁਣ ਰਾਂਝੇ ਤਾਈਂ ਜਮਾਈ[6]॥੧੦੬॥

## ਘਰ ਮੌਜਮ ਦੇ ਧੀਦੋ ਜੰਮਿਆ

ਵੱਡੇ ਰਾਠ ਜਿਮੀਂ ਦੇ ਉੱਤੇ, ਭੂਈਂ ਨਈਂ ਦੇ ਸਾਈਂ।
ਮੌਜਮ[7] ਨਾਮ, ਜਾਤ ਦਾ ਰਾਂਝਾ[8], ਢੁੱਕਨ ਸੱਤੇ ਪਾਹੀਂ[9]।
ਤਿਸਦੇ ਘਰ ਵਿਚ 'ਧੀਦੋ' ਜੰਮਿਆ, ਰੋਸ਼ਨ ਰੂਪ ਤਦਾਹੀਂ।
ਵਾਹ ਜਏਂਦੀ[10] ਧੀਦੋ ਰਾਂਝਾ, ਸੇ ਮਾਵਾਂ ਜਗ ਵਿਚ ਨਾਹੀਂ॥੧੦੭॥

ਘਰ ਮੌਜਮ ਦੇ ਧੀਦੋ ਜੰਮਿਆ, ਹੋਈ ਜੱਗ ਵਧਾਈ।
ਘਰ ਸ਼ਦੀਆਨੇ ਮੌਜਮ ਰਖੇ, ਅਜ਼ਮਤ[11] ਕੀ ਰੁਸ਼ਨਾਈ।
ਦੋ ਵਰ੍ਹਿਆਂ ਦਾ ਧੀਦੋ ਹੋਇਆ, ਢੁੱਕ ਰਹੀ ਕੁੜਮਾਈ।
ਚਹੁੰ ਵਰ੍ਹਿਆਂ ਦਾ ਧੀਦੋ ਹੋਇਆ, ਤਾਂ ਸੂਰਜ ਝਾਤ ਦਿਖਾਈ[12]॥੧੦੮॥

ਛੇਆਂ ਵਰ੍ਹਿਆਂ ਦਾ ਧੀਦੋ ਹੋਆ, ਤਾਂ ਸਭ ਵੇਖਣ ਆਵੇ।
ਸੂਰਤ ਸ਼ਕਲ ਵਾਹੁ ਤੁਸਾਡੀ, ਤੇਰੇ ਬਖਤਾਂ ਨਾਲ ਨ ਦਾਵੇ[13]।
ਜੋ ਵੇਖੇ ਵਸ ਥੀਵੇ ਸੋਈ, ਫਾਥਾ ਟੁਰਨ ਨ ਪਾਵੇ[14]।
ਆਖ ਦਮੋਦਰ ਤੇਜ[15] ਰਾਂਝੇ ਦਾ, ਭਰਾਵਾਂ ਮੂਲ ਨ ਭਾਵੇ॥੧੦੯॥

---

1. ਧਾੜ, ਸੰਬਲਾਂ ਦੀ ਧਾੜ ਨੂੰ ਭਜਾ ਦਿੱਤਾ। 2. ਦਿਲ ਦਾ ਭਰਮ। 3. ਦਗ਼ਾਂ ਦੇ ਸਹੀ ਅਰਥ ਧੋਖਾ ਹਨ ਪਰ ਇਥੇ ਮਨ ਦੇ ਭੈ ਲਈ ਵਰਤਿਆ ਗਿਆ ਹੈ। 4. ਭਾਂਤ, ਤਰ੍ਹਾਂ। 5. 'ਅ' ਪਾਠ—ਹੱਕ, ੲ—ਸੱਭ, ਹੱਭ ਭਾਵ ਸਾਰੀ। 6. ਹੁਣ ਮੈਂ ਰਾਂਝੇ ਦੇ ਜੰਮਣ ਅਤੇ ਵੱਡੇ ਹੋਣ ਦੀ ਕਥਾ ਆਰੰਭ ਕਰਦਾ ਹਾਂ। 7. ਪੂਰਾ ਨਾਂ ਮੁਅਜਮ ਲਗਦਾ ਹੈ। ਵਾਰਿਸ ਨੇ ਇਸੇ ਨੂੰ ਮੌਜੂ ਲਿਖਿਆ ਹੈ। 8. ਰਾਂਝੇ ਜੱਟ ਤਹਿਸੀਲ ਚਣਿਓਟ ਅਤੇ ਜ਼ਿਲ੍ਹਾ ਸਰਗੋਧਾ ਅਤੇ ਮਿੰਟਗੁੰਮਰੀ ਵਿਚ ਜ਼ਿਆਦਾ ਆਬਾਦ ਹਨ। 9. ਸੱਤ ਪ੍ਰਕਾਰ ਦੇ ਪਸ਼ੂ ਜਿਵੇਂ ਊਠ, ਘੋੜਾ, ਮੱਝ, ਗਾਂ, ਭੇਡ, ਬੱਕਰੀ ਤੇ ਖਚਰ ਜਾਂ ਖੋਤਾ। 10. ਜਨਮ ਦੇਣ ਵਾਲੀ। 11. ਵੱਡੀ, ਰੱਬੀ ਨੂਰ ਵੇਖੋ ਬੰਦ 36. 12. ਸੂਰਜ ਵੱਤ ਚਿਹਰੇ ਉੂਤੇ ਤੇਜ ਆ ਗਿਆ। 13. ਮੁਕਾਬਲਾ, ਬਰਾਬਰੀ। 14. ਰਾਂਝੇ ਵਲ ਜੋ ਭੀ ਵੇਖਦਾ ਸੀ ਉਸ ਦੀ ਸੁੰਦਰਤਾ ਤੇ ਤੇਜ ਪਰ ਮੋਹਿਤ ਹੋ ਜਾਂਦਾ ਸੀ ਅਤੇ ਅੱਗੇ ਤੁਰਨਾ ਭੁਲ ਜਾਂਦਾ ਸੀ। 15. ਜਮਾਲ, ਚਿਹਰੇ ਦੀ ਸੁੰਦਰਤਾ ਅਤੇ ਪ੍ਰਭਾਵ।

ਜੇ ਛੇਹਾਂ ਵਰ੍ਹਿਆਂ ਦਾ ਪੂਰਾ ਹੋਇਆ, ਤਾਂ ਮੋਈ ਰਾਂਝੇ ਦੀ ਅੰਮਾਂ।
ਵੀਰ ਖ਼ੁਸ਼ੀ ਹੋਏ ਸਿਰ ਤਾਈਂ, ਖ਼ਾਤਰ ਜ਼ਰਾ ਨ ਜੱਮਾਂ[1]।
ਮਤਾ ਕਰਨ ਭਿਰਾਉ ਰਾਂਝੇ ਦੇ, ਇਸ ਮਾਰ ਲੜ੍ਹਾਈਏ ਲੰਮਾਂ[2]।
ਆਖ ਦਮੋਦਰ ਮਰੇ ਤਾਂ ਚੰਗਾ, ਤਾਂ ਖਾਤਰ ਹੋਵੇ ਜੰਮਾਂ[3] ॥੧੧੦॥

ਜਾਂ ਮੌਜਮ ਨਜ਼ਰ ਭਲੇਰੀ[4] ਡਿੱਠੀ, ਮੂਲ ਹੀ ਵਿਸੈ ਨਾਹੀਂ।
ਅੱਠੇ ਪਹਿਰ ਛਾਤੀ ਦੇ ਅੱਗੇ, ਮੂਲ ਨ ਵਿਸੈ ਕਦਾਹੀਂ।
ਰਾਤ ਦਿਹਾਂ ਧੀਦੋ ਨੂੰ ਵੇਖੇ, ਜਿਉਂ ਗੁਲ[5] ਸੰਝ ਸਬਾਹੀਂ[6]।
ਗ਼ਾਲਿਬ[7] ਸਹੀ ਸ਼ਰੀਕ ਰਾਂਝੇ ਦੇ, ਲੋਚਨ[8] ਮਾਰਨ ਤਾਈਂ॥੧੧੧॥

ਤਾਹਿਰ, ਜ਼ਾਹਿਰ, ਜੀਵਣ, ਮੱਤਾ[9] ਕੀਤਾ, ਛੋਹਰ[10] ਅਸੀਂ ਮਰੀਹਾਂ।
ਕੁੱਲ ਆਲਮ ਵੇਖਣ ਆਵੈ ਇਸ ਨੂੰ, ਅਸੀਂ ਕੈਨੂੰ ਮਨ੍ਹਾ ਕਰੀਹਾਂ।
ਮੁਸ਼ਕਲ ਸਿਕਦਾਰੀ[11] ਅਸਾਂ ਤਾਈਂ, ਜੇ ਇਸ ਜੀਵਣ ਦੀ ਹਾਂ।
ਆਖੋ ਭਾਈ ਈਵੈਂ ਬਣਦੀ, ਏ ਛੋਹਰ ਅਸੀਂ ਮਰੀਹਾਂ॥੧੧੨॥

ਮਰਨ ਮਤਾ ਪਕਾਇਆ ਤ੍ਰੈਹਾਂ, ਮੂਲ ਨ ਢਿੱਲ ਕਰੀਹਾਂ।
ਇਹ ਮੌਜਮ ਸੁਣ ਪਾਈ ਯਾਰੋ, ਚੌਂਕੀ[12] ਇਸਦੀ ਦੀਹਾਂ।
ਲਾਲ ਵਿਗਾੜ ਲਏ ਮਤ ਕੋਈ[13], ਰੋ ਰੋ ਹੱਥ ਫਟੀ ਹਾਂ[14]।
ਤਜਿਆ ਖਾਣਾ ਸੌਣਾ ਮੌਜਮ, ਵਿਸਾਹ ਨ ਜ਼ਰਾ ਕਰੀਹਾਂ॥੧੧੩॥

## ਧੀਦੋ ਦਾ ਮੰਗਣਾ ਹੋ ਗਿਆ

ਤਾਂ ਮਨ ਮੌਜਮ ਏਹਾ ਕੀਤੀ, ਜੋ ਧੀਦੋ ਜੋਗ ਮੰਗਾਈਂ।
ਮੁਈਉਸ[15] ਮਾਉਂ, ਮਤ ਮੈਂ ਮਰ ਵੰਞਾਂ, ਕੈਂਦੀ ਝੋਲੀ ਪਾਈਂ।
ਵੀਰਾਂ ਮੰਦੀ ਨੀਯਤ[16] ਕੀਤੀ, ਇਸੇ ਵਿਗਾੜਨ ਤਾਈਂ।
ਅੱਠੇ ਪਹਿਰ ਮੌਜਮ ਧੂੰਏਂ ਵਾਂਗੂੰ, ਧੁੱਖੇ, ਸੰਝ ਸਬਾਹੀਂ॥੧੧੪॥

---

1. ਦਿਲ ਵਿਚ ਕੋਈ ਮਲਾਲ ਅਥਵਾ ਰੰਜ ਨ ਆਇਆ। 2. ਇਸ ਨੂੰ ਮਾਰ ਕੇ ਦਰਿਆ ਵਿਚ ਲੰਮੇ ਅਥਵਾ ਦੱਖਣ ਵਲ ਰੋੜ੍ਹ ਦੇਈਏ। 3. ਦਿਲ ਨੂੰ ਤਸੱਲੀ ਹੋਵੇ। 4. ਮੰਦੀ। 5. ਫੁਲ : ਅੱਖ ਦਾ ਤਾਰਾ। 6. ਸ਼ਾਮ, ਸਵੇਰੇ। 7. ਭਾਰੂ। 8. ਲੋਚਾ ਕਰਦੇ ਸਨ, ਚਾਹੁੰਦੇ ਸਨ। 9. ਸਲਾਹ ਕੀਤੀ, ਮਤਾ ਪਕਾਇਆ। 10. ਬਾਲਕ ਰਾਂਝਾ। 11. ਸ਼ਿਕਾਦਾਰੀ, ਸਰਦਾਰੀ। ਕੀ ਮੌਜਮ ਭੀ ਸ਼ਿਕਾਦਾਰ ਸੀ। 12. ਪਹਿਰੇਦਾਰੀ। 13. ਮਤੇ ਕੋਈ ਲਾਲਾਂ ਵਰਗੇ ਪੁੱਤਰ ਧੀਦੋ ਨੂੰ ਨੁਕਸਾਨ ਪਹੁੰਚਾ ਦੇਵੇ। 14. (ਫੇਰ) ਰੋ ਰੋ ਕੇ ਹੱਥ ਮਲਦੇ ਰਹਿ ਜਾਵਾਂਗੇ। 15. ਅਤੇ ਸ ਵਿਚ ਪਾਠ—'ਮੋਈਉ ਸੁ', ੲ ਵਿਚ ਪਾਠ 'ਮੋਈ ਉਸ', ਮੋਈਉਸ ਠੀਕ ਹੈ ਭਾਵ ਉਸ ਦੀ (ਮਾਂ) ਮਰ ਗਈ ਹੈ। 16. 'ਅ—ਨੀਯਤ ਕੀਯਤ, ਇਥੇ ਕੀਯਤ ਵਿਅਰਥ ਲਗਦਾ ਹੈ।

ਤਾਂ ਖ਼ਾਨ ਯਾਕੂਬ ਵੜਾਇਚ ਵੱਡਾ, ਆਹਾ ਰਾਠ ਜਣਾਇਆ[1]।
ਕਰ ਕਰ ਮੌਜਮ ਫਿਕਰ ਜੋ ਕੀਤਾ, ਬਾਮ੍ਹਣ ਡੂਮ[2] ਚਲਾਇਆ।
ਨਿਵ ਨਿਵ ਨੀਵਾਂ ਹੋਵੇ ਮੌਜਮ, ਗਲ ਵਿਚ ਪੱਲਾ ਪਾਇਆ।
ਚੋਰੀ ਲੋਕਾਂ ਕੋਲੋਂ ਮੌਜਮ, ਬਹਿਕਰ ਖਤ ਲਿਖਵਾਇਆ॥੧੧੫॥

ਤਾਂ ਕੰਮੀ[3] ਉੱਠ ਚਲੇ ਭਾਈ, ਗਏ ਤੀਜੇ ਦਿਨ ਤਾਈਂ।
ਜਾਇ ਮਿਲੇ ਯਾਕੂਬ ਖ਼ਾਨ ਨੂੰ, ਕਰੀ ਅਸੀਸ ਉਨ੍ਹਾਈਂ।
ਲਿਖਿਆ ਖ਼ਤ ਜੋ ਮੌਜਮ ਸੰਦਾ, ਡੁਮੇਟੇ[4] ਦਿੱਤਾ ਤਾਹੀਂ।
ਆਖ ਦਮੋਦਰ ਮੂੰਹੋਂ ਨਾ ਬੋਲੇ, ਚਿੱਠੀ ਕੱਢ ਪੜ੍ਹਾਈਂ॥੧੧੬॥

ਪੜ੍ਹ ਕਰ ਖ਼ਾਨ ਫਿਕਰ ਦਿਲ ਅੰਦਰ, ਮੂੰਹੋਂ ਨ ਮੂਲ ਅਲਾਇਆ।
ਕੁੱਲ ਹਕੀਕਤ ਕਾਗਲ ਸੰਦੀ[5], ਤਾਂ ਪੜ੍ਹ ਬੋਝੇ[6] ਪਾਇਆ।
ਬਾਹਰ ਛੋੜ ਫਿਕਰ ਕਰ ਦਿਲ ਨੂੰ, ਤਾਂ ਚਲ ਅੰਦਰ ਆਇਆ।
ਆਖ ਦਮੋਦਰ ਸੱਦ ਕਬੀਲਾ, ਤਾਂ ਬਹਿ ਖਤ ਵਚਾਇਆ[7]॥੧੧੭॥

ਸੁਣਿਹੋ ਸਭ ਕਬੀਲਾ ਮੈਂਡਾ, ਪੜ੍ਹ ਕਰ ਖ਼ਤ ਸੁਣਾਏ।
ਕਰੋ ਪਸੰਦ ਬੈਠ ਕਰ ਸੱਭੇ, ਏਹ ਕੰਮੀਂ ਹਜ਼ਾਰਿਓਂ ਆਏ।
ਕਰਨਾ ਹੋਵੇ ਸਾਕ ਮੌਜਮ ਦੇ ਤਾਂ ਕੰਮੀ ਆਦਰ ਨਾਲ ਬਹਾਏ।
ਕਹੋ ਭਾਈ ਜੋ ਜੀਅ ਤੁਸਾਡੇ, ਦਿਲ ਦੀ ਗੱਲ ਦਸਿਆਹੇ[8]॥੧੧੮॥

ਤਾਂ ਕੁੱਲ ਕਬੀਲਾ ਸਭ ਮਿਲਾਇਆ[9], ਖ਼ਾਨਾਂ ਤੂੰ ਸਿਰ ਸਾਈਂ।
ਜੇਕਰ ਤੂੰ ਨਾ ਜਾਣੇ ਖ਼ਾਨਾ, ਤਾਂ ਕੁਝ ਅਸੀਂ ਅਖਾਹੀਂ।
ਜਾਂ ਧੀਦੋ ਕਾਰਣ ਪਚਾਰੂ[10] ਆਏ, ਤਾਂ ਹੋਆ ਬਖ਼ਤ[11] ਅਸਾਹੀਂ।
ਏ ਹਿਕ ਛੋਹਿਰ ਮੰਗੇ[12] ਮੌਜਮ, ਆਖੇ ਤਾਂ ਸਭ ਦਿਵਾਹੀਂ[13]॥੧੧੯॥

---

1. ਰਾਠ ਕਰਕੇ ਜਾਣਿਆ ਜਾਂਦਾ ਸੀ। 2. ਇਕ ਬਾਹਮਣ ਤੇ ਇਕ ਮਿਰਾਸੀ। 3. ਉਪਰਲੇ ਬੰਦ ਵਿਚ ਆਇਆ ਹੈ ਕਿ ਮੌਜਮ ਨੇ ਇਕ ਬਾਹਮਣ ਤੇ ਇਕ ਮਿਰਾਸੀ ਭੇਜਿਆ ਪਰ ਇਥੇ ਕਵੀ ਦੋਹਾਂ ਨੂੰ ਕੰਮੀ ਕਰਕੇ ਲਿਖਦਾ ਹੈ। ਪਰਤਖ ਹੈ ਕਿ ਬਾਹਮਣਾਂ ਦਾ ਦਰਜਾ ਭੀ ਇਸ ਸਮੇਂ ਬਹੁਤ ਗਿਰ ਚੁੱਕਾ ਸੀ। 4. ਡੂਮ ਪੁੱਤਰ, ਮਿਰਾਸੀ। 5. ਕਾਗਜ਼ ਪਰ ਲਿਖੀ ਸਾਰੀ ਗੱਲ। 6. ਖੀਸੇ ਵਿਚ, ਜੇਬ ਵਿਚ। 7. ਵਾਚਣਾ ਭਾਵ ਪੜ੍ਹਨਾ। ਵਚਾਇਆ ਭਾਵ ਪੜ੍ਹਾਇਆ। 8. 'ਸ' ਪਾਠ—ਦਸਾਏ ਦਸਿਆਹੇ ਭਾਵ ਤੁਸੀਂ ਦੱਸਿਆ ਜੇ। 9. ਸਾਰਾ ਕਬੀਲਾ ਇਕੱਠਾ ਹੋ ਕੇ ਆਇਆ। 10. ਪੁਛ-ਗਿੱਛ ਕਰਨ ਵਾਲੇ। 11. ਸਾਡੇ ਚੰਗੇ ਭਾਗ ਹਨ। 12. 'ਅ' ਤੇ 'ਸ' ਪਾਠ 'ਮੰਗ ਮੌਜਮ' ਮੰਗੇ ਭਾਵ ਮੰਗਦਾ ਹੈ। 13. ਜੇ ਉਹ ਕਹੇ ਤਾਂ ਸਾਰੀਆਂ ਕੁੜੀਆਂ ਉਸ ਦੇ ਮੁੰਡਿਆਂ ਨੂੰ ਵਿਆਹ ਦੇਈਏ।

ਦੇ ਆਦਰ ਘਰ ਰੱਖੇ ਕੰਮੀਂ, ਰੱਤੇ ਪਲੰਘ ਬਹਾਏ।
ਅਠੋਹਾਰੀ[1] ਰੱਖ ਕਰੀਹੋ[2], ਤ੍ਰਗ[3] ਯਕੂਬ ਘੜਾਏ।
ਪੁਛ ਭਿਰਾਵਾਂ ਤਾਈਂ ਖ਼ਾਨਾ, ਲੈ ਸੋਨਾ ਤ੍ਰਗ ਬਣਾਏ।
ਆਖ ਦਮੋਦਰ ਪਹਿਰਾਏ ਕੰਮੀ, ਰਾਜ਼ੀ ਹੋਇ ਚਲਾਏ॥੧੨੦॥

ਕੰਮੀਆਂ ਨੂੰ ਜੋ ਵਿਦਿਆ ਕੀਤਾ, ਓਥਹੁੰ ਟੂਰੇ ਸਿਧਾਏ।
ਆਇ ਹਜ਼ਾਰੇ ਦਾਖ਼ਲ ਹੋਏ, ਤਾਂ ਮੌਜਮ ਨਦਰੀ ਆਏ।
ਬਹੁਤ ਰਾਜ਼ੀ ਸੁਣ ਹੋਆ ਮੌਜਮ, ਟੰਮਕ ਢੋਲ ਧਰਾਏ[4]।
ਬਹੁਤ ਜਮੀਅਤ[5] ਲਸ਼ਕਰ[6] ਸੇਤੀ, ਕੋਠੇ ਸਹਿਜ ਲੁਟਾਏ[7]॥੧੨੧॥

ਤਾਂ ਮੰਦਾ ਲੱਗਾ ਤਾਹਿਰ, ਜ਼ਾਹਰ, ਧੀਦੋ ਕਿਵੇਂ ਮਰੀਹਾਂ।
ਮੌਜਮ ਮੁਆ ਗਈ ਸਿਕਦਾਰੀ, ਜੇ ਇਸ ਜੀਵਣ ਦੀਹਾਂ।
ਜਿਉਂ ਜਾਣੋ ਤਿਉਂ ਰਾਤੀਂ ਦੀਹਾਂ, ਇਸ ਨੂੰ ਸੱਟ ਕਰੀਹਾਂ।
ਮਾਰੇ ਬਿਨਾਂ ਗਈ ਸਿਕਦਾਰੀ, ਜੇ ਇਸ ਜੀਵਣ ਦੀਹਾਂ॥੧੨੨॥

## ਧੀਦੋ ਦੀ ਸੁੰਦਰਤਾ

ਜੇ ਚੜ੍ਹੇ ਧੀਦੋ ਘੋੜੇ ਉੱਤੇ, ਬਾਹਰ ਪੰਖੀ ਨਾ ਠਹਿਰਾਇਨ।
ਮਿਹਰ[8], ਪਰਿੰਦੇ[9], ਮੋਨੀ ਸਹੀਅੜਿ[10], ਪੈਰ ਨਾ ਮੂਲੇ ਚਾਇਨ[11]।
ਨਰ ਨਾਰੀ ਜੇ ਕੋਈ ਵੇਖੇ, ਪਲ ਨਾ ਪਲਕਾਂ ਲਾਇਨ[12]।
ਆਖ ਦਮੋਦਰ ਰਾਠ ਜ਼ਿਮੀ ਦੇ, ਧੀਦੋ ਨੂੰ ਵੇਖਣ ਆਇਨ॥੧੨੩॥

## ਧੀਦੋ ਦਾ ਵਿਆਹ ਰਚਿਆ ਗਿਆ

ਮੌਜਮ ਮਨ ਵਿਚ ਮਸਲਤ ਕੀਤੀ, ਧੀਦੋ ਜੋਗ ਵਿਵਾਹੀਂ।
ਵੱਡਾ ਰਾਠ ਕੀਤੋਸੇ[13] ਸੱਕਾ, ਉਸ ਦੀ ਝੋਲੀ ਪਾਈਂ।
ਮੈਂ ਜ਼ਹੀਫ਼[14] ਹਾਂ ਕਬਰ ਕਿਨਾਰੇ, ਇਸ ਨੂੰ ਬਹੁਤ ਬਲਾਈਂ।
ਘਰ ਵਿਚ ਵੈਰ, ਚਿਣੰਗ ਹੈ ਚੋਲੇ[15], ਏ ਢਿੱਲ ਬਣਦੀ ਨਾਹੀਂ॥੧੨੪॥

---

1. ਅੱਠ ਦਿਹਾੜੇ। 2. ਘਰ ਰਖੋ। 3. ਤ੍ਰੈ ਨਗਾਂ ਵਾਲਾ ਸੋਨੇ ਦਾ ਗਹਿਣਾ, ਕੈਂਠਾ ਆਦਿ। 4. ਖ਼ੁਸ਼ੀ ਵਿਚ ਢੋਲ ਵਜਾਏ। 5. ਇਕੱਠ। 6. ਫੌਜ, ਭਾਰੀ ਇਕੱਠ। 7. ਅੰਨ ਦਾਣੇ ਦੇ ਭੰਡਾਰ ਵੰਡੇ। ਖ਼ੁਸ਼ੀ ਵਿਚ ਦਾਨ ਪੁੰਨ ਕੀਤਾ। 8. ਸਰਦਾਰ ਲੋਕ, ਮਿਹਰ ਸੂਰਜ ਨੂੰ ਵੀ ਕਹਿੰਦੇ ਹਨ। 9. ਪੰਛੀ। 10. ਸਹੇ-ਜੰਗਲੀ ਜਾਨਵਰਾਂ ਤੋਂ ਮੁਰਾਦ ਹੈ। 11. ਪਸ਼ੂ, ਮਨੁੱਖ, ਪੰਛੀ ਅਤੇ ਜੰਗਲੀ ਜਾਨਵਰ ਜੋ ਵੀ ਧੀਦੋ ਵਲ ਤਕਦਾ ਸੀ, ਉਥੇ ਦਾ ਉਥੇ ਖੜਾ ਰਹਿ ਜਾਂਦਾ ਸੀ। ਧੀਦੋ ਦੀ ਸੁੰਦਰਤਾ ਉਸ ਦੀ ਸੁਧ ਬੁਧ ਭੁਲਾ ਦਿੰਦੀ ਸੀ। 12. ਅੱਖਾਂ ਨਹੀਂ ਸਨ ਝਮਕਦੇ, ਦੰਗ ਰਹਿ ਜਾਂਦੇ ਸਨ, ਵੇਖਦੇ ਰਹਿ ਜਾਂਦੇ ਸਨ। 13. ਅਸਾਂ ਵੱਡਾ ਰਾਠ ਰਿਸ਼ਤੇਦਾਰ ਬਣਾਇਆ ਹੈ। 14. ਕਮਜ਼ੋਰ ਬਹੁਤ ਬੁੱਢਾ। 15. ਘਰ ਵਿਚ ਛੁਪਿਆ ਵੈਰ ਕਮੀਜ਼ ਵਿਚ ਛੁਪੀ ਚਿੰਗਾਰੀ ਸਮਾਨ ਹੈ ਜੋ ਮਨੁੱਖ ਨੂੰ ਕਿਸੇ ਵੇਲੇ ਸਾੜ ਕੇ ਸਵਾਹ ਕਰ ਸਕਦੀ ਹੈ।

ਕੀਆ ਤਰੱਦਦ ਮੌਜਮ ਯਾਰੋ ਏਹੋ ਉੱਦਮ ਕੀਤਾ।
ਇਸੇ ਵਿਵਾਹ ਦੇ ਕਾਰਨ ਮੌਜਮ, ਚਾਇ ਭਲੇਰੀਆਂ ਰੀਤਾਂ।
ਏਹ ਸਬੱਬ ਬਣੇ ਜੇ ਕੋਈ, ਪਿੱਛੋਂ ਕਹੀਂ ਕੇ ਕੀਤਾ[1]।
ਆਖ ਦਮੋਦਰ ਫ਼ਿਕਰ ਕਾਜ[2] ਦੇ, ਖ਼ਾਨ ਫਿਰੇ ਚੁੱਪ ਕੀਤਾ॥੧੨੫॥

ਮੁੱਤਾ[3] ਡੂਮ ਮੌਜਮ ਸਦ ਭਾਈ[4], ਲਿਖ ਵੜਾਇਚਾਂ ਤਾਈਂ।
ਗੰਢੀਂ[5] ਪਾਇ ਭੇਜ ਤੂੰ ਪਹਿਲਾਂ, ਏਹ ਢਿੱਲ ਬਣਦੀ ਨਾਹੀਂ।
ਜੀਵੰਦਿਆਂ ਸੁਖ ਵੇਖਾਂ ਅੱਖੀਂ, ਧੀਦੇ ਨੂੰ ਪਰਨਾਈਂ[6]।
ਜੁਲਿਆ ਬਾਮ੍ਹਣ ਨਾਲ ਡੁਮੇਟਾ, ਆਖ ਦਮੋਦਰ ਤਾਈਂ॥੧੨੬॥

ਪੜ੍ਹ ਕਰ ਖ਼ਤ ਦਿਲਾਸਾ ਕੀਤਾ, ਸਭ ਸਮਾਨ ਕਰੇਂਦਾ।
ਕਰੇ ਤਹੰਬਲ ਰਾਤ ਰਹੋ ਤ੍ਰੈ, ਗੰਢੀ ਪਾਇ ਚਲੇਂਦਾ[7]।
ਗੰਢੀਂ ਦੇ ਆਪਣੇ ਕੰਮੀ, ਨਾਲ ਉਨ੍ਹਾਂ ਦੇ ਦੇਂਦਾ।
ਆਖ ਦਮੋਦਰ ਸਭ ਸਮਾਨ ਕਰ, ਟੰਮਕ ਢੋਲ ਧਰੇਂਦਾ॥੧੨੭॥

ਤਾਂ ਸੁਣ ਸਭਨਾਂ ਲੋਕਾਂ ਏਹੋ, ਮੌਜਮ ਕਾਜ ਰਚਾਇਆ।
ਧੀਦੋ ਦੇ ਪਰਨਾਵਣ ਵਾਸਤੇ, ਵੱਡਾ ਵਿਸਥਾਰ ਕਰਾਇਆ[8]।
ਬਹੁਤ ਖ਼ੁਸ਼ੀ ਸੁਣ ਕਰ ਸਭ ਹੋਏ, ਸਭਸੇ ਦੇ ਮਨ ਭਾਇਆ।
ਆਖ ਦਮੋਦਰ ਮੌਜਮ ਤੱਕੋ, ਵੱਡਾ ਵੀਆਹੁ ਰਚਾਇਆ॥੧੨੮॥

ਤਾਂ ਕਰਣ ਪਸੰਦ ਬੈਠ ਸਭ ਸਾਊ, ਕੀਕਣ ਕੀਚੈ ਭਾਈ।
ਦੇਵੇਂ ਕਾਜ ਨਾ ਕਰਉ ਤਹੰਬਲ, ਢਿੱਲ ਨ ਬਣਦੀ ਕਾਈ।
ਕਰੇ ਸਮਾਨ ਵੜਾਇਚ ਜੁਆਨੋਂ[9], ਵੱਡੀ ਬਾਜ਼ੀ ਪਾਈ[10]।
ਆਖ ਦਮੋਦਰ ਕਾਜ ਗਿਣਾਇਆ[11], ਆਈ ਸਭ ਲੁਕਾਈ॥੧੨੯॥

---

1. ਪਿਛੋਂ ਕਿਸੇ ਕੀ ਕਰਨਾ ਹੈ। 2. ਵਿਆਹ। 3. ਭਜਿਆ। 4. ਭਰਾਵਾਂ ਨੂੰ ਸੱਦ ਕੇ। 5. ਜਾਂਗਲੀ ਲੋਕ ਵਿਆਹ ਦਾ ਦਿਨ ਨੀਯਤ ਕਰ ਕੇ, ਹਰ ਦਿਨ ਲਈ ਰੱਸੀ ਨੂੰ ਇਕ ਗੰਢ ਪਾ ਭੇਜਦੇ ਸਨ। ਦੂਜੀ ਧਿਰ ਵਾਲੇ ਹਰ ਸਵੇਰ ਨੂੰ ਉਠਦੇ ਸਾਰ ਇਕ ਗੰਢ ਖੋਲ੍ਹ ਦੇਂਦੇ ਸਨ। ਆਖ਼ਰੀ ਗੰਢ ਦੇ ਖੁਲ੍ਹਣ ਵਾਲੇ ਦਿਨ ਵਿਆਹ ਹੋ ਜਾਂਦਾ ਹੈ। 6. ਪਰਨਾਣਾ ਅਰਥਾਤ ਵਿਆਹ ਦੇਣਾ। 7. ਗੰਢਾਂ ਪਾ ਕੇ ਭੇਜਿਆ। 9. ਵੱਡਾ ਖਿਲੇਰ ਖਿਲੇਰਿਆ। 10. ਵੜਾਇਚ ਸਰਦਾਰ ਨੇ ਆਪਣੇ ਜੁਆਨ ਵਿਆਹ ਦਾ ਸਮਾਨ ਕਰਨ ਪੁਰ ਲਗਾ ਦਿਤੇ। 11. ਵੱਡੇ ਪੈਮਾਨੇ ਪੁਰ ਵਿਆਹ ਦਾ ਪ੍ਰਬੰਧ ਕੀਤਾ। 12. ਵਿਆਹ ਦੀ ਤਾਰੀਖ਼ ਨੀਯਤ ਕੀਤੀ।

ਗੰਢੀਂ ਭੇਜ ਕਰੇਂਦਾ ਸ਼ਾਦੀ, ਦੱਸੇ ਸਕਿਆਂ ਭਾਈਂ।
ਘਿਉ, ਗੁੜ, ਖੰਡ, ਮੈਦੇ ਤੇ ਦਾਣੇ, ਕਿਛ ਸੁਧ ਪੈਂਦੀ ਨਾਹੀਂ।
ਜੇਡਾ ਸਿਰ ਤੇਡੀ ਸਿਰ ਪੀੜਾ, ਤੇਹਾ ਸਮਾਨ ਓਨਾਹੀਂ[1]।
ਆਖ ਦਮੋਦਰ ਸੋਲ੍ਹਾਂ ਗੰਢੀਂ, ਗਈਆਂ ਰਾਂਝਿਆਂ ਤਾਈਂ॥੧੩੦॥

ਤਾਂ ਮੌਜਮ ਮਨ ਮਿੱਠਾ ਲੱਗਾ, ਸਭ ਸਮਾਨ ਕਰੇਂਦਾ।
ਭੇਜੇ ਕੰਮੀਂ ਸਭਨੀ ਸਕੀਂ[2], ਸਾਰ[3] ਤਿਨ੍ਹਾਂ ਨੂੰ ਦੇਂਦਾ।
ਘੁਰਨ, ਨਫੀਰਾਂ[4] ਤੇ ਸਰਨਾਈਂ, ਟੰਮਕ ਢੋਲ ਧਰੇਂਦਾ।
ਆਖ ਦਮੋਦਰ ਮੌਜਮ ਆਖੇ, ਕਦੋਂ ਏਸ ਪਰਨੈਂਦਾ।੧੩੧॥

ਤਾਂ ਇਦੋਂ ਉਦੋਂ ਕਰੀ ਤਿਆਰੀ, ਧੀਦੋ ਮਾਈਏਂ ਪਾਇਆ[5]।
ਚੀਕੂ ਵੱਟਣਾ ਮਹਿੰਦੀ ਲੈ ਕਰ, ਧੀਦੋ ਨੂੰ ਪਿਉ ਲਾਵਣ ਆਇਆ।
ਆਪੇ ਬਾਪ ਤੇ ਆਪੇ ਅੰਮਾਂ, ਕੀ ਵੀਰਾਂ ਮੰਦਾ ਭਾਇਆ।
ਆਖ ਦਮੋਦਰ ਨੀਯਤ ਭੈੜੀ, ਮਾਰਨ ਮਤਾ ਪਕਾਇਆ॥੧੩੨॥

ਦਸਾਂ ਵਰ੍ਹਿਆਂ ਦਾ ਧੀਦੋ ਰਾਂਝਾ ਕੇਹੀ ਸਿਫਤ ਅਖਾਈਂ।
ਨੱਕ ਬੁਲਾਕ[6] ਤੇ ਕੰਨੀ ਲੁੜ੍ਹਕੇ[7], ਸੋਨੇ ਕੜੇ ਹਥਾਹੀਂ।
ਕੰਨੇ ਚੂਣੇ[8] ਬਚੇ ਨਾਗਾਂ[9], ਜ਼ੁਲਫ਼ ਕੁੰਡਲ ਵਲ[10] ਤਾਈਂ।
ਆਖ ਦਮੋਦਰ ਜੇ ਕੋ ਵੇਖੇ, ਤਾਂ ਫਿਰ ਉਠੇ ਨਾਹੀਂ॥੧੩੩॥

ਸਭ ਭਰਜਾਈਆਂ ਆਸ਼ਿਕ ਤਿਸ ਤੇ, ਬਿਨ ਦੇਖੇ ਖਾਵਣ ਨਾਹੀਂ।
ਜਿਉਂ ਜਿਉਂ ਚੀਕੂ ਮਲਣ ਰੰਝੇਟੇ, ਤਿਉਂ ਤਿਉਂ ਕੱਢਣ ਆਹੀਂ।
ਮੂੰਹ ਮਹਿਤਾਬ[11] ਅੱਖੀਂ ਬਲਨ ਮਸਾਲਾ[12], ਕੇਹੜੀ ਸਿਫ਼ਤ ਅਖਾਹੀਂ।
ਆਖ ਦਮੋਦਰ ਕਿਸ ਸਲਾਹੀਂ, ਪੁਤ੍ਰ ਜਣੇਵਹਿ ਮਾਈ॥੧੩੪॥

---

1. ਜਿਤਨੀ ਪ੍ਰਭੁਤਾ ਬਣੀ ਹੁੰਦੀ ਹੈ ਉਤਨਾ ਵਧੇਰੇ ਖਰਚ ਕਰਨਾ ਪੈਂਦਾ ਹੈ। 2. ਰਿਸ਼ਤੇਦਾਰਾਂ ਵਲ। 3. ਸੂਚਨਾ, ਖਬਰ। 4. ਬੰਸਰੀਆਂ ਵੱਜਣ ਲਗੀਆਂ, ਤੂਤੀਆਂ ਵੱਜਣ ਲੱਗੀਆਂ। 5. ਮਾਈਏਂ ਪਾਣਾ ਇਕ ਰਸਮ ਹੈ ਜਿਸ ਦੇ ਅਦਾ ਕਰਨ ਪਸ਼ਚਾਤ ਵਿਆਹੰਦੜ (ਮੁੰਡਾ/ਕੁੜੀ) ਵਿਆਹ ਤਕ ਘਰੋਂ ਬਾਹਰ ਪੈਰ ਨਹੀਂ ਰਖਦੇ। ਮਾਈਏਂ ਪਾਣ ਤੋਂ ਪਹਿਲਾਂ ਗਾਨਾ ਬੰਨ੍ਹਿਆ ਜਾਂਦਾ ਹੈ ਤੇ ਫੇਰ ਨੀਂਗਿਰ ਨੂੰ ਉਬਟਣਾ ਅਥਵਾ ਚੀਕੂ ਮਲਿਆ ਜਾਂਦਾ ਹੈ। ਚੀਕੂ ਵਿਚ ਮੈਦਾ, ਤੇਲ ਤੇ ਖੁਸ਼ਬੂਆਂ ਤੇ ਹਲਦੀ ਮਿਲੀ ਹੁੰਦੀ ਹੈ। 6. ਨੱਕ ਵਿਚ ਪਾਣ ਦਾ ਗਹਿਣਾ। 7. ਬੁਦੇ, ਕੰਨਾਂ ਵਿਚ ਪਾਣ ਵਾਲਾ ਗਹਿਣਾ। 8. ਚੂਣੇ ਮੋਢਿਆਂ ਨੂੰ ਛੁੰਹਦੇ ਹੋਏ। ਜਾਂਗਲੀ ਮਰਦ ਵਾਲ ਇਸ ਤਰ੍ਹਾਂ ਕਟਾਂਦੇ ਹਨ ਕਿ ਉਹ ਪਿਛੇ ਸੁਟਿਆਂ ਗਰਦਨ ਨੂੰ ਕੱਜ ਲੈਂਦੇ ਹਨ। ਇਨ੍ਹਾਂ ਨੂੰ ਚੂਣੇ ਅਥਵਾ ਪਟੇ ਕਹਿੰਦੇ ਹਨ। 9. ਲਾਂਗਾਂ ਦੇ ਬਚਿਆਂ ਸਮਾਨ। 10. ਮੱਥੇ ਦੇ ਵਾਲਾਂ ਨੂੰ ਕੁੰਡਲ ਪਏ ਹੋਏ। 11. ਮੁਖੜਾ ਚੰਨ ਵਰਗਾ। 12. ਮਸ਼ਾਲ ਵਾਂਗ ਰੌਸ਼ਨ। ਮਸ਼ਾਲ ਫ਼ਾਰਸੀ ਸ਼ਬਦ ਮਸ਼ਅਲ ਦਾ ਪੰਜਾਬੀ ਰੂਪ ਹੈ। ਜਾਂਗਲੀ ਲੋਕ ਇਕ ਸੋਟੀ, ਲਾਠੀ ਦੇ ਸਿਰ ਪਰ ਟਾਕੀਆਂ ਲਪੇਟ ਕੇ ਉਪਰੋਂ ਸਰਹੋਂ ਦਾ ਤੇਲ ਪਾ ਦਿੰਦੇ ਹਨ ਤੇ ਅੱਗ ਲਾ ਦਿੰਦੇ ਹਨ। ਇਸ ਦੀ ਰੌਸ਼ਨੀ ਦੂਰ-ਦੂਰ ਤਕ ਚਲੀ ਜਾਂਦੀ ਹੈ। ਇਸ ਨੂੰ ਮਸ਼ਾਲ ਕਹਿੰਦੇ ਹਨ।

## ਰੰਗ ਵਿਚ ਭੰਗ—ਮੌਂਜਮ ਦੀ ਮੌਤ

ਜਾਂ ਬਾਕੀ ਸਤ ਗੰਢੀਂ ਰਹੀਆਂ, ਤਾਂ ਦਿਹੁੰ ਫਿਰਦਾ ਨਾਹੀਂ[1]।
ਵਿਚ ਇਰਾਦੇ ਈਵੇਂ ਬਣਦੀ, ਟਾਲੀ ਟਲਦੀ ਨਾਹੀਂ।
ਮੌਂਜਮ ਮੁਆ ਨਿਖੁੱਟੇ ਦਾਣੇ[2], ਬਣੀ ਜੁ ਬਾਬ ਤਿਵਾਹੀਂ[3]।
ਆਖ ਦਮੋਦਰ ਹੋਇ ਨਿਛੱਕਾ[4], ਧੀਦੋ ਰਿਹਾ ਤਦਾਹੀਂ॥੧੩੫॥

ਤਾਂ ਸਹੀ ਭਿਰਾਵਾਂ ਉੱਤੇ ਵੇਲੇ, ਵੀਰੇ ਕਾਜ ਰਹਾਇਆ।
ਹੋਆ ਹੁਕਮ ਹਜ਼ੂਰੋਂ ਈਵੇਂ, ਵੱਸ ਗ਼ਨੀਮਾਂ[5] ਆਇਆ।
ਦੌਲਤ ਖੱਸ ਗ਼ਲੀਮਾਂ[6] ਲੀਤੀ, ਕਰਦੇ ਜੋ ਮਨ ਭਾਇਆ।
ਇਉਂ ਕਰ ਧੀਦੋ ਜਾਪੇ ਯਾਰੋ, ਵਸ ਕਾਠ ਕੁਹਾੜੇ ਆਇਆ॥੧੩੬॥

## ਭਿਰਾਵਾਂ ਦੀ ਮੰਦੀ ਨੀਯਤ

ਮਤਾ ਪਕਾਇ ਕਰੇਂਦੇ ਮਸਲਤ, ਵੇਖ ਥੀਵਾਹਾਂ ਭਾਈ।
ਏਹੇ ਨੀਯਤ ਵੱਖ ਕਰਨ ਦੀ, ਹਭਣਾਂ ਚੰਗੀ ਭਾਈ।
ਖੋਟੀ ਗੱਲ ਭਿਰਾਵਾਂ ਹੰਧੀ[7], ਨੀਯਤ ਭਲੀ ਨਾਹੀਂ।
ਆਖ ਦਮੋਦਰ ਟਲੇ ਨਾ ਟਾਲੀ, ਬਣੀ ਜੋ ਬਾਬ ਤਿਵਾਈਂ[8]॥੧੩੭॥

ਕਰ ਪਸੰਦ ਬੈਠ ਕਰ ਤ੍ਰਾਹੇ[9], ਕੀਕਣ ਏਸ ਮਰੀਹਾਂ।
ਹਿਕੇ ਤਾਂ ਮਾਰੋ ਰਾਤੀਂ ਸੁਤਿਆਂ, ਹਿਕੇ ਤਾਂ ਮਹੁਰਾ ਦੀਹਾਂ।
ਹਿਕੇ ਤਾਂ ਘੋਟੂ ਦਿਚੈ[10] ਇਸ ਨੂੰ, ਹਿਕੇ ਕਪ ਕੇ[11] ਨਈਂ ਸਟੀਹਾਂ।
ਆਖ ਦਮੋਦਰ ਅਰਮਾਨ ਦਿਲੇ ਤੋਂ, ਗੁੱਸਾ ਸਾਰਾ ਲਈਹਾਂ।੧੩੮॥

ਪਹਿਲੋਂ ਥੀਹੋ[12] ਵੱਖ ਸਹੀ ਸੱਚ, ਬਦੀ ਘਿਨਾਹੇ ਨਾਹੀਂ[13]।
ਵੰਡਹੁ ਮਿਲਖ ਮਾਲ[14] ਅੰਦਰ ਦਾ, ਵੰਡਿਓ ਸੱਤੇ ਪਾਹੀਂ[15]।
ਵੰਡਹੁ ਕਪੜਾ, ਲੱਤਾ[16], ਲੁੰਙੀ ਜੋ, ਭੰਨਹੁ ਖੋਜ ਕਿਵਾਹੀਂ।
ਇਸ[17] ਬਿਸ ਮਾਰਨ ਏਸ ਮੁਨਾਸਬ, ਬਦੀ ਬੁਡਾਹਾਂ ਨਾਹੀਂ[18]॥੧੩੯॥

---

1. ਹੋਣੀ ਨਹੀਂ ਟਲਦੀ। 2. ਦਾਣਾ ਪਾਣੀ ਚੁਕਿਆ ਗਿਆ। 3. ਰਾਂਝੇ ਨਾਲ ਕੁਝ ਇਸ ਤਰ੍ਹਾਂ ਬੀਤੀ ਕਿ ਜਿਵੇਂ ਮੌਂਜਮ ਦੇ ਮਰਨ ਨਾਲ ਉਸ ਦਾ ਭੀ ਦਾਣਾ ਪਾਣੀ ਚੁਕਿਆ ਗਿਆ ਹੋਵੇ। 4. ਡੌਰ ਭੌਰ। ਹੈਰਾਨ ਪਰੇਸ਼ਾਨ, ਨਿਰਾਸ਼। 5. ਦੁਸ਼ਮਨ। 6. ਲੁਟੇਰਾ। 7. ਸੰਦੀ। 8. ਜੋ ਹਾਲਤ ਪੈਦਾ ਹੋ ਗਈ। 9. ਧੀਦੋ ਦੇ ਤਿੰਨੇ ਭਰਾ – ਤਾਹਿਰ, ਜ਼ਾਹਿਰ ਤੇ ਜੀਵਣ। 10. ਇਸ ਦਾ ਗਲਾ ਘੁਟ ਦਿੱਤਾ ਜਾਏ। 11. ਵੱਢ ਕੇ। 12. ਹੋਵੇ, ਹੋ ਜਾਉ। 13. ਬਦਨਾਮ ਨਾ ਹੋਵੀਏ। 14. ਜਾਇਦਾਦ, ਤਰਕਾ। 15. ਸਾਰੇ ਪਸ਼ੂ। 16. ਹੇਠ ਵਿਛਾਉਣ ਦੇ ਕੱਪੜੇ, ਤੁਲਾਈ, ਚਾਦਰ, ਖੇਸ ਆਦਿ। 17. 'ਏ' ਪਾਠ 'ਜਿਸ ਬਿਸ।' 18. ਬੁਰਾਈ ਵਿਚ ਡੁੱਬ ਨ ਜਾਈਏ ਭਾਵ ਬਦਨਾਮ ਨਾ ਹੋਵੀਏ।

ਧੀਦੋ ਸੱਦ ਭਿਰਾਵਾਂ ਆਂਦਾ, ਥੀਹੋ ਵੱਖ ਕਰੀਹਾਂ[1]।
ਤਰਕਾ ਜੋ ਪਿਉ ਦਾਦੇ ਸੰਦਾ, ਹਿੱਸੇ ਚਾਰ ਕਰੀਹਾਂ।
ਜੋ ਦੌਲਤ ਦਾ ਅੰਦਰ ਬਾਹਰ, ਫ਼ਰਕੋ ਫ਼ਰਕ[2] ਕਰੀਹਾਂ।
ਆਖ ਦਮੋਦਰ ਦਿਲ ਦਗਾ ਭਿਰਾਵਾਂ, ਇਸ ਦੀ ਖਲ ਲਹੀਹਾਂ[3]॥੧੪੦॥

ਸੁਣ ਤਾਹਰ! ਤੂੰ ਜਾਹ ਬਾਪ ਦੀ, ਮੈਨੂੰ ਖ਼ਬਰ ਨਾ ਕਾਈ।
ਮੈਂ ਦੁਧਵਾਤਾਂ[4] ਲੱਜ ਤੁਸਾਂ ਨੂੰ, ਮਿਹਰ ਰੰਝੇਟੇ ਪਾਈ।
ਅੰਦਰ ਹੋਰ ਤੇ ਮੂੰਹੋਂ ਦਿਲਾਸਾ, ਨੀਤ ਭਲੇਰੀ[5] ਨਾਹੀਂ।
ਆਖ ਦਮੋਦਰ ਜਾਤੀ ਧੀਦੋ[6], ਮੂੰਹ ਤੇ ਜਰਦੀ[7] ਆਈ॥੧੪੧॥

**ਭਰਾ**

ਮੌਜਮ ਮਨੋਂ ਵਿਸਾਰ ਜੁਆਨਾਂ! ਹੁਣ ਥੀ[8] ਕਰ ਜਟ ਕਮਾਈਐ।
ਬੂਟੇ ਮਾਰਨ[9] ਨੂੰ ਭੋਇੰ ਤੈਂਡੀ, ਕਹੀ ਵਹੋਲਾ[10] ਚਾਈਐ।
ਚਲ ਧੀਦੋ ਤੂੰ ਨਾਲ ਅਸਾਡੇ, ਚਿੱਤ ਕੰਮ ਤੇ ਲਾਈਐ।
ਉਸ ਮਦਾਰ[11] ਕਰੇ ਆਪਣੀ, ਵੀਰਾਂ ਚਾਣਕ[12] ਲਾਈਐ॥੧੪੨॥

**ਧੀਦੋ**

ਵੀਰਾ! ਭੁਈਂ ਤੁਸਾਡੀਆਂ, ਨਈਂ ਤੁਸਾਡੀਆਂ ਵੰਡ ਵੰਡ ਘਿਨਹੁੰ ਭਾਈ।
ਮੇਰੇ ਹੱਥ ਵੀ ਰੱਤੇ ਤੇ ਪੈਰ ਭੀ ਰੱਤੇ[13], ਕੀਕਣ ਕਹੀ ਵਗਾਈਂ।
ਮੌਜਮ ਮੁਆ ਮੁਹਾਂਬਾ[14] ਚੁੱਕਾ, ਨਈਂ ਝਨਾਹੈਂ ਜਾਈਂ।
ਕਿਸਮਤ ਟਿਕਣ ਮੂਲੇਨ ਦੇਵੇ, ਮਗਰ ਮੁਹਾਸਲ[15] ਲਾਈਂ॥੧੪੩॥

---

1. ਅਸੀਂ ਤੈਨੂੰ ਵੱਖ ਕਰਦੇ ਹਾਂ ਤੇ ਤੂੰ ਵੱਖ ਹੋ ਜਾ। 2. ਵੱਖ-ਵੱਖ ਕੀਮਤ ਪਾ ਦਿੰਦੇ ਹਾਂ, ਵੰਡ ਲੈਨੇ ਹਾਂ। 3. ਇਸ ਨੂੰ ਲੁੱਟਿਆ ਜਾਏ। ਇਸ ਨਾਲ ਠੱਗੀ ਕਮਾਈ ਜਾਏ। 4. ਬਾਲ ਅਵਸਥਾ, ਦੁੱਧ ਪੀਣ ਦੀ ਅਵਸਥਾ। 5. ਮੰਦੀ ਨੀਯਤ। 6. ਧੀਦੋ ਭੇਦ ਦੀ ਗੱਲ ਜਾਣ ਗਿਆ ਕਿ ਭਰਾਵਾਂ ਦੀ ਨੀਯਤ ਖੋਟੀ ਹੈ। 7. ਰੰਗ ਪੀਲਾ ਪੈ ਗਿਆ, ਘਬਰਾ ਗਿਆ। 8. ਜੱਟ ਵਾਂਗ ਕਮਾਈ ਕਰ ਕੇ ਖਾਈਏ। 9. ਬੂਟੇ ਝਾੜੀਆਂ ਪੁੱਟਣ ਲਈ। 10. ਬਸੋਲਾ, ਗੋਡੀ ਕਰਣ ਦਾ ਵੱਡਾ ਰੰਬਾਂ ਜਿਸ ਨੂੰ ਕਹੀ ਤੋਂ ਵੀ ਵੱਡਾ ਦਸਤਾ ਲਗਾ ਹੁੰਦਾ ਹੈ। 11. ਮਰਤਬਾ—ਆਪਣੇ ਹੱਥੀਂ ਆਪਣੀ ਸ਼ਾਨ ਵੱਡੀ ਕਰੋ। 12. ਚਿਣਗ, ਹਲਾਸ਼ੇਰੀ। 13. ਹੱਥ ਪੈਰ ਮਹਿੰਦੀ ਰੰਗੇ। 14. ਮੁਹੱਬਤ, ਵਾਸਤਾ, ਮੋਹ, ਮੌਜਮ ਦੇ ਮਰਨ ਨਾਲ ਮੇਰਾ ਵਾਸਤਾ ਨਦੀ ਝਨਾਂ ਤੇ ਇਸ ਦੀਆਂ ਥਾਵਾਂ ਨਾਲ ਮੁਕ ਗਿਆ ਹੈ। 15. 'ਅ, 'ੲ', 'ਸ' ਵਿਚ ਪਾਠ 'ਮੁਹਸਲ' ਹੈ ਜੋ ਫ਼ਾਰਸੀ ਦਾ ਸਹੀ ਬੋਲ ਹੈ। ਪੰਜਾਬ ਵਿਚ ਇਸ ਨੂੰ ਮੁਹਾਸਲ ਹੀ ਬੋਲਦੇ ਹਨ ਭਾਵ ਮਾਮਲਾ ਵਸੂਲ ਕਰਨ ਵਾਲੀ ਤਕਦੀਰ ਦਾ ਲਿਖਿਆ ਮਿਲਦਾ ਹੈ।

## ਕਵੀ ਦਾ ਤਖ਼ਤ ਹਜ਼ਾਰੇ ਜਾਣਾ

ਉੱਭੀ[1] ਤਰਫੋਂ ਪਾਂਧੀ ਆਏ, ਝੰਡ ਸਿਆਲਾਂ ਤਾਈਂ।
ਆਇ ਕੇ ਬੈਠੇ ਕੋਲ ਅਸਾਡੇ ਉਨ੍ਹਾਂ ਗੱਲ ਚਲਾਈ।
ਮੌਜਮ ਦੇ ਘਰ ਬੇਟਾ ਹੋਇਆ, ਅਜ਼ਮਤ ਕੀ ਰੁਸ਼ਨਾਈ[2]।
ਸੁਣ ਦਮੋਦਰ ਸਿਫ਼ਤ ਧੀਦੋ ਦੀ, ਅਸਾਂ ਸ਼ਰਤ ਉਠਾਈ[3]॥੧੪੪॥

ਜੁਲਿਆ[4] ਛੋੜ ਝੰਗ ਸਿਆਲਾਂ ਦੀ, ਦਮੋਦਰ ਉੱਭੀ ਤਰਫ਼ ਸਿਧਾਇਆ।
ਕਰ ਮੰਜ਼ਲ ਤੀਜੀ ਦਮੋਦਰ, ਤਾਂ ਚੱਲ ਹਜ਼ਾਰੇ ਆਇਆ।
ਵੰਞ ਡਿਠੋਸੇ ਤਖ਼ਤ ਹਜ਼ਾਰਾ ਜਿਥੇ ਰਾਂਝਾ ਜਾਇਆ।
ਆਖ ਦਮੋਦਰ ਵੇਖ ਧੀਦੋ ਨੂੰ, ਅਸਾਂ ਦਿਲ ਫਹਾਇਆ॥੧੪੫॥

ਅੱਗੇ ਰਾਂਝਾ ਦਿਲ ਉਦਾਸੀ, ਟਿਕੇ ਨਾ ਮੂਲ ਟਿਕਾਇਆ[5]।
ਚਉ ਚਉ[6] ਕਰਦੇ ਲੋਕ ਹਜ਼ਾਰੇ, ਰਾਂਝੇ ਏ ਸੁਣ ਪਾਇਆ।
ਕਿਸਮਤ ਦਾਨਾ ਪਾਨੀ ਯਾਰੋ, ਵੇਖਾਂ ਕਿਦੇ ਰੱਬ ਉਠਾਇਆ।
ਆਖ ਦਮੋਦਰ ਨਾਲ ਰਾਂਝੇ ਦੇ, ਅਸਾਂ ਭੀ ਚਲਣਾ ਆਇਆ॥੧੪੬॥

## ਧੀਦੋ ਨੱਸ ਚਲਿਆ

ਗਲੀ ਗਲੀ ਲੋਕ ਜੁੜ[7] ਬਹਿੰਦੇ, ਸਭਨਾਂ ਗੱਲ ਬਣਾਈ।
ਮੌਜਮ ਮੁਆ, ਧੀਦੋ ਤਾਈਂ, ਹੋਆ ਨਿਛੱਕਾ[8] ਭਾਈ।
ਪਹਿਲਾਂ ਧੀਦੋ ਵੱਖ ਕਰੀਹਾਂ, ਪਿਛੇ ਕੱਪ ਲੁੜ੍ਹਾਈ।
ਆਖ ਦਮੋਦਰ ਕੂਚੇ ਕੂਚੇ, ਏਹਾ ਗੱਲ ਸੁਣ ਪਾਈ॥੧੪੭॥

ਅੰਗੁਲ ਜੋੜੀ ਨਾਲ ਧੀਦੋ ਦੇ, ਅਸੀਂ ਲਗੇ ਫਿਰਾਹੇਂ।
ਗੱਲੀਂ ਸੁਣ ਸੁਣ ਲੋਕਾਂ ਕੋਲੋਂ, ਅਸੀਂ ਤਾਮ[9] ਨ ਮੂਲੇ ਖਵਾਂਹੇ।
ਅਣਡਿੱਠੀ ਭੂਈਂ ਸਭ ਕਿਦਾਈਂ, ਆਖਹੁ ਕਿਦੇ ਜੁਲਾਹੇਂ[10]।
ਆਖ ਦਮੋਦਰ ਇਹ ਦਿਲ ਠਹਿਰੀ, ਜੋ ਲੰਮੀ[11] ਤਰਫ਼ ਵੰਞਾਹੇਂ॥੧੪੮॥

ਹੱਛੀ ਪੁਸ਼ਾਕ ਰਾਂਝੇ ਦੇ ਉੱਤੇ, ਚੇਹਰਾ ਭਲਾ ਵਿਖਾਵੇ।
ਹੱਥੀਂ ਕੜੇ ਤੇ ਕੰਨੀਂ ਲੁੜਕੇ, ਮੰਝ ਨੀਲਾ ਖੇਸ ਬੰਧਾਵੇ।
ਉਚੀ ਅੰਬਰੀ[12] ਉੱਤੇ ਧੀਦੋ, ਬੁੱਕਲ ਮਾਰ ਵਿਖਾਵੇ।
ਵੇਖ ਜੁਆਨੀ ਧੀਦੋ ਦੀ ਯਾਰੋ, ਲੋਕੀ ਬਹੂੰ ਗ਼ਮ ਖਾਵੇ॥੧੪੯॥

---

1. ਉਭਾ—ਉੱਤਰ, ਸ਼ੁਮਾਲ। 2. ਰੱਬੀ ਨੂਰ। 3. ਹੋਸ਼, ਧਿਆਨ, ਸਾਡਾ ਧਿਆਨ ਧੀਦੋ ਵਲ ਖਿੱਚਿਆ ਗਿਆ। 4. ਚਲਿਆ। 5. ਸ਼ਾਂਤੀ ਵਿਚ ਨਹੀਂ ਸੀ ਆਉਂਦਾ, ਮਨ ਅਸ਼ਾਂਤ ਸੀ। 6. ਗੱਲਾਂ, ਗੱਲਾਂ ਕਰਦੇ, ਚੁਰ ਵਿਚੁਰ। 7. 'ਸ' ਪਾਠ ਹੈ 'ਜੁੜ ਜੋ ਅਣਮੇਲ ਹੈ। 8. ਪਰੇਸ਼ਾਨ, ਨਿਰਾਸ਼। 9. ਰੋਟੀ, ਖਾਣਾ। 10. ਵੰਞੀਏ, ਜਾਈਏ। 11. ਲੰਮੀ ਭਾਵ ਦੱਖਣ। 12. ਲੋਈ, ਚਾਦਰ।

ਨੱਢੀ ਬੁੱਢੀ ਜੋ ਵਿਚ ਹਜ਼ਾਰੇ, ਗਲ ਨ ਕਿਸੇ ਭਾਣੀ।
ਮੌਜਮ ਮੁਆ, ਕਾਜ ਰਹਾਇਆ, ਗੱਲ ਨ ਰਹੀ ਲੁਕਾਣੀ।
ਡਰਦੇ ਲੋਕ ਸਭ ਆਖਣ ਨਾਹੀਂ, ਏਹਾ ਵੱਡੀ ਵਿਡਾਣੀ[1]।
ਆਖ ਦਮੋਦਰ ਸਾਈ ਥੀਸੀ[2], ਜੋ ਸੱਚੇ ਰੱਬ ਭਾਣੀ॥੧੫੦॥

## ਭਰਾਵਾਂ ਦੀ ਮੰਦੀ ਨੀਯਤ

ਘਰ ਘਰ ਗਿਲਾ ਤਾਹਰ ਜ਼ਾਹਰ ਦਾ, ਲੋਕਾਂ ਨੱਪ ਉਠਾਇਆ।
ਕਲ੍ਹ ਪਿਉ ਮੋਇਆ ਡਿਠੋ ਨੇ ਯਾਰੋ, ਅੱਜ ਮਾਰਨ ਮਤਾ ਪਕਾਇਆ।
ਘਰ ਘਰ ਹੱਭਾ ਈਹੋ ਆਖੇ, ਤਾਹਰ ਕਾਜ ਰਹਾਇਆ।
ਆਖ ਦਮੋਦਰ ਲੋਕਾਚਾਰੀ, ਧੀਦੋ[3] ਵੀ ਸੁਣ[4] ਪਾਇਆ॥੧੫੧॥

ਤਾਂ ਚਉ ਚਉ[5] ਚਲ ਹਜ਼ਾਰੇ ਉਠੀ, ਧੀਦੋ ਸਹੀ ਮਰੀਂਦਾ।
ਮਿਲ ਮਿਲ ਵੀਰ ਕਰੇਂਦੇ ਮਸਲਤ[6], ਈਹੋ ਮਤਾ ਪਕੀਂਦਾ।
ਸੁਣ ਸੁਣ ਮਾਰਨ ਸੰਦੀ ਮਸਲਤ, ਧੀਦੋ ਪੀਲਾ ਥੀਂਦਾ।
ਨੱਸੀਏ ਜਿੰਦ ਘਿਨ ਕਰ ਯਾਰੋ[7], ਨਹੀਂ ਅਜਾਈਂ ਥੀਂਦਾ[8]॥੧੫੨॥

## ਚੱਲਣ ਤੇ ਚਿਤ ਚਾਇਆ

ਨਾ ਕਰ ਵਿਦਾ[9] ਭਰਾਵਾਂ ਨਾਲੋਂ, ਰਾਂਝਾ ਘਰੋਂ ਸਿਧਾਇਆ[10]।
ਖੂੰਡੀ ਤੇ ਹੱਥ ਵੰਝਲੀ ਕੀਤੀ, ਚੱਲਣ ਤੇ ਚਿਤ ਚਾਇਆ।
ਚੀਰਾ[11] ਲਾਲ ਤੇ ਉੱਤੇ ਅੰਬਰੀ[12], ਮੱਝ ਨੀਲਾ ਖੇਸ ਬੰਨ੍ਹਾਇਆ।
ਨੱਕ ਬੁਲਾਕ ਤੇ ਕੰਨੀਂ ਲੁੜ੍ਹਕੇ[13], ਚੂਨਿਆ[14] ਰੁਣ ਝੁਣ ਲਾਇਆ॥੧੫੩॥

ਅੱਧੀ ਰਾਤ ਚਲਿਆ ਉਠ ਧੀਦੋ, ਪੱਲੇ ਖ਼ਰਚ ਨ ਪਾਇਆ।
ਤ੍ਰਾਸ[15] ਜਿੰਦ ਦਾ ਅੰਦਰ ਧੀਦੋ, ਰਹੈ ਨ ਮੂਲ ਰਹਾਇਆ।
ਰਾਤ ਦਿਹਾਂ ਉੱਠ ਚੱਲੇ ਧੀਦੋ, ਧਰਤੀ ਪੈਰ ਨ ਪਾਇਆ।
ਖੂੰਡੀ ਤੇ ਹੱਥ ਵੰਝਲੀ ਕੀਤੀ, ਰਾਤ ਮਸੀਤੀਂ ਆਇਆ॥੧੫੪॥

---

1. 'ਅ', 'ੲ', 'ਸ' ਵਿਚ ਪਾਠ 'ਵਾਣੀ' ਹੈ ਜੋ ਅਜੋੜ ਹੈ। ਵਿਡਾਣੀ ਭਾਵ ਅਚਰਜ (ਟਾਕਰਾ ਕਰੋ—ਵੇਖਹੁ ਇਹ ਵਿਡਾਣ—ਗੁਰਬਾਣੀ) 2. ਹੋਸੀ, ਬੀਤੇਗੀ। 3. ਲੋਕ ਚਰਚਾ। 4. 'ਸ' ਵਿਚ ਪਾਠ 'ਸੁਨ ਪਾਇਆ'। 5.–6. ਮੂੰਹੋ ਮੂੰਹ, ਦੰਦ ਕਥਾ, ਚੁਰ ਵਿਚੁਰ, ਸਲਾਹ। 7.–8. ਇਥੋਂ ਜਾਨ ਬਚਾ ਕੇ ਨੱਸ ਚਲੀਏ, ਨਹੀਂ ਤਾਂ ਐਵੇਂ ਮਾਰਿਆ ਜਾਵਾਂਗਾ। 9. ਭਰਾਵਾਂ ਤੋਂ ਵਿਦਾ ਹੋਏ ਬਿਨਾਂ। 10. ਚਲਾ ਗਿਆ, ਰਵਾਨਾ ਹੋ ਗਿਆ। 11. ਪਟਕਾ, ਪਗੜੀ। 12.–13. ਚਾਦਰ ਵਾਲੇ। 14. ਪਟੇ, ਸਿਰ ਦੇ ਵਾਲ ਜੋ ਗਰਦਨ ਨਾਲ ਪਲਮਦੇ ਇਸ ਤਰ੍ਹਾਂ ਕੱਟੇ ਜਾਂਦੇ ਹਨ ਜੋ ਮੋਢਿਆਂ ਤੋਂ ਥੋੜ੍ਹੀ ਉੱਪਰ ਹੀ ਰਹਿੰਦੇ ਹਨ, ਅੱਧੀ ਗਰਦਨ ਲੁਕ ਜਾਂਦੀ ਹੈ। 15. ਡਰ, ਸਹਿਮ।

### ਕਰਤੇ ਬਾਜ਼ੀ ਪਾਈ

ਰਾਤ ਰਹਿਣ ਨੂੰ ਧੀਦੋ ਕੀਤਾ, ਵਿਚ ਮਸੀਤੀਂ ਭਾਈ।
ਕੁੜੀਆਂ ਪਾਣੀ ਭਰਨ ਨੂੰ ਗਈਆਂ, ਕਰਤੇ ਬਾਜ਼ੀ ਪਾਈ[1]।
ਵੇਖ ਵਿਕਾਣੀ ਧੀਦੋ ਤਾਈਂ, ਸਿਰਦਾਰੇ ਦੀ ਜਾਈ।
ਆਖ ਦਮੋਦਰ ਤਿੱਤੇ ਵੇਲੇ, ਜਮਾਤ ਜੱਟਾਂ ਦੀ ਆਈ॥੧੫੫॥

ਤਾਂ ਧੀਦੋ ਦਾ ਮੂੰਹ ਪੀਲਾ ਹੋਇਆ, ਆਏ ਚੱਲ ਇਦਾਈਂ।
ਭੱਛ[2] ਭਰਾਵਾਂ ਮੁੱਤੇ[3] ਮੈਂ ਧਿਰ[4], ਆਏ ਮਾਰਨ ਤਾਈਂ।
ਮਿਲ ਬੈਠੇ ਸਭ ਵਿਚ ਮਸੀਤੀਂ, ਪੁੱਛਣ ਧੀਦੋ ਸਾਈਂ।
ਆਖ ਦਮੋਦਰ ਕਿਦੇ ਜੁਲਿਐਂ[5] ਏਹੁ ਜਵਾਬ ਅਸਾਹੀਂ[6]॥੧੫੬॥

### ਧੀਦੋ

ਕਿਸਮਤ ਦਾਣਾ ਪਾਣੀ ਚਾਚਾ, ਹੁਕਮੀਂ ਖੇਲ[7] ਚਲਾਇਆ।
ਮੌਜਮ ਮੁਆ ਮੁਹਾਬਾ ਚੁੱਕਾ[8], ਵੀਰਾਂ ਮਤਾ ਪਕਾਇਆ।
ਜਿੰਦੂ ਦੇ ਭਉ ਰਾਹੀ ਹੋਇਆ, ਧੀਦੋ ਆਖ ਸੁਣਾਇਆ।
ਆਖ ਦਮੋਦਰ ਵੱਸ ਨ ਮੈਂਡੇ, ਕਿਸਮਤ ਨਪ ਚਲਾਇਆ॥੧੫੭॥

### ਵੇਖ ਵਿਕਾਣੀ ਛੋਹਿਰ ਲੋਕਾਂ

ਵੇਖ ਵਿਕਾਣੀ ਛੋਹਿਰ ਲੋਕਾ, ਆਈ ਸੂਲ ਕਰੇਂਦੀ[9]।
ਘਿੰਨ ਘੜਾ ਸਿਰ ਉਤੋਂ ਮਾਏ, ਨਹੀਂ ਤਾਂ ਭੁਇੰ ਮਰੇਂਦੀ।
ਵਿਚ ਮਸੀਤੀ ਚੰਨ ਫਥੋਈ[10], ਮੈਂ ਵਰ ਨੀਹੇਂ ਦੇਂਦੀ[11]।
ਹੱਸ ਰੱਸ ਸਿਰ ਰੱਖ ਅਸਾਡੇ[12], ਨਹੀਂ ਤਾਂ ਆਪੇ ਨਿਕਲ ਵੈਂਦੀ॥੧੫੮॥

ਘਿੰਨ ਚਪੇੜ ਮੂੰਹ ਉੱਤੇ ਮਾਊ, ਲੈ ਧੀਓ ਨੂੰ ਲਾਈ।
ਕੰਜ ਕੁਆਰੀ ਮੂੰਹ ਨਾ ਬੋਲੀ, ਤੁਧ ਕਿਉਂ ਲੱਜਾ ਲਾਹੀ।
ਹੁਣੇ ਪਿਉ ਵੀਰ ਸੁਣੇਈ ਧੀਏ, ਦਾਖਲ ਕਰੀ ਸਜਾਈ[13]।
ਵੱਤ[14] ਨ ਬੋਲੇ ਪੇਟੋਂ ਜਾਈ, ਅੰਮਾਂ ਇਹ ਨ ਭਾਈ॥੧੫੯॥

---

1. ਕੁਦਰਤ ਨੇ ਇਕ ਖੇਡ ਰਚਾਈ। 2-3. ਭੱਛਾ ਕੇ, ਭੱਖਾ ਕੇ, ਭੇਜੇ। 4. ਮੇਰੇ ਵਲ। 5. ਕਿਥੇ ਜਾ ਰਿਹੈਂ ? 6. ਅਸਾਨੂੰ। 7. ਆਪਣੇ ਹੁਕਮ ਵਿਚ ਧੱਕੇ ਮਾਰ ਕੇ ਅੱਗੇ ਲਾਇਆ ਹੋਇਆ ਹੈ। 8. ਸੰਬੰਧ ਟੁੱਟ ਗਿਆ। 9. ਜਿਵੇਂ ਉਸ ਦੇ ਪੇਟ ਵਿਚ ਸੂਲ ਉਠਿਆ ਹੋਵੇ। 10. ਮਸੀਤ ਵਿਚ ਇਕ ਚੰਨ ਵਰਗਾ ਸੁੰਦਰ ਜੁਆਨ ਆਇਆ ਹੈ। 11. ਕੀ ਤੂੰ ਮੇਰਾ ਉਹਦੇ ਨਾਲ ਵਿਆਹ ਨਹੀਂ ਕਰੇਂਗੀ? 12. ਖੁਸ਼ੀ ਖੁਸ਼ੀ ਮੇਰਾ ਉਹਦੇ ਨਾਲ ਵਿਆਹ ਕਰ ਦੇ। 13. ਤੈਨੂੰ ਸਜ਼ਾ ਦੇਣਗੇ। 14. ਫੇਰ, ਫੇਰ ਅਜਿਹੀ ਗੱਲ ਨਾ ਕਰੀਂ।

## ਕੁੜੀ

ਹਿੱਕ ਸੁਣੇਂਦੀ, ਲੱਖ ਸੁਣੇਸੀ, ਜੇ ਮੂੰਹ ਤੋਂ ਪੱਲੂ ਲਾਹਿਆ।
ਮੈਂ ਤਾਂ ਮੁੱਲ ਬਗ਼ੈਰ ਵਿਕਾਣੀ, ਤਾਂ ਮੂੰਹ ਕੂਕ ਸੁਣਾਇਆ।
ਜਿਉਂ ਜਾਣੇ ਤਿਉਂ ਦੇਇ ਅਸਾਨੂੰ, ਥਖ਼ਤੇ[1] ਮੈਂ ਹੱਥ ਆਇਆ।
ਨਹੀਂ ਤਾਂ ਆਪੇ ਵੈਂਦੀ ਆਹੂੰ, ਸ਼ਰਮ ਅਸਾਂ ਸਭ ਲਾਹਿਆ॥੧੬੦॥

## ਮਾਂ

ਧੀਰੀ ਥੀ[2] ਜਾਣ ਦਿਹ ਮੈਨੂੰ, ਗੰਢ ਗੁਲਾਮ[3] ਡਿਠੋਈ।
ਜਾਪੇ ਕੌਣ ਜੋ ਇਸ ਪਰਦੇਸੀ[4], ਜਾਂ ਤੁਧ ਰੋਇ ਦਿਤੋਈ।
ਸੁਣ ਧੀਏ ਵੰਞਣ ਦੇਹ ਮੈਨੂੰ, ਪੁੱਛਾਂ ਜਾਇ ਖਲੋਈ।
ਆਖ ਦਮੋਦਰ ਮਾਉਂ ਕੁੜੀ ਦੀ, ਚੱਲ ਅਗੇਰੇ ਹੋਈ॥੧੬੧॥

## ਹਾਏ ਜੇ ਚੁਖ ਵਡੇਰਾ ਹੋਵੇ

ਨਾਹੀ ਕੁੜੀ, ਆਹੀ ਸੱਚੀ[5], ਕੇ ਇਸ ਆਖ ਸੁਣਾਈਂ।
ਨਾਹੀਂ ਮਾਊ ਪੀਊ ਜਾਇਆ[6], ਕਿਸ ਜ਼ਬਾਨ ਸਲਾਹੀਂ।
ਵੇਖ ਵਿਕਾਣੀ[7] ਝੀਵਰ ਆਣੀ ਕਦਮ ਉਠੀਉਸ ਨਾਹੀਂ।
ਹੈਂ ਜੇ ਚੁੱਖ ਵਡੇਰਾ ਹੋਵੈ[8], ਤਾਂ ਮੈਂ ਆਪ ਨਿਕਾਹ ਬੰਨ੍ਹਾਈਂ॥੧੬੨॥

ਹੋਇ ਬੇਹੋਸ਼ ਵੜੀ ਵਿਚ ਜੱਟਾਂ, ਵੰਞ ਮਿਲੀ ਉਨ੍ਹਾਂ ਤਾਈਂ।
ਕੇ ਏਹ ਆਖਹੁ ਲਗੇ ਤੁਸਾਡਾ, ਕੇਹੜੀ ਜਾਤ ਤੁਸਾਹੀਂ।
ਈਹੁ[9] ਹੈ ਕਿਹੜੀ ਜਾਤ ਦਾ ਨੀਂਗਰ, ਵੈਸੋ ਕੇਹੜੀ ਜਾਈਂ[10]।
ਆਖ ਹਕੀਕਤ[11] ਤੁਸੀਂ ਭਿਰਾਵੋ,ਏਹਾ ਗਲ ਪੁਛਾਈਂ॥੧੬੩॥

## ਜੱਟਾਂ ਦਾ ਉੱਤਰ

ਝੀਵਰ ਅਸੀਂ, ਏ ਜਾਤ ਅਸਾਡੀ, ਅਸੀਂ ਗੜ੍ਹ ਮੁਲਤਾਨੋਂ ਆਏ।
ਜੇਹਲਮ ਜੁੱਲੇ ਬੇੜੀਆਂ ਤਾਈਂ[12], ਬਹੁਤੇ ਤਮੇ ਸਤਾਏ[13]।
ਦਿਲ ਵਿਚ ਦਗਾ[14] ਭੁੱਖ ਦਾ ਜੱਟਾਂ, ਵੱਡੇ ਕੂੜ ਅਲਾਏ[15]।
ਆਖ ਦਮੋਦਰ ਰਾਜੀ ਹੋਏ, ਫਿਰ ਉਨ੍ਹਾਂ ਸੁਖਨ ਸੁਣਾਏ॥੧੬੪॥

---

1. ਚੰਗੇ ਭਾਗੀਂ। 2. ਸਬਰ ਕਰ, ਧੀਰਜ ਫੜ। 3. ਹੱਥ ਬੱਧਾ ਗੋਲਾ। 4. ਪਰਦੇਸ ਵਿਚ ਆਏ ਦਾ ਕੀ ਪਤਾ ਲਗੇ ਕਿ ਉਹ ਕੌਣ ਹੈ। 5. 'ਸ' ਵਿਚ ਪਾਠ 'ਸਕੀ'। 6. ਮਾਂ ਪਿਉ ਜਾਇਆ ਭਰਾ ਨਹੀਂ ਹੈ। 7. ਮੋਹਿਤ ਹੋ ਗਈ। 8. ਹਾਏ ਜੇ ਥੋੜ੍ਹਾ ਜਿਹਾ ਵਡੇਰਾ ਹੁੰਦਾ। 9. ਇਹ ਜੁਆਨ ਧੀਦੋ। 10. ਕਿਥੇ ਜਾਉਗੇ। 11. ਸਹੀ ਗੱਲ, ਠੀਕ ਬਾਤ। 12. ਜਿਹਲਮ ਬੇੜੀਆਂ ਖਰੀਦਣ ਚਲੇ ਆਂ। 13. ਲੋਭ ਨੇ ਬਹੁਤ ਸਤਾਇਆ। 14-15. ਧੋਖਾ, ਫਰੇਬ। ਵੱਡਾ ਝੂਠ ਬੋਲਿਆ।

**ਝੀਵਰਿਆਣੀ ਤੇ ਜੱਟ**

ਇਸ ਪੁੱਤ੍ਰ ਤੁਸਾਡੇ ਨੂੰ ਬੇਟੀ ਦਿੱਤੀ, ਅਸਾਂ ਰਾਜੀ ਥੀ ਕਰ ਭਾਈ।
ਰਾਤੀਂ ਬੰਨ੍ਹ ਦੁਆਇ ਕੁੜੀ ਦੀ[1], ਬਹੁ ਜੱਟਾਂ ਹਿਤ ਆਈ[2]।
ਬਹੁਤ ਰਜਾਇ ਕਰਣ ਦੇ ਤਾਈਂ[3], ਝੀਵਰਿਆਣੀ ਭਾਈ[4]।
ਜੱਟਾਂ ਸੁਣ ਇਹ ਬਹੁਤੀ ਭਾਵੀ, ਜਾਂ ਇਉਂ ਗੱਲ ਸੁਣ ਪਾਈ॥੧੬੫॥

**ਜੱਟ**

ਮਿੱਠੀ ਰੋਟੀ ਤੇ ਦੁੱਧ ਮਾਝਾ, ਕਰ ਤਿਆਰ ਘਿੰਨ ਅਣਾਈਂ[5]।
ਕੁੜੀ ਤੁਸਾਡੀਂ ਅਸਾਂ ਲੀਤੀ, ਸਕੇ ਅਸੀਂ ਤੁਸਾਹੀਂ।
ਰਾਤੀਂ ਕਾਜ ਕਰੀਹਾਂ ਇਸ ਦਾ, ਪਹਿਲੋਂ ਤਾਮ[6] ਖਵਾਹੀਂ।
ਆਖ ਦਮੋਦਰ ਰਾਜ਼ੀ ਭਾਈ, ਦੋਵੇਂ ਥੋਕ ਤਦਾਹੀਂ॥੧੬੬॥

ਏ ਕੁਝ ਆਖ ਗਈ ਘਰ ਆਪਣੇ, ਸ਼ੱਕਰ ਘਿਉ ਅਣਵਾਏ[7]।
ਉਬਾਲ ਸੇਮੀਆਂ ਘੜਾ ਲੱਸੀ ਦਾ, ਤਮਾਕੂ ਚਿਲਮ ਸਦਾਏ।
ਘਿੰਨ ਮਸੀਤੀ ਆਣ ਜੁ ਰਖੀ, ਉਸ[8] ਮਹਿੰਦੀ ਚੀਕੂ ਲਾਏ।
ਆਖ ਦਮੋਦਰ ਕੰਜ ਕੁਆਰੀ ਨੂੰ, ਅੰਮੜ ਮਾਈਏਂ ਪਾਏ॥੧੬੭॥

**ਜੱਟ**

ਧੀਦੋ! ਆਇ ਖਵਾਹਾਂ ਕਿਸਮਤ[9], ਬੂਹਾ ਚਾਇ ਮਰਾਈਂ।
ਕਾਰਣ ਪੇਟੇ ਕੂੜ ਬੋਲਿਆਸੇ, ਖਾਂਦੇ ਉਠ ਵੰਞਾਹੀਂ।
ਨਿਵਹਾਲਾ[10] ਮਿੱਠਾ ਸਾਈਂ ਦਿੱਤਾ, ਹੋਇਆ ਨਸੀਬ ਅਸਾਹੀਂ।
ਆਖ ਦਮੋਦਰ ਪੈਂਡਾ ਮੰਦਾ[11] ਕਰ ਕਰ ਘੁੱਟ ਪੀਵਾਹੀਂ[12]॥੧੬੮॥

**ਧੀਦੋ**

ਨੀਮੂ ਨੀਯਤ[13] ਵਿਆਹ ਕਰਣ ਦੀ, ਕੇ ਤੁਸਾਂ ਆਖ ਸੁਣਾਈਂ।
ਇਸ ਰਜ ਖਾਵਣ ਨਾਲੋਂ ਭੁੱਖ ਚੰਗੇਰੀ, ਨਹੀਂ ਪਸਿੰਦ ਅਸਾਹੀਂ।
ਹੱਕ ਪਰਾਇਆ ਕੂੜ ਬੋਲ ਕੇ, ਡਰੋ ਖ਼ੁਦਾਇ ਤੋਂ ਨਾਹੀਂ।
ਆਖ ਦਮੋਦਰ ਸੁਣਿਆਹੁ ਚਾਚਾ, ਮੈਂ ਹੱਥ ਹਰਾਮ[14] ਨ ਲਾਈਂ॥੧੬੯॥

---

1. ਦੁਆ ਬੰਨ੍ਹਣਾ ਇਸੇ ਤਰ੍ਹਾਂ ਹੈ ਜਿਵੇਂ ਸਿੱਖ ਸਮਾਜ ਵਿਚ ਮੰਗਣੇ ਦੀ ਅਰਦਾਸ ਕੀਤੀ ਜਾਂਦੀ ਹੈ ਮੁਸਲਮਾਨਾਂ ਵਿਚ ਮੁੰਡੇ ਕੁੜੀ ਦੇ ਰਿਸ਼ਤੇ ਵਿਚ ਪਹਿਲੇ 'ਦੁਆ ਬੰਨ੍ਹਦੇ ਹਨ ਤੇ ਫੇਰ ਨਿਕਾਹ ਪੜ੍ਹਿਆ ਜਾਂਦਾ ਹੈ। 2. ਜੱਟਾਂ ਨੂੰ ਇਹ ਗੱਲ ਬਹੁਤ ਚੰਗੀ ਲਗੀ। 3. ਮਨ ਦੀ ਰਜ਼ਾ ਪੂਰੀ ਕਰਨ ਲਈ। 4. ਝੀਵਰਿਆਣੀ ਨੂੰ ਇਹ ਗੱਲ ਚੰਗੀ ਲੱਗੀ ਕਿ ਰਾਤ ਨੂੰ ਕੁੜੀ ਦੀ ਦੁਆ ਬੰਨ੍ਹ ਦਿੱਤੀ ਜਾਏ। 5. ਮੰਗਵਾਈਂ, ਮੰਗਵਾ ਦੇਈਂ। 6. ਖਾਣਾ। 7. ਮੰਗਵਾਏ। 8. ਕੁੜੀ ਨੂੰ। 9. ਪ੍ਰਾਲਬੱਧ, ਭਾਗਾਂ ਵਿਚ ਮਿਲਿਆ ਭੋਜਨ। 10. ਗਿਰਾਹਾਂ, ਭੋਜਨ। 11. ਔਖਾ, ਬਿਖੜਾ। 12. ਕੌੜਾ ਘੁੱਟ ਕਰ ਕੇ ਤੈ ਕਰੀਏ। 13. ਮੇਰੀ ਨੀਯਤ ਨਹੀਂ ਹੈ। 14. ਨਾਵਾਜਿਬ, ਜਿਸ ਤੇ ਹੱਕ ਨ ਬਣਦਾ ਹੋਵੇ, ਭ੍ਰਿਸ਼ਣ।

## ਚਲ ਥੀਏ ਉਠ ਰਾਹੀਂ

ਅੱਧੀ ਰਾਤੀਂ ਕੂਚ ਕਰਣ ਨੂੰ, ਜੱਟਾਂ ਮਨਸਾ ਚਾਈ।
ਨੱਸ ਚੱਲੇ ਵੀ ਅੱਧੀ ਰਾਤੀਂ, ਖ਼ਬਰ ਨ ਕਿਸੇ ਕਾਈ।
ਉਠ ਧੀਦੋ ਵੀ ਨਾਲੇ ਨੂੰ ਹੋਇਆ, ਜੁਸੇ ਭੁੱਖ ਸਮਾਈ।
ਆਖ ਦਮੋਦਰ ਉਭਿਉਂ ਲੰਮੇ[1], ਚੱਲ ਥੀਏ ਉਠ ਰਾਹੀਂ॥੧੭੦॥

ਜੀ ਦੇ ਭੈ ਉਠ ਚਲਿਆ ਹੈ ਧੀਦੋ, ਵੈਂਦਾ ਹੈ ਚੁਪ ਕੀਤੀ।
ਜੇਹੇ ਆਏ, ਤੇਹੇ ਚੱਲੇ, ਇਹ ਗੱਲ ਅਸਾਂ ਜੋ ਕੀਤੀ।
ਟੁੱਕਰ ਨ ਮੰਗੇ ਵਦੀਫੇ[2] ਨਾ ਚੱਖੇ, ਲੱਸੀ ਪਾਇ ਨਾ ਪੀਤੀ।
ਆਪਣਾ ਝੁੱਗਾ[3] ਸਮਾਲ[4] ਮਛਾਣੀ[5], ਪਾਇਆ ਹਈ ਮਸੀਤੀ।
ਦੇਹ ਦੁਆਏ[6] ਮਿੱਤ੍ਰ ਮਿਲਨ ਅਸਾਨੂੰ, ਅਸੀਂ ਚਲੇ ਜਿਨ੍ਹਾਂ ਦੀ ਨੀਤੀ[7]॥੧੭੧॥

ਰਾਹ ਛੋੜ ਔਝੜ[8] ਨੂੰ ਥੀਆ[9], ਮਤ ਪਿਛੋਂ ਕੋਈ ਆਵੈ।
ਭੁਖ ਤਿਹਾਇਆ, ਨਾ ਰਹੇ ਰਹਾਇਆ, ਭੁੱਖਾ ਰੋਂਦਾ ਜਾਵੇ।
ਕੱਧੀ[10] ਉੱਤੇ ਥੇਹੁ[11] ਦਿਸੀਂਦਾ, ਦੂਰੋਂ ਨਦਰੀ ਆਵੈ।
ਆਖ ਦਮੋਦਰ ਵੇਖੇ ਧੀਦੋ, ਰਹਾਂ ਜੇ ਡਾਢੇ ਭਾਵੈ[12]॥੧੭੨॥

ਵੜਿਆ ਵਸਤੀ, ਤਮੇ ਪੇਟ ਦੇ, ਕਿਛ ਟੁਕੜਾ ਮੂੰਹ ਪਾਈਂ।
ਵੇਖ ਸੁਆਣੀ[13] ਸੁਆਲ ਕੀਤੋ ਸੂ[14] ਜੇ ਹਿਕ ਫੂਹੜੀ ਦੇਵਾਈਂ[15]।
ਉੱਤੋਂ ਢੱਠਾ, ਜਿਮੀਂ ਪਛਾੜਿਆ, ਮੇਰਾ ਕੋਈ ਕਿਥਾਊ ਨਾਹੀਂ।
ਕੁੱਤੇ ਤੇ ਦਰਵੇਸ਼ ਨਿਮਾਣੇ ਇਜ਼ਤ ਲਹਿੰਦੇ ਨਾਹੀਂ॥੧੭੩॥

ਤੂੰ ਬਹੁ ਮੈਂਡੀਆਂ ਅੱਖਾਂ ਉਤੇ, ਚੌਖ਼ੰਨੀਐ ਮੈਂ ਵੰਞਾਈਂ।
ਬਖ਼ਤਾਂ[16] ਬਾਝੂੰ ਲਹਾਂ ਨਾ ਨਾਠੀ[17], ਥੀਆ ਕਰਮ ਅਸਾਹੀਂ[18]।
ਰੱਤਾ ਪਲੰਘ, ਸੁਪੈਦ ਨਿਹਾਲੀ[19] ਤੈਕੂ ਦੇਵਾਂ ਘੱਤ ਵਿਛਾਈਂ[20]।
ਚਿੱਤ[21] ਸਵਾਣੀ ਈਹੋ ਕੀਤਾ, ਮੈਦਾ ਕੱਢ ਪਕਾਈਂ॥੧੭੪॥

---

1. ਉੱਤਰ ਤੋਂ ਦੱਖਣ। 2. ਵਜ਼ੀਫ਼ਾ, ਰਾਹਿ ਖੁਦਾ ਵਿਚ ਦਿੱਤਾ ਖਾਣਾ। 3. ਘਰ, ਸਾਮਾਨ। 4. ਸੰਭਾਲ। 5. ਝੀਵਰ ਨੂੰ ਝਾਂਗੀ ਭਾਸ਼ਾ ਵਿਚ ਮਾਛੀ ਤੇ ਝੀਵਰਾਣੀ ਨੂੰ ਮਛਾਣੀ ਕਹਿੰਦੇ ਹਨ। 6. ਸਾਡੇ ਹੱਕ ਵਿਚ ਪ੍ਰਾਰਥਨਾ ਕਰ। 7. ਨੀਯਤ ਕਰ ਕੇ, ਦਿਲ ਵਿਚ ਧਾਰ ਕੇ। 8. ਉਜਾੜ, ਬੂਟੇ ਝਾੜੀਆਂ ਵਾਲੀ ਥਾਂ। 9. ਹੋਇਆ। 10. 'ੳ' 'ਅ', 'ੲ', 'ਸ' ਵਿਚ ਪਾਠ ਕੰਧੀ ਹੈ। ਭਾਵ ਦਰਿਆ ਕਿਨਾਰਾ। 11. ਪਿੰਡ, ਠੱਟਾ। 12. ਡਾਢੇ ਰੱਬ ਨੂੰ। 13. ਇਕ ਚੰਗੀ ਇਸਤ੍ਰੀ, ਘਰ ਦੀ ਮਾਲਕਣ, ਸਵਾਣੀ। 14. ਉਸ ਨੂੰ ਸੁਆਲ ਕੀਤਾ। 15. ਤੂੰ ਮੈਨੂੰ ਦੇਵੇਂ (ਇਕ ਫੂਹੜੀ), ਖਜੂਰ ਦੇ ਪੱਤਿਆਂ ਦੀ ਚਟਾਈ ਨੂੰ ਫੂਹੜੀ ਕਹਿੰਦੇ ਹਨ। 16. ਕੁਰਬਾਨ। 17. ਚੰਗੇ ਭਾਗਾਂ। 18. ਪਰਾਹੁਣਾ, ਚੰਗੇ ਭਾਗਾਂ ਬਿਨਾਂ ਪਰਾਹੁਣਾ ਘਰ ਨਹੀਂ ਆਉਂਦਾ। 19. ਸਾਡੇ ਚੰਗੇ ਭਾਗ ਹੋਏ। ਸਾਡੇ ਉਪਰ ਰੱਬ ਦੀ ਬਖ਼ਸ਼ਿਸ਼ ਹੋਈ। 20. ਤੁਲਾਈ, ਥੱਲੇ ਵਿਛਾਉਣ ਦਾ ਕਪੜਾ। 21. ਇਰਾਦਾ, ਮਨ ਵਿਚ ਸੋਚ।

ਲੱਗੀ ਆਣ ਸਵਾਣੀ ਯਾਰੋ, ਖਵਾਵਣ ਰਾਂਝੇ ਤਾਈਂ।
ਆਯਾ ਖ਼ਾਨ ਸੁ ਖ਼ਸਮ ਘਰੇਦਾ, ਬੋਲੇ ਵੇਖਦਿਆਂ ਹੀ।
ਬਖ਼ਤਾਂ ਬਾਝੋਂ ਲਹਾਂ ਨਾ ਨਾਠੀ, ਥੀਆ ਕਰਮ ਅਸਾਹੀਂ।
ਚੇਤਾ ਕਰਹਿ ਸਵਾਣੀ, ਹੋਵੈ, ਮੈਦਾ, ਕੱਢ ਪਕਾਈਂ[1] ॥੧੭੫॥

ਦਸਤਪੋਸ਼ੀ[2] ਮਿਲ ਦੋਹਾਂ ਕੀਤੀ, ਧੀਦੋ ਬਹੁੰ ਸੁਖ ਪਾਇਆ।
ਮੱਖਣ ਮੈਦਾ ਤੇ ਦੁੱਧ ਮਾਝਾ, ਬੈਠ ਪਲੰਘ ਤੇ ਖਾਇਆ।
ਭਲੀ ਤਰ੍ਹਾਂ ਸਿਉਂ ਖ਼ਿਦਮਤ[3] ਕੀਤੀ, ਦੁੱਧ ਪੀਤਾ ਪੱਜ ਅਘਾਇਆ[4]।
ਆਖ ਦਮੋਦਰ ਖਿਜਮਤ ਕਰ ਕਰ, ਰੱਤੇ ਪਲੰਘ ਸੁਵਾਇਆ ॥੧੭੬॥

ਭਲਾ ਸਹਿਜ ਸਿਉਂ ਸਮ[5] ਕਰ ਉਠਿਆ, ਸਊਆਂ[6] ਸੁਖਨ ਪੁਛਾਯਾ।
ਕੇਹੇ ਜਾਤ ? ਕਵਣ ਕੁਲ ਵਿਚਹੁੰ ? ਪਿਉ ਕੇਹੜਾ ਜਿਸ ਜਾਯਾ।
ਬਾਝੋਂ ਕਜੀਏ[7] ਵਤਨ ਨਾ ਤਜਿਆ, ਹਾਲ ਭਲੇਰੇ[8] ਆਯਾ।
ਕੁੱਲ ਹਕੀਕਤ ਆਖ ਅਸਾਨੂੰ, ਤੈਥੂੰ ਸੁਖਨ[9] ਪੁਛਾਯਾ ॥੧੭੭॥

**ਧੀਦੋ**

ਜੇ ਕੋਈ ਅੱਗਾ ਪਿੱਛਾ ਹੋਵਮ ਤਾਂ ਤੈਨੂੰ ਆਖ ਸੁਣਾਈਂ।
ਨਾ ਕੋਈ ਲੂਹ[10] ਨ ਤਕੀਆ[11] ਮੈਂਡਾ, ਕੋਈ ਕਿਥਾਊਂ ਨਾਹੀਂ।
ਉਤੋਂ ਢੱਠਾ ਜ਼ਿਮੀਂ ਪਛਾੜਿਆ, ਮੈਂਡਾ ਕੋਈ ਨਾ ਸਾਈਂ।
ਕਿਹੜਾ ਮਾਂ ਪਿਉ ਆਖਾਂ ਤੈਨੂੰ, ਨ ਡਿੱਠੇ ਸੁਣੇ ਕਿਥਾਈਂ ॥੧੭੮॥

**ਘਰ ਦਾ ਮਾਲਿਕ**

ਜੇ ਤੂੰ ਰੁੱਸ ਘਰਾਂ ਤੇ ਆਇਆ, ਤਾਂ ਤੂੰ ਕਹੁ ਮੈਂ ਤਾਈਂ।
ਦੇਵਾਂ ਉੱਠ ਤੇ ਘੋੜੀ ਖੱਚਰ, ਦੇਵਾਂ ਮੱਝੀ ਗਾਈਂ।
ਦੇਵਾਂ ਖੂਹ ਸਿਲਾਬੇ ਬੰਨੇ[12], ਦੇਵਾਂ ਕਿੱਤੀ ਵਾਹੀਂ[13]।
ਜੇ ਹੋਵਿਮੁ ਕਾਈ ਭੈਣ ਭਤੀਜੀ ਤਾਂ ਅੱਜ ਦੁਆਇ ਬੰਨ੍ਹਾਈਂ ॥੧੭੯॥

**ਧੀਦੋ**

ਤਾਂ ਹੱਸ ਸੁਖ਼ਨ ਅਲਾਇਆ ਧੀਦੋ, ਹਿੰਮਤ ਭਲੀ ਵਧਾਈ।
ਰਹਿਮਤ[14] ਤੈਨੂੰ ਆਦਰ ਦਿੱਤੋ, ਅਸਾਂ ਲੂਹ ਨਾ ਕਾਈ।
ਦਿਲੋਂ ਬਜਾਨੀਂ[15] ਭਲੀ ਕੀਤੀਆਈ ਰਹਿਮਤ ਤੈਨੂੰ ਭਾਈ।
ਜਾਰਤ[16] ਕਰ ਆਵਾਂ ਪੀਰਾਂ ਦੀ ਰਹਿਸਾਂ ਇੱਤੇ ਜਾਈ[17] ॥੧੮੦॥

---

1. 'ੲ' ਪਾਠ ਪਕਾਵੀਂ। 2. ਦਸਤ ਪੰਜਾ, ਹੱਥ ਮਿਲਾਣਾ। 3. 'ਸ' ਪਾਠ 'ਖਿਦਮਤ' ਖਿਜਮਤ ਭਾਵ ਖਿਦਮਤ, ਟਹਿਲ ਸੇਵਾ। 4. ਸੰਤੁਸ਼ਟ ਹੋਇਆ। 5. ਸੌਂ ਕੇ। 6. ਸ਼ਰੀਫ਼ ਬੰਦਿਆਂ, ਅਮੀਰ ਘਰ ਦੇ ਬੰਦਿਆਂ ਨੇ। 7. 'ਸ' ਪਾਠ 'ਕਜ਼ੀਏ'। 8. ਮਾੜੇ। 9. ਗੱਲ। 10. ਆਸਰਾ, ਪਨਾਹ। 11. ਟਿਕਾਣਾ, ਠੌਰ, 12. ਉਹ ਖੇਤ ਜਿਨ੍ਹਾਂ ਵਿਚ ਫਸਲ ਦਰਿਆ ਦੇ ਸਿਲ੍ਹਾਬ ਨਾਲ ਹੀ ਪੱਕ ਜਾਂਦੀ ਹੈ। 13. ਵਾਹਿਆ ਖੇਤ। 14. ਤੇਰੇ ਤੇ ਰੱਬ ਦੀ ਬਖ਼ਸ਼ਿਸ਼ ਹੋਏ। 15. ਦਿਲ ਜਾਨ ਤੋਂ, ਤਨੋਂ ਮਨੋਂ। 16. ਜ਼ਿਆਰਤ, ਦਰਸ਼ਨ। 17. ਇਸੇ ਥਾਂ ਪਰ।

## ਸਿਕ ਸਿਆਲੀਂ ਆਇਆ

ਉਠ ਵਿਦਿਆ ਲੈ ਚਲਿਆ ਧੀਦੋ, ਚੱਲਣ ਤੇ ਚਿਤ ਚਾਇਆ।
ਵੱਡੀ ਮੰਜਲ[1], ਵਡੇਰੇ ਪੈਂਡੇ, ਸਾਥ ਨ ਕੋਈ ਚਾਇਆ।
ਜੰਗਲ ਹੋਰ ਬਲਾਈਂ ਬੇਲੇ ਕਿਸਮਤ ਨੱਪ ਚਲਾਇਆ।
ਆਖ ਦਮੋਦਰ ਬਣੀ ਹਕੀਕਤ[2], ਸਿੱਕ[3] ਸਿਆਲੀਂ ਆਇਆ॥੧੮੧॥

## ਪੰਜਾਂ ਪੀਰਾਂ ਦਾ ਮਿਲਣਾ

ਵਿਚ ਕਿਨਾਰੇ ਰਹਿਣ ਕੀਤੋਈ, ਵਹੇ ਚਨਾਉਂ ਕਿਨਾਰੇ।
ਦਿਲ ਥੀਆ ਕੱਧੀ ਦੇ ਉਤੇ[4], ਕੀਤੋ ਬਹਿਣ ਵਿਚਾਰੇ[5]।
ਬਹਿ ਕੱਧੀ ਤੇ ਫਿਕਰ ਕੀਤੋਸੁ ਘਿੰਨ ਕਰ ਵੰਝਲੀ ਮਾਰੇ।
ਆਖ ਦਮੋਦਰ ਹਿੱਕ ਬੇੜੀ ਰਾਂਝੇ ਦੀ, ਨਜ਼ਰੀਂ ਪਈ ਵਿਚਾਰੇ[6]॥੧੮੨॥

ਕੀਤਾ ਰਾਗ ਬੰਬੀਹਾ ਬੋਲਿਆ, ਪੀਰਾਂ ਬੇੜੇ ਵਿਚ ਸੁਣ ਪਾਇਆ।
ਸੁਣ ਕਰ ਖੁਸ਼ੀ ਥੀਏ ਬਹੁਤੇਰੇ, ਚਲਣੇ ਤੇ ਚਿਤ ਚਾਇਆ।
ਕੀਤੀ ਨਜ਼ਰ ਡਿੱਠੋ ਨੇ ਕੰਧੀ, ਬੇੜਾ ਹਾਕ[7] ਚਲਾਇਆ।
ਆਖ ਦਮੋਦਰ ਰੰਝੇਟਾ ਡਰਵਰ[8] ਹੋਆ, ਜਾਂ ਉਸ ਨਦਰੀ ਆਇਆ॥੧੮੩॥

ਤਾਂ ਕੱਧੀ ਤੇ ਬੇੜਾ ਆਇ ਲੱਗਾ, ਲੱਥੇ ਪੀਰ ਤਦਾਈਂ।
ਹੱਥੀਂ ਮਿਲ ਬੈਠੇ ਪੰਜ ਪੀਰੇ ਛੇਵਾਂ ਧੀਦੋ ਮਜਲਸ ਤਾਈਂ।
ਕੁਲ ਹਕੀਕਤ ਪੀਰਾਂ ਲੀਤੀ, ਧੀਦੋ ਆਖ ਸੁਣਾਈ।
ਆਖ ਦਮੋਦਰ ਕੁਲ ਪੁਛਾਈ[9], ਰਾਂਝੇ ਦੱਸੀ ਭਾਈ॥੧੮੪॥

ਤਾਂ ਘਿਨ ਹਕੀਕਤ ਰਾਜੀ ਹੋਏ, ਰਾਂਝੇ ਵੰਝਲੀ ਵਾਹੀ।
ਲਲਤ ਰਾਗ ਵਿਚ ਵਾਹੀ ਵੰਝਲੀ, ਪੀਰਾਂ ਚੰਗੀ ਭਾਈ।
ਹਿੱਕ ਹਿੱਕ[10] ਵੱਥ[11] ਦਿੱਤੀ, ਲੈ ਹਭਣਾ, ਖ਼ਾਤਰ ਏਹ ਰਜ਼ਾਈ[12]।
ਆਖ ਦਮੋਦਰ ਹੀਰ ਵਲੀਹਾਂ[13], ਰਾਂਝੇ ਦੇ ਪੱਲੇ ਪਾਈ॥੧੮੫॥

---

1. ਮੰਜ਼ਲ, ਸਫ਼ਰ। 2. ਸਚਾਈ। 3. ਚਾਹ, ਮਨ ਇੱਛਾ ਨਾਲ, ਰੀਝ ਲੈ ਕੇ। 4. ਸਿਆਲਾਂ ਦੇ ਦੇਸ਼ ਵਿਚ ਪਹੁੰਚ ਗਿਆ। 5. ਉਸ ਦਾ ਦਿਲ ਦਰਿਆ ਚੰਨ੍ਹਾਂ ਦੀ ਕੰਧੀ 'ਤੇ ਲਗ ਗਿਆ। 6. ਵਿਚਾਰ ਕੀਤਾ। 7. ਦਰਿਆ ਵਿਚਕਾਰ। 8. ਹੱਕ ਕੇ, ਧੱਕਾ ਲਗਾ ਕੇ। 9. ਡੌਰ ਭੌਰ, ਹੈਰਾਨ ਪਰੇਸ਼ਾਨ। 10. ਪੀਰਾਂ ਨੇ ਰਾਂਝੇ ਤੋਂ ਸਾਰੀ ਗੱਲ ਪੁੱਛੀ। 11. ਅਸਲ ਹਾਲ ਮਲੂਮ ਕਰਕੇ। 12–13. ਤੋਹਫਾ ਵਸਤੂ। ਰਾਂਝੇ ਦੇ ਦਿਨ ਨੂੰ ਰਾਜ਼ੀ ਕੀਤਾ। 14. ਵਲੀ ਲੋਕਾਂ ਨੇ, ਪਰਾਂ ਨੇ।

ਤਾਂ ਸੁਪਨੇ ਦੇ ਵਿਚ ਪੰਜ ਪੀਰ ਗਏ, ਹੀਰ ਨੂੰ ਸੁਖ਼ਨ[1] ਸੁਣਾਇਆ।
ਝਾਵਾਂ[2] ਕਰਕੇ ਬਹੁਤ ਹੀਰੇ ਨੂੰ, ਕੰਨ ਮਰੋੜ ਸਿਝਾਇਆ[3]।
ਚੇਤਾ ਕਰੇ ਨਾ ਕਬੂਲੇਂ[4] ਹੋਰ ਕੋਈ, ਵਿਚ ਇਰਾਦੇ ਆਇਆ।
ਸੁਣ ਕੁੜੀਏ ਏਹੁ ਗੱਲ ਅਸਾਡੀ, ਅਸਾਂ ਤੈਂਡੇ ਪੱਲੇ ਧੀਦੋ ਪਾਇਆ॥੧੮੬॥

ਕਰ ਕਰ ਮੁਹਕਮ[5] ਗੱਲ ਸੰਪੂਰਨ, ਪੀਰਾਂ ਦੁੱਧ ਪੀਵਾਇਆ।
ਸਭ ਰੁਸ਼ਨਾਈ[6] ਧੀਦੋ ਪਾਈ, ਸਭ ਕਿਛ ਨਦਰੀਂ ਆਇਆ[7]।
ਵੇਖਦਿਆਂ ਵਿਕਾਣਾ ਰਾਂਝਾ, ਵਰ ਪੀਰਾਂ ਤੋਂ ਪਾਇਆ।
ਆਖ ਦਮੋਦਰ ਪੀਰ ਸਿਧਾਣੇ[8], ਕਿਛ ਰਾਂਝੇ ਨਦਰੀਂ ਆਇਆ॥੧੮੭॥

ਰਾਤ ਗੁਜ਼ਾਰ, ਦੁਪਹਿਰੇ ਉਠਿਆ, ਰਾਂਝੇ ਬੇੜੀ ਸਿਰ ਮਤਾ ਪਕਾਇਆ[9]।
ਜਿਉਂ ਕਰ ਮਸਤ ਹਾਥੀ ਦੀ ਚਾਲੀ, ਤਿਉਂ ਹਾਲ ਅਜੇਹੇ ਆਇਆ[10]।
ਰੰਙਣ ਪਾਇ ਰੱਤਾ ਘਿਨ ਕਪੜਾ[11], ਭੀ ਚੜਿਉਸ[12] ਰੰਗ ਸਵਾਇਆ।
ਆਖ ਦਮੋਦਰ ਹਾਲ ਨਵੇਲੇ[13], ਬੇੜੀ ਉੱਤੇ ਆਇਆ॥੧੮੮॥

## ਲੁੱਡਣ ਏਂਵ ਪੁਛਾਇਆ

ਤਾਂ ਲੁੱਡਣ ਅੱਗੇ ਖੜਾ ਉਚੇਚਾ, ਜਾਂ ਉਸ ਨਦਰੀਂ ਆਇਆ।
ਵੇਖਦਿਆਂ ਵਿਕਾਣਾ ਝੀਵਰ, ਲਹੁੜੇ[14] ਜੋਗ[15] ਬੁਲਾਇਆ।
ਦੇ ਸਨੇਹੇ ਬਰਖੁਰਦਾਰਾ[16]! ਪਿੱਛੋਂ ਕਿੱਥੋਂ[17] ਆਇਆ?
ਅੱਗੇ ਕਿੱਦੇ ਵੈਸੀ ਬੇਟਾ? ਲੁੱਡਣ ਏਂਵ ਪੁਛਾਇਆ॥੧੮੯॥

ਕਿਸਮਤ ਰੋਜ਼ ਨਾ ਫਿਰੇ ਪਿਛੂੰਹੀਂ[18], ਲੀਤੀ ਫਿਰੈ ਅਸਾਹੀਂ।
ਥੀ ਸੈਲਾਨੀ[19], ਫਿਰਾਂ ਵੇਖਦਾ, ਸਾਕ ਨ ਸੈਨ ਕਿਦਾਈਂ।
ਖੂੰਡੀ ਵੰਝਲੀ, ਇਹ ਦੁਇ ਸਾਥੀ, ਏਹ ਸਰੋਦ[20] ਵਗਾਈਂ।
ਆਖ ਦਮੋਦਰ ਇਤ ਬਿਧ[21] ਧੀਦੋ, ਮਿਲਿਆ ਲੁੱਡਣ ਤਾਈਂ॥੧੯੦॥

---

1. ਬਾਤ, ਗੱਲ। 2. ਮੰਤ੍ਰ ਪੜ੍ਹ ਕੇ, ਕੁਝ ਕਲਾਮ ਪੜ੍ਹ ਕੇ ਸਿਰ ਮੂੰਹ ’ਤੇ ਹੱਥ ਫੇਰਨਾ। 3. ਦੱਸਿਆ, ਸੋਝੀ ਦਿੱਤੀ। 4. ਕਬੂਲ ਕਰਨਾ ਭਾਵ ਪਰਵਾਨ ਕਰਨਾ। 5. ਪੱਕੀ। 6. ਗਿਆਨ, ਚਾਨਣ। 7. ਸਭ ਕੁਝ ਦੀ ਸੋਝੀ ਹੋ ਗਈ। 8. ਚਲੇ ਗਏ। 9. ਰਾਂਝੇ ਨੇ ਬੇੜੀ ਵਲ ਜਾਣ ਦਾ ਮਨ ਬਣਾਇਆ। 10. ਮਸਤ ਹਾਥੀ ਵਾਂਗ ਝੂਮਦਾ ਆਇਆ। 11. ਜਿਵੇਂ ਕਪੜਾ ਰੰਗਣ ਲਈ ਮੱਟੀ ਵਿਚ ਧਰਿਆ ਜਾਂਦਾ ਹੈ ਤਾਂ ਉਸ ਨੂੰ ਰੰਗ ਸਵਾਇਆ ਹੋ ਕੇ ਚੜ੍ਹਦਾ ਹੈ। 12. ਇਸੇ ਤਰ੍ਹਾਂ ਅੱਜ ਜਦ ਧੀਦੋ ਬੇੜੀ ਵਲ ਤੁਰਿਆ ਤਾਂ ਉਸ ਵਿਚ ਇਕ ਨਵੀਂ ਉਮੰਗ ਤੇ ਉਤਸ਼ਾਹ ਸੀ। 13. ਨਵੇਂ ਰੰਗ ਵਿਚ, ਨਵੇਂ ਉਤਸ਼ਾਹ ਨਾਲ। 14. ਛੁਰਾਟ, ਉੱਠਦਾ ਜੁਆਨ ਰਾਂਝਾ। 15. ਤਾਈਂ, ਨੂੰ। 16. ਛੋਹਰ, ਛੁਰਾਟ ਅਥਵਾ ਆਪਣੇ ਤੋਂ ਛੋਟੇ ਨੂੰ ਪਿਆਰ ਨਾਲ ਬੁਲਾਉਣ ਲਈ ‘ਬਰਖੁਰਦਾਰ’ ਸ਼ਬਦ ਵਰਤਿਆ ਜਾਂਦਾ ਹੈ। 17. ਕਿਥੋਂ, ਕਿਸ ਪਾਸੇ ਤੋਂ। 18. ਕਿਸਮਤ ਪਿੱਛਾ ਨਹੀਂ ਛੱਡਦੀ। 19. ਫਿਰਨ ਤੁਰਨ ਵਾਲਾ, ਸੈਰ ਕਰਨ ਵਾਲਾ। 20. ਵੰਝਲੀ, ਗੀਤ ਦੀ ਆਵਾਜ਼। 21. ਇਸ ਤਰ੍ਹਾਂ।

ਤਾਂ ਮਿੰਨਤ ਲੁੱਡਣ ਬਹੁਤੀ ਕੀਤੀ, ਘਿੱਨ ਸਰੋਦ ਵਗਾਈਂ[1]।
ਆਖਾਣ ਮੰਨ ਲਿਆ ਭੀ ਧੀਦੋ, ਵੰਝਲੀ ਫੇਰ ਵਗਾਈਂ।
ਸ਼ੀਂਹ, ਬਿਰੰਡੇ[2], ਚੀਤੇ, ਮੋਨੀ[3], ਸਭ ਤਮਾਸ਼ੇ ਆਈ।
ਅਜਗਰ[4] ਨਾਗ ਚਰੇਇਨ ਪਿੰਡਾ[5], ਵੇਖਣ ਨੂੰ ਸਧਰਾਈ[6]।
ਲੁੱਡਣ ਬਿਨਾਂ ਸ਼ਰਾਬੋਂ ਪੀਣਾ, ਵਾਤੋਂ[7] ਝੱਗ ਵਹਾਈ।
ਆਖ ਦਮੋਦਰ ਲੁੱਡਣ ਆਖੇ, ਰਾਂਝੇ ਚਾਇ ਰਹਾਈਂ॥੧੯੧॥

ਲੁੱਡਣ ਆਖੇ ਬਰਖੁਰਦਾਰਾ! ਕੁਝ ਆਖੇਂ ਤੁੱਧ ਦਿਵਾਈਂ।
ਮੰਞੂ[8] ਮੱਝੀਂ ਤੇ ਦੋਇ ਔਰਤਾਂ ਮੈਂ ਦੇਵਾਂ ਤੈਂ ਤਾਈਂ।
ਏਹੁ ਨਸੀਬ ਹੋਵਨ ਸਭ ਤੈਨੂੰ ਅਵਲ ਆਖ਼ਿਰ ਤਾਈਂ[9]।
ਆਖ ਦਮੋਦਰ ਹੱਭੋ ਵਸਤੂ[10], ਤੈਥੋਂ ਘੋਲ ਘੁਮਾਈ॥੧੯੨॥

**ਧੀਦੋ ਰਾਂਝਾ**

ਮੰਗਣ ਕੋਲੋਂ ਮਰਣ ਚੰਗੇਰਾ, ਕੀਕਣ ਆਖ ਮੰਗਾਹਾਂ।
ਮੱਝੀ ਗਾਈਂ ਤੁਧ[11] ਮੁਬਾਰਖ[12], ਨਾਹੀਂ ਕੰਮ ਅਸਾਹਾਂ।
ਸਰ ਪਰ ਰਾਜ਼ੀ ਤੇਰੇ ਉਤੇ, ਹੋਰ ਨ ਕੁਝ ਮੰਗਾਹਾਂ।
ਆਖੇ ਤਾਂ ਦੋਇ ਘੜੀਆਂ ਚਾਚਾ, ਪਾਸੇ ਪਲੰਘ ਸਮਾਹਾਂ[13]॥੧੯੩॥

ਇਹ ਗੱਲ ਸੁਣ ਚੁਪ ਕੀਤੀ ਲੁੱਡਣ, ਮੂੰਹੋਂ ਨਾ ਮੂਲ ਅਲਾਯਾ[14]।
ਰਹਿਆ ਉਡੀਕ ਤਕੇਂਦਾ ਰਾਂਝਾ, ਕੇ[15] ਮੈਂ ਮੰਗਿਆ ਪਾਯਾ।
ਨਾ ਕੁਝ ਆਖਿਉਸ[16], ਨਾ ਮੂੰਹੋਂ ਬੁਲੇਂਦਾ, ਨਾ ਕੋ ਜਬਾਬ ਸੁਣਾਯਾ।
ਆਖ ਦਮੋਦਰ ਬਹੁਤ ਉਡੀਕੇ, ਰਾਂਝਾ ਕਾਵੜ[17] ਆਯਾ॥੧੯੪॥

ਕੂੜੀ[18] ਦੁਨੀਆਂ ਤੇ ਕੂੜਾ ਆਲਮ[19], ਕੂੜੇ ਲਾਰੇ ਦੇਂਦਾ।
ਮੈਂ ਨਾ ਰਾਜ਼ੀ ਮੰਗਣ ਉੱਤੇ, ਘੱਤ ਸੁਆਲ ਮੰਗੇਂਦਾ[20]।
ਜਾਂ ਮੈਂ ਮੰਗਿਆ ਤਾਂ ਘੋਟੂੰ ਲੱਗਾ[21], ਮੂਲ ਜਵਾਬ ਨਾ ਦੇਂਦਾ।
ਮੰਜੇ ਉੱਤੇ ਸਾਵਣ ਨਾ ਦੇਵੇ, ਰੰਨਾਂ ਮਝੀਂ ਕੀਕੂੰਣ ਦੇਂਦਾ॥੧੯੫॥

---

1. ਜ਼ਰਾ ਸਰੋਦ ਵਜਾ ਕੇ ਸੁਣਾ। 2. ਬਘਿਆੜ 3. ਜੰਗਲ ਦੇ ਪਸ਼ੂ, ਹੋਰ ਮੋਨ ਰਹਿਣ ਵਾਲੇ ਪਸ਼ੂ। 4. ਅਜਦਹਾ ਵੱਡਾ ਸੱਪ। 5. ਕਾਲੇ ਨਾਗ ਕੰਡਿਆਲੀਆਂ ਝਾੜੀਆਂ ਅਤੇ ਝੱਲਾਂ ਵਿਚੋਂ ਪਿੰਡਾ ਚੀਰਦੇ ਹੋਏ ਵੰਝਲੀ ਦੀ ਆਵਾਜ਼ ਤੇ ਬਾਹਰ ਆ ਗਏ। 6. ਧੀਦੋ ਨੂੰ ਵੇਖਣਾ ਲੋਚਦੇ ਸਨ। 7. ਮੂੰਹ ਤੋਂ। 8. ਮੱਝਾਂ ਦਾ ਵੱਗ। 9. ਸ਼ੁਰੂ ਤੋਂ ਅਖੀਰ ਤਕ ਭਾਵ ਹਮੇਸ਼ਾਂ ਲਈ। 10. ਸਭ ਚੀਜ਼ਾਂ ਸਾਰੀਆਂ ਵਸਤਾਂ। 11–12. ਤੈਨੂੰ। ਮੁਬਾਰਕ। 13. ਸੌਂ ਜਾਵਾਂ। 14. ਬੋਲਿਆ। 15. ਕੀ ਚੀਜ਼, ਕਿਹੜੀ ਵੱਡੀ ਵਸਤੂ। 16. ਲੁੱਡਣ ਨੇ ਉੱਤਰ ਵਿਚ ਕੁਝ ਨ ਆਖਿਆ। 17. ਗੁੱਸੇ ਵਿਚ। 18. ਝੂਠੀ। 19. ਸੰਸਾਰ, ਜਗਤ। 20. ਮੇਰੇ ਤੋਂ ਲੁੱਡਣ ਮੰਗ ਕਰਦਾ ਹੈ ਕਿ ਮੈਂ ਕੋਈ ਸੁਆਲ ਕਰਾਂ। 21. ਗਲ ਘੋਟੂ ਪੈ ਗਿਆ। ਚੁਪ ਹੋ ਗਿਆ।

**ਲੁੱਡਣ**

ਧੀ ਚੂਚਕ ਦੀ ਭੈਣ ਪਠਾਣੇ[1], ਕਰਦੀ ਏ ਮਨ ਦੇ ਭਾਣੇ।
ਜਾਂ ਤੈਨੂੰ ਦੇਖੇ ਤਾਂ ਸਿਰ ਮਾਰੇ, ਤਾਂ ਤੂੰ ਉਸ ਨੂੰ ਜਾਣੇ।
ਚਾਰੇ ਨਈ[2] ਨਿਵਾਈ ਉਸ ਹੁਕਮੀਂ[3], ਹੰਢਦੀ ਚੜ੍ਹੀ ਕਮਾਣੇ[4]।
ਅਕਬਰ ਕੋਲੋਂ ਡਰੇ ਨ ਮੂਲੋਂ, ਹੋਂਦੇ ਮੁਗ਼ਲ ਨਿਤਾਣੇ[5] ॥੧੯੬॥

**ਰਾਂਝਾ**

ਨਾ ਮੈਂ ਲਹਿਣਾ ਕਿਸੇ ਕੋਲੋਂ, ਨਾ ਮੈਂ ਖ਼ਤ[6] ਲਿਖਾਯਾ।
ਨਾ ਮੈਂ ਦਾਵਾ ਨਾਲ ਕਿਸੇ ਦੇ, ਸੀਉਂ ਨਾ ਬੰਨਾ ਵਾਹਿਆ[7]।
ਸੱਧਰ ਧੂੰਏਂ ਸੰਦਾ ਸਾਈਂ, ਅੱਗੇ ਕੈਂ ਪਲੰਘ ਵਿਛਾਯਾ[8]।
ਆਖ ਦਮੋਦਰ ਕਰ ਕਰ ਗੱਲਾਂ, ਜੁੱਤੀ ਚਾੜ੍ਹ ਸਿਧਾਇਆ[9] ॥੧੯੭॥

ਲੁੱਡਣ ਧਾਇ ਚਲਿਆ ਪਲ ਪਿਛਹੁੰ, ਤਾਂ ਫੜ ਕੁੱਛੜ ਚਾਯਾ।
ਜੇ ਮੈਂ ਮੁਇਆ ਤਾਂ ਸਦਕੇ ਕੀਤਾ, ਕੰਮ ਰੰਝੇਟੇ ਦੇ ਆਇਆ।
ਵਾਰ ਬੁੱਢੇ ਦੀ ਹੁਣ ਮਰ ਵੈਂਦਾ[10], ਜੇ ਤੂੰ ਟੁਰ ਸਿਧਾਯਾ।
ਆਖ ਦਮੋਦਰ ਧੀਦੋ ਤਾਈਂ, ਆਣ ਕੇ ਪਲੰਘ ਸਵਾਯਾ ॥੧੯੮॥

**ਅੰਬਰੋ ਤੂਟੇ ਵਿਜ ਜਿਵੇਂਹੀ**

ਤਾਂ ਪੀਂਘ ਚੜ੍ਹਾਈ ਪਾਰੋਂ ਹੀਰੇ, ਪਲੰਘ ਤੇ ਸੁੱਤਾ ਨਦਰੀ ਆਯਾ।
ਮਾਰਿਆ ਧ੍ਰੱਕ[11] ਪਈ ਵਿਚ ਨੈਂ[12] ਦੇ, ਸਰਨਾਈ[13] ਤੁਲ੍ਹਾ[14] ਨ ਚਾਯਾ[15]।
ਆਤਣ[16] ਹੋਇ ਹੈਰਾਨ ਖਲੋਤਾ, ਇਸ ਦੇ ਜੀ ਕੇ ਆਯਾ ?
ਥਰਥਰ[17] ਪਿਆ ਵਿਚ ਸਾਰੇ ਆਤਣ, ਹੱਸੀ ਸੁਖਣ ਪਛਾਯਾ ॥੧੯੯॥

ਅੰਬਰੋਂ ਤਰੁਟੇ ਵਿਜ[18] ਜਿਵੇਂ ਹੀ, ਹਰਣੀ ਛੁੱਟੀ ਬੱਧੀ।
ਦੁਆਈਂ ਦੇਨ ਤੇ ਪੀਰ ਸਰੇਨੀ[19], ਸਾਈਂ ਲਾਏ ਕੱਧੀ।
ਹੋਇ ਹੈਰਾਨ ਖਲੋਤਾ ਆਤਣ, ਗਲ ਨ ਵੰਝੈ ਲੱਧੀ[20]।
ਐਬ ਸਵਾਬ[21] ਹੋਵੈ ਕੋਈ ਇਸ ਨੂੰ, ਤਾਂ ਛੁਟੈ ਕਾਈ ਨਾ ਬੱਧੀ[22] ॥੨੦੦॥

---

1. ਪਠਾਣ ਦੀ ਭੈਣ। ਹੀਰ ਦੇ ਇਕ ਵੱਡੇ ਭਰਾ ਦਾ ਨਾਂ ਪਠਾਣ ਸੀ। 2. ਚਾਰੇ ਨਦੀਆਂ ਦਾ ਇਲਾਕਾ, ਸਿੰਧ, ਜਿਹਲਮ, ਚਨ੍ਹਾਂ ਤੇ ਰਾਵੀ ਇਸ ਸਾਰੇ ਇਲਾਕੇ ਵਿਚ ਜਾਂਗਲੀ ਲੋਕ ਭਾਰੀ ਗਿਣਤੀ ਵਿਚ ਆਬਾਦ ਹਨ। 3. ਆਪਣੇ ਹੁਕਮ ਵਿਚ। 4. ਭਵਾਂ ਚੜ੍ਹਾਂ ਕੇ ਫਿਰਦੀ ਹੈ। ਬੜੇ ਰੋਅਬ ਵਿਚ ਫਿਰਦੀ ਹੈ। 5. ਮੁਗ਼ਲ ਸਰਦਾਰ ਵੀ ਉਸ ਦੇ ਸਾਹਮਣੇ ਸ਼ਕਤੀਹੀਨ ਹਨ। 6. ਪਟਾ, ਦਸਤਾਵੀਜ਼। 7. ਨਾ ਕਿਸੇ ਦਾ ਬੰਨਾ ਭੰਨ ਕੇ ਵਾਹ ਲਿਆ ਹੈ। 8. ਮੈਂ ਸੱਥਰ ਅਤੇ ਧੂੰਏਂ ਉਪਰ ਬੈਠਣ ਵਾਲਾ ਹਾਂ, ਮੇਰੇ ਲਈ ਕਿਸੇ ਨੇ ਪਲੰਘ ਵਿਛਾ ਰੱਖਿਆ ਹੈ। 9. ਰਵਾਨਾ ਹੋ ਪਿਆ। 10. ਜਾਂਦਾ। 11. ਛਾਲ। 12-13. ਨਦੀ ਵਿਚ। ਮਸ਼ਕ ਜਿਸ ਨੂੰ ਫੜ ਕੇ ਦਰਿਆ ਪਾਰ ਕਰਦੇ ਹਨ। 14. ਸਰਕੰਡੇ ਦਾ ਕਿੜਾ ਜਿਸ ਰਾਹੀਂ ਦਰਿਆ ਪਾਰ ਕਰਦੇ ਹਨ। 15. ਚੁਕਿਆ, ਉਠਾਇਆ। 16. ਕੁੜੀਆਂ ਦਾ ਤ੍ਰਿੰਝਣ। 17-18. ਕਾਂਬਾ, ਘਬਰਾਹਟ। ਬਿਜ, ਬਿਜਲੀ। 19. ਪੀਰਾਂ ਨੂੰ ਯਾਦ ਕਰਨ ਲਗੀਆਂ। ਪੀਰ ਸਿਮਰਨ ਲਗੀਆਂ। 20. ਲਭੀ, ਪਾਈ। ਸਮਝ ਨ ਸਕੀਆਂ ਕਿ ਹੀਰ ਨੇ ਅਚਾਨਕ ਚਨ੍ਹਾਂ ਵਿਚ ਛਾਲ ਕਿਉਂ ਮਾਰ ਦਿੱਤੀ ਹੈ। 21. ਮੰਦਾ ਚੰਗਾ। 22. ਬੱਧੀ ਛੁਟਣਾ ਮੁਹਾਵਰਾ ਹੈ। ਮੁਸ਼ਕਲ ਹੱਲ ਕਰਨਾ ਭਾਵ ਕੁਝ ਕਰ ਸਕਣਾ। ਜੇ ਹੀਰ ਨਾਲ ਦਰਿਆ ਵਿਚ ਕੋਈ ਮੰਦੀ ਚੰਗੀ ਹੋ ਗਈ ਤਾਂ ਅਸੀਂ ਕੁਝ ਨਹੀਂ ਕਰ ਸਕਣਾ।

ਹੱਭੇ[1] ਤਿਤੇ[2] ਵੇਲੇ ਪਈਆਂ, ਲਹਿਰੀਂ ਕੱਪਰ[3] ਚਾਈਆਂ।
ਘੜੀ ਬੁਡ[4] ਵੰਞਨ ਘੜੀ ਸਿਰ ਕੱਢਣ, ਹੱਭੇ ਤਾਰੂ ਆਹੀਆਂ।
ਆਜਿਜ਼[5] ਹੋਇਕੇ ਵਿਚ ਨਈਂ ਦੇ, ਗੋਤੇ ਖਾਣ ਸਵਾਈਆਂ[6]।
ਆਖ ਦਮੋਦਰ ਤੀਰ ਵਾਹ ਤਲੇਰੇ[7], ਪੱਤਣ ਕੋਲੂੰ ਆਈਆਂ॥੨੦੧॥

ਤਾਂ ਕਾਂਬਾ[8] ਭੰਨ ਘਿੱਧੀਆਂਨੇ[9], ਕੁੜੀਆਂ, ਏਹੋ ਹੁਕਮ ਕਰੇਂਦੀ।
ਘੜੱਮ-ਅੱਸਤਾ ਪੌਂਦੀ ਚੱਲੀ[10], ਠਮ ਠਮ ਪੈਰ ਧਰੇਂਦੀ।
ਕਾਵੜ ਨਾਲ ਪਘਾਰਾ[11] ਪੌਂਦਾ, ਹੱਥ ਮਰੋੜ ਪੁਝੇਂਦੀ।
ਬੇੜੀ ਮਜਲ ਹੋਈ ਹੀਰੇ ਨੂੰ[12], ਕਦੋਂ ਕੁ ਉਥੇ ਵੈਂਦੀ॥੨੦੨॥

ਤਾਂ ਲੁੱਡਣ ਦੂਰੋਂ ਡਿਠਾ ਲੇਕਾਂ ਕਟਕ ਰਬਾਣਾਂ[13] ਆਈ।
ਪੀਲਾ ਮੂੰਹ ਹੋਆ ਝੀਵਰ ਦਾ, ਦਿੱਤੀ ਹੀਰ ਦਿਖਾਈ।
ਰਹੀ ਜ਼ਬਾਨ ਜਬਾਬ ਦੇਵਣ ਤੋਂ; ਗੱਲ ਨਾ ਆਵਸ ਕਾਈ।
ਆਖ ਦਮੋਦਰ ਲੁੱਡਣ ਜਾਤਾ, ਜੁ ਮੌਤ ਅਸਾਡੀ ਆਈ॥੨੦੩॥

ਪੁੱਛੇ ਹੀਰ ਸੁਣ ਤੂੰ ਲੁੱਡਣ! ਸੱਦ ਹਜ਼ੂਰ[14] ਬੁਲਾਯਾ।
ਕੇ ਤੈਨੂੰ ਚਿਤ ਮੌਤੇ ਕੀਤਾ[15], ਕਿ ਕਬਰ ਕਿਨਾਰੇ ਆਯਾ।
ਹਿਕੇ ਤਾਂ ਮੈਥੋਂ ਕੋਈ ਰਾਠ ਡਢੇਰਾ[16], ਹਿਕੇ ਤਾਂ ਤੁਧ ਲੁਭਾਯਾ[17]।
ਆਖ ਦਮੋਦਰ ਡਰਦੇ ਲੁੱਡਣ, ਮੂੰਹੋਂ ਸੁਖ਼ਨ ਅਲਾਯਾ॥੨੦੪॥

ਏਹੁ ਵਲੀ ਖ਼ਸਮ[18] ਦਾ ਪੂਰਾ, ਇਸ ਦਾ ਬੋਲਿਆ ਖ਼ਤਾ[19] ਨਾਹੀਂ।
ਮੰਗਿਆ ਸਵਣ ਤੁਮਾਰੇ ਮੰਜੇ, ਕੀਕਣ ਨਾਂਹ ਕਰਾਈਂ।
ਜੇ ਨਾਂਹ ਕਰੀਂ, ਤਾਂ ਤੈਥੋਂ ਡਰਦਾ, ਮਤ ਕਿਛ ਹੋ ਵੰਞੈ ਤਉਂ ਤਾਈਂ।
ਆਖ ਦਮੋਦਰ ਲੁੱਡਣ ਏਹੋ, ਜਵਾਬ ਦਿੱਤਾ ਹੀਰ ਤਾਈਂ॥੨੦੫॥

---

1. ਸਾਰੀਆਂ। 2. ਉਸੇ ਵੇਲੇ, ਹੱਭੇ ਤਿੱਤੇ ਵੇਲੇ ਪਈਆਂ ਭਾਵ ਸਾਰੀਆਂ ਨੇ ਉਸੇ ਵੇਲੇ ਦਰਿਆ ਵਿਚ ਛਾਲ ਮਾਰ ਦਿੱਤੀ। 3. ਘੁੰਮਣਘੇਰ, ਭੰਵਰ। 4. ਡੁੱਬ ਜਾਣ। 5. ਨਿਮਾਣੀਆਂ ਭਾਵ ਕਿਸੇ ਕਿਸੇ ਵੇਲੇ ਲਹਿਰਾਂ ਅਤੇ ਘੁੰਮਣਘੇਰ ਵਿਚ ਮਾਂਦ ਪੈ ਜਾਂਦੀਆਂ ਸਨ। 6. ਬਹੁਤ ਜ਼ਿਆਦਾ। 7. ਤੀਰ ਵਾਟ ਹੇਠ 8. ਛਮਕਾਂ। 9. ਉਨ੍ਹਾਂ ਨੇ ਭੰਨ ਲਈਆਂ। 10. ਇਕ ਦੂਜੀ ਤੋਂ ਅੱਗੇ ਤਰਥੱਲ ਮਚਾਦੀਆਂ। 11. ਪੱਘਰ, ਪਸੀਨਾ। 12. ਹੀਰ ਨੂੰ ਬੇੜੀ ਪਰ ਪਹੁੰਚਣ ਦੀ ਕਾਹਲ ਸੀ ਪਰ ਅੱਜ ਬੇੜੀ ਇਕ ਮੰਜ਼ਲ ਲਗਦੀ ਸੀ। 13. ਰੱਬੀ ਹਾੜ। 14. ਆਪਣੇ ਸਾਹਮਣੇ। 15. ਕੀ ਤੈਨੂੰ ਮੌਤ ਯਾਦ ਕਰਦੀ ਹੈ ? 16. ਜ਼ਿਆਦਾ ਜ਼ੋਰਾਵਰ। 17. ਜਾਂ ਉਸ ਨੇ ਤੈਨੂੰ ਕੋਈ ਲੋਭ, ਲਾਲਚ ਦਿੱਤਾ ਹੈ। 18. ਰੱਬੀ ਤਾਕਤ ਵਾਲਾ। 19. ਇਸ ਦਾ ਬੋਲ ਖਾਲੀ ਨਹੀਂ ਜਾਂਦਾ।

ਭਈਏ ਮੁਈਓ ਵੈਦਾਂ ਨੇ ਹੇ[1], ਕਰ ਕਰ ਪੀਰ ਸੁਵਾਯਾ[2]।
ਪੌਂਦੀ ਪਾਰ ਮੁਹੇ ਮੁਹਿ ਡਾਢੀ[3] ਤਾਂ ਅਧਮੁਆ ਕਰਾਯਾ।
ਰੱਤ-ਵਿਰੱਤੀ[4] ਪਿੰਡਾ ਹੋਯਾ, ਅਜੇ ਨਾ ਅਰਮਾਨ ਚੁਕਾਯਾ।
ਆਖ ਦਮੋਦਰ ਧ੍ਰੱਕ ਦਿਤੋਈ[5] ਲੁੱਡਣ ਨਈਂ ਸਿਧਾਯਾ॥੨੦੬॥

## ਰਾਂਝੇ ਮੂੰਹ ਤੋਂ ਪਲੂ ਲਾਹਿਆ

ਕੀਤੁਸ ਹੁਕਮ ਮਾਰਿਓ ਮੰਜੇ, ਸੁੱਤਾ ਸਿਆਲੀਂ ਸੰਦਾ ਸੱਥਾ[6]।
ਕਾਈ ਕਾਂਬ ਨਾ ਵੰਝੇ ਜੁੱਸੇ[7], ਅਰਮਾਨ ਸਭੋ ਹੀ ਲੱਥਾ।
ਕਰਾਰਾਂ[8] ਸੁਣ, ਮੂੰਹ ਕੀਤੁਸ ਨੰਗਾ, ਚੰਨਣ ਵੰਨਾ ਮੱਥਾ।
ਆਖ ਦਮੋਦਰ ਕੁੱਲ ਫਹਾਈਆਂ ਜਾਲੀ[9] ਫ਼ੜਕ ਮੁਏ ਜਲਮੱਛਾ[10]॥੨੦੭॥

ਬੇੜੀ ਛੋੜ, ਕੁਦਿਆ ਕੱਧੀ ਤੇ, ਡਾਕ[11] ਮਾਰ ਫਿਰ ਆਇਆ।
ਹੀਰ ਕੁਦੀ ਤਿੱਤੇ ਵੇਲੇ, ਬਾਹੋਂ ਪਕੜ ਨਪਾਇਆ।
ਡਰਦਿਆਂ ਧੀਦੋ ਵੇਖ ਕਟਕ ਨੂੰ, ਹੱਥੋਂ ਉੱਛਲ ਆਇਆ।
ਆਖ ਦਮੋਦਰ ਬਹੂੰ ਖੁਸ਼ ਹੋਈ, ਜਾਂ ਰਾਂਝੇ ਮੂੰਹ ਤੋਂ ਪੱਲੂ ਲਾਹਿਆ॥੨੦੮॥

ਜਾਂ ਧੀਦੋ ਪਲੰਘ ਤੋਂ ਟੱਪ ਖਲੋਤਾ, ਪਿੱਛੇ ਚੂਚਕ ਜਾਈ[12] ਜਾਏ।
ਪੁਛੇ ਹੀਰ, ਕੇ ਕੱਛ ਤੈਂਡੇ ਵਿਚ, ਮੈਨੂੰ ਗੱਲ ਦਸਾਂਹੇ।
ਤਾਂ ਵੰਝਲੀ ਤੇ ਬੰਬੀਹਾ[13] ਦੋਵੇਂ, ਰਾਂਝਾ ਕੱਢ ਵਿਖਾਏ।
ਆਖ ਦਮੋਦਰ ਹੀਰ ਤਦ ਆਖੇ, ਹਿਕ ਵਾਰ ਤੂੰ ਵੰਝਲੀ ਵਾਹੇ[14]॥੨੦੯॥

## ਤਾਂ ਰਾਂਝੇ ਹੱਥ ਵੰਝਲੀ ਕੀਤੀ

ਤਾਂ ਰਾਂਝੇ ਹੱਥ ਵੰਝਲੀ ਕੀਤੀ, ਕੇਹੀਆਂ ਸੁਰਾਂ ਅਲਾਈਆਂ।
ਸ਼ੂਕਨ, ਕਾਹਿ, ਕੂਕਾਇ, ਬੰਬੂਲਾਂ, ਸ਼ੂਕਨ ਬੂਟੇ ਕਾਈਆਂ[15]।
ਸ਼ੀਂਹ, ਬਿਰੰਡੇ, ਚੀਤੇ, ਮੋਨੀ, ਸਭ ਜ਼ਾਰਤ[16] ਆਈਆਂ।
ਆਖ ਦਮੋਦਰ ਕੀਕਣ ਦਿੱਸਣ, ਜਣ ਈਦ ਦੇ ਸਿਜਦੇ ਪਾਈਆਂ[17]॥੨੧੦॥

---

1. ਭਰਾਵਾਂ ਮੁਈਓ ਜਾਂਦਾ ਜੇ ਭਾਵ ਹੀਰ ਨੇ ਕੁੜੀਆਂ ਨੂੰ ਕਿਹਾ ਇਸ ਦੀ ਭੁਗਤ ਸੰਵਾਰ ਦਿਉ। 2. ਇਸ ਨੇ ਜੁਆਨ ਨੂੰ ਪੀਰ ਮੰਨ ਕੇ ਮੇਰੇ ਮੰਜੇ 'ਤੇ ਸੁਆ ਦਿੱਤਾ ਹੈ। 3. ਲੁੱਡਣ ਨੂੰ ਬਹੁਤ ਮਾਰ ਪਈ। 4. ਲਹੂ ਲੁਹਾਣ। 5. ਛਾਲ ਮਾਰ ਦਿੱਤੀ, ਲੁੱਡਣ ਨੇ ਨਦੀ ਵਿਚ ਛਾਲ ਮਾਰ ਦਿੱਤੀ ਤੇ ਠਿਲ੍ਹ ਕੇ ਬੱਚ ਜਾਣ ਦਾ ਹੀਲਾ ਕੀਤਾ। 6.ਜੋ ਸਿਆਲਾ ਦੀ ਸੱਥ ਪਰ ਆ ਸੁੱਤਾ ਹੈ। ਸੱਥ ਖੇਤਾਂ ਵਿਚ ਰਹਿਣ-ਬਹਿਣ ਦੀ ਆਰਜ਼ੀ ਥਾਂ ਨੂੰ ਕਹਿੰਦੇ ਹਨ। 7. ਕੁੜੀਆਂ ਛਮਕਾਂ ਮਾਰਦੀਆਂ ਸਨ ਪਰ ਰਾਂਝੇ ਨੂੰ ਕੋਈ ਨਹੀਂ ਸੀ ਲਗਦੀ। 8. ਸ਼ੋਰ, ਰੌਲਾ ਰੱਪਾ। 9. ਸਭ ਕੁੜੀਆਂ ਉਸ ਦੀ ਸੁੰਦਰਤਾ ਦੇ ਜਾਲ ਵਿਚ ਫਸ ਗਈਆਂ। 10. ਵੱਡੇ-ਵੱਡੇ ਮਛ ਵੀ ਸੁੰਦਰਤਾ ਜਾਲ ਵਿਚ ਫਸ ਕੇ ਰਹਿ ਗਏ। ਭਾਵ ਹੀਰ ਵੀ ਫਟਕ ਗਈ। 11. ਵੱਡੀ ਪੁਲਾਂਘ। 12. ਚੂਚਕ ਦੀ ਬੇਟੀ ਹੀਰ। 13. ਇਸ ਸੰਗੀਤ ਦਾ ਸਾਜ਼ ਜਿਸ ਦਾ ਹੁਣ ਰਿਵਾਜ ਘਟ ਗਿਆ ਹੈ। 14. ਇਕ ਵਾਰ ਤੂੰ ਮੇਰੇ ਲਈ ਵੰਝਲੀ ਵਜਾ। 15. ਕੂ ਕੂ, ਕਾਹਿ, ਕਿੱਕਰ ਝਾੜੀਆਂ, ਸਰਕੰਡੇ ਦੇ ਬੂਟੇ ਤੇ ਲਾਈ ਇਕ ਝਾੜੀ ਆਦਿ ਸਭ ਵਿਚੋਂ ਆਵਾਜ਼ਾਂ ਪੈਦਾ ਹੋਣ ਲਗੀਆਂ। 16. ਸਭ ਪਸ਼ੂ-ਪੰਛੀ ਦਰਸ਼ਨਾਂ ਨੂੰ ਆਏ। 17. ਸਭ ਨੇ ਇਸ ਤਰ੍ਹਾਂ ਸਿਰ ਨਿਵਾ ਲਏ ਜਿਵੇਂ ਈਦ ਦੇ ਸਿੱਜਦੇ ਵਿਚ ਮੁਸਲਮਾਨ ਸਿਰ ਝੁਕਾ ਲੈਂਦੇ ਹਨ।

ਤਾਂ ਡਿੱਠਾ ਲੁੱਡਣ, ਜੋ ਮੈਂ ਸਿਰ ਥੀਆ, ਸੋ ਇਸ ਸਿਰ ਥੀਆ ਆਹੀ[1]।
ਲੁੱਡਣ ਕੂਕ ਸੁਣਾਇਆ ਦੂਰੋਂ, ਹੱਥੋਂ ਕਟਕ ਰਹਾਈਂ[2]।
ਹਿਕ ਬੰਬੀਹਾ ਤੂੰ ਬਿਆ ਵਗਏਂ, ਕੀਕੁਣ ਅਸੀਂ ਜੀਵਾਈਂ।
ਆਖ ਦਮੋਦਰ ਹੱਥੋਂ ਵੰਝਲੀ ਚਾਇ ਰੱਖੀ, ਮਤ ਥੀਵੈ ਕਾਈ ਅਜਾਈਂ[3] ॥੨੧੧॥

ਲੁੱਡਣ ਢੂੰਡ ਲਈ ਰਣ ਵਿਚਹੁੰ, ਮੁੱਠੀ ਭਰੇ ਤਿਵਾਈਂ।
ਲੱਧੀ ਜਾਗ[4], ਤਾਂ ਸਦਿਉਸ ਚਾਚਾ ਮੈਂ ਸਦਕੇ ਕੀਤੀ ਆਹੀ।
ਏਹੋ ਜੇਹਾ ਮਹੀਂ ਲੁੜੀਂਦਾ, ਸੋ ਮੇਲਿਓ ਆਣ ਅਸਾਹੀਂ।
ਦੇਹੋ ਦੂਇੰ ਮਝੀਂ ਇਤ ਵੇਲੇ ਭੈਣਾਂ, ਚਿਕ ਲਿਆਵੋ ਕਾਈ[5]॥੨੧੨॥

ਜੇ ਆਹਾ ਲਾਇਕ ਬਾਬ[6] ਤੁਸਾਡੇ, ਤਾਂ ਮੈਂ ਪਲੰਘ ਸਵਾਯਾ।
ਮਿੰਨਤ ਮੈਂ ਕਰ ਹੁੱਟਾ ਬਹੁਤੀ, ਰਹੈ ਨ ਮੂਲ ਰਹਾਯਾ।
ਕੀਤੋ ਸੱਚ ਨਾ ਡਿਠੋ ਅਖੀਂ[7], ਮੈਂ ਅਧਮੂਆ ਕਰਾਯਾ।
ਆਖ ਦਮੋਦਰ ਸੁਣ ਧੀਏ ਹੀਰੇ, ਮੈਂ ਸੌੜਾ ਢੰਗਾ ਪਾਯਾ[8] ॥੨੧੩॥

ਪੁਰ ਤਕਸੀਰ[9], ਮੈਂ ਔਗਣਹਾਰੀ, ਮੈਂ ਭੁਲੀ ਨਾ ਸ਼ਰਮ ਤੁਸਾਹੀਂ।
ਜੇਕਰ ਬੇਟਾ ਕੰਮ ਵਿਗਾੜੇ, ਬਾਪ ਸਦੇਂਦਾ ਨਾਹੀਂ।
ਗਲ ਵਿਚ ਪੱਲੂ, ਦਸਤ[10] ਪੈਰਾਂ 'ਤੇ, ਝੜ ਪੈਰੀਂ ਪਈ ਤਿਵਾਈਂ[11]।
ਆਖ ਦਮੋਦਰ ਲੁੱਡਣ ਹੱਸੇ, ਫੜ ਲਈ ਉਸ ਫੇਰ ਉਤਾਹੀਂ॥੨੧੪॥

---

1. ਜੋ ਰਾਂਝੇ ਦੀ ਸੁੰਦਰਤਾ ਅਤੇ ਵੰਝਲੀ ਦਾ ਜਾਦੂ ਮੇਰੇ ਸਿਰ ਹੋਇਆ ਸੀ ਹੁਣ ਹੀਰ ਦੇ ਸਿਰ ਹੋ ਗਿਆ ਹੈ। 2. ਮੈਨੂੰ ਇਨ੍ਹਾਂ ਕੁੜੀਆਂ ਦੀ ਧਾੜ ਤੋਂ ਬਚਾਈਂ। 3. ਹੱਥ ਵਿਚੋਂ ਝਲੀ ਰੱਖ ਦੇਈਂ। ਹੋਰ ਨ ਵਜਾਈਂ ਮਤ ਕਾਈ ਸੁਣ ਕੇ ਮਸਤ ਹੋ ਜਾਵੇ ਅਤੇ ਮਸਤੀ ਵਿਚ ਹੀ ਮਰ ਜਾਏ। 4. ਜਾਗ ਆਈ। ਹੀਰ ਅਤੇ ਸਭ ਕੁੜੀਆਂ ਬੰਬੀਹਾ ਸੁਣ ਕੇ ਬੇਸੁੱਧ ਹੋ ਗਈਆਂ ਸਨ। ਲੁੱਡਣ ਆਇਆ ਅਤੇ ਹੀਰ ਨੂੰ ਪਛਾਣਿਆ ਅਤੇ ਮੁੱਠਾਂ ਭਰ ਕੇ ਉਸ ਨੂੰ ਜਗਾਇਆ। 5. ਹੀਰ ਨੇ ਕੁੜੀਆਂ ਨੂੰ ਕਿਹਾ ਕਿ ਕੋਈ ਜਾਵੇ ਤੇ ਦੋ ਮੱਝਾਂ ਹਿੱਕ ਲਿਆਵੇ ਅਤੇ ਉਹ ਲੁੱਡਣ ਨੂੰ ਇਨਾਮ ਵਜੋਂ ਦਿੱਤੀਆਂ ਜਾਣ ਜੋ ਉਸ ਨੇ ਰਾਂਝਾ ਮਾਹੀ ਮਿਲਾਇਆ ਹੈ। 6. ਜੋਗ। 7. ਤੂੰ ਸਿਰਫ਼ ਵੇਖ ਕੇ ਮੇਰੇ ਪਰ ਕਹਿਰਵਾਨ ਹੋ ਗਈ, ਤੂੰ ਅਸਲ ਗੱਲ ਨਹੀਂ ਲੱਭੀ। 8. ਮੈਂ ਇਸ ਨੂੰ ਪੱਕੀ ਤਰ੍ਹਾਂ ਕਾਬੂ ਕੀਤਾ ਹੈ। ਢੰਗਾਂ ਤੋਂ ਭਾਵ ਉਹ ਰੱਸੀ ਹੈ ਜਿਸ ਨਾਲ ਧਾਰ ਕੱਢਣ ਸਮੇਂ ਗਊ ਦੀਆਂ ਪਿਛਲੀਆਂ ਲੱਤਾਂ ਬੰਨ੍ਹ ਦਿੱਤੀਆਂ ਜਾਂਦੀਆਂ ਹਨ। 9. ਕਸੂਰਵਾਰ। 10. ਹੱਥ। 11. ਉਸੇ ਵੇਲੇ ਪੈਰਾਂ 'ਤੇ ਢਹਿ ਪਈ।

### ਸਾਹਿਬ ਖੇਡ ਬਣਾਈ

ਧੀਦੋ ਪਕੜ ਲੀਤੋਈ ਹੀਰੇ[1], ਲੈ ਕੱਧੀ ਤੇ ਆਈ।
ਤ੍ਰੈ ਸੈ ਸੱਠ ਸਹੇਲੀਆਂ ਨਾਲੇ, ਸਾਹਿਬ ਖੇਡ ਬਣਾਈ[2]।
ਕੱਧੀ ਉੱਤੇ ਮਜਲਸ ਬੈਠੇ, ਧੀਦੋ ਚੂਚਕ ਜਾਈ[3]।
ਕਾਈ ਨ ਕਿਸੇ ਨਾਲ ਬੁਲੇਂਦੀ, ਐਸੀ ਹਾਲਤ ਆਈ॥੨੧੫॥

ਤਾਂ ਚੋਰੀ ਵੇਖੇ ਹੀਰ ਸਿਆਲੀ, ਮੂੰਹੋਂ ਨ ਮੂਲ ਅਲਾਏ।
ਧਰਤੀ ਉੱਤੇ ਲੀਕਾਂ ਖੱਟੇ[4], ਆਖ ਨਾ ਮੂੰਹੋਂ ਸੁਣਾਏ।
ਅੰਦਰ ਗਲ ਹੰਢਾਏ ਨੀਂਗਰ[5], ਦਿਲ ਵਿੱਚ ਫਿਕਰ ਟਿਕਾਏ[6]।
ਜੇ ਸੱਜ ਜਾਣਾ ਸਿਰਜਣਹਾਰਾ, ਤਾਂ ਪੀਰਾਂ ਏਹੁ ਪੱਲੂ ਪਾਏ[7]॥੨੧੬॥

ਅੰਦਰ ਦੇ ਵਿਚ ਗੱਲ ਹੰਢਾਈ[8], ਮੂੰਹੋਂ ਨ ਆਖ ਸੁਣਾਈ।
ਜ਼ਿਮੀਂ ਖੁਦੇਂਦਾ ਤੇ ਤਲੋਂ ਤਕੇਂਦਾ[9], ਧਰਤੀ ਨਜ਼ਰ ਲਗਾਈ।
ਡਰਦਾ ਮੂੰਹੋਂ ਨਾ ਕੂਏ ਧੀਦੋ, ਅਜੇਹੀ ਹਾਲਤ ਆਈ।
ਕਰੇ ਕਿਆਸ ਚਿਤ, ਫਿਕਰ ਸਹੀ ਸਚ, ਮੈਂਡੇ ਪਲੇ ਪੀਰਾਂ ਏਹਾ ਪਾਈ॥੨੧੭॥

ਤਾਂ ਹਿੱਕ ਬੋਲ ਉਠੀ ਸਲੇਟੀ, ਭੈਣਾ ਪਸੰਦ ਕਰੀਹਾਂ।
ਕੇ ਵਿਸਾਹ ਸਹੀਆ ਦਮ ਦਾ, ਤਾਂ ਢਿੱਲ ਅਸੀਂ ਛੜੀਹਾਂ[10]।
ਨਾਹੀਂ ਏਹ ਮੁਨਾਸਬ ਅਸਾਂ, ਜੇ ਚਾਇ ਤਹੰਬਲ[11] ਦੀਹਾਂ।
ਹੀਰੇ ਆਖੇ ਕੰਮ ਜੇ ਹੋਵੇ, ਤਾਂ ਇਸ ਨੂੰ ਹਿਕ ਕਰੀਹਾਂ[12]॥੨੧੮॥

ਤਾਂ ਦੂਜੀ ਬੋਲ ਸਨੇਹੇ ਦਿੱਤੇ, ਕੇ ਤੁਧ ਗੱਲ ਸਵਾਰੀ।
ਲੱਜਾ ਗੱਲ ਰਠਾਇਣ ਸੰਦੀ[13], ਸ਼ਰਮ ਨ ਕਰਣੇ ਹਾਰੀ।
ਵੱਤ ਨਾ ਬੋਲੇਂ ਸੁਣ ਵਣ ਕੁੜੀਏ! ਗੱਲ ਨ ਤੁਧ ਸਵਾਰੀ।
ਤੁਸੀਂ ਤਾਂ ਸਭੋ ਮੰਗੀਆਂ ਹੋਈਆਂ, ਹਿੱਕਾਂ ਮਹੀਂ ਕੁਆਰੀ[14]॥੨੧੯॥

---

1. ਹੀਰ ਨੇ ਧੀਦੋ ਦਾ ਹੱਥ ਫੜ ਲਿਆ। 2. ਰੱਬ ਨੇ ਇਕ ਖੇਡ ਰਚਾਈ। 3. ਕੱਧੀ ਉਪਰ ਹੀਰ ਅਤੇ ਧੀਦੋ ਰਾਂਝਾ ਇਕੱਠੇ ਹੋ ਬੈਠੇ। 4. ਲੀਕਾਂ ਕੱਢ, ਲੀਕਾਂ ਵਾਹੇ। 5. ਆਪਣੇ ਦਿਲ ਦੇ ਅੰਦਰ ਧੀਦੋ ਦਾ ਪਿਆਰ ਹੰਢਾਣ ਲਗੀ। 6. ਆਪਣੇ ਦਿਲ ਵਿਚ ਸੋਚਣ ਲਗੀ। 7. ਪੀਰਾਂ ਨੇ ਮੈਨੂੰ ਏਹੀ ਵਰ ਬਖ਼ਸ਼ਿਆ ਹੈ। 8. ਆਪਣੇ ਦਿਲ ਅੰਦਰ ਹੀਰ ਦਾ ਪਿਆਰ ਵਸਾਣ ਲਗਾ। 9. ਹੇਠਾਂ ਮੂੰਹ ਕਰ ਕੇ ਚੋਰ ਅੱਖਾਂ ਨਾਲ ਉਪਰ ਵੇਖਦਾ ਸੀ। 10. ਹੋਰ ਢਿੱਲ ਨ ਕਰੀਏ। 11. ਸਾਡੇ ਲਈ ਮੁਨਾਸਿਬ ਨਹੀਂ ਜੋ ਹੋਰ ਦੇਰ ਕਰੀਏ। 12. ਸਾਡੇ ਵਿਚੋਂ ਇਕ ਜਣੀ ਇਸ ਨਾਲ ਵਿਆਹ ਕਰ ਲਵੇ। 13. ਰਾਠਾਂ ਦੀਆਂ ਕੁੜੀਆਂ ਨੂੰ ਅਜਿਹੀ ਗੱਲ ਕਰਦਿਆਂ ਲੱਜਾ ਆਉਂਦੀ। 14. ਕੇਵਲ ਮੈਂ ਹੀ ਕੁਵਾਰੀ ਹਾਂ। ਮੇਰਾ ਇਸ ਨਾਲ ਵਿਆਹ ਹੋਣਾ ਚਾਹੀਦਾ ਹੈ।

ਤਾਂ ਵੀਰੋ ਨਾਉ ਡੁਮੇਟੀ ਛੋਹਿਰ[1], ਬੋਲ ਉਠੀ ਸਤ੍ਰਾਣੀ[2]।
ਸਾਊਜ਼ਾਦੀਆਂ ਤੁਸਾਂ ਲੱਜ ਗਵਾਈ, ਗੱਲ ਨ ਸੱਚ ਵਖਾਣੀ।
ਗੰਢ ਗਹੀਰ ਗੁਲਾਮ ਕੇ ਜਾਪੇ[3], ਇਸ ਨੂੰ ਕੋਈ ਨ ਜਾਣੀ।
ਤੁਸਾਂ ਸਾਊਜ਼ਾਦੀਆਂ ਬਣਦਾ ਨੀਹੇ, ਮੈਂ ਬਾਝੋਂ ਕਮਿਆਣੀ[4] ॥੨੨੦॥

ਤਾਂ ਰੋਂਦੀ ਹੀਰ ਨਾ ਬੋਲੇ ਵਾਤੋਂ[5], ਜ਼ਰਾ ਬੁਲੇਂਦੀ ਨਾਹੀਂ।
ਦੁਖ ਨ ਠੰਮੇ[6], ਡੁਸਕੀਂ ਰੋਵੇ[7], ਕੋ ਬੁਝ ਸਕੈ ਨਾਹੀਂ।
ਰੋਂਦੇ ਨੈਣ ਕਰੇਂਦੀ ਜ਼ਾਰੀ[8], ਕੈਥੂੰ ਦੁੱਖ ਵੰਡਾਈਂ।
ਆਖ ਦਮੋਦਰ ਹੱਸੀ ਪੁੱਛੇ, ਫਿਰ ਫਿਰ ਹੀਰੇ ਤਾਈਂ ॥੨੨੧॥

ਹੱਸੀ ਪੁੱਛੇ ਕਿਤ ਨੂੰ ਰੋਂਦੀ, ਦੇਹੁ ਜਵਾਬ ਅਸਾਹੀਂ।
ਇਸ ਨੂੰ ਮਾਰ ਕਢਾਹਾਂ ਕੁੜੀਏ, ਜੇ ਆਇਓ ਭਾਣਾ[9] ਨਾਹੀਂ।
ਦੱਸੇ ਬਾਝਹੁੰ ਦੁਖ ਤੁਸਾਡਾ, ਕੀਕਣ ਅਸੀਂ ਬੁਝਾਹੀਂ।
ਆਖ ਦਮੋਦਰ ਬੋਲੇ ਬਾਝਹੁੰ, ਵੇਦਨ[10] ਜਾਪੈ ਨਾਹੀਂ ॥੨੨੨॥

**ਹੀਰ**

ਸੁਣ ਨੀਂ ਹੱਸੀ ਕੇ ਸਮਝਾਈਂ, ਵੇਦਨ ਕੋਇ ਨਾ ਜਾਣੀ।
ਇਸ ਗੱਲ ਦੀ ਮੈਂ ਮੂੰਹ ਕੇ ਆਖਾਂ, ਔਖੀ ਇਹੁ ਕਹਾਣੀ।
ਅੰਦਰ ਡਾਢਾ ਦੁੱਖ ਅਸਾਨੂੰ, ਬੋਲ ਨਾ ਤੁਧ ਵਖਾਣੀ[11]।
ਬਾਬੇ ਦੀ ਸਹੁੰ ਸੁਣ ਤੂੰ ਹੱਸੀ, ਮੈਂ ਇਸ ਮਿਲਕਰ ਪਛੋਤਾਣੀ ॥੨੨੩॥

ਇਤ ਬਿਧ ਮਿਲਕਰ ਪਛੋਤਾਣੀ, ਆਖਾਂ ਫ਼ਿਕਰ ਤਿਨ੍ਹਾਂ ਦਾ।
ਪਿਛਲੇ ਦਿਨ ਫਿਰ ਅੱਗੇ ਆਣੀ, ਜੇ ਹੋਵਿਮੁ ਵਰਸਾਂਦਾ[12]।
ਅੰਦਰ ਸੰਦੀ ਕੈਨੂੰ ਆਖਾਂ, ਜੋਬਨ ਕਲਾਮਾਂ ਖਾਂਦਾ[13]।
ਜੋ ਦਿਨ ਰਾਂਝਣ ਬਾਝੋਂ ਗੁਜ਼ਰੇ, ਮੈਨੂੰ ਪਛੋਤਾਓ ਤਿਨ੍ਹਾਂ ਦਾ ॥੨੨੪॥

---

1. ਵੀਰੋ ਨਾਂ ਦੀ ਡੂਮਾਂ ਦੀ ਕੁੜੀ। 2. ਵੱਡੇ ਜ਼ੋਰ ਨਾਲ। 3. ਇਸ ਦੇ ਪਲੇ ਵੀ ਕੁਝ ਹੈ ਜਾਂ ਗੋਲਾ ਹੀ ਹੈ। 4. ਤੁਹਾਨੂੰ ਸਾਊਜ਼ਾਦੀਆਂ ਨੂੰ ਇਸ ਨਾਲ ਵਿਆਹ ਕਰਨਾ ਨਹੀਂ ਬਣਦਾ, ਇਕੋ ਮੈਂ ਜੋ ਕੰਮੀਆਂ ਦੀ ਕੁੜੀ ਹਾਂ, ਇਸ ਨਾਲ ਵਿਆਹੁਣ ਜੋਗ ਹਾਂ। 5. ਮੂੰਹੋ। 6. ਦੁਖ ਥੰਮਦਾ ਨਹੀਂ ਸੀ। 7. ਡੁਸਕਾਰੇ ਭਰ ਕੇ ਰੋਂਦੀ ਸੀ। 8. ਜਾਰ ਜਾਰ ਰੋਂਦੀ ਸੀ। 9. ਪਸੰਦ ਨਾ ਆਇਆ, ਚੰਗਾ ਨਹੀਂ ਲੱਗਾ। 10-11. ਪੀੜਾ, ਦੁਖ, ਦਰਦ। ਤੈਨੂੰ ਕਹਿ ਨਹੀਂ ਸਕਦੀ। 12. ਜੇ ਮੇਰਾ ਵਸ ਚਲੇ ਤਾਂ ਪਿਛਲੇ ਦਿਨ ਜੋ ਰਾਂਝੇ ਬਾਝੋਂ ਬੀਤੇ ਹਨ, ਫੇਰ ਅਗੇ ਲੈ ਆਵਾਂ। 13. ਮੇਰਾ ਜੋਬਨ ਕਿਸੇ ਪਿਆਰੇ ਦਾ ਜਾਪ ਜਪਦਾ ਹੈ ਤੇ ਉਹ ਪਿਆਰਾ ਇਹੀ ਰਾਂਝਣ ਹੈ।

ਜਿਗਰ ਕੱਢ ਦਿੱਤਾ ਮੈਂ ਤੈਨੂੰ[1], ਵੇਖੇਂ ਮੱਤਾਂ ਦਸਾਵੇਂ।
ਕਦਮਾਂ ਉੱਤੇ ਕਦਮ ਟਿਕਾਏ, ਪਲ ਸੋਂ ਨ ਪਲਕ ਲਾਵੇ[2]।
ਥਾਓਂ ਮਰੀਊਂ[3] ਜੇ ਇਸੇ ਵੰਞਾਏਂ[4], ਮੱਤ ਕਿਸੇ ਡਰਾਵੇ[5]।
ਆਖ ਦਮੋਦਰ ਜਾਨ[6] ਅਸਾਡੀ, ਅੱਖੀਂ ਉਤੇ ਰਖਾਹੇਂ॥੨੨੫॥

## ਹੱਸੀ

ਪਲ ਸੋਂ ਪਲਕ ਲਏਸਾਂ ਨਾਹੀਂ[7], ਆਖ ਕੇ ਤੁੱਧ ਸੁਣਾਈਂ।
ਕਦਮਾਂ ਉੱਤੇ ਕਦਮ ਟਿਕੈਸਾਂ[8], ਵਿਸਾਹ ਨ ਮੈਂ ਕਰਸਾਈਂ।
ਪਾਵਾਹੇ ਆਣ ਛੁੜੇਹਾਂ ਇਸ ਨੂੰ[9], ਅਸਾਂ ਇਸ ਦੇ ਤਾਈਂ।
ਜੇ ਪਿਉ ਭਾਈ ਸਭ ਦਿਸੀਸੀ, ਤਾਂ ਪਿੱਛੋਂ ਨੱਸ ਵੈਸਾਈਂ[10]॥੨੨੬॥

## ਹੀਰ ਰੰਝੇਟੇ ਰੱਤੀ

ਹੀਰੇ ਸਭ ਉਠਾਈਆਂ ਕੁੜੀਆਂ, ਹੱਸੀ ਦੂਰ ਬਹਾਈ।
ਉਠਹੁ ਪੀਂਘਾਂ ਉੱਤੇ ਵੰਞਹੁ, ਇੱਥੇ ਬਹਰੁ ਨਾ ਕਾਈ।
ਆਪ ਇਕੇਲੀ ਹੋਇ ਛੋਹਿਰ, ਹੱਸੀ ਦੂਰ ਬਹਾਈ।
ਆਖ ਦਮੋਦਰ ਨੱਪ ਰੰਝੇਟਾ[11], ਘਿੰਨ ਪਲੰਘ ਪਰ ਆਈ॥੨੨੭॥

ਨਾ ਕੋਈ ਆਖਹੁ 'ਹੀਰੇ' ਮੈਨੂੰ, ਨਾ ਕੋਈ ਆਖ ਸਲੇਟੀ।
ਜਾਤ ਸਨਾਤ ਪਛਾਣੋ ਨਾਹੀਂ[12], ਮੈਂ ਚਾਕੇ ਨਾਲ ਚਕੇਟੀ[13]।
ਕਦੋਂ ਚੂਚਕ ਮਾਂ ਪਿਉ ਮੈਂਡਾ, ਮੈਂ ਕਦਣ ਉਨ੍ਹਾਂ ਦੀ ਬੇਟੀ।
ਦਾਵਣ[14] ਆਏ ਲਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ[15]॥੨੨੮॥

ਤੇਰਾ[16] ਤ੍ਰਟ ਗਇਆ ਹੀਰੇ ਦਾ, ਜੋ ਬੋਲੀ ਇਤ ਭੱਤੀ[17]।
ਕੋਈ ਖ਼ਾਕ ਜ਼ਿਮੀਂ ਦੀ ਲੋਕਾ, ਰਹੀਉਸ ਨ ਮਾਣਾ ਰੱਤੀ[18]।
ਗਲ ਵਿਚ ਪੱਲੂ ਦਸਤ ਪੈਰਾਂ ਤੇ, ਅਸ਼ਕ ਮਚਾਈ ਮੱਤੀ[19]।
ਜਿਉਂ ਪੀਰਾਂ ਰਾਂਝੇ ਨੂੰ ਰੱਤਾ, ਤਿਉਂ ਹੀਰ ਰੰਝੇਟੇ ਰੱਤੀ[20]॥੨੨੯॥

---

1. ਮੈਂ ਤੈਨੂੰ ਆਪਣੇ ਅੰਦਰ ਦੀ ਗੱਲ ਦਸ ਦਿੱਤੀ ਹੈ। 2. ਇਕ ਪਲ ਲਈ ਵੀ ਪਲਕਾਂ ਨਾ ਲਾਈਂ, ਬੇਧਿਆਨ ਨ ਹੋਵੀਂ। 3. ਮੈਂ ਤੈਨੂੰ ਜਾਨੋਂ ਮਾਰ ਦਿਆਂਗੀ। 4. ਜੇ ਇਸ ਰਾਂਝਣ ਨੂੰ ਗਵਾ ਦੇਵੇਂਗੀ। 5. ਅਤੇ ਨਾ ਹੀ ਇਸ ਨੂੰ ਡਰਾਈਂ ਧਮਕਾਈਂ। 6. ਰਾਂਝਣ ਹੀ ਮੇਰਾ ਦਿਲ ਤੇ ਮੇਰੀ ਜਾਨ ਹੈ। 7. ਇਕ ਪਲ ਲਈ ਵੀ ਪਲਕਾਂ ਨਹੀਂ ਲਵਾਂਗੀ। ਇਕ ਪਲ ਵੀ ਲਾਪਰਵਾਹ ਨਹੀਂ ਹੋਵਾਂਗੀ। 8. ਹਰ ਕਦਮ ਇਸ ਦੇ ਨਾਲ ਰਹਾਂਗੀ। 3. ਪਿੰਡ ਦੇ ਲਾਗੇ ਰਾਹ 'ਤੇ ਇਸ ਨੂੰ ਆਣ ਕੇ ਛੋੜਾਂਗੀ। 4. ਜੇ ਪਿਉ ਜਾਂ ਭਰਾ ਨਜ਼ਰ ਆ ਗਿਆ ਤਾਂ ਅਸੀਂ ਪਿਛੋਂ ਹੀ ਨੱਸ ਜਾਵਾਂਗੀਆਂ। 11. ਰਾਂਝੇ ਨੂੰ ਫੜ ਕੇ। 12. ਜਾਤ ਪਾਤ ਦਾ ਭਿੰਨ ਭੇਦ ਨ ਰੱਖੋ। 13. ਜੇ ਇਹ ਚਾਕ ਬਣੇਗਾ ਤਾਂ ਮੈਂ ਇਸ ਦੀ ਚਾਕਰੀ ਕਰਾਂਗੀ। ਇਥੋਂ ਪਤਾ ਲਗਦਾ ਹੈ ਕਿ ਹੀਰ ਨੇ ਤੁਰਤ ਫੈਸਲਾ ਕਰ ਲਿਆ ਸੀ ਕਿ ਰਾਂਝੇ ਨੂੰ ਚਾਕ ਬਣਾ ਕੇ ਰੱਖਿਆ ਜਾਏ। 14. ਦਾਮਨ, ਪਲੂ, ਲੜ। 15. ਮੈਂ ਜੱਟਾਂ ਦੀ ਕੁੜੀ ਜੇ ਤੈਨੂੰ ਕਬੂਲ ਹੋਵਾਂ। 16. ਹੰਕਾਰ, ਮਾਣ। 17. ਇਸ ਤਰ੍ਹਾਂ, ਇਸ ਰੌਂ ਵਿਚ। 18. 'ੳ' 'ਅ' 'ੲ' 'ਸ' ਵਿਚ ਪਾਠ ਹੈ 'ਰਹੀ ਉਸ ਮਣੀ ਨ ਰੱਤੀ'। 19. ਇਸ਼ਕ ਵਿਚ ਮਸਤ ਹੋ ਗਈ। 20. ਜਿਵੇਂ ਪੀਰਾਂ ਨੇ ਰਾਂਝੇ ਨੂੰ ਇਸ਼ਕ ਵਿਚ ਰੰਗ ਦਿੱਤਾ ਸੀ, ਤਿਵੇਂ ਰਾਂਝੇ ਨੇ ਹੀਰ ਨੂੰ ਇਸ਼ਕ ਵਿਚ ਰੰਗ ਦਿੱਤਾ।

## ਨਸੀਹਤ

ਬੋਹੜ, ਪਿੱਪਲ, ਅਵਰ ਸਰੀਹਾਂ, ਉੱਥੇ ਸੱਥ ਬਬਾਣੀ[1]।
ਹਉਲੀ ਟੁਰੇਂ, ਤੇ ਮਿੱਠਾ ਬੋਲੇਂ ਪਹਿਲੋਂ ਮੰਗੇ ਪਾਣੀ।
ਮੂੰਹ ਤੇ ਢਾਲ ਦੇਵੇਂ ਲੜੀ ਲੁੰਙੀ[2], ਗੱਲ ਨ ਬਹੁਤ ਬਖਾਣੀ[3]।
ਇਹ ਨਸੀਹਤ ਕਰ ਉਠੀ ਸਲੇਟੀ, ਅੱਗੇ ਆਪ ਸਿਧਾਣੀ॥੨੩੦॥

## ਮਾਏ ਨੀ ਮੈਂ ਚਾਕ ਲਧੋਈ

ਮਾਏ ਨੀ ਮੈਂ ਚਾਕ ਲਧੋਈ[4], ਨਿੱਤ ਉੱਠ ਮੱਝੀਂ ਚਾਰੇ।
ਬਰਕਤ[5] ਜੈਂਦੀ ਘਾਹ ਨ ਸੁੱਕੇ, ਮੱਝ ਨ ਕੱਟੀ ਹਾਰੇ[6]।
ਰੋੜਾ[7] ਮੂਲ ਨ ਲਗੇ ਕਦਾਹੀਂ, ਸਾਵਣ ਵੱਸਣ ਫੁਹਾਰੇ।
ਅਜਿਹਾ ਚਾਕ ਲਧੋਮੀ[8] ਮਾਏ, ਅੱਗੇ ਬਖ਼ਤ ਤਿਹਾਰੇ[9]॥੨੩੧॥

ਰਾਂਝਾ ਆਇਆ ਝੰਗ ਸਿਆਲੀਂ, ਮਿਲਿਆ ਚੂਚਕ ਤਾਈਂ।
ਚੂਚਕ ਖ਼ਾਨ ਸੱਥ ਵਿਚ ਬੈਠਾ, ਆਇ ਰਾਂਝਣ ਧੌਣ ਨਿਵਾਈ[10]।
ਸਭੇ ਸਿਆਲ ਪੁੱਛਣ ਉਠ ਲੱਗੇ, ਕਿੱਦੋਂ[11] ਆਇਓਂ ਭਾਈ।
ਆਖ ਦਮੋਦਰ ਤਾਂ ਚੁੱਪ ਕੀਤੇ, ਰਾਂਝੇ ਢੂਹ[12] ਜੁ ਲਾਈ॥੨੩੨॥

ਆਖ ਸਨੇਹੇ ਪਾਂਧੀ ਮੈਕੂੰ[13], ਤੂੰ ਆਇਆ ਕੇਹੜੇ ਥੇਹੋਂ[14]।
ਸਭ ਸੰਦੇਸਾਂ ਦੇਸਾਂ ਲੱਗਾ, ਜੇ ਤੁਸੀਂ ਜਰਾ ਜਲੇਹੋਂ[15]।
ਪੇਟਹੁੰ ਭੁੱਖਾ, ਤ੍ਰੇਹੋਂ ਆਜਜ਼ ਕੀਤਾ, ਆਇਆ ਦੇਹੁ ਬਿਦੇਹੋਂ[16]।
ਆਖ ਦਮੋਦਰ ਚੂਚਕ ਸਦ ਕੀਤਾ, ਜੁ ਹੀਰੇ ਪਾਣੀ ਦੇਹ॥੨੩੩॥

## ਹੀਰ

ਲੁੱਗੇ ਦੁੱਧ[17], ਤੇ ਨੰਗੇ ਮੱਖਣ, ਬਾਬਲ! ਮੈਂਡੇ ਕੋਲ ਨਾ ਕੋਈ।
ਬਿੱਲੀਆਂ, ਕੁੱਤੇ ਬਹੁਤੇ ਫਿਰਦੇ, ਆਵਣ ਮਹੀਂ ਨਾ ਹੋਈ[18]।
ਸੂਠਾ ਮਿੱਠਾ[19] ਟੁੱਕਰ[20] ਬਹੁਤਾ, ਕਮੀਂ ਨਾਹੀਂ ਕੋਈ।
ਅੰਦਰ ਭੇਜ ਦੇਹੁ ਹੁਣ, ਜੋ ਬਾਹਰੋਂ ਆਇਆ ਕੋਈ॥੨੩੪॥

---

1. ਮੇਰੇ ਬਾਪ ਦੀ ਸੱਥ ਹੈ। ਰਹਿਣ ਬਹਿਣ ਦੀ ਥਾਂ। 2. ਮੂੰਹ ਉਪਰ ਲੁੰਙੀ ਦਾ ਲੜ ਪਾ ਲਈਂ। 3. ਬਹੁਤੀਆਂ ਗੱਲਾਂ ਨ ਕਰੀਂ। 4. ਮੈਂ ਅਜਿਹਾ ਚਾਕ ਲੱਭ ਆਂਦਾ ਹੈ। 5-6. ਜਿਸ ਦੀ ਬਰਕਤ ਨਾਲ। ਮੱਝ ਕੱਟੀ ਨੂੰ ਥੱਲੇ ਪੈਣ ਤੋਂ ਰੋਕਦੀ ਨਹੀਂ। 7. ਸੋਕਾ, ਖੁਸ਼ਹਾਲੀ, ਔੜ। 8. ਮੈਂ ਲੱਭਾ ਹੈ। 9. ਅੱਗੇ ਤੁਹਾਡੇ ਭਾਗ। 10. ਸਲਾਮ ਆ ਕੀਤਾ, ਨਮਸਕਾਰ ਕੀਤੀ। 11. ਤੂੰ ਕਿਹੜੇ ਪਾਸੋਂ ਤੋਂ ਆਇਆ ਹੈਂ। 12. ਰਾਂਝਾ ਕੰਧ ਨਾਲ ਓਟ ਲਾ ਕੇ ਬੈਠ ਗਿਆ। 13. ਹੇ ਮੁਸਾਫਿਰ! ਮੈਨੂੰ ਕੋਈ ਜਾਣ ਪਛਾਣ ਦੇ। 14. ਪਿੰਡ ਤੋਂ। 15. ਥੋੜਾ ਜਿਹਾ ਜਾਲ ਜਾਉ, ਥੋੜੀ ਦੇਰ ਠਹਿਰੋ, ਅਟਕੋ। 16. ਦੇਹ ਤੋਂ ਬਿਦੇਹ, ਬੇਸੁਰਾ, ਹੋਸ਼ ਹਵਾਸ ਗੁੰਮ। 17. ਇਕੱਲਾ, ਬਿਨਾਂ ਰਖਵਾਲੀ ਦੇ। 18. ਮੇਰੇ ਕੋਲੋਂ ਨਹੀਂ ਆ ਹੁੰਦਾ। 19. ਬੇਹਾ, ਬਾਸੀ। 20. ਟੁੱਕੜਾ, ਰੋਟੀ।

ਅੱਗੇ ਹੀਰ ਨੇ ਚੂਰੀ ਕੁੱਟੀ, ਉੱਤੇ ਖੰਡ ਰਲਾਈ।
ਰੱਤਾ ਪਲੰਘ ਵਿਛਾਇਆ ਛੋਹਿਰ, ਘੱਤ ਸਪੈਦ[1] ਤੁਲਾਈ।
ਘਿਉ ਮੈਦਾ ਤੇ ਸ਼ੱਕਰ ਰੋਟੀ, ਦੁੱਧ ਮਲਾਈ ਪਾਈ।
ਪੱਖਾ ਲੈਕਰ ਹੱਥ ਖਲੋਤੀ, ਰਾਂਝੇ ਨੂੰ ਖਵਲਾਈ[2] ॥੨੩੫॥

ਪੂਣੀ ਤੇ ਧਰ ਪੂਣੀ ਲੋਕਾਂ, ਸਲੇਟੀ ਸ਼ਗਨ ਕਰੇਂਦੀ।
ਲੱਸੀ ਹੱਥ ਤੇ ਪਾਏ ਬੂੰਦਾਂ, ਪੱਲੂ ਗਲ ਪਏਂਦੀ।
ਲੋਹੇ ਮੇਖ ਜਹਾਨ ਚੋਂ ਬੇੜੀ, ਏ ਮੈਂ ਰਈਯਤ ਤੈਂਡੀ[3]।
ਲੱਜਾ ਮੈਂਡੀ ਤੁੱਧ ਗਲ ਰਾਂਝਣ, ਮੈਂ ਸਦਕਾ ਤੈਥੋਂ ਵੈਂਦੀ[4] ॥੨੩੬॥

ਉਠ ਕਰ ਰਾਂਝਾ ਹੀਰੇ ਪਾਸਹੁੰ, ਪਾਸ ਚੂਚਕ ਦੇ ਆਇਆ।
ਆਖੇ ਚੂਚਕ ਰਾਂਝੇ ਤਾਈਂ, ਪਿੱਛੋਂ ਕਿੱਦੋਂ ਆਇਆ ?
ਬਾਝਹੁੰ ਕਜ਼ੀਏ[5] ਵਤਨ ਨਾ ਤਜਿਆ, ਵੀਰਾਂ ਬਹੁਤ ਦੁਖਾਇਆ।
ਆਖ ਦਮੋਦਰ ਚੂਚਕ ਪੁੱਛੇ ਤੂੰ, ਪੁੱਤਰ ਕਿਸਦਾ ਜਾਇਆ ॥੨੩੭॥

**ਰਾਂਝਾ**

ਤਖ਼ਤ ਹਜ਼ਾਰਾ ਰਾਂਝਿਆਂ ਵਾਲਾ, ਮੈਂ ਚਲ ਤਿੱਥੋਂ ਆਇਆ।
ਜਾਤ ਰੰਝੇਟਾ, ਨਾਉ ਸੁ ਧੀਦੋ, ਮੌਜਮ ਸੰਦਾ ਜਾਇਆ।
ਮੌਜਮ ਮੁਆ ਮੁਹੱਬਾ[6] ਚੁੱਕਾ, ਭਾਈਆਂ ਬਹੁਤ ਦੁਖਾਇਆ।
ਮਾਰਨ ਕਾਰਣ ਮਤਾ ਕੀਤੋਨੇ[7], ਮੈਂ ਤੱਕ ਤੁਸਾਨੂੰ ਆਇਆ ॥੨੩੮॥

**ਚੂਚਕ**

ਚੰਗਾ ਕੀਤੋਂ ਆਇਓਂ ਮੈਥੇ[8], ਅੱਖੀਂ ਉੱਤੇ ਰਖਾਈਂ।
ਊਠ ਘੋੜੇ ਮੈਂ ਤੈਕੂੰ ਦੇਵਾਂ, ਔਰ ਮੱਝੀਂ ਤੇ ਗਾਈਂ।
ਦੇਸਾਂ ਖੂਹ ਸਿਲਾਬੇ ਬੰਨੇ[9], ਦੇਵਾਂ ਕਿੱਤੀ ਵਾਹੀ[10]।
ਆਪੇ ਗੱਡ[11] ਤੇ ਆਪੇ ਚਾਏਂ[12], ਹਾਕਮ ਵੇਖਣ ਦੇਸਾਂ ਨਾਹੀਂ।
ਭਲਾ ਕੀਤੋਈ ਜੇ ਤੂੰ ਆਇਓਂ ਰਾਜ਼ੀ ਹੋਇ ਅਸੀਂ ਆਹੀ।
ਉਹ ਸਾਹਿਬ ਸਭਸੇ ਦੇਵਣ ਜੋਗਾ, ਕਿਸੇ ਅੜੰਦਾ ਨਾਹੀਂ ॥੨੩੯॥

---

1. ਸਫ਼ੈਦ, ਚਿੱਟਾ। 2. ਰਾਂਝੇ ਨੂੰ ਪ੍ਰੇਮ ਸਹਿਤ ਰੋਟੀ ਖੁਆਈ। 3. ਮੈਂ ਜਹਾਨ ਰੂਪੀ ਬੇੜੀ ਵਿਚ ਲੋਹੇ ਦੀ ਮੇਖ ਸਮਾਨ ਹਾਂ ਭਾਵ ਨਿਗੁਣੀ ਚੀਜ਼ ਹਾਂ ਤੇ ਤੇਰੀ ਪਰਜਾ ਹਾਂ। 4. ਮੈਂ ਤੇਰੇ ਤੋਂ ਕੁਰਬਾਨ ਜਾਂਦੀ ਹਾਂ। 5. ਮੁਸੀਬਤ, ਔਕੜ। 6. ਮੁਹੱਬਤ, ਮੋਹ ਦਾ ਜਾਲ, ਰਿਸ਼ਤਾ। 7. ਉਨ੍ਹਾਂ ਨੇ ਮਾਰਨ ਦਾ ਮਤਾ ਪਕਾਇਆ। 8. ਮੇਰੇ ਪਾਸ। 9. ਉਹ ਖੇਤ ਜਿਨ੍ਹਾਂ ਵਿਚ ਦਰਿਆ ਦੇ ਸਿਲਾਬ ਨਾਲ ਹੀ ਫ਼ਸਲ ਪੱਕ ਜਾਂਦੀ ਹੈ। 10. ਵਾਹੀ ਹੋਈ ਕਿਆਰੀ। 11. ਬੀਜੇ, ਕਾਸ਼ਤ ਕਰੇ। 12. ਆਪੋ ਆਪਣੀ ਫ਼ਸਲ ਚਕੇਂਗਾ।

## ਮੱਝੀਂ ਦੇਹੁ ਚਰਾਈਂ

**ਧੀਦੋ**

ਸੋਨਾ ਰੁਪਾ, ਮਾਲ ਖ਼ਜ਼ੀਨਾ[1], ਢੁੱਕਣ ਸੱਤੇ ਪਾਹੀਂ।
ਤੂੰ ਸਭ ਕਿਛ ਹੈਂ ਦੇਵਨ ਜੋਗਾ, ਕਿਤੇ ਅੜੰਦਾ ਨਾਹੀਂ।
ਜੋ ਮੰਗਸਾਂ ਸੋ ਦੇਸੇਂ ਤੂੰਹੇਂ, ਜਾਤਾ ਸਹੀ ਅਸਾਹੀਂ।
ਜੇ ਤੂੰ ਰਾਜ਼ੀ ਰੱਖਣ ਉੱਤੇ, ਤਾਂ ਮੱਝੀਂ ਦੇਹੁ ਚਰਾਈਂ॥੨੪੦॥

ਤਾਂ ਸੁਣ ਚੂਚਕ ਚੁਪ ਕੀਤੀ, ਯਾਰੋ! ਇਹ ਨਲਾਇਕ ਕੋਈ।
ਜਿਮੀਂਦਾਰੀ ਖ਼ੁਸ਼ ਨਾ ਕੀਤੀ, ਚਾਕਾਂ ਕੰਮ ਭਣੋਈ[2]।
ਦੇ ਰਹਿਉਸ[3] ਘੋੜੀ, ਉਠ ਜੋੜਾ, ਮੂਲ ਨ ਮੰਨਦਾ ਕੋਈ।
ਆਖ ਦਮੋਦਰ ਸੁਣ ਕਰ ਚੂਚਕ, ਦਿਲ ਵਿਚ ਫਿਕਰ ਕੀਤੋਈ॥੨੪੧॥

**ਚੂਚਕ**

ਆਖੇ ਖ਼ਾਨ ਸੁਣ ਮੀਆਂ ਰਾਂਝਾ! ਤੈਕੂੰ ਮੱਤ ਦਿਵਾਈਂ।
ਦੇਵਾਂ ਘੋੜੀ ਤੇ ਦੋਇ ਉਠ, ਏ ਸਿਰਪਾਉ[4] ਤੁਸਾਹੀਂ।
ਕੰਮ ਨਾ ਚਾਕਾਂ ਸੰਦਾ ਚੰਗਾ, ਚਾਰਨ ਮੱਝੀਂ ਗਾਈਂ।
ਦੇ ਕਰ ਬੇਟਾ ਨਾਲ ਤੁਸਾਡੇ, ਇੱਜ਼ਤ ਨਾਲ ਚਲਾਈਂ॥੨੪੨॥

**ਧੀਦੋ**

ਆਇਆ ਤੱਕ ਤੁਸਾਡੀ ਸਾਮੈਂ[5], ਨਾ ਫਿਰ ਘਰਾਂ ਨੂੰ ਜਾਈਂ।
ਗਲੀਆਂ ਕੱਖ ਅਸਾਡੇ ਵੈਰੀ, ਚੰਗਾ ਜਾਵਣ ਨਾਹੀਂ।
ਕੇਤੀ ਤੈਂਡੇ ਪਿਛੇ ਖਾਂਦੀ[6], ਕਮੀ ਕਿਸੇ ਨੂੰ ਨਾਹੀਂ।
ਆਖ ਦਮੋਦਰ ਮੂਲ ਨ ਭਉ[7] ਕਰ, ਦੇਂਦੇ ਖੂੰਡੀ ਮਹੀਂ[8] ਚਰਾਈਂ॥੨੪੩॥

ਤਾਂ ਚੂਚਕ ਫਿਰ ਮਤਾ ਪਕਾਇਆ, ਸੱਦੇ ਵੀਰ ਤਦਾਹੀਂ।
ਮੌਜਮ ਦਾ ਪੁੱਤਰ ਛੱਡ ਹਜ਼ਾਰਾ, ਆਇਆ ਤੱਕ ਅਸਾਹੀਂ।
ਦੇ ਰਹਿਉਸ[9] ਘੋੜੀ, ਉੱਠ ਜੋੜਾ, ਮੂਲ ਮਨੇਂਦਾ ਨਾਹੀਂ।
ਆਖੋ ਭਾਈ ਕੀਕੁਣ ਕੀਚੇ, ਬਿਨ ਮਝੀਂ ਚਾਰਨ ਤਾਈਂ॥੨੪੪॥

---

1. ਸੋਨਾ, ਚਾਂਦੀ, ਧਨ, ਦੌਲਤ। 2. ਚਾਕ ਵਾਲਾ ਕੰਮ ਇਸ ਨੂੰ ਭਾਇਆ ਹੈ, ਚੰਗਾ ਲਗਾ ਹੈ। 3. ਉਸ ਨੂੰ ਦੇ ਰਿਹਾ। 4. ਸਿਰ ਤੋਂ ਪੈਰਾਂ ਤਕ ਪੁਸ਼ਾਕ, ਮਾਨਤਾ, ਬਖ਼ਸ਼ਿਸ, ਵਡਿਆਈ। 5. ਪਨਾਹ, ਸ਼ਰਨ, ਸ਼ਾਮ। 6. ਬੇਅੰਤ ਦੁਨੀਆਂ ਤੇਰੇ ਆਸਰੇ ਖਾ ਰਹੀ ਹੈ। 7. ਬਿਲਕੁਲ ਡਰ ਨ ਰੱਖ। 8–9. ਮੱਝਾਂ, ਉਸ ਨੂੰ ਦੇ ਰਿਹਾ।

**ਭਰਾ**

ਗੋਸ਼ੇ[1] ਇਤ[2] ਸਦਾਯਾ ਅਸਾਂ, ਮਸਲਤ ਏਹ ਕਰੇਂਦਾ।
ਅਸਾਂ ਜਾਤਾ ਅੱਜਕਲ ਕੋਈ, ਜੇ ਤੂੰ ਸ਼ਹਿਰ ਮਰੇਂਦਾ[3]।
ਧੁਪ ਨਾਲ ਧੌਲੀ ਦਾੜ੍ਹੀ ਹੋਈਆ[4], ਦੁਧ-ਵਾਤੇ[5] ਨੂੰ ਮੰਞੂ[6] ਦੇਂਦਾ।
ਆਖ ਦਮੋਦਰ ਮਸਤੀ ਤੈਨੂੰ, ਮੱਝੀਂ ਜਾਣ ਵੰਞੈਂਦਾ[7] ॥੨੪੫॥

**ਚੂਚਕ**

ਭਾਈ ਮੈਂ ਕਰ ਥੱਕਾ ਮਿੰਨਤ ਬਹੁਤੇਰੀ, ਮੂਲੇਂ ਹੱਥ ਨ ਆਵੇ[8]।
ਸਰਪਰ ਚਾਰਨ ਮੱਝੀਂ ਮੰਗੇ, ਹੋ ਨ ਇਸ ਨੂੰ ਭਾਵੇ।
ਸੂਰਤ ਇਸ ਦੀ ਵੇਖ ਨ ਭੁੱਲੋ, ਚਾਕਾਂ ਕੰਮ ਹਿਤਾਵੇ[9]।
ਜੋ ਕੁਝ ਆਖੇ ਸੋਈ ਕੀਚੈ, ਜੋ ਹੋਇ ਅਸਾਂ ਥੀਂ ਆਵੇ ॥੨੪੬॥

**ਚੂਚਕ ਦੇ ਭਰਾਵਾਂ ਦਾ ਮਤਾ**

ਚਾਕ ਚੌਰਾਸੀ ਸ਼ਹਿਰ ਤੇਰੇ ਵਿਚ, ਖ਼ਿਜਮਤ[10] ਏਹੁ ਕਰੀਹਾਂ।
ਜਿਦੇ ਖੁੱਭੜ ਹੋਵੈ ਛੱਪੜ, ਤਿਦੇ ਖਪਾਉ ਮਰੀਹਾਂ[11]।
ਇਕ ਵੀ ਵਹਿਣ ਲੁੜ੍ਹ ਵੰਞਨ ਜਿਦੇ, ਖੱਪੇ ਬੰਦ ਕਰੀਹਾਂ[12]।
ਆਖ ਦਮੋਦਰ ਇਸੇ ਰਉਂਸੇ[13], ਗਲੋਂ ਕਲੰਕ ਚੁਕੀਹਾਂ[14] ॥੨੪੭॥

ਤਾਂ ਆਖੇ ਖ਼ਾਨ ਰੰਝੇਟੇ ਤਾਈਂ, ਤੈਨੂੰ ਮੰਞੂ ਦੇਂਦੇ।
ਮਿੱਠਾ ਟੁੱਕਰ, ਸੰਝ ਸਬਾਹੀ[15], ਤੈਨੂੰ ਸੌਣ ਕਰੇਂਦੇ[16]।
ਜੁਮੇ ਰਾਤ[17] ਦੇ ਦਿਹੁੰ ਤੁਸਾਨੂੰ, ਮੱਝੀਂ ਸਾਥ ਟੁਰੇਂਦੇ।
ਆਖ ਦਮੋਦਰ ਰਾਂਝੇ ਤਾਈਂ, ਚੂਚਕ ਏਹ ਫੁਰਮੈਂਦੇ ॥੨੪੮॥

---

1. ਕੋਨੇ, ਖੂੰਜੇ, ਇਕ ਪਾਸੇ ਜਿਵੇਂ ਕੋਈ ਭੇਤ ਦੀ ਗੱਲ ਕਰਨੀ ਹੋਵੇ। 2. ਇਸ ਲਈ। 3. ਕਿਸੇ ਸ਼ਹਿਰ ਨੂੰ ਫ਼ਤਹ ਕਰਨਾ ਚਾਹੁੰਦਾ ਹੈ। 4. ਤੂੰ ਧੁਪੇ ਹੀ ਦਾੜ੍ਹੀ ਚਿੱਟੀ ਕੀਤੀ ਹੈ। ਭਾਵ ਤੂੰ ਇਤਨੀ ਉਮਰ ਲੰਘਾਈ ਹੈ ਕਿ ਤੇਰੀ ਦਾੜ੍ਹੀ ਸਫ਼ੈਦ ਹੋ ਗਈ ਪਰੰਤੂ ਸੰਸਾਰੀ ਸੂਝ-ਬੂਝ ਕੋਈ ਪ੍ਰਾਪਤ ਨਹੀਂ ਕੀਤੀ। 5. ਸ਼ੀਰਖਾਰ, ਦੁੱਧ ਪੀਣ ਵਾਲਾ ਬਾਲਕ। 6. ਮੰਞੂ, ਮੱਝਾਂ ਦਾ ਵੱਗ। 7. ਜਾਣ ਬੁਝ ਕੇ ਮੱਝਾਂ ਗੰਵਾ ਰਿਹਾ ਹੈਂ। 8. ਹੱਥ ਵਿਚ ਨਹੀਂ ਆਉਂਦਾ ਭਾਵ ਕੋਈ ਗੱਲ ਨਹੀਂ ਮੰਨਦਾ। 9. ਚਾਕਾਂ ਵਾਲੇ ਕੰਮ ਦਾ ਹਿਤ ਕਰਦਾ ਹੈ। ਚਾਕ ਬਣਨਾ ਚਾਹੁੰਦਾ ਹੈ। 10. ਖਿਦਮਤ, ਸੇਵਾ, ਕੰਮ। 11. ਜਿਸ ਪਾਸੇ ਖੋਭਾ ਅਤੇ ਛੱਪੜ ਹੋਵੇ ਉਸ ਪਾਸੋਂ ਇਸ ਨੂੰ ਭੇਜੀਏ, ਉਥੇ ਖੰਭੇ ਵਿਚ ਖਪ ਮਰੇਗਾ। 12. ਹੋਰ ਸਾਰੇ ਪਾਸਿਆਂ ਤੋਂ ਖੱਪੇ ਬੰਦ ਕਰ ਕੇ ਇਕ ਪਾਸੇ ਵਹਿਣ ਬਣਾ ਦੇਈਏ। ਇਸ ਵਿਚ ਮੱਝਾਂ ਦੇ ਨਾਲ ਇਹ ਵੀ ਲੁੜ੍ਹ ਜਾਏਗਾ। 13. ਇਕ ਢੰਗ ਨਾਲ। 14. ਗਲੋਂ (ਰਾਂਝੇ ਦਾ) ਕਲੰਕ ਲਾਹੀਏ। 15. ਸਵੇਰੇ ਸ਼ਾਮ। 16. ਸਵੇਰੇ ਸ਼ਾਮ ਤੈਨੂੰ ਮਿੱਠੀ ਰੋਟੀ ਦੇ ਕੇ ਤੇਰੇ ਚਾਕ ਬਣਨ ਦਾ ਸ਼ਗਨ ਕਰਦੇ ਹਾਂ। 17. ਜੁਮੇਰਾਤ। ਭਾਵ ਉਹ ਦਿਨ ਜਿਸ ਦੀ ਸ਼ਾਮ ਜੁਮੇ ਅਥਵਾ ਸ਼ੁਕਰ ਦੀ ਰਾਤ ਬਣੇ—ਵੀਰਵਾਰ।

## ਅਜ਼ਮਤ ਚਾਕ ਵਿਖਾਣੀ

ਤਾਂ ਏਹੁ ਪਸੰਦ ਕਰੇਂਦੇ ਸਾਊ[1], ਇਉਂ ਕਰ ਖ਼ਾਨ ਬਣਾਈ[2]।
ਕੜ੍ਹਿਆ ਦੁੱਧ ਵਿਚ ਸ਼ੱਕਰ ਰੋਟੀ, ਮੈਦੇ ਸੰਦੀ[3] ਪਾਈ।
ਸੱਦਿਆ ਧੀਦੋ ਘਿੱਨ ਨਿਵਾਲਾ[4], ਕੁਲ ਕਬੀਲੇ ਭਾਈ[5]।
ਆਖ ਦਮੋਦਰ ਖਾਵਣ ਬੈਠਾ, ਤਾਂ ਅਜ਼ਮਤ[6] ਚਾਕ ਵਿਖਾਈ॥੨੪੯॥

ਪਹਿਲਾ ਘਿੱਨ ਨਿਵਾਲਾ ਧੀਦੋ, ਸਹੀ ਸਲਾਮਤ ਖਾਇਓ।
ਥੀਆ ਕਹਰ ਨਾ ਕਹੁਰਾਂ ਜੇਹਾ[7], ਬਹੁਤਾ ਕਾਵੜ[8] ਆਇਓ।
ਤਰਸ ਨ ਕੀਤਾਂ ਸਾਹਿਬ ਸੰਦਾ[9], ਮੈਂ ਗ਼ਰੀਬ ਕਰ ਪਾਇਓ[10]।
ਆਖੇ ਧੀਦੋ ਮੰਦਾ ਕੀਤੋ ਖ਼ਾਨਾ, ਮੱਝ ਤੂਈ[11] ਦਾ ਦੁੱਧ ਪੀਵਾਇਓ॥੨੫੦॥

ਤਾਂ ਏ ਸੁਣ ਖ਼ਾਨ ਹੈਰਾਨੀ ਲੱਗੀ, ਜਾਂ ਇਸ ਈਂਵ ਅਲਾਇਆ।
ਕੇ ਏਹੁ ਪੀਰ[12], ਕੇ ਵਲੀ ਸਚਾਵਾ, ਆਖਿਆ ਗ਼ੈਬ[13] ਸੁਣਾਇਆ।
ਏ ਇਸ ਕੋਈ ਖ਼ਾਬ ਲਧੋਈ[14], ਕੇ ਕੋਈ ਸੁਪਨਾ ਪਾਇਆ।
ਆਖ ਦਮੋਦਰ ਵਹਿੰਦਾ ਚੂਚਕ, ਫਿਰ ਧੀਦੋ ਨੂੰ ਅਜ਼ਮਾਇਆ॥੨੫੧॥

ਕੀਕੁਰ ਤੂਈ ਜਾਤੀ ਧੀਦੋ! ਸੁਣ ਕੇ ਹੈਰਤ[15] ਆਈ।
ਲੱਧੋ ਖ਼ਾਬ ਕਿ ਅਜ਼ਮਤ ਕੀਤੀ[16], ਕੇ ਕਹੀਂ ਆਖ ਸੁਣਾਈ ?
ਅਸਾਂ ਉਮਰ ਵੰਞਾਈ ਨਾਲ ਮਹੀਂ ਦੇ, ਅਸਾਂ ਨ ਅਟਕਲ[17] ਆਈ।
ਆਖ ਸੁਣਾਉ ਸਿਞਾਂਤੋ ਕੀਵੇਂ[18], ਖ਼ਾਨ ਨੇ ਗੱਲ ਪੁਛਾਈ॥੨੫੨॥

ਤ੍ਰੀਝੇ[19] ਸੂਏ ਤੇ ਰੰਗ ਰੱਤੀ, ਮੱਥੇ ਫੁੱਲੀ[20] ਨਾਹੀਂ।
ਕੱਟੀ ਛਿਆਂ ਮਾਹ ਦੀ ਸੱਟੀ, ਮਾਝੀ[21] ਗਿਆ ਕਿਦਾਈਂ।
ਖਾਧੀ ਜੇਰ ਸੜੀ ਵਿਚ ਬੇਲੇ[22] ਨਾ ਕੋ ਖ਼ਸਮ ਨਾ ਸਾਈਂ।
ਤਿਸ ਦਾ ਦੁੱਧ ਪਿਵਾਇਓ ਮੈਨੂੰ, ਅਜੇ ਨ ਗੜ੍ਹੀ ਕਿਥਾਈਂ[23]॥੨੫੩॥

---

1. ਰਾਠ ਲੋਕ, ਸਰਦਾਰ ਲੋਕ। 2. ਖ਼ਾਨ ਨੇ ਇਸ ਤਰ੍ਹਾਂ ਵਿਉਂਤ ਬਣਾਈ। 3. ਮੈਦੇ ਦੀ ਬਣੀ। 4. ਗਿਰਾਹੀਂ। 5. ਸਾਰੇ ਕਬੀਲੇ ਨੂੰ ਇਸ ਅਵਸਰ ਪਰ ਸੱਦਿਆ। 6. ਵਡਿਆਈ, ਕਰਾਮਾਤ। 7–8. ਤੁਸੀਂ ਵੱਡਾ ਕਹਿਰ ਕੀਤਾ ਹੈ। ਵੱਡੀ ਵਧੀਕੀ ਕੀਤੀ ਹੈ। ਬਹੁਤ ਗੁੱਸੇ ਵਿਚ ਆਇਆ। 9. ਤੁਸੀਂ ਰੱਬ ਦੇ ਨਾਂ 'ਤੇ ਵੀ ਮੇਰੇ ਪਰ ਤਰਸ ਨਹੀਂ ਕੀਤਾ ਹੈ। 10. ਮੈਨੂੰ ਆਜਿਜ਼ ਅਥਵਾ ਮੁਸਾਫਿਰ ਸਮਝ ਕੇ ਇਹ ਦੁੱਧ ਪਾ ਦਿੱਤਾ ਹੈ। 11. ਉਹ ਮੱਝ ਜੋ ਸਮੇਂ ਤੋਂ ਪਹਿਲਾਂ ਕੱਚਾ ਫਲ (ਕੱਟੀ/ਕੱਟਾ) ਸੁੱਟ ਦਿੰਦੀ ਹੈ, ਉਸ ਦਾ ਦੁੱਧ ਸ਼ੀਰੀਂ ਨਹੀਂ ਹੁੰਦਾ ਅਤੇ ਬਾਰ ਦੇ ਲੋਕਾਂ ਵਿਚ ਪਵਿਤ੍ਰ ਵੀ ਨਹੀਂ ਮੰਨਿਆ ਜਾਂਦਾ। 12–13. ਏਹ ਕੋਈ ਪੀਰ ਹੈ। ਜਾਂ ਕੋਈ ਸੱਚਾ ਵਲੀ ਫ਼ਕੀਰ ਹੈ। 14. ਗ਼ੈਬ ਦੀਆਂ ਅਥਵਾ ਗੁਪਤ। 15. ਕੋਈ ਸੁਪਨਾ ਆਇਆ ਹੈ। 16. ਹੈਰਾਨੀ। 17. ਸੁਪਨਾ ਆਇਆ ਜਾਂ ਕਰਾਮਾਤ। 18. ਹੁਨਰ (ਦੁੱਧ ਪਛਾਣਨ ਦਾ)। 19. ਤੂੰ ਦੁੱਧ ਕਿਵੇਂ ਪਛਾਣਿਆ। 20. ਤੀਜੇ। 21. ਸਫ਼ੈਦ ਨਿਸ਼ਾਨ, ਸਫ਼ੈਦ ਫੁਲੀ। 22. ਮੱਝਾਂ ਚਾਰਣ ਵਾਲਾ। 23. ਤੂਈ ਮੱਝ ਨੇ ਬੇਲੇ ਵਿਚ ਜੇਰ ਖਾ ਲਈ ਤੇ ਇਸ ਦਾ ਅੰਦਰ ਸੜ ਗਿਆ। 24. ਅਜੇ ਕਿਤੇ ਨਵੇਂ ਦੁੱਧ ਨਹੀਂ ਹੋਈ।

ਕੇ ਇਹ ਪੀਰ ਕੇ ਵਲੀ ਸਚਾਵਾਂ, ਅਜ਼ਮਤ ਕੀ ਰੁਸ਼ਨਾਈ[1]।
ਬਿਨ ਬੋਲੇ, ਬਿਨ ਆਖੇ ਬਾਝੋਂ, ਜ਼ਾਹਿਰ ਕਲਾ ਦਿਖਾਈ[2]।
ਹਭਨਾਂ ਨੂੰ ਹੋ ਗਈ ਤਸੱਲੀ, ਬਹੁ ਹਭਨਾਂ ਹਿਤ ਆਈ[3]।
ਆਖ ਦਮੋਦਰ ਨਿਸ਼ਾ ਹੋਈਆ ਨੇ[4], ਇਹੁ ਚਰੈਸੀ[5] ਭਾਈ॥੨੫੪॥

ਰਾਜ਼ੀ ਰਾਠ ਹੋਏ ਸਭ ਗੱਲੀਂ, ਸਭਨਾਂ ਏਹੋ ਭਾਇਆ।
ਏ ਸੁਣ ਸ਼ਾਦੀ[6] ਕੀਤੀ ਚੂਚਕ, ਟੰਮਕ ਢੋਲ ਧਰਾਇਆ।
ਸੁਨਿਹੋ ਯਾਰੋ ਸੁਣੋ ਭਰਾਵੋ, ਮੈਂ ਚਾਕ ਨਵੇਲਾ[7] ਪਾਇਆ।
ਆਖ ਦਮੋਦਰ ਸੁਣ ਕਰ ਟੰਮਕ, ਆਲਮ ਉੱਛਲ ਆਇਆ[8]॥੨੫੫॥

## ਪਛੋਤਾਉ ਕਰੇਂਦਾ ਆਲਮ

ਪਛਤਾਓ ਕਰੇਂਦਾ ਆਲਮ[9], ਜੈਂ ਕਹੀਂ ਨਦਰੀਂ ਆਇਆ।
ਇਹ ਮਹਿਤਾਬ[10] ਦਿਸੀਂਦਾ ਸਾਊ[11], ਕਿਸੇ ਲੇਖੇ[12] ਆਣ ਫਹਾਇਆ।
ਆਖਣ ਕੁੜੀਆਂ ਮਿਲੇ ਅਸਾਨੂੰ, ਰੱਖੀਏ ਸਿਰ ਕਰ ਸਾਇਆ।
ਆਖ ਦਮੋਦਰ ਅਸਾਂ ਕੇ ਹੋਆ, ਚਾਕ ਕਿ ਲਾੜਾ ਆਇਆ[13]॥੨੫੬॥

ਖੂੰਡੀ ਚੁੰਮ ਚਲਾਇਆ ਮੰਝੂ, ਬੇਲੇ ਵੜਿਆ ਆਈ।
ਟੋਆ ਖੱਟ ਥਲਾ[14] ਹਿੱਕ ਕੀਆ, ਨਾਲੇਂ ਧੁਈਂ ਪਾਈ।
ਮੰਝੂ ਛੇੜ, ਬੇਲੇ ਵਿਚ ਵੜਿਆ, ਜਲੂੱਰ[15] ਰਾਂਝੇ ਪਾਈ।
ਆਖ ਦਮੋਦਰ ਤਦੋਂ ਰਾਂਝੇ, ਰਹਿਣ ਕੀਤੋ ਈ ਭਾਈ॥੨੫੭॥

ਗਿਰਦੇ ਚਾਕ ਕਰੇਂਦੇ ਵੱਤਨ[16], ਜੋ ਚੂਚਕ ਫ਼ਰਮਾਇਆ।
ਦੇਵਲ ਘੋਲ[17] ਗਹੇਂਦੇ ਬੇਲਾ[18], ਮਨ ਮਹਿੰ ਫ਼ਿਕਰ[19] ਟਿਕਾਇਆ।
ਵੇਖਹੁ ਬੇਮੁਣੀਆਂਦਾ[20], ਹਭਣਾਂ ਮਾਰਣ ਚੰਗਾ ਭਾਇਆ।
ਆਖ ਦਮੋਦਰ ਬੇਲੇ ਦੇ ਵਿਚ ਚਾਕਾਂ ਮੰਝੂ ਵਹਾਇਆ[21]॥੨੫੮॥

---

1. ਇਸ ਵਿਚ ਕਰਾਮਾਤ ਵਾਲੀ ਰੌਸ਼ਨੀ ਹੈ। ਰੱਬੀ ਨੂਰ ਹੈ। 2. ਜ਼ਾਹਿਰਾ ਕਰਾਮਾਤ ਵਿਖਾਈ ਹੈ। 3. ਸਭ ਨੂੰ ਇਹ ਗੱਲ ਪਸੰਦ ਆਈ। 4. ਅ, ੲ, ਸ ਵਿਚ ਪਾਠ ਹੈ 'ਹੋਈਆਂ ਨੇ' ; ਹੁਈਆ ਨੇ ਭਾਵ ਉਨ੍ਹਾਂ ਨੂੰ ਹੋਈ। 5. ਚਰਾਏਗਾ। 6. ਖ਼ੁਸ਼ੀ। 7. ਨਵੇਂ ਢੰਗ ਦਾ, ਅਜਬ ਗਿਆਨ ਦਾ ਮਾਲਕ। 8. ਦੁਨੀਆਂ ਉਲਟ ਪਈ। ਬਹੁਤ ਲੋਕ ਇਕੱਠੇ ਹੋ ਗਏ। ਬਹੁਤ ਲੋਕ ਚਾਕ ਨੂੰ ਵੇਖਣ ਆਏ। 9. ਜਗਤ, ਦੁਨੀਆਂ ਵਾਲੇ। 10. ਚੰਨ, ਚੰਨ ਵਰਗਾ ਸੁੰਦਰ। 11. ਚੰਗੇ ਖਾਨਦਾਨ ਦਾ। 12. ਪਿਛਲੇ ਕਰਮਾਂ ਦਾ ਲੈਣ ਦੇਣ। 13. ਚਾਕ ਹੁੰਦੇ ਹੋਏ ਵੀ ਉਹ ਕੁੜੀਆਂ ਵਿਚ ਲਾੜੇ ਵਾਂਗ ਲਗਦਾ ਸੀ। 14. ਥੜ੍ਹਾ ਬਣਾਇਆ। 15. ਮਨ੍ਹਾਂ, ਚਾਰ ਲਕੜੀਆਂ ਗੱਡ ਕੇ ਉਪਰ ਛੱਤ ਪਾ ਕੇ ਬੈਠਣ ਦੀ ਥਾਂ ਬਣਾ ਲਈ। 16. ਇਰਦ-ਗਿਰਦ ਚਾਕ ਉਹੀ ਕੁਝ ਕਰਦੇ ਫਿਰਦੇ ਸਨ, ਵਤਨਾ ਭਾਵ ਫਿਰਨਾ, ਰਹਿਣਾ। 17. ਚੱਕਰ ਲਾਂਦੇ ਫਿਰਦੇ ਸਨ। 18. ਬੇਲੇ ਨੂੰ ਗਾਹੰਦੇ ਫਿਰਦੇ ਸਨ, ਭਾਵ ਬੇਲੇ ਵਿਚ ਇਧਰ-ਉਧਰ ਫਿਰ ਰਹੇ ਸਨ। 19. ਸੋਚ, ਜੁਗਤ। 20. ਜਿਸ ਦੀ ਕੋਈ ਮੁਣੀਆਦ ਨਹੀਂ। ਜਿਸ ਦਾ ਕੋਈ ਅੱਗਾ ਪਿੱਛਾ ਨਹੀਂ। 21. ਚਾਕਾਂ ਨੇ ਬੇਲੇ ਵਿਚ ਮੰਝੂ ਅਜਿਹੀ ਥਾਂ ਜਾ ਕੇ ਖੜਾ ਕਰ ਦਿੱਤਾ ਜਿਥੋਂ ਲੱਭਣਾ ਔਖਾ ਸੀ।

ਜਾਂ ਦਿਹੁੰ ਗੁਜ਼ਰਿਆ ਤ੍ਰਕਾਲਾਂ ਪਈਆਂ, ਮਨ ਮਹਿ ਫ਼ਿਕਰ[1] ਹੰਢਾਇਆ।
ਸਿਆਲ ਤਕੇਂਦੇ ਹੋਸਨ ਪੈਂਡਾ[2]: ਰਾਂਝੇ ਕਿਉਂ ਚਿਰ ਲਾਇਆ ?
ਜਲ੍ਹਰ ਛੋਡ, ਸਦੀਹਾਂ ਮੰਝੂ, ਮਤ ਖ਼ਸਮਾਂ[3] ਮੰਦਾ ਭਾਇਆ।
ਆਖ ਦਮੋਦਰ ਚੜ੍ਹ ਟਾਲ੍ਹੀ ਤੇ, ਧੀਦੋ ਰਾਗ ਉਠਾਇਆ॥੨੫੯॥

ਚੜ੍ਹ ਧੀਦੋ ਵੰਝਲੀ ਜਦ ਵਾਹੀ, ਕੇਹੀਆਂ ਸੁਰਾਂ ਉਠਾਈਆਂ।
ਸ਼ੀਂਹ ਬਿਰੰਡੇ[4], ਚੀਤੇ ਮੋਨੀ, ਸਭ ਜ਼ਿਆਰਤ[28] ਆਈਆਂ।
ਅਜਗਰ, ਨਾਗ, ਚਟੇਇਨ ਪਿੰਡਾ[5], ਸਹੀਅੜ ਮੋਨੀ ਧਾਈਆਂ।
ਸੁਣ ਕਰ ਮੇਹੀਂ ਕੰਨ ਫੜਕੇ[6] ਨਾ ਵਾਤ ਕੜੋਹੀ[7] ਪਾਈਆਂ।
ਆਖ ਦਮੋਦਰ ਕੀਕਣ ਧੀਰਨ[8] ਗੋਪੀਆਂ ਕ੍ਰਿਸ਼ਨ ਬੁਲਾਈਆਂ[9]॥੨੬੦॥

ਤਬ ਮੇਹੀਂ, ਸ਼ੀਂਹ ਬਿਰੰਡੇ, ਚੀਤੇ, ਮੋਨੀ, ਅੰਤ ਨਾ ਜਾਵੇ ਪਾਇਆ।
ਜੱਲ੍ਹਰ ਛੋੜ ਦਿੱਤੀ ਰੰਝੇਟੇ, ਧਰਤੀ ਉੱਤੇ ਆਇਆ।
ਸ਼ੀਹਾਂ ਦੇ ਸਿਰ ਹੱਥ ਫਿਰੇਂਦਾ, ਬਹੁਤ ਦਿਲਾਸਾ ਲਾਇਆ।
ਸਾਨੂੰ ਕੋ ਦਿਨ ਭਾਈ ਸੁਣਿਹੋ, ਕਿਸਮਤ ਆਣ ਬਹਾਇਆ[10]॥੨੬੧॥

ਚਲਿਆ ਚਾਕ ਸਾਥ ਲੈ ਮੰਝੂ, ਸਾਊ ਖਲੇ ਤਕੇਂਦੇ।
ਕਵਣ[11] ਕਜ਼ਾਇ[12] ਅਵੇਲਾ ਥੀਆ[13], ਥੱਕੇ ਸਭ ਉਡੀਕੇਂਦੇ।
ਧੂੜ ਅਕਾਸ਼ ਚੜ੍ਹੀ ਪਲ ਅੰਦਰ, ਜਾਂ ਇਦੋਂ ਮੰਝੂ ਵੈਂਦੇ[14]।
ਆਪਣੇ ਘਰ ਵੰਞ ਵੜੀਆਂ ਮੱਝੀਂ, ਤਾਂ ਸਾਊ ਸਭ ਚੁਏਂਦੇ॥੨੬੨॥

ਭਾਂਡੇ ਲੈਕਰ ਚੋਇਣ ਆਏ, ਤਾਂ ਅਜ਼ਮਤ ਚਾਕ ਵਿਖਾਏ।
ਭਾੜੇ ਵਾਲੀ ਨਾ ਮੰਗੇ ਭਾੜਾ, ਹੱਥ ਨਾ ਪੈਰ ਹਿਲਾਏ।
ਕੱਟੀ ਵਾਲੀ ਚਿੱਤ ਨਾ ਕੱਟੀ, ਆਪੇ ਖਲੀ ਚੁਆਏ।
ਜੋ ਖੱਟਰ[15] ਮਿਲ ਆਪ ਖਲੋਤੀ, ਚੜ੍ਹਦੇ ਰੰਗ ਸਵਾਏ[16]।
ਆਖ ਦਮੋਦਰ ਇਹੁ ਡਿੱਠਾ ਰਾਂਝਾ, ਸਭ ਚੂਚਕ ਪੈ ਆਏ॥੨੬੩॥

---

1. ਚਿੰਤਾ, ਸੋਚ, ਵਿਚਾਰ। 2. ਰਾਹ, ਰਾਹ ਖਾੜਾ। 3. ਮਾਲਕ, ਮਤਾਂ ਮਾਲਕਾਂ ਨੂੰ ਮੱਝਾਂ ਘਰ ਦੇਰ ਨਾਲ ਜਾਣਾ ਮਾੜਾ ਲਗੇ। ਫਾਰਸੀ ਵਿਚ ਖ਼ਸਮ ਦੇ ਅਰਥ ਦੁਸ਼ਮਨ ਦੇ ਹਨ, ਪਰ ਪੰਜਾਬੀ ਵਿਚ ਖਸਮ ਤੋਂ ਭਾਵ ਪਤੀ, ਮਾਲਕ ਲਿਆ ਜਾਂਦਾ ਹੈ। 4. ਬਘਿਆੜ। 5. ਵੇਖੋ ਬੰਦ 191। 6. ਕੰਨ ਖੜੇ ਕਰ ਲਏ। 7. ਘਾਹ ਦੇ ਤੀਲੇ ਮੂੰਹ ਵਿਚ ਨਹੀਂ ਪਾਂਦੀਆਂ। 8. ਕਿਵੇਂ ਉਨ੍ਹਾਂ ਨੂੰ ਧੀਰਜ ਆਵੇ। 9. ਮੱਝਾਂ ਰਾਂਝੇ ਦੀ ਵੰਝਲੀ ਸੁਣ ਕੇ ਇਉਂ ਨੱਸੀਆਂ ਆਈਆਂ ਜਿਵੇਂ ਕ੍ਰਿਸ਼ਨ ਜੀ ਨੇ ਵੰਝਲੀ ਵਜਾ ਕੇ ਗੋਪੀਆਂ ਨੂੰ ਸੱਦਿਆ ਹੋਵੇ। 10. ਕਿਸਮਤ ਨੇ ਸਾਨੂੰ ਕੁਝ ਦਿਨ ਇਥੇ ਆ ਬਿਠਾਇਆ ਹੈ। 11-12. ਕਿਹੜੀ ਔਕੜ ਮੁਸੀਬਤ। 13. ਦੇਰ ਹੋ ਗਈ। 14. ਜਦ ਮੰਝੂ ਜੰਗਲ ਵਲੋਂ ਘਰ ਨੂੰ ਚਲਿਆ ਤਾਂ ਬਹੁਤ ਧੂੜ ਉੱਡੀ। 15. ਵੇਲਾ ਚੁਕਾ ਕੇ ਮਿਲਣ ਵਾਲੀ, ਸਮੇਂ ਸਿਰ ਦੁੱਧ ਨ ਦੇਣ ਵਾਲੀ ਮੱਝ। 16. ਵੱਡੀਆਂ ਖੁਸ਼ੀਆਂ ਨਾਲ।

ਤਾਂ ਪਈ ਕੂਕ[1] ਵਿਚ ਝੰਗ ਸਿਆਲਾਂ, ਚਾਕ ਨਾ ਮੂਲ ਛੁੜੀਹਾਂ।
ਜਾਂ ਜਾਂ ਆਸ ਹਯਾਤੀ[2] ਹੋਵੇ, ਤਾਂ ਤਾਂ ਸਭ ਕਿਛ ਦੀਹਾਂ।
ਏ ਵਲੀ ਹੈ ਪੂਰਾ ਸੂਰਾ, ਅਜ਼ਮਾਏ ਦਾ ਕਿਆ ਅਜ਼ਮੀਂਹਾ[3]।
ਆਖ ਦਮੋਦਰ ਚਾਕ ਸਚਾਵਾ[4], ਵਿਸਾਹ ਨ ਇਸੇ ਕਰੀਹਾਂ[5]॥੨੬੪॥

## ਚਾਕਾਂ ਭਲੀ ਨਾ ਭਾਈ

ਚਰਾਇ ਲੈ ਆਯਾ ਮੱਝੀਂ ਧੀਦੋ, ਚਾਕਾਂ ਭਲੀ ਨ ਭਾਈ।
ਕੀਕਰ ਛਿੜਸੀ ਰਾਤ ਰੰਝੇਟਾ, ਸ਼ੀਹਾਂ ਘੁੰਮਰ ਪਾਈ[6]।
ਅਜਗਰ ਨਾਗ ਡੰਸ ਭਾਰੇ, ਲੈ[7] ਪੈਰ ਧਰੇ ਉਤ ਜਾਈ।
ਆਖ ਦਮੋਦਰ ਸਭਨਾਂ ਚਾਕਾਂ, ਏਹੋ ਮਤਾ ਪਕਾਈ॥੨੬੫॥

ਨਾਲ ਨਿਮਾਸ਼ੈ[8] ਮੱਝੀਂ ਤਾਈਂ, ਰਾਂਝਾ ਵਸਤੀ ਆਇਆ।
ਵੰਝਲੀ ਮਾਰ ਸਦਾਵੇ ਮੰਝੂ, ਚੇਟਕ[9] ਧੀਦੋ ਲਾਇਆ।
ਸੁਣ ਮੇਹੀਂ ਸਰੋਦ ਸਚਾਵਾ[10], ਚੱਲਣ ਤੇ ਚਿਤ ਚਾਇਆ।
ਆਖ ਦਮੋਦਰ ਡਿਠਾ ਮੱਝੀਂ, ਜੋ ਬਾਹਰ ਧੀਦੋ ਆਇਆ॥੨੬੬॥

ਵੰਝਲੀ ਮਾਰ ਸੁਣਾਈ ਧੀਦੋ, ਮੇਹੀਂ ਸਭ ਰੀਝਾਈਆਂ।
ਮੁਹਰਕ[11] ਤੋੜਨ ਕਤਹੁੰ ਨਾ ਧੀਰਨ[12], ਚੱਲਣ ਤੇ ਸਧਰਾਈਆਂ।
ਪੈਖੜ[13] ਤ੍ਰੋੜ ਧਿਙਾਣੇ ਜੁਲੀਆਂ, ਰਹਿਣ ਨਾ ਮੂਲ ਰਹਾਈਆਂ।
ਆਖ ਦਮੋਦਰ ਕੀਕਣ ਧੀਰਨ, ਗੋਪੀਆਂ ਕਾਨ੍ਹ ਬੁਲਾਈਆਂ॥੨੬੭॥

ਮੰਝੂ ਲੈ ਚਲਿਆ ਧੀਦੋ, ਘਿੱਨ ਸਵੇਲੇ ਆਇਆ।
ਰੱਸਾ ਵੱਟ ਬਣਾਈ ਜੱਲ੍ਹਰ, ਉਪਰ ਆਸਣ ਲਾਇਆ।
ਅਉਝੜ ਝੰਗ ਬੇਲਾ ਬਹੁ ਘਾਟਾ[14], ਮੰਝੂ ਵਿਚ ਗਡਾਯਾ[15]।
ਆਖ ਦਮੋਦਰ ਪਸ਼ੂ ਪਰਿੰਦੇ, ਧੀਦੋ ਸਭਨਾਂ ਭਾਇਆ॥੨੬੮॥

---

1. ਹੋਕਾ ਫਿਰ ਗਿਆ, ਧੁੰਮ ਪੈ ਗਈ। 2. ਜ਼ਿੰਦਗੀ। 3. ਇਸ ਨੂੰ ਅਜ਼ਮਾ ਚੁਕੇ ਹਾਂ ਹੋਰ ਕੀ ਅਜ਼ਮਾਣਾ ਹੈ। 4. ਸੱਚ ਨੂੰ ਪਹੁੰਚਿਆ ਹੋਇਆ। 5. ਇਸ ਦਾ ਵਿਸਾਹ ਨਾ ਕਰੀਏ। ਭਾਵ ਇਸ ਦੀ ਖਬਰਗੀਰੀ ਰੱਖੀਏ। ਇਹ ਕਿਤੇ ਚਲਾ ਨ ਜਾਏ ਜਾਂ ਇਸ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। 6. ਸ਼ੇਰਾਂ ਨੇ ਬੇਲਾ ਘੇਰਿਆ ਹੋਇਆ ਹੈ। 7. ਵੱਡੇ ਨਾਗ ਜ਼ਹਿਰ ਨਾਲ ਭਰੇ ਹੋਏ। 8. ਤ੍ਰਕਾਲਾਂ ਵੇਲੇ। 9. ਸਵਾਦ, ਖਿੱਚ। 10. ਸੱਚ ਨੂੰ ਪਹੁੰਚਿਆ ਰਾਗ, ਇਲਾਹੀ ਰਾਗ। 11. ਤਲੀਆਰਾ ਇਕ ਪ੍ਰਕਾਰ ਦਾ ਰੱਸਾ ਜਿਸ ਦਾ ਇਕ ਪਾਸਾ ਮੱਝ ਦੇ ਮੂੰਹ ਦੇ ਗਿਰਦ ਵਲਿਆ ਹੁੰਦਾ ਹੈ। 12. ਬਿਲਕੁਲ ਧੀਰਜ ਨਹੀਂ ਕਰਦੀਆਂ। 13. ਪੈਰਾਂ ਵਿਚ ਬੰਨ੍ਹਿਆ ਰੱਸਾ, ਜਾਂ ਲੋਹੇ ਦਾ ਜ਼ੰਜੀਰ ਆਦਿ। 14. ਝੁੰਗੀਆਂ ਝਾੜੀਆਂ ਨਾਲ ਬੇਲਾ ਸੰਘਣਾ ਭਰਿਆ ਹੋਇਆ ਸੀ। 15. ਖੜ੍ਹਾ ਕੀਤਾ।

ਮਿਲ ਮਿਲ ਚਾਕਾਂ ਮਸਲਤ ਕੀਤੀ ਅਸੀਂ ਇਹ ਚਾਕ ਮਰੀਹਾਂ[1]।
ਅੱਧੀ ਰਾਤੀਂ, ਕੌੜੇ ਸੋਤੇ[2], ਇਸ ਕੱਪ ਨਈਂ ਸਟੀਹਾਂ[3]।
ਕਿਹੜੇ ਲਸ਼ਕਰ ਚੜਸਨ ਪਿੱਛੋਂ, ਜੇ ਅਸੀਂ ਤਹੰਬਲ[4] ਦੀਹਾਂ।
ਟੁੱਕਰ ਖੱਸ ਚਕੋਰੇ ਲੀਤਾ[5], ਅਸੀਂ ਗਲੋਂ ਕਲੰਕ ਚੁਕੀਹਾਂ[6]॥੨੬੯॥

ਮਾਰਨ ਮਸਲਤ ਚਾਕਾਂ ਕੀਤੀ, ਬੁਰੀਆਂ ਨੀਤਾਂ ਚਾਈਆਂ।
ਆਏ ਤੇਜ਼ ਅਰੰਭ ਕੀਤੋਨੇ, ਚੋਰੀ ਘਿੱਨ ਸਰਵਾਹੀਆਂ[7]।
ਕਾਲੀ ਰਾਤ ਫੁਹਾਰ ਵਸੰਦੀ, ਮੋਢੇ ਤੇ ਰਖ ਚਾਈਆਂ।
ਆਖ ਦਮੋਦਰ ਬੇਲੇ ਆਏ, ਜਣੇ ਚੌਰਾਸੀ[8] ਸਾਈਆਂ॥੨੭੦॥

ਆਦਮੀ ਭੇਜ ਕੇ ਸਹੀ ਕੀਤੋਨੇ, ਬੈਠੇ ਧਿਆਨ[9] ਲਗਾਏ।
ਧ੍ਰੂਹ ਮਿਆਨੋਂ ਤੇਗਾਂ ਕੱਢੀਆਂ, ਐਲੀ ਐਲੀ[10] ਕਰ ਧਾਏ।
ਕਾਲੇ ਜੋੜੇ[11], ਕਾਲੇ ਘੋੜੇ, ਲੱਖ ਲਸ਼ਕਰ ਨਦਰੀ ਆਏ।
ਅੱਡੀ ਲਾਇ ਪਇਆਨੇ ਪਿੱਛੇ[12], ਨੱਠੇ ਚਾਕ ਸਵਾਏ[13]॥੨੭੧॥

ਕਈ ਮੁਏ ਪਿੜ ਉੱਤੇ ਲੋਕਾਂ, ਕਈ ਬਾਹਾਂ ਭੰਨ ਵੰਞਾਏ।
ਨਾਹੀਂ ਕੋਈ ਅਜਿਹਾ ਲੋਕਾਂ, ਜੋ ਇਨ੍ਹਾਂ ਨੀਰ-ਚੁਆਏ[14]।
ਮਾਰੇ ਬਹੁਤ ਨੱਠੇ ਹੀ ਤਬ ਹੀ, ਬਹੁ ਅਰਮਾਨ ਕਰਾਏ।
ਆਖ ਦਮੋਦਰ ਜੋ ਕੋਈ ਸਾਬਤ, ਅਕੇਲੇ ਛਪ ਕਰ ਆਏ॥੨੭੨॥

'ਪਿੱਟਨ'[15] ਨਾਰੀ ਮਤਾ ਪਕਾਇਆ, ਸੱਭ ਸਿਆਪੇ ਆਈ।
ਤਾਂ ਸੁਣ ਖ਼ਾਨ ਹਕੀਕਤ ਸਾਰੀ, ਕਹੀਂ ਏ ਗੱਲ ਸੁਣਾਈ।
ਸਹੀ ਕਰਿਹੋ[16] ਏਹ ਚਾਕ ਅਸਾਡਿਆ, ਕੀਤੀ ਜਾਇ ਲੜਾਈ।
ਆਖ ਦਮੋਦਰ ਸੱਦੇ ਚੂਚਕ, ਤਦਾਂ ਸੁ ਗੱਲ ਪੁਛਾਈ॥੨੭੩॥

---

1. ਇਸ ਚਾਕ (ਰਾਂਝੇ) ਨੂੰ ਮਾਰ ਦੇਈਏ। 2. ਦੇਰ ਰਾਤ ਗਏ, ਜਦ ਲੋਕੀ ਸੌਂ ਜਾਂਦੇ ਹਨ। 3. ਇਸ ਨੂੰ ਵੱਢ ਕੇ ਨਦੀ ਵਿਚ ਸੁੱਟ ਦੇਈਏ। 4. ਜੋ ਅਸੀਂ ਦੇਰ ਕਰੀਏ। 5. ਇਸ ਚਾਕ (ਰਾਂਝਣ) ਨੇ ਸਾਡੀ ਰੋਟੀ ਖੋਹ ਲਈ ਹੈ। 6. ਅਸੀਂ ਇਸ ਨੂੰ ਮਾਰ ਕੇ ਗਲੋਂ ਕਲੰਕ ਲਾਹ ਦੇਈਏ। 7. ਤਲਵਾਰਾਂ। 8. ਚੁਰਾਸੀ ਪੁਰਾਣੇ ਚਾਕ। 9. ਮਗਨ, ਮਸਤੀ ਵਿਚ। 10. ਮੁਸਲਮਾਨ ਲੋਕ ਜਦ ਜੰਗ ਵਿਚ ਜਾਂਦੇ ਹਨ ਤਾਂ 'ਯਾ ਅਲੀ' ਦਾ ਨਾਅਰਾ ਲਗਾਂਦੇ ਹਨ। 11. ਕਾਲੀਆਂ ਪੁਸ਼ਾਕਾਂ। 12. ਕਾਲੇ ਜੋੜੇ ਤੇ ਕਾਲੇ ਘੋੜਿਆਂ ਵਾਲੇ ਅਡੀਆਂ ਮਾਰ ਕੇ ਚੁਰਾਸੀ ਚਾਕਾਂ ਪਰ ਹਮਲਾਵਰ ਹੋਏ। 13. ਚਾਕ ਬੜੀ ਤੇਜ਼ੀ ਨਾਲ ਉਥੋਂ ਨੱਸ ਪਏ। 14. ਕੋਈ ਆਦਮੀ ਵੀ ਨੇੜੇ ਨਹੀਂ ਸੀ ਜੋ ਇਨ੍ਹਾਂ ਦੇ ਮੂੰਹ ਵਿਚ ਪਾਣੀ ਪਾਂਦਾ। 15. ਮਰ ਗਏ ਤੇ ਸੋਗ ਵਿਚ ਇਸਤ੍ਰੀਆਂ ਕਠੀਆਂ ਹੋ ਕੇ ਛਾਤੀ ਪਿਟਦੀਆਂ ਹਨ। ਇਸ ਨੂੰ ਹੀ 'ਸਿਆਪਾ' ਕਹਿੰਦੇ ਹਨ। 16. ਠੀਕ ਪਤਾ ਕਰੋ।

## ਬਿਆਨ ਚਾਕਾਂ ਦਾ

ਟੁੱਕਰ ਸੰਦਾ ਤਮਾਂ ਕੀਤੋਸੇ, ਬਹਿ ਕਰ ਮਤਾ ਪਕਾਯਾ।
ਮਾਰਣ ਧੀਦੋ ਕਾਰਨ ਕੀਤਾ, ਸਭ ਮਹਾਇਣ[1] ਧਾਯਾ।
ਕਾਲੇ ਜੋੜੇ, ਕਾਲੇ ਘੋੜੇ, ਅੱਗੋਂ ਲਸ਼ਕਰ ਆਯਾ।
ਲੈ ਸ਼ਮਸ਼ੀਰਾਂ[2] ਪਿੱਛਾ ਕੀਤਾ, ਅਸਾਂ ਨੱਸਣ ਤੇ ਚਿਤ ਚਾਯਾ।
ਸੁਣਹੋ ਚੂਚਕ ਅਸਾਂ ਤਮਾਸ਼ਾ, ਏ ਕੁਝ ਨਜ਼ਰੀਂ ਆਯਾ॥੨੭੪॥

ਹੋਈ ਨਿਸ਼ਾ[3] ਨਿਹਾਇਤ[4] ਚੂਚਕ, ਏ ਗੱਲ ਖ਼ਾਲੀ ਨਾਹੀਂ।
ਬਰਕਤ ਬਾਝੋਂ ਖਾਲੀ ਨਾਹੀਂ, ਹੋਈ ਨਿਸ਼ਾ ਅਸਾਹੀਂ।
ਬਰਕਤ ਵੰਦ ਸਹੀ ਸਚ ਹੈ ਇਹੁ[5] ਅਜ਼ਮਾਏ ਦਾ ਕਿਆ ਅਜ਼ਮਾਹੀਂ।
ਕਹੇ ਦਮੋਦਰ ਦਿਹੁੰ ਦਿਹੁੰ ਰੋਸ਼ਨ[6], ਥੀਂਦਾ ਚਾਕ ਤਦਾਹੀਂ॥੨੭੫॥

ਤਰੁਟ[7] ਉਮੀਦ ਗਈ ਚਾਕਾਂ ਦੀ, ਕੈਨੂੰ ਫੇਰ ਅਖਾਹਾਂ।
ਟੁੱਕਰ ਖੱਸ ਚਕੋਰੇ ਲੀਤਾ, ਨਹੀਂ ਨਸੀਬ ਅਸਾਹਾਂ।
ਜਾਂ ਜਾਂ ਅਸਾਂ ਨਸੀਬ ਖਧੋਸੇ[8], ਹੁਣ ਕੀਕਰ ਫੇਰ ਖਵਾਹਾਂ।
ਛੋੜਿਓ ਤਾਂਘ ਚੂਚਕ ਦੀ ਭਾਈ, ਲਕੜੀ ਘਾਹੁ ਲਗਾਹਾਂ[9]॥੨੭੬॥

ਆਪੇ ਛੇੜੇ ਤੇ ਆਪੇ ਢੋਏ, ਬੇਲੇ ਰਹੇ ਇਵਾਂਈਂ[10]।
ਬੇਲਾ ਬੈਠਾ ਸਿਵਤੁਸ ਸਭੋ, ਜਾਂ ਤਾਂ ਬੂਟੇ ਕਾਹੀਂ[11]।
ਸ਼ੀਂਹ, ਬਿਰੰਡੇ, ਬਿਸੀਅਰ ਸ਼ੂਕਣ, ਏ ਸਭ ਮਿੱਤ੍ਰ ਤੁਸਾਹੀਂ[12]।
ਆਖ ਦਮੋਦਰ ਕਾਮਲ ਰੰਝੇਟਾ, ਮਹਿਰਮ[13] ਥੀਆ ਸਭ ਜਾਹੀਂ॥੨੭੭॥

## ਗੱਲ ਤੁਸਾਡੀ ਹੁੱਲੀ

ਜਾਂ ਦੁਇ ਮਾਂਹ ਗੁਜ਼ਰੇ ਈਵੇਂ, ਤਾਂ ਚਉ ਚਉ[14] ਪਈਆਈ।
ਆਤਣ ਦੇ ਵਿਚ ਹੀਰ ਹੱਸੀ ਨੂੰ ਖਿਜਮਤ ਇਹੁ ਦਸਾਈ।
ਚੂਰੀ ਕੁੱਟ ਪਏਂਦੀ ਮੁੰਗਰ[15] ਉਤੋਂ ਖੰਡ ਰਲਾਈ।
ਕਹੇ ਦਮੋਦਰ ਚੌਂ ਚੌਂ ਚੱਲੀ, ਤਾਂ ਆਤਣ ਚੱਲ ਆਈ॥੨੭੮॥

---

1. ਮੱਝਾਂ ਚਾਰਨ ਵਾਲੇ ਪਾਲੀਆਂ ਦਾ ਸਾਰਾ ਕੋੜਮਾ। 2. ਤਲਵਾਰਾਂ। 3. ਤਸੱਲੀ। 4. ਆਖ਼ਰੀ ਹੱਦ ਤਕ। ਪੂਰੀ। 5. ਇਹ ਰਾਂਝਾ ਬਰਕਤਾਂ ਨਾਲ ਭਰਿਆ ਹੈ। 6. ਦਿਨ ਬਦਿਨ ਚਾਕ ਦੀ ਮਸ਼ਹੂਰੀ ਹੋਣ ਲੱਗੀ। 7. ਟੁੱਟ ਗਈ ਉਮੀਦ। 8. ਜਿਤਨੇ ਤਕ ਸਾਡੇ ਭਾਗਾਂ ਵਿਚ ਸੀ ਅਸੀਂ ਟੁਕਰ ਖਾਇਆ ਭਾਵ ਅਸੀਂ ਮੱਝਾਂ ਚਰਾ ਕੇ ਰੋਜ਼ੀ ਕਮਾਂਦੇ ਰਹੇ। 9. ਲਕੜੀਆਂ ਚੁਗਣ ਅਤੇ ਘਾਹ ਕੱਟਣ ਦੇ ਕੰਮ ਲਗੀਏ। 10. ਇਸੇ ਤਰ੍ਹਾਂ। 11. ਜਿਥੋਂ ਤਕ ਬੂਟੇ ਝਾੜੀਆਂ ਅਤੇ ਝੱਲ ਸਨ। 12. ਤੁਸਾਡੇ ਭਾਵ ਰਾਂਝੇ ਦੇ। 13. ਜਾਣਕਾਰ, ਭੇਤੀ। 14. ਚੁਰ ਵਿਚੁਰ ਚਲ ਪਈ। ਮੂੰਹੋਂ ਮੂੰਹ ਗੱਲ ਚਲ ਪਈ। 15. ਕਟੋਰਾ ਆਮ ਤੌਰ ਪਰ ਕਾਂਹਿ ਦਾ ਹੁੰਦਾ ਹੈ।

ਚੌਂ ਚੌਂ ਚੱਲ ਪਈ ਵਿਚ ਕੁੜੀਆਂ, ਡਰਦੀਆਂ ਆਖਣ ਨਾਹੀਂ।
ਗਈ ਸੁ ਗਈ, ਸਲੇਟੀ ਭੈਣੇ, ਇਹ ਰਹਿਣ ਦੀ ਨਾਹੀਂ।
ਬਾਝੋਂ ਮੁੱਲ ਵਿਕਾਇ ਖਲੋਤੀ, ਇਸ ਨੂੰ ਮੱਤ ਦੇਵਾਹੀਂ।
ਕਹੇ ਦਮੋਦਰ ਫਿਕਰ ਕੀਤੋਨੇ, ਹੋਈਆਂ ਆਖਣ ਤਾਈਂ॥੨੭੯॥

ਹੁੱਲੀ[1] ਹੀਰੇ ਹੁੱਲੀ ਭੈਣੇ ਗੱਲ ਤੁਸਾਡੀ ਹੁੱਲੀ।
ਹੁਣੇ ਤਾਂ ਚੂਚਕ ਬਾਪ ਸੁਣੇਂਦਾ, ਤਾਮ[2] ਨਾ ਪੱਕੇ ਚੁੱਲ੍ਹੀ[3]।
ਚਾਕਾਂ ਨਾਲ ਕਰੇਂ ਅਸ਼ਨਾਈ[4], ਫਿਰਨੀਏਂ ਕੇਸੋਂ ਖੁੱਲ੍ਹੀ[5]।
ਸੁਣ ਤੂੰ ਸੱਚ ਸਿਆਣੀ ਕੁੜੀਏ! ਚਾਕਾਂ ਉੱਤੇ ਭੁੱਲੀ[6]॥੨੮੦॥

## ਹੀਰ

ਜਾਂ ਜਾਂ ਕੰਜ ਕੁਆਰੀ ਹੈਸੀ, ਗੁੱਡੀਆਂ ਤਾਂ ਤਾਂ ਤਾਈਂ।
ਜਾਂ ਸ਼ਹੁ[7] ਮਿਲੇ ਤਾਂ ਲਾਵਾਂ ਘਿੰਨੇ, ਫਿਰ ਚਿਤ ਆਵਸ ਨਾਹੀਂ[8]।
ਅਸਾਂ ਤਾਂ ਕਾਮਲ ਮੁਰਸ਼ਦ[9] ਪਾਇਆ, ਕੁਝ ਲੁੜੀਂਦਾ ਨਾਹੀਂ।
ਬੇੜੀ ਪੀਘਾਂ ਤੁਸਾਂ ਮੁਮਾਰਖ[10], ਅਸਾਂ ਸੁ ਰਾਂਝਨ ਸਾਈਂ॥੨੮੧॥

ਤਾਂ ਸਹੀਆਂ ਸੁਣਕੇ ਚੁਪ ਕੀਤੀ, ਜਾਂ ਉਸ ਈਵ ਸੁਣਾਇਆ।
ਹੋਈਆਂ ਸਭ ਹੈਰਾਨ ਸਹੇਲੀਆਂ, ਸਾਫ਼ ਜਵਾਬ ਵਜਾਇਆ।
ਅੱਗ ਰਹੇ ਰੂਈਂ ਵਿਚ ਕੀਕਣ, ਮੱਥੇ ਇਸ਼ਕ ਜਣਾਇਆ[11]।
ਆਖ ਦਮੋਦਰ ਕੀਕਣ ਹੋਸੀ, ਅਚਰਜ[12] ਖੇਲ ਰਚਾਇਆ॥੨੮੨॥

ਤਾਂ ਚਉ ਚਉ ਚੱਲ ਪਈ ਵਿਚ ਆਲਮ,[13] ਝੰਗ ਸਿਆਲੇ ਆਈ।
ਚਰਚਾ ਚੱਲ ਪਈ ਸਭ ਥਾਈਂ, ਗਈ ਚੂਚਕ ਦੀ ਜਾਈ।
ਥੀਆ ਕਹੁਰ[14] ਨਾ ਕਹੁਰਾਂ ਜੇਹਾ, ਚਾਕੇ ਸੋ ਅਸ਼ਨਾਈ।
ਆਖ ਦਮੋਦਰ ਚਉ ਚਉ ਚੱਲੀ, ਚੂਚਕ ਖਬਰ ਨਾ ਪਾਈ॥੨੮੩॥

---

1. ਧੁੰਮ ਗਈ। ਸਭ ਪਾਸੇ ਫੈਲ ਗਈ। 2. ਰੋਟੀ ਫ਼ਾਰਸੀ ਸ਼ਬਦ ਤੁਆਮ ਤੋਂ ਬਣਿਆ ਹੈ। 3. ਚੁੱਲ੍ਹੇ ਰੋਟੀ ਨਹੀਂ ਪਕੇਗੀ ਭਾਵ ਘਰ ਵਿਚ ਰੌਲਾ ਪੈ ਜਾਏਗਾ। 4. ਦੋਸਤੀ। 5. ਪਾਗਲ ਹੋਈ ਫਿਰਦੀ ਹੈ। 6. ਰਾਂਝੇ ਚਾਕ ਪਰ ਮੋਹਿਤ ਹੋ ਗਈ ਹੈ। 7. ਪਤੀ, ਮਾਲਕ। 8. ਫਿਰ ਉਸ ਦਾ ਗੁਡੀਆਂ ਵਿਚ ਦਿਲ ਨਹੀਂ ਲਗਦਾ। 9. ਪੂਰਨ, ਗੁਰੂ। 10. ਮੁਬਾਰਕ, ਨਿਬਾਹੂ ਹੋਣ। 11. ਰੂੰ ਵਿਚ ਛੁਪੀ ਅੱਗ ਜਿਵੇਂ ਜ਼ਾਹਿਰ ਹੋ ਜਾਂਦੀ ਹੈ, ਇਸ ਤਰ੍ਹਾਂ ਇਸ਼ਕ ਭੀ ਜਲਦੀ ਜ਼ਾਹਿਰ ਹੋ ਜਾਂਦਾ ਹੈ। 12. ਅਜਬ, ਹੈਰਾਨਕੁਨ। 13. ਜਹਾਨ, ਦੁਨੀਆ। 14. ਜ਼ਿਆਦਤੀ, ਕਹਿਰ, ਜ਼ੁਲਮ।

ਪਿੰਡ ਚੌਰਾਸੀ ਸਭ ਚੂਚਕ ਦੇ, ਹੋਰ ਨ ਗੱਲ ਕਰੇਂਦੇ।
ਗਲੀਆਂ ਕੱਖ ਤਾਹੀਂ ਸਭ ਪੰਖੀ, ਖਲੇ ਉਗਾਹੀ ਦੇਂਦੇ।
ਧੀ ਚੂਚਕ ਦੀ ਵਿਗੜੀ ਲੋਕਾ, ਲੋਕੀਂ ਗਿਲਾ ਕਰੇਂਦੇ।
ਆਖ ਦਮੋਦਰ ਸਭ ਕੋਈ ਆਖੇ, ਕਿਉਂ ਨਹੀਂ ਘੁੱਟ ਮਰੇਂਦੇ[1] ॥੨੮੪॥

ਜਾਂ ਦਿਹੁੰ ਦੋ ਤ੍ਰੈ ਗੁਜ਼ਰ ਗਿਆਨੀ[2], ਤਾਂ ਗੁੱਝੀ ਗੱਲ ਨਾ ਕਾਈ।
ਹੋਇਆ ਗ਼ੌਗਾ[3] ਆਲਮ ਸਾਰੇ[4], ਗਈ ਚੂਚਕ ਦੀ ਜਾਈ।
ਕਸਬਾ ਕੁੱਲ ਨਾ ਡਰੇ ਆਖਣ ਤੋਂ, ਸਭ ਬਿਅਦਬ ਥੀ ਆਈ।
ਆਖ ਦਮੋਦਰ ਅਜੇ ਇਭ ਵੇਲੇ, ਘਰ ਚੂਚਕ ਨਹੀਂ ਆਈ[5] ॥੨੮੫॥

ਖ਼ਾਨ ਇੱਕ ਦਿਨ ਵੱਡੇ ਵੇਲੇ, ਬੰਨ੍ਹ ਖਟਾਵਣ ਆਇਆ[6]।
ਕਸਬਾ ਸਭ ਸਦਾਇਆ ਚੂਚਕ, ਕੰਮ ਸੱਭੋ ਹੀ ਲਾਇਆ।
ਕੰਮ ਕਰੇਂਦੇ ਸਭੋ ਕੰਮੀਂ, ਕਿਸੇ ਨ ਮੂੰਹੋਂ ਅਲਾਇਆ।
ਆਖ ਦਮੋਦਰ ਪੜਦਾ ਅਜੇ, ਸਾਈਂ ਚੂਚਕ ਦਾ ਨਹੀਂ ਲਾਹਿਆ ॥੨੮੬॥

ਹੱਡ ਸ਼ਰੀਕ[7], ਤਿਨ੍ਹਾਂ ਦੀਆਂ ਨਾਰੀਂ, ਕਿੱਸਾ ਸੁਣ ਸਭ ਪਾਇਆ।
ਕਰ ਕਾਵੜ ਉਠਿਆ ਕਬੀਲਾ, ਘਰ ਚੂਚਕਾਣੇ ਆਇਆ।
ਮਿਲੀਆਂ ਆਣ ਨੂੰਹਾਂ ਚੂਚਕ ਨੂੰ[8], ਓਹਨਾਂ ਅੱਗੇ ਆਖ ਸੁਣਾਇਆ।
ਆਖ ਦਮੋਦਰ ਡਰੀ ਨਾ ਕਾਈ, ਕੁੱਲ ਸ਼ਰੀਕਾ ਆਇਆ ॥੨੮੭॥

## ਸੁਣ ਬੇਬੇ ਹਿਕ ਗੱਲ ਅਸਾਡੀ

ਸੁਣ ਬੇਬੇ ਹਿਕ ਗੱਲ ਅਸਾਡੀ, ਦੁਖਾਇਕੇ[9] ਤੁਧ[10] ਕਰੇਂਦੇ।
ਕੇ ਜੀਂਦੇ, ਕੇ ਮੁਏ ਦਿਸੀਂਦੇ[11] ਸੁਣ ਸੁਣ ਚੁਪ ਕਰੇਂਦੇ।
ਕੇ ਗਈ ਬੁੱਧ[12] ਅਸਾਡੀ ਬੇਬੇ! ਆਪੇ ਜਾਣ ਕਰੇਂਦੇ।
ਸੁਣ ਬੇਬੇ! ਇਹ ਨਹੀਂ ਮੁਨਾਸਬ, ਜਾਤੀ ਦਾਗ਼[13] ਲਏਂਦੇ ॥੨੮੮॥

ਬੋਲ ਜਵਾਬ ਦਿੱਤੋਨੇ ਅੱਗੋਂ[14], ਤੁਸਾਂ ਕੇ ਆਖ ਸੁਣਾਇਆ।
ਅੱਜ ਕਲ[15] ਕੋਈ ਵੈਰ ਨਵੇਲਾ, ਚੂਚਕ ਸਿਰ ਤੇ ਚਾਇਆ।
ਸੌਦਾਗਰੀ ਕਹੀਂ ਲੁੱਟ ਨਾ ਲੀਤੀ, ਨਾ ਕੋਈ ਖੋਜ[16] ਅਸਾਡੇ ਆਇਆ।
ਕੇ ਕੋਈ ਪਿਛੋਂ ਮੁਆ ਅਸਾਡਾ, ਕਹੀਏ ਆਣ ਸੁਣਾਇਆ।
ਆਖਹੁ ਬੀਬੀ! ਸੱਚ ਹਕੀਕਤ, ਕਹੀਂ ਅਕਬਰ ਸ਼ਾਹ ਭਛਾਇਆ[17] ॥੨੮੯॥

---

1. ਗਲ ਘੁਟ ਕੇ ਮਾਰ ਕਿਉਂ ਨਹੀਂ ਦੇਂਦੇ। 2. ਜਦ ਦੋ ਤਿੰਨ ਦਿਨ ਉਨ੍ਹਾਂ ਨੂੰ ਹੋਰ ਬੀਤ ਗਏ। 3. ਸ਼ੋਰ, ਰੌਲਾ। 4. ਸਾਰੇ ਜਗਤ ਵਿਚ। 5. ਅਜੇ ਇਹ ਗੱਲ ਚੂਚਕ ਦੇ ਘਰ ਨਹੀਂ ਪਹੁੰਚੀ। 6. ਟੋਇਆਂ ਵਿਚੋਂ ਮਿੱਟੀ ਪੁੱਟ ਕੇ ਬੰਨ੍ਹ ਦੇ ਪੁਆਉਣ ਆਇਆ। 7. ਨੇੜੇ ਦੇ ਸ਼ਰੀਕ, ਖ਼ੂਨ ਦੇ ਰਿਸ਼ਤੇ ਵਾਲੇ ਸ਼ਰੀਕ। 8. ਸ਼ਰੀਕੇ ਵਿਚ ਨੂੰਹਾਂ ਚੂਚਕ ਦੀ ਘਰ ਵਾਲੀ ਨੂੰ ਆ ਮਿਲੀਆਂ। 9. ਦੁਖ ਆਇ ਕਰ, ਦੁਖੀ ਹੋ ਕੇ। 10. ਤੈਨੂੰ। 11. ਨਾ ਅਸੀਂ ਜੀਉਂਦਿਆਂ ਵਿਚ ਹਾਂ ਨਾ ਮੋਇਆਂ ਵਿਚ। 12. ਸਮਝ, ਸੁਰਤ, ਅਕਲ। 13. ਵੱਟਾ, ਬਦਨਾਮੀ। 14. ਮਹਿਰੀ ਕੁੰਦੀ (ਹੀਰ ਦੀ ਮਾਂ) ਨੇ ਅੱਗੋਂ ਜਵਾਬ ਦਿੱਤਾ। 15. ਇਹ ਸਾਰੀ ਤੁਕ ਖਰੜਾ 'ਅ' ਤੇ 'ਸ' ਵਿਚ ਦਰਜ ਨਹੀਂ। 16. ਚੋਰੀ ਦਾ ਖੁਰਾ, ਪੈੜਾਂ ਦੇ ਨਿਸ਼ਾਨ। 17. ਬਹਿਕਾਇਆ, ਚੁਕਿਆ। ਕੀ ਅਕਬਰ ਸਮਰਾਟ ਨੇ ਕਿਸੇ ਨੂੰ ਸਾਡੇ 'ਤੇ ਚੜ੍ਹਾ ਕਰ ਭੇਜਿਆ ਹੈ।

ਨਾ ਕੋਈ ਪਿਛੋਂ ਮੋਇਆ ਸੁਣਿਆਂ, ਨ ਖੋਜ ਤੁਸਾਡੇ ਆਇਆ।
ਅਕਬਰ ਗਾਜ਼ੀ ਰੰਜ ਨਾ ਥੀਆ, ਨਾ ਕਹੀਂ ਜਾਇ ਭਛਾਇਆ।
ਏਥੇ ਵੱਜ ਰਹੇ ਸ਼ਦਿਆਨੇ[1], ਤੁਸਾਂ ਨਾ ਸੁਣ ਹੈ ਪਾਇਆ।
ਸੁਣ ਬੇਬੇ ਜੋ ਪੇਟੋਂ ਜਾਈ, ਇਹੁ ਤਿਸੇ ਅਲਾਂਬਾ[2] ਲਾਇਆ॥੨੯੦॥

## ਮਾਂ ਹੀਰ ਦੀ

ਬੇਬੇ ਉਠ ਘਰ ਜਾਵਹੁ ਆਪਣੇ, ਸਾਨੂੰ ਫੱਟ ਅਵੱਲਾ ਲਾਇਓ।
ਫਾਟੇ ਹੱਥ[3] ਤੇ ਥੋਣ ਹਿਲਾਇ[4], ਮੱਥੇ ਤੇ ਹੱਥ ਲਾਇਓ।
ਮਹੁਰਾ[5] ਖਾਇ ਮਰੀਹਾਂ ਸੱਭੇ, ਜੀਵਾਂ ਕੇ ਸੁਖ ਪਾਇਓ।
ਆਖ ਦਮੋਦਰ ਵਾਰ ਬੁੱਢੇ ਦੀ, ਧੀਉ ਦਾਗ਼ ਲਗਾਇਓ॥੨੯੧॥

## ਭਰਜਾਈਆਂ ਸਦ ਬਹਾਈ

ਮਿਲ ਬਹਿ ਮਸਲਤ ਕੀਤੀ ਨਾਰੀਂ, ਇਹ ਪਸਿੰਦ ਕਰੀਹਾਂ।
ਆਵੈ ਹੀਰ ਬੈਠ ਸਮਝੈਹਾਂ[6], ਭੇਦ ਨ ਕਿੱਸੇ ਦੀਹਾਂ।
ਮਤ ਪੜਦਾ ਰਹਿਸੁ ਬੇਢੇ ਦੀ ਵਾਰੀ, ਗੱਲ ਨ ਮੂਲ ਚਲਈ ਹਾਂ।
ਆਖ ਦਮੋਦਰ ਬੈਠ ਹੀਰੇ ਨੂੰ ਆਤਣ ਵਿਚ ਉਡਕੀਹਾਂ[7]॥੨੯੨॥

ਜਾਂ ਠੀਕ ਦੁਪਹਿਰ ਪੂਰੇ ਹੋਏ, ਤਾਂ ਹੀਰ ਸਲੇਟੀ ਆਈ।
ਕਰ ਕਰ ਸੱਦ ਪੁਕਾਰਾਂ ਹੀਰੇ, ਭਰਜਾਈਆਂ ਸੱਦ ਬਹਾਈ।
ਸਦਕੇ ਕੀਤੀ ਮੈਂ ਲਖ ਵਾਰੀ, ਸਦਕੇ ਮੈਂ ਭਰਜਾਈ।
ਅਸਾਂ ਸੁਣਿਆਂ ਸੱਚ ਸਹੀ ਕਰ, ਤੇਰੀ ਚਾਕੇ ਸੋਂ ਅਸ਼ਨਾਈ॥੨੯੩॥

ਕਰ ਕਾਵੜ ਕਹਿੰਦੀ ਸਲੇਟੀ, ਭਾਬੀ ਜੋਗ ਸੁਣਾਇਆ।
ਮੰਦਾ ਚੰਗਾ ਸੁਣ ਖਾਂ ਨੀ[8], ਹੈ ਕੇ ਮੈਂਡਾ ਨਦਰੀ ਆਇਆ[9]।
ਬੋਲ ਖਿਲਾਫ਼ਤਾਈ[10] ਦੀਆਂ ਪੰਡੀਂ[11], ਕਿਉਂ ਮੈਂਡਾ ਜੁੱਸਾ ਤਾਇਆ[12]।
ਨਹੀਂ ਮੁਨਾਸਬ ਖ਼ਾਨਾ ਹਾਏ[13], ਬਿਨ ਡਿੱਠਿਆ ਆਖਣ ਆਇਆ[14]॥੨੯੪॥

---

1. ਢੋਲ, ਨਗਾਰੇ। 2. ਲਾਂਬੂ, ਮੁਆਤਾ। 3–4. ਹੱਥ ਮਲੇ ਤੇ ਬੁਲ੍ਹ ਹਿਲਾਏ। ਖਰੜਾ 'ਅ' ਤੇ 'ਸ' ਵਿਚ ਪਾਠ 'ਧੋਣ ਹਿਲਾਏ' ਹੈ। 5. ਜ਼ਹਿਰ। 6. ਅਸੀਂ ਸਮਝਾਈਏ। 7. ਅਸੀਂ ਉਡੀਕ ਕਰੀਏ। 8. 'ਅ' ਤੇ 'ਸ' ਵਿਚ ਪਾਠ ਹੈ 'ਮੰਦਾ ਚੰਗਾ ਸੁਖਣ ਸੁਣ ਖਾਂ ਨੀ।' 9. ਮੇਰੀ ਕੀ ਗੱਲ ਤੁਹਾਨੂੰ ਨਜ਼ਰ ਆਈ ਹੈ? 10. ਮੁਖਾਲਫ਼ਤ ਦੀਆਂ ਗੱਲਾਂ, ਵਿਰੋਧ ਦੀਆਂ ਗੱਲਾਂ। 11. ਗੱਲਾਂ ਦੀਆਂ ਪੰਡਾਂ, ਬਹੁਤ ਸਾਰੀਆਂ ਗੱਲਾਂ। 12. ਮੈਨੂੰ ਕਿਉਂ ਗੁੱਸਾ ਦਿਵਾਇਆ। 13. ਖਾਨਾ ਦੀਆਂ ਵਹੁਟੀਆਂ ਨੂੰ ਮੁਨਾਸਿਬ ਨਹੀਂ ਬਣਦਾ। 14. ਬਿਨਾਂ ਦੇਖੇ ਗੱਲ ਕਰਣ। ਬਿਨ ਦੇਖੇ ਤੁਹਮਤ ਲਗਾਣਾ।

**ਭਾਬੀਆਂ**

ਬਾਬਲ ਬਾਜ਼, ਤੇ ਚਰਗ[1] ਪਿਤ੍ਰੀਏ[2] ਸ਼ਿਕਰੇ, ਬਾਸ਼ੇ ਭਾਈ।
ਮਾਉ ਘੁਮਾਈ[3] ਕੂੰਜ ਥੀ ਉਡਸੀ, ਸੀਚਾਂਨੇ[4] ਭਰਜਾਈ।
ਕਦੀ ਸਮਝ ਸਿਆਣੀ ਧੀਏ! ਮੱਤ ਨਾ ਤੈਨੂੰ ਕਾਈ।
ਕੈਂਦੀ ਧੀ ਤੇ ਨੂੰਹ ਕੈਂਦੀ ਹੈਂ! ਜਿਨ੍ਹਾਂ ਜ਼ਿਮੀਂ ਵਧਾਈ[5] ॥੨੯੫॥

ਤਾਂ ਤਾਂ ਬਹੁਤ ਵਿਚ ਸ਼ੋਰ ਸਿਆਲੀਂ, ਦਿਹੁੰ ਦਿਹੁੰ ਚੜ੍ਹੇ ਸਵਾਈ।
ਤਦੋਂ ਬਕ[6] ਪਈਆਂ ਭਰਜਾਈਆਂ, ਚੋਰੀ ਸੱਸ ਬੁਲਾਈ।
ਸੁਣ ਭਾਬੀ ਤੂੰ ਵਾਰੀ 'ਹੀਰੇ', ਕਿਤ ਕੂ ਫੁਟ ਵਿਆਈ[7]।
ਗਲ ਥੀਂ ਨਾੜਾ ਨਾ ਕਪਿਓਈ, ਭਾਹਿ ਅਵੱਲੀ ਜਾਈ[8] ॥੨੯੬॥

ਤਾਂ ਕੁੰਦੀ ਸੁਣ ਰੁੰਨੀ ਲੋਹੂ[9], ਜਾਂ ਉਨ੍ਹਾਂ[10] ਏਹੁ ਸੁਣਾਈ।
ਕੁੱਲ ਸ਼ਰੀਕ ਨਿਵਾਏ ਅਸਾਂ, ਹੁਣ ਮੈਂ ਊਂਧੀ[11] ਆਈ।
ਜੇ ਜਾਣਾ ਅੱਗ ਪੇਟੋਂ ਜੰਮੀਂ, ਕੱਪ ਨਾ ਗਰਦਨ ਲਾਹੀ।
ਆਖ ਦਮੋਦਰ ਰੋਂਦੀ ਮਹਿਰੀ, ਦੁਖੀ ਬਹੁਤ ਤਿਵਾਈਂ[12] ॥੨੯੭॥

ਤਾਂ ਮਨ ਮੰਦਾ ਕੀਤਾ ਮਹਿਰੀ[13], ਚੋਰੀ ਹੀਰ ਸਦਾਈ।
ਸੁਣ ਬੇਟੀ ਮੈਂ ਵਾਰ ਬੁਢੇ ਦੀ, ਤੂੰ ਸੈਂ ਪੇਟੋਂ ਜਾਈ।
ਮਰਾਂ, ਕਿ ਜੀਵਾਂ, ਕਿ ਸਿਰ ਕੱਪੀਂ, ਕੇ ਮੈਂ ਮਹੁਰਾ ਖਾਈ।
ਆਖੇ ਮਹਿਰੀ ਸੁੰਞੀ[14] ਧੀਏ, ਊਂਧੀ ਆਈ॥੨੯੮॥

**ਹੀਰ**

ਸੁਣ ਮਾਏ! ਤੈਂਡੇ ਜੀਵਣ ਜਾਏ, ਕੈਂ ਤੈਂਡੀ ਪਿੰਡੀ ਤਾਈ[15]।
ਬੇ ਤਕਸੀਰ ਕੇ ਡਿੱਠੋ ਮੈਂਡਾ, ਕੂੜੀ ਬਦੀ ਉਠਾਈ[16]।
ਮੈਂ ਕੇ ਜਾਣਾ! ਕੰਜ ਕੁਆਰੀ, ਹੋਂਦੀ ਕੈ ਅਸ਼ਨਾਈ[17]।
ਆਖ ਦਮੋਦਰ ਕੁੰਦੀ ਮਹਿਰੀ, ਹੀਰੇ ਸਹੀ ਵਲਾਈ[18] ॥੨੯੯॥

---

1. ਇਕ ਸ਼ਿਕਾਰੀ ਪੰਛੀ। 2. ਤਾਇਆ, ਚਾਚਾ। 3. ਸਦਕੇ ਹੋਈ। 4. ਸ਼ਿਕਾਰ, ਪੰਛੀ। 5. ਜਿਨ੍ਹਾਂ ਨੇ ਇਲਾਕੇ ਫ਼ਤਹ ਕੀਤੇ ਹਨ। 6. ਬੋਲ ਪਈਆਂ। 7. ਤੂੰ ਕਿਉਂ ਹੀਰ ਨੂੰ ਜਨਮ ਦਿੱਤਾ। 8. ਇਹ (ਹੀਰ) ਤੇ ਨਿਰੀ ਅੱਗ ਹੈ ਜੋ ਕਾਬੂ ਵਿਚ ਨਹੀਂ ਰੱਖੀ ਜਾ ਸਕਦੀ। 9. ਲਹੂ ਦੇ ਹੰਝੂ ਰੋਈ। 10. 'ਅ' 'ੲ' ਤੇ 'ਸ' ਵਿਚ ਪਾਠ ਜਾਓ ! ਨਾ ਇਹ। 11. ਉਲਟੀ ਪਟਖਨੀ, ਹੇਠੀ, ਸ਼ਰਮਿੰਦਗੀ। ਮੂੰਹ ਨੀਵਾਂ ਹੋਇਆ। 12. ਤਿਤੇ ਵੇਲੇ, ਉਸ ਸਮੇਂ। 13. ਮਹਿਰੀ ਕੁੰਦੀ ਦਾ ਦਿਲ ਦੁਖੀ ਹੋਇਆ। 14. ਉਜੜੀ ਪੁਜੜੀ, ਬਦਬਖਤ। 15. ਕਿਸੇ ਨੇ ਤੈਨੂੰ ਤਪਾਇਆ ਹੈ। 16. ਮੇਰੇ ਉਪਰ ਝੂਠਾ ਇਲਜ਼ਾਮ ਲਾਇਆ ਹੈ। 17. ਯਾਰੀ, ਦੋਸਤੀ ਕੀ ਹੁੰਦੀ ਹੈ। 18. ਹੀਰ ਨੇ ਮਾਂ ਕੁੰਦੀ ਨੂੰ ਠੀਕ ਵਿਲਾ ਲਿਆ ਭਾਵ ਧੋਖੇ ਵਿਚ ਰੱਖਿਆ।

**ਮਾਂ**

ਸੁਣ ਧੀਏ ਤੂੰ ਦੁਧ-ਨਿਪੁੰਨੀ[1], ਸਦ ਕੇ ਮਹੀਂ ਵੰਞਾਈਂ[2]!
ਕੈਂਦੀ ਬੇਟੀ, ਤੇ ਨੂੰਹ ਕੈਂਦੀ, ਭੁਈਂ ਨਈਂ ਦੇ ਸਾਈਂ।
ਨਾਲ ਸੁ ਅਕਬਰ ਦਾਵਾ ਜੈਂਦਾ, ਢੁੱਕਣ ਸੱਤੇ ਪਾਹੀਂ[3]।
ਕਦੀ ਤਾਂ ਸਮਝ ਸਿਆਣੀ ਧੀਏ, ਇਹੁ ਮੁਨਾਸਬ ਨਾਹੀਂ॥੩੦੦॥

**ਹੀਰ**

ਸੁਣ ਮਾਏ! ਤੈਂਡੇ ਜੀਵਣ ਜਾਏ, ਕੈਂ ਤੁਧ ਨੂੰ ਆਖ ਸੁਣਾਈ।
ਪੁੱਤ ਪਰਾਇਆ[4], ਕਿਸਮਤ ਆਇਆ[5], ਇੱਜ਼ਤ ਇਸ ਨਾ ਕਾਈ।
ਚਾਕੋ ਚਾਕ ਸਦੇਂਦੇ ਸੱਭੇ, ਸਿਆਲਾਂ ਲੱਜ ਨਾ ਕਾਈ।
ਸੁਣ ਵਣ ਮਾਏ! ਤੈਨੂੰ ਆਖਾਂ, ਮੈਂ ਵਿਚ ਦੋਸ਼ ਨਾ ਕਾਈ॥੩੦੧॥

**ਮਾਂ**

ਸੁਣ ਨੀ ਹੀਰੇ! ਗੁਣੀ ਗਹੀਰੇ[6]! ਤੁਧ ਭਲੇਰੀ ਚਾਈ[7]।
ਘਰ ਘਰ ਗੱਲ ਤੁਸਾਡੀ ਹੀਰੇ, ਸੁਣਸਨ ਸੱਕੇ ਭਾਈ।
ਜੇ ਮਰ ਜਾਵੇ ਚਾਕ ਕਿਵੇਂ ਹੀ[8], ਅਸਾਂ ਊਂਧੀ ਆਈ।
ਨਿੱਜ ਆਵੰਦਾ[9] ਕਿੱਦੋਂ, ਆਇਆ, ਲੱਗੁਸ ਕਾਨੀ[10] ਕਾਈ।
ਆਖੇ ਮਾਉਂ ਸਿਆਣੀ ਧੀਏ, ਰੋਂਦੀ ਬਹਿ ਭਰਜਾਈ॥੩੦੨॥

**ਹੀਰ**

ਸੁਣ ਮੈਂ ਆਖਾਂ ਮੈਂਡੀ ਮਾਏ! ਤੈਨੂੰ ਕੌਣ ਸਮਝਾਏ।
ਭਰੇ ਵਾਤ ਚਉਲ ਤੇ ਬੈਠੀ[11], ਨ ਪੁਣ ਪੁੱਤਰ ਪਰਾਏ[12]।
ਸਮਝ ਇਆਣੀ[13], ਥੀਉ ਸਿਆਣੀ[14], ਬੁਝੈਂ ਨਹੀਂ ਬੁਝਾਏ।
ਤੋਹੀ ਪੀੜ ਸਿਞਾਪੇ ਮਾਏ! ਜੇਹੋ ਭੌਂ ਭੀ ਪੇਟੋਂ ਜਾਏ॥੩੦੩॥

ਮੱਥਾ ਠੋਕ[15] ਉਠੀ ਮਹਿਰੇਟੀ[16], ਜਾਂ ਉਸ ਈਂਵ ਸੁਣਾਈ।
ਵੱਜੀ ਤਾਰ ਰਾਜ ਮੈਂ ਲੱਧਾ[17], ਜੋ ਤੈਂ ਗੱਲ ਅਲਾਈ।
ਉੱਠੀ ਰੋਇ ਕਰ ਕਾਵੜ ਮਹਿਰੀ, ਬੋਲੀ ਫੇਰਨ ਭਾਈ[18]।
ਆਖ ਦਮੋਦਰ ਹਾਲ ਭਲੇਰੇ[19] ਊਂਧੀ ਝੂਣੀ[20] ਆਈ॥੩੦੪॥

---

1. ਦੁੱਧ ਨਿਪਜੀ, ਮਾਂ ਦਾ ਦੁੱਧ ਤੈਨੂੰ ਮੁਬਾਰਕ ਹੋਵੇ। 2. ਮੈਂ ਤੇਰੇ ਉਪਰ ਕੁਰਬਾਨ ਜਾਂਦੀ ਹਾਂ। 3. ਸਤ ਪ੍ਰਕਾਰ ਦੇ ਪਸ਼ੂ, ਸਭ ਮਾਲ ਢਾਂਡਾ। 4. ਪਰਾਇਆ ਪੁੱਤ – ਰਾਂਝੇ ਵਲ ਸੰਕੇਤ ਹੈ। 5. ਕਿਸਮਤ ਦਾ ਮਾਰਿਆ ਏਧਰ ਆ ਗਿਆ। 6. ਗੁਣਵਾਨ। 7. ਤੂੰ ਚੰਗਾ ਕੰਮ ਨਹੀਂ ਕੀਤਾ। 8. ਕਿਸੇ ਤਰ੍ਹਾਂ। 9. ਨਿਜ ਆਉਂਦਾ, ਸ਼ਾਲਾ ਨਾ ਆਉਂਦਾ। 10. ਤੀਰ। 11–12. ਤੇਰਾ ਚਾਉਲਾਂ ਨਾਲ ਮੂੰਹ ਭਰਿਆ ਹੈ ਭਾਵ ਰੱਬ ਨੇ ਤੈਨੂੰ ਸਭ ਕਿਛ ਦਿੱਤਾ ਹੈ। ਪਰਾਏ ਪੁੱਤਰਾਂ ਦਾ ਬੁਰਾ ਨਾ ਮੰਗ। 13–14. ਸਮਝ ਤੇਰੀ ਛੋਟੀ ਹੈ ਭਾਵੇਂ ਤੂੰ ਸਿਆਣੀ ਅਥਵਾ ਵਡੇਰੀ ਹੋ ਗਈ ਹੈਂ। 15. ਮੱਥੇ 'ਤੇ ਹੱਥ ਮਾਰ ਕੇ। 16. ਮਹਿਰੀ ਕੁੰਦੀ। 17. ਮੈਂ ਤੇਰੀ (ਹੀਰ ਦੀ) ਅੰਦਰਲੀ ਸੁਰ ਸਮਝ ਲਈ ਹੈ। 18. ਹੋਰ ਗੱਲ ਕਰਨੀ ਠੀਕ ਨਹੀਂ ਸਮਝੀ। 19. ਮਾੜੇ ਹਾਲ। 20. ਨਿੰਮੋ ਹੋ ਗਈ।

## ਹੀਰ ਸੁ ਲੀਕ ਲਏਂਦੀ ਤੈਨੂੰ

ਹਿਕ ਦਿਨ ਚੂਚਕ ਬਾਹਰ ਆਇਆ, ਪਾਣੀ ਬੰਨ੍ਹ ਖਟਾਇਆ[1]।
ਘਿੰਨ ਬੁਲਾਇਆ ਕਸਬਾ ਸਾਰਾ, ਕੰਮ ਸਭੋ ਹੀ ਲਾਇਆ।
ਭਲੀ ਗੁਜ਼ਾਰੀ ਚੂਚਕ ਖਾਨਾ! ਨਾਹੋਂ ਕਿਸੇ ਨਿਵਾਇਆ।
ਹੀਰ ਸੁ ਲੀਕ[2] ਲਏਂਦੀ ਤੈਨੂੰ, ਕਹੀਂ[3] ਗਵਾਰ[4] ਸੁਣਾਇਆ॥੩੦੫॥

ਇਹ ਸੁਣ ਪੇਟ ਪਜੂਤੀ[5] ਚੂਚਕ, ਫਿਰ ਆਇਆ ਅੰਦਰ ਭਾਈ।
ਮੱਥੇ ਤਿਊੜੀ ਤੇ ਮੂੰਹ ਪੀਲਾ, ਬੁੱਝ ਨਾ ਸਕੈ ਕਿਵਾਈ[6]।
ਛੋੜ ਦਲਾਨ[7] ਸਫਾ[8] ਤੇ ਕੋਠਾ, ਕੋਠੀ ਵੜਿਆ ਤਾਹੀਂ[9]।
ਆਖ ਦਮੋਦਰ ਮਹਿਰੀ ਰੁੰਨੀ, ਇਹ ਗੱਲ ਖ਼ਾਲੀ ਨਾਹੀਂ॥੩੦੬॥

ਮਹਿਰੀ ਆਣ ਵੜੀ ਫਿਰ ਅੰਦਰ, ਹੱਸ ਕਰ ਖ਼ਾਨ ਬੁਲਾਇਆ।
ਕਿਉਂ ਦਿਲਗੀਰ[10] ਅਤੇ ਚੁਪਾਤਾ, ਤੂੰ ਕਿਉਂ ਅੰਦਰ ਆਇਆ?
ਕੇਹਾ ਗ਼ਮ ਖਾਧੋਈ ਖਾਨਾਂ! ਤੁੱਧ ਕਿਸੇ ਦੁਖਾਇਆ।
ਆਖ ਦਮੋਦਰ ਖ਼ਾਨ ਚੂਚਕ ਤੋਂ, ਮਹਿਰੀ ਏਂਵ ਪੁਛਾਇਆ॥੩੦੭॥

## ਚੂਚਕ

ਪਾਟਾ ਪੇਟ, ਕੇ ਪੱਟੀ ਬੱਝੇ, ਕੈਨੂੰ ਆਖ ਸੁਣਾਈਂ?
ਗੱਲ ਨ ਆਖਣ, ਵੇਖਣ ਜੋਗੀ, ਮੂੰਹ ਕੱਢ ਮੱਥੇ ਲਾਈਂ।
ਇਸ ਜੀਵਣ ਤੋਂ ਮਰਣ ਚੰਗੇਰਾ, ਜੇ ਮੈਂ ਮਹੁਰਾ ਖਾਈਂ।
ਆਖ ਦਮੋਦਰ, ਮੂੰਹ ਪੀਲੇ ਬੋਲਿਆ, ਕੇ ਮੂੰਹ ਆਖ ਸੁਣਾਈ[11]॥੩੦੮॥

## ਕੁੰਦੀ

ਕੇ ਕੋਈ ਅੱਜ ਕਲ੍ਹ ਵੈਰ ਨਵੇਲਾ, ਲੈ ਕਰ ਤੁਧ ਸਿਰ ਚਾਇਆ।
ਕੇ ਕੋਈ ਸਾਥ ਰੰਝਾਣਿਆਂ[12] ਚੋਰਾਂ, ਖੋਜ[13] ਸਿਆਲੀਂ ਆਇਆ।
ਕੇ ਕਹੀਂ ਚਾ ਗਲੀਮ ਭਲੇਰੇ[14], ਅਕਬਰਸ਼ਾਹ ਭਛਾਇਆ।
ਤੈਂਡਾ ਹਾਲ ਨਾ ਦਿਸੀਂਦਾ, ਅੱਜ ਹਾਲ ਭਲੇਰੇ ਆਇਆ॥੩੦੯॥

## ਚੂਚਕ

ਨਾ ਕੋਈ ਵੈਰ ਅਸਾਂ ਸਿਰ ਚਾਇਆ, ਨਾ ਖੋਜ ਅਸਾਡੇ ਆਇਆ।
ਨਾ ਮੈਂ ਵੈਰ ਕੀਤੋਈ ਅੱਜਕਲ, ਨਾ ਮੈਂ ਕੋਈ ਦੁਖਾਇਆ।
ਨਾ ਮੈਂ ਮੰਦੀ ਨੀਯਤ, ਕੀਤੀ, ਨਹੀਂ ਕਿਨੇ ਅਕਬਰ ਸ਼ਾਹ ਭਛਾਇਆ।
ਨਾ ਫੁੱਟ ਵਿਆਂਦੀ ਹੀਰੇ ਦੀ ਮਾਏ, ਜੈਂ ਤੀਰ ਅਸਾਨੂੰ ਲਾਇਆ॥੩੧੦॥

---

1. ਪਾਣੀ ਬੰਨ੍ਹ ਕੇ ਲਿਆਉਣ ਲਈ ਖਾਲ ਪੁਟਾਇਆ। 2. ਬਦਨਾਮੀ। 3. ਕਿਸੇ। 4. ਬੇਸਮਝ, ਜਾਹਿਲ, ਅਨਪੜ੍ਹ। 5. ਪੇਟ ਵਿਚ ਪੀੜਾ ਪਾਣ ਵਾਲੀ ਗੱਲ। 6. ਉਹ ਸਮਝ ਨਾ ਸਕਿਆ ਕੀ ਕੀਤਾ ਜਾਏ। 7. ਵਿਹੜਾ। 8. ਬੈਠਕ। 9. ਉਸੇ ਵੇਲੇ। 10. ਗ਼ਮਗੀਨ। 11. ਕਿਹੜੇ ਮੂੰਹ ਨਾਲ ਤੈਨੂੰ ਦੱਸਾਂ। 12. ਕੀ ਚੋਰਾਂ ਨੇ ਕਾਫਲਾ ਲੁੱਟ ਲਿਆ ਹੈ। 13. ਖੁਰਾਂ ਸਿਆਲਾਂ ਦੀ ਵਸਤੀ ਆ ਗਿਆ ਹੈ? 14. ਮਾੜੇ ਦੁਸ਼ਮਨ ਨੇ ਗਲੀਮ ਭਾਵ ਗ਼ਨੀਮ ਅਥਵਾ ਲੁਟੇਰਾ, ਵੈਰੀ।

**ਕੁੰਦੀ**

ਬੱਚੇ ਮਰਨ ਸ਼ਰੀਕਾਂ ਸੰਦੇ, ਜਿਨ੍ਹਾਂ ਗੱਲ ਧੁਮਾਈ।
ਅੱਠੇ ਪਹਿਰ ਇਹ ਫਿਕਰ ਤੁਸਾਂਦਾ, ਏਹਾ ਬਦੀ ਬਣਾਈ।
ਤੈਂ ਤਾਂ ਅੱਜ ਸੁਣ ਪਾਇਆ ਹੁਜਰੇ,[1] ਮੈਂ ਨਿੱਤ ਸੁਣੇਂਦੀ ਆਹੀ।
ਬੱਚੇ ਮਰਨ ਸ਼ਰੀਕਾਂ ਸੰਦੇ, ਜੈਂ ਤੈਂਡੀ ਪਿੰਡੀ ਤਾਈ[2] ॥੩੧੧॥

ਬਹੁਤ ਵਿਲਾਇ[7] ਵਿਸਾਹ ਕਰੀਂ, ਹੁਣ ਚੂਚਕ ਆਣ ਬਹਾਇਆ।
ਡਿੱਠੇ ਬਾਝਹੁੰ ਦੋਸ ਨਾ ਦੀਜੇ, ਮਹਿਰੀ ਇੰਵ ਸਮਝਾਇਆ।
ਕੰਵ ਕੁਆਰੀ ਭਾਈ ਪੀਊ, ਬਿਨ ਡਿੱਠੇ ਦੋਸ਼ ਲਗਾਇਆ।
ਕਹੇ ਦਮੋਦਰ ਸੁਖ਼ਨ ਸਚਾਵੇ[4], ਚੂਚਕ ਬਾਹਰ ਆਇਆ ॥੩੧੨॥

ਅੰਦਰ ਆਤਿਸ਼[5] ਚੂਚਕ ਤਾਈਂ, ਬੁਝੇ ਨ ਮੂਲ ਬੁਝਾਈ।
ਪੁੱਛਣ ਗੱਲ ਨਾ ਸਰਦੀ, ਮੈਨੂੰ ਅੰਦਰ ਘੱਤ ਹੰਢਾਈ[6]।
ਅੱਠੇ ਪਹਿਰ ਖੁਜੇਂਦਾ[7] ਵੱਤੇ, ਮੂੰਹ ਤੇ ਜ਼ਰਦੀ[8] ਆਈ।
ਆਖ ਦਮੋਦਰ ਖ਼ਾਨ ਚੂਚਕ ਨੂੰ, ਆਵਸ ਗਲ ਨਾ ਕਾਈ ॥੩੧੩॥

ਹੋਇ ਦਿਵਾਨਾ[9] ਚੂਚਕ ਖ਼ਾਨਾ, ਕੈਦੋ ਸੱਦ ਅਣਾਇਆ[10]।
ਥੀਓ ਨਾ ਨਾਬਰ[11] ਮੇਰੀ ਵੱਲੋਂ, ਮੈਂਡੇ ਮਾਂ ਪਿਉ ਜਾਇਆ।
ਘਰ ਘਰ ਵਤਨੈਂ[12] ਸੈਲ ਕਰੇਂਦਾ, ਤੈਂ ਭੀ ਸੁਣ ਕੁਝ ਪਾਇਆ ?
ਆਖ ਭਰਾਉ ! ਸਚਾਵੀ[13] ਮੈਕੂੰ, ਕੁਛ ਤੈਂ ਭੀ ਨਦਰੀ ਆਇਆ[14] ॥੩੧੪॥

**ਕੈਦੋ**

ਕੇ ਕੁਝ ਨਦਰੀ ਆਇਆ ਸਯਾਦਾ[15] ! ਕਿਉਂ ਏਹ ਪੇਟੋਂ ਜਾਈ।
ਫਾਹਾ ਕਿਉਂ ਨਾ ਦਿਤੋਈ, ਮਹਿਰੀ ਕਿਤ ਨੂੰ ਫੁੱਟ ਵਿਆਈ।
ਫਿੱਟ ਅਜਿਹੀਆਂ ਨਾਰੀ ਲੋਕੋ, ਜੈ ਇਹੁ ਛੋਹਿਰ ਜਾਈ।
ਇਹ ਡਿੱਠਾ, ਤੇ ਏਹੋ ਸੁਣਿਆ, ਤੇਰੇ ਸੱਤ ਚੱਟੇ ਸਿਰਛਾਈ[16] ॥੩੧੫॥

---

1. ਤੂੰ ਤਾਂ ਅੱਜ ਸੁਣ ਕੇ ਅੰਦਰਲੇ ਕੋਠੇ ਆ ਪਿਆ ਹੈਂ। 2. ਜਿਨ੍ਹਾਂ ਤੇਰੇ ਸਰੀਰ ਅਥਵਾ ਆਤਮਾ ਨੂੰ ਦੁਖ ਦਿੱਤਾ ਹੈ। 3. ਪਰਚਾ ਕੇ, ਦਿਲਾਸਾ ਦੇ ਕੇ। 4. ਚੂਚਕ ਨੂੰ ਇਹ ਗੱਲਾਂ ਠੀਕ ਲਗੀਆਂ। 5. ਅੱਗ, ਗੁੱਸੇ ਦੀ ਅੱਗ। 6. ਅੰਦਰੋਂ ਅੰਦਰ ਪੀ ਰਖੀ। 7. ਖੋਜ ਅਥਵਾ ਤਲਾਸ਼ ਵਿਚ ਫਿਰਦਾ ਰਹੇ। 8. ਪੀਲਤਣ। 9. ਇਨ੍ਹਾਂ ਸੋਚਾਂ ਵਿਚ ਪਾਗਲ ਹੋ ਗਿਆ, ਭਾਵ ਬਹੁਤ ਪਰੇਸ਼ਾਨ ਹੋਇਆ। 10. ਬੁਲਾਇਆ ਕੈਦੋ ਨੂੰ। ਕੈਦੋ ਚੂਚਕ ਦਾ ਵੱਡਾ ਭਾਈ ਸੀ ਜੋ ਫ਼ਕੀਰ ਬਣ ਗਿਆ ਸੀ। 11. ਇਨਕਾਰੀ ਨਾ ਹੋ। 12. ਫਿਰਦਾ ਹੈਂ। 13. ਸੱਚੀ ਗੱਲ। 14. ਕੁਛ ਤੂੰ ਭੀ ਆਪਣੀਆਂ ਅੱਖਾਂ ਨਾਲ ਵੇਖਿਆ ਹੈ। 15. ਇਕ ਨਫ਼ਰਤ ਦਾ ਸ਼ਬਦ ਹੈ ਹੋਰ ਵੇਖੋ ਬੰਦ ਨੰ. 937. 16. ਤੇਰੇ ਸਿਰ ਵਿਚ ਸੁਆਹ ਦੇ ਸੱਤ ਬੁਕ ਪਾਏ।

**ਚੂਚਕ**

ਸੁਣ ਭਾਈ! ਮੈਂ ਸਦਕੇ ਕੀਤਾ, ਤੈਨੂੰ ਆਖ ਸੁਣਾਈਂ।
ਬੇਲੇ ਜਾ ਹਕੀਕਤ ਘਿੰਨੇ[1], ਆ ਆਖੇਂ ਮੈਂ ਤਾਈਂ।
ਕੀਕੁਣ ਵੈਂਦੀਏ ਬੇਲੇ ਦੇ ਵਿਚ, ਅਸਾਂ ਮਲੂਮ ਕਿਛ ਨਾਹੀਂ।
ਨਾਉਂ ਸਾਈਂ[2] ਦੇ ਥੀਉ ਨਾ ਨਾਬਰ, ਵਖਤ[3] ਪਿਆ ਮੈਂ ਤਾਈਂ॥੩੧੬॥

**ਕੈਦੋ**

ਸੁਣ ਸਈਆਦਾ! ਅਕਲ ਗਈਓਈ ਖ਼ਿਜਮਤ[4] ਮੈਨੂੰ ਦੇਂਦਾ।
ਓਹ ਨਾ ਟਲੇ ਅਕਬਰ ਨਾਲੋਂ[5], ਮੈਨੂੰ, ਜਾਣ ਮਰੇਂਦਾ[6] ?
ਜੇ ਵੇਖੇ ਤਾਂ ਛੋੜੇ ਨਾਹੀਂ, ਆਪ ਕਿਉਂ ਨੀਹੇ ਵੈਂਦਾ[7]।
ਆਖ ਦਮੋਦਰ ਚੂਚਕ ਰੋਵੇ, ਮਿੰਨਤ ਹੁੱਟਾ[8] ਕਰੇਂਦਾ॥੩੧੭॥

**ਚੂਚਕ**

ਜਿਉ ਜਾਣੇ ਤਿਉਂ ਜਾਵਹੁ ਭਾਈ, ਗਲ ਵਿਚ ਪਗੜੀ ਪਾਈ।
ਥੀਉ ਨ ਨਾਬਰ ਮਰੀ ਪਾਰੋਂ[9], ਮਾਂ ਪਿਉ ਮਹੀਂ ਤੂੰ ਆਹੀ[10]।
ਕੈਦੋ! ਆਖਿਆ ਬੋਲ ਸੁਣਾਈਂ, ਆਖੀ ਬਣਦੀ ਨਾਹੀਂ।
ਗਲ ਵਿਚ ਪੱਲੂ, ਦਸਤ ਪੈਰਾਂ ਤੇ, ਹੁਣ ਹੀ ਵੰਞੋ ਵਿਥਾਈਂ[11]॥੩੧੮॥

ਡਿਠੁਸ ਦੂਖ, ਭਿਰਾਊ ਸੰਦਾ, ਤਾਂ ਚੱਲ ਬੇਲੇ ਆਇਆ।
ਆਪ ਛਪਾਈ, ਛਪ ਬੈਠਾ ਕੈਦੋ, ਮੂੰਹੋਂ ਨ ਮੂਲ ਅਲਾਇਆ।
ਬੈਠਾ ਵੇਖੇ ਛਪ ਕਰੀਹੂੰ[12], ਤਾਂ ਵਖਤ ਹੀਰ ਦਾ ਆਇਆ।
ਆਖ ਦਮੋਦਰ ਵਖਤ[34] ਹੀਰ ਮਿਲਣ ਦਾ, ਕੈਦੋਂ ਨਦਰੀ ਆਇਆ[13]॥੩੧੯॥

ਤਾਂ ਚੂਰੀ ਛੰਨਾ[14] ਸਿਰ ਦੇ ਉੱਤੇ, ਮੁਜਰੇ[15] ਕਰਦੀ ਆਈ।
ਘਿੱਨੇ ਖ਼ਾਕ ਚੁਮੇਂਦੀ ਪੈਰਾਂ, ਮੂੰਹ ਮੱਥੇ ਤੇ ਲਾਈ।
ਦੁਇੰ ਹੱਥ ਬੰਨ੍ਹ ਖਲੋਤੀ ਅੱਗੇ, ਰਾਂਝੇ ਇਉਂ ਫੁਰਮਾਈ।
ਹੀਰੇ ਆਣੇ[16] ਦੁੱਧ, ਤਾਂ ਖਾਵਾਂ ਚੂਰੀ, ਉਹ ਕੁੰਨੀ[17] ਘਿੰਨ ਸਿਧਾਈ[18]॥੩੨੦॥

---

1. ਅਸਲੀਅਤ ਮਲੂਮ ਕਰੇਂ। 2. ਰੱਬ ਦੇ ਨਾਂ ਪਰ। 3. ਮੁਸੀਬਤ, ਔਖਾ ਸਮਾਂ। 4. ਖਿਦਮਤ, ਸੇਵਾ, ਕੰਮ। 5. ਉਹ (ਹੀਰ) ਅਕਬਰ ਨਾਲ ਵੀ ਮੱਥਾ ਲਾਣ ਤੋਂ ਨਹੀਂ ਟਲਦੀ। 6. ਤੂੰ ਮੈਨੂੰ ਜਾਣ ਬੁਝ ਕੇ ਮਾਰ ਪਵਾਉਂਦਾ ਹੈਂ। 7. ਜਾਂਦਾ। 8. ਥੱਕ ਗਿਆ। 9. ਮੇਰੇ ਲਈ ਮੁਨਕਿਰ ਨਾ ਹੋ। 10. ਤੂੰ ਹੀ ਮੇਰਾ ਮਾਂ-ਪਿਉ ਹੈਂ। 11. ਇਥੋਂ ਹੀ ਬੇਲੇ ਵਲ ਜਾਉ। 12. ਕਰੀਆਂ ਵਿਚ ਛੁਪ ਕੇ ਬੈਠਾ ਵੇਖ ਰਿਹਾ ਸੀ। 13. ਕੈਦੋਂ ਨੇ ਵੇਖ ਲਿਆ ਕਿ ਹੀਰ ਦੇ ਮਿਲਣ ਦਾ ਸਮਾਂ ਆ ਗਿਆ ਹੈ। 14. ਚੂਰੀ ਦਾ ਮੁੰਗਰ ਅਥਵਾ ਕਟੋਰਾ। 15. ਸਲਾਮ। 16. ਲਿਆਵੇਂ। 17. ਸਾਹਣਕ, ਦੁੱਧ ਚੋਣ ਦਾ ਭਾਂਡਾ। 18. ਲੈ ਕੇ ਚਲ ਪਈ (ਤਾਂ ਜੋ ਦੁੱਧ ਚੋ ਕੇ ਲੈ ਆਵੇ)।

ਲੱਧਾ ਕੈਦੋ ਵੇਲ[1] ਤਦਾਹੀਂ, ਆਇ ਸੁਆਲ ਸੁਣਾਇਆ।
ਨਾਉਂ ਅੱਲਾਹ ਦੇ ਦੇਹੁ ਅਸਾਨੂੰ, ਭਿਖਿਆ ਮੰਗਣ ਆਇਆ।
ਆਦਰ ਨਾਲ ਸਦਾਇਆ ਧੀਦੋ, ਚੂਰੀ ਘਿੰਨ ਦੇਵਾਇਆ।
ਆਖ ਦਮੋਦਰ ਉਤੇ ਵੇਲੇ ਕੈਦੋ, ਚੂਚਕ ਪਾਸ ਲੈ ਆਇਆ॥੩੨੧॥

ਸੁਣਹੁ ਸਿਆਲੋਂ! ਧੀਆਂ ਵਾਲੋ, ਧੀਆਂ ਮੂਲ ਨਾ ਰੱਖੋ।
ਹਿੱਕੇ ਤਾਂ ਧੀਆਂ ਨਈਂ ਲੁੜ੍ਹਾਹੋ[2], ਹਿੱਕੇ ਸਿਰ ਕਰਿਆਹੇ ਵੱਖੋ[3]।
ਹਿੱਕ ਹਿੱਕ ਵੰਡੀ ਆਵੰਦੀ ਨਾਹੇਂ[4], ਅੰਗੁਲ ਭਰ ਭਰ ਚੱਖੋ[5]।
ਤੁਸੀਂ ਖਾਂਦੇ ਹੋ ਢੋਡਾ ਥਾਪੀ[6], ਚਾਕ ਖਾਂਦੇ ਇਹ ਵੱਥੋ[7]॥੩੨੨॥

ਲੈ ਚੂਰੀ ਘਿੰਨ ਚੂਚਕ ਹੱਥੀਂ, ਮਹਿਰੀ ਪਾਸ ਲਿਆਇਆ।
ਪੈ ਮੁਈਏ[8] ਇਹ ਕਹੁਰ ਲੁਟੀਂਦਾ[9], ਅਸਾਂ ਕਦੀ ਨ ਖਾਇਆ।
ਚਾਕ ਖਾਂਦੇ ਨੀਂ ਇਹ ਨਿਵਾਲਾ[10], ਬਹੁਤਾ ਚਾਵੜ[11] ਆਇਆ।
ਚੁੱਘੜ ਘਿੰਨ ਰੋਵੈ ਰਤ ਹੰਝੂ[12], ਮਹਿਰੀ ਭਲਾ ਬਚਾਇਆ॥੩੨੩॥

**ਕੁੰਦੀ**

ਮੰਨਤ ਕੁੜੀਆਂ ਖ਼ਿਦਰ[13] ਦੀ ਆਹੀ, ਪਾ ਪਾ ਘਿਉ ਪਇਓਨੇ।
ਇਹੁ ਚੂਰੀ ਮੈਂ ਹੀ ਕੁਟ ਦਿੱਤੀ, ਆਇਤਵਾਰ ਡਿੱਠੋਨੇ।
ਭੱਸ ਪਏਂਦਾ ਗਿਆ ਕਿਦਾਉਂ[14], ਖੈਰ ਨਾ ਮੂਲ ਦਿਤੋਨੇ।
ਪਿੰਡੀ ਤੈਂਡੀ ਤਾਵਣ ਤਾਈਂ, ਏਹੋ ਦਗਾ[15] ਕੀਤੋਨੇ॥੩੨੪॥

ਪਇਆ ਗੁਮਾਨ[16] ਚੂਚਕ ਨੂੰ ਸੱਚਾ, ਗੱਲ ਨ ਮੂਲ ਵਿਸਾਰੇ।
ਸੁੱਤਾ ਆਇ ਦਾਰੇ[17] ਦੇ ਉਤੇ, ਏਹਾ ਚਿੰਤਾ ਧਾਰੇ।
ਪਾਟਾ ਪੇਟ ਕਿ ਪੱਟੀ[18] ਬੱਝੇ, ਸੁਣਿਆ ਆਲਮ ਸਾਰੇ।
ਆਖ ਦਮੋਦਰ ਖਾਨ ਹੋਇਆ ਕਾਹਲਾ, ਮੱਥਾ ਠੋਕੇ[19] ਤੇ ਹੱਥ ਉਲਾਰੇ॥੩੨੫॥

---

1. ਸਮਾਂ, ਮੌਕਾ। 2. ਨਦੀ ਵਿਚ ਰੋੜ੍ਹ ਦਿਉ। 3. ਸਿਰ ਵੱਢ ਦਿਉ। 4. ਤੁਹਾਨੂੰ ਰੋਟੀ ਦੀ ਇਕ ਇਕ ਬੁਰਕੀ ਵੀ ਹਿੱਸੇ ਵਿਚ ਨਹੀਂ ਆਉਂਦੀ। 5. ਥੋੜ੍ਹਾ ਥੋੜ੍ਹਾ ਘੀ ਵਰਤਦੇ ਹੋ। 6. ਪਾਠ 'ਅ' 'ਸ' 'ਢੋਡੀ ਥਾਪੀ' ਢੋਡਾ ਮਾਂਹ ਤੇ ਬਾਜਰੇ ਦੀ ਰੋਟੀ ਨੂੰ ਕਹਿੰਦੇ ਹਨ। ਢੋਡਾ ਥਾਪੀ ਤੋਂ ਭਾਵ ਮੋਟੀ ਠੁਲੀ ਰੋਟੀ ਹੈ। 7. ਵਸਤੂ, ਵਧੀਆ ਖਾਣਾ। 8. ਖਸਮਾਂ ਪਿਟੀਏ। ਪੈ ਅਥਵਾ ਪਾਏ ਭਾਵ ਖਸਮ ਜਾਂ ਪਤੀ। 9. ਇਕ ਕਹਿਰਾਂ ਦੀ ਲੁੱਟ। 10. ਗਿਰਾਹਾਂ, ਖਾਣਾ। 11. ਚਾਮਲਿਆ, ਫਿਟਿਆ ਹੋਇਆ 'ਅ' ਤੇ 'ਸ' ਵਿਚ ਪਾਠ 'ਕਾਵੜ ਆਇਆ' ਹੈ। 12. ਚੂਚਕ ਚਾਰੇ ਉਂਗਲਾਂ ਦੀ ਮੁਠੀ ਅੱਖਾਂ ਵਿਚ ਦੇ ਕੇ ਰੱਤ ਦੇ ਹੰਝੂ ਰੋਣ ਲੱਗਾ। 13. ਖ਼੍ਵਾਜਾ ਖਿਜ਼ਰ–ਸੈਮੀਟਿਕ ਮਿਥਿਹਾਸ ਅਨੁਸਾਰ ਖ਼੍ਵਾਜਾ ਖਿਜਰ ਦਰਿਆਵਾਂ ਤੇ ਪਾਣੀਆਂ ਦਾ ਬਾਦਸ਼ਾਹ ਹੈ। 14. ਧੱਕ ਖਾਂਦਾ (ਕੈਦੋਂ) ਕਿਸੇ ਪਾਸਿਓਂ ਉਥੇ ਜਾ ਨਿਕਲਿਆ। 15. ਫ਼ਰੇਬ, ਧੋਖਾ। 16. ਸ਼ੱਕ। 17. ਡੇਰਾ। 18. 'ਅ' 'ਸ' ਵਿਚ ਪਾਠ 'ਪਾਟਾ ਪੈਰ ਕਿ ਪੱਟੀ ਬਝੇ'। 16. ਮੱਥਾ ਠਕੋਰੇ ਚਿੰਤਾ ਵਿਚ।

ਆਈ ਹੀਰ, ਲਈ ਹੱਥ ਕੁੰਨੀ, ਤਾਂ ਕੈਦੋ ਦੇ ਖੋਜ ਸਿਞਾਤੇ।
ਪੁਛਿਓਸ ਆਦਿ ਰੰਝੇਟੇ ਤਾਈਂ, ਕੋਈ ਇੱਥੇ ਆਇਆ ਜਾਪੇ।
ਆਹਾ ਸਹੀ ਚੰਜੂਸ[1] ਅਸਾਡਾ, ਖੁਰੀ ਅੱਡੀ ਹੈ ਕਾਂਪੇ[2]।
ਆਖ ਦਮੋਦਰ ਖੋਜ ਲੈਣ ਨੂੰ, ਤਾਂ ਉੱਠ ਚੱਲੀ ਆਪੇ॥੩੨੬॥

ਜੇ ਵੇਖੇ ਹੀਰ, ਕੇ ਕੀਤਾ ਕੈਦੋ, ਫੂਕ ਅਲੰਬਾ[3] ਆਇਆ।
ਅੱਗੇ ਭੀ ਕੁਝ ਪੜ੍ਹਦਾ[4] ਆਹਾ, ਇਸ ਸੁੱਤਾ ਲੋਕ ਜਗਾਇਆ।
ਘਰ ਘਰ ਭਾਜੀ[5] ਹੀਰੇ ਸੰਦੀ, ਭਾਉ[6] ਸਿਆਲੀਂ ਆਇਆ।
ਆਖ ਦਮੋਦਰ ਹੀਰੇ ਡਿੱਠਾ, ਜੋ ਤਾਏ ਮੁਆਤਾ[7] ਲਾਇਆ॥੩੨੭॥

ਤਦਹੁੰ ਹੀਰ ਨ ਰਹੀ ਰਹਾਈ[8], ਗੁੱਸਾ ਹੀਰ ਨੂੰ ਆਇਆ।
ਘਿੰਨ ਮੁਆਤਾ ਅੱਗੀ ਸੰਦਾ, ਝੁੱਗੀ ਤਾਈਂ ਲਾਇਆ।
ਜਲ ਬਲ ਕੋਲਾ ਕੀਤੀ ਝੁੱਗੀ, ਕੈਦੋ ਨੂੰ ਕਹੀਂ ਸੁਣਾਇਆ।
ਤਕੀਆ[9] ਹੀਰੇ ਸਾੜ ਦਿਤੋਈ ਸੁਣ ਕਰ ਉੱਥੋਂ ਆਇਆ॥੩੨੮॥

## ਕੈਦੋ

ਮੈਂ ਕੀ ਕੀਤਾ? ਹੀਰੇ ਧੀਏ! ਤੁਧ ਝੁੱਗੀ ਮੇਰੀ ਜਾਲੀ[10]।
ਮੁੱਨੀ ਬੱਧਾ[11] ਵਿਚ ਲੇਲਾ ਸੜਿਆ, ਕੁਕਿੜ[12] ਆਂਡੜਿਆਂ ਵਾਲੀ।
ਭਾਂਡਾ, ਚਿਮਚਾ, ਵਿਚੇ ਸੜਿਆ, ਸੂਈਦਾਨ[13] ਖਿਆਲੀ।
ਤਸਬੀ ਸੇਲ੍ਹੀ ਤੇ ਮਿਰਗਾਣੀ[14], ਨਾਲੇ ਸਾੜੀਆ ਜਾਲੀ।
ਹੱਟ ਪਸਾਰੀ ਦਾ ਸਾੜ ਦਿਤੋਈ, ਮੈਂ ਕੇ ਕੇ ਵੱਥ[15] ਸਮ੍ਹਾਲੀਂ॥੩੨੯॥

## ਹੀਰ

ਅਜੇ ਮੈਂ ਕੇ ਕੀਤਾ ਤਾਇਆ! ਤੈਨੂੰ ਅਜੇ ਹੋਰ ਕਰੇਸਾਂ[16]।
ਦਾੜ੍ਹੀ ਤੈਂਡੀ ਤੇ ਵਾਲ ਨ ਛੋੜੀਂ, ਹਿਕ ਹਿਕ ਨੱਪ ਪਟੇਸਾਂ[17]।
ਜੇੜ੍ਹੀ ਜੰਘ[18] ਚੰਗੇਰੀ ਤੇਰੀ, ਮੁੰਡੀ ਨੱਪ ਕਰੇਸਾਂ।
ਪੀਸਾਂ ਰੱਤ ਨ ਛੋੜੀਂ ਤੈਨੂੰ, ਹਿਕੇ ਤਾਂ ਥਾਇੰ[19] ਮਰੇਸਾਂ॥੩੩੦॥

---

1. ਚੁੰਜ ਮਾਰਣ ਵਾਲਾ ਅਥਵਾ ਚੁਗਲਖੋਰ । 2. ਖਰੀ ਅਤੇ ਅੱਡੀ ਕੰਬਦੇ ਹਨ ਭਾਵ ਇਹ ਲੰਗੜੇ ਦੇ ਪੈਰਾਂ ਦੇ ਨਿਸ਼ਾਨ ਹਨ। 3. ਮੁਆਤਾ ਲਾ ਦਿੱਤਾ ਭਾਵ ਭੜਕਾ ਦਿੱਤਾ। 4. ਪਰਦਾ। 5–6. ਚੂਰੀ ਤੋਂ ਮੁਰਾਦ ਹੈ ਜੋ ਕੈਦੋ ਨੇ ਸਾਰੇ ਸਿਆਲਾਂ ਦੇ ਘਰਾਂ ਵਿਚ ਵਿਖਾਈ ਕਵੀ ਚੋਣ ਕਰਦਾ ਕਹਿੰਦਾ ਹੈ ਜਿਵੇਂ ਇਹ ਪ੍ਰੇਮ ਭਾਉ ਦੀ ਭਾਜੀ ਸੀ ਜੋ ਸਿਆਲਾਂ ਦੇ ਘਰੀਂ ਵੰਡੀ ਗਈ। 7. ਤਾਏ ਕੈਦੋ ਨੇ ਉਸ ਦੇ ਕਰਤੱਵ ਨੂੰ ਖ਼ੂਬ ਨਸ਼ਰ ਕਰ ਦਿੱਤਾ ਹੈ। 8. ਰੋਕਿਆਂ ਵੀ ਨ ਰੁਕੀ। 9. ਡੇਰਾ ਫਕੀਰ ਦਾ, ਟਿਕਾਣਾ। 10. ਸਾੜ ਫੂਕ ਦਿੱਤੀ। 11. ਮੁੱਨੇ ਨਾਲ ਬੰਨ੍ਹਿਆਂ ਹੋਇਆ; 'ਅ' ਤੇ 'ਸ' ਵਿਚ ਪਾਠ 'ਮੁਨੀ ਬੱਧ' ਹੈ। 12. ਕੁਕੜੀ ਅੰਡੇ ਦੇਣ ਵਾਲੀ। 13. ਖਲੀਤੀ, ਜਿਸ ਵਿਚ ਸੂਈ ਧਾਗਾ ਰੱਖਿਆ ਜਾਂਦਾ ਹੈ ਫ਼ਾਰਸੀ ਖਰੀਤਾ। 14. ਹਰਨ ਦੀ ਛਾਲ। 15. ਕਿਹੜੀ ਕਿਹੜੀ ਵਸਤੂ। 16. ਅਜੇ ਮੈਂ ਤੇਰੇ ਨਾਲ ਹੋਰ ਬੁਰੀ ਕਰਾਂਗੀ। 17. ਤੇਰੀ ਦਾੜ੍ਹੀ ਦਾ ਇਕ ਇਕ ਵਾਲ ਫੜ ਕੇ ਖੋਹ ਸੁਟਾਂਗੀ। 18. ਲੱਤ, 'ਅ' ਤੇ 'ਸ' ਵਿਚ ਪਾਠ 'ਜੂੰਗ' ਹੈ। 19. ਜਾਨ ਤੋਂ ਮਾਰ ਦਿਆਂਗੀ।

**ਕੈਦੋ**

ਬੱਚੇ ਮੋਏ ਸਦਿਆ ਮੈਨੂੰ, ਮੈਂ ਤਾਂ ਖ਼ਬਰ ਨ ਕਾਈ।
ਮਿੰਨਤਾਂ ਕਰ ਕਰ ਬੇਲੇ ਮੁਤਾ[1], ਪਗੜੀ ਗਲ ਵਿਚ ਪਾਈ।
ਮੈਂ ਕੇ ਕੰਮ, ਸੁਣ ਸਾਹਿਬਆਣੀ[2], ਜੇ ਤੂੰ ਕਾਵਿੜ ਆਈ।
ਏਹੁ ਨਸੀਹਤ ਮੈਨੂੰ ਧੀਆ, ਜੇ ਝੁੱਗੀ ਜਾਣ ਸੜਾਈ॥੩੩੧॥

**ਹੀਰ**

ਜੋ ਜਾਤੋ, ਸੋਈ ਸਿਰ ਕੀਤਾ[3], ਹੀਰੇ ਆਖ ਸੁਣਾਇਆ।
ਜੋ ਮੈਂ, ਸੀਸ ਕਰੇਸਾਂ ਤੈਂਡੇ[4], ਕਿਥੇ ਵੈਸੀ ਤਾਇਆ।
ਕਿਥੇ ਨਸਸੀ, ਹੁਣ ਤੂੰ ਮੈਥੋਂ, ਵੱਸ ਕਾਠ ਕੁਹਾੜੇ ਆਇਆ[5]।
ਆਖ ਦਮੋਦਰ ਸੁਖਨ[6] ਸਲੇਟੀ, ਤਾਏ ਨੂੰ ਸਮਝਾਇਆ॥੩੩੨॥

**ਕੈਦੋ**

ਜੇ ਹੋਵਿਮ[7] ਵੈਰੀ ਮੁਗ਼ਲ ਮਹਿੰਡੇ[8], ਤਾਂ ਹੋਇ ਫ਼ਕੀਰ ਛੁੜਾਈਂ।
ਜੇ ਹੋਵਨ ਵੈਰੀ ਸਾਊ[9] ਮੈਂਡੇ, ਤਾਂ ਹੋਇ ਸ਼ਰੀਕ ਬਚਾਈਂ।
ਜੇ ਹੋਵਿਮ ਦੁਸ਼ਮਣ ਆਲਮ ਸਾਰਾ, ਤਾਂ ਗਲ ਵਿਚ ਪਲੂ ਪਾਈਂ।
ਆਖ ਦਮੋਦਰ ਵੈਰ ਤੁਸਾਡੇ, ਮੈਂ ਜੀਵਨ ਜੋਗਾ ਨਾਹੀਂ॥੩੩੩॥

ਏਹ ਸੁਣ ਹੀਰੇ ਮਨ ਮਹਿ ਪਾਈ, ਕੈਦੋ ਨਾ ਛੁੜਸਾਈਂ।
ਮੈਥੋਂ ਭੰਨਾ[10] ਕਿਦੇ ਵੈਸੀ, ਪਿੱਛੇ ਪੈ ਮਰਸਾਈਂ[11]।
ਜਾਣ ਖਹੇੜਿਓ[12] ਨਾਲ ਅਸਾਡੇ, ਰਾਤੀਂ ਸਿਰ ਕਪਸਾਈਂ[13]।
ਤਾਇਆ! ਛੋੜਣ ਜੋਗੀ ਨੀਸੂ[14], ਆਖ ਕੇ ਤੁਧ ਸੁਣਾਈ॥੩੩੪॥

**ਕੈਦੋ**

ਹੀਰੇ ਮੁਇਆਂ[15] ਜਾਹ ਬਹੁਤੇਰੀ, ਜੀਵੰਦਿਆਂ[16] ਨੂੰ ਨਾਹੀਂ।
ਵੰਞ ਰਜੋਏ[17] ਸਈਯਦਾਂ ਵਾਲੇ, ਉੱਥੇ ਧੂੰਆਂ ਪਾਈਂ।
ਜਾਹਗਾ[18] ਕਹੀਂ ਏ ਚਾਇ[19] ਨਾ ਲੀਤੀ, ਉਥੇ ਜਾਇ ਰਹਿਸਾਈਂ।
ਆਖੇ ਕੈਦੋ ਵੈਰ ਤੁਸਾਡੇ, ਰਹਿਣਾ ਮੈਂਡਾ ਨਾਹੀਂ॥੩੩੫॥

---

1. ਭੇਜਿਆ। 2. ਵੱਡੀ ਮਾਲਕ, ਰਾਜ ਕੁਮਾਰੀ। 3. ਜੋ ਮੈਂ ਠੀਕ ਸਮਝਿਆ ਹੈ, ਤੇਰੇ ਸਿਰ ਕੀਤਾ ਹੈ। ਜੋ ਕੁਝ ਮੈਂ ਤੇਰੇ ਨਾਲ ਕਰਾਂਗੀ। 5. ਹੁਣ ਤੂੰ ਮੇਰੇ ਵੱਸ ਵਿਚ ਇੰਞ ਹੈਂ ਜਿਵੇਂ ਲੱਕੜੀ ਕੁਹਾੜੇ ਦੇ ਵੱਸ ਹੁੰਦੀ ਹੈ। 6. ਗੱਲ ਕਰ ਕੇ। 7. ਮੇਰੇ ਹੋਵਨ। 8. ਮੇਰੇ। 9. ਸਰਦਾਰ ਲੋਕ। 10. ਭੱਜ ਕੇ, ਨੱਸ ਕੇ। 11. ਤੇਰੇ ਪਿਛੋਂ ਪੈ ਕੇ ਤੈਨੂੰ ਵੱਢ ਦਿਆਂਗੀ। 12. ਖਹਿਬੜਿਆ ਹੈ। 13. ਸਿਰ ਵੱਢ ਦਿਆਂਗੀ। 14. ਨਹੀਂ ਹਾਂ। 15. ਇਥੇ ਭਾਵ ਹੈ ਆਜਜ਼ਾਂ, ਨਿਮਾਣਿਆਂ। 16. ਜਿੰਦਾ ਲੋਕ ਭਾਵ ਹਉਮੈ ਰੱਖਣ ਵਾਲੇ। 17. ਚਣੀਓਟ ਨੇੜੇ ਸੱਯਦਾਂ ਦਾ ਮਸ਼ਹੂਰ ਪਿੰਡ। 18. ਧਰਤੀ, ਥਾਂ। 19. ਚੁੱਕ ਨਹੀਂ ਲਈ।

**ਆਪੇ ਨਜ਼ਰ ਪਈ ਹਾਂ**

ਤਾਂ ਚੂਚਕ ਦੇ ਚਿਤ ਵਿਚ ਆਵੇ, ਕੀਕਣ ਗੱਲ ਕਰੀਹਾਂ।
ਹੋਰਸ ਨੂੰ ਆਖਣ ਦੀ ਨਾਹੀਂ, ਅੰਦਰ ਘਤਿ ਹੰਢੀਹਾਂ[1]।
ਅੱਖੀਂ ਵੇਖਾਂ ਵੰਞ ਕਰੀ ਹੁਣ, ਭੇਤ ਨਾ ਕਿਸੇ ਦੀਹਾਂ।
ਆਖ ਦਮੋਦਰ ਚੂਚਕ ਜਾਤਾ, ਆਪੇ ਨਜ਼ਰ ਪਈਹਾਂ॥੩੩੬॥

ਹਿੱਕ ਦਿਹੁੰ ਠੀਕ ਦੁਪਹਿਰਾਂ ਵੇਲੇ, ਚੂਚਕ ਗਿਆ ਤਿਵਾਈਂ[2]।
ਅੱਗੇ ਜੱਲ੍ਹਰ ਉੱਤੇ ਦੋਹੇਂ ਸੁੱਤੇ, ਕਿਉਂ ਕਰ ਕੀਚੇ ਭਾਈ।
ਵੇਖਦਿਆਂ ਫਿਰ ਮੁੜਿਆਂ ਪਿੱਛਾਂ, ਆਈ ਲੱਜ ਤਿਵਾਈਂ।
ਆਖ ਦਮੋਦਰ ਵੇਖ ਹਕੀਕਤ, ਕੀਤੇ ਸੱਦ ਉਥਾਈਂ[3]॥੩੩੭॥

ਜਾਂ ਸੱਦ ਖਾਨ ਕੀਤੇ ਬਹੁਤੇਰੇ, ਤਾਂ ਦੋਹਾਂ ਸੁਣ ਪਾਇਆ।
ਜਾਗੀ ਹੀਰ ਹੋਈ ਹੈਰਾਨੀ, ਰਾਂਝੇ ਜੋਗ[4] ਜਗਾਇਆ।
ਉੱਠੀਂ ਰਾਂਝਾ! ਤੂੰ ਕਿਉਂ ਸੁੱਤਾ, ਦੇਖ ਚੜ੍ਹ ਬਾਬਾ[5] ਆਇਆ।
ਆਖ ਦਮੋਦਰ ਹੀਰ ਗਈ ਉਠ; ਰਾਂਝਾ ਬੇਲੇ ਧਾਇਆ[6]॥੩੩੮॥

ਫਿਰ ਫਿਰ ਸੱਦ[7] ਕਰੇਂਦਾ ਚੂਚਕ, ਸੁਣ ਕੇ ਚੁੱਪ ਕਰੇਂਦਾ[8]।
ਵੱਡੇ ਰੋਹ[9] ਸੁਣੀਂਦਾ ਬੇਲੇ, ਮੂਲ ਜਵਾਬ ਨ ਦੇਂਦਾ।
ਚਿੱਕੜ ਸੱਭੋ ਦਲ ਮਲ ਸਾਰੇ; ਪਿੰਡੇ ਘਿੰਨ ਮਲੇਂਦਾ।
ਆਖ ਦਮੋਦਰ ਜਾਂ ਥੱਕਾ, ਚੂਚਕ ਤਾਂ ਸੱਦ[10] ਰਾਂਝਾ ਦੇਂਦਾ॥੩੩੯॥

ਮਿਲਿਆ ਆਇ ਚੂਚਕ ਨੂੰ ਰਾਂਝਾ; ਕਿਉਂ ਚਾਕਾ, ਨਾਹੋਂ ਬੁਲੇਂਦਾ।
ਤ੍ਰੁੱਟਾ ਸੰਘ[11] ਸਦੇਂਦਿਆਂ ਮੈਂਡਾ, ਅੱਗੋ ਜਵਾਬ ਨਾ ਦੇਂਦਾ।
ਕੇ ਸੁਣ ਸੁਣ ਚੁੱਪ ਕਰੇਂਦਾ ਆਪੇ, ਮੈਨੂੰ ਜਾਣ ਝਖੈਂਦਾ[12]।
ਆਖ ਦਮੋਦਰ ਖ਼ਾਨ ਨਾ ਟਲਦਾ, ਕੇਹਾ ਸੁਖ਼ਨ ਅਲੇਂਦਾ॥੩੪੦॥

**ਰਾਂਝਾ**

ਖੁੱਭੀ ਝੋਟੀ ਵਿਚ ਚਿੱਕੜ ਦੇ, ਮੈਂ ਤਾਂ ਸੁਣਿਆਂ ਨਾਹੀਂ।
ਅੱਗੋਂ ਕੱਢਾਂ ਤਾਂ ਪਿੱਛੋਂ ਖੁੱਭੇ, ਜੇ ਪਿੱਛੋਂ ਤਾਂ ਅਗਾਹੀਂ।
ਘੁਲਦਾ ਨਾਲ ਝੋਟੀ ਦੇ ਖ਼ਾਨਾ! ਮੈਂ ਸੁੱਧ ਪਵੈ ਕੁਝ ਨਾਹੀਂ।
ਸੁਣ ਖ਼ਾਨਾ! ਸੱਦ ਪਿਛਲੇ ਸੁਣਿਆ, ਮਿਲਿਆ ਆਇ ਤਦਾਹੀਂ॥੩੪੧॥

---

1. ਅੰਦਰ ਰੱਖ ਕੇ ਆਪਣੇ ਆਪ ਨੂੰ ਦੁਖੀ ਕੀਤਾ ਜਾਏ। 2. ਉਸੇ ਵੇਲੇ। 3. ਉਥੋਂ ਹੀ ਵਾਜਾਂ ਮਾਰੀਆਂ। 4. ਤਾਈਂ। 5. ਬਾਪ ਚੂਚਕ। 6. ਦੌੜ ਗਿਆ। 7. 'ਅ' ਤੇ 'ਸ' ਪਾਠ 'ਸਦਾ ਕਰੇਂਦਾ'। 8. ਰਾਂਝਾ ਸੁਣ ਕੇ ਚੁਪ ਕਰ ਰਿਹਾ। 9. ਗੁੱਸੇ ਨਾਲ। 10. ਵਾਪਸ ਵਾਜ। 11. 'ਅ' ਤੇ 'ਸ' ਪਾਠ 'ਤ੍ਰੁਟਾ ਸੰਘ' ਜੋ ਕੇਂਦਰੀ ਰੂਪ ਵਿਚ ਬਦਲ ਕੇ ਲਿਖਿਆ ਗਿਆ ਹੈ। ਤ੍ਰੁਟਾ ਸੰਘ ਭਾਵ ਸੰਘ ਟੁਟ ਗਿਆ, ਵਾਜਾਂ ਮਾਰ ਕੇ ਥੱਕ ਗਿਆ। 12. ਖਿਝਾਉਂਦਾ ਸੀ।

**ਚੂਚਕ**

ਜੇਹੀਆਂ ਮੱਝੀ ਕੱਢੇ ਚਾਕਾ! ਹੱਭਾ ਮੈਂ ਸੁਣ ਪਾਈ।
ਕਰ ਕਾਵਿੜ ਬਹੁਤੇਰੀ ਚੂਚਕ, ਡਾਢੀ ਕਮਚੀ[1] ਲਾਈ।
ਮੰਝੂ ਦੇ ਸੰਮ੍ਹਾਲ ਅਸਾਨੂੰ, ਲੈ ਵੰਝ ਇੱਜ਼ਤ ਭਾਈ।
ਆਖ ਦਮੋਦਰ ਦੂਜੀ ਕਮਚੀ, ਧੀਦੋ ਨੂੰ ਬਹਿ[2] ਲਾਈ॥੩੪੨॥

ਵਿਲ ਵਿਲ[3] ਪਇਆ ਰੰਝੇਟਾ ਲੋਕਾ, ਚੱਲੀ ਰੱਤ ਤਿਵਾਈਂ।
ਕਾਈ ਵੇਚ ਨਾ ਖਾਧੀ, ਚੋਇ ਨ ਪੀਤੀ, ਚੱਲ ਸੰਮ੍ਹਾਲ ਦਿਵਾਈਂ।
ਆਇਉਸ ਘਿੰਨ ਧੂੰਏ ਦੇ ਉੱਤੇ, ਏ ਲੈ ਮੱਝੀਂ ਗਾਈਂ।
ਖਾਨਾ! ਜੋ ਖੱਸ ਲੀਤੋ ਮੰਝੂ, ਤਾਂ ਹਜ਼ਾਰਾ ਲੀਤੋ ਨਾਹੀਂ॥੩੪੩॥

ਮੰਝੂ ਆਣ ਦੇਇ ਮੈਂ ਤਾਈਂ, ਵੰਞ ਹਜ਼ਾਰੇ ਭਾਈ।
ਕਰਕੇ ਤਰਸ ਰੱਖਿਆ ਤੈਨੂੰ, ਸੰਨ੍ਹ ਅਸਾਂ ਘਰ ਲਾਈ।
ਜਾਹਿ[4] ਤੁਸਾਡੀ ਇੱਥੇ ਨੀਹੂ[5], ਅਸਾਂ ਥੀਂ ਅਬ ਜਾਹੀ[6]।
ਜੁੱਤੀ ਚਾੜ੍ਹ ਤਿਆਰੀ ਕੀਤੀ, ਥੀਂ ਉਠੰਦਾ[7] ਰਾਹੀ॥੩੪੪॥

ਦਿਹੁ ਅਲਾਪ[8], ਮੰਙਾਇਆ ਮੰਝੂ, ਕੇਹੀਆਂ ਸੁਰਾਂ ਵਗਾਈਆਂ।
ਸ਼ੀਂਹ ਬਰਿੰਡੇ, ਅਜਗਰ ਮੋਨੀ[9], ਸੱਭੇ ਜ਼ਾਰਤ[10] ਆਈਆਂ।
ਪਸ਼ੂ ਪਰਿੰਦਾ ਰਹਿਓ ਨ ਕੋਈ, ਮੇਹੀਂ ਸੁਣ ਸਭ ਧਾਈਆਂ।
ਆਖ ਦਮੋਦਰ ਕਿਥੋਂ ਧੀਰਨ, ਗੋਪੀਆਂ ਕਾਨ੍ਹ ਬੁਲਾਈਆਂ॥੩੪੫॥

**ਰਾਂਝਾ**

ਘਿੰਨ ਸੰਮ੍ਹਾਲ ਤੂੰ ਗਿਣ ਕਰ ਖਾਨਾ! ਕਾਈ ਨ੍ਹੀਮੂ[11] ਨਾਲ ਚਲਾਈ।
ਕੱਛ ਸਰੋਦ[12] ਚੂਚਕ ਨੇ ਸੁਣਿਆ ਡਾਢੀ ਮਸਤੀ ਆਈ।
ਖੂੰਡੀ ਤੇ ਹੱਥ ਵੰਝਲੀ ਕੀਤੀ, ਜੁੱਤੀ ਚਾੜ੍ਹੀ ਭਾਈ।
ਆਖ ਦਮੋਦਰ ਥੀਆ ਰਾਹੀ, ਮੋਢੇ ਕੰਬਲੀ ਪਾਈ॥੩੪੬॥

---

1. ਛਮਕ, ਚਾਬਕ, ਬੈਂਤ। 2. ਬਹਿੰਦਿਆਂ ਦੂਜੀ ਛਮਕ ਲਾ ਦਿੱਤੀ। ਮੰਝੂ ਸੰਭਾਲ ਦੇਣ ਲਈ ਕਹਿਣਾ ਵੀ ਰਾਂਝੇ ਨੂੰ ਕਮਚੀ ਮਾਰਨ ਸਮਾਨ ਸੀ। 3. ਵਿਲਕ ਪਿਆ, ਤੜਫ ਪਿਆ। 4. ਥਾਂ। 5. ਨਹੀਂ ਹੈ 'ਅ' ਤੇ 'ਸ' ਪਾਠ 'ਜਾਇ ਤੁਸਾਡੀ ਏਦੇ ਨੀਹੂ'। 6. ਸਾਡੇ ਵਲੋਂ ਹੁਣੇ ਚਲੇ ਜਾ। 7. ਉੱਠ ਕੇ ਰਾਹ ਪੈ ਜਾਂਦਾ ਹੈ। 8. ਵੰਝਲੀ ਦੀ ਸੁਰ ਵਾਹ ਕੇ। 9. ਜੰਗਲ ਦੇ ਸਭ ਜੀਅ ਜੰਤ ਜਿਵੇਂ ਸ਼ੇਰ ਚੀਤੇ, ਅਜ਼ਦਹਾ ਤੇ ਹੋਰ ਜੰਗਲੀ ਜਾਨਵਰ। 10. ਸਭ ਦਰਸ਼ਨਾਂ ਨੂੰ ਆ ਗਏ। 11. ਮੈਂ ਨਹੀਂ। 12. ਵੰਝਲੀ ਦਾ ਰਾਗ।

ਚਲਿਆ ਚਾਕ, ਮੰਝੂ ਭੀ ਨਾਲੇ, ਚੂਚਕ ਹੋੜਾ[1] ਪਾਏ।
ਜਿਉਂ ਜਿਉਂ ਮੋੜੇ, ਤਿਉਂ ਤਿਉਂ ਵਗਨ, ਰਹਿਨ ਨ ਮੂਲ ਰਹਾਏ।
ਹੁੱਟਾ ਖ਼ਾਨ ਮਰੇਂਦਾ ਮੰਝੂ[2], ਚਲਨ ਉ ਕਦਮਹੂੰ ਕਦਮ ਸਵਾਏ।
ਆਖ ਦਮੋਦਰ ਜੇ ਪੈ ਹੁੱਟਾ[3], ਗਲ ਪਗੜੀ ਤੇ ਚਾਕ ਮਨਾਏ॥੩੪੭॥

ਤਾਂ ਆਖੇ ਖ਼ਾਨ ਤੂੰ ਤਾਂਹੀਂ ਰੁੱਠਾ, ਜੇ ਮੈਂ ਸੱਟਾਂ ਲਾਈਆਂ।
ਜੇਹਾ ਖ਼ਾਨ, ਪਠਾਣ, ਅਸਾਡਾ ਨਾਲ ਬਰਾਬਰ ਭਾਈਆਂ।
ਜੇ ਬਾਪ ਸਜਾਇ ਦਿੱਤੀ ਬੇਟੇ ਨੂੰ, ਕਿਸੇ ਕੇ ਲਹਿਣ ਸਾਈਆਂ।
ਆਖ ਦਮੋਦਰ ਇਉਂ ਕਰ ਮੱਝੀਂ, ਚੂਚਕ ਖ਼ਾਨ ਫਿਰਾਈਆਂ॥੩੪੮॥

ਆਇਆ ਫੇਰ ਰੰਝੇਟਾ ਬੇਲੇ, ਮੰਝੂ ਬੇਲੇ ਆਇਆ।
ਦੇਇ ਦਿਲਾਸਾ ਤੇ ਕਰ ਕਰ ਮਿੰਨਤਾਂ, ਚੂਚਕ ਚਾਕ ਮਨਾਇਆ।
ਬੇਲਾ ਛੋੜ ਉਠ ਘਰਾਂ ਨੂੰ ਹੋਇਆ, ਲੈ ਚਿੰਤਾ ਘਰ ਆਇਆ।
ਆਖ ਦਮੋਦਰ ਕੁੱਲ ਕਬੀਲਾ, ਸਾਰਾ ਪੁੱਛਣ ਆਇਆ॥੩੪੯॥

## ਚੂਚਕ ਮੰਨ ਨਾਲ

ਕੇ ਮੂੰਹ ਆਖਕੇ ਮੱਥੇ ਲਾਈਂ, ਕੇ ਆਖ ਸੁਣਾਈਂ ਭਾਈਆਂ।
ਆਹਾ ਸੱਚ ਨਾ ਕੂੜ ਰਤੀ ਹਿੱਕ, ਜੋ ਗੱਲਾਂ ਸੁਣੀਦੀਆਂ ਆਹੀਆਂ।
ਰਹਯਾ ਅਜ਼ਮਾਏ ਆਪਣੀ ਪਾਰੋਂ[4], ਮੇਂਹੀ[5] ਚਾਕ ਭਵਾਈਆਂ[6]।
ਹੀਰ ਵਿਚਾਰੀ ਕੌਣ ਚਿਕਾਰੀ[7], ਮੈਂਡੀਆਂ ਮੇਹੀਆਂ ਭੀ ਚਾਕ ਵੰਞਾਈਆਂ॥੩੫੦॥

ਆਇਆ ਖ਼ਾਨ ਭਲੇਰੀ ਗੀਤੀ[8], ਮਹਿਰੀ ਸੱਦ ਬਹਾਈ।
ਜੋ ਚਉ ਚਉ ਗਲ ਸੁਣੇਂਦੇ, ਕੰਨੀਂ, ਤਾਂ ਅੱਖੀਂ ਰੱਬ ਵਖਾਈ।
ਗਈਏ, ਦੇਹੁੰ ਕਲੋਕੇ[9] ਵਾਂਗੂੰ, ਜੋ ਤੁੱਧ ਪੇਟੋਂ ਜਾਈ।
ਆਖ ਦਮੋਦਰ ਵਾਰ ਬੁੱਢੇ ਦੀ, ਨਿਕਥੀ[10] ਇਹ ਕਮਾਈ॥੩੫੧॥

ਤਾਂ ਮਸਲਤ ਮਿਲ ਬੈਠੇ ਸਾਊ, ਆਖਹੁ ਕੀਕਣ ਕੀਚੈ।
ਲੱਥੀ ਮਣੀ[11] ਅਸਾਡੀ, ਮਹਿਰੀ, ਜ਼ਹਿਰ ਘੋਲ-ਕੇ ਪੀਚੈ।
ਜੋ ਹੋਵੇ ਸੋ ਅੱਜ ਕਲ ਹੋਵੈ, ਢਿੱਲ ਨ ਮੂਲੇ ਕੀਚੈ।
ਕਰੋ ਫ਼ਿਕਰ ਨਾ ਕਰੋ ਤਹੰਬਲ, ਵਿਵਾਹੇ[38] ਬੰਨ੍ਹ ਕਲੀਚੈ[12]॥੩੫੨॥

---

1. ਰੋਕ, ਰੁਕਾਵਟ। 2. ਮੱਝਾਂ ਨੂੰ ਸੱਟਾਂ ਮਾਰ ਕੇ ਥੱਕ ਗਿਆ। 3. ਜਦ ਥੱਕ ਗਿਆ। 4. ਆਪਣੇ ਵਲੋਂ। 5. ਮੱਝਾਂ। 6. ਮੋੜੀਆਂ। 7. ਕੀ ਹਸਤੀ ਰੱਖਦੀ ਹੈ। 8. ਮਾੜੇ ਹਾਲ। 9. ਕਲ ਵਾਂਗ ਅੱਜ ਭੀ ਉਸੇ ਵੇਲੇ ਗਈ ਹੈ। 10. ਨਿਕਲੀ। 11. ਇੱਜ਼ਤ, ਪੱਤ। 12. ਕਪੜੇ ਵਿਚ ਬੰਨ੍ਹ ਕੇ ਵਿਵਾਹ ਦਿਉ ; ਕਪੜੇ ਵਲੇਟਨਾ ਭਾਵ ਕੁੜੀ ਵਿਆਹ ਦੇਣਾ।

ਸਈੀ[1] ਵਿਲਾਵੀਂ ਗੰਢ ਸੁ ਹਿੱਕਾ, ਨ ਹੋਰ ਪਸਿੰਦ ਕਰੀਹਾਂ।
ਜਿਉਂ ਤਿਉਂ ਸੱਚ ਨ ਦੂਜੀ ਬਣਦੀ, ਅਸਾਂ ਸਰਪਰ ਢੰਗ[2] ਕਰੀਹਾਂ।
ਨਹੀਂ ਮੁਨਾਸਬ ਢਿੱਲ ਕਰਨ ਦੀ, ਅਸੀਂ ਗੰਢੀਂ ਪਾਇ ਭਿਜੀਹਾਂ।
ਕਹੈ ਦਮੋਦਰ ਹੀਰ ਸਿਆਲੀ, ਲਾਵਾਂ ਅਜ ਦਿਵੀਹਾਂ॥੩੫੩॥

ਇਦੋਂ ਫ਼ਿਕਰ ਕੀਤੋਈ ਚੂਚਕ, ਮਸਲਤ ਘਰੇ ਕਰਾਈ।
ਸੁਣ ਮਹਿਰੀ! ਵਿਣ ਕਾਜ ਵਰਾਯਾਂ[3], ਬਣਦੀ ਗੱਲ ਨ ਕਾਈ[4]।
ਜਿਉਂ ਜਿਉਂ ਢਿੱਲ, ਖੁਆਰੀ ਤਿਉਂ ਤਿਉਂ, ਕਿਆ ਮੂੰਹ ਕਾਲਕ ਲਾਈਂ।
ਆਖ ਦਮੋਦਰ ਹੀਰ ਅਘੋੜੇ[5] ਕਿਤਨਾ ਮੈਂ ਕੱਜਸਾਈ[6]॥੩੫੪॥

ਚੋਰੀ ਖਾਨ ਸਦਾਏ ਕੰਮੀ, ਖਿਜਮਤ ਦਿੱਤੀ ਤਾਹੀ।
ਕਿਸੇ ਸੋਨਾ ਕਿਸੇ ਮੋਤੀ, ਕਿਸੇ ਕਪੜਾ ਭਾਈ।
ਕਿਸੇ ਖੰਡ, ਤੇ ਕਿਸੇ ਮੈਦਾ, ਵੰਡੇ ਕੰਮੀਆਂ ਤਾਈਂ[7]।
ਆਖ ਦਮੋਦਰ ਚੋਰੀ ਤੋਰੇ, ਕੰਮੀ ਕੰਮਾਂ ਤਾਈਂ॥੩੫੫॥

ਤਾਂ ਚਉ ਚਉ ਚੱਲ ਪਈ ਵਿਚ ਸਿਆਲੇ[8], ਚੂਚਕ ਕਾਜ ਕਰੇਂਦਾ।
ਗੁੱਝੀ ਕੀਕਣ ਰਹੇ ਸਹੀ ਸੱਚ, ਲੋਕ ਉਗਾਹੀ ਦੇਂਦਾ।
ਜੋ ਬੋਲੇ ਹੋਰ ਗਲ ਨ ਕਾਈ, ਸ਼ਾਦੀ ਖ਼ਾਨ ਕਰੇਂਦਾ।
ਆਖ ਦਮੋਦਰ ਹਰ ਕੋਈ ਆਖੇ, ਚੂਚਕ ਹੀਰ ਪਰਨੈਂਦਾ[9]॥੩੫੬॥

## ਵੀਵਾਹੀਂ ਤੁਧ ਤਾਈਂ

**ਕੁੰਦੀ**

ਸੁਣ ਧੀਆ! ਮੈਂ ਸਦਕੇ ਕੀਤੀ, ਆਖਾਂ ਤੁੱਧ ਸੁਣਾਈ।
ਜੋਬਨਵੰਤ[10], ਫਿਰੇਂ ਵਿਚ ਬੇਲੇ, ਗੱਲਾਂ ਝੰਗ ਤੁਸਾਹੀਂ[11]।
ਘਰ ਘਰ ਹੋਰ ਨਾ ਗੱਲਾਂ ਧੀਏ! ਕਾਲਖ ਜੱਗ ਅਸਾਹੀਂ[12]।
ਕਹੇ ਦਮੋਦਰ ਧੀ ਸਿਆਣੀ! ਵੀਵਾਹੀਂ[13] ਤੁਧ ਤਾਈਂ॥੩੫੭॥

---

1. ਅ ਤੇ ਸ ਪਾਠ 'ਸਾਈ ਵਲਾਂਵੀ'। ਮੁਹਾਵਰਾ ਹੈ ਸੋ ਵਲਾਵੇਂ ਸਿਰ ਤੇ ਗਢ। 2. ਵਿਆਹ। 3. ਸਾਮਾਨ ਕੀਤਿਆਂ, ਕਾਜ ਰਚਿਆ। 4. 'ਅ' 'ਸ' ਵਿਚ ਪਾਠ 'ਬਣਦੀ ਗੱਲ ਨਾ ਭਾਈ' ਹੈ। 5. ਉਘੇੜਦੀ ਹੈ, ਜ਼ਿਆਦਾ ਪ੍ਰਗਟ ਕਰਦੀ ਹੈ। 6. ਕਜਾਂਗਾ, ਪਰਦਾ ਕਰਾਂਗਾ। 7. ਚੂਚਕ ਕੰਮੀਆਂ ਵਿਚ ਵਿਆਹ ਦਾ ਸਾਮਾਨ ਖਰੀਦਣ ਦਾ ਕੰਮ ਸੌਂਪਦਾ ਹੈ। 8. ਸਿਆਲਾਂ ਵਿਚ। 9. ਹੀਰ ਦਾ ਵਿਆਹ ਕਰਦਾ ਹੈ। 10. ਜੁਆਨ ਅਵਸਥਾ। 11. ਤੁਸਾਡੀਆਂ ਹੀ। 12. ਸਾਨੂੰ ਜੱਗ ਵਿਚ ਬਦਨਾਮੀ ਮਿਲਦੀ ਹੈ, ੳ, ਅ, ੲ, ਸ—'ਕਾਲਕ'। 13. ਤੇਰਾ ਹੁਣ ਮੈਂ ਵਿਆਹ ਕਰ ਦੇਣ ਲਗੀ ਹਾਂ।

### ਹੀਰ

ਅੰਮਾ! ਜਿਨ੍ਹਾਂ ਨੇ ਹੱਕ ਸਿਞਾਤਾ[1], ਸੁਣਹੁ ਸਿਆਣੀ ਮਾਈ।
ਅਸੀਂ ਨਵੇਂ ਨਰੋਏ ਹਾਂ ਹੀ[2] ਅਸਾਂ, ਬਿਆ ਜੀਅ[3] ਨਾ ਲਗੈ ਕਾਈ।
ਪਾਣੀ ਢੁਲ[4] ਮਿਲਿਆ ਪਾਣੀ ਨੂੰ, ਬਾਕੀ ਰਹੀ ਨ ਕਾਈ।
ਸੁਣ ਅੰਬੜ! ਇਹ ਗੱਲ ਸਚਾਵੀ, ਮੈਂਡੀ ਕੀਤੀ ਕੈਂ ਕੁੜਮਾਈ॥੩੫੮॥

### ਕੁੰਦੀ

ਕਹਾ ਰੌਲਾ ਮੰਗੇਵੇ ਦੇ ਵਿਚ, ਤੁੱਧ ਗੁਮਾਨ[5] ਪਇਓਈ?
ਆਪਹੁੰ ਚੰਗੇ ਢੂੰਡ ਲਧਿਆਸੇ[6], ਖੇੜਿਆਂ ਤੁੱਲ ਨ ਕੋਈ।
ਅਸਾਂ ਜਹੇ ਹੈਨ ਲਖ ਉਨ੍ਹਾਂ ਨੂੰ, ਕਮੀ ਨਹੀਂ ਹੈ ਕੋਈ?
ਸੁਣ ਧੀਏ! ਸੱਚ ਆਖਾਂ ਤੈਨੂੰ, ਮਾਲਮ ਤੁੱਧ ਨਾ ਹੋਈ?॥੩੫੯॥

### ਹੀਰ

ਸੁਣ ਮਾਏ! ਬਹੂੰ ਵੱਡੇ ਖੇੜੇ, ਜਿਨ੍ਹਾਂ ਜੋਗ ਸਲ੍ਹੇਂਦੀ[7]।
ਜਿਨ੍ਹਾਂ ਵਿਚ 'ਪਾਕ ਮੁਹਬਤ' ਨੀਸੂ, ਨੀਮੂ ਕਿਸੇ ਲਵੇ[8] ਲਏਂਦੀ।
ਖੇੜੇ ਖਾਵਨ ਖਸਮਾਂ ਤਾਈਂ[9], ਜੋ ਮੈਂ ਅੱਗੇ ਸਿਫ਼ਤ ਕਰੇਂਦੀ।
ਮਾਏ ਸਚ ਸੁਹਾਗ ਸਚਾਵਾ ਜਿਨ੍ਹਾਂ, ਸਿਰ ਸਾਈਂ ਮੈਂ ਦੇਂਦੀ॥੩੬੦॥

### ਮਾਂ

ਸੁਣ ਧੀਏ! ਮੈਂ ਸਦਕੇ ਕੀਤੀ, ਤੈਨੂੰ ਕੌਣ ਬੁਝਾਏ।
ਰੁਲਦਾ ਆਇਆ ਤਖ਼ਤ ਹਜ਼ਾਰਿਓਂ, ਕੋਈ 'ਚਾਕ' ਨ ਲਾਏ।
ਆਪੇ ਆਪ ਸਲਾਹਿਓ ਧੀਏ! ਆਪੇ ਅਸਾਂ ਸੁਣਾਏ।
ਸਾਰੇ ਜੱਗ ਵਿਚ ਊਂਧੀ[10] ਆਈ, ਤੈਂਡੇ ਬਾਪ ਨਾ ਭਾਏ।
ਸਾਈਆਂ! ਛੁਟ ਪਵਾਹਾਂ ਸੱਭੇ[11], ਜੇ ਰਾਂਝਾ ਮਰ ਜਾਏ॥੩੬੧॥

### ਹੀਰ

ਸੁਣ ਨੀਂ ਮਾਏ! ਚੂਚਕ ਹਾਏ[12], ਤੈਨੂੰ ਕੌਣ ਸਮਝਾਏ।
ਭਰੇ ਵਾਤ ਚਉਲਾ ਤੇ ਬੈਠੀ[13] ਨਾ ਪੁਣ[14] ਪੁਤ੍ਰ ਪਰਾਏ।
ਪਿਛੋਂ ਕੰਡੀ ਗੱਲ ਨ ਚੰਗੀ, ਕੋਈ ਤੌਂ ਭੀ ਪੇਟੋਂ ਜਾਏ[15]।
ਨਹੀਂ ਮੁਨਾਸਬ ਦੇਣ ਪਲੂਤਾ[16], ਜੇ ਤੈਨੂੰ ਰੱਬ ਭਾਏ॥੩੬੨॥

---

1. ਆਪਣਾ ਹੱਕ ਭਾਂਵ ਵਰ ਪਛਾਣ ਲਿਆ। 2. ਸਾਡਾ ਪਿਆਰ ਨਵਾਂ ਨਿਰੋਆ ਹੈ। 3. 'ਸ' ਪਾਠ 'ਜੀਆ' ਹੈ। 4. ਪਾਣੀ ਨਿਵਾਣ ਵਵਲ ਰਿੜ੍ਹ ਕੇ ਪਾਣੀ ਵਿਚ ਜਾ ਮਿਲਿਆ ਹੈ। ਰੂਹ ਦਾ ਰੂਹ ਨਾਲ ਮੇਲ ਹੋ ਗਿਆ ਹੈ। 5. ਤੈਨੂੰ ਕੀ ਸ਼ੱਕ ਪੈ ਗਿਆ ਹੈ। 6. ਅਸੀਂ ਲੱਭੇ ਹਨ। 7. ਜਿਨ੍ਹਾਂ ਦੀ ਤੂੰ ਉਸਤਤ ਕਰਦੀ ਹੈਂ। 8. ਉਨ੍ਹਾਂ ਨੂੰ ਨੇੜੇ ਵੀ ਨਹੀਂ ਆਣ ਦਿਆਂਗੀ। 9. ਖੇੜੇ ਖਸਮਾਂ ਨੂੰ ਖਾਣ ਭਾਵ ਖੇੜੇ ਆਪਣੇ ਘਰ ਬਹਿਨ, ਉਨ੍ਹਾਂ ਦਾ ਸਾਡੇ ਨਾਲ ਕੀ ਵਾਸਤਾ। 10. ਬਦਨਾਮੀ, ਨੀਵਾਂ ਮੂੰਹ। 11. ਅਸਾਂ ਸਾਰਿਆਂ ਦੀ ਜਿੰਦ ਛੁਟ ਜਾਏ, ਸਾਰੇ ਪੁਆੜੇ ਮੁਕ ਜਾਣ। 12. ਚੂਚਕ ਦੀਏ ਘਰ ਵਾਲੀਏ। 13. ਰੱਬ ਨੇ ਤੈਨੂੰ ਦੁੱਧ, ਪੁਤ, ਅੰਨ, ਧੰਨ ਸਭ ਕੁਛ ਦਿੱਤਾ ਹੈ। 14, ਮੰਦਾ ਨਾ ਮੰਗ, ਗਾਲ੍ਹਾਂ ਨਾ ਦੇ। 15. 'ਤੂੰ ਵੀ ਪੁੱਤਾਂ ਵਾਲੀ ਹੈ, ਤੂੰ ਵੀ ਆਲ ਔਲਾਦ ਵਾਲੀ ਹੈ'। 16. ਬਦ ਅਸੀਸ।

**ਮਾਂ**

ਚਾਕਾਂ ਉਤੋਂ ਵੀਰਾਂ ਤਾਈਂ, ਪੁਣਦਿਆਂ[1] ਮਿਹਰ ਨਾ ਆਈ।
ਨਾੜੇ ਦੀ ਥਾਂ ਨ ਕੱਪਿਓਮ[2] ਮੈ ਕਿਤਨੂੰ ਫੁਟ ਵਿਆਈ।
ਲੋਕਾਂ ਦੇ ਘਰ ਦੋ ਦੋ ਧੀਆਂ, ਤੂੰ ਕਟਕ ਰਬਾਣਾ[3] ਜਾਈ।
ਆਖੇ ਮਾਉ, ਧੀ ਸਿਆਣੀ, ਤੇਰੀ ਚਾਕੇ ਸੋ ਅਸ਼ਨਾਈ[4] ॥੩੬੩॥

**ਹੀਰ**

ਕੈਨੂੰ ਤੂੰ ਸਮਝਾਏਂ ਮਾਏ! ਜੋਰੀ ਨਿਆਉਂ ਕਰੇਂਦੀ।
ਲੂੰ ਲੂੰ ਅੰਦਰ ਰਾਂਝਾ ਵੜਿਆ, ਖੱਸ ਖੇੜਿਆਂ ਨੂੰ ਦੇਂਦੀ।
ਖਾਰੇ ਉਤੋਂ ਤ੍ਰਪ ਖਲੋਸਾਂ[5], ਤਦੋਂ ਤੂੰ ਸਮਝੈਂਦੀ।
ਕਹੇ ਦਮੋਦਰ ਹੀਰ ਸਿਆਲੀ, ਰਾਂਝਾ ਹੀਰ ਕੂਕੇਂਦੀ ॥੩੬੪॥

ਰਾਂਝੇ ਦੀ ਮੈਂ ਦਰ ਦੀਵਾਨੀ[6], ਹੰਝੂ ਚੋਲਾ ਭਿੰਨਾ[7]।
ਜਾਂ ਜਾਂ ਸ਼ੌਂਕ ਹਯਾਤੀ ਮਾਣਾ, ਰਾਂਝੇ ਨੂੰ ਮੈਂ ਘਿੱਨਾ[8]।
ਸੋ ਦੁਨਿਆਵੀ ਰਾਹ ਕੀ ਜਾਣਿਨ, ਹੱਕ ਨਾ ਕੀਤਾ ਜਿਨ੍ਹਾਂ[9]।
ਕਹੈ ਦਮੋਦਰ ਹੀਰ ਸਿਆਲੀ, ਕਾਜ ਗਿਣਾਇਆ ਕਿੰਨਾਂ ॥੩੬੫॥

**ਮਾਂ**

ਕਾਜ ਗਿਣਾਇਆ ਬਾਬਲ[10] ਧੀਏ, ਤੂੰ ਜੋਬਨ ਭਰ ਮਾਤੀ[11]।
ਹੋੜੇ ਹਟਕੇ[12] ਰਹਿੰਦੀ ਨੀਹੇਂ, ਦਾਗ ਲਏਂਦੀ ਜਾਤੀ।
ਚਾਕਾਂ ਨਾਲ ਕਰੇਂ ਅਸ਼ਨਾਈ ਝੱਲ ਚਿਰੇਂਦੀ[13] ਰਾਤੀਂ।
ਕਹੇ ਦਮੋਦਰ ਹੀਰ ਸਿਆਲੀ ਨਾ ਥੀ[14] ਮੂਲ ਚੁਪਾਤੀ ॥੩੬੬॥

**ਹੀਰ**

ਬਾਗੇ ਅੰਦਰ ਫੁੱਲ ਟਹਿਕੇ[15], ਤਿਉਂ ਰਾਂਝੇ ਡਿਠਿਆਂ ਜੀਵਾਂ।
ਪੋਕਰ[16] ਹਾਰ ਪਾਈਂ ਵਿਚ ਗਲ ਦੇ, ਮਾਲਣ ਆਖੇ ਥੀਵਾਂ।
ਬੇੜੀ ਵਿਚੋਂ ਢੂੰਡ ਲਧੋਸੇ, ਇਸ ਦਿਲ ਕੀਤਾ ਨੀਵਾਂ।
ਕਹੈ ਦਮੋਦਰ ਹੀਰ ਸਿਆਲੀ, ਮੈਂ ਜਗ ਸੁਹਾਗਣ ਥੀਵਾਂ ॥੩੬੭॥

---

1. ਵੀਰਾਂ ਦਾ ਮੰਦਾ ਮੰਗਦਿਆਂ। 2. ਓ, ਅ, ੲ, ਸ ਵਿਚ ਪਾਠ ਹੈ 'ਕਪਿਓ ਮੈਂ' ਭਾਵ ਮੈਂ ਕਪਿਆ, ਮੈਂ ਕਟਿਆ। 3. ਰੱਬੀ ਧਾੜ ਬਣ ਕੇ, ਰੱਬੀ ਕਹਿਰ ਬਣ ਕੇ। 4. ਦੋਸਤੀ, ਯਾਰੀ। 5. ਟੱਪ ਖਲੋਵਾਂਗੀ। ਛਾਲ ਮਾਰ ਦਿਆਂਗੀ। 6. ਰਾਂਝੇ ਦੇ ਦਰ ਦੀ ਦੀਵਾਨੀ ਹੋ ਚੁੱਕੀ ਹਾਂ। 7. ਉਸ ਦੇ ਪਿਆਰ ਦੇ ਹੰਝੂਆਂ ਨਾਲ ਮੇਰਾ ਸਰੀਰ ਰੂਪੀ ਚੋਲਾ ਭਿਜਿਆ ਹੋਇਆ ਹੈ। 8. ਰਾਂਝੇ ਦੀ ਪ੍ਰਾਪਤੀ ਦੀ ਹੀ ਚਾਹ ਕਰਾਂਗੀ। 9. ਉਹ ਸੰਸਾਰ ਦੇ ਮਾਇਆ ਜਾਲ ਵਿਚ ਫਸੇ ਲੋਕ ਜੋ ਕਦੇ ਸੱਚ ਨੂੰ ਨਹੀਂ ਪਛਾਣਦੇ ਉਹ ਸੱਚੇ ਰਾਹ ਨੂੰ ਕਿਸ ਤਰ੍ਹਾਂ ਸਮਝ ਸਕਦੇ ਹਨ। 11. ਤੂੰ ਭਰ ਜੁਆਨ ਹੋ ਗਈ ਹੈਂ। 12. ਰੋਕਿਆ ਤੂੰ ਨਹੀਂ ਰੁਕਦੀ। 13. ਰਾਤ ਵੇਲੇ ਝੱਲ ਬੇਲੇ ਚੀਰ ਕੇ ਨਿਕਲ ਜਾਂਦੀ ਹੈ। 14. ਨ ਥਈ, ਨ ਰਹੀ। 15. ਜਿਵੇਂ ਬਾਗ਼ ਅੰਦਰ ਫੁਲ ਖਿੜਦੇ ਹਨ, ਠੀਕ ਉਸੇ ਤਰ੍ਹਾਂ ਮੈਂ ਰਾਂਝੇ ਨੂੰ ਵੇਖ ਕੇ ਖਿੜ ਪੈਂਦੀ ਹਾਂ। 16. ਪ੍ਰੋ ਕੇ।

**ਮਾਂ**

ਇਹੁ ਸੁਹਾਗ ਤੁਹਾਡਾ ਧੀਏ! ਕੰਮ ਨ ਕਿਤੇ ਆਵੇ।
ਚਾਕਾਂ ਨਾਲ ਕਰੇਂ ਅਸ਼ਨਾਈ, ਲੱਜ ਨਾ ਤੁਧੇ ਆਵੇ।
ਵੱਸ ਅਸਾਡਾ ਕੋਈ ਨਾਹੀਂ, ਖੇੜਿਆਂ ਬੱਧੇ ਦਾਅਵੇ[1]।
ਕਹੈ ਦਮੋਦਰ ਮਾਂ ਕਹੈ ਹੀਰ ਨੂੰ, ਸੋ ਰਾਂਝਾ ਮਰ ਜਾਵੇ॥੩੬੮॥

**ਹੀਰ**

ਸੋ ਰਾਂਝਾ ਵਰ ਦੇਵੇਂ ਮੈਨੂੰ, ਨਿੱਤ ਸੁਹਾਗ ਢਹੀਵੇ[2]।
ਰਾਂਝਾ ਦਿਲਬਰ ਯਾਰ ਅਸਾਡਾ, ਦੀਨ ਦੁਨੀ ਤੇ ਜਾਵੇ।
ਹਿਕਸ[3] ਕਸੀਰੇ[4] ਤੋਂ ਖੇੜਾ ਖੋਟਾ, ਰਾਂਝਾ ਲੱਖੀਂ ਤੁਲੀਵੇ।
ਕਹੇ ਦਮੋਦਰ ਹੀਰ ਸਿਆਲੀ, ਭਾਇ[5] ਅਸਾਡੇ ਥੀਵੇ॥੩੬੯॥

**ਮਾਂ**

ਭਾਇ ਤੁਸਾਡੇ ਤਦੋਂ ਥੀਵੇ, ਜੇ ਮਾਂ ਪਿਉ ਹੋਵੇ ਰਾਜ਼ੀ।
ਮੇਲ ਮਹਾਇਣ[6] ਗੰਢ ਪਈਯਾਸੇ, ਕਰਮ ਲਿਖਿਆ ਸੁ ਸਾਂਝੀ[7]।
ਸੁਣ ਹੀਰੇ ਤੂੰ ਥੀਉ ਨ ਕਾਹਲੀ, ਅਸਾਂ ਦੂਰ ਰਖਿਆ ਮਿਤ੍ਰ ਮਾਂਝੀ[8]।
ਕਹੈ ਦਮੋਦਰ ਹੀਰ ਸਿਆਲੀ, ਥੀਉ ਖੇੜਿਆਂ ਤੇ ਰਾਜ਼ੀ॥੩੭੦॥

**ਹੀਰ**

ਜੇ ਤੁਸਾਂ ਦੂਰ ਰੱਖਿਆ ਮਿਤ੍ਰ ਮਾਝੀ, ਤਾਂ ਹਰਦਮ ਕਢਾਂ ਆਹੀਂ।
ਖਾਣਾ ਤਾਮ ਨਾ ਰੁੱਚੇ ਹਰਦਮ[9], ਜੇ ਸ਼ਹੁ ਵੇਖਾਂ ਨਾਹੀਂ।
ਹਿੱਕ ਘੜੀ ਮੈਂਡੀ ਵਰ੍ਹੇਂ ਵਰ੍ਹੇਂਦੀ[10], ਪਲਕ ਪਲਕ ਛਿਮਾਹੀਂ।
ਕਹੈ ਦਮੋਦਰ ਮੇਲ ਕਰੇਸੀ, ਆਪੇ ਸੱਚਾ ਸਾਈਂ॥੩੭੧॥

**ਮਾਂ**

ਗੰਢੀ ਪਾਇ ਖੇੜਿਆਂ ਨੂੰ ਮਿਲੀਆਂ ਹੋਏ ਅੱਤੇ ਸਾਹੇ[11]।
ਬੈਠੇ ਖੜੇ, ਖੜੇ ਉਠਆਹੇ, ਉਠਦੇ ਰਾਹੁ ਪਇਆਹੇ[12]।
ਅਸੀਂ ਤੁਸਾਡੇ ਬੰਦੇ ਬਰਦੇ[13], ਮੁੱਹਲਤ[14] ਨਾ ਕਰਿਆਹੇ।
ਕਹੇ ਦਮੋਦਰ ਹੀਰ ਸਿਆਲੀਂ, ਲੱਗੇ ਕਰਨ ਸੰਬਾਹੇ[15]॥੩੭੨॥

---

1. ਖੇੜੇ ਤੇਰੀ ਮੰਗ ਕਰਦੇ ਹਨ। 2. ਮੈਨੂੰ ਨਿਤ ਦਾ ਸੁਹਾਗ ਮਿਲ ਜਾਏਗਾ। 3. ਇਕ। 4. ਦਮੜੀ, ਪੈਸੇ ਦਾ ਚੌਥਾ ਹਿੱਸਾ। 5. ਰੱਬ ਕਰੇ ਰਾਂਝਾ ਸਾਡੇ ਭਾਗਾਂ ਵਿਚ ਲਿਖਿਆ ਜਾਵੇ। 6. ਸਾਕ ਸਬੰਧੀ ਅਤੇ ਪਰਿਵਾਰ। 7. ਤੇਰੇ ਭਾਗਾਂ ਵਿਚ ਚੰਗਾ ਵਰ ਲਿਖਿਆ ਗਿਆ। 8. ਮਿਤ੍ਰ ਮਾਹੀ-ਰਾਂਝਾ। 9. ਕਿਸੇ ਵੇਲੇ ਵੀ ਖਾਣਾ ਪੀਣਾ ਚੰਗਾ ਨਹੀਂ ਲਗਦਾ। 10. ਇਕ ਘੜੀ ਨਾ ਮਿਲਤੇ ਤਾਂ ਕਲਜੁਗ ਹੋਤਾ ਪਾ: ੫। 11. ਜਲਦੀ ਵਿਚ ਹੋ ਗਏ। 12. ਉਨ੍ਹਾਂ ਨੂੰ ਸੁਨੇਹਾ ਸੀ ਬੈਠੇ ਖੜੇ ਤੁਰ ਪਉ ਭਾਵ ਜਲਦੀ ਜੰਞ ਬਣਾ ਕੇ ਆ ਜਾਉ। 13. ਗੋਲੇ, ਹੱਥ ਬੱਧੇ ਗੁਲਾਮ-ਨਿਮਰਤਾ ਲਈ ਕਿਹਾ ਹੈ। 14. ਦੇਰ। 15. ਤਿਆਰੀਆਂ ਕਰਨ ਲਗੇ ਹੀਰ ਦੇ ਵਿਆਹ ਦੀਆਂ।

ਸੁਣ ਨੀਂ ਧੀਏ ਪੈਸਨ ਕਜ਼ੀਏ[1], ਸਾਰੇ ਜੱਗ ਪਚਾਰਾਂ[2]।
ਅਸੀਂ ਸਿਰਦਾਰ ਜ਼ਿਮੀਂ ਦੇ ਖਾਵੰਦ, ਫੁੱਲ ਨ ਸਹਿੰਦੇ ਭਾਰਾ।
ਕਸਬੇ ਦੇ ਵਿਚ ਗੱਲ ਅਸਾਡੀ, ਸਭ ਸਿਰ ਤੇ ਘਰਬਾਰਾਂ।
ਲੋਕਾਂ ਦੇ ਘਰ ਤ੍ਰੈ ਤ੍ਰੈ ਧੀਆਂ, ਤੂੰ ਮੈਂ ਛੱਜ ਅੰਗਾਰਾਂ[3] ॥੩੭੩॥

**ਹੀਰ**

ਲੱਧਾ[4] ਪੀਰ ਚਰੋਕਾ[5] ਮਾਏ, ਤੁਧ ਨੂੰ ਗੱਲ ਸੁਣਾਈਂ।
ਦਿਲ ਲਾਕੇ ਸੁਣ ਗੱਲ ਅਸਾਡੀ, ਮੰਨਣ ਜੋਗੀ ਆਹੀਂ।
ਦਾਅਵਾ[6] ਛੋੜ ਹਲੀਮ[7] ਥੀਆਸੇ, ਤੈਨੂੰ ਕੇ ਸਮਝਾਈਂ।
ਆਖ ਵਿਕਾਣੀ ਦਮਾਂ ਬਾਝੋਂ, ਲੱਧਾ ਪੀਰ[8] ਅਸਾਹੀਂ ॥੩੭੪॥

**ਮਾਂ**

ਲੱਧਾ ਪੀਰ ਕਦੋਕਾ ਧੀਏ! ਮੱਝੀਂ ਨਿੱਤ ਚਰੈਂਦਾ।
ਕਰ ਕਰ ਪੀਰ, ਸਿਞਾਂਤੋ ਕੀਕਣ, ਜੱਗ ਉਲ੍ਹਾਮੇ ਦੇਂਦਾ।
ਮੂੰਹ ਕਾਲਾ, ਸ਼ਰਮਿੰਦੇ ਕੀਕਣ, ਆਲਮ ਫਿਟੂੰ ਦੇਂਦਾ[9]।
ਕਿਵੇਂ ਹੀ ਸਮਝ ਸਿਆਣੀ ਛੋਹਿਰ, ਬਾਪ ਨਸੀਹਤਾਂ ਦੇਂਦਾ ॥੩੭੫॥

**ਹੀਰ**

ਮਾਏ ਰਾਂਝੇ ਦੀ ਮੈਂ ਰੋਟੀ ਕੀਤੀ, ਚਾਵਲ ਮਹੀਂ ਛਿਲਾਏ[10]।
ਹਿੱਕ ਜੋ ਚਾਵਲ ਸਹੀਆਂ ਭੰਨਾਂ, ਰਾਂਝਾ ਅੰਨ ਨ ਖਾਏ।
ਸੱਦਿਓ ਕਾਈ ਦਰਦਾਂ ਵਾਲੀ,[11] ਕਰ ਕਰ ਮਿੰਨਤ ਮਨਾਏ।
ਕਹੈ ਦਮੋਦਰ ਮੈਂ ਦਾਵਣ[12] ਲੱਗੀ, ਜੇ ਮੈਨੂੰ ਤੋੜ ਨਿਬਾਹੇ[13] ॥੩੭੬॥

**ਮਾਂ**

ਦਾਅਵੇ ਖੇੜਿਆਂ ਬੱਧੇ ਧੀਆ[14]! ਰਹਿਣ ਨ ਮੂਲ ਕਿਵਾਈਂ[15]।
ਆਖ ਹਕੀਕਤ ਧੀ ਸਿਆਣੀ, ਰੱਦੇਸਨ ਰਾਂਝੇ ਤਾਈਂ[16]।
ਅਸਾਂ ਨ ਸੂਝੈ, ਕੋਈ ਜ਼ਿਮੀਂ ਤੇ, ਜੋ ਪਰਨੈਸੀ[17] ਤੈਂ ਤਾਈਂ।
ਕਦੀ ਤਾਂ ਸਮਝ ਸਿਆਣੀ ਛੋਹਿਰ! ਰਖ ਈਮਾਨ ਦਿਵਾਈਂ ॥੩੭੭॥

---

1. ਮੁਸੀਬਤ, ਬਿਪਤਾ। 2. ਚੁਰ ਵਿਚੁਰ, ਕੰਨੋ ਕੰਨੀ ਗੱਲਾਂ। 3. ਤੂੰ ਮੇਰੇ ਲਈ ਅੱਗ ਦਾ ਟੋਕਰਾ ਹੈਂ ਭਾਵ ਤੂੰ ਮੇਰੇ ਲਈ ਮੁਸੀਬਤ ਬਣ ਗਈ ਹੈਂ। 4. ਲਭਿਆ, ਮਿਲ ਗਿਆ। 5. ਬਹੁਤ ਚਿਰਾਂ ਤੋਂ। 6. ਹੰਕਾਰ, ਮਾਣ। 7. ਨਿਮਰਤਾ ਵਾਲੇ, ਆਜਿਜ਼। 8. ਪੀਰ ਦੇ ਅਸਲ ਅਰਥ ਹਨ, ਗੁਰੂ, ਮੁਰਸ਼ਿਦ, ਅਧਿਆਤਮਕ ਆਗੂ। ਇਥੇ ਭਾਵ ਹੈ ਮੁਸ਼ਕਿਲ ਕੁਸ਼ਾ, ਸਭ ਔਕੜਾਂ ਦੂਰ ਕਰਨ ਵਾਲਾ ਪਤੀ-ਪਰਮੇਸ਼ਰ ਵਾਲਾ ਭਾਵ ਹੀ ਲਿਆ ਗਿਆ ਹੈ। 9. ਸਭ ਦੁਨੀਆਂ ਫਿਟਕਾਰਾਂ ਪਾਉਂਦੀ ਹੈ। 10. ਸਾਫ਼ ਕਰਾਏ। 11. ਜਿਸ ਦੇ ਆਪਣੇ ਅੰਦਰ ਕੋਈ ਪਿਆਰ ਦੀ ਕਣੀ ਹੈ। 12. ਦਾਮਨ, ਪੱਲੂ, ਲੜ। 13. ਰੱਬ ਕਰੇ ਇਹ ਮੇਰਾ ਪਿਆਰ ਤੋੜ ਨਿਭਾ ਦੇਵੇ। 14. ਹੇ ਧੀਆ ਹੀਰੇ, ਖੇੜਿਆਂ ਨੇ ਤੇਰੇ ਉੱਪਰ ਆਪਣਾ ਹੱਕ ਜਤਾ ਰਖਿਆ ਹੈ ਕਿਉਂਕਿ ਤੇਰੀ ਮੰਗਣੀ ਖੇੜਿਆਂ ਦੇ ਮੁੰਡੇ ਨਾਲ ਹੋ ਚੁੱਕੀ ਹੈ। 15. ਕਿਸੇ ਤਰ੍ਹਾਂ ਵੀ। 16. ਉਹ ਪਰੇ ਅਥਵਾ ਅਦਾਲਤ ਵਿਚ ਅਸਲ ਗੱਲ ਖੋਲ੍ਹ ਕੇ ਰਾਂਝੇ ਦਾ ਹੱਕ ਰੱਦ ਕਰਾ ਦੇਣਗੇ। 17. ਜੋ ਤੈਨੂੰ ਵਿਆਹੇਗਾ (ਖੇੜੇ ਤੋਂ ਬਿਨਾਂ)।

### ਹੀਰ

ਮਾਏ ਕੂੜੇ ਸਾਕ ਨ ਥੀਂਦੇ, ਸੱਚੇ, ਜੇ ਸਉ ਸੱਚ ਕਰਾਈਂ।
ਤਿਥੇ ਆਦਮ ਈਦਮ ਕੋਈ ਨਾਹੀਂ, ਜਿੱਥੇ ਹੋਈ ਕੁੜਮਾਈ[1]।
ਵੱਡੇ ਵਲੀ ਸਾਦਿਕ ਸਾਹਿਬ ਦੇ, ਜਿਨ੍ਹਾਂ ਪਚਾਰ ਸੁਣਾਈ[2]।
ਆਉ ਵਿਚਾਰੀ ਅੰਮਾਂ ਬਾਬਾ, ਤੈਨੂੰ ਖ਼ਬਰ ਨ ਕਾਈ॥੩੭੮॥

### ਮਾਂ

ਆਖਿਰ ਸ਼ਰਮਿੰਦੀ ਹੋਸੀ! ਓੜਕ ਵੇਖਣ ਤਾਈਂ।
ਖੇੜੇ ਕਹਿਰ ਜਵਾਲ ਸਾਹਿਬ ਦੇ[3], ਮੂਲ ਛੁੜੇਸਨ ਨਾਹੀਂ।
ਲੱੜ ਭਿੜ ਘਿਨਸਨ ਹੁਕਮੀਂ ਤੈਨੂੰ[4], ਅਸੀਂ ਨਿਲੱਜ ਥੀਸਾਈਂ[5]।
ਨਿਜ ਅਜਿਹੀ ਜੰਮਣ ਨਾਲੋਂ, ਲੋਕਾ[6], ਕੁਲ ਲਜਾਵਨ ਤਾਈਂ[7]॥੩੭੯॥

### ਤਾਂ ਸ਼ਾਦੀਆਨੇ ਚੂਚਕ ਕੀਤੇ

ਤਾਂ ਸ਼ਦੀਆਨੇ[8] ਚੂਚਕ ਕੀਤੇ, ਟੰਮਕ ਢੋਲ ਧਰਾਇਆ।
ਸ਼ਾਦੀ ਹੋਈ ਘਰ ਚੂਚਕਾਣੇ, ਆਲਮ[9] ਉੱਛਲ ਆਇਆ।
ਦੇਣ ਵਧਾਈ ਮਹਿਰੀਂ ਤਾਈਂ ਹਭਣਾ ਚੰਗਾ ਭਾਇਆ।
ਆਖ ਦਮੋਦਰ ਮੂਲ ਨ ਮਾਵਨ[10], ਇਤਨਾ ਮੰਗਤਾ ਆਇਆ॥੩੮੦॥

ਰਾਂਝਾ ਹੀਰ ਬੈਠੇ ਵਿਚ ਬੇਲੇ, ਤਾਂ ਸਾਰੀ ਸੁਣ ਪਾਈ।
ਕੋਈ ਕਾਜ[11] ਗਿਣਾਇਆ ਕਿਸੇ, ਕੇ ਹੋਈ ਕੁੜਮਾਈ?
ਕੇ ਕਾਈ ਸੁੰਨਤ[12], ਕੇ ਕਾਈ ਮਿਲਣੀ[13], ਕੇ ਕਾਈ ਪੁਤ੍ਰਾਈ[14]।
ਆਖ ਦਮੋਦਰ ਹੀਰੇ ਕੋਲੋਂ ਰਾਂਝੇ ਗੱਲ ਪੁਛਾਈ॥੩੮੧॥

### ਹੀਰ

ਨਾ ਕੋ ਢੰਗ[15] ਨ ਸ਼ਾਦੀ ਕਾਈ, ਨਾ ਕਾਈ ਕੁੜਮਾਈ।
ਨਾ ਕੋਈ ਮੰਗੇਵਾ ਨਾ ਕਾਈ ਮਿਲਣੀ, ਨਾ ਕਾਈ ਪੁਤ੍ਰਾਈ।
ਡਰਵਰ[16] ਹੋਇ ਰਹਿਆ ਵਸਤੀ ਵਿਚ, ਚੌਂ ਚੌਂ[17] ਸਿਆਲ 'ਚ ਆਹੀ।
ਜੇ ਆਖੇ ਸੁਧ ਵੰਞ ਘਿੰਨਾਂ ਸਿਆਲੀਂ, ਮਤ ਹੋਵੇ ਮੈਂ ਸਿਰ ਆਈ[18]॥੩੮੨॥

---

1. ਜਿਥੇ ਮੇਰੀ ਤੇ ਰਾਂਝੇ ਦੀ ਕੁੜਮਾਈ ਹੋਈ ਉਥੇ ਆਦਮ ਦੀ ਜ਼ਾਤ ਵੀ ਨਹੀਂ ਸੀ। ਭਾਵ ਪੰਜ ਪੀਰਾਂ ਨੇ ਹੀ ਕੁੜਮਾਈ ਕੀਤੀ ਸੀ। 2. ਵੱਡੇ ਪੀਰ ਸੱਚੇ ਨੇ ਸਾਡੀ ਕੁੜਮਾਈ ਦਾ ਐਲਾਨ ਕੀਤਾ। 3. ਖੇੜੇ ਬੜੇ ਜ਼ਾਬਰ ਹਨ। ਰੱਬੀ ਕਹਿਰ ਹੋ ਉਤਰਨਗੇ। 4. ਤੈਨੂੰ ਜ਼ਰੂਰ ਲੈ ਜਾਣਗੇ। 5. (ਤੇਰੀਆਂ ਇਨ੍ਹਾਂ ਗੱਲਾਂ ਕਾਰਣ) ਸਾਨੂੰ ਲੋਕ ਨਿਲੱਜ ਅਥਵਾ ਬੇਸ਼ਰਮ ਕਹਿਣਗੇ। 6. ਅਜਿਹੀ ਔਲਾਦ ਨ ਜੰਮੀ ਚੰਗੀ। 7. ਜੋ ਸਾਰੀ ਕੁਲ ਨੂੰ ਸ਼ਰਮਿੰਦਾ ਕਰੇ। 8. ਖੁਸ਼ੀ ਦੇ ਢੋਲ ਨਗਾਰੇ ਵਜਾਏ। 9. ਇਕ ਜਗਤ ਉਛਲ ਕੇ ਆ ਗਿਆ। 10. ਮਿਉਂਦੇ ਨਹੀਂ ਸਨ। 11. ਵਿਆਹ। 12. ਮੁਸਲਮਾਨਾਂ ਦੀ ਇਕ ਰਸਮ ਹੈ ਜਿਸ ਰਾਹੀਂ ਮੁੰਡੇ ਦੀ ਇੰਦਰੀ ਦਾ ਅਗਲਾ ਮਾਸ ਕੱਟ ਦਿੰਦੇ ਹਨ। 13. ਕੁੜੀ ਦੇ ਸੰਬੰਧੀਆਂ ਵਲੋਂ ਜੰਞ ਦੀ ਮਿਲਣੀ। 14. ਪੁੱਤਰ ਦੇ ਜੰਮਣੇ ਦੀ ਖੁਸ਼ੀ। 15. ਖੁਸ਼ੀ ਦਾ ਸਮਾਗਮ, ਵਿਆਹ। 16. ਹੈਰਾਨੀ ਭਰੀਆਂ ਗੱਲਾਂ। 17. ਚੁਰ ਵਿਚੁਰ, ਚਰਚਾ। 18. ਮਤਾਂ ਮੇਰੇ ਹੀ ਸਿਰ ਕੋਈ ਮੁਸੀਬਤ ਆਈ ਹੋਵੇ।

**ਰਾਂਝਾ**

ਨਾਹੁਸ[1] ਚਾਕ ਚਿਰੋਕਾ[2] ਹੀਰੇ! ਮੈਂ ਵੀ ਰਾਠਾਂ[3] ਦਾ ਜਾਇਆ।
ਆਇ ਅਸਾਡਾ ਜੀ ਫਧੋਈ[4]! ਤਾਂ ਮੈਂ ਚਾਕ ਸਦਾਇਆ।
ਫਿਰਾਂ ਮਰੀਂਦਾ ਛਮਕਾਂ ਖਾਂਦਾ, ਪਿਉ ਦਾ ਨਾਉ ਵੰਞਾਇਆ[5]।
ਆਖ ਹਕੀਕਤ ਆਪਣੀ ਹੀਰੇ, ਤੈਂ ਕੇ ਮਨ ਤੇ ਆਇਆ॥੩੮੩॥

**ਹੀਰ**

ਸੁਣ ਸਾਹਿਬ! ਤੂੰ ਕਾਮਿਲ ਮੁਰਸ਼ਿਦ[6], ਮੈਂ ਆਜਿਜ਼[7] ਨ ਅਜ਼ਮਾਹੇਂ[8]।
ਲਗੀ ਆਏ ਮੈਂ ਨਾਲ ਪੈਰਾਂ ਦੇ, ਛਡਕੇ ਨਾ ਮੈਨੂੰ ਲਾਏਂ।
ਦੇਵੇਂ ਪਾਕ ਮੁਹੱਬਤ[9] ਸੱਚੀ, ਮੈਕੂੰ ਨਾਂ ਭਰਮਾਏਂ[10]।
ਆਖ ਦਮੋਦਰ ਸੁਣੀ ਰੰਝੇਟਾ, ਤੇਰੇ ਪੈਰਾਂ ਹੇਠ ਮਰਾਹੇਂ[11]॥੩੮੪॥

**ਰਾਂਝਾ**

ਸੁਣੀਦੀ ਜੰਞ ਖੇੜਿਆਂ ਦੀ ਆਈ, ਆਖ, ਵੇਖਾਂ ਕੇ ਥੀਸੀ।
ਸਹਿਸੀ ਕੌਣ ਅਸਾਡਾ ਮਾਣਾ,[12] ਜੋ ਤੂੰ ਮਾਈਏਂ ਨੱਪ[13] ਪਈਸੀ।
ਆਲਮ ਲਗਸੀ ਮੈਂਡੇ ਪਿੱਛੇ, ਤੂੰ ਕੀਕਣ ਸੱਦ ਪੁਛੀਸੀ।
ਆਖ ਦਮੋਦਰ ਕੀਕੁਣ ਹੋਸੀ, ਜੈਂ ਦਿਨ ਤੂੰ ਪਰਨੀਸੀ[14]॥੩੮੫॥

**ਹੀਰ**

ਮਾਰਿਓ ਫੱਟ ਅਵੱਲਾ ਮੈਨੂੰ ਵਤ ਕਿਦੇ ਪਰਨੈਂਦਾ?
ਖੇੜੇ ਖਾਵਨ ਖਸਮਾਂ ਤਾਈਂ, ਮੈਨੂੰ ਆਪ ਅਲੈਂਦਾ[15]।
ਬੁਝ ਨ ਸਕਾਂ, ਮੈਥੂੰ ਪੁਛੇਂ, ਤੂੰ ਮੈਕੂ ਅਜ਼ਮੈਂਦਾ।
ਤੌਬਾ ਤੌਬਾ ਖੇੜਿਆਂ ਦੀ ਪਾਰੋਂ[16] ਜੀਉ ਤੈਂਡਾ ਜ਼ਿਕਰ ਕਰੇਂਦਾ[17]॥੩੮੬॥

ਉੱਠੀ ਹੀਰ ਜੁੱਲੀ ਘਰ ਆਪਣੇ, ਮਨ ਵਿਚ ਫਿਕਰ ਕਰੀਂਦਾ।
ਘਰ ਚੂਚਕਾਣੇ ਟਮਕ ਵਜਿਆ ਕੰਨ ਆਵਾਜ਼ ਸੁਣੀਂਦਾ।
ਕੁੜੀਆਂ ਗਾਵਣ ਆਟਾ ਪੀਸੇ, ਕੇਹਾ ਘਾੜ ਘੜੀਂਦਾ[18]।
ਨਾਲ ਖੇੜਿਆਂ ਦੇ ਕਿਹੜੀ, ਵੈਸੀ, ਮੈਥੂੰ ਨਹੀਂ ਪੁਛੀਂਦਾ[19]।
ਸਦ ਕਰੀਂ[20] ਘਰ ਆਵੇ ਰੰਝੇਟਿਆ, ਜੇ ਤੈਂ ਕੁਝ ਸੁਣੀਂਦਾ॥੩੮੭॥

---

1. ਮੈਂ ਨਹੀਂ ਸੀ। 2. ਪੁਰਾਣਾ ਬਹੁਤ ਚਿਰ ਦਾ, ਖਾਨਦਾਨੀ। 3. ਭੂ-ਪਤੀਆਂ ਦਾ, ਸਰਦਾਰਾਂ ਦਾ। 4. ਤੂੰ ਮੇਰਾ ਦਿਲ ਫਹਾ ਲਿਆ। 5. ਪਿਉ ਦੇ ਨਾਂ ਨੂੰ ਬਦਨਾਮ ਕੀਤਾ, ਵੱਟਾ ਲਾਇਆ। 6. ਸੰਪੂਰਨ ਗੁਰੂ, ਪੀਰ। 7. ਨਿਮਾਣੀ, ਨਿਮਾਣਾ। 8. ਪਰਤਾਵਾ ਨ ਲਈਂ। 9. ਪਵਿਤਰ ਪਿਆਰ। 10. ਮੈਨੂੰ ਭਰਮ ਵਿਚ ਨ ਰੱਖੀਂ ਧੋਖਾ ਨ ਦੇਈਂ। 11. ਤੇਰੇ ਪੈਰਾਂ ਹੇਠ ਮਰੀਏ ਭਾਵ ਸਾਰਾ ਜੀਵਨ ਤੇਰੇ ਸਾਥਾਂ ਵਿਚ ਹੀ ਗੁਜਰੇ। 12. ਸਾਡਾ ਮਾਣ, ਸਾਡਾ ਭਾਰ। 13. ਜੇ ਤੈਨੂੰ ਫੜ ਕੇ ਮਾਈਏ ਪਾ ਦਿੱਤਾ ਗਿਆ। 14. ਜਿਸ ਦਿਨ ਤੇਰਾ ਵਿਆਹ ਹੋਵੇਗਾ। 15. ਤੂੰ ਆਪ ਮੇਰੇ ਨਾਲ ਇਹੋ ਜਿਹੀਆਂ ਗੱਲਾਂ ਕਰਦਾ ਹੈਂ। 16. ਖੇੜਿਆਂ ਵਲੋਂ ਮੇਰੀ ਤੌਬਾ ਹੈ, ਭਾਵ ਖੇੜਿਆਂ ਵਲ ਮੇਰਾ ਕੋਈ ਰਜੂਹ ਨਹੀਂ। 17. ਮੇਰਾ ਅੰਤਾਕਰਣ ਹਰਦਮ ਤੇਰਾ ਹੀ ਨਾਂ ਜਪਦਾ ਹੈ। 18. ਕੀ ਬਣਤਰ ਬਣ ਰਹੀ ਹੈ। 19. ਮੇਰੇ ਕੋਲੋਂ ਕੋਈ ਨਹੀਂ ਪੁੱਛਦਾ। 20. ਮੈਂ ਤੈਨੂੰ 'ਵਾਜਾਂ ਮਾਰਦੀ ਹਾਂ।

### ਜੰਞ ਬਣਾਏ ਲੈ ਚੱਲੇ ਖੇੜੇ

ਜੰਞ ਬਣਾਏ ਲੈ ਚੱਲੇ ਖੇੜੇ ਸੱਕੇ[1] ਕੁਲ ਸਦਾਏ।
ਨੁਕਰੇ, ਨੀਲੇ, ਅਬਲਕ, ਪੀਲੇ[2], ਗਲ ਗਜਗਾਹ[3] ਬਣਾਏ।
ਹੇਨੇ ਤਬਲਬਾਜ ਵਿਚ ਬਣਦੇ[4], ਮਖ਼ਮਲ ਜ਼ੀਨੀ[5] ਲਾਏ।
ਆਖ ਦਮੋਦਰ ਜੰਞ ਖੇੜਿਆਂ ਦੀ, ਦਿੱਸਣ ਰੂਪ ਸਵਾਏ॥੩੮੮॥

ਬਖ਼ਸ਼ਣ ਕਾਰਨ ਟੱਟੂ ਲੀਤੇ, ਸੋ ਲੈ ਨਾਲ ਚਲਾਏ।
ਲੰਙੀ, ਖੇਸ, ਕੱਪੜ ਬਹੁਤੇਰਾ, ਕੇ ਕੋਈ ਆਖ ਸੁਣਾਏ।
ਉੱਠ ਟੱਟੂ ਕਸ਼ਮੀਰੀ ਕੇਹੇ, ਰੋਕੜ[6] ਨਾਲ ਲਦਾਏ।
ਆਖ ਦਮੋਦਰ ਅਜੇ ਨ ਪੂਰੇ[7] ਹੋਰ ਕੇ ਚੀਜ਼ ਮੰਗਾਏ[8]॥੩੮੯॥

ਕੋਤਲ[9] ਉਤੇ ਸਾਜ ਕਰਾਏ[10], ਰੱਖ ਨਿਸਾਣ[11] ਚਲਾਏ।
ਭੰਡ, ਭਗਤੀਏ[12] ਔਰ ਕੰਜਰੀਆਂ ਆਣ ਸੋ ਰਾਗ ਉਠਾਏ।
ਵੱਗਣ[13] ਢੋਲ ਅਤੇ ਸਰਨਾਈ ਜ਼ੱਰੇ[14] ਬਾਜ਼ ਉਡਾਏ।
ਆਖ ਦਮੋਦਰ ਕੇ ਕੁਝ ਡਿੱਠੋ, ਤਿਸ ਦਿਨ ਧਰਤੀ ਭਾਰ ਨਾ ਜਾਏ॥੩੯੦॥

ਤਾਂ ਚੂਚਕ ਫਿਰ ਉੱਦਮ ਕੀਤਾ, ਜਾਂ ਸੁਣਿਆਂ ਖੇੜੇ ਆਏ।
ਮੈਦੇ, ਚਾਵਲ ਤੇ ਘਿਉ ਖੰਡ ਸ਼ੱਕਰ ਸੱਭ ਮੌਜੂਦ ਕਰਾਏ।
ਆਟਾ, ਦਾਣਾ, ਲੇਫ਼, ਨਿਹਾਲੀ,[15] ਅੰਤ ਨ ਕੋਈ ਪਾਏ।
ਆਖ ਦਮੋਦਰ ਅਕਬਰ ਕੋਲੋਂ, ਦੋਵੇਂ ਨ ਘੱਟ ਆਹੇ॥੩੯੧॥

### ਛੋਹਿਰ ਕੋਠੇ ਦੀਹਾਂ

ਮਸਲਤ ਸੱਦ ਸਿਆਲਾਂ ਕੀਤੀ, ਕੀਕਣ ਤੇਲ ਠਕੀਹਾ[16]।
ਹੱਥੋ ਨੱਪੀ ਵੈਦੀ ਨਾਹੀ ਅਜਾਈਂ[17] ਖ਼ਸਮ ਕਰੀਹਾਂ।
ਭਿੜਨੇ ਤੇ ਫਿਰੇ ਮੂੰਹ ਪਾਈ[18], ਕੀਕਣ ਆਖ ਬਚੀਹਾਂ।
ਆਖ ਦਮੋਦਰ ਸੱਚ ਹਕੀਕਤ ਕੀਕਣ ਬੰਦੀ[19] ਦੀਹਾਂ॥੩੯੨॥

---

1. ਰਿਸ਼ਤੇਦਾਰ, ਸਾਕ-ਸਬੰਧੀ। 2. ਨੁਕਰੇ, ਨੀਲੇ, ਅਬਲਕ, ਪੀਲੇ ਘੋੜਿਆਂ ਦੇ ਰੰਗ ਹਨ। 3. ਹਾਰ ਹਮੇਲਾ। 4. ਵਿਚ ਵਿਚ ਹੰਨਿਆਂ ਦੇ ਨਾਲ ਨਗਾਰੇ ਲਟਕਾ ਲਏ। 5. ਕਾਠੀਆਂ ਦੇ ਉਪਰ ਮਖਮਲ ਦੇ ਕਪੜੇ ਸਜਾਏ। 6. ਨਕਦੀ ਰੁਪਿਆ ਪੈਸਾ। 7. ਅਜੇ ਸਾਮਾਨ ਪੂਰਾ ਨਹੀਂ ਹੋਇਆ। 8. ਹੋਰ ਬੇਅੰਤ ਚੀਜ਼ਾਂ ਮੰਗਵਾਈਆਂ। 9. ਘੋੜੇ ਦੀ ਵਧੀਆ ਕਿਸਮ। 10. ਕੋਤਲ ਘੋੜਿਆਂ ਪਰ ਸਜਾਵਟ ਕੀਤੀ। 11. ਝੰਡੇ। 12. ਮਿਰਾਸੀ, ਭੱਟ ਆਦਿ। 13. ਵੱਜਣ ਲਗੇ। 14. ਸ਼ਿਕਾਰੀ ਬਾਜ਼। 15. ਰਜ਼ਾਈ, ਤੁਲਾਈ। 16. ਤੇਲ ਠਕਾਣਾ ਰਸਮ ਹੈ। ਜਦ ਕੁੜੀ ਨੂੰ ਮਾਈਏਂ ਪਾਇਆ ਜਾਂਦਾ ਹੈ ਤਾਂ ਉਸ ਦੀ ਮਾਂਗ ਵਿਚ ਥੋੜ੍ਹਾ ਜਿਹਾ ਤੇਲ ਚੁਆ ਕੇ ਸੰਦੂਰ ਲਾਂਦੇ ਹਨ। ਇਹ ਪੁਰਾਣੀ ਹਿੰਦੂਆਨਾ ਰੀਤੀ ਹੈ। 17. ਐਵੇਂ ਹੀ। 18. ਹਰ ਵੇਲੇ ਲੜਨ ਨੂੰ ਤਿਆਰ ਹੈ। 19. ਕੈਦ ਵਿਚ, ਬੰਦੀ ਖਾਨੇ ਵਿਚ।

ਹੋਰਤ ਮਾਈਏਂ ਕਿਤੇ ਨ ਪਾਉਂਦੀ, ਏਹੋ ਮਤਾ ਕਰੀਹਾਂ।
ਜਿੱਥੇ ਖਾਵਣ ਬਹਿੰਦੀ ਰੋਟੀ, ਤਿਥੈ ਵੀਰ ਛਪੀਹਾਂ।
ਜਾਂ ਰੱਜ ਖਾਵੈ ਉਠਣ ਲੱਗੇ, ਪਾਣੀ ਹੱਥ ਧੁਵਈਆਂ।
ਆਖ ਦਮੋਦਰ ਇਤ ਬਹਾਨੇ ਛੋਹਿਰ ਕੋਠੇ ਦੀਹਾਂ॥੩੯੩॥

ਤ੍ਰਾਹੇ ਵੀਰ ਤੇ ਚਾਰੇ ਮਾਮੇ, ਅੰਦਰ ਆਣ ਛਪਾਏ।
ਮੱਖਣ ਛਾਹ ਅਤੇ ਦੁੱਧ ਮਾੜ੍ਹਾ, ਉੱਤੇ ਖੰਡ ਰਲਾਏ।
ਖਾਧੁਸ[1] ਰੱਜ ਤੇ ਪਾਣੀ ਮੰਗੇ, ਜਾਂ ਮਾਊਂ ਹੱਥ ਧੁਵਾਏ।
ਆਖ ਦਮੋਦਰ ਜੇ ਉਠਣ ਲਗੀ, ਤਾਂ ਹੱਥ ਭਰਾਵਾਂ ਪਾਏ॥੩੯੪॥

## ਹੀਰ

ਧ੍ਰੋਹੀ[2] ਨੇ, ਹੇ ਤੈਕੂੰ ਭਾਈ! ਮਹੀਂ ਨਾ ਕੋ ਛੁਹਿਆਏ।
ਜਿਦੇ ਖੜਿਹੋ[3], ਮੈਂ ਆਪੇ ਵੈਂਦੀ, ਹੱਥ ਨ ਮਹੀਂ ਲਇਆਏ।
ਨਾਇੰ ਸਾਈਂ[4] ਦੇ ਗੱਲ ਕਰੇਂਦੀ ਮੈਂਡੀ ਭੀ ਸੁਣਿਆਹੇ।
ਵੀਰਾ ਛੁਹੋ ਨਾ ਮੈਂਡੇ ਪਿੰਡੇ, ਮੈਨੂੰ ਹੱਥ ਰੰਞੇਟੇ ਲਾਏ॥੩੯੫॥

## ਹੁੱਰਾ ਨਿਕਾ ਪੀਹ ਰਲਾਏ

ਹੁਕਮੀ[5] ਆਣ ਦਿੱਤੀ ਵਿਚ ਕੋਠੇ, ਏਂਵ ਨ ਬੰਦੀ ਦੀਹਾਂ।
ਆਣਿਓ ਜ਼ਹਿਰ ਦੇਹੋ ਕੁੰਦੀ ਨੀ। ਰਾਤ ਖਵਾਇ ਮਰੀਹਾਂ।
ਇਸਦੀ ਜਾਹੀ ਧੀ ਖ਼ਾਨ ਦੀ, ਹੁਣੇ ਹੀ ਚਾ ਪਰਨੀਹਾਂ।
ਆਖ ਦਮੋਦਰ ਹਭਣਾ ਭਾਣੀ[6], ਨਾ ਜ਼ਰਾ ਤਹੰਬਲ[7] ਕਰੀਹਾਂ॥੩੯੬॥

ਆਂਦੀ ਜ਼ਹਿਰ ਗੁਨ੍ਹਾਈ[8] ਆਟੇ, ਮੈਦਾ ਮਾਉਂ ਪਕਾਏ।
ਮੱਖਣ ਛਾਹੀ[9] ਦੇ ਵਿਚ ਮਹੁਰਾ ਨਿਕਾ ਪੀਹ ਰਲਾਏ।
ਖਾਣਾ ਭਲਾ ਪਕਾਇਆ ਕੁੰਦੀ, ਖਾਵਣ ਹੀਰ ਬਹਾਏ।
ਆਖ ਦਮੋਦਰ ਜੇ ਰੱਜ ਖਾਧਾ, ਤਾਂ ਹੀਰ ਜਬਾਬ ਸੁਣਾਏ॥੩੯੭॥

## ਹੀਰ

ਸੁਣ ਵਣ ਮਾਏ ਮੈਂ ਮਾਈਏਂ ਪਾਇਓ, ਵੀਰ ਛਪਾਇ ਬਹਾਏ।
ਭਲਾ ਥੀਆ ਮੈਂ ਆਪੇ ਆਈ, ਉਨ੍ਹਾਂ ਮੈਨੂੰ ਹੱਥ ਨ ਲਾਏ।
ਪਾਕੋਂ ਨਪ ਪਲੀਤੀ[10] ਦਿੱਤੀ, ਹੁਣ ਮਹੁਰਾ ਰੱਜ ਖਵਾਏ।
ਜ਼ਹਿਰ ਕਿ ਪੋਹੇ[11] ਮਾਉਂ ਤਿਨ੍ਹਾਂ ਨੂੰ, ਜਿਨ੍ਹਾਂ ਕਾਮਿਲ ਇਸ਼ਕ ਪਚਾਏ[12]॥੩੯੮॥

---

1. ਉਸ ਨੇ ਖਾਇਆ। 2. ਦੁਹਾਈ ਰੱਬ ਦੀ। 3. ਲੈ ਜਾਉਗੇ। 4. ਰੱਬ ਦਾ ਵਾਸਤਾ ਜੇ। 5. ਜ਼ੋਰੋ ਜੋਰੀ, ਜ਼ਬਰਦਸਤੀ। 6. ਗ਼ੱਲ ਠੀਕ ਲਗੀ, ਪਸੰਦ ਆਈ। 7. ਤਹੱਮਲ, ਸਬਰ, ਇੱਥੇ ਭਾਵ ਦੇਰ ਤੋਂ ਹੈ। 8. ਆਟੇ ਵਿਚ ਗੁਨ੍ਹ ਦਿੱਤੀ। 9. ਛਾਹ, ਲੱਸੀ। 10. ਮੈਨੂੰ ਪਾਕ ਪਵਿਤਰ ਪਾਸੇ ਵਲੋਂ ਹਟਾ ਕੇ ਝੂਠੇ ਪਾਸੇ ਲਾਇਆ ਈ। 11. ਕੀ ਵਿਗਾੜ ਸਕਦੀ ਹੈ। 12. ਜਿਨ੍ਹਾਂ ਦੇ ਅੰਦਰ ਸੱਚਾ ਇਸ਼ਕ ਵੱਸ ਰਿਹਾ ਹੈ।

ਤਾਂ ਹੁਕਮੀ ਫਧ ਅੰਦਰ ਘੱਤੀ ਨਾਰੇ[1] ਹੀਰ ਕਰੇਂਦੀ।
ਹੱਸੀ! ਸੱਚ ਸਹੇਲੀ ਮੈਂਡੀ ਆਖ ਵੇਖਾਂ ਮੈਂ ਕੈਂਦੀ।
ਕਾਮਲ ਮੁਰਸ਼ਦ ਈਵੇਂ ਭਾਣੀ, ਤਾਂ ਤਿਸ ਕੀਤਾ ਮੈਂਦੀ[2]।
ਵਸ ਪਰਾਏ ਪਈ ਸਲੇਟੀ ਹੱਥ ਫਾਟੇ ਤੇ ਥੌਣ ਹਿਲੈਂਦੀ[3] ॥੩੯੯॥

**ਹੀਰ**

ਮਾਏ ਇਆਣੀ! ਤੁਧ ਮਹਿੰਦੀ ਆਣੀ, ਕੈਂਦੇ ਦਸਤ ਰੰਗੇਸੀ।
ਹਿਕ ਦਿਲ ਆਹੀ ਰਾਂਝਣ ਲੀਤਾ, ਖੇੜਿਆ ਨੂੰ ਕੇ ਦੇਸੀ?
ਨੀਸੂ ਉਠ ਬਲੋਚਾਂ[4] ਵਾਲਾ, ਦਰ ਦਰ[5] ਜਾਇ ਝੁਕੇਸੀ।
ਆਖ ਦਮੋਦਰ ਨਾਹਿ ਛੁੜੇਸੀ, ਰਾਂਝਾ ਖੇੜੇ ਕੇਹੜੀ ਵੈਸੀ ॥੪੦੦॥

ਜਿਉਂ ਘਨੀਅਰ[6] ਵੱਸੇ ਡੂਗਰ[7] ਤੇ, ਪਾਣੀ ਰੁੜ੍ਹੇ ਨਿਵਾਣੇ।
ਹੀਰ ਨਿਖੇੜੀ ਤ੍ਰਿੰਵਣ ਵਿਚੋਂ, ਮਾਈਂਏ ਘੱਤੀ[8] ਆਣੇ।
ਚੀਕੂ ਮਲੋ ਸਹੇਲੀਓ ਮੈਨੂੰ, ਬਿਕਲਾਈਆਂ[9] ਦੇ ਤਾਣੇ।
ਲੋਕਾਂ ਭਾਣੇ ਢੰਗ[10] ਥੀਆ ਅੰਮਾਂ! ਮੈਂ ਭਾਣੇ ਮੁਹਕਾਣੇ[11] ॥੪੦੧॥

## ਛੇੜੂਆਂ ਦਾ ਰਾਂਝੇ ਨੂੰ ਛੇੜਨਾ

**ਛੇੜੂ**

ਖੇੜੇ ਢੁਕੇ ਚਾਕ ਰੁੰਝੇਟਿਆ, ਕੇਹੀਆਂ ਧੀਰਕਾਂ[12] ਦੇਂਦੇ।
ਕਿਥੋਂ, ਖਾਸੀ ਚੂਰੀ ਮੱਖਣ, ਹੀਰੇ ਨੂੰ ਪਰਨੈਂਦੇ[13]।
ਖੱਸ ਘਿਧੋਈ ਮੰਞੂ ਸਾਥੋਂ, ਤੈਂਡੇ ਸਿਰ ਕੇ ਕਰੇਂਦੇ।
ਖ਼ਾਤਰ ਜਮਾਂ ਕਰ,[14] ਅਸਾਂ ਸੁਣਿਆਂ, ਤੈਕੂੰ ਥਾਇਂ ਮਰੇਂਦੇ[15] ॥੪੦੨॥

**ਰਾਂਝਾ**

ਸੁਣਿਹੋ ਭਾਈ ਮੈਂ ਖ਼ਬਰ ਨ ਕਾਈ, ਮੈਨੂੰ ਕਿਸਮਤ ਆਣ ਫਹਾਇਆ।
ਤਾਂ ਤਾਂ ਤਾਈਂ ਬੈਠਾ ਹਾਂ ਮੈਂ, ਜਾਂ ਜਾਂ ਰਿਜ਼ਕ ਬਹਾਇਆ।
ਉੱਠ ਚੱਲਾ ਹਾਂ ਛੋੜ ਸਿਆਲਾਂ, ਨਾਂ ਅਸਾਂ ਖ਼ਤ[16] ਲਿਖਾਇਆ।
ਆਖ ਦਮੋਦਰ ਕੰਮ ਕੇ ਅਸਾਂ ਸੀਊ[17] ਨ ਬੰਨਾ[18] ਵਾਹਿਆ ॥੪੦੩॥

---

1. ਕੂਕਾਂ, ਚੀਕਾਂ। 2. ਮਾਂਦੀ, ਇਹ ਮਾੜੀ ਹਾਲਤ। 3. ਹੱਥ ਮਲਦੀ ਤੇ ਬੁਲ ਟੁਕਦੀ ਸੀ ਭਾਵ ਡੁਸਕਦੀ ਸੀ। 4. ਪੁੰਨੂੰ ਬਲੋਚ ਵਲ ਸੰਕੇਤ ਹੈ। 5. ਬੂਹੇ ਬੂਹੇ। 6. ਕਾਲਾ ਬੱਦਲ। 7. ਪਹਾੜ। 8. ਪਾਈ। 9. ਬਿਨਾਂ ਕਲਾਈ ਦੀ ਤਾਕਤ ਦੇ, ਆਹਿਸਤਾ। 10. ਵਿਆਹ, ਸ਼ਾਦੀ। 11. ਮੁਕਾਣ, ਮਾਤਮ। 12. ਸੁਰਾਂ 'ਸ' ਪਾਠ 'ਧੀਕਾਂ'। 13. ਹੀਰ ਨੂੰ ਵਿਆਹੁੰਦੇ ਹਨ। 14. ਦਿਲ ਨਾਲ ਸਮਝ ਲੈ, ਪੱਕੀ ਜਾਣ। 15. ਤੈਨੂੰ ਜਾਨੋਂ ਮਾਰ ਦੇਣ ਦਾ ਇਰਾਦਾ ਰੱਖਦੇ ਹਨ। 16. ਚਿੱਠੀ, ਪੱਟਾ। 17. ਸਿਆੜ। 18. ਖੇਤ।

**ਛੇੜੂ**

ਹੁਣ ਤਦਾਂ ਜੀਉ ਉਦਾਸੀ ਕੀਤਾ, ਜੇ ਖ਼ਸਮਾਂ[1] ਹੀਰ ਚਲਾਈ।
ਅੱਗੇ ਨਾਹੇਂ ਵੈਂਦਾ ਮੀਆਂ! ਜੇ ਖਾਵਹਿੰ ਦੁੱਧ ਮਲਾਈ।
ਅੰਦਰ ਵੱੜ ਤੈਂਡੇ ਨਹੀਂ ਵੇਖੈ, ਜੋ ਤੈਂ ਆਖਿਰ[2] ਆਈ।
ਆਖ ਦਮੋਦਰ ਸਿਰ ਕਪਸੈਨੀ,[3] ਜੋ ਤੈਂ ਧੁਧ ਧਵਾਈ[4] ॥੪੦੪॥

**ਰਾਂਝਾ**

ਸੁਣਿਹੋ ਭਾਈ! ਤੁਸਾਂ ਏਹੋ ਭਾਣਾ, ਦੇ ਕਰ ਗਾਲੀ ਲੜਿਆ।
ਜੋ ਜਾਣੋ ਸੋ ਕਰਿਹੋ ਮੈਨੂੰ, ਬੇਮੁਣਿਆਦਾ[5] ਫੜਿਆ।
ਕੋਈ ਨਾ ਉਜਰ ਬੇਉਜ਼ਰੇ ਤਾਈਂ, ਜੀਉ ਅਸਾਡਾ ਸੜਿਆ।
ਜੇਕਰ ਹੀਰ ਖੱਸ ਲੀਤੀ ਖੇੜਿਆਂ, ਤਾਂ ਹਜ਼ਾਰਾ ਖੱਸ ਨ ਖੜਿਆ ॥੪੦੫॥

**ਛੇੜੂ**

ਬਹੂੰ ਪਿੰਡਾਂ ਵਧਾਯਾ ਚੂਰੀ ਖਾਇਕੇ, ਗੱਥਰ[6] ਕਿਸੇ ਨ ਪਏਂਦਾ।
ਅੱਠੇ ਪਹਿਰ ਫਿਰਹਿੰ ਅਲਮਸਤੀ[7], ਸੱਦਿਆਂ ਸੱਦ ਨ ਦੇਂਦਾ।
ਹੁਣ ਆਇਓਂ ਵੱਸ ਅਸਾਡੇ ਚਾਕਾ, ਦਾਖਿਲ ਸਜਾਏ ਪਏਂਦਾ।
ਆਖ ਦਮੋਦਰ ਬੇਮੁਨੀਆਦਾ, ਕੇਹਾ ਜਬਾਬ ਕਰੇਂਦਾ ॥੪੦੬॥

**ਰਾਂਝਾ**

ਭਾਈ ਮੈਂ ਤਾਂ ਅਰਜ਼ ਕਰੇਂਦਾ ਤੁਸੀਂ ਮਾਰਣ ਨੂੰ ਪਏ ਆਹੇ।
ਅਸਾਂ ਚਿੱਤ ਹੁਣ ਪਇਆ ਹਜ਼ਾਰਾ[8], ਅਸਾਂ ਕੌਣ ਰਹਾਏ।
ਜਾਂ ਜਾਂ ਕਿਸਮਤ ਅਸੀਂ ਤਾਂ ਤਾਂ ਬੈਠੇ, ਹੁਣ ਅਸੀਂ ਕੌਣ ਰਹਾਏ।
ਸੁਣ ਭਾਈ! ਘਿੰਨ ਇਥੋਂ ਜੁਲਸਾਂ[9] ਤਾਂ ਪਲਿਓਂ ਖੱਸ ਘਿਨਿਆਹੇ[10] ॥੪੦੭॥

## ਗਲੋਂ ਕਲੰਕ ਚਕਈ ਹਾਂ।

ਤਾਂ ਮਾਈਏਂ ਹੀਰ ਕਰੇਂਦੀ, ਨਾਰੇ[11] ਰੋਂਦੀ ਕਰ ਕਰ ਆਹੇ[12]।
ਪਾਣੀ ਤਾਮ ਹਰਾਮ ਕੀਤੋਸੂ[13], ਰੋਜ਼ੇ ਖ਼ਸਮ ਰਖਾਏ।
ਜੇਹੇ ਸੈਲ[14] ਬੇਲੇ ਬਹੂੰ ਕੀਤੇ, ਹੁਣ ਅਸਾਂ ਕਵਣ ਖਵਾਏ।
ਆਖ ਦਮੋਦਰ ਹੁਣ ਕੀਕੁਣ ਖਾਜੈ ਜੇ ਮੁਰਸ਼ਿਦ ਠਾਕਾ[15] ਪਾਏ ॥੪੦੮॥

---

1. ਮਾਲਕਾਂ, ਖੇੜਿਆਂ। 2. ਕਿਆਮਤ, ਪਰਲੈ ਤੇਰੇ ਲਈ ਮਾਨੋ ਕਿਆਮਤ ਆ ਗਈ ਹੈ। 3. ਤੇਰਾ ਸਿਰ ਵੱਢਣਗੇ। 4. ਧੁੰਮ ਮਚਾਈ ਹੈ। ਮਨ ਆਈਆਂ ਕੀਤੀਆਂ ਹਨ। 5. ਬੇਆਸਰਾ, ਜਿਸ ਦਾ ਅੱਗਾ ਪਿੱਛਾ ਨਹੀਂ। 6. ਗਿਣਤੀ ਵਿਚ। 7. ਮਸਤੀ ਵਿਚ। 8. ਸਾਡਾ ਹੁਣ ਤਖ਼ਤ ਹਜ਼ਾਰੇ ਵਲ ਧਿਆਨ ਹੈ। 9. ਭਾਈ ਜੇ ਇਥੋਂ ਕੁਝ ਲੈ ਚਲਿਆ, 10. ਤੁਸੀਂ ਮੇਰੇ ਪਾਸੋਂ ਖੋਹ ਲਿਆ ਜੋ। 11. ਚੀਕਾਂ, ਕੂਕਾਂ। 12. ਆਹੀਂ ਭਰ ਕੇ, ਠੰਡੇ ਸਾਹ ਭਰ ਕੇ। 13. ਖਾਣਾ-ਪੀਣਾ ਉਸ ਨੇ ਤਜ ਦਿੱਤਾ। 14. ਸੈਰ ਸਪਾਟਾ। 15. ਰੋਕ, ਰੁਕਾਵਟ।

ਤਾਂ ਡਿੱਠਾ ਰੰਗ ਭਿਰਾਵਾਂ ਅੰਦਰ, ਕੈਨੂੰ ਹੱਕ[1] ਪਰਨੀਹਾਂ।
ਲੱਜ ਅਸਾਡੀ ਰਹਿੰਦੀ ਨਾਹੀਂ, ਕਿਤਨਾ ਅਸੀਂ ਛਪਈਹਾਂ।
ਸਾਊ[2] ਸੱਦ ਪਸਿੰਦ[43] ਕਰੇਂਦੇ, ਰਾਤੀਂ ਹੀਰ ਮਰਈਹਾਂ।
ਚੂਚਕ ਦੇ ਘਰ ਧੀਆਂ ਘਣੀਆਂ, ਹੋਰੀ[3] ਤੇਲ ਠਕਈਹਾਂ।
ਆਖ ਦਮੋਦਰ ਏਂਵ ਨ ਬਣਦੀ, ਅਸੀਂ ਗਲੋਂ–ਕਲੰਕ ਚੁਕਈਹਾਂ[4] ॥੪੦੯॥

ਤਾਂ ਇਹ ਕੁਲ ਕਬੀਲੇ ਭਾਈ, ਸਭਨਾਂ ਈਵੇਂ ਭਾਇਆ।
ਚਾਰੇ ਮਾਮੇ ਤ੍ਰਾਹੇ ਭਾਈ, ਸਭਨਾਂ ਮਤਾ ਪਕਾਇਆ।
ਹਭਣਾਂ ਹੀਰ ਸੁ ਮਾਰੀ ਭਾਵੇ[5], ਤਰਸ ਨ ਕਹੀਏਂ ਆਇਆ।
ਆਖ ਦਮੋਦਰ ਧੀ ਪਠਾਣੇ[6], ਗਾਨਾ ਹੱਥ ਬੰਨ੍ਹਾਇਆ ॥੪੧੦॥

ਨਾਲ ਤ੍ਰਿਕਾਲੇ[7] ਜਿੱਥੇ ਮਾਈਏਂ, ਖਾਨ ਤਿਥੈ ਚਲ ਆਇਆ।
ਹੱਸੀ ਸੱਦ ਬਹਾਈ ਚੂਚਕ, ਗੋਸ਼ੇ ਬਹਿ ਸਮਝਾਇਆ।
ਕਰ ਕਰ ਵਿੱਥ ਸਵੈਂ ਇਸ ਨਾਲੋਂ, ਅਸਾਂ ਮਾਰਨ ਮਤਾ ਪਕਾਇਆ।
ਆਖ ਦਮੋਦਰ ਮਤ ਮਾਰੀ ਵੰਞੇ[8], ਇਤੇ[9] ਆਇ ਚਿਤਾਇਆ[10] ॥੪੧੧॥

## ਹੱਸੀ

ਭੱਲਾ ਕਿਤੋਹੇ! ਜੋ ਤੁਸਾਂ ਭਾਣੀ, ਮਾਰਣ ਮਤੇ ਪਕਾਏ।
ਇਤਨੇ ਬਾਣਹੁੰ ਰਹਿੰਦੀ ਨੀਹੇਂ ਜੀਂਦੀ ਨ ਛੁੜਿਆਹੇ।
ਬਾਬਾ ਲਾਹੇਂ ਫ਼ਰਜ਼ ਸਿਰੇ ਤੋਂ, ਵਿਸਾਰ ਗੱਲ ਦਿਵਿਆਹੇ।
ਨਾਇੰ ਸਾਈਂ ਦੇ[11], ਖ਼ਾਨ ਸਲਾਮਤ! ਮੈਂ ਪਹਿਲੋਂ ਮਰਿਆਹੇ[12] ॥੪੧੨॥

## ਹੱਸੀ ਹੀਰ ਨੂੰ

ਸੁਣ ਹੀਰੇ! ਭਾਈ ਪਿਉ, ਤੈਂਡਾ, ਬਾਹਰ ਸੱਦ ਮੈਂ[13] ਸਮਝੈਂਦੈ।
ਕੋਲੋਂ ਏਇ ਸਵੇਂ ਦੁਰਾਡੀ, ਅਸੀਂ ਹੀਰੇ ਜੋਗ ਮਰੇਂਦੇ।
ਆਇ ਉਚੇਚਾ ਮੈਨੂੰ ਆਖਿਉਸ, ਨਾਹੀਂ ਜਿਗਰ[14] ਕਰੇਂਦੇ।
ਆਖ ਦਮੋਦਰ ਖ਼ਤਾ[15] ਨ ਜਾਣੇ, ਤੈਨੂੰ ਚੋਟ ਕਰੇਂਦੇ ॥੪੧੩॥

---

1. ਹੱਕ ਨਿਕਾਹ ਵਿਚ ਕਿਸ ਦਾ ਵਿਆਹ ਕਰੀਏ। 2. ਸਰਦਾਰ ਲੋਕ, ਕਬੀਲੇ ਦੇ ਵੱਡੇ ਆਦਮੀ। 3. ਕਿਸੇ ਹੋਰ ਕੁੜੀ ਨੂੰ। 4. ਹੀਰ ਵਾਲਾ ਕਲੰਕ ਹੀ ਗਲੋਂ ਲਾਹ ਦੇਈਏ। 5. ਸਭਨਾਂ ਨੂੰ ਹੀਰ ਨੂੰ ਮਾਰ ਦੇਣਾ ਹੀ ਚੰਗਾ ਲਗਾ। 6. ਹੀਰ ਦੇ ਭਰਾ ਪਠਾਣ ਦੀ ਧੀ। 7. ਨਿਮਾ, ਸ਼ਾਮ। 8. ਕੋਨੇ ਵਿਚ, ਨੁਕਰ ਵਿਚ, ਵੱਖਰਾ ਕਰਕੇ। 9. ਇਸ ਲਈ। 10. ਚੇਤੇ ਕਰਾਇਆ। 11. ਰੱਬ ਦੇ ਨਾਂ ਤੇ। 12. ਪਹਿਲੇ ਮੈਨੂੰ ਮਾਰਿਆ ਜੇ। 13. ਬਾਹਰ ਸੱਦ ਕੇ ਮੈਨੂੰ ਸਮਝਾਂਦੇ ਹਨ। 14. ਦਰਦ, ਧੀਰਜ। 15. ਚੁਕ, ਗ਼ਲਤ।

## ਹੀਰ

ਕੇਨੂੰ ਇਹ ਮਰੇਂਦੇ ਹੱਸੀ, ਅਸਾਂ ਦਿਲ ਲਗੇ ਨਾਹੀਂ।
ਕੂੜੇ ਸੁਬ ਭੁਸੜ ਦੇ ਰੱਸੇ[1], ਮੂਲੋਂ ਬੱਝਣ ਨਾਹੀਂ।
ਇਹ ਕੇ ਜਾਣਨ ਬੇਮੁਣਿਆਦੇ, ਕਿਉਂ ਮਾਰਨ ਮੈਂ ਤਾਈਂ।
ਆਖ ਦਮੋਦਰ ਕੌਣ ਮਰੇਂਦਾ, ਜੈਂ ਸਿਰ ਧੀਦੋ ਸਾਈਂ॥੪੧੪॥

ਤਾਂ ਅੱਧੀ ਰਾਤੀਂ ਕੌੜੇ ਸੋਤੇ[2], ਮਾਮੇ ਭਾਈ ਆਏ।
ਨੀਤ ਭਲੇਰੀ[3] ਮਾਰਣ ਸੰਦੀ, ਸਭੇ ਅੰਦਰ ਆਏ।
ਕਾਲੇ ਘੋੜੇ, ਕਾਲੇ ਜੋੜੇ, ਅੱਗੇ ਚੌਂਕੀ[4] ਆਹੇ।
ਧ੍ਰੂਹ ਮਿਆਨੋਂ ਪਿਛੇ ਧਾਣੇ, ਤੁਟੇ[5] ਧਰਤੀ ਪਾਏ।
ਆਖ ਦਮੋਦਰ ਪਈਆ ਨੇ ਦੰਦਣ, ਕਿਹੜਾ ਨੀਰ[6] ਚੁਆਏ॥੪੧੫॥

ਆਈ ਮਹਿਰੀ ਰੋਂਦੀ ਲੋਹੂ, ਡਾਢੇ ਰੋਏ ਸੁਣਾਏ।
ਪਾਣੀ ਪਾਇ ਭੰਨੇਦੀ ਦੰਦਣ, ਰੋਏ ਤੇ ਗਲ ਲਾਏ।
ਅੱਗੇ ਅੱਗ, ਕੰਧੋਲੀ ਪਿੱਛੇ[7], ਮੋਏ ਸੂਲ ਕਰੰਤੇ ਖਾਏ[8]।
ਆਖ ਦਮੋਦਰ ਚੂਚਕ ਹੋਰੀ, ਗੋੜ੍ਹੇ ਅੱਗੇ ਆਏ[9]॥੪੧੬॥

## ਆਈ ਜੰਞ ਸ਼ਖ਼ੀਰੀ

ਬਹੁਤੀ ਜੰਞ ਖੇੜਿਆਂ ਦੀ ਆਈ ਬਹੁਤਾ ਰੰਗ ਹੰਭੀਰੀ[10]।
ਤੁਰਕੀ, ਤਾਜੀ ਤੇ ਐਰਾਕੀ[11], ਉਠ, ਟੱਟੂ ਕਸ਼ਮੀਰੀ।
ਮਖ਼ਮਲ ਕੱਟ ਕਰਾਈਆਂ ਜ਼ੀਨੀਂ, ਅਤ ਝੂਰਨ[12] ਬਹੁ ਸੀਰੀ[13]।
ਕਹੇ ਦਮੋਦਰ ਹੀਰ ਸਿਆਲੀ, ਆਈ ਜੰਞ ਸ਼ਖ਼ੀਰੀ[14]॥੪੧੭॥

ਬਾਗ ਉਤਾਰਾ ਕੀਤਾ ਰਾਠਾਂ ਨੇ, ਘੁਰੇ ਨੀਸਾਨ ਬਜਾਇਆ[15]।
ਸੱਟ ਨਗਾਰੇ ਪਹਿਲੀ ਪਾਈ, ਤਾਂ ਆਲਮ ਉੱਛਲ ਆਇਆ।
ਨੱਢੀ ਬੁੱਢੀ ਅਵਰ ਜੁਆਨੀਂ, ਬਾਕੀ ਕੋ ਨਾ ਰਹਾਇਆ[16]।
ਆਖ ਦਮੋਦਰ ਮੈਂ ਡਿੱਠਾ ਅਖੀਂ, ਰਾਂਝੇ ਨੂੰ ਆਖ਼ਿਰ[17] ਆਇਆ॥੪੧੮॥

---

1. ਭੁੱਸੇ ਘਾਹ ਦੇ ਬੱਧੇ ਸੁਬ ਰਸੇ ਦਾ ਕੰਮ ਨਹੀਂ ਦਿੰਦੇ। 2. ਦੇਰ ਰਾਤ ਗਏ ਸੌਣ ਵੇਲੇ। 3. ਮਾੜੀ ਨੀਯਤ। 4. ਪਹਿਰੇ ਪਰ। 5. ਉਨ੍ਹਾਂ ਪਰ ਟੁੱਟ ਪਏ ਤੇ ਧਰਤੀ ਪਰ ਡੇਗ ਦਿੱਤੇ। 6. ਕੌਣ ਮੂੰਹ 'ਚ ਪਾਣੀ ਪਾਏ। 7. ਕੰਧ। 8. ਸੂਲ ਨਾਲ ਮਰਨ ਨੂੰ ਆਏ। 9. ਜਿਵੇਂ ਰੂੰ ਦੇ ਗੋਹੜੇ ਅੱਗ ਅੱਗੇ ਆ ਗਏ ਹੋਣ। 10. ਤੁਰਕੀ–ਤੁਰਕੀ ਘੋੜੇ; ਤਾਜ਼ੀ—ਅਰਬੀ ਘੋੜੇ, ਐਰਾਕੀ—ਅਰਾਕੀ ਘੋੜੇ। 12. ਜ਼ੀਨਾਂ (ਕਾਠੀਆਂ) 'ਤੇ ਮਖਮਲੀ ਝੁਲੇ ਝੂਲ ਰਹੇ ਸਨ। 13. ਬਹੁ ਰੰਗੀ। 14. ਸ਼ਖ਼ੀ ਅਥਵਾ ਦਾਨੀ ਲੋਕਾਂ ਦੀ। 15. ਢੋਲ ਨਗਾਰੇ ਵਜਾਏ। 16. ਕੋਈ ਘਰ ਨ ਰਿਹਾ। 17. ਰਾਂਝੇ ਲਈ ਜਿਵੇਂ ਪਰਲੋ ਆ ਗਈ ਹੋਵੇ।

ਰੋਂਦੀ ਹੀਰ ਕਰੇਂਦੀ ਨਾਰੇ[1] ਰੋਵੇ ਕੂਕ ਸੁਣਾਈ।
ਆਈ ਜੰਞ ਖੁਸ਼ੀ ਜੱਗ ਹੋਈਆ, ਝੋਰਾ ਮੈਂ ਨਿਭਰਾਈ[2]।
ਹਿਣਕਣ ਘੋੜੇ, ਲਿਸ਼ਕਨ ਜਾਂਞੀ[3], ਮੈਨੂੰ ਆਖ਼ਿਰ[4] ਆਈ।
ਆਖ ਦਮੋਦਰ ਮਰਨੇ ਬੱਚੇ, ਜਿਨ੍ਹਾਂ ਮੈਂ ਮਾਈਏਂ ਪਾਈ॥੪੧੯॥

ਚੂਚਕ ਭੇਜ ਹਲੂਫਾ[5] ਦਿੱਤਾ, ਲੈਕਰ ਕੰਮੀ ਆਏ।
ਦੇਖਹੁ ਲੋਕਾ ਆਲਮ ਸਾਰਾ[6], ਹੋਰ ਗਾਂਵ ਸਭ ਆਏ।
ਸੱਕਾ ਸਹੁਰਾ ਹੋਰ ਕੇਤੜੀ, ਕਿਤੀ ਹੋਰ ਸਵਾਏ[7]।
ਆਖ ਦਮੋਦਰ ਅੰਤ ਨਾ ਪਾਈਐ, ਕੇਤੀ ਤਰਵਰ[8] ਛਾਏ[9]॥੪੨੦॥

ਸੁਹਣੇ ਫੁੱਲਾਂ ਸਿਹਰੇ ਸਿਰ ’ਤੇ, ਸਭ ਸਿਰਪਾਉ[10] ਬਣਾਇਆ।
ਸੁਨਹਿਰੀ ਸਿਰਪਾਉ, ਕੇਸਰੀ ਬਾਣਾ, ਲਹੁੜੇ[11] ਨੂੰ ਪਹਿਰਾਇਆ।
ਵਾਹ ਵਾਹ ਖਾਵੰਦ ਹੀਰੇ ਸੰਦਾ, ਸਭਣਾਂ ਨਦਰੀ[12] ਆਇਆ।
ਆਖ ਦਮੋਦਰ ਲਹੁੜੇ ਤਾਈਂ ਆਲਮ ਵੇਖਣ ਆਇਆ[13]॥੪੨੧॥

## ਅਸੀਂ ਵੀ ਵੇਖ ਅਵਾਹਾਂ

ਸੁਣ ਧੀਦੋ, ਚਿਤ ਕੀਤਾ ਚੇਤਾ,[14] ਅਸੀਂ ਭੀ ਵੇਖ ਅਵਾਹਾਂ।
ਉੱਛਲ ਆਲਮ ਆਇਆ ਸਾਰਾ, ਅਸੀਂ ਕਿਉਂ ਜਾਣ ਬਹਾਰਾਂ[15]।
ਵੰਞ ਵਿਖਾਹਾਂ, ਖਸਮ ਹੀਰੇ ਦਾ, ਹੁਣ ਮੁਸ਼ਕਿਲ ਰਹਿਣ ਅਸਾਹਾਂ।
ਆਖ ਦਮੋਦਰ ਵੇਖਣ ਆਏ ਅਸੀਂ ਭੀ ਵੇਖ ਜੁਲਾਹਾਂ[16]॥੪੨੨॥

ਜੁਲਿਆ ਚਾਕ, ਜੰਞ ਵੇਖਣ ਨੂੰ, ਜਾਂ ਚੱਲ ਨੇੜੇ ਆਇਆ।
ਅੱਗੇ ਧ੍ਰਮਲ[17] ਕੁੜੀਆਂ ਸੰਦਾ ਵੇਖ ਪਿਛਾਹਾਂ ਧਾਇਆ।
ਵੇਖ ਰਾਂਝੇ ਨੂੰ ਕੁੱੜੀਆਂ ਆਖਣ, ‘ਹੀਰੇ’ ਦਾ ਪੈ[18] ਆਇਆ।
ਆਖ ਦਮੋਦਰ ਝੜਿਆ ਧਰਤੀ, ਡਾਢਾ ਝੂਣਾ ਖਾਇਆ[19]॥੪੨੩॥

---

1. ਕੂਕ, ਪੁਕਾਰ। 2. ਜਿਸ ਦਾ ਕੋਈ ਭਰਾ ਨਹੀਂ। 3. ਜਾਂਞੀ ਸੁਹਣੇ ਬਸਤਰਾਂ ਵਿਚ ਲਿਸ਼ਕਦੇ ਸਨ। 4. ਮੇਰੇ ਲਈ ਕਿਆਮਤ ਦਾ ਦਿਨ ਆ ਗਿਆ। 5. ਨੁਕਲ ਪਾਣੀ, ਛੋਟਾ ਖਾਣਾ, ਚਾਹ ਪਾਣੀ। 6. ਸਾਰਾ ਜਗਤ। 7. ਰਿਸ਼ਤੇਦਾਰ, ਚੂਚਕ ਦੇ ਸਹੁਰੇ ਤੋਂ ਹੋਰ ਬੇਅੰਤ ਦੁਨੀਆ ਆਈ। 8. ਦਰਖਤ, ਝਾੜ। 9. ਛਾਇਆਦਾਰ ਪੱਤੇ ਭਾਵ ਬੇਅੰਤ ਖ਼ਲਕਤ ਆਈ। 10. ਸਿਰੋਂ ਪੈਰਾਂ ਤਕ ਸਜਾਇਆ। 11. ਨੀਂਗਰ, ਹੀਰ ਦਾ ਮੰਗੇਤਰ। 12. ਸਭ ਨੇ ਵੇਖਿਆ। 13. ਇਕ ਦੁਨੀਆ ਦੇਖਣ ਆਈ। 14. ਮਨ ਵਿਚ ਖ਼ਿਆਲ ਕੀਤਾ। 15. ਜਾਣ ਬੁਝ ਕੇ ਬੈਠ ਕਿਉਂ ਰਹੀਏ। 16. ਚਲ ਕੇ ਵੇਖੀਏ। 17. ਧਾੜ ਇਕੱਠ। 18. ਖਸਮ, ਘਰ ਵਾਲਾ। 19. ਧਰਤੀ ਤੇ ਡਿਗ ਪਿਆ ਤੇ ਉਸ ਦਾ ਸਾਰਾ ਸਰੀਰ ਕੰਬ ਗਿਆ।

ਮੁੱਢੀ ਪੁੜੀ ਉਸ[1] ਰੱਤ ਵਿਰੱਤੀ, ਪੈਰੋਂ ਰੱਤ ਵਹਾਈ।
ਨਹੀਂ ਨਸੀਬ ਜੰਞ ਵੇਖਣ ਸਾਨੂੰ ਜੋ ਹੀਰੇ ਦੀ ਆਈ।
ਕੀਤੁਸ[2] ਫਿਕਰ ਕੀਕਣ ਜੰਞ ਦਿਸੈ, ਬੈਠਾ ਚੜ੍ਹ ਉੱਚੀ ਜਾਈ।
ਆਖ ਦਮੋਦਰ ਸਦ ਲੀਤਾ ਸੰਢਾ[3], ਇਸ ਚੜ੍ਹ ਵੇਖਾਂ ਭਾਈ॥੪੨੪॥

ਧੀਦੋ ਚੜ੍ਹਿਆ ਸੰਢੇ ਉੱਤੇ, ਆਇਆ ਵੇਖਣ ਤਾਈਂ।
ਸੰਢਾ ਛੋੜ ਦਿੱਤਾ ਤਬ ਈਵੇਂ, ਬਲਨ ਮਸਾਲਾਂ ਭਾਈ।
ਚਾਕ ਚੂਚਕ ਦੇ ਖੇੜਿਆਂ ਅੱਗੇ, ਫਿਰਦੇ ਕੰਮਾਂ ਤਾਈਂ।
ਆਖ ਦਮੋਦਰ ਜੰਞ ਵੇਖਣ ਨੂੰ ਰਾਂਝਾ ਗਇਆ ਤਿਥਾਈਂ[4]॥੪੨੫॥

ਜਣੇ ਜਣੇ ਦੀ ਜ਼ਾਰਤ[5] ਕੀਤੀ, ਧੀਦੋ ਫਿਰਦਾ ਆਇਆ।
ਖ਼ਾਨ ਵਸਾਵੇ ਡਿੱਠਾ ਧੀਦੋ, ਤਾਂ ਉਸ ਫੇਰ ਪੁਛਾਇਆ।
ਕੌਣ ਜੁਆਨ ਸੁ ਕਮਲੀ[6] ਵਾਲਾ? ਚੱਲ ਕਿਦਾਊਂ ਆਇਆ।
ਆਖੇ ਦਸਿਓ ਭਾਈ ਮੈਨੂੰ, ਇਉਂ ਕਰ ਖ਼ਾਨ ਪੁਛਾਇਆ॥੪੨੬॥

ਚਾਕਾਂ ਬੋਲ ਸੁਨੇਹੇ ਦਿੱਤੇ, ਕਹਿ ਕਰ ਏਵ ਸੁਣਾਇਆ।
ਆਇਆ ਤਖ਼ਤ ਹਜ਼ਾਰਿਓਂ ਰੁਲਦਾ, ਖ਼ਾਨ ਬੁਲਾਇ ਰਖਾਇਆ।
ਸੁਣਕੇ ਜੰਞ ਆਇਆ ਹੈ ਵੇਖਣ, ਚਾਕਾਂ ਏਵ[47] ਸੁਣਾਇਆ।
ਆਖ ਦਮੋਦਰ ਤਾਂ ਉਸ ਕਮਲੀ, ਚੜ੍ਹਦਾ ਰੂਪ ਸਵਾਇਆ[7]॥੪੨੭॥

ਇਹ ਕੋਈ ਕਾਮਲ[8] ਸਾਈਂ ਸੰਦਾ[9], ਤੁਸਾਂ ਨਾ ਮੂਲ ਲਖਾਇਆ[10]।
ਅਜਮਤ ਕੀ ਰੁਸ਼ਨਾਈ[11] ਦਿੱਸੇ, ਕੋਈ ਬਾਣ[12] ਹਰੀਫਾਂ[13] ਲਾਇਆ।
ਨੂਰ ਇਨਾਇਤ[14] ਦਿਸੈ ਨਿਹਾਇਤ[15], ਵਲੀਆਂ[16] ਸੰਦਾ ਸਾਇਆ।
ਆਖਹੁ ਯਾਰੋ ਕਾਮਲ ਕੋਈ[17], ਆਪਣਾ ਆਪ ਛਪਾਇਆ॥੪੨੮॥

---

1. ਪੁਰਾਣੀ ਲਕੜੀ ਦੀ ਪਈ ਮੁੱਢੀ ਉਸ ਨੂੰ ਚੁੱਭ ਗਈ। 2. ਉਸ ਨੇ ਸੋਚਿਆ। 3. ਝੋਟਾ, ਸੰਢਾ। ਓ, ਅ, ੲ, ਸ ਵਿਚ ‘ਸੰਢਾ’ ਹੈ ਜੋ ਕੇਂਦਰੀ ਬੋਲ ਹੈ। 4. ਉਸ ਥਾਂ ਪਰ ਗਿਆ। 5. ਇਕ ਇਕ ਜਾਂਞੀ ਦੇ ਦਰਸ਼ਨ ਕੀਤੇ। 6. ਕਾਲੀ ਚਾਦਰ। 7. ਕਮਲੀ ਦੀ ਸੁੰਦਰਤਾ ਹੋਰ ਵਧ ਰਹੀ ਸੀ। ਰਾਂਝੇ ਦਾ ਤੇਜ ਸਵਾਇਆ ਨਦਰੀ ਆ ਰਿਹਾ ਸੀ। 8. ਪੂਰਨ ਸੰਤ ਮਹਾਤਮਾ। 9. ਰੱਬ ਦਾ ਪਿਆਰਾ। 10. ਤੁਸੀਂ ਇਸ ਨੂੰ ਪਛਾਣਿਆ ਨਹੀਂ। 11. ਇਸ ਦੇ ਚਿਹਰੇ ਪਰ ਰੱਬੀ ਨੂਰ ਝਲਕਦਾ ਹੈ। 12. ਤੀਰ। 13. ਦੁਸ਼ਮਣਾਂ, ਵਿਰੋਧੀਆਂ (ਪਿਆਰਿਆਂ)। 14. ਰੱਬੀ ਬਖ਼ਸ਼ਿਸ਼ ਦਾ ਨੂਰ, ਰੱਬੀ ਨੂਰ। 15. ਅੰਤਾਂ ਦਾ ਦਿਸਦਾ ਹੈ। 15. ਇਸ ਦਾ ਪਰਛਾਵਾਂ ਵਲੀਆਂ ਅਵਤਾਰਾਂ ਜਿਹਾ ਹੈ। 17. ਪੂਰਨ ਮਹਾਤਮਾ, ਪਹੁੰਤਾ ਹੋਇਆ।

ਤਾਂ ਲੜਦੇ[1] ਚਾਕ ਰੰਝੇਟੇ ਤਾਈਂ, ਦਰਸ਼ਨ ਆਇ ਦਿਤੋਈ।
ਭਲਾ ਥੀਆ[2] ਜੇ ਛਪੀ ਆਹੀ, ਜ਼ਾਹਿਰ ਚਾਇ ਕਿਤੋਈ।
ਕੇਹਾ ਕੰਮ? ਜੇ ਆਇਓਂ ਇਦੇ[13], ਆਇ ਦੀਦਾਰ ਦਿਤੋਈ।
ਆਖ ਦਮੋਦਰ ਧੱਕੇ ਖਾਂਦਾ ਤਾਂ ਲੜਦਾ ਸਭ ਕੋਈ॥੪੨੯॥

ਪੱਟੀ ਪੈਰ ਬੱਧੀ ਛਿਕ[4] ਰਾਂਝੇ, ਮੁੜਿਆ ਫੇਰ ਪਿਛਾਹੀਂ।
ਡਿੱਠਾ ਸਹੀ ਡੁਮੇਟੀ ਕਿਸੇ, ਆਖਿਆ ਹੀਰੇ ਤਾਈਂ।
ਹੀਰੇ! ਧੀਦੋ ਕੋਠੇ ਪਿਛਦੋਂ[5], ਸਹੀ ਡਿੱਠਾ ਹੈ ਅਸਾਹੀਂ।
ਆਖ ਦਮੋਦਰ ਭੰਨੀ ਛੋਹਿਰ[6], ਮਿਲੀ ਸੁਆਇ ਤਿਥਾਹੀਂ[7]॥੪੩੦॥

## ਦੂਜਾ ਜਾਹਿ ਨ ਕਾਈ

ਆਏ ਮਿਲੀ ਹੀਰ ਰਾਂਝੇ ਤਾਈਂ, ਕੇਹੇ ਸੁਖ਼ਨ ਸੁਣਾਏ।
ਗਲ ਵਿਚ ਪਲੂ ਪਾਇ ਕਰੀਹੁੰ, ਪੈਰਾਂ ਤੇ ਹੱਥ ਲਾਏ।
ਆਖੇ ਧੀਦੋ ਰਾਂਝੇ ਸਾਈਂ! ਅਸੀਂ ਕਿਉਂ ਬੰਦੀ ਪਾਏ[8]।
ਆਖ ਦਮੋਦਰ ਹੀਰ ਰਾਂਝੇ ਸੇਤੀ, ਹੱਥ ਫੇਰੇ ਤੇ ਗਲ ਲਾਏ॥੪੩੧॥

## ਰਾਂਝਾ

ਖਾਧਾ ਸੱਪ[9] ਤੇ ਪਟੀ ਪੈਰੇਂ, ਮੈਨੂੰ ਹੱਥ ਨਾ ਲਾਈਂ।
ਤੁਧ ਮੈਂ ਸਾਕ ਕਿਵੇਹਾ[10] ਹੀਰੇ! ਮੈਂ ਜੁਲਾਂ ਹਜ਼ਾਰੇ ਤਾਈਂ।
ਤੂੰ ਆਪਣੇ ਵਸਸੀ[11] ਵੰਞ ਖੇੜੇ, ਮੈਂ ਕੈਂ ਨਾਲ ਮਣੀ[12] ਕਰਾਈਂ।
ਇਥੇ ਹਾਸੇ ਬਹੁਤ ਕੀਤੋਸੇ[13], ਹੁਣ ਆਪਣੇ ਜੁਲਿਆ ਆਹੀ॥੪੩੨॥

## ਹੀਰ

ਕੁੱਲ ਜ਼ਿਮੀਂ ਦਾ ਖਾਵਿੰਦ ਧੀਦੋ, ਸਭ ਤੁੱਧੇ ਬਾਜੀ ਪਾਈ[14]।
ਮੈਂ ਭੁੱਲੀ ਦਾ ਕੇ ਅਜ਼ਮਾਵਣ, ਮੈਂ ਸਦਕੇ ਘੋਲ ਘੁਮਾਈ[15]।
ਕਿਆ ਤਕਸੀਰੇ[16] ਜੇ ਆਪਹੁੰ ਜਾਣਾ, ਤਾਂ ਮੈਂ ਬੰਦੀ ਪਾਈ।
ਕਾਮਲ ਮੁਰਸ਼ਦ[17] ਮੈਂ ਪਰਣਾ ਤੈਂਡਾ[18] ਦੂਜੀ ਜਾਹਿ ਨ ਕਾਈ॥੪੩੩॥

---

1. ਨਾਰਾਜ਼ ਹੁੰਦੇ, ਝਿੜਕਦੇ। 2. ਚੰਗਾ ਸੀ। 3. ਇਸ ਪਾਸੇ। 4. ਖਿੱਚ ਕੇ। 5. ਪਿਛਲੇ ਪਾਸੇ। 6. ਲੜਕੀ (ਹੀਰ) ਦੌੜੀ। 7. ਉੱਥੇ ਹੀ। ਉਸੇ ਥਾਂ ਪਰ। 8. ਤੁਸੀਂ ਸਾਨੂੰ ਕੈਦ ਵਿਚ ਕਿਉਂ ਸੁੱਟਿਆ ਹੈ? 9. ਸੱਪ ਨੇ ਕੱਟਿਆ ਹੈ। 10. ਤੇਰਾ ਮੇਰਾ ਹੁਣ ਕੀ ਰਿਸ਼ਤਾ ਹੈ। 11. ਤੂੰ ਖੇੜਿਆਂ ਦੇ ਜਾ ਵਸੇਂਗੀ 'ਅ' ਤੇ 'ਸ' ਦਾ ਪਾਠ—'ਵੰਜਸੀ ਵੰਞ ਖੇੜੇ'। 12. ਮਾਣਾ, ਮਾਣ। 13. ਇਥੇ ਰਹੇ ਤਾਂ ਤੇਰਾ ਸਾਨੂੰ ਵੱਡਾ ਮਾਣ ਰਿਹਾ। 14. ਸਭ ਤੇਰੀ ਹੀ ਖੇਡ ਹੈ। ਹੀਰ ਰਾਂਝੇ ਨੂੰ ਕੇਵਲ ਆਪਣਾ ਪਿਆਰਾ ਹੀ ਨਹੀਂ ਸਮਝਦੀ ਸਗੋਂ ਇਕ ਰੱਬ ਨੂੰ ਪਹੁੰਚੇ ਹੋਏ ਵਲੀ ਦੇ ਰੂਪ ਵਿਚ ਪੂਜਦੀ ਹੈ। 15. ਮੈਂ ਕੁਰਬਾਨ ਜਾਂਦੀ ਹਾਂ। 16. ਮੇਰਾ ਕੀ ਕਸੂਰ ਹੈ। 17. ਪੂਰਨ ਗੁਰੂ। 18. ਮੈਨੂੰ ਤੇਰਾ ਹੀ ਆਸਰਾ ਹੈ। ਤੇਰੀ ਓਟ ਹੈ।

ਤਾਂ ਫਿਰ ਧ੍ਰੂਹ[1] ਖੜੀ ਕੋਠੇ ਨੂੰ, ਰਾਂਝਾ ਬੋਲੇ ਆਇਆ।
ਦਰਦ ਫ਼ਿਰਾਕ[2] ਅਤੇ ਰੰਗ ਪੀਲਾ, ਮੂਹਹੁੰ ਨ ਮੂਲ ਅਲਾਇਆ।
ਵੰਝਲੀ ਨਾਲ ਸਟੇਂਦਾ ਕਾਵੜ[3], ਕੇਹਾ ਰਾਗ ਉਠਾਇਆ[4]।
ਆਖ ਦਮੋਦਰ ਮਾਤਮ[5] ਰਾਂਝੇ, ਕੇਹਾ ਮੂੰਹਹੁੰ ਅਲਾਇਆ[6] ॥੪੩੪॥

## ਆਇਆ ਬ੍ਰਾਮਣ ਰੀਤ ਕਰੇਂਦਾ

ਆਇਆ ਬ੍ਰਾਮਣ ਰੀਤ ਕਰੇਂਦਾ, ਮੌਲੀ[7] ਹੱਥ ਉਠਾਈ।
ਮਹਿਰੀ ਮੁਹਰ[8] ਸਦਾਇ ਕੁੜੀ ਨੂੰ, ਕੱਛ ਲਈ[9] ਸਭ ਜਾਈ।
ਬੈਠੇ ਖਾਨ ਤਕੇਂਦੇ ਮੈਨੂੰ, ਕਾਜ[10] ਸਮਾਂ ਮਤ ਜਾਈ।
ਆਖ ਦਮੋਦਰ ਨਾਲ ਬ੍ਰਾਮਣ ਦੇ, ਉਠੀ ਮਹਿਰੀ ਆਈ ॥੪੩੫॥

ਹੀਰੇ ਰੀਤ ਕਰੇਂਦਾ ਬ੍ਰਾਮਣ, ਧੀਏ ਆਖ ਸੁਣਾਈਂ।
ਸਾਈਆਂ! ਵਧੇ ਸੁ ਵੇਲ ਸੁਖਾਲੀ, ਸੱਸੂ ਸਹੁਰੇ ਤਾਈਂ।
ਚੰਗੇ ਤੈਂਡੇ ਕਾਰਣ ਧੀਏ, ਤੈਂਕੂ ਸਗਨ ਕਰਾਈਂ।
ਮਿੰਨਤ ਮਾਓਂ ਕਰੇਂਦੀ ਹੀਰੇ, ਮੂੰਹੋਂ ਨ ਮੂਲ ਅਲਾਈਂ[11] ॥੪੩੬॥

## ਹੀਰ

ਹਿੱਕ ਦਿਲ ਆਹੀ ਸੋ ਰਾਂਝਣ ਲੀਤਾ, ਮਾਏ ਦੂਜਾ ਦਿਲ ਕੋ ਨਾਹੀਂ।
ਮਰਦ ਪਰਾਇਆ ਨ ਛੁਹੇ ਅਸਾਨੂੰ ਨ ਮਹਿਰਮ[12] ਹੱਥ ਨ ਲਾਈ।
ਅਸਾਂ ਕਾਮਲ ਮੁਰਸ਼ਦ[13] ਪਾਇਆ, ਕੁਝ ਲੁੜੀਂਦਾ ਨਾਹੀਂ।
ਆਪ ਕਛਾਏ ਏਸਦੇ ਹੱਥੋਂ[14], ਅਸੀਂ ਜਾਣਹਾਂ ਨਾਹੀਂ।
ਆਖ ਦਮੋਦਰ ਮੈਂ ਰਾਂਝਣ ਦੀ, ਉਹ ਮੇਰਾ ਸਿਰ ਸਾਂਈ ॥੪੩੭॥

## ਹੱਸੀ

ਹੱਸੀ ਭੇਜ ਦਿੱਤੀ ਤਾਂ ਬੇਲੇ, ਧੀਦੋ ਜੋਗ ਬੁਲਾਇਆ।
ਬੰਨ੍ਹਸ ਗਾਨਾਂ ਪਹਿਲਾਂ ਤੂੰ ਹੈਂ, ਮਹਿਰੀ ਆਖ ਸੁਣਾਇਆ।
ਪਾਈ ਝਾਤ ਸੂਰਜ ਰੁਸ਼ਨਾਈ[15], ਰਾਂਝੇ ਮੂੰਹ ਵਿਖਲਾਇਆ।
ਉੱਠੀ ਹੀਰ ਪਈ ਝੜ ਪੈਰੀਂ ਤੇ ਗਲ ਵਿਚ ਪਲੂ ਪਾਇਆ ॥੪੩੮॥

---

1. ਧ੍ਰੂਹ ਕੇ। 2. ਜੁਦਾਈ ਦਾ ਦਰਦ। 3. ਗੁੱਸੇ ਨਾਲ। 4. ਹੁਣ ਕੀ ਰਾਗ ਉਠਾਣਾ ਸੀ। ਰਾਗ ਮੁਕ ਗਏ। 5. ਰਾਂਝੇ ਲਈ ਜਿਵੇਂ ਮਾਤਮ ਦਾ ਮਕਾਮ ਸੀ। ਰਾਂਝੇ ਨੂੰ ਸਖ਼ਤ ਅਫ਼ਸੋਸ ਸੀ। 6. ਹੁਣ ਕੀ ਮੂੰਹੋਂ ਬੋਲਣਾ, ਜਿਵੇਂ ਉਸ ਦਾ ਬੋਲ ਵੀ ਬੰਦ ਹੋ ਗਿਆ। 7. ਲਾਲ ਪੀਲੇ ਰੰਗ ਦਾ ਧਾਗਾ ਜਿਸ ਦਾ ਗਾਨਾ ਬੱਧਾ ਜਾਂਦਾ ਹੈ। ਜ਼ਾਹਿਰ ਹੈ ਇਸ ਸਮੇਂ ਤਕ ਸਿਆਲਾਂ ਵਿਚ ਹਿੰਦੂਆਨਾ ਰਸਮਾਂ ਚਲਦੀਆਂ ਸਨ। 8. ਸਾਹਮਣੇ। 9. ਮਾਪ ਲੈ ਲਵਾਂ ਵੀਣੀ ਦਾ ਕੜੇ ਲਈ ਅਤੇ ਪੈਰਾਂ ਤੋਂ ਉੱਪਰ ਪੰਜੇਬਾਂ ਲਈ। 10. ਵਿਆਹ ਦਾ ਸਮਾਂ ਮਤ ਲੰਘ ਜਾਏ, ਭਾਵ ਵਿਆਹ ਦੀ ਘੜੀ ਬ੍ਰਹਮਣੀ ਮਤ ਅਨੁਸਾਰ ਨੀਯਤ ਕੀਤੀ ਜਾਂਦੀ ਸੀ। 11. ਮੂੰਹੋਂ ਕੁਝ ਨ ਬੋਲੀਂ। ਬੋਲ ਅਵਲੜੇ ਮੂੰਹੋਂ ਨ ਕੱਢੀਂ। 12. ਜੋ ਮਿਤ੍ਰ ਨਹੀਂ ਹੈ। ਜੋ ਪਿਆਰਾ ਨਹੀਂ ਹੈ। 13. ਪੂਰਨ ਗੁਰੂ। 14. ਤੂੰ ਆਪਣੀ ਵੀਣੀਂ ਆਦਿ ਦਾ ਮਾਪ ਇਸ ਨੂੰ ਦੇ ਦੇ। 15. ਹੀਰ ਲਈ ਜਿਵੇਂ ਸੂਰਜ ਚੜ੍ਹ ਪਿਆ ਹੋਵੇ। ਰਾਂਝੇ ਦਾ ਚਿਹਰਾ ਸੂਰਜਵਤ ਰੌਸ਼ਨ ਸੀ।

## ਹੀਰ

ਜਿਥੇ ਭਾਵੀਂ! ਬੰਨ੍ਹ ਤਿਥਾਈਂ, ਉਜ਼ਰ ਬਿਉਜ਼ਰੀ ਦਾ ਨਾਹੀਂ।
ਮਹੀਂ ਨਿਮਾਣੀ ਕੁਝ ਨਾ ਜਾਣਾ, ਬਾਝਹੁੰ ਮੁਰਸ਼ਿਦ ਸਾਈਂ।
ਅੱਠੇ ਪਹਿਰ ਧਿਆਨ ਤੁਸਾਡਾ, ਨਾ ਕਰਸਾਂ ਸਾਸ ਅਜਾਈਂ[1]।
ਆਖ ਦਮੋਦਰ ਵੱਸ ਨਾ ਮੈਂਡੇ, ਜਿਉਂ ਜਾਣੇ ਤਿਵੈਂ ਨਚਾਈਂ॥੪੩੯॥

ਤਾਂ ਬ੍ਰਾਮਣ ਪੁੱਛੇ ਮਹਿਰੀ ਕੋਲੋਂ, ਇਹ ਆਹਾ ਕੌਣ ਦਸਾਂਹੇ[2]।
ਮਾਲਮ ਕੁਲ ਹਕੀਕਤ ਕੀਤੀ, ਕਿਉਂ ਨਪ ਹੱਕ ਕਰਾਏਂ[3]।
ਮਹਿਰੀ, ਨਿੱਤ ਸੁਣੀਦੀ ਚੋ ਚੋ[4], ਆਖੇ ਬਿਨਾਂ ਬੁਝਾਏਂ।
ਆਖ ਦਮੋਦਰ ਸੋ ਡਿਠਾ ਅੱਖੀਂ, ਜੋ ਕੰਨੀਂ ਸੁਣਦੇ ਆਹੇਂ॥੪੪੦॥

ਵੱਢੀ ਦੇ ਵਿਲਾਇਆ ਬ੍ਰਾਮਣ, ਪੜਦਾ ਮਾਉਂ ਕਜੇਂਦੀ।
ਬ੍ਰਾਮਣ ਭੇਜ ਦਿੱਤਾ ਫੇਰ ਪਿੱਛੇ, ਨਾਲ ਸੁ ਆਪੇ ਵੈਂਦੀ।
ਗਈ ਗਈ ਲੈ ਸਭਨਾਂ ਕੀਤੀ, ਪੜਦੇ ਮਾਉਂ ਢਕੇਂਦੀ।
ਆਖ ਦਮੋਦਰ ਕੇਹੜੇ ਵੇਲੇ, ਡੋਲੀ ਹੀਰ ਪਏਂਦੀ॥੪੪੧॥

ਖਾਰੇ[5] ਉੱਤੇ ਸਾਊ ਬੈਠੇ, ਖਾਰੀਂ ਖਾਨ[6] ਬਹਾਇਆ।
ਆਣਿਓਂ[7] ਕੁੜੀ ਨਿਕਾਹ ਬਨ੍ਹਾਹਾ, ਕਾਜ਼ੀ ਇਉਂ ਫੁਰਮਾਇਆ।
ਮਾਮੇ ਵੀਰ ਅਤੇ ਹਿਕ ਮਹਿਰੀ, ਹੱਭੇ ਘਿਨਣ[8] ਆਇਆ।
ਆਖ ਦਮੋਦਰ ਹੀਰੇ ਡਿੱਠਾ ਜੋ ਖ਼ਲਲ[9] ਮੈਨੂੰ ਆਇਆ॥੪੪੨॥

ਹੱਥ ਨ ਲਾਇਓ ਵੀਰਾ ਮੈਨੂੰ, ਮੈਂ ਆਪੇ ਨਾਲ ਵੰਞਾਈਂ[10]।
ਮਾਮਾ ਵੀਰ ਨ ਮਹਿਰਮ[11] ਕੋਈ, ਬਾਝਹੁੰ ਧੀਦੋ ਸਾਈਂ।
ਬੁਕਲ ਮਾਰ ਸਿਲੇਟੀ ਜੁੱਲੀ, ਆਪੇ ਵੇਖਣ ਤਾਈਂ।
ਆਖ ਦਮੋਦਰ 'ਬਹਿਸਾਂ' ਖਾਰੀਂ, ਕੇ ਨੁਕਸਾਨ ਅਸਾਹੀਂ॥੪੪੩॥

---

1. ਇਕ ਸ੍ਵਾਸ ਵੀ ਪਿਆਰੇ ਦੀ ਯਾਦ ਬਿਨਾਂ ਨਹੀਂ ਗਵਾਵਾਂਗੀ। 2. ਸਾਨੂੰ ਜ਼ਰਾ ਦੱਸੀਂ। 3. ਜ਼ੋਰੀ ਕਿਵੇਂ ਹੱਕ ਨਿਕਾਹ ਇਸ ਦਾ ਕਰੇਂਗੀ। 4. ਚੁਰ ਵਿਚੁਰ, ਚਰਚਾ। 5. ਵਿਆਹ ਵਾਲੀ ਥਾਂ ਪਰ ਦੋ ਚੌਂਕੀਆਂ ਰੱਖੀਆਂ ਜਾਂਦੀਆਂ ਹਨ। ਇਨ੍ਹਾਂ ਪਰ ਕਪੜਾ ਵਿਛਾਇਆ ਜਾਂਦਾ ਹੈ। ਇਹ ਖਾਰੇ ਹਨ। ਇਕ ਪਰ ਕੁੜੀ ਤੇ ਇਕ ਪਰ ਮੁੰਡਾ ਬੈਠਦਾ ਹੈ। ਇਹ ਪੁਰਾਣਾ ਹਿੰਦੂਆਨਾ ਰਿਵਾਜ ਹੈ। 6. ਸਾਹਿਬਾ ਖੇੜਾ। 7. ਲੈ ਆਉ। 8. ਲੈਣ ਆਏ ਹੀਰ ਹੈ। 9. ਕਲੇਸ਼, ਬਿਪਤਾ। 10. ਜਾਂਦੀ ਹਾਂ। 11. ਦਿਲਾਂ ਦਾ ਭੇਤੀ। ਰਾਜ਼ ਦਾਨ।

### ਜ਼ੋਰੀ ਨਪ ਭਵਾਈ ਵੀਰਾਂ

ਕਾਜ਼ੀ ਕਹੇ ਸੁਣ ਧੀਆ ਹੀਰੇ! ਵਕੀਲ ਕਰੇਂ ਜੇ ਕੋਈ।
ਪੁੱਛਾਂ ਕੈਂਥੂੰ ਬਾਝ ਵਕੀਲੀ, ਕੈਦ ਸ਼ਰ੍ਹੇ[1] ਦੀ ਹੋਈ।
ਤੁਧ ਕਬੂਲ[2] ਅਲੀ ਦਾ ਬੇਟਾ? ਆਖ ਸੁਣੇ ਸਭ ਕੋਈ।
ਆਖ ਦਮੋਦਰ ਉਤੇ ਵੇਲੇ ਹੀਰ ਜਬਾਬ ਦਿਤੋਈ॥੪੪੪॥

### ਹੀਰ

ਨੀਸੂ[3] ਗੁੰਗੀ ਡੋਰੀ ਕਾਜ਼ੀ! ਜੇ ਕੋਈ ਵਕੀਲ ਕਰਾਈਂ।
ਹਾਜ਼ਰ ਹੋ ਬੈਠੀ ਮੈ ਜ਼ਾਹਿਰ[4], ਘਿੰਨ ਜਬਾਬ ਦਿਵਾਈਂ।
ਆਖੇ ਕੂਕ ਸੁਣਾਈ[5] ਲੋਕਾਂ, ਆਲਮ ਜੋਗ[6] ਸੁਣਾਈਂ।
ਰਾਂਝਨ ਹੋਰੀਂ ਅਸਾਂ ਮੁਬਾਰਕ[7], ਖੇੜਾ ਅੰਮਾਂ ਤਾਈਂ॥੪੪੫॥

ਤਾਂ ਮੂੰਹ ਘੁਟ ਨਾ ਬੋਲਣ ਦਿੱਤੀ ਹਲੋ ਹਲੀਆ ਹੋਈ[8]।
ਜ਼ੋਰੀ ਨਪ ਭਵਾਈ ਵੀਰਾਂ, ਲਾਵਾਂ ਘਿਨ ਖਲੋਈ।
ਜੋਰੀ ਕੇ ਕਰੇਸੀ[9] ਬਾਬਾ, ਜੇ ਮੂੰਹ ਤੋਂ ਲੱਥੀ ਲੋਈ[10]।
ਆਖ ਦਮੋਦਰ ਚੱਲੀ ਅੰਦਰ ਜਿੱਥੇ ਸੌਣ[11] ਕੀਤੋਈ॥੪੪੬॥

### ਨੱਥ ਤਮਾਚਾ ਲਾਇਆ

ਕਰ ਕਰ ਰੀਤ ਅੰਦੋਨੇ ਖੇੜਾ, ਤਾਂ ਚਲ ਅੰਦਰ ਆਇਆ।
ਦਿਤੁਸ ਪੈਰ ਪਲੰਘ ਦੇ ਉੱਤੇ[12], ਹੀਰ ਜਗਾਇ ਬਹਾਇਆ।
ਪੁੱਛੇ ਕੌਣ! ਕਿ ਜਾਤੁਸ ਖੇੜਾ[13], ਨੱਥ ਤਮਾਚਾ[14] ਲਾਇਆ।
ਆਖ ਦਮੋਦਰ ਦੰਦ ਰੰਞਾਣੇ[15], ਲੋਹੂ ਨਾਲ ਚਲਾਇਆ॥੪੪੭॥

ਭਵਿਆਂ ਮਗਜ਼[16] ਤੇ ਹਾਂਉ ਭਲੇਰਾ[17], ਮੰਦਾ ਹਾਲ ਸੁਣਾਇਆ।
ਮਰਾਂ ਜੇ ਮਾਰੇ ਦੂਜਾ ਮੈਨੂੰ, ਹੋਵੇ ਦੁੱਖ ਸਵਾਇਆ।
ਰੋਵੇ ਖੇੜਾ, ਦੰਦ ਰੰਞਾਣੇ, ਲੋਹੂ ਨਾਲ ਚਲਾਇਆ।
ਆਖ ਦਮੋਦਰ ਰੋਂਦੀ ਸਲੇਟੀ, ਮੈਂ ਹੱਥ ਨਾ ਮਹਿਰਮ[18] ਲਾਇਆ॥੪੪੮॥

---

1. ਸਰ੍ਹਾ, ਇਸਲਾਮੀ ਧਰਮ ਦਾ ਕਾਨੂੰਨ। ਇਥੋਂ ਹੀ ਸ਼ਰੀਅਤ ਬਣਿਆ ਹੈ ਕੈਦ ਸ਼ਰ੍ਹਾ ਦੀ ਭਾਵ ਸ਼ਰੀਅਤ ਦੀ ਪਾਬੰਦੀ। 2. ਪਰਵਾਨ ਹੈ ਕੀ ਤੈਨੂੰ ਅਲੀ ਦਾ ਪੁੱਤਰ ਸਾਹਿਬਾ ਖੇੜਾ ਪਤੀ ਦੇ ਤੌਰ ਤੇ ਪਰਵਾਨ ਹੈ? 3. ਮੈਂ ਗੁੰਗੀ ਜਾਂ ਡੋਰੀ ਨਹੀਂ ਹਾਂ। 4. ਪਰਤੱਖ। 5. ਜ਼ੋਰ ਦਾ ਸੁਣਾਵਾਂ ਤਾਂ ਜੋ ਲੋਕ ਵੀ ਸੁਣ ਲੈਣ। 6. ਸਾਰੇ ਜੱਗ ਨੂੰ ਸੁਣਾਵਾਂ। 7. ਰੱਬ ਸਾਨੂੰ ਰਾਂਝਾ ਮੁਬਾਰਕ ਰੱਖੇ। 8. ਹਲਚਲ ਮੱਚ ਗਈ। ਤਿੱਖੇ ਤਿੱਖੇ ਭਰਾਵਾਂ ਨੇ ਹੀਰ ਦਾ ਮੂੰਹ ਘੁਟ ਲਿਆ ਤਾਕਿ ਹੋਰ ਨ ਬੋਲੇ। 9. ਜ਼ਬਰਦਸਤੀ ਫੜ ਕੇ ਭਰਾਵਾਂ ਨੇ ਉਸ ਦੀਆਂ ਲਾਵਾਂ ਦਿਵਾ ਦਿੱਤੀਆਂ। (ਇਹ ਭੀ ਹਿੰਦੂਆਨਾ ਰਸਮ ਹੈ)। 10. ਸ਼ਰਮ ਹਯਾ ਹੱਟ ਗਿਆ। ਝਾਕਾ ਲਹਿ ਗਿਆ। 11. ਸਉਣ, ਸ਼ਗਨ। 12. ਉਸ ਨੇ (ਖੇੜੇ ਨੇ) ਪੈਰ ਪਲੰਘ ਪਰ ਰੱਖੇ। 13. ਹੀਰ ਨੇ ਜਾਣ ਲਿਆ ਕਿ ਪਲੰਘ ਪਰ ਚੜ੍ਹਨ ਵਾਲਾ ਸਾਹਿਬਾ ਖੇੜਾ ਹੈ। 14. ਥੱਪੜ ਦੇ ਮਾਰਿਆ, ਹਿਲ ਗਏ। 15. ਦੰਦਾਂ ਨੂੰ ਖੈਂਸ ਪਹੁੰਚ ਗਈ। 16. ਸਿਰ ਫਿਰ ਗਿਆ। 17. ਜੀਅ ਮਤਲਾ ਉਠਿਆ। 18. ਅਣਵਾਕਿਫ਼ ਜੋ ਦਿਲ ਦਾ ਸਾਂਝੀ ਨਹੀਂ। ਗ਼ੈਰ।

ਤਾਂ ਕਰ ਅਕਲ ਬਚਾਏ ਆਪੇ, ਤੁਧ ਕਿਤ[1] ਤਮਾਚਾ ਲਾਇਆ ?
ਨਾਉਂ ਰੰਝੇਟਾ ਤੇ ਕਾਲੀ ਕੰਮਲੀ, ਚੱਲ ਇਦਾਊਂ ਆਇਆ।
ਵੇਖ ਵਿਕਾਣਾ ਉਸਦੇ ਪਿੱਛੇ[2], ਤਾਂ ਚੱਲ ਵੇਖਣ ਆਇਆ।
ਆਖ ਦਮੋਦਰ ਰਾਂਝੇ ਦੇ ਪਿੱਛੇ, ਏਹੋ ਹਾਲ ਕਰਾਇਆ॥੪੪੯॥

ਸੁਣ ਕਰ ਸੁਖ਼ਨ ਆਈ ਸਲੇਟੀ, ਮੈਂ ਸਦਕੇ ਕੀਤੀ ਆਹੀ।
ਜੇ ਮੈਂ ਭੁਲ ਤਮਾਚਾ ਲਾਇਆ, ਬਖ਼ਸ਼ ਗੁਨਾਹ ਅਸਾਹੀਂ।
ਗਲ ਵਿਚ ਪਲੂ ਦਸਤ[3] ਪੈਰਾਂ ਤੇ, ਮੈਂ ਭੁੱਲੀ ਦਾ ਸ਼ਰਮ ਤੁਸਾਹੀਂ।
ਤੂੰ ਵੀ ਮੈਂਡਾ ਮਾਂ ਪਿਉ ਜਾਇਆ, ਕੁਝ ਤਫ਼ਾਵਤ[4] ਨਾਹੀਂ॥੪੫੦॥

ਕਿੱਥੇ ਡਿਠੋ ? ਸਦਕੇ ਕੀਤੀ, ਮੈਂ ਪੁੱਛਾਂ ਤੁਧ ਤਾਈਂ।
ਅੱਖੀਂ ਦਾ ਸੁਖ ਮਹਿਰਮ[5] ਮੈਂਡਾ, ਮੈਕੂ ਆਖ ਸੁਣਾਈਂ।
ਰਾਹ ਤਕੇਂਦੀ ਕਾਗ ਉਡੈਂਦੀ, ਅਚੋ[6] ਪਿੰਡੇ ਤਾਈਂ।
ਸਦਕੇ ਕੀਤੀ, ਵੀਰ ! ਤੈਥੋਂ, ਰਾਂਝਾ ਦਸ ਕਿਥਾਈਂ[7]॥੪੫੧॥

ਜੇ ਹੋਵੇ ਹੁਕਮ ਅਗੋਲੀ ਉਠਕੇ, ਆਖੇ ਹੀਰੇ ਤਾਈਂ।
ਮਤ ਹੋਵੇ ਸਹੀ ਖਲੋਤਾ ਧੀਦੋ, ਵੇਪਰਵਾਹ ਅਖਾਈਂ।
ਉਠੀ, ਵੇਖ ਰੰਝੇਟਾ ਵੀਰਾ ? ਕੇ ਮੈਂ ਭੀ ਨਾ ਅਵਾਈਂ।
ਆਖ ਦਮੋਦਰ ਜੁਲਿਆ ਖੇੜਾ, ਆਪ ਬਚਾਵਣ ਤਾਈਂ॥੪੫੨॥

ਵੜਿਆ ਵੰਞ ਜਿੱਥੇ ਜੰਞ ਲੱਥੀ, ਤਾਂ ਪੁੱਛੇ ਸਭ ਕੋਈ।
ਆਖ ਵੇਖਾਂ ! ਰਾਤੀਂ ਨਾਲ ਸਲੇਟੀ ਸਾਗਲ[8] ਕਿਉਂਕਰ ਹੋਈ।
ਅਣੋਖੀ ਬਹੁਤ ਸੁਣੀਐ ਸਲੇਟੀ, ਤੈਂ ਨਾਲ ਕੀਕੁਣ ਹੋਈ।
ਆਖ ਦਮੋਦਰ ਗਲ ਦੇ[9] ਅਸਾਨੋਂ ਸਭਨਾ ਏਂਵ ਪੁਛਿਓਈ॥੪੫੩॥

ਬੈਠ ਹਕੀਕਤ ਖੇੜੇ ਕੀਤੀ, ਸੁਣਿਹੋ ਗੱਲਾਂ ਭਾਈ।
ਕੀਤੀ ਚਾਘ[10] ਕੁੜੀਆਂ ਹਿਕ ਮੰਦੀ, ਦੀਵੇ ਜੋਤ ਬੁਝਾਈ।
ਅੱਗੇ ਪੱਬਣ ਬੱਧੀ[11] ਘੋੜੀ, ਮੈਨੂੰ ਖ਼ਬਰ ਨ ਕਾਈ।
ਦੇਖਹੁ ਬਾਬਾ ! ਦੰਦ ਰਵਾਣੇ[12] ਪੁਸਤੀ[13] ਘੋੜੀ ਲਾਈ॥੪੫੪॥

---

1. ਕਿਸ ਲਈ। 2. ਮੈਂ ਰਾਂਝੇ ਪੁਰ ਵਿਕ ਗਿਆ, ਉਸ ਦਾ ਮੁਰੀਦ ਹੋ ਗਿਆ। 3. ਹੱਥ। 4. ਫ਼ਰਕ, ਅੰਤਰ। 5. ਦਿਲਾਂ ਦਾ ਭੇਤੀ, ਪਿਆਰਾ। 6. ਅਚਵੀ, ਬੇਚੈਨੀ। 7. ਗੋਲਣਾ ਭਾਵ ਭਾਲਣਾ, ਢੂੰਡਣਾ, ਮੈਂ ਢੂੰਡਾਂ। 8. ਉਹ ਗੱਲ, ਸਾਰੀ ਗੱਲ। 9. ਗੱਲ ਦੱਸ, ਗਲ ਸੁਣਾ। 10. ਮਖੌਲ, ਮਸਖ਼ਰੀ। 11. ਘੋੜੀ ਦੀ ਕਿਸਮ, ਅਥਰੀ ਘੋੜੀ। 12. ਦੰਦਾਂ ਨੂੰ ਹਰਜ਼ ਪਹੁੰਚਿਆ। 13. ਦੁਲੱਤੀ।

### ਦਾਨ-ਪੁੰਨ

ਰਾਤ ਗੁਜ਼ਾਰੀ ਵੱਡੇ ਵੇਲੇ, ਖ਼ਾਨਾਂ ਹੱਥ ਉਠਾਏ[1]।
ਦੇਵਨ ਉਠ ਤੇ ਟੱਟੂ, ਘੋੜੇ, ਪਟਕਾ[2], ਖੇਸ ਸਵਾਏ[3]।
ਦੇਵਨ ਰੋਕੜ[4] ਤੇ ਜਿਨਸ ਕੇਤੀ, ਅਜੇ ਦੇਵਣ ਨੂੰ ਸਧਰਾਏ।
ਆਖ ਦਮੋਦਰ ਰਾਠਾਂ ਵੇਖੋ ਕੰਮੀ, ਸਭ ਰਜਾਏ॥੪੫੫॥

### ਜੰਞ ਦੀ ਸੇਵਾ ਸੰਭਾਲ

ਤਾਂ ਤਾਂ ਤਾਮ[5] ਤਿਆਰੀ ਥੀਆ, ਕੰਮੀ ਸੱਦਣ ਆਏ।
ਖਾਨ ਗਏ, ਖਾਵਣ ਦੇ ਤਾਈਂ, ਖਾਣਾ ਖਾਏ ਅਘਾਏ[6]।
ਬੈਠਕ ਬੈਠੇ, ਚਲਨ ਪਿਆਲੇ, ਖ਼ਾਨ ਸ਼ਰਾਬ ਮੰਗਾਏ।
ਆਖ ਦਮੋਦਰ ਮਤੇ[7] ਸਾਊ ਚੂਚਕ,[8] ਉੱਠੀ ਆਏ॥੪੫੬॥

### ਦਾਜ

ਮੰਜੇ ਆਣ ਵਿਛਾਏ ਚੂਚਕ, ਦਾਜ ਸਮਾਨ ਕਰਾਏ।
ਜੜਤੂ ਸੋਨਾ ਬਹੁ ਭਾਂਤੀ ਗਹਿਣੇ ਆਣ ਮੌਜੂਦ ਕਰਾਏ।
ਹੰਢਵਾਣੀਆਂ ਦੋ ਮਣੋ ਕੜ੍ਹਾਈਆਂ[9] ਚਾਇ[10] ਕੰਮੀ ਘਿਨ ਆਏ।
ਪੀੜ੍ਹਾ, ਪਲੰਘ, ਮੜ੍ਹਿਆ[11] ਰੁਪੇ ਦਾ, ਤਿੱਲੇ ਨਾਲ ਉਣਾਏ॥੪੫੭॥

ਦਾਜ ਪਟਾਂਗਲ[12] ਕੇ ਤ੍ਰੈ ਤੇਵਰ[13], ਪੱਟੀ ਖੇਸ ਉਣਾਏ।
ਬਿਲਸਿਰ[14] ਵੇਖ ਮੁਲ ਦੀ ਭਾਰੀ, ਗੁਲੀਂ ਕਪੂਰ[15] ਸੁਹਾਏ।
ਸੁਰਮੇਦਾਣੀ ਸੋਨੇ ਸੰਦੀ, ਚੂਨੀ[16] ਮੋਤੀ ਲਾਏ।
ਟੰਮਕ ਰੁੱਪੇ[17] ਸੰਦਾ ਲੋਕਾਂ, ਉੱਚੇ ਕਦਮ ਸਵਾਏ[18]॥੪੫੮॥

ਪਕਵਾਨਾਂ ਦੇ ਢੇਰ ਦਿਸੀਂਦੇ, ਜਾਣੋਂ[19] ਪਰਬਤ ਸਾਏ।
ਸੱਤੇ ਪਾਹੀ[20] ਹਾਜ਼ਰ ਲੋਕਾਂ ਨੇ ਕੋਈ ਆਖ ਸੁਣਾਏ।
ਹਰ ਜਾਂਞੀ ਸਿਰਪਾਉ ਸੁਨਹਿਰੀ, ਛੰਨੇ, ਸੇਤ[21] ਸਹਾਏ।
ਆਖ ਦਮੋਦਰ ਮੈਂ ਅੱਖੀਂ ਡਿੱਠਾ ਜੋ ਵੇਖੇ ਸੋਈ ਸਲਾਹੇ[22]॥੪੫੯॥

---

1. ਦਾਨ ਪੁੰਨ ਸ਼ੁਰੂ ਕੀਤਾ। 2. ਪਗੜੀ। 3. ਵੱਡੇ ਖੇਸ। 4. ਨਕਦੀ। 5. ਖਾਣਾ ਤਿਆਰ ਹੋਇਆ। 6. ਰੱਜ ਗਏ, ਪ੍ਰਸੰਨ ਹੋਏ। 7. ਮਸਤ ਹੋਏ, ਸ਼ਰਾਬ ਵਿਚ ਗੜੂੰਦ ਹੋਏ। 8. ਚੂਚਕ ਦੇ ਆਦਮੀ। 9. ਕੜ੍ਹਾਈਆਂ ਦੋ ਮਣ ਵਜ਼ਨ ਦੀਆਂ। 10. ਚੁੱਕ ਕੇ। 11. ਚਾਂਦੀ ਦੀਆਂ ਤਾਰਾਂ ਨਾਲ ਮੜ੍ਹਿਆ। 12. ਪੱਟ ਅਥਵਾ ਰੇਸ਼ਮ ਦੇ ਕਪੜੇ। 13. ਤੇਵਰ ਭਾਵ ਤਿੰਨ ਕਪੜੇ ਜਿਸ ਵਿਚ ਘਗਰਾ ਚੋਲੀ ਤੇ ਦੁਪੱਟਾ ਸ਼ਾਮਿਲ ਹੈ। 14. ਕਾਲੀਨ, ਚਟਾਈ। 15. ਵਿਚਕਾਰ ਸਫ਼ੈਦ ਫੁਲ। 16. ਸਫ਼ੈਦ। 17. ਚਾਂਦੀ ਵਰਗਾ। 18. ਉਚੇਰੀ ਥਾਂ ਪਰ ਰੱਖਿਆ ਹੋਇਆ। 19. ਪਰਬਤਾਂ ਜੇਡੇ ਢੇਰ ਲਗ ਗਏ। 20. ਸਤ ਪ੍ਰਕਾਰ ਦੇ ਪਸ਼ੂ। 21. ਸੇਤੀ, ਨਾਲ ਹੀ। 22. ਸਲਾਹੁੰਦਾ ਸੀ, ਉਸਤਤ ਕਰਦਾ ਸੀ।

ਖੇੜੇ ਸੱਦੇ ਕੰਮੀ ਯਾਰੋ! ਉਨ੍ਹਾਂ ਦਾਜ ਉਠਾਇਆ।
ਬੰਨ੍ਹ ਸਲੀਤੇ[1] ਮੁਹਕਮੀ[2] ਕੀਤੇ, ਸਭੋ ਮਾਲ ਬਨ੍ਹਾਇਆ।
ਆਣ ਬੱਧੋਨੇ ਡੇਰਾ ਸਾਰਾ[3] ਚੱਲਣ ਤੇ ਚਿੱਤ ਚਾਇਆ।
ਆਖ ਦਮੋਦਰ ਸੋ ਕੁਝ ਕਥਿਆ[4], ਜੋ ਕੁਝ ਰੱਬ ਕਹਾਇਆ॥੪੬੦॥

## ਜੰਞ ਦੀ ਤਿਆਰੀ

ਛਿੱਕੇ ਤੰਗ[5] ਤਿਆਰੀ ਕੀਤੀ, ਚੱਲਣ ਤੇ ਚਿੱਤ ਚਾਇਆ।
ਕਰ ਕਰ ਵਿਦਾ ਸ਼ਰੀਕਾਂ ਨਾਲੋਂ, ਲੈ ਅਸਬਾਬ ਬਨ੍ਹਾਇਆ।
ਜਿਉਂ ਜਿਉਂ ਰਾਤ ਪਵੇ ਖੇੜੇ ਨੂੰ, ਤਿਉਂ ਤਿਉਂ ਮਰਣਾ[6] ਆਇਆ।
"ਆਖ ਵੇਖਾਂ ਹੁਣ ਕੀਕੁਣ ਹੋਸੀ, ਕੱਲ ਤਾਂ ਆਪ ਬਚਾਇਆ"॥੪੬੧॥

ਰਾਤੀਂ ਵੰਞ ਬਹਾਨਾ ਕੀਤੋਸੁ[7], ਧੀਦੋ ਜੋਗ ਸਦਾਇਆ।
ਸੁਣ ਹੀਰੇ! ਮੈਂ ਬੇਲੇ ਦੇ ਵਿਚ, ਚਲ ਉਚੇਚਾ ਆਇਆ।
ਆਂਦੁਮ[8] ਸੱਦ ਸਹੀ ਇਕ ਵਾਰੀ ਇਥੇ ਉਹ ਨਾ ਆਇਆ?
ਵੇਖੋ ਭਾਈ ਅਕਲ ਖੇੜੇ ਦੀ, ਜਿਸ ਆਪਣਾ ਆਪ ਬਚਾਇਆ[13]॥੪੬੨॥

ਪਹੁਰ ਰਾਤ ਜੇ ਬਾਕੀ ਰਹੀ, ਵਜੀ ਬੰਬ[9] ਤਦਾਹੀਂ।
ਛਿੱਕੇ[10] ਤੰਗ ਜੁਆਨੀ ਭਾਈ, ਭੁਈਂ ਨਈਂ ਦੇ ਸਾਈਂ।
ਹੰਨੀਂ ਤਬਲਬਾਜ[11] ਰੁਪੇ ਦੇ, ਬਹੁਟੇ[12] ਸੋਨੇ ਬਾਹੀਂ।
ਆਖ ਦਮੋਦਰ ਉਛਾਲ ਮਖ਼ਮਲੀ, ਪਾਇਆ ਡੋਲੀ ਤਾਈਂ॥੪੬੩॥

ਬੂਹੇ ਆ ਖਲੋਤੀ ਡੋਲੀ, ਸੱਭਾ ਸੋਨੇ ਞਾਰੀ[13]।
ਮਸਲਤ ਚੂਚਕ ਖ਼ਾਨ ਕਰੇਂਦੇ, ਲੈਕਰ ਖ਼ਿਲਵਤ[14] ਭਾਰੀ।
ਹੁਣ ਇਸ ਕੀਕੁਰ ਡੋਲੀ ਪਾਈਏ, ਅੱਗੇ ਕਹੁਰ ਕਹਾਰੀ[15]।
ਆਖ ਦਮੋਦਰ ਨੂਰੇ ਮਸਲਤ, ਜੀਓਂ[16] ਕੱਢ ਸਵਾਰੀ॥੪੬੪॥

---

1. ਬੁਝਕੇ, ਥੈਲੀਆਂ। 2. ਪਕੇ। 3. ਸਾਰੇ ਡੇਰੇ ਦਾ ਸਾਮਾਨ। 4. ਚਲਣ ਦੀ ਤਿਆਰ ਕਰ ਲਈ। 5. ਘੋੜਿਆਂ ਦੇ ਤੰਗ ਕੱਸ ਲਏ। 6. ਜਿਵੇਂ ਮੌਤ ਦੇ ਮੂੰਹ ਜਾਣਾ ਹੋਵੇ। 7. ਉਸ ਨੇ (ਸਾਹਿਬਾਂ ਖੇੜੇ ਨੇ) ਬਹਾਨਾ ਕੀਤਾ। 8. 'ਅ' ਤੇ 'ਸ' ਪਾਠ 'ਆਦਮ'। ਆਦਮ ਭਾਵ ਮੈਂ ਆਂਦਾ, ਮੈਂ ਲੈ ਆਇਆ। 9. ਨਗਾਰਾ ਕੂਚ ਦਾ। 10. ਅ, ਸ ਪਾਠ ਚਿਕੇ। 11. ਹੰਨਿਆਂ ਨਾਲ ਚਮਕੀਲੇ ਤਬਲਬਾਂਜ਼ ਲਟਕ ਰਹੇ ਸਨ। 12. ਇਕ ਪ੍ਰਕਾਰ ਦਾ ਸੋਨੇ ਦਾ ਗਹਿਣਾ ਜੋ ਡੋਲਿਆਂ ਤੇ ਬੰਨ੍ਹਦੇ ਹਨ। 13. ਸੋਨੇ ਨਾਲ ਜੜੀ। 14. ਇਕ ਪਾਸੇ ਹੋਕੇ ਇਕਲਵਾਂਜੇ। 15. ਬਹੁਤ ਸਖ਼ਤ, ਹੀਰ ਬੜੀ ਸਖ਼ਤ ਮਿਜਾਜ਼ ਹੈ, ਸੌਖੀ ਡੋਲੀ ਨਹੀਂ ਪਏਗੀ। 16. ਆਪਣੇ ਅੰਦਰੋਂ।

ਮੂੰਹ ਬੰਨ੍ਹੋਂ ਰੂੰ ਦੇਵੋ ਵਾਤ ਵਿਚ, ਏਹੋ ਕੰਮ ਕਰੀਹਾਂ।
ਸ਼ਾਰਤ[1] ਦੇਇ ਕਹਾਰਾਂ ਤਾਈਂ, ਬਹੁਤ ਸ਼ਤਾਬ[2] ਟੁਰੀਹਾਂ।
ਕਰਹੁ ਕਿਫ਼ਾਇਤ[3] ਦਿਸੈ ਸਾਰੀ, ਵਿਦਾ ਨਾ ਮੂਲ ਕਰੀਹਾਂ।
ਆਖ ਦਮੋਦਰ ਖ਼ਾਨ ਨਾ ਮੰਨੇ, ਆਪੇ ਮੁਣਸ[4] ਮਰੀਹਾਂ॥੪੬੫॥

ਜਾਨੀ[5] ਜ਼ੋਰ ਕੀਤਾ ਸੁਣ ਖ਼ਾਨਾ, ਬੰਨ੍ਹੋਂ ਮੁਸ਼ਕੀ ਬਾਹੀਂ।
ਬਹੁਤ ਕਕਾਰਾ[6] ਹੋਸੀ ਤਦੋਂ, ਜੰਞ ਨਾ ਜਾਣੇ ਕਾਈ।
ਕਰ ਸ਼ਾਰਤ ਵਿਚ ਘੱਤੋ ਡੋਲੀ, ਦੂਜੀ ਗੱਲ ਨਾ ਕਾਈ।
ਆਖ ਦਮੋਦਰ ਖ਼ਾਨ ਚੂਚਕ ਨੇ ਏਹੀ ਗੱਲ ਠਹਿਰਾਈ॥੪੬੬॥

## ਚੂਚਕ ਨੇ ਕੈਦੋ ਨੂੰ ਸੱਦਣਾ

ਤਾਂ ਤਾਂ ਤਾਈਂ[7] ਚੂਚਕ ਰੁੰਨਾ, ਲੈ[15] ਬਹੁਤਾ ਦੁਖ ਪਾਇਆ।
ਮਸੇ ਮਸੇ[8] ਕਰ ਬਹੁਤੀ ਮਿੰਨਤ, ਕੈਦੋ ਜੋਗ ਸਦਾਇਆ।
ਥੀਉਨ ਨਾਬਰ[9] ਨਾਉਂ ਸਾਈਂ ਦੇ, ਮੈਂ ਗਲ ਵਿਚ ਪਟਕਾ[10] ਪਾਇਆ।
ਕੇ ਥੀਆ! ਜੇ ਫ਼ਕਰ ਰਖਾਣਾਂ[11], ਮੈਂਡੇ ਮਾਂ ਪਿਓ ਜਾਇਆ॥੪੬੭॥

## ਕੈਦੋ

ਕੇਹੀ ਬਾਜੀ ਪਾਈਆ ਧੀ ਪਾੜਾ[12], ਮੱਤ ਨ ਤੈਨੂੰ ਕਾਈ।
ਕਿਤਨੇ ਨਾਲ ਪਿਆਦੇ ਦੇਸੀ, ਕਿਤਨੇ ਤੰਗ ਉਠਾਈ।
ਕਿਤਨੇ ਮੰਜੇ, ਤਉਂਗ[13], ਉਠੈਸਨ, ਕਿਤਨੇ ਡੋਲੀ ਚਾਈ।
ਚੁਕਾਇ ਕਲੰਕ[14] ਗਲੋਂ ਸਈਯਾਦਾ, ਟੰਮਕ ਸਿਰ ਦਿਹ ਜੁਵੰਵੇ[15] ਰਾਂਝਾ ਚਾਈ।॥੪੬੮॥

ਤਾਂ ਹਲੋ ਹਲੋ ਹੋਈ ਭਾਈ, ਕੈਦੋ ਨਿਆਉ ਚਕਾਇਆ।
ਮੁੱਤਾ ਡੂਮ ਗਇਆ ਵਿਚ ਬੇਲੇ, ਧੀਦੋ ਜੋਗ ਸਦਾਇਆ।
ਚੱਲ ਡੁਮੇਟਾ ਹੋਇਆ ਅਗੇਰੇ, ਬੇਲੇ ਦੇ ਵਿਚ ਆਇਆ।
ਆਖ ਦਮੋਦਰ ਕੂਕੇ ਡੁਮੇਟਾ, ਰਾਂਝੇ ਜੋਗ ਬੁਲਾਇਆ॥੪੬੯॥

---

1. ਇਸ਼ਾਰਾ। 2. ਜਲਦੀ, ਤਿੱਖੇ। 3. ਬਚਤ ਕਰੋ ਸਮੇਂ ਦੀ, 'ਅ' ਤੇ 'ਸ' ਪਾਠ 'ਕਹੁ ਕਿਫਾਇਤ'। 4. ਯਾਰ, ਦੂਜਾ ਖਸਮ (ਚਾਕ-ਰਾਂਝਾ)। 5. ਪਿਆਰਾ, ਪਿਆਰੇ ਦੀ ਯਾਦ। 6. ਰੌਲਾ, ਸ਼ੋਰ। 7. ਉਸ ਸਮੇਂ। 8. ਬੜੀ ਮੁਸ਼ਕਲ ਨਾਲ। 9. ਇਨਕਾਰੀ ਨਾ ਹੋ। 10. ਪਗੜੀ, ਪਲੂ। 11. ਕੀ ਹੋਇਆ ਜੇ ਤੂੰ ਰੱਬ ਦਾ ਫ਼ਕੀਰ ਹੈਂ। 12. ਗਾਲ੍ਹ ਹੈ। ਧੀ ਨਾਲ ਬੁਰਾ ਕਰਨ ਵਾਲਾ, 'ਸ' ਪਾਠ 'ਧੀਪਾੜ'। 13. ਪਛੜੇ ਸਰਕੰਡਾ ਅਤੇ ਖ਼ਜੂਰ ਦੇ ਪੱਤਿਆਂ ਦੇ ਬਣੇ ਸੰਦੂਕਾਂ ਵਾਂਗ ਡੱਬੇ ਜਿਨ੍ਹਾਂ ਵਿਚ ਕਪੜੇ ਰੱਖੇ ਜਾਂਦੇ ਹਨ। 14. ਗਲੋਂ ਕਲੰਕ ਲਾਹ ਦੇ। 15. ੳ, ਅ, ੲ, ਸ ਪਾਠ 'ਜਾਵੇ।'

ਬੇਲੇ ਦੇ ਵਿਚ ਕੂਕੇ ਡੁਮੇਟਾ, ਰਾਂਝੇ ਜੋਗ ਬੁਲਾਈ।
ਚਲਿਆ ਡੂਮ ਸਦੇਂਦਾ ਰਾਂਝਾ, ਅੱਗੋਂ ਕਾਵੜ ਆਈ[1]।
ਕਿਤ ਲੁੜੀਂਨੈਂ[2] ? ਆਖ ਹਕੀਕਤ, ਬਲ ਸੰਢੇ ਦੀ ਜਾਈ[3]।
ਆਖ ਦਮੋਦਰ ਹੀਰ ਨਾ ਵੈਂਦੀ, ਤੂ ਸਿਰ ਟੰਮਕ ਵੰਞੇ ਚਾਈ॥੪੭੦॥

## ਰਾਂਝੇ ਨੂੰ ਹੀਰ ਨਾਲ ਤਿਆਰ ਕਰਨਾ

ਥੀ[4] ਤਯੀਆਰ ਚਲਿਆ[17] ਰੰਝੇਟਾ, ਜਾਂ ਉਸ ਈਂਵ ਸੁਣਾਇਆ।
ਲੈ ਅਸਬਾਬ ਜੁਲਿਆ ਛੱਡ ਡੇਰਾ, ਹਿੱਕ ਪਲਕ ਨੂੰ ਆਇਆ।
ਟੰਮਕ ਸਿਰ ਦਿੱਤਾ ਰਾਂਝੇ ਦੇ, ਡੋਲੀ ਕੋਲ ਬਹਾਇਆ।
ਆਖ ਦਮੋਦਰ ਡੋਲੀ ਕੋਲ, ਘੋੜੀ ਲੈ ਕੇ ਖੇੜਾ ਆਇਆ॥੪੭੧॥

ਆਖੇ ਮਾਊਂ ਸੁਣ ਸਦਕੇ ਕੀਤੀ, ਸੁਣ ਤੂੰ ਘੋਲ ਘੁਮਾਈ[5]।
ਹੱਸ ਹੱਸ ਪਵਿਹ ਵਿਚ ਡੋਲੀ, ਸੁਣ ਧੀਏ ਸਭਰਾਈ[6]।
ਸਾਰੀ ਜੰਞ ਖਲੋਤੀ ਵੇਖੇ, ਤੁਧ ਵਲੋਂ ਲੋਕਾਈ[7]।
ਆਖ ਦਮੋਦਰ ਤੂੰ ਪਉ ਡੋਲੀ, ਸਦਕੇ ਵੈਂਦੀ ਮਾਈ॥੪੭੨॥

## ਹੀਰ

ਤੂੰ ਕਿਉਂ ਨੀਹੇਂ ਪਉਂਦੀ ਮਾਏ! ਸੁਣ ਤੂੰ ਚੂਚਕ ਹਾਏ[8]।
ਕੋਲ ਖਲੋਇ ਤਮਾਸ਼ਾ ਵੇਖਾਂ, ਜੇ ਤੈਨੂੰ ਡੋਲੀ ਰੱਬ ਪਾਏ।
ਬੱਚੇ ਖਾਂਦੀ, ਅਸਾਂ ਖਿਝੈਂਦੀ, ਭਈਏ ਮੁਈਏ ਕਸਾਏ।
ਅੱਗੋਂ ਹੋਈ ਦੂਰ, ਮਰੀਊਂ ਮੁੱਕੀ, ਮੈਨੂੰ ਕਾਵੜ ਆਏ॥੪੭੩॥

ਜੈਂ ਕਾਰਨ ਤੂੰ ਨੀਹੇਂ ਵੈਂਦੀ, ਸੋ ਵੀ ਅਸਾਂ ਨਾਲ ਚਲਾਇਆ।
ਉੱਠੀ ਵੇਖ ਸਿਞਾਣ ਸਹੀ ਕਰ, ਮਾਊਂ ਓਸ ਬੁਝਾਇਆ[9]।
ਡਿਠੁਸੁ ਚਾਕ ਸਹੀ ਸੱਚ ਰਾਂਝਾ, ਅੰਮਾਂ ਨਾਲ ਚਲਾਇਆ।
ਆਖ ਦਮੋਦਰ ਚਾਉ ਹੀਰੇ ਨੂੰ, ਚੱਲਣ ਸੰਦਾ ਆਇਆ॥੪੭੪॥

## ਹੀਰ

ਮੰਦਾ ਕਰ ਕਰ ਚੰਗਾ ਕੀਤੋ, ਰਾਂਝਾ ਨਾਲ ਦਿਤੋਈ।
ਅਸਾਂ ਹੋਇ ਰਹੀ ਖੁਸ਼ਹਾਲੀ, ਗੁਲਕਾਰੀ[10] ਸਭ ਹੋਈ।
ਅਸੀਂ ਮੁਸਾਫਰ ਉਠੀ ਚੱਲੇ, ਮਾਏ, ਡਾਢੇ ਰਿਜ਼ਕ ਉਠਿਓਈ[11]।
ਆਖ ਦਮੋਦਰ ਵਿਦਾ ਕਰੇਂਦਿਆਂ, ਸਭ ਲੋਕਾਈ ਰੋਈ॥੪੭੫॥

---

1. ਰਾਂਝੇ ਨੂੰ ਗੁੱਸਾ ਆਇਆ। 2. ਕਿਉਂ ਲੱਭਦਾ ਹੈਂ। 3. ਕੀ ਸੰਢੇ ਦੀ ਥਾਂ ਮੇਰੀ ਬਲੀ ਦੇਣੀ ਹੈ। ਭਾਵ ਮੈਨੂੰ ਸ਼ਾਮਲ ਚੁੱਕਣ ਲਈ ਸੱਦਿਆ ਹੈ ? 4. ਅਤੇ 'ਸ' ਪਾਠ 'ਹਥੀ'। 5. ਕੁਰਬਾਨ ਜਾਂਦੀ ਹਾਂ। 6. ਚੰਗੇ ਭਰਾਵਾਂ ਵਾਲੀ, ਸਤ ਭਰਾਵਾਂ ਵਾਲੀ। 7. ਖ਼ਲਕਤ। 8. ਚੂਚਕ ਦੀਏ ਘਰ ਵਾਲੀਏ। 9. ਬੁਝਵਾ ਦਿੱਤੀ, ਇਸ਼ਾਰੇ ਨਾਲ ਸਮਝਾਇਆ। 10. ਸਾਰਾ ਤਨਮਤ ਖਿੜ ਗਿਆ ਹੈ। 11. ਡਾਢੇ ਰੱਬ ਨੇ ਸਾਡਾ ਦਾਣਾ-ਪਾਣੀ ਉਠਾ ਦਿੱਤਾ ਹੈ।

ਸੁਣ ਨੀ ਮਾਏ ਮੰਦਾ ਕਰ ਕਰ, ਚੰਗਾ ਕੀਤੋ ਸਦਕੇ ਵੈਂਦੀ ਆਹੀ।
ਮੰਨ ਸੁਆਲ ਅਸਾਡਾ ਮਾਏ, ਡਰਦੀ ਆਖਾਂ ਨਾਹੀਂ।
ਬਈ[1] ਭੀ ਨੇਕੀ ਚਾੜ੍ਹ ਅਸਾਂਥੇ, ਗਲ ਵਿਚ ਪੱਲੂ ਪਾਈ।
ਡੋਲੀ ਵਿਚ ਬਹਾਇ ਰੰਝੇਟਾ, ਨਾਲ ਕਹਾਰਾਂ ਚਾਈ॥੪੭੬॥

**ਮਾਂ**

ਬੇਟੀ ਨਾ ਥੀ ਕਾਹਲੀ ਹੋਵੈ ਧੀਰੀ[2], ਧੀਦੋ ਨਾਲ ਸਿਧਾਇਆ।
ਅੱਖੀਂ ਡਿੱਠੇ ਰਜੀਏ ਨਾਹੀਂ, ਕੇ ਹੋਸੀ ਕੋਲ ਬਹਾਇਆ।
ਫੁੱਲਾਂ ਸੰਦੀ ਵਾਸ਼ਨਾ[3] ਰਜੀਏ, ਕੇ ਹੋਸੀ ਨੱਕ ਲਾਇਆ।
ਆਖ ਦਮੋਦਰ ਮਾਉਂ ਧੀਉ ਨੂੰ, ਸੁਖਨਾਂ[4] ਨਾਲ ਸਮਝਾਇਆ॥੪੭੭॥

**ਹੀਰ ਤੇ ਸਹੇਲੀਆਂ**

ਰੋਵੈ ਹੱਸੀ ਕੋਲ ਖਲੋਤੀ, ਜਾਂ ਵੇਖੈ ਹੀਰੇ ਤਾਈਂ।
ਤੈਂਡੇ ਵਿਛੋੜੇ ਹੀਰੇ ਕੁੜੀਏ! ਜੀਵਣ ਮੈਂਡਾ ਨਾਹੀਂ।
ਬੇੜੀ ਬੇਲਾ ਖਾਵੇ ਅਸਾਨੂੰ, ਖ਼ਾਲੀ ਵੇਖ ਮਰ ਜਾਈਂ।
ਆਖ ਦਮੋਦਰ ਡਾਢਾ ਵਿਛੋੜਾ, ਦਿੱਤਾ ਸੱਚੇ ਸਾਈਂ॥੪੭੮॥

**ਹੀਰ**

ਪਾਇਆ ਵਿਛੋੜਾ ਡਾਢਾ ਹੱਸੀ! ਵੱਤ ਨਾ ਆਵਣ ਹੋਸੀ[5]।
ਕਿੱਥੇ ਵੇਖਸਾਂ ਬੇਲਾ, ਸਹੀਆਂ[6], ਕੈਂਦੀ ਸਿੱਕ ਖਲੋਸੀ[7]।
ਤੈਂਡੀ ਸਿੱਕ ਦੇ ਕਾਰਣ ਹੱਸੀ! ਹੀਰ ਨਿਮਾਣੀ ਰੋਸੀ।
ਅਣਡਿਠਿਆਂ ਵਿੱਚ, ਹੋਸੀ! ਵੇਖਾਂ ਜਾਲ,[8] ਅਸਾਡੀ ਕੀਕਣ ਹੋਸੀ॥੪੭੯॥

**ਹੱਸੀ**

ਤੈਂਡੀ ਜਾਲ ਤਾਂ ਹੋਸੀ ਹੀਰੇ! ਤੈਂ ਧੀਦੋ ਨਾਲ ਚਲਾਇਆ।
ਸੁੰਞੇ ਝੰਗ ਸਿਆਲਾਂ ਦੇ ਵਿਚ, ਮੈਨੂੰ ਭੀ ਰਹਿਣਾ ਆਇਆ।
ਨਾ ਧੀਦੋ, ਨਾ ਤੂੰ ਦਿਸੀਸੀ[9], ਰੱਬ ਵਿਛੋੜਾ ਪਾਇਆ।
ਆਖ ਦਮੋਦਰ ਹੱਸੀ ਦੇ ਸੁਖ਼ਨਾਂ ਸਾਰਾ ਆਤਣ ਰੁਵਾਇਆ॥੪੮੦॥

---

1. ਦੂਜੀ, ਹੋਰ। 2. ਧੀਰਜਵਾਨ; ਸਬਰ ਵਾਲੀ। 3. ਖ਼ੁਸ਼ਬੂ। 4. ਗੱਲਾਂ ਨਾਲ। 5. ਫੇਰ ਆਉਣਾ ਨਹੀਂ ਹੋਵੇਗਾ। 6. ਸਹੇਲੀਆਂ। 7. ਕਿਸ ਦੀ ਸਿਕ ਮੇਰੇ ਅੰਦਰ ਖੜੀ ਹੋਵੇਗੀ। 8. ਗੁਜ਼ਰਾਨ। 9. ਦਿਸੇਗੀ।

### ਹੀਰ

ਰੁੰਨੀ ਹੀਰ, ਬਹੂੰ ਸਿਰ ਤਾਈਂ, ਕਰੇ ਵਿਦਿਆ ਨਾਲ ਸਹੇਲੀ।
ਰਾਜ ਤੁਸਾਡੇ ਉੱਤੇ ਸਹੀਓ। ਮੈਂ ਸਦਾ ਰਹੀ ਅਲਬੇਲੀ[1]।
ਡਾਰ ਤੁਸਾਡੀ ਵਿੱਚੋਂ ਨਿੱਖੜੀ, ਜਿਉਂ ਕੂਕੇ ਕੂੰਜ ਇਕੇਲੀ।
ਆਖ ਦਮੋਦਰ ਹੀਰ ਜੁ ਆਖੇ, ਸਾਈਂ ਅਸਾਡਾ ਬੇਲੀ॥੪੮੧॥

### ਹੱਸੀ

ਸਾਈਂ ਤੁਸਾਡਾ ਬੇਲੀ ਹੋਵੈ, ਸਾਨੂੰ ਦੇਇ ਵਿਛੋੜਾ ਚੱਲੀ।
ਕਿੱਥੇ ਹੀਰ ਤੇ ਕਿੱਥੇ ਰਾਂਝਾ, ਕਿੱਥੇ ਬਬਾਣੀ[3] ਗਲੀ।
ਕਿੱਥੇ ਬੇੜੇ ਤੇ ਕਿੱਥੇ ਪੱਤਣ, ਕਿਤ ਪਿੱਪਲ ਕਿਤ ਝੱਲੀ[4]।
ਆਖ ਦਮੋਦਰ ਵਿਛੋੜੇ ਤੈਂਡੇ, ਮੈਂ ਮਰਸਾਂ ਰੋਇ ਅਕੱਲੀ[5]॥੪੮੨॥

### ਹੀਰ

ਸਦਕੇ ਕੀਤੀ, ਮੈਂ ਹੱਸੀ। ਤੁਸਾਥੋਂ, ਆਤਣ ਛੋੜ ਸਿਧਾਈ।
ਬੇੜੀ, ਬੇਲਾ ਤੇ ਪਿੱਪਲ ਪੀਘਾਂ, ਲੁੱਡਣ, ਬਾਪ ਤੇ ਭਾਈ।
ਅਸੀਂ ਜੁਲੇ ਅਣਡਿੱਠੀ ਜੂਹੀਂ[6], ਫਿਰ ਆਵਣ ਗੱਲ ਨਾ ਕਾਈ।
ਨਾ ਕੋ ਲੂਹ[7] ਨਾ ਤਕੀਆ ਮੈਨੂੰ, ਨਾ ਕੋ ਬਾਪ ਨਾ ਮਾਈ॥੪੮੩॥

ਰੋਂਦੇ ਆਤਣ ਤੇ ਰੋਂਦੇ ਵਿਹੜੇ, ਜਿਉਂ ਜਿਉਂ ਵਿਦਾ ਕਰੇਂਦੀ[8]।
ਰੋਵਣ ਬਿਰਖ, ਬੰਬੂਲ[9], ਪੰਖੇਰੂ, ਸਹੀਆਂ ਵਾਰੇ[10] ਦੇਂਦੀ।
ਰੋਵੇ ਮਾਉਂ ਨਾ ਮੂੰਹੋਂ ਅਲਾਏ, ਫਿਰਦੀ ਪੇਟ ਖੁਹੈਂਦੀ।
ਆਖ ਦਮੋਦਰ ਆਖੇ ਮਹਿਰੀ, ਮੈਂ ਰਾਂਝੇ ਤਾਈਂ ਦੇਂਦੀ[11]॥੪੮੪॥

ਰੋਵਨ ਪੱਤ੍ਰ ਦਰਖ਼ਤਾਂ ਸੰਦੇ, ਰੋਵਣ ਬੂਟੇ ਕਾਹੀਂ।
ਹੋਵੈ ਬੁੱਢੀ, ਨੱਢੀ, ਲੋਕਾ, ਰੋਵਣ ਸੱਤੇ ਪਾਹੀਂ।
ਜੁਲਿਆ ਕਟਕ ਸਹੀ ਸਲੇਟੀ, ਵੰਞਣ ਜੋਗੀ ਨਾਹੀਂ।
ਇਸ ਦੇ ਰਾਜ ਸਿਆਲਾਂ ਦੇ ਵਿਚ, ਸਿਤਮ ਕਹੀਂ ਸਿਰ[12] ਨਾਹੀਂ।
ਆਖ ਦਮੋਦਰ ਕੂਕ[13] ਪਈ ਹੈ, ਹਾਜਤ ਚੂਚਕ ਦੀ[14] ਨਾਹੀਂ॥੪੮੫॥

---

1. ਲਾਪਰਵਾਹ, ਬੇਪਰਵਾਹ। 2. ਰੱਬ ਯਾਰ ਮਦਦਗਾਰ ਹੈ। 3. ਪਿਉ ਦੀ, ਪੇਕੀਂ, ਬਾਬਕੀ। 4. ਝਲ ਬੇਲੇ। 5. ਅਤੇ ਸ ਇੱਕਲੀ। 6. ਅਣਡਿਠੀਆਂ ਜੂਹਾਂ, ਅਣਡਿਠੀਆਂ ਥਾਵਾਂ। 7. ਆਸਰਾ, ਸਹਾਰਾ। 8. ਮੈਂ ਰੋਵੰਦੀ ਸਭ ਜਗੁ ਰੁੰਨਾ ਰੁੰਨੜੇ ਵਣਹੁ ਪੰਖੇਰੂ—ਗੁਰਬਾਣੀ। 9. ਕਿਕਰੀਆਂ, ਖਾਰਦਾਰ ਝਾੜੀਆਂ। 10. ਸਹੇਲੀਆਂ ਤੇ ਕੁਰਬਾਨ ਹੁੰਦੀ ਹੈ। 11. ਚੰਗਾ ਹੁੰਦਾ ਮੈਂ ਹੀਰ ਰਾਂਝੇ ਨੂੰ ਵਿਆਹ ਦੇਂਦੀ। 12. ਕਿਸੇ ਨਾਲ ਕੋਈ ਜ਼ਿਆਦਤੀ ਨਹੀਂ ਸੀ ਹੁੰਦੀ। 13. ਰੋਣ, ਕੂਕ ਪੁਕਾਰ। 14. ਚੂਚਕ ਵੀ ਰੋਣਾ ਨਹੀਂ ਰੋਕ ਸਕਿਆ।

## ਹੀਰ ਦੀ ਡੋਲੀ ਟੁਰਨੀ

ਡੋਲੀ ਚਾਇ ਚਲਾਈ ਯਾਰੋ, ਟੰਮਕ ਰਾਂਝੇ ਚਾਇਆ।
ਥੀਏ ਰਾਹ ਰਵਾਂ ਹੋ ਲੋਕਾਂ, ਲੋਕ ਵਿਦੇ[1] ਨੂੰ ਆਇਆ।
ਜੇ ਕੋਈ ਵੇਖੇ, ਸੋਈ ਰੋਵੇ, ਲੋਕਾਂ ਸ਼ੋਰ ਮਚਾਇਆ।
ਆਖ ਦਮੋਦਰ ਹੀਰ ਦੇ ਟੁਰਿਆਂ, ਸਾਰਾ ਆਲਮ ਆਇਆ॥੪੮੬॥

ਸਭ ਆਲਮ ਉਛਲ ਕਰ ਜੁਲਿਆ[2], ਰੋ ਰੋ ਵਿਦਾ ਕਰੇਂਦੇ।
ਡੋਲੀ ਪਾਇ ਲੈ ਚੱਲੇ ਖੇੜੇ, ਨਾਹੀਂ ਕਿਸੇ ਮਿਲੈਂਦੇ[3]।
ਮਾਉ ਵਿਦੇ ਨੂੰ ਆਈ ਆਹੀ, ਡੋਲੀ ਨੱਪ ਅਟਕੇਂਦੇ।
ਸੁਣ ਧੀਆਂ! ਤੂੰ ਥੀ ਸਿਆਣੀ, ਮੈਂ ਦੁੱਖ ਵਿਛੋੜਾ ਦੇਂਦੇ[4]।
ਅਠੋਹਾਰੀ[5] ਵੀਰ ਭਿਜਸਾਹੂੰ[6] ਅਸੀਂ, ਤੈਨੂੰ ਰਹਿਣ ਨਾ ਦੇਂਦੇ॥੪੮੭॥

## ਹੀਰ

ਝੂਠੇ ਲਾਰੇ, ਨਾ ਕਰਿ ਮਾਏ! ਮੈਨੂੰ ਜਾਣ ਵਿਲੈਂਦੀ[7]।
ਕਿਸ ਲੁੜੀਂਦਾ ਮਾਏ! ਮੈਨੂੰ ਅਜੇ ਨ ਕੁਝ ਛੁੜੈਂਦੀ।
ਜੋ ਕੁਝ ਤੈਂਡੇ ਅੰਦਰ ਗੁਜ਼ਰੇ, ਮਾਲਮ ਮਹੀਏਂ ਕਰੇਂਦੀ।
ਮਾਉਂ ਸਿਆਲੀ ਜੁਲਦੀ ਵਾਰੀ, ਮੈਨੂੰ ਸੱਤ ਅੰਗਾਰ ਸਟੇਂਦੀ।
ਆਖ ਨਾ ਮਾਉਂ ਦਿਲਾਸਾ ਕੂੜਾ, ਮੈਂ ਆਪੇ ਟੁਰੀ[8] ਵੈਂਦੀ॥੪੮੮॥

ਮਾਉਂ ਅਤੇ ਭਰਜਾਈਆਂ ਭੈਣਾਂ, ਸਭ ਵਿਦੇ ਨੂੰ ਆਈਆਂ।
ਪਾਇਆ ਝਿੰਗਾਰ[9] ਰੋਵਣ ਦਾ ਭਾਰੀ, ਰੋਵਣ ਦਾਏ, ਦਾਈਆਂ।
ਕਿੱਥੋਂ ਫੇਰ ਵਿਖਸਾਹਾਂ ਤੈਨੂੰ, ਰੋਵਣ ਕਹਿ ਭਰਜਾਈਆਂ।
ਆਖ ਦਮੋਦਰ ਵਿਦਾ ਕੀਤੋਨੇ, ਫਿਰਨ ਪਿਛੂਹਾਂ ਨਾਹੀਆਂ[10]॥੪੮੯॥

## ਹੀਰ

ਸੁਣ ਮਾਏ ਤੈਨੂੰ ਬੇਟੀ ਆਖੇ, ਤੈਨੂੰ ਖਬਰ ਨਾ ਕਾਈ।
ਮੈਂ ਮਹਿਮਾਨ ਮੁਸਾਫਰ ਕੁੰਦੀ! ਖਾਵੰਦ[11] ਆਣ ਬਹਾਈ।
ਜੇ ਆਇਆ ਖ਼ਸਮ ਸੰਭਾਲਿਓਸੁ ਮੈਨੂੰ, ਤੁਧ ਕੇਹੀ ਬਾਜ਼ੀ ਪਾਈ।
ਲੈ ਮਾਏ ਘਰ ਝੰਗ ਸਿਆਲੀ, ਅਸੀਂ ਉਠ ਚੱਲੇ ਥੀ ਰਾਹੀ[12]॥੪੯੦॥

---

1. ਵਿਦਾ ਕਰਨ ਨੂੰ ਲੋਕੀਂ ਆਏ। 2. ਸੱਭ ਲੋਕੀ ਉਮੱਡ ਕੇ ਆਏ। 3. ਨਹੀਂ ਮਿਲਣ ਦੇਂਦੇ (ਵੇਖੋ ਬੰਦ 465)। 4. ਮੈਨੂੰ ਵਿਛੋੜੇ ਦਾ ਬਹੁਤ ਦੁਖ ਹੋ ਰਿਹਾ ਹੈ। 5. ਅਠਵੇਂ ਦਿਨ। 6. ਤੇਰੇ ਵਲ ਭਰਾ ਨੂੰ ਭੇਜਾਂਗੀ। 7. ਵਿਲਾਉਂਦੀ ਹੈ। ਝੂਠ-ਮੂਠ ਨਾਲ ਪਰਚਾਉਂਦੀ ਹੈ। 8. ਅ, ਸ, ਪਾਠ 'ਟੁਰ ਵੈਂਦੀ'। 9. ਕਕਾਰਾ, ਰੌਲਾ, ਰੋਣ ਦਾ ਸ਼ੋਰ। 10. ਨ੍ਹਾ ਧੋ ਬੈਠੀਆਂ, ਕੁੜੀ ਦੇ ਵਿਆਹੁਣ ਦਾ ਫ਼ਰਜ਼ ਉਤਾਰ ਬੈਠੀਆਂ। 11. ਮਾਲਕ, ਪਤੀ, ਰੱਬ। 12. ਮੁਸਾਫ਼ਿਰ ਹੋ ਕੇ।

### ਹੁਣ ਹੀਰੇ ਆਣ ਨਿਵਾਇਆ

ਤਾਂ ਲੱਥੇ ਖ਼ਾਨ ਸਭ ਘੋੜਿਆਂ ਉਤੋਂ, ਵਿਦਾ ਕਰਨ ਕੈ ਤਾਈਂ।
ਇਦੋਂ ਉਦੋਂ ਕੁਲ ਜਮਾਤਾਂ[1], ਘੋੜੇ ਮੁਣਸ[2] ਅਖਾਈਂ।
ਸਾਊ, ਰਾਠ; ਸੂਰਮੇਂ ਬਹੁਤੇ ਕੋਠੇ ਜੇਡੀਆਂ ਆਹੀ[3]।
ਆਖੋ ਭਾਈ ਸ਼ਕਲ ਜੁਆਨਾਂ, ਕੀਕਰ ਸਿਫ਼ਤ ਅਖਾਹੀਂ।
ਹੋਏ ਆਗੇਰੇ ਮੈਂ ਖੜਾ ਦਮੋਦਰ, ਜੋ ਅੱਖੀਂ ਵਿਦਾ ਵਿਖਾਈਂ॥੪੯੧॥

ਤਾਂ ਤਾਂ ਵਿਦਾ ਚੂਚਕ ਸੱਚ ਕੀਤਾ, ਗਲ ਵਿਚ ਪੱਲੂ ਪਾਇਆ।
ਪਹਿਲਾ ਵੈਰ[4] ਮੈਂ ਚਧੜੀਂ ਕੀਤਾ, ਸੋ ਜਿਣ[5] ਪੈਰੇ ਲਾਇਆ।
ਦੂਜਾ ਵੈਰ ਨਾਹੜੀਂ ਕੀਤਾ, ਕੋਈ ਹੱਥ ਨਾ ਆਇਆ।
ਨਾਹੁਸ[6] ਨਿਵਿਆਂ ਕਿਸੇ ਅੱਗੇ, ਹੁਣ ਹੀਰੇ ਆਣ ਨਿਵਾਇਆ॥੪੯੨॥

### ਅੱਲੀ

ਹੀਰ ਮਹਿੰਡੀ[7] ਸਾਹਿਬਆਣੀ[8], ਤੂੰ ਮੈਂਡਾ ਸਿਰ ਸਾਈਂ।
ਤੈਂਡੇ ਘਰ ਦੀ ਲਹਾਂ ਨਾ ਗੋਲੀ[9], ਤੈਂ ਹੀਰ ਦਿੱਤੀ ਮੈਂ ਤਾਈਂ।
ਤੇਰਾ ਕੀਤਾ ਵੱਡਾ ਹੋਇਆ, ਕੇਹੜੇ ਵਾਤ[10] ਸਲਾਹੀਂ[11]।
ਆਖ ਦਮੋਦਰ ਪੈਰੇ ਹੱਥ ਲਾਏ, ਫੜ ਚੂਚਕ ਲਇਆ ਉਤਾਹੀਂ॥੪੯੩॥

### ਖੇੜੇ ਤੇ ਧੀਦੋ ਰਾਂਝਾ

ਤਾਂ ਕੀਤੀ ਮਜਲ[12] ਰਾਹ ਚੱਲਣ ਨੂੰ, ਸੂਲ ਅੰਦਰ ਲਹਿਰ ਅਸਾਹੀ[13]।
ਕਿਸ ਬਿਧ ਕਸਰ ਘਿਜੈ[14] ਇਸ ਤੋਂ, ਦਿਲ ਅਰਮਾਨ ਚੁਕਾਈ।
ਥਾਉਂ ਮਰੀਉਸੁ[15] ਮੂਲ ਨਾ ਛੋੜੀਉਸੁ[16], ਛੋਡਿਆ ਚੰਗਾ ਨਾਹੀ।
ਵੱਡਾ ਗਲੀਮ[17] ਅਸਾਡੀ ਬੁੱਕਲ, ਆਖ ਦਮੋਦਰ ਸਾਈਂ॥੪੯੪॥

ਨਾਲ ਕਾਵੜ ਦੇ ਫਿਰ ਫਿਰ ਸੱਟਾਂ, ਮਾਰਨ ਟੰਮਕ ਤਾਈਂ।
ਭਜਸੁ ਗਰਦਨ ਤ੍ਰੁਟ ਮਰੇਂਦੇ, ਜ਼ਰਾ ਅਸਾਇਸ਼[18] ਨਾਹੀਂ।
ਧਿੱਕੇ ਚੋਕਾਂ[19] ਅੱਡੀ ਖੋੜੇ[20], ਆਵਣ ਮਾਰਨ ਤਾਈਂ।
ਕੇਹੀ ਰਉਂਸ[21] ਮਰੀਂਦਾ ਧੀਦੋ, ਕੇ ਤਸ਼ਬੀਹ[22] ਸੁਣਾਈਂ॥੪੯੫॥

---

1. ਸਭ ਪ੍ਰਕਾਰ ਦੇ ਲੋਕ। 2. ਮਨੁਸ਼, ਮਨੁੱਖ। 3. ਦੇਹੀਆਂ, ਸਰੀਰ। 4. ਟਾਕਰਾ, ਲੜਾਈ, ਦੁਸ਼ਮਨੀ। 5. ਜਿੱਤ ਕੇ। 6. ਨਹੀਂ ਸੀ। 7. ਮੇਰੀ ਰਾਜਕੁਮਾਰੀ। 8. ਘਰ ਦੀ ਵੱਡੀ ਨੂਹ, ਧੀ। 9. ਮੈਂ ਤੇਰੇ ਦਾਸਾ ਦੇ ਤੁਲ ਵੀ ਨਹੀਂ। 10–11. ਮੁਖ, ਮੂੰਹੋਂ। ਉਸਤਤ ਕਰਾਂ, ਸਲਾਹੁਣਾ ਕਰਾਂ। 12. ਮੰਜ਼ਲ। 13. ਅਸਾਡੇ (ਖੇੜਿਆਂ ਦੇ ਅੰਦਰੋਂ ਬਲ ਬਲ ਉਠਦੀਆਂ ਸਨ)। 14. ਦੁਖ ਕੱਢਿਆ ਜਾਏ। 15. ਉਸ ਨੂੰ (ਰਾਂਝੇ ਨੂੰ) ਥਾਓਂ ਮਾਰੀਏ। 16. ਉਸ ਨੂੰ ਹਡੂੰ ਨ ਛੋੜੀਏ। 17. ਵੈਰੀ, ਦੁਸ਼ਮਨ। 18. ਸੁਖ। 19. ਚੋਭਾਂ ਸੋਟੀ ਦੀਆਂ। 20. ਲੱਤਾਂ ਮੁੱਕੇ। 21. ਕਿਸ ਤਰ੍ਹਾਂ। 22. ਕੀ ਮਿਸਾਲ, ਕੀ ਪ੍ਰਮਾਣ।

## ਹੀਰ ਨੂੰ ਚੂਰੀ ਖਲਾਉਣੀ

ਹਾਲ ਹਾਲ ਕਰ[1] ਪੈਂਡਾ ਚੱਲੇ, ਮਜ਼ਲ ਵਡੇਰੀ[2] ਆਏ।
ਲੱਥੇ ਖ਼ਾਨ, ਪਹਿਰ ਦਿਨ ਰਹਿੰਦੇ, ਗੋਹੇ ਕੋਲ ਚੁਣਾਏ।
ਆਏ ਗੁਨ੍ਹ, ਕੁਟੇਂਦੇ ਚੂਰੀ, ਹੱਭੇ ਖਾਏ ਅਘਾਇ[3]।
ਆਖ ਦਮੋਦਰ ਬੈਠੇ ਸਾਊ, ਘੋੜੇ ਕਿੱਲੀਂ[4] ਲਗਾਏ॥੪੯੬॥

ਤੱਦੋਂ ਖਾਨ ਸਦਾਈ ਚੂਰੀ, ਹੀਰੇ ਦੇਵਣ ਤਾਈਂ।
ਵਿਲਾਇ ਖਵਾਇ ਸਿਆਣੀ ਦਾਈ, ਹੀਰ ਸਲੇਟੀ ਤਾਈਂ।
ਭੁੱਖੀ ਹੋਸੀ ਰੋਂਦੀ ਰੋਂਦੀ, ਕਿਛ ਖਾਧਾ ਹੋਸੁਸੁ[5] ਨਾਹੀਂ।
ਆਖ ਦਮੋਦਰ ਤਿੱਤੇ ਵੇਲੇ, ਲੈ ਆਈ ਹੀਰੇ ਤਾਈਂ॥੪੯੭॥

ਸੁਣ ਨੀ ਹੀਰੇ! 'ਇਹ ਸਹੁਰੇ ਦਿੱਤੀ' ਦਾਈ ਗੱਲ ਸੁਣਾਈ।
ਸੁਣ ਦਾਈ! 'ਤੂੰ ਕੇ ਲੈ ਆਈ', ਹੀਰੇ ਤੀਊੜੀ ਪਾਈ।
'ਆਪਣੇ ਸਭਾ ਹੋਏ ਪਰਾਏ, ਹੋਇ ਰਾਖੀ, ਮਿਹਰ ਨਾ ਆਈ।
ਖਾਂਦੇ ਮਰ੍ਹਨੇਂ, ਚੂਰੀ ਤੇ ਪਾਣੀ, ਅਸਾਂ ਕੈ ਅਸ਼ਨਾਈ।[6]
ਆਖ ਦਮੋਦਰ ਨਹੀਂ ਅਸਾਡਾ, ਨਾ ਕੋ ਬਾਪ ਨਾ ਮਾਈ॥੪੯੮॥

ਅੱਧੀ ਚੂਰੀ ਦਾਈ ਖਾਧੀ, ਅੱਧੀ ਧਰੀ ਉਥਾਈਂ।
ਲੈ ਆਈ ਚੂਰੀ ਧੀਦੋ ਪੈ, ਦਿੱਤੀ ਹੱਥ ਤਿਵਾਈਂ[7]।
ਅੱਧੀ ਲੈ ਖਾਧੀ ਸਲੇਟੀ, ਅੱਧੀ ਤੇਰੇ ਤਾਈਂ।
ਆਖ ਦਮੋਦਰ ਉਠ ਰੰਞੇਟੇ ਦੋਹਥੜ[8] ਲਈ ਤਦਾਹੀਂ[9]॥੪੯੯॥

ਤਾਂ ਧੀਦੋ ਹੱਥ ਚੂਰੀ ਲੀਤੀ, ਰੱਖੀ ਖਾਵਣ ਤਾਈਂ।
ਘਿੰਨ ਨਿਵਾਲਾ[10] ਪਹਿਲਾ ਰਾਂਝੇ, ਰੱਖੀ ਫੇਰ ਤਿਵਾਈਂ।
ਬੋਲ ਖਿਲਾਫ[11] ਭੰਨਾਇਓਈ ਰੋਜ਼ਾ, ਲਾਨਤ ਤੇਰੇ ਤਾਈਂ।
ਆਖ ਨੀ ਦਾਈ, ਕੂੜ ਅਲਾਇਓ, ਵਿਚ ਮੁਸ਼ਕ ਸਲੇਟੀ ਦਾ ਨਾਹੀਂ॥੫੦੦॥

ਫਿਰ ਕਰ ਦਾਈ ਦਗ਼ਾ ਇਹ ਕੀਤਾ, ਲੈ ਹੀਰੇ ਥੇ ਆਈ।
ਧੀਆ ਅੱਧੀ ਤੈਨੂੰ ਦਿੱਤੀ ਰਾਂਝੇ, ਅੱਧੀ ਆਪ ਮੂੰਹ ਪਾਈ।
ਕਰ ਨਾਂਇ ਸਾਈਂ ਦਾ ਹੀਰੇ ਲੀਤੀ, ਭੁੱਖੀ ਓੜਕ ਦੀ ਆਹੀ।
ਆਖ ਦਮੋਦਰ ਖਾਵਣ ਬੈਠੀ, ਸੱਚ ਚੂਚਕ ਦੀ ਜਾਈ॥੫੦੧॥

---

1. ਤਿੱਖਾ। 2. ਲੰਮੇਰਾ ਸਫ਼ਰ ਕੀਤੋਨੇ। 3. ਤ੍ਰਿਪਤ ਹੋਏ। 4. ਘੋੜੇ ਕਿੱਲਿਆਂ ਨਾਲ ਬੰਨ੍ਹ ਦਿੱਤੇ। 5. ਉਸ ਨੇ ਕੁਝ ਨਹੀਂ ਖਾਇਆ ਹੋਵੇਗਾ। 6. ਮਿਤ੍ਰਤਾ, ਜਾਣ ਪਛਾਣ। ਸਾਡਾ ਇੱਥੇ ਕੌਣ ਏ ? 7–8. ਉਸੇ ਤਰ੍ਹਾਂ। ਦੋ ਹੱਥਾਂ ਪਰ (ਆਦਰ ਸਹਿਤ ਦੋ ਹੱਥ ਕਰਕੇ)। 9. ਉਸੇ ਵੇਲੇ। 10. ਬੁਰਕੀ। 11. ਸੱਚ ਦੇ ਉਲਟ, ਝੂਠ।

'ਲ੍ਹਾਨਤ ਤੇਰੇ ਤਾਈਂ ਦਾਈ'! ਹੀਰ ਗੁੱਸਾ ਗ਼ਮ ਖਾਵੇ।
ਚੂਰੀ ਲੈ ਲੀਤੀ ਹੱਥ ਹੀਰੇ, ਲੜਦੀ ਭਉਹਾਂ ਚੜ੍ਹਾਵੇ[1]।
ਆਖੇ ਤਾਂ ਸਿਰ ਭੰਨਾ ਛੰਨਾਂ, ਰੋਜ਼ਾ ਜਾਣ[2] ਭਨਾਵੇਂ।
ਤੂੰ ਤਾਂ ਵਿਚੋਂ ਰਖੇ ਆਪੇ, ਨਾ ਮੁਸ਼ਕ[3] ਰੰਝੇਟੇ ਦਾ ਆਵੇ॥੫੦੨॥

ਤਾਂ ਦਾਈ ਖਾਧੀ ਚੂਰੀ, ਭਾਈ ਫੇਰ ਬੁਲੇਂਦੀ ਨਾਹੀਂ।
ਰਹੇ ਰਾਤ, ਦਿੰਹੁ ਹੋਇਆ ਲੋਕਾ, ਚੱਲੇ ਸੰਝ ਸਬਾਹੀਂ[4]।
ਧਰ ਟੰਮਕ ਸਿਰ ਧੀਦੋ ਦਿੱਤਾ, ਚੱਲੇ ਮਜ਼ਲ ਫਿਰ ਰਾਹੀਂ।
ਆਖੋ ਯਾਰ ਕਰੀਹਾਂ ਮਸਲਤ, ਚਾਕ ਮਾਰਨ ਦੇ ਤਾਈਂ॥੫੦੩॥

## ਰਾਂਝਾ ਤੇ ਖੇੜੇ

ਮੀਆਂ ਰਾਂਝੇ ਖੜ੍ਹਿਆ ਡਿੱਠਾ, 'ਹੀਰ' ਖੇੜੇ ਲੈ ਚੱਲੇ।
ਨੰਗੇ ਪਿੰਡੇ ਚੋਟਾਂ ਪਈਆਂ, ਨੈਣ ਨਾ ਰਹਿੰਦੇ ਠੱਲ੍ਹੇ।
ਕਿੱਦੋਂ ਕੱਢਾਂ ਤਖ਼ਤ ਹਜ਼ਾਰਾ, ਸਾਮ[5] ਖੇੜਿਆਂ ਦੀ ਝੱਲੇ।
ਕੈਨੂੰ ਆਖਾਂ ਅੰਦਰ ਸੰਦੀ, ਦੁੱਖਾਂ ਸੀਨੇ ਮੱਲੇ॥੫੦੪॥

## ਹੀਰ ਖੇੜਿਆਂ ਨੂੰ

ਸੁਣ ਵੇ ਖੇੜਾ! ਕਦੀਮੀ ਭੈੜਾ, ਕਿਉਂ ਤੂੰ ਹੱਥ ਦਾ ਤ੍ਰੁੱਟਾ[6]।
ਰਾਂਝਾ ਮੈਂਡਾ ਗੰਢ ਗੰਢੇਂਦਾ[7], ਨਉਲਖੇ ਹਾਰ ਦਾ ਲੜ ਤ੍ਰੁੱਟਾ।
ਕੇ ਤੈਂਡੇ ਹੱਥ ਆਵੇ[8]? ਨਾਹੀਂ ਤੂੰ ਤੋੜਾਹੁੰ ਮੁੱਠਾ[9]।
ਆਖ ਦਮੋਦਰ ਵੱਡੇ ਹੱਥੋ[10], ਤੂੰ ਸੱਚ ਅਸਾਡਾ ਕੁੱਠਾ[11]॥੫੦੫॥

ਮਿਲ ਮਿਲ ਮਾਰਣ ਰਾਂਝੇ ਤਾਈਂ, ਦਾਖਲ ਸਜਾਇ ਕਰੇਂਦੇ।
ਰੱਤ ਵਿਰੱਤੀ ਪਿੰਡਾ ਹੋਇਆ, ਤਰਸ ਨਾ ਮੂਲ ਕਰੇਂਦੇ।
ਜਿਹੜਾ ਆਵੇ ਸਜੋ ਸਾਹਾ[12] ਦੰਦ ਕਰੀਟ[13] ਵਟੈਂਦੇ।
ਆਖ ਦਮੋਦਰ ਵੱਸ ਗਲੀਮਾਂ[14], ਸਭ ਅਰਮਾਨ ਚੁਕੈਂਦੇ॥੫੦੬॥

---

1. ਬਹੁਤ ਗੁੱਸੇ ਵਿਚ ਆ ਕੇ ਬੋਲੇ, ਲੋਹੀ ਲਾਖੀ ਹੋਵੇ। 2. ਜਾਣ ਬੁਝ ਕੇ। 3. ਸੁਗੰਧੀ। 4. ਸੁਬਹ ਸਵੇਰੇ, ਮੂੰਹ ਹਨੇਰੇ। 5. ਪਨਾਹ (ਖੇੜਿਆਂ ਤੋਂ ਪਨਾਹ ਦੇਵੇ)। 6. ਮੁਹਾਵਰਾ ਹੈ, ਹੱਥ ਖੁਲ੍ਹਣਾ, ਕਿਸੇ ਨੂੰ ਮਾਰਣ ਵਿਚ ਦਰੇਗ਼ ਨ ਕਰਨਾ। 7. ਪਿਆਰ ਦੀ ਗੰਢ ਵਿਚ ਗੰਢਿਆ ਹੈ। 8. ਤੈਨੂੰ ਕੀ ਲੱਭ ਸਕਦਾ ਹੈ। 9. ਤੂੰ ਧੁਰ ਤੋਂ ਹੀ ਮੁੱਠਾ ਹੈਂ, ਧੁਰ ਦਰਗਾਹੋਂ ਤੇਰੇ ਭਾਗ਼ਾਂ 'ਚ ਕੁਝ ਨਹੀਂ ਲਿਖਿਆ। 10. ਜ਼ਿਆਦਤੀ ਕਰ ਕੇ। 11. ਸਾਡੇ ਸੱਚੇ ਪਿਆਰ ਨੂੰ ਕੋਹਿਆ ਹੈ। ਸਾਡੇ ਪਿਆਰ ਵਿਚ ਦਖਲ ਦਿੱਤਾ ਹੈ। 12. ਤਾਜ਼ਾ ਦਮ। 13. ਦੰਦ ਪੀਹ ਕੇ ਭਾਵ ਗੁੱਸਾ ਖਾ ਕੇ ਰਾਂਝੇ ਨੂੰ ਮਾਰਣ ਪੈਂਦਾ। ਕਚੀਚੀ ਵੱਟ ਕੇ। 14. ਵੈਰੀਆਂ।

## ਰਾਂਝਾ ਖੇੜਿਆਂ ਨੂੰ

ਸੁਣਿਹੋ ਯਾਰੋ! ਨਾਮ ਸਾਈਂ ਦੇ, ਕਿਉਂ ਮੈਨੂੰ ਹਰਾਮ[1] ਮਰੇਂਦੇ?
ਲੈ ਸ਼ਮਸ਼ੀਰ, ਗਰਦਨ ਤੇ ਗਾਟਾ, ਨੀਹੇ ਧੌਣ ਕਪੇਂਦੇ?
ਮੰਦਾ ਹਾਲ ਨਾ ਤਰਸ ਤੁਸਾਨੂੰ, ਫਿਰ ਫਿਰ ਮੈਂ ਸੰਭਲਦੇ[2]।
ਯਾਰੋ ਡਰੀਏ ਗਜ਼ਬ ਸਾਈਂ[3] ਦੇ ਕੋਲੋਂ, ਅਸਾਂ ਅਜ਼ਾਰ ਕਰੇਂਦੇ[4]॥੫੦੭॥

## ਰਾਂਝੇ ਨੂੰ ਮਾਰਨ ਦੀ ਸਲਾਹ

ਸਾਊਆਂ ਮਿਲ ਕਰ ਮਤਾ ਪਕਾਇਆ, ਕਿਹੜੀ ਤਰ੍ਹਾਂ ਮਰੀਹਾਂ।
ਲੈ ਸ਼ਮਸ਼ੀਰ ਕਟੀਹਾਂ ਗਰਦਨ, ਗਲੋਂ ਕਲੰਕ ਚੁਕੀਹਾਂ।
ਨਾਲ ਖ਼ੁਆਰੀ, ਆਲਮ ਸਾਰੀ[5], ਮਲਾਮਤ[6] ਦੂਰ ਕਰੀਹਾਂ।
ਅੱਖੀਂ ਸੜਨੇ, ਜਾਂ ਨਦਰੀ ਆਵੈ, ਮਾਰਹੁ ਨਈਂ ਸਟੀਹਾਂ॥੫੦੮॥

ਆਇਤਖਾਨ[7] ਨਾ ਭਾਣੀ ਮਸਲਤ, ਇਹ ਨ ਕੰਮ ਕਰੀਹਾਂ।
ਚਾਕ ਚੂਚਕ ਦੇ ਨਾਲੇ ਵੈਂਦੇ, ਏਂਵ ਨਾ ਇਸ ਮਰੀਹਾਂ।
ਇਸ ਬਿਧ ਲੱਜਾ ਰਹਿੰਦੀ ਨਾਹੀਂ, ਜੋ ਸਿਰ ਤੇ ਬਦੀ[8] ਚਈਹਾਂ।
ਮੱਝੀਂ ਦੇਇ ਪਾਈਏ ਵਿੱਚ ਨੈਂਦੇ, ਇਸ ਨੂੰ ਬੋੜ[9] ਮਰੀਹਾਂ॥੫੦੯॥

ਬੇੜੀ ਆਇ ਚੜ੍ਹੇ ਸਭ ਸਾਊ, ਦਿਲ ਗੁੱਸਾ ਸਭਨਾ ਹੀ।[22]
ਪਾਈਏ ਨੈਂ ਵਿੱਚ, ਢਿੱਲ ਨ ਬਣਦੀ, ਜਾਂ[10] ਬੇੜੀ ਵਿਚ ਨਾਹੀਂ।
ਧੱਕ ਚਲਾਇਆ ਸਭਨਾ ਭਾਇਆ, ਵਿਹਲਾ[11] ਮਰੇ ਕਿਵਾਹੀਂ[12]।
ਆਖ ਦਮੋਦਰ ਨਾਲ ਅਸਾਡੇ ਜੀਂਵਦਾ ਬਣਦਾ ਨਾਹੀਂ॥੫੧੦॥

ਸੁਣ ਕਰ ਅਰਜ਼ ਸੁਣਾਈ ਧੀਦੋ, 'ਮਹੀਂ ਹਰਾਮ ਮਰੇਂਦੇ'[13]।
ਜੇ ਕਾਵੜ ਤੁਸੀਂ, ਕੁਬਖਤੀ ਮੈਂਡੀ[14], ਨੀਹੇ ਸੀਸ ਲਹੇਂਦੇ।
ਭੰਨੇ ਭੰਨੇ ਵੈਰ ਨ ਲੈਂਦੇ, ਕੇਹੀ ਤਰ੍ਹਾਂ ਕਰੇਂਦੇ।
ਸਰਪਰ[15] ਦਾਵਣਸੀਰ[16] ਤੁਸਾਂਹੇ[17], ਜੇ ਨੀਹੇ ਚੋਟ ਕਰੇਂਦੇ॥੫੧੧॥

---

1. ਬੇਗੁਨਾਹ। 2–3. ਮੈਨੂੰ ਸੰਭਾਲ ਦੇ ਹੋ ਭਾਵ ਮਾਰਣ ਪੈਂਦੇ ਹੋ। ਰੱਬ ਦੇ ਕਹਿਰ ਤੋਂ ਡਰਨਾ ਚਾਹੀਦਾ ਹੈ। 4. ਸਾਨੂੰ ਦੁਖ ਦੇਂਦੇ ਹੋ। 5. ਸਾਰੇ ਜਗ ਵਿਚ ਅਸੀਂ ਖਵਾਰ ਹੋਏ ਹਾਂ। 6. ਲ੍ਹਾਨਤ, ਫ਼ਿਟਕਾਰ। 7. ਇਹ ਸਾਰਾ ਬੰਦ 'ਅ' ਤੇ 'ਸ' ਵਿਚ ਨਹੀਂ ਹੈ। 8. ਬਦਨਾਮੀ। 9. ਡੋਬ ਕੇ। 10. ਥਾਂ। 11. ਜਲਦੀ। 12. ਕਿਸੇ ਤਰ੍ਹਾਂ। 13. ਮੈਨੂੰ ਬੇ-ਗੁਨਾਹ ਨੂੰ ਮਾਰਦੇ ਹੋ। 14. ਮੇਰੇ ਮੰਦੇ ਭਾਗ ਹਨ। 15. ਹਰ ਹਾਲਤ ਵਿਚ। 16. ਦਾਮਨਗੀਰ, ਲੜ ਫੜਿਆ, ਪਨਾਹ ਵਿਚ ਆਇਆ। 17. ਤੁਸਾਡਾ।

ਤਾਂ ਮਾਰ ਤਮਾਚੇ ਹੁਕਮੀਂ ਢੋਇਆ[1], ਏਂਵ ਸੁ ਚਲਦਾ ਨਾਹੀਂ।
ਪਹਿਲਾਂ ਪਉ ਤੂੰ ਵਿਚ ਨਈਂ ਦੇ, ਧੁੱਪ ਚੜ੍ਹਦੀ ਰਾਹ ਅਸਾਂਹੀ।
ਮੋਹੀਂ[2] ਚਾਕਾ ਢੋਇ ਨਈਂ ਵਿੱਚ ਹਾਲ ਸੁਣਾਇਓ ਤਾਂਹੀ।
ਆਖ ਦਮੋਦਰ ਰੋਏ ਰੋਏ ਰਾਂਝੇ, ਸੌਰਿਆ[3] ਪੀਰਾਂ ਤਾਈਂ॥੫੧੨॥

ਮੈਂ ਆਪ ਨ ਲਿੱਤੀ, ਤੁਸਾਂ ਆਪੇ ਦਿੱਤੀ, ਕੇਹਾ ਕਹਰ[4] ਕੀਤੋਹੇ।
ਕੋਠੇ ਉੱਤੇ ਚਾੜ ਕਰੀਹਾਂ, ਪੌੜੀ ਲਾਹ ਘਿਧੀਓਹੇ[5]।
ਦੁਖ ਕਰ ਧੀਦੋ ਰੋਇਆ ਭਾਈ, ਪੰਜੇ[6] ਆਇ ਖਲੋਏ।
ਆਖ ਦਮੋਦਰ ਢਿਲ ਨ ਬਣਦੀ, ਜੇ ਪੰਜੇ ਹਾਜ਼ਰ ਹੋਏ॥੫੧੩॥

ਕਿਓਂ ਰੁਲੋ ਦੁਖ ਧੀਦੋ ਰਾਂਝਾ। ਪੀਰਾਂ ਆਖ ਸੁਣਾਇਆ।
ਆਪੇ ਅਸਾਂ ਸਜਾਇ ਦਿਵਾਈ, ਪਹੁੱਤਾ ਦੁੱਖ ਸਵਾਇਆ।
ਨਾ ਰੋਸ਼ਨ ਹੋਂਦਾ ਇਤਨੇ ਬਾਝੋਂ, ਆਪ ਸਜ਼ਾਇ ਦਿਵਾਇਆ[7]।
ਆਖਣ ਪੀਰ ਪਉ ਵਿਚ ਨਈਂ ਦੇ, ਅਸਾਂ ਨਾਲੇ ਬੀੜਾ[8] ਚਾਇਆ॥੫੧੪॥

ਮੱਝੀ ਪਾਈਆਂ, ਕੱਪਰ[9] ਚਾਈਆਂ, ਰਾਂਝੇ ਹਾਕ ਚਲਾਈਆਂ।
ਧੀਦੋ ਰਾਂਝੇ ਤੇ ਹੀਰ ਸਿਆਲੀ, ਨੈਂ ਵਿਚ, ਅੱਖੀਆਂ ਲਾਈਆਂ।
ਰੋਵਣ ਦੁੱਖ ਪੁਰਾਣੇ ਅਪਣੇ, ਦੁੱਖ ਕਰ ਕੱਢਣ ਆਹੀਆਂ।
ਆਖ ਦਮੋਦਰ ਧੀਦੋ ਤਾਈਂ, ਫਿਰ ਕਰ ਹੀਰ ਸੁਣਾਈਆਂ॥੫੧੫॥

ਘਿਨ ਬੰਬੀਹਾ ਰਾਂਝੇ ਵਾਹਿਆ[10], ਕੇਹੇ ਸਰੋਦ ਵਜਾਈ।
ਕਛੂ, ਮਛ, ਜਲੋੜਾ, ਕੁਮਾਂ, ਜਲ ਵਿਚ ਝਾਤੀ ਪਾਈ।
ਕਿਰ[11] ਪਏ ਵੰਝ ਮਲਾਹਾਂ ਹੱਥੋਂ, ਤਨ ਦੀ ਖ਼ਬਰ ਨਾ[12] ਕਾਈ।
ਘੋੜੇ ਜਾਂਞੀ ਨੂੰ ਹੋਈ ਮਸਤੀ, ਬੇੜੀ ਲੰਮੇ ਆਈ।
ਆਖ ਦਮੋਦਰ ਨਾਲ ਦੁਪਹਿਰੇ ਬੇੜੀ ਬੰਨੇ ਲਾਈ॥੫੧੬॥

## ਹੀਰ ਦਾ ਰੰਗਪੁਰ ਪੁੱਜਣਾ

ਆਪੋ ਆਪਣੇ ਜਾਞੀ ਹੋਏ[13], ਸਲੇਟੀ ਬਾਗ ਬਹਾਈ।
ਖਬਰੀਂ ਖੇੜਿਆਂ ਦੇ ਘਰ ਗਈਆਂ, ਹੋਈ ਜੱਗ ਵਧਾਈ।
ਸੱਸ ਸ਼ਰੀਕਣੀਆਂ ਸਭ ਮਿਲੀਆਂ, ਨਿਣਾਨਾਂ[1] ਤੇ ਭਰਜਾਈ।
ਆਖੋ ਯਾਰੋ ਸਭ ਸਵਾਣੀ, ਗੀਤ ਕਰਣ ਨੂੰ ਆਈ॥੫੧੭॥

---

1. ਹੁਕਮ ਦੇ ਕੇ ਤਮਾਚੇ ਲਗਵਾਏ। ਤਮਾਚਾ ਚੰਮੜੇ ਦਾ ਟੁਕੜਾ ਜਿਸ ਨਾਲ ਕੈਦੀਆਂ, ਮੁਲਜ਼ਮਾਂ ਨੂੰ ਸਜ਼ਾ ਵਜੋਂ ਮਾਰਿਆ (ਪਿਟਿਆ) ਜਾਂਦਾ ਸੀ। 2. ਮੱਝਾਂ। 3. ਸਿਮਰਿਆ, ਯਾਦ ਕੀਤਾ। 4. ਜ਼ਬਰ, ਜ਼ੁਲਮ, ਜ਼ਿਆਦਤੀ। 5. ਪਉੜੀ ਖਿਚਰ ਲਈ ਜੇ। 6. ਪੰਜ ਪੀਰ। 7. ਅਸਾਂ ਜਾਣ ਕੇ ਤੈਨੂੰ ਸਜ਼ਾ ਦਿਵਾਈ ਹੈ। 8. ਜ਼ਿਮੇਵਾਰੀ। 9. ਘੁੰਮਣਘੇਰ ਦੀਆਂ ਲਹਿਰਾਂ। 10. ਵੰਝਲੀ ਤੇ ਬੰਬੀਹਾ ਰਾਗ ਅਲਾਪਿਆ। 11. ਡਿਗ ਪਏ। 12. ਆਪਣੀ ਸੁਧ-ਬੁਧ ਨ ਰਹੀ। 13. ਜਾਂਞੀ ਆਪੋ ਆਪਣੀ ਘਰੀਂ ਗਏ।

## ਸੱਸ ਸਗਨ ਕਰੇਂਦੀ

ਤਾਂ ਸੱਸ ਝਾਤ ਕਰੇਂਦੀ ਹੀਰੇ, ਮੱਥੇ ਮੱਥਾ ਲਾਇਆ[1]।
ਝਾਵਰ[2] ਝੱਲ ਨ ਸੰਘੀ ਸੱਸੂ[3], ਮੂੰਹੋਂ ਨ ਬੋਲ ਅਲਾਇਆ।
ਸਿਫ਼ਤ ਕਰੇਂਦੀ ਸੱਸ ਸਿਆਲੀ, ਦਿੱਸੇ ਰੂਪ ਸਵਾਇਆ।
ਆਖ ਦਮੋਦਰ ਸੱਸ ਵਿਕਾਣੀ[4], ਜਾਂ ਹੀਰੇ ਮੂੰਹ ਵਿਖਾਇਆ॥੫੧੮॥

ਲੈ ਹੱਥ ਚੂਰੀ, ਘਤਿ ਨਿਵਾਲਾ, ਹੀਰੇ ਦੇ ਮੂੰਹ ਦੇਂਦੀ।
ਸਾਈਂ ਦਾ ਨਾਉਂ, ਖਾਇ ਸਿਆਲੀ, ਮੈਂ ਤੈਂਡਾ ਸ਼ਗਨ ਮਨੇਂਦੀ।
ਸਦਕੇ ਕੀਤੀ ਖਾਇ ਖੁਸ਼ੀ ਕਰ, ਮੈਂ ਆਪਣੀ ਇੱਛ ਪੁਜੇਂਦੀ।
ਵੇਖ ਵੱਰਾਗ[5] ਲੱਥਾ ਨਹੀਂ ਮੈਂਡਾ, ਮੈਂ ਸਦਕੇ ਤੈਥੋਂ ਵੈਂਦੀ॥੫੧੯॥

## ਹੀਰ

ਸੁਣ ਨੀ ਰੰਨੇ ਤੁਧ ਕੇ ਕਰਿ ਜਾਤਾ, ਤੂੰ ਚੂਰੀ ਕਿਸ ਖਵੈਂਦੀ ?
ਅੱਸਾਂ ਲੌਂਗ ਸਮਾਵੈ ਨਾਹੀਂ, ਤੂੰ ਕਿਸ ਨੂੰ ਅੰਨ ਵਿਖੈਂਦੀ।
ਖਾਣਾ ਸਾਨੂੰ ਖਾਣ ਨਾ ਆਵੈ, ਕਿਉਂ ਤੂੰ ਧੁੰਮ ਪਏਂਦੀ[6]।
ਆਖ ਦਮੋਦਰ ਕਿਉਂ ਨੀਸੂ ਖਾਂਦੀ ? ਜੇ ਰਾਂਝਨ ਕੋਲ ਬਹੈਂਦੀ[7]॥੫੨੦॥

ਤਾਂ ਸੁਣ ਕਾਵੜ ਕੀਤੀ ਮਹਿਰੀ, ਅਗੋਂ ਦਾਈ ਗੱਲ ਚਲਾਈ।
ਰਾਤੀਂ ਚੂਰੀ ਸਭਨਾਂ ਦਿੱਤੀ, ਚਾਕੇ ਨਾ ਮਿਲੀਆਈ[8]।
ਓਹਾ ਗੱਲ ਹੁਣ ਕਰੇ ਸਲੇਟੀ, ਹੋਸਮੁ ਗੱਲ ਚਿਤ ਆਈ[9]।
ਆਖ ਦਮੋਦਰ ਮਹਿਰੀ ਅੱਗੇ, ਦਾਈ ਗੱਲ ਵਲਾਈ[10]॥੫੨੧॥

ਤਦਹੁੰ ਨਿਵਾਲੇ ਦੂਜੇ ਭਾਈ, ਹੱਭਾ ਖਰੀ ਕਰੇਂਦੀ[11]।
ਕੈਨੂੰ ਦੇਈਏ ਰੰਨੇ ਚੂਰੀ, ਕਿਸਨੂੰ ਤੂੰ ਖਵਲੈਂਦੀ[12]।
ਖਾਧਾ ਜਾਂ ਜਾਂ[13] ਹਾਸੇ ਬੋਲੇ, ਹੁਣ ਰੋਜ਼ੇ ਅਸਾਂ ਭੰਨੈਂਦੀ।
ਆਖ ਦਮੋਦਰ ਜੇ ਰਾਂਝਾ ਨਾਲ ਬਹਾਨੇ, ਮੈਂ ਤੈਨੂੰ ਸਭ ਸਮਝੈਂਦੀ॥੫੨੨॥

---

1. ਅੱਖਾਂ ਚਾਰ ਹੋਈਆਂ, ਆਹਮੋ-ਸਾਹਮਣੇ ਹੋਈਆਂ। 2. ਜਲੌ, ਤਾਬ, ਛੱਬੀ। 3. ਸੱਸ ਹੀਰ ਦੀ ਸੁੰਦਰਤਾ ਦੀ ਝਾਲ ਨ ਝੱਲ ਸਕੀ। 4. ਕੁਰਬਾਨ ਹੋ ਗਈ। ਬਹੁਤ ਪ੍ਰਸੰਨ ਹੋਈ। 5. ਮੋਹ, ਪਿਆਰ। 6. ਸ਼ੋਰ ਮਚਾ ਰਹੀ ਹੈ। 7. ਜੇ ਤੂੰ ਰਾਂਝਣ ਨੂੰ ਮੇਰੇ ਕੋਲ ਬਹਾ ਦੇਵੇਂ ਤਾਂ ਚੂਰੀ ਕਿਵੇਂ ਨਹੀਂ ਖਾਵਾਂਗੀ, ਭਾਵ ਰਾਂਝਣ ਹੋਵੇ ਤਾਂ ਚੂਰੀ ਖਾ ਲਵਾਂਗੀ। 8. ਅ, ਸ, ਪਾਠ 'ਜਾ ਕੇ' ਚਾਕੇ.... ਰਾਂਝੇ ਚਾਕ ਨੂੰ ਚੂਰੀ ਨਹੀਂ ਸੀ ਮਿਲੀ। 9. ਇਸ ਨੂੰ ਉਹ ਗੱਲ ਯਾਦ ਆਈ ਹੋਵੇਗੀ। 10. ਟਾਲ ਗਈ। 11. ਸਾਰੀ ਗੱਲ ਸਾਫ਼-ਸਾਫ਼ ਕਹਿ ਦਿੱਤੀ। 12. ਖਵਾਉਂਦੀ ਹੈ। 13. ਜਦ ਤਕ।

## ਲੱਸੀ ਮੁੰਦਰੀ ਦੀ ਖੇਡ

ਲੱਸੀ ਮੁੰਦਰੀ[1] ਖੇਡਣ ਆਈਆਂ, ਸਭ ਖੇੜਿਆਂ ਦੀਆਂ ਰੰਨਾਂ[2]।
ਹਿਕੇ ਤਾਂ ਖੇਡੇ ਧੀਦੋ ਰਾਂਝਾ[3], ਨਹੀਂ ਦੰਦ ਖੇੜੇ ਦੇ ਭੰਨਾਂ[4]।
ਮਿਲ ਕਰ ਸਹੀਆਂ ਦੇਹੋ ਮੁਬਾਰਖ[5], ਹੀਰੇ ਰਾਂਝੇ ਵੰਨਾਂ[6]।
ਆਖ ਦਮੋਦਰ ਕਹਿਣ ਖੇੜਿਆਂ ਦੀਆਂ, ਹੀਰ ਨਾ ਕਰੇ ਅਮੰਨਾ[7] ॥੫੨੩॥

ਤਾਂ ਤਾਂ ਖੱਪ ਪਈ ਬਹੁਤੇਰੀ, ਚੌਂ ਚੌਂ[8] ਖ਼ਲਕ ਕਰੇਂਦੀ।
ਉੱਠ ਖਲੋਤੀ ਮਹਿਰੀ ਆਪੇ, ਨਾਹੀਂ ਰੀਤ ਕਰੇਂਦੀ।
ਭੱਠ ਇਜੇਹੀ ਸੂਰਤ ਸੁਹਣੀ, ਮੂੰਹੋਂ ਬੁਰਾ ਅਲੈਂਦੀ[9]।
ਪਲੂ ਛੱਡ, ਉਠੀ ਮਹਿਰੇਟੀ, ਕੰਮੋਂ ਕਾਜੋਂ ਵੈਂਦੀ[10] ॥੫੨੪॥

## ਸੱਸ ਨੇ ਬਾਲ ਮੁਆਤਾ ਲਾਇਆ

ਬੱਚੇ ਮੁਇਆ, ਸਾਕ ਕੇ ਕੀਤੋ! ਇਸ ਨੂੰ ਮੂਲ ਨ ਜਾਣੇ?
ਸ਼ੀਂਹ, ਬਿਰੰਡਾ[11], ਕੋਇ ਨਾ ਬਣਦਾ, ਡਰਦੇ ਇਸ ਜਰਵਾਣੇ[12]।
ਮਾਰ ਤਸੱਲਾ ਹਾਲ ਕੀਤੋਈ, ਡਰਦੇ ਜਮ ਜਰਵਾਣੇ[13]।
ਆਖ ਦਮੋਦਰ ਸਭ ਕੋ ਡਰਦਾ, ਕੇ ਤੁਧ ਆਖ ਵਖਾਣੇ[14] ॥੫੨੫॥

ਸੁਣ ਕੇ ਅਲੀ ਨੇ ਗੁੱਸਾ ਕੀਤਾ, ਏਹੋ ਚਾਕ ਮਰਾਈਏ।
ਮਾਰ ਧ੍ਰਹਾਇ[15] ਸਟੋ ਵਿਚ ਨੈਂ ਦੇ, ਗਲੋਂ ਕਲੰਕ ਚੁਕਾਈਏ।
ਸਦ ਭਿਰਾਓ ਸੁਣਾਏ ਅੱਲੀ, ਏਹੋ ਮਤਾ ਪਕਾਈਏ।
ਆਖ ਦਮੋਦਰ ਈਵੈਂ ਬਣਦੀ, ਅੱਜ ਰਾਂਝੇ ਜੋਗ ਮਰਾਈਏ ॥੫੨੬॥

---

1. ਲੱਸੀ ਮੁੰਦਰੀ ਇਕ ਖੇਡ ਹੈ। ਪਾਣੀ ਮਿਲਿਆ ਦੁੱਧ ਕਟੋਰੇ ਵਿਚ ਪਾ ਦਿੰਦੇ ਹਨ। ਉਸ ਵਿਚ ਮੁੰਦਰੀ ਸੁੱਟ ਦਿੰਦੇ ਹਨ। ਫਿਰ ਲਾੜਾ ਲਾੜੀ ਦੋਵੇਂ ਮੁੰਦਰੀ ਭਾਲਦੇ ਹਨ। ਜਿਸ ਦੇ ਹੱਥ ਮੁੰਦਰੀ ਆ ਗਈ ਉਹ ਜਿੱਤ ਗਿਆ। 2. ਖੇੜਿਆਂ ਦੀਆਂ ਇਸਤਰੀਆਂ ਹੀਰ ਤੇ ਸਾਹਿਬੇ ਖੇੜੇ ਨੂੰ ਲੱਸੀ ਮੁੰਦਰੀ ਖਿਡਾਉਣ ਆਈਆਂ। 3. ਹੀਰ ਨੇ ਕਿਹਾ ਮੈਂ ਲੱਸੀ ਮੁੰਦਰੀ ਕੇਵਲ ਧੀਦੋ ਰਾਂਝੇ ਨਾਲ ਹੀ ਖੇਡਣ ਨੂੰ ਤਿਆਰ ਹਾਂ। 4. ਜੇ ਸਾਹਿਬਾ ਖੇੜਾ ਲੱਸੀ ਮੁੰਦਰੀ ਖੇਡਣ ਆਇਆ ਤਾਂ ਉਸ ਦੇ ਦੰਦ ਭੰਨਾਂਗੀ। 5. ਮੁਬਾਰਕ, ਵਧਾਈ। 6. ਵੰਨਾਂ ਭਾਵ ਬਨਾਂ ਅਥਵਾ ਲਾੜਾ ਹੀਰ ਦਾ, ਲਾੜਾ ਰਾਂਝਾ ਹੀ ਹੈ। 7. ਹੀਰ ਸਾਹਿਬੇ ਖੇੜੇ ਨਾਲ ਲੱਸੀ ਮੁੰਦਰੀ ਖੇਡਣਾ ਨਹੀਂ ਮੰਨਦੀ। 8. ਚੁਰ ਵਿਚੁਰ, ਮੂੰਹੋਂ ਮੂੰਹ ਗਲ। 9. ਮੂੰਹੋਂ ਮਾੜਾ ਬੋਲਦੀ ਹੈ। 10. ਮਹਿਰੀ ਨਿਰਾਸ਼ ਹੋ ਗਈ ਤੇ ਵਿਆਹ ਸ਼ਾਦੀ ਦੇ ਕੰਮ-ਕਾਰ ਭੁੱਲ ਗਈ ਭਾਵ ਉਦਾਸ ਹੋ ਕੇ ਇਕ ਪਾਸੇ ਬੈਠ ਗਈ। 11. ਚੀਤੇ। 12. ਜ਼ੋਰਾਵਾਰ, ਜ਼ਾਬਿਰ। 13. ਯਮ ਵਰਗੇ ਜ਼ਾਬਿਰ ਵੀ। 14. ਕੀ ਕਹਾਂ ਤੇ ਕੀ ਦਸਾਂ? 15. ਧੂਹ ਕੇ ਸੁਟੋ।

## ਰਾਤੀਂ ਨੈਂ ਡਰਾਇਆ

ਸੁਣ ਕਰ ਖ਼ਾਨਾ ਗਰਮੀ ਕੀਤੀ, ਕਾਰਨ ਤੜ[1] ਫੁਰਮਾਇਆ।
ਵੇਖ ਡੁਮੇਟੀ[2] ਗਈ ਮਾਉਂ ਥੇ, ਸਭ ਕਿਛ ਆਖ ਸੁਣਾਇਆ[3]।
ਸੁਣ ਧੀਦੋ ਭਉ ਕੀਤਾ ਜਿੰਦ ਦਾ, ਚੱਲਣ ਤੇ ਚਿਤ ਚਾਇਆ।
ਦਿੱਤੋ ਧ੍ਰੱਕ[4] ਨਾਲੇ ਹੀ ਮੱਝੀ, ਰਾਤੀਂ ਨੈਂ ਤਰਵਾਇਆ[5]।
ਆਖ ਦਮੋਦਰ ਜਾਂ ਪਹੁ ਫੁੱਟੀ, ਤਾਂ ਪਾਰ ਕੱਧੀ[6] ਤੇ ਆਇਆ॥੫੨੭॥

ਖੋਜ ਅਗੋਲ ਸਿਞਾਤੇ ਡੋਲੀ ਦੇ, ਤਾਂ ਦੁਖ ਉਛਲ ਆਇਆ।
ਮੁੱਠਾਂ ਵਿਚ ਉਡਾਏ ਮਿੱਟੀ, ਅਪਨਾ ਰਾੜ[7] ਮਿਟਾਇਆ।
ਕਾਵੜ ਕਰੇ ਬੰਬੀਏ ਉੱਤੇ[8], ਸੁਕੇ ਸਬਜ਼[9] ਕਰਾਇਆ।
ਆਖ ਦਮੋਦਰ ਸੁਣ ਵੰਝਲੀ ਨੂੰ, ਕੇਤਾ ਤ੍ਰਿੰਞਣ[10] ਆਇਆ॥੫੨੮॥

## ਕੁੜੀਆਂ ਤੇ ਰਾਂਝਾ

ਕੁੜੀਆਂ ਪੁੱਛਣ: ਸੁਣ ਪ੍ਰਦੇਸੀ! ਕੈ ਕੋਹੀ ਸੁਣ ਪਾਇਆ[11]?
ਕੋਈ ਮੁਆ, ਕਿ ਮੰਞੂ ਖੜਿਆ, ਕੇ ਤੁਧ ਮਾਲ ਲੁਟਾਇਆ?
ਹਾਲ ਇਜੇਹਾ, ਕਿਤ ਨੂੰ ਕੀਤੋ? ਕੁੜੀਆਂ ਏਂਵ ਪੁਛਾਇਆ।
ਆਖ ਦਮੋਦਰ ਦੇਖ ਤਮਾਸ਼ਾ, ਦੁਖ ਰੰਝੇਟੇ ਨੂੰ ਆਇਆ॥੫੨੯॥

## ਰਾਂਝਾ

ਕੇ ਪੁਛਸੋ ਬਖਤੋਂ ਤੱਤੇ[12] ਨੂੰ, ਅੱਜ ਮੈ ਤਾਂ ਖੇਪ ਮਰਾਈ[13]।
ਬੇਮੁਣੀਆਦਾ[14] ਹਾਲ ਨ ਕੋਈ, ਮੈਨੂੰ ਲੂਹ[15] ਨਾ ਕਾਈ।
ਜੁੱਸਾ ਤਪ ਰਹਿਆ ਆਤਸ਼[16] ਬਿਨ, ਹੁਣ ਮਰਵੇਂਦਾ ਹਾਂ ਇਤ ਜਾਈ[17]।
ਆਖ ਦਮੋਦਰ ਮੈਨੂੰ ਕੁਲ ਹਨੇਰਾ[18], ਤੁਸਾਂ ਨੂੰ ਰੁਸ਼ਨਾਈ[19]॥੫੩੦॥

---

1. ਤਕ—ਮਾਰ ਦੇਣ ਤਕ ਹੁਕਮ ਦਿੱਤਾ। 2. ਡੂਮਾਂ ਦੀ ਕੁੜੀ। 3. ਡੂਮਾਂ ਦੀ ਕੁੜੀ ਨੇ ਮਾਂ ਨੂੰ ਸਾਰੀ ਗੱਲ ਜਾਂ ਦੱਸੀ ਕਿ ਕਿਸ ਤਰ੍ਹਾਂ ਖਾਨਾਂ ਨੇ ਰਾਂਝੇ ਨੂੰ ਮਾਰ ਦੇਣ ਦਾ ਮਤਾ ਪਕਾਇਆ ਹੈ। ਡੂਮਣੀ ਨੇ ਇਹ ਗੱਲ ਰਾਂਝੇ ਨੂੰ ਦੱਸ ਦਿੱਤੀ। 4. ਛਾਲ। 5. ਰਾਤ ਨੂੰ ਨਦੀ ਪਾਰ ਕਰ ਗਿਆ। ਇਹ ਜਿਹਲਮ ਦਰਿਆ ਹੀ ਹੋ ਸਕਦਾ ਹੈ। 6. ਅ, ਸ ਪਾਠ—ਕੰਧੀ। 7. ਅਰਮਾਨ। 8. ਗੁੱਸੇ ਵਿਚ ਬੰਬੀਹਾਂ ਵਾਹਿਆ। 9. ਵੰਝਲੀ ਸੁਣ ਕੇ ਸੁੱਕੇ ਵੀ ਹਰੇ ਹੋ ਗਏ। 10. ਕੁੜੀਆਂ ਦਾ ਇਕੱਠ। 11. ਕੀ ਤੂੰ ਕੋਈ ਮਾੜੀ ਖ਼ਬਰ ਸੁਣੀ ਹੈ। 12. ਸੜੇ ਹੋਏ ਭਾਗਾਂ ਵਾਲਾ। 13. ਸਾਰਾ ਧਨ ਲੁਟਾ ਦਿੱਤਾ ਹੈ। 4. ਜਿਸ ਦੀ ਕੋਈ ਬੁਨਿਆਦ ਨਹੀਂ। ਨਾ ਕੋਈ ਭਾਰਾ ਭਾਈ ਹੈ, ਨਾ ਸਾਕ ਸੈਨ ਹੈ, ਨਾ ਭੋਇੰ ਭਾਂਡਾ ਹੈ। 15. ਆਸਰਾ, ਪਨਾਹ। 16. ਅੱਗ। 17. ਇਸੇ ਥਾਂ ਪਰ ਮਰ ਜਾਵਾਂਗਾ। 18. ਸਾਨੂੰ ਸੱਜਣਾ ਤੋਂ ਬਾਝ ਹਨੇਰਾ, ਚੰਨ ਭਾਵੇਂ ਰੋਜ਼ ਚੜ੍ਹੇ। 19. ਚਾਨਣ, ਰੌਸ਼ਨੀ।

ਤਾਂ ਇਕ ਡੁਮੇਟੀ ਸਹੀ ਸਿਞਾਤਾ, ਤਾਂ ਉਸ ਗੱਲ ਸੁਣਾਈ।
ਕਲ ਦੁਪਾਹਰੀਂ ਸ਼ਦੀਆਨੇ[1] ਵੱਜੇ, ਜਦ[2] ਜੰਞ ਖੇੜਿਆਂ ਦੀ ਆਈ।
ਕੁਲ ਡੁਮਾਇਣ ਹੋਈ ਇਕੱਠੀ, ਵਧਾਈ ਮੰਗਣ ਕਉ ਧਾਈ।
ਅੱਖੀਂ ਡਿੱਠਾ ਆਹੇ ਅਸਾਂ, ਸਿਰ ਟੰਮਕ ਵੈਂਦੇ ਚਾਈ॥੫੩੧॥

ਸਹੀ ਸਿਞਾਤਾ ਰਾਂਝਾ ਕੁੜੀਆਂ, ਆਖੇਂ ਤਾ ਅਰਜ਼ ਕਰੀਹਾਂ।
ਓਹੋ ਜੇਹੀਆਂ ਜਾਈਂ[3] ਏਥੇ, ਬੇਲੇ ਗੋਇਲ[4] ਕਰੀਹਾਂ।
ਤੂੰ ਉਹੋ ਰਾਂਝਾ, ਤੇ ਅਸੀਂ ਓਹੋ ਕੁੜੀਆਂ, ਨਉਤਨ[5] ਇਸ਼ਕ ਲਈਹਾਂ[6]।
ਆਖ ਦਮੋਦਰ ਜੇ ਹੋਵੇਂ ਰਾਜ਼ੀ, ਤਾਂ ਉਦਮ ਏਹ ਕਰੀਹਾਂ[7]॥੫੩੨॥

**ਰਾਂਝਾ**

ਜੇ ਕੋਈ ਜੀਵੈ ਜਿੰਦ ਦੇ ਬਾਝੋਂ, ਤਾਂ ਮੈਂ ਮੁਇਆਂ ਜੀਵਾਈਂ।
ਕਿਥੇ ਰਹਿਣ ਅਸਾਡਾ ਥੀਵੇ, ਜਾਨ ਅਸਾਂ ਵਿਚ ਨਾਹੀਂ।
ਫਿਰਦਾ ਰੂਹ, ਹੀਰ ਦੇ ਪਿੱਛੇ, ਕੋ ਬਿਧ ਜਾਣੈ ਨਾਹੀਂ[8]।
ਕੁੜੀਏ ਜੇ ਕੋਈ ਜੀਵੇ ਜਿੰਦ ਦੇ ਬਾਝੋਂ, ਤਾਂ ਹੀਰੇ ਬਾਝ ਜੀਵਾਈਂ॥੫੩੩॥

**ਧੀਦੋ ਰਾਂਝਾ ਫਿਰ ਝੰਗ ਆਯਾ**

ਤਾਂ ਜੁਲਿਆ ਚਾਕ ਅੱਗੇ ਪਰ ਮੱਝੀਂ[9], ਚੱਲਣ ਚਿੱਤ ਉਠਾਇਆ!
ਬੇਲੇ ਵਿਚ ਆਇ ਵੜਿਆ ਫਿਰ ਤਿੱਥੇ[10], ਜਿੱਥੇ ਨਾਲ ਮੰਞੂ ਦੇ ਆਇਆ।
ਚਿੱਤ ਉਦਾਸ ਕੀਤੁਸੁ ਬਹੁਤੇਰਾ, ਬਹੁ ਦੁੱਖ ਉਛਲ ਆਇਆ।
ਆਖ ਦਮੋਦਰ ਜਿੱਥੇ ਜਲ੍ਹਰ, ਉਥੇ ਮੱਥਾ ਲਾਇਆ[11]॥੫੩੪॥

ਜਾਹ ਸਿਞਾਣ, ਰੁੰਨਾ ਦੁੱਖੀ ਧੀਦੋ, ਸੱਥਰ ਧੂਆਂ ਭਾਈ।
ਆਸਣ ਚੁੰਮ, ਚੜਿਆ ਜਲ੍ਹਰ[12] ਤੇ ਵੰਝਲੀ ਦਰਦ ਵਗਾਈ।
ਨਾਲ ਫ਼ਿਰਾਕ ਵਿਦੋਹ[13] ਦੁੱਖਕਰ, ਬੰਬੀਹਾ ਦਰਦ ਵਗਾਈ[14]।
ਆਖ ਦਮੋਦਰ ਸੁਣਿਆਂ ਸਹੀਆਂ, ਸਭ ਉਤੇ ਵੇਲੇ ਆਈ॥੫੩੫॥

ਕਿਸੇ ਲੁੰਙੀ, ਕਿਸੇ ਚਾਦਰ, ਕਿਸੇ ਸਲਾਰੀਂ[15] ਆਹੀਆਂ।
ਗਈਆਨੇ ਸੁਧ ਸਰੀਰਹੁੰ[16] ਹੈਰਤ[17], ਕੇਹੀ ਰਉਂਸੇ ਧਾਈਆਂ[18]।
ਵੱਡੇ ਵਿਦੋਹ, ਵਿਰਾਗ ਵਡੇਰੇ, ਹਿਕ ਪਲਕ ਨੂੰ[19] ਆਈਆਂ।
ਆਖ ਦਮੋਦਰ ਕਿਥੋਂ ਧੀਰਨ, ਗੋਪੀਆਂ ਕ੍ਰਿਸ਼ਨ ਬੁਲਾਈਆਂ॥੫੩੬॥

---

1. ਖੁਸ਼ੀ ਦੇ ਢੋਲ ਨਗਾਰੇ। 2. ਜਦੋਂ। 3. ਥਾਵਾਂ। 4. ਮਚਾਨ। 5. ਨਵੇਂ ਸਰੀਰ ਨਾਲ, ਕੁਵਾਰਾ, ਸੱਚਾ ਤੇ ਸੁੱਚਾ। 6. ਇਸ਼ਕ ਲਾਈਏ। 7. ਤਾਂ ਏਹ ਉਦਮ ਕਰੀਏ। ਕੁਝ ਇਹੋ ਜਿਹਾ ਪ੍ਰਬੰਧ ਕਰੀਏ। 8. ਕਿਸੇ ਤਰ੍ਹਾਂ ਵੀ ਸ਼ਾਂਤੀ ਨਹੀਂ ਪਾਂਦਾ। 9. ਮਝੀਂ ਅਗੇ ਲਾ ਕੇ। 10. ਉਸੇ ਥਾਂ ਪਰ। 11. ਸਾਹਮਣੇ ਆ ਖੜਾ ਹੋਇਆ। 12. ਮਚਾਨ, ਮਨ੍ਹਾਂ, ਚਾਰ ਲੱਕੜਾਂ ਗਡ ਕੇ ਉਪਰ ਬਣਾਈ ਬਹਿਣ ਦੀ ਥਾਂ। 13. ਵੈਰਾਗ, ਵਿਜੋਗ ਦੀ ਅਵਸਥਾ ਵਿਚ। 14. ਇਕ ਦਰਦ ਭਰਿਆ ਬੰਬੀਏ ਦਾ ਬੋਲ ਕਢਿਆ। 15. ਲਕੀਰਦਾਰ ਕਪੜੇ ਦੀ ਚੁੰਨੀਂ। 16. ਸਭ ਸੁਧ-ਬੁਧ ਵਿਸਰ ਗਈ। 17. ਅਚੰਭਤ ਰਹਿ ਗਈਆਂ। 18. ਕਿਸੇ ਅਜਿਹੀ ਮਸਤੀ ਵਿਚ ਨਠੀਆਂ ਆਈਆਂ। 19. ਇਕ ਅੱਖ ਦੇ ਫੋਰ ਵਿਚ ਆ ਗਈਆਂ।

ਮਿਲੀਆਂ ਆਇ ਰੰਝੇਨੇ ਤਾਈਂ, ਬਹੁ ਵੈਰਾਗ ਵੰਡਾਇਆ।
ਕੌਣ ਕਜ਼ੀਆ[1] ਤੈਨੂੰ ਥੀਆ, ਜੇ ਚੱਲ ਅਗੇਹੇ ਆਇਆ।
ਕੰਮੀਂ ਨਾਲ ਗਏ ਬਹੁਤੇਰੇ, ਕਹੀਂ ਨਾ ਆਪ ਵਿਖਾਇਆ[2]।
ਕੌਣ ਕਜੀਆ ਤੈਨੂੰ ਥੀਆ, ਹਾਲ ਅਜੇਹੇ ਆਇਆ?॥੫੩੭॥

**ਆਪ ਬੀਤੀ**

ਪਹਿਲੀ ਮੰਜ਼ਲ ਕੀਤੀ ਅਸਾਂ ਸਿਰ ਫੜ ਟੰਮਕ ਚਾਇਆ।
ਦੇ ਦੇ ਘਹੀਆਂ[3], ਸਿਰ ਮੈਂਡੇ ਤੇ, ਹਭਨਾ ਬਹੁੰ ਸਤਾਇਆ।
ਅਧੇ ਰਾਹ ਅੱਧ ਮੁਰਦਾ ਹੋਇਆ, ਮੈਂ ਸਹਿਆ ਜੋ ਰੱਬ ਸਹਾਇਆ।
ਸੁਣ ਹੱਸੀ! ਜਾਂ ਪੱਤਣ ਪਹੁੰਚੇ, ਉਨ੍ਹਾਂ ਮਾਰਣ ਮਤਾ ਪਕਾਇਆ॥੫੩੮॥

ਮਾਰਣ ਮਤਾ ਪਕਾਇਆ ਖੇੜਿਆਂ, ਏਹਾਂ ਗੱਲ ਕੀਤੀਆਨੇ।
ਨੈਂ ਵਿਚ ਘੱਟ ਬੁੜੀਹਾਂ[4] ਇਸ ਨੂੰ, ਭੈੜੀ ਨਤ ਬਧੀਆਨੇ।
ਆਖਿਆ ਮੈਂਡਾ ਮੰਨੇ ਨਾ ਕੋਈ, ਮਿਹਰ ਨਾ ਮਨ ਪਈਆਨੇ।
ਵੱਸ ਨਾ ਮੈਂਡਾ ਚਲੇ ਹੱਸੀ! ਕਰ ਥੱਕਾਂ ਬਹੁਤ ਬਹਾਨੇ॥੫੩੯॥

ਸਰਪਰ ਮੈਨੂੰ ਵਿਚ ਪਇਓਨੇ, ਹਭਨਾਂ ਏਹਾ ਭਾਈ।
ਨਾ ਕੋ ਤੁਲਾ[6], ਨਾ ਪੱਤਣ, ਬੇੜੀ, ਕੰਧੀ ਨਜ਼ਰ ਨਾ ਆਈ।
ਵੱਸ ਨ ਮੈਂਡਾ, ਸਰਪਰ ਪੌਣਾ[7], ਅਸਾਂ ਲੂਹ[8] ਨਾ ਜਾਈ।
ਮੱਝੀ ਘਿੰਨ ਵੜਿਆ ਵਿਚ ਨੈਂਦੇ, ਰੱਬ ਬੇੜੀ ਬੰਨੇ ਲਾਈ॥੫੪੦॥

ਧੂੰਈਂ ਬਹਾਇਆ ਦੇ ਕਰ ਮੱਝੀ, ਤਾਂ ਕੁੜੀਆਂ ਗੱਲ ਸੁਣਾਈ।
ਮਾਰਣ ਮਤਾ ਪਕਾਇਆ, ਖੇੜਿਆਂ ਮੈਂ ਏਹਾ ਸੁਣ ਪਾਈ।
ਦਿਤਮੁ ਧ੍ਰਕ[9] ਵੜਿਆ ਵਿਚ ਨੈਂਦੇ, ਰਾਤ ਅਸਾਂ ਮੂੰਹ ਆਈ[10]।
ਆਖ ਦਮੋਦਰ ਇਹ ਮੈਂ ਸਿਰ ਵਰਤੀ, ਹੱਸੀ! ਮੈਨੂੰ ਹੀਰੇ ਖ਼ਬਰ ਨਾ ਕਾਈ॥੫੪੧॥

ਹੱਸੀ ਆਖੇ ਸੁਣ ਮੀਆਂ ਰਾਂਝਾ ਭਲਾ ਭਇਆ ਤੂੰ ਆਇਆ।
ਭੱਠ ਖੇੜੇ ਤੇ ਨਾਉਂ ਖੇੜਿਆ ਦਾ, ਤੂਹਿੰ ਆ ਦਰਸ ਦਿਖਾਇਆ।
ਤੈਨੂੰ ਵੇਖ ਖੁਸ਼ੀ ਅਸੀਂ ਹੋਈਆਂ, ਥੀਆ ਰੰਗ ਸਵਾਇਆ[11]।
ਆਖ ਦਮੋਦਰ ਜਾਲ ਇਥਾਈਂ[12], ਰੱਬ ਤੈਨੂੰ ਆਣ ਪੁਚਾਇਆ॥੫੪੨॥

---

1. ਮੁਸ਼ਕਿਲ, ਔਕੜ। 2. ਕੋਈ ਅਜੇ ਤਕ ਵਾਪਸ ਆਇਆ ਨਹੀਂ ਵੇਖਿਆ। 3. ਝਿਬੀਆਂ, ਝਹੀਆਂ। 4. ਇਸ ਨੂੰ ਨਦੀ ਵਿਚ ਸੁੱਟ ਕੇ ਡੋਬ ਦੇਈਏ। 5. ਨੀਯਤ, ਇਰਾਦਾ। 6. ਪੁਰਾਣੇ ਸਮੇਂ ਵਿਚ ਕਾਨ੍ਹਿਆਂ ਦਾ ਤ੍ਰੂਡਾ ਜਿਹਾ ਬਣਾ ਕੇ ਉਸ ਰਾਹੀਂ ਦਰਿਆ ਪਾਰ ਕਰਦੇ ਸਨ। 7. ਸਰਪਰ ਦਰਿਆ ਵਿਚ ਪਾਇਆ ਜਾਵਾਂਗਾ। 8. ਆਸਰਾ, ਪਨਾਹ। 9–10. ਮੈਂ ਛਾਲ ਮਾਰ ਦਿੱਤੀ, ਅੱਗੋਂ ਰਾਤ ਪੈ ਗਈ। 11. ਸਾਡੇ ਚਿਹਰਿਆਂ ਤੇ ਖੁਸ਼ੀ ਆ ਗਈ ਹੈ। 12. ਇਥੇ ਹੀ ਠਹਿਰੇ।

**ਰਾਂਝਾ**

ਸੁਣ ਹੱਸੀ! ਮੈਂ ਕੀਕਰ ਜਾਲੀਂ, ਕੁੱਵਤ[1] ਮੈਂ ਵਿਚ ਨਾਹੀਂ।
ਜੇ ਕੋਈ ਜੀਵ ਜਿੰਦ ਦੇ ਬਾਝਹੁੰ, ਤਾਂ ਮੈਂ ਆਖ ਜੀਵਾਈਂ।
ਰਗ ਰਗ ਰੋਮ ਹਜੂਮ ਹੀਰੇ ਦਾ[2], ਜ਼ਿਕਰ ਕਰੀਂ ਹਰ ਜਾਈ।
ਹਭੇ ਕੁੜੀਆਂ ਤਾਰੇ ਦਿਸਹੁ, ਵਿਚ ਚੰਦ ਸਲੇਟੀ ਨਾਹੀਂ[4] ॥੫੪੩॥

**ਹੱਸੀ**

ਸੁਣ ਰਾਂਝਾ! ਇਕ ਅਰਜ਼ ਅਸਾਡੀ, ਬੈਠ ਪਸਿੰਦ ਕਰੀਹਾਂ।
ਓਹੋ ਬੇਲਾ, ਤੇ ਓਹੋ ਬੇੜੀ, ਅਸੀਂ ਗੋਇਲ ਬੈਠ ਕਰੀਹਾਂ।
ਤੂੰ ਓਹੋ ਰਾਂਝਾ, ਅਸੀਂ ਓਹੋ ਕੁੜੀਆਂ ਨਉਤਨ[5] ਇਸ਼ਕ ਲਈਹਾਂ।
ਜੇ ਕੋਈ ਗੱਲ ਕਰੇ ਤੁਸਾਡੀ, ਤਾਂ ਅੱਖੀਂ ਚਾਇ ਕਢੀਹਾਂ।
ਜਿਉਂ ਜਾਣੇ ਤਿਉਂ ਜਾਲ[6] ਇਥਾਈ, ਪੱਲੂ ਗਲੇ ਪਈਹਾਂ ॥੫੪੪॥

**ਰਾਂਝਾ**

ਰਹਿਣ ਅਸਾਡਾ ਨਾਹੀਂ ਹੱਸੀ! ਬਾਝਹੁੰ ਹੀਰ ਸਿਆਲੀ।
ਇਹ ਮੁਨਾਸਬ ਮੈਨੂੰ ਨਾਹੀਂ, ਬਹਿ ਚੂਚਕਾਣੇ[7] ਜਾਲੀਂ।
ਰਿਜ਼ਕ ਅਸਾਡਾ ਚਲਿਆ ਹਜ਼ਾਰੇ, ਕੁਦਰਤ ਕਾਦਰ ਵਾਲੀ[8]।
ਆਖ ਦਮੋਦਰ ਰਾਂਝਾ ਆਖੇ, ਝੰਗੇ ਬਾਝੋਂਹੁੰ ਹੀਰੇ ਖਾਲੀ[9] ॥੫੪੫॥

**ਹੱਸੀ**

ਜੇ ਤੂੰ ਉਠ ਚੱਲੇਂ ਮੀਆ ਰਾਂਝਾ, ਅਸੀਂ ਭੀ ਨਾਲ ਅਵਾਈਂ।
ਜੀਉ ਅਸਾਡਾ ਕੱਢ ਤੈਂ ਲੀਤਾ, ਕੀਕਰ ਅਸੀਂ ਜੀਵਾਈਂ।
ਇਸ ਜੀਵਣ ਤੋਂ ਮਰਣ ਚੰਗੇਰਾ, ਅੱਠੇ ਪਹਿਰ ਰਵਾਈਂ[10]।
ਆਖ ਦਮੋਦਰ ਰਹਿਣ ਅਸਾਡਾ, ਇੱਥੇ ਥੀਂਦਾ ਨਾਹੀਂ ॥੫੪੬॥

ਮੰਦਾ ਹਾਲ ਸਿਞਾਤਾ ਰਾਂਝੇ[11], ਰਹਿਣ ਨਾ ਮੂਲ ਰਹਾਈਆਂ[12]।
ਕਿਤੀ ਕਰਾਂ ਨਸੀਹਤ ਇਨ੍ਹਾਂ, ਅੱਗੇ ਅਗੇਰੇ ਆਈਆਂ।
ਰਹਿਸਾਂ ਸਹੀ ਰਜ਼ਾਇ ਤੁਸਾਡੀ ਗੱਲਾਂ ਚਾਕ ਸੁਣਾਈਆਂ।
ਆਖ ਦਮੋਦਰ ਕੀਕੁਣ ਹੋਵੇ, ਵਿਸਣ ਨਹੀਂ ਵਿਸਾਹੀਆਂ[13] ॥੫੪੭॥

---

1. ਸ਼ਕਤੀ, ਤਾਕਤ। 2. ਮੇਰੀ ਰੱਗ ਰੱਗ ਵਿਚ ਤੇ ਰੋਮ-ਰੋਮ ਵਿਚ ਹੀਰ ਸਮਾਈ ਹੋਈ ਹੈ। ਹੀਰ ਦਾ ਇਸ਼ਕ ਜ਼ੋਰਾਂ ਪਰ ਹੈ। 3. ਮੇਰਾ ਲੂੰ ਲੂੰ ਉਸ ਦਾ ਜਾਪ ਕਰਦਾ ਹੈ। 4. ਹੀਰ ਸਿਆਲ ਜੋ ਤਾਰਿਆਂ ਸਮਾਨ ਕੁੜੀਆਂ ਵਿਚ ਚੰਨ ਵਾਂਗਣ ਸੀ, ਉਹ ਅੱਜ ਤੁਹਾਡੇ ਵਿਚ ਨਹੀਂ ਹੈ। 5. ਨਵਾਂ ਨਰੋਆ, ਸੱਚਾ ਤੇ ਸੁੱਚਾ। 6. ਅ, ਸ ਪਾਠ—ਜਾਲੇ ਜਾਲ ਭਾਵ ਠਹਿਰ। 7. ਚੂਓਕ ਦੇ ਇਲਾਕੇ ਵਿਚ, ਚੂਚਕਾਣਾ ਪਿੰਡ ਵਿਖੇ। 8. ਰੱਬ ਦੀ ਕੁਦਰਤ ਨਿਆਰੀ ਹੈ। 9. ਹੀਰ ਬਿਨਾਂ ਝੰਗ ਦਾ ਦੇਸ਼ ਖਾਲੀ ਲਗਦਾ ਹੈ। ੳ, ੲ ਪਾਠ—ਹੀਰ ਖਾਲੀ। 10. ਅੱਠੇ ਪਹਿਰ ਰੋਂਦੀਆਂ ਹਾਂ। 11. ਰਾਂਝੇ ਨੇ ਵੇਖਿਆ ਵੈਰਾਗ ਵਿਚ ਆਈਆਂ ਕੁੜੀਆਂ ਦੀ ਹਾਲਤ ਤਰਸਯੋਗ ਹੈ। 12. ਪਿਆਰ ਦਿਲਾਸਾ ਦੇਣ ਦੇ ਬਾਵਜੂਦ ਉਨ੍ਹਾਂ ਦਾ ਵੈਰਾਗ ਨਹੀਂ ਠਲ੍ਹੀਂਦਾ। 13. ਉਹ ਰਾਂਝੇ ਦੇ ਕਹਿਣ ਦੇ ਬਾਵਜੂਦ ਵਿਸਾਹ ਨਹੀਂ ਸਨ ਖਾਂਦੀਆਂ।

**ਹੱਸੀ**

ਸੁਣ ਧੀਦੋ! ਨਿਤ ਫਿਕਰ ਤੁਸਾਡਾ, ਹੋਵੇਂ ਅੱਸਾਂ ਤਾਈਂ।
ਆਜ਼ਜ਼ ਅਸੀਂ ਦਰਦ ਦੁਖ ਭਰੀਆਂ, ਕੋ ਗੱਲ ਜਾਣੈ ਨਾਹੀਂ।
ਹਿਕੇ ਤਾਂ ਲੈ ਚਲ ਨਾਲ ਅਸਾਨੋਂ, ਹਿਕੇ ਆਪੇ ਅਸੀਂ ਚਲਾਹੀਂ।
ਧੀਦੋ ਜਾਣ ਸਹੀ ਸਚ ਤੂੰ, ਤਾਂ ਹਿਕੇ ਤੁਧਨੋਂ ਨੱਪ[1] ਰਖਾਹੀਂ ॥੫੪੮॥

ਕੀਤਾ ਰਹਿਣ ਰੰਝੇਟੇ ਬੇਲੇ, ਸਹੀਆਂ, ਮੰਨਣ ਨਾਹੀਂ।
ਵਿਸਾਹ ਨ ਤੈਂਡਾ ਆਵੇ ਅਸਾਂ, ਮੂਲ ਪਤੀਜਾਂ ਨਾਹੀਂ[2]।
ਹੋਵੇ ਨਿਸਾਂ ਨਿਹਾਇਤ[3] ਸਾਡੀ, ਜੇ ਕੁਝ ਤੁਧ ਖਵਾਈਂ।
ਆਖ ਦਮੋਦਰ ਜੇ ਮੂੰਹ ਚੱਲੇ[4], ਤਾਂ ਖ਼ਾਤਰ ਜਮਾਂ ਅਸਾਹੀਂ[5] ॥੫੪੯॥

ਕੁੜੀਆਂ ਉਦਮ ਖਾਣ ਦਾ ਕੀਤਾ, ਖਾਣਾ ਸਹੀ ਸਦਾਯਾ[6]।
ਗਈਆਂ ਲੈਣ ਚੂਰੀ ਨੂੰ ਸਹੀਆ, ਧੀਦੋ ਡੱਕ ਬਹਾਯਾ।
ਕੁੜੀਆਂ ਹੱਥ ਬੰਬੀਹਾ ਦਿਤਾ, ਤਾਂ ਧੀਦੋ ਰਾਗ ਉਠਾਯਾ।
ਆਖ ਦਮੋਦਰ ਸਭ ਮੂਰਛਾ ਹੋਈਆਂ, ਤਾਂ ਜੁੱਤੀ ਚਾੜ੍ਹ ਸਿਧਾਯਾ ॥੫੫੦॥

**ਰਾਂਝਾ ਵਾਪਸ ਤਖ਼ਤ ਹਜ਼ਾਰੇ ਵਿੱਚ**

ਪਹੁਤਾ ਜਾਇ ਹਜ਼ਾਰੇ ਰਾਂਝਾ, ਮਿਲਿਆ ਵੀਰਾਂ ਤਾਈਂ।
ਮਿਲਿਆ ਆਇ ਪਿਕਾਇਣ[8] ਰਾਂਝਾ, ਉਨ੍ਹਾਂ ਮੂੰਹ ਲਾਇਓ[9] ਨਾਹੀਂ।
ਪਛੋਤਾਉ ਲਗਾ ਧੀਦੋ ਨੂੰ, ਭੁਲਾ ਕੰਮ ਕਿ ਆਈਂ[10]।
ਆਖ ਦਮੋਦਰ ਚਿੱਤ ਉਦਾਸੀ, ਰਾਂਝਾ ਟਿੱਕੇ ਨਾਹੀਂ ॥੫੫੧॥

ਤਾਂ ਤਾਹਿਰ ਨੂੰ ਹੱਸ ਅਲਾਇਆ, ਮੈਂ ਮਾਲ ਨਾ ਵੰਡਣ ਆਯਾ।
ਬਾਰਾਂ ਵਰ੍ਹੇ ਫਕੀਰੀ ਕੀਤੀ, ਹੁਣ ਵਤਨ ਵੇਖਣ ਨੂੰ ਆਯਾ।
ਆਇ ਨਾ ਮੰਗਿਆ ਕੁਝ ਤੁਸਾਥੋਂ, ਕੁਝ ਨਾ ਸੁਆਲ ਸੁਣਾਯਾ।
ਆਖ ਦਮੋਦਰ ਕੇ ਤੈਂਡਾ ਵੈਂਦਾ[11], ਹੱਸ ਨਾ ਮੂੰਹੋਂ ਅਲਾਯਾ ॥੫੫੨॥

---

1. ਫੜਕੇ। 2. ਬਿਲਕੁਲ ਹੀ ਵਿਸਾਹ ਨਹੀਂ ਖਾਂਦੀਆਂ। ਸਾਡਾ ਮਨ ਨਹੀਂ ਮੰਨਦਾ ਕਿ ਤੈਹੈ ਇਕੱਠਾ ਛੱਡ ਦੇਈਏ। 3. ਸਾਨੂੰ ਹਦੋਂ ਵਧ ਖੁਸ਼ੀ ਹੋਵੇਗੀ। 4. ਜੇ ਤੂੰ ਮੂੰਹ ਵਿਚ ਕੁਝ ਪਾਵੇਂ ਭਾਵ ਕੁਝ ਖਾਵੇਂ। 5. ਤਾਂ ਸਾਡੇ ਦਿਲ ਹੈ ਬਹੁਤ ਤਸੱਲੀ ਹੋਵੇਗੀ। 6. ਖਾਣਾ ਮੰਗਾਇਆ। 7. ਜੁੱਤੀ ਪਾ ਕੇ ਰਾਂਝੇ ਹੁਰੀ ਆਪਣੇ ਰਾਹ ਪਏ। 8. ਪੇਕਿਆਂ ਵਿਚਕਾਰ। ਭਰਾ ਭਾਈ ਅਥਵਾ ਸ਼ਰੀਕਾ। 9. ਉਨ੍ਹਾਂ ਨੇ ਖਿੜੇ ਮੱਥੇ ਜੀਉ ਆਇਆਂ ਨੂੰ ਆਖਿਆ। 10. ਆ ਕੇ ਭੁਲ ਕੀਤੀ ਹੈ। 11-12. ਤੇਰਾ ਕੀ ਜਾਂਦਾ ਹੈ? ਹੱਸ ਕੇ ਮੈਨੂੰ ਨਹੀਂ ਬੁਲਾਇਆ।

ਤਾਂ ਤਾਹਿਰ ਬੋਲ ਜਵਾਬ ਜਿ ਦਿੱਤਾ, ਅਸਾਂ ਊਂਧੀ[1] ਆਈ।
ਵੰਝ ਸਿਆਲੇ ਵਾਇੰ[2] ਖਟਾਈਆ। ਕੋਟ ਬਧੋਈ ਭਾਈ[3] ?
ਮੌਜਮ ਦੇ ਮੂੰਹ ਕਾਲਕ ਲਾਈਆ, ਚਾਕ ਸਦਾਇਓ ਭਾਈ।
ਲਾਨ੍ਹਤ ਤੇਰੇ ਜੀਵੇ ਤਾਈਂ, ਮੁਇਓਂ ਨਾ ਉਤੇ[4] ਜਾਈ॥੫੫੩॥

## ਰਾਂਝਾ

ਮਹੀਂ ਫਕੀਰ, ਸੁ ਤਾਹਿਰ ਖ਼ਾਨਾ[5]। ਦਾਵਾ ਕੋਈ ਨਾਹੀਂ।
ਆਏ, ਵਤਨ, ਨਾਉਂ ਲੈ ਤੈਂਡਾ, ਏਹੁ ਨਤੀਜਾ ਪਾਈਂ।
ਹੋਈ ਨਿਸ਼ਾ ਨਿਹਾਇਤ[6] ਮੈਂਡੀ, ਕੋਈ ਕਿਸੇ ਦਾ ਨਾਹੀਂ।
ਆਖ ਦਮੋਦਰ ਬੋਲਣ ਭਾਈਆਂ, ਮੂਲੇ ਭਾਣਾ ਨਾਹੀਂ॥੫੫੪॥

## ਤਾਹਿਰ

ਕੇ ਬੁਲੀਹਾਂ, ਤੈਂ ਨਾਲ ਧੀਦੋ, ਗੁੱਝੀ ਰਹੀ ਨਾ ਕਾਈ[7]।
ਜਾਂ ਸੁਣੀਂਦਾ[8] ਨਾਲ ਮਹੀਂ ਦੇ, ਚਾਕ ਚੂਚਕ ਦਾ, ਭਾਈ।
ਜਾਂ ਸੁਣੀਂਦਾ ਨਾਲ ਜੰਞਾਂ ਦੇ, ਸਿਰ ਵੈਂਦਾ ਟੰਮਕ ਚਾਈ।
ਆਖ ਦਮੋਦਰ ਹਾਲ ਇਜੇਹਾ, ਮਰਾਂ ਕਿ ਜੀਵਾਂ ਭਾਈ॥੫੫੫॥

ਤਾਂ ਭਰਜਾਈਆਂ ਪੁੱਛਣ ਆਈਆਂ ਰਾਂਝਾ ਦੱਸ ਅਸਾਹੀਂ।
ਗਲ ਵਿਚ ਪੱਲੂ ਦਸਤ ਪੈਰਾਂ ਤੇ, ਪੁਛਣ ਧੀਦੋ ਤਾਈਂ।
ਜੈਂਦੇ ਕਾਰਨ ਧੂੰਆਂ ਦਿਤੋਈ[9], ਕੇਹੀ[11] ਦਸ ਅਸਾਹੀਂ।
ਆਖ ਦਮੋਦਰ ਉਠ ਚਲੀਏ ਏਥੋਂ, ਏਥੇ ਬੈਠਿਆਂ ਬਣਦੀ ਨਾਹੀਂ॥੫੫੬॥

## ਧੀਦੋ ਰਾਂਝਾ

ਕੇ ਆਖਾਂ ਕੇ ਤੁਸਾਂ ਸੁਣਾਈ, ਤੁਸਾਡਾ ਬੋਲਿਆ ਅਸਾਂ ਨਾ ਭਾਵੇ।
ਨਾ ਕਰਹੋ ਚਿਤ[12] ਸਲੇਟੀ ਮੂਲੇ, ਮਰਨਾ ਮੈਨੂੰ ਆਵੇ।
ਡਰਦਾ ਹਾਹ ਨਾ ਕੱਢਾ ਮੂਲੇ, ਮਤਿ ਉਸ ਪਸਿੰਦ ਨ ਆਵੇ।
ਆਖ ਦਮੋਦਰ ਹੀਆ ਡਾਢਾ, ਜਿਸ ਵਿਚ ਹਾਹ ਸਮਾਵੇ॥੫੫੭॥

---

1. ਮੂੰਹ ਨੀਵਾਂ ਹੋਇਆ, ਸ਼ਰਮਿੰਦਗੀ ਆਈ। 2. ਨਹਿਰ ਖਟਾਈ ਹੈ ਤੂੰ ਜਾਂ ਖੂਹ ਲਵਾਇਆ ਹੈ ? 3. ਨਗਰ ਵਸਾਇਆ ਹੈ ਜਾਂ ਕਿਲ੍ਹਾ ਤਿਆਰ ਕਰਾਇਆ ਹੈ। 4. ਉਸੇ ਥਾਂ ਪਰ। 5. ਮਤਾਲਬਾ, ਮੰਗ, ਹੰਕਾਰ, ਵਡਿਆਈ। 6. ਪੂਰੀ ਤਸੱਲੀ। 7. ਕੋਈ ਗੱਲ ਛੁਪੀ ਨ ਰਹੀ। 8. ਇਹ ਸੁਣਿਆ ਜਾਂਦਾ ਸੀ। 9. ਅਸਾਨੂੰ, ਸਾਨੂੰ। 10. ਧੂੰਆਂ ਪਾ ਬੈਠੋ ਝੰਗ ਵਿਚ। 11. ਕਿਹੋ ਜਿਹੀ ਹੈ। 12. ਚੇਤੇ, ਯਾਦ।

ਆਏ ਯਾਰ ਮਿਲੇ ਗਲ ਬਾਹੀਂ, ਜਣੇ ਜਣੇ[1] ਨੂੰ ਭਾਈ।
ਬੰਨ੍ਹੋ ਛੰਨ[2] ਤੇ ਘੱਤੋ ਸਬਰ[3], ਵਾੜ ਲਗਾਹੋ ਚਾਈ।
ਪਾਣੀ ਕੂਜੇ[4], ਤੇ ਦੁਇ ਚਿਲਮਾਂ[5] ਇਹੁ ਬਸਾਂਤਿ[6] ਰਖਾਈ।
ਸੁਣਹੋ ਯਾਰੋ ਏਹੁ ਹਕੀਕਤ, ਰਹਿਣ ਕੀਤੋਸੂ[7] ਭਾਈ॥੫੫੮॥

ਦਾਰੇ[8] ਬੈਠ ਮਿਲਿਆ ਸਭ ਕੋਈ, ਸਭਨਾ ਆਇਆ ਭਾਣੋ[9]।
ਬੈਠ ਕਰਨ ਮਜਲਸ[10] ਦਿਨ ਰਾਤੀਂ, ਦਾਰਾ ਬਹੁਤ ਹਿਤਾਣੋ[11]।
ਬੁੱਕਲ ਮਾਰ ਬਹੇ ਦਿਨ ਰਾਤੀਂ, ਕੁਝ ਨ ਪੀਣਾ ਖਾਣੋ[12]।
ਆਖ ਦਮੋਦਰ ਆਲਮ ਸਾਰੇ[13], ਧੀਦੋ ਆਇਆ ਭਾਣੋ॥੫੫੯॥

## ਯਾਕੂਬ ਵੜਾਇਚ ਨੇ ਧੀਦੋ ਦੇ ਵਿਆਹ ਲਈ ਆਉਣਾ

ਤਦੋਂ ਸੁਣਿਆ ਯਾਕੂਬ ਵੜਾਇਚ, ਪੁੱਤ੍ਰ ਮੌਜਮ ਦਾ ਆਯਾ।
ਮੇਲਾ ਸਭ ਇਕੱਠਾ[14] ਹੋਇਆ, ਹਜ਼ਾਰੇ ਜੋਗ ਚਲਾਯਾ।
ਕੀਤਾ ਮੰਜ਼ਲ ਸਿਧਾਣੇ[16] ਸਾਊ, ਚੱਲ ਹਜ਼ਾਰੇ ਆਇਆ।
ਮਿਲ ਕੇ ਮਜਲਸ[17] ਤਾਹਿਰ ਜ਼ਾਹਿਰ ਬੈਠ ਪਸੰਦ ਕਰਾਇਆ[18]॥੫੬੦॥

## ਯਾਕੂਬ

ਅਸਾਂ ਕੰਨੀਂ ਸੁਣਿਆਂ ਖ਼ਾਨਾਂ! ਵੀਰ ਤੁਸਾਡਾ ਆਇਆ।
ਇਸੇ ਵਾਰੀ ਸਹੀ ਸੱਚ ਮੌਜਮ, ਭਾਈ ਫ਼ੁੱਟ ਵਿਆਇਆ[19]।
ਵੱਡਾ ਵਾਉ ਸੁ ਕੀਤੀ ਕੁਲ ਦਾ, ਜਾਂ ਉਸ ਚਾਕ ਸਦਾਯਾ।
ਸੁਣਹੋ ਸਾਊ! ਗਲ ਕਰਨ ਨੂੰ, ਸਭ ਮਹਾਜਨ[20] ਆਯਾ॥੫੬੧॥

ਤਾਂ ਤਾਹਿਰ ਸੁਣ ਮੰਦੀ ਭਾਣੀ, ਜਾਂ ਉਸ ਈਂਵ ਸੁਣਾਇਆ।
ਜੁੱਲੋ[21] ਪੱਲਾ ਹਛਾ ਕਰੀਹਾਂ[23], ਮੁਦਈ ਹਜ਼ਾਰੇ ਆਇਆ।
ਵੀਰ, ਵੜਾਇਚ[24], ਹੋਏ ਇਕੱਠੇ, ਮੇਲਾ[25] ਦਾਰੇ ਆਇਆ।
ਆਖ ਦਮੋਦਰ ਰਾਂਝੇ ਡਿੱਠਾ, ਦਿਲ ਵਿਚ ਭਲਾ ਨਾ ਭਾਇਆ॥੫੬੨॥

---

1. ਇਕ ਇਕ ਨੂੰ। 2. ਛਮਰੀ। 3. ਫੂਹੜ, ਵਿਛਾਉ। 4. ਪਾਣੀ ਦੇ ਕੁੱਜੇ, ਅਸਤਾਵੇ, ਲੋਟੇ। 5. ਤਮਾਕੂ ਪੀਣ ਦੀਆਂ ਚਿਲਮਾ, ਇਹ ਦੂਜੀ ਵਾਰ ਹੈ ਜੋ ਦਮੋਦਰ ਤਮਾਕੂ ਚਿਲਮ ਦਾ ਜ਼ਿਕਰ ਕਰਦਾ ਹੈ। 6. ਵਸਤ ਵਲੇਵਾ, ਸਾਮਾਨ। 7. ਉਸ ਨੇ ਰਹਿਣਾ ਕੀਤਾ। 8. ਡੇਰਾ, ਫ਼ਕੀਰ ਦਾ ਨਿਵਾਸ ਅਸਥਾਨ। 9. ਭਾਇਆ, ਚੰਗਾ ਲਗਾ, 10. ਇਕੱਠ, ਸੰਗਤ। 11. ਹਿਤ ਆਇਆਂ, ਚੰਗਾ ਲਗਾ। 12. ਰਾਂਝਾ ਕੁਝ ਖਾਂਦਾ-ਪੀਂਦਾ ਨਹੀਂ ਸੀ। 13. ਸਾਰੇ ਜਗ ਨੂੰ, ਲੁਕਾਈ ਨੂੰ। 14. ਮੇਲੀ, ਸਾਕ ਸੰਬੰਧੀ। 15. ਹਜ਼ਾਰੇ ਵਲ ਚਲ ਪਏ। 16. ਰਵਾਨਾ ਹੋਏ, ਗਏ। 17. ਇਕੱਠ, ਸੰਗਤ। 18. ਬਿਠਾਇਆ, ਆਦਰ ਕੀਤਾ। 19. ਸੱਚੀ ਗੱਲ ਤਾਂ ਇਹ ਹੈ ਕਿ ਇਸ (ਧੀਦੋ) ਵਾਰੀ ਹੀ ਮੌਜ਼ਮ ਨੇ ਪੁੱਤਰ ਜਾਇਆ ਹੈ। (ਵੜੈਚ ਸਰਦਾਰ ਤਾਨ੍ਹਾ ਮਾਰਦਾ ਹੈ; ਵੇਖੋ ਅਗਲੀ ਤੁਕ) 20. ਵੱਡੇ ਲੋਕ। 21. ਚਲੋ। 22. ਲੜ ਛੁਡਾਈਏ। 23. ਦਾਵੇਦਾਰ, ਮੰਗੇਤਰ। 24. ਰਾਂਝੇ ਦੇ ਭਰਾ ਤੇ ਵੜਾਇਚ ਸਰਦਾਰ। 25. ਇਕੱਠ, ਡੈਪੂਟੇਸ਼ਨ।

ਤਦੋਂ ਵੜਾਇਚ[1] ਬੋਲ ਅਲਾਇਆ, ਆਪਿਉਸ ਧੀਦੋ ਤਾਈਂ।
ਤੈਂਡੀ ਵਾਰੀ ਮੌਜਮ ਮੂਆ, ਗਲ ਕਪਿਓਸੂ ਨਾਹੀਂ[2]।
ਨਿਲਾਇਕ ਜਿਹੜੀਆਂ ਗੱਲਾਂ ਹੋਵਨ[3], ਸਾਈਂ ਕਰਹਿੰ ਤਿਵਾਈਂ[4]।
ਨਾ ਹੁੰਦੋ ਤੂੰ ਕਦੀ ਇਜੇਹਾ, ਜੋ ਕੱਢੇ ਨਾਉਂ ਭਿਰਾਈਂ[5]॥੫੬੩॥

**ਧੀਦੋ**

ਸੁਣਿਹੋ ਭਾਈ! ਤੁਸਾਂ ਕੇ ਦਿਲ ਵਿਚ, ਸਖ਼ਤ ਜ਼ੁਬਾਨ ਕਰੇਂਦੇ।
ਆਪਣਾ ਮੁੱਦਾ[6] ਕਹੋ ਅਸਾਨੂੰ, ਜੋ ਆਇ ਵਿਖਾਲੀ ਦੇਂਦੇ।
ਬੇਤਕਸੀਰ ਅਲਾਇਓ ਮੰਦਾ, ਅਸੀਂ ਗੁਜ਼ਾਰ[7] ਕਰੇਂਦੇ।
ਆਖ ਦਮੋਦਰ ਆਪਣਾ ਮਤਲਬ, ਕਿਉਂ ਨੀਹੇ ਜ਼ਾਹਿਰ ਕਰੇਂਦੇ॥੫੬੪॥

**ਯਾਕੂਬ**

ਅਸਾਂ ਤੁਧ ਨਾਲ ਕੰਮ ਨ ਕੋਈ, ਮੂੰਹ ਵੇਖਣ ਨੀਸੇ ਆਏ।
ਆਪਣੀ ਗਰਜ਼ ਹਜ਼ਾਰਾ ਡਿੱਠਾ, ਮੌਜਮ ਅਸੀਂ ਫਹਾਏ।
ਹਿਕੇ ਵਿਆਹ, ਹਿਕੇ ਲੜ ਹੱਛਾ[8], ਦੇਹੁ ਜਬਾਬ ਸੁਣਾਏ।
ਆਖ ਦਮੋਦਰ ਜ਼ਾਰਤ[9] ਤੈਂਡੀ ਅਸੀਂ ਨਹੀਂ ਸੁ ਆਏ॥੫੬੫॥

**ਧੀਦੋ**

ਜਾਹੁ, ਵਿਆਹੁ ਕਰੋ ਜਿਤ ਭਾਵੇ, ਮੈਂ ਦਾਵਾ ਕੋਈ ਨਾਹੀਂ।
ਭੁਈ ਨਈਂ ਦੇ ਖਾਵੰਦ ਨਸੇ ਧੂਏਂ ਸੱਥਰ ਸਾਈਂ।
ਫਿਰ ਫਿਰ ਆਇਕੇ ਜ਼ਾਰਤ ਦੇਹੋ, ਸਾਡੇ ਆਵਣ ਤਾਈਂ।
ਆਖ ਦਮੋਦਰ ਅਸਾਂ ਤੁਸਾਂ ਨਾਲ ਦਾਵਾ ਕੋਈ ਨਾਹੀਂ॥੫੬੬॥

ਧਰ ਸ਼ਾਹਦ[10] ਉਠ ਚੱਲੇ ਸਾਊ, ਥੀਏ ਉਦਾਸ ਤਿਵਾਈਂ।
ਛਿਕੇ ਟੰਗ[11], ਤਿਆਰੀ ਕੀਤੀ, ਰਾਹ ਹੋਵਣ ਤਾਈਂ[12]।
ਤਾਹਿਰ ਵਾਗ ਆਣ ਹਥ ਪਾਯਾ, ਲੈ ਗਇਆ ਨੱਪ[13] ਉਥਾਈਂ।
ਆਖ ਦਮੋਦਰ ਉਦਮ ਕੀਤਾ, ਖਾਣੇ ਦਾਣੇ ਤਾਈਂ॥੫੬੭॥

---

1. ਯਾਕੂਬ ਵੜਾਇਚ। 2. ਉਸ ਨੇ ਤੇਰਾ ਗਲਾ ਨਾ ਕਪਿਆ। 3. ਨਾਲਾਇਕਾਂ ਵਾਲੀਆਂ ਜੋ ਗੱਲਾਂ ਹਨ। 4. ਤੂੰ ਉਹੀ ਕਰਦਾ ਹੈਂ। 5. ਭਰਾਵਾਂ ਦੇ ਨਾਂ ਬਦਨਾਮ ਕਰਦਾ ਹੈਂ। 6. ਮਤਲਬ। 7. ਦਰ ਗੁਜ਼ਰ, ਆਈ ਗਈ। 8. ਲੜ ਛੋੜ, ਰਿਸ਼ਤਾ ਛੱਡ। 9. ਦਰਸ਼ਨ, ਦੀਦਾਰ। 10. ਗਵਾਹ ਰੱਖਕੇ। 12. ਘੋੜਿਆਂ ਦੇ ਤੰਗ ਕਸ ਲਏ। 13. ਰਵਾਨਾ ਹੋਣ ਲਈ। 14. ਫੜ ਕੇ ਉਥੋਂ ਲੈ ਗਿਆ।

ਟੁਕਰ ਖਾ[1] ਕਰਿ ਚੜਿਓ ਭਾਈ! ਤਾਹਿਰ ਜ਼ਾਹਰਿ ਆਏ।
ਜੀਵਣ[2] ਖ਼ਾਨ ਬਹਾਦਰ ਸੂਰਾ, ਗਲ ਵਿਚ ਪੱਲੂ ਪਾਏ।
ਨੀਸੇ ਨੋਖ[3] ਚਿਰੋਕੇ ਸੱਕੇ[4], ਵਾਣੂ ਵਾਂਗ ਉਨਿਆਏ[5]।
ਆਖ ਦਮੋਦਰ ਖ਼ਾਨਾਂ ਤਾਈ ਜੀਵਣ ਸੁਖ਼ਨ ਸੁਣਾਏ॥੫੬੮॥

ਗੱਲ ਅਸਾਡੀ ਸੁਣਿਹੋ ਖ਼ਾਨਾ। ਸੱਕੇ ਅਸੀਂ ਤੁਸਾਹੀਂ।
ਅੱਗੇ ਸਾਕ ਬਹੁਤੇਰੇ ਹੋਏ, ਉਣੇ ਸੁ ਵਾਣ ਨਿਆਈਂ।
ਖ਼ਾਨਾ! ਤਾਹਿਰ ਦਾ ਬੇਟਾ ਇਹੋ, ਕਰਿਹੋ ਕੰਮ ਇਦਾਈ[6]।
ਆਖ ਦਮੋਦਰ ਖ਼ਾਨ ਜੀਵਣ ਆਖੇ, ਇਉਂ ਲਜ ਰਹਿੰਦੀ ਨਾਹੀਂ॥੫੬੯॥

ਸੁਣਿਹੋ ਸਾਹਿਬ! ਅੱਗੇ ਨਿਸ਼ਾ ਹੁਈਆਸੇ[7], ਜੇ ਤੁਸਾਂ ਵੀਰ ਮੰਗਾਇਆ।
ਆਇ ਦੀਦਾਰ ਕੀਤੋਸੇ ਤੈਂਡਾ, ਹੁਣ ਤੁਸਾਂ ਏਂਵ ਸੁਣਾਇਆ।
ਨਾ ਵੰਞ ਪਸੰਦ ਕਰੀਹਾਂ[8] ਸਾਹਿਬ, ਅਗੇ ਬਹੂੰ ਸੁਖ ਪਾਇਆ।
ਆਖ ਦਮੋਦਰ ਅਗੋਂ ਖ਼ਾਨਾਂ, ਏਹੁ ਜਬਾਬ ਸੁਣਾਇਆ॥੫੭੦॥

**ਜੀਵਣ**

ਜੇ ਹਿੱਕ ਮੁਆ ਕੇ ਕਮਲਾ ਥੀਆ, ਤਿਸ ਪਿੱਛਾ ਕੀਚੈ ਨਾਹੀਂ[9]।
ਪਇਆ ਸੁ ਭੱਠ[10], ਨ ਕੀਚੈ ਪਿੱਛਾ, ਜਾਵਣ ਦੇਇ ਤਿਨਾਹੀਂ।
ਨੀਸੇ[11] ਨੱਖ, ਚਿਰੋਕੇ ਸੱਕੇ, ਉਣੇ ਸੁ ਵਾਣ ਨਿਆਈਂ।
ਆਖ ਦਮੋਦਰ ਗਡਵਡ[12] ਅਸੀਂ, ਪਈ ਕੇਹੀ ਪੁੱਛ ਤੁਸਾਹੀਂ॥੫੭੧॥

**ਧੀਦੇ ਦੀ ਮੰਗ ਧੀਦੋ ਦੇ ਭਤੀਜੇ ਨੇ ਵਿਆਹੁਣੀ**

ਤਾਂ ਇਦੋਂ ਉਦੋ ਸਭ ਸਮਾਨ ਕਰ, ਸਾਊਆਂ ਕਾਜ ਰਚਾਇਆ।
ਘਿਉ, ਗੁੜ, ਖੰਡ, ਆਟੇ ਤੇ ਦਾਣੇ, ਟੰਮਕ ਢੋਲ ਧਰਾਇਆ।
ਚੰਗੀ ਸਾਇਤ[13] ਵੇਖ ਕਰਾਂਹੀ ਆਟੇ ਪਾਣੀ ਪਾਇਆ।
ਆਖ ਦਮੋਦਰ ਗੰਢੀ ਲੈ ਕੇ, ਬਮਣੇਟਾ[14] ਤਾਂ ਧਾਇਆ॥੫੭੨॥

---

1. ਖਾਣਾ। 2. ਧੀਦੋ ਦਾ ਤੀਜਾ ਭਾਈ। ਧੀਦੋ ਰਾਂਝਾ ਚਾਰ ਭਰਾ ਸਨ—ਤਾਹਿਰ, ਜ਼ਾਹਿਰ, ਜੀਵਣ ਤੇ ਧੀਦੋ। 3. ਨਵੇਂ ਨਵੇਲੇ, ਅਣਜਾਣ। 4. ਸਾਡੀ ਪੁਰਾਣੀ ਸਾਕਾਦਾਰੀ ਹੈ। 5. ਮੰਜੀ ਦੇ ਵਾਣ ਵਾਂਗ ਉਣੇ ਹੋਏ ਹਾਂ। 6. ਇਹ ਰਿਸ਼ਤਾ ਏਧਰ ਕਰਿਓ। 7. ਅੱਗੇ ਬਹੁਤ ਤਸੱਲੀ ਹੋ ਗਈ ਹੈ। 8. ਅਸੀਂ ਮੁੰਡਾ ਪਸੰਦ ਕਰਕੇ ਨਹੀਂ ਜਾਂਦੇ, ਅਸੀਂ ਮੁੰਡਾ ਨਹੀਂ ਦੇਖਣਾ। 9. ਨਾਂ ਕਰੀਏ। 10. ਭੱਠ ਵਿਚ ਪਿਆ। 11. ਉਨ੍ਹਾਂ ਨੂੰ ਅਜਿਹਾ ਨੂੰ। 12. ਅਸੀਂ ਨਹੀਂ ਹਾਂ। 13. ਮਿਲੇ ਜੁਲੇ, ਚਾਰੇ ਨੈਣ ਗਡਾਵਡ ਹੋਏ ਵਿਚ ਵਿਚੋਲੇ ਕੇਹਾ (ਸ਼ਾਹ ਹੁਸੈਨ)। 14. ਘੜੀ, ਸ਼ੁਭ ਘੜੀ। ਬਾਹਮਣ ਪੁਤ੍ਰ। ਵੇਖੋ ਵੜੈਚਾਂ ਅਤੇ ਰਾਂਝਿਆਂ ਵਿਚ ਵੀ ਬਾਹਮਣ ਗੰਢਾਂ ਲੈ ਆਇਆ ਹੈ।

ਨੁਕਰੇ[1], ਨੀਲੇ[2], ਅਬਲਖ[3], ਸੁਰਖ਼ੇ[4] ਤੇਜ਼ ਕੁਮੈਤ[5] ਮੰਗਾਏ।
ਮਖ਼ਮਲ ਕਟ ਕਰਾਈਆਂ ਗਲਰਾਂ[6], ਜੋ ਜ਼ੀਨਾਂ[7] ਉਤੇ ਲਾਏ।
ਸਿਰ ਕਲਗੀਆਂ ਅਤੇ ਵਾਤ ਦਹਾਨੇ[8], ਹੰਨੇ ਤਬਲਬਾਜ਼ ਠਹਿਰਾਏ।
ਆਖ ਦਮੋਦਰ ਕੇਤੇ ਸਾਊ, ਦਿਸਣ, ਮਾਵਾਂ ਪੁੱਤ ਜਾਏ[9] ॥੫੭੩॥

ਜੰਞ ਤਿਆਰ ਹੋਈ ਰਾਂਝਿਆਂ ਦੀ, ਜੁਲਦੇ ਸ਼ਾਦੀ ਤਾਈਂ।
ਕਰਿ ਸਿਰਪਾਉ ਤਿਆਰੀ ਕੀਤੀ, ਕੋਠੇ ਜੇਡੀਆਂ ਆਹੀਂ[10]।
ਕਹੀ[11] ਸਲਾਹ ਦਿਤੀ ਤਾਹਿਰ ਨੂੰ, ਇਹੁ ਮੁਨਾਸਬ ਨਾਹੀਂ।
ਇਹ ਭੀ ਤੁਹਾਡੇ ਮਾਂ ਪਿਉ ਜਾਇਆ ਲੈ ਨਾਲ ਚਲੋ ਇਸ ਤਾਈਂ ॥੫੭੪॥

ਰਾਂਝੇ ਮਿਲ ਕਰ ਕੁਲ ਕਬੀਲਾ, ਤਾਹਿਰ ਆਇ ਮਨੇਂਦਾ।
ਉੱਠੀ ਨਾਲ ਜੁਲੇਂ ਮੇਰੇ ਭਾਈ, ਮਿੰਨਤ ਖ਼ਾਨ ਕਰੇਂਦਾ।
ਆਖ ਦਮੋਦਰ ਢਿੱਲ ਨ ਬਣਦੀ ਤਾਹਰਿ ਹਥ ਫਧੇਂਦਾ[11]।
ਯਾਰਾਂ ਪਕੜ ਉਠਾਇਆ ਰਾਂਝਾ, ਤਾਂ ਜਬਾਬ ਕੇ ਦੇਂਦਾ ॥੫੭੫॥

## ਧੀਦੋ

ਸੁਣ ਤਾਹਿਰ ਮੈਂ ਨਾਲ ਨ ਬਣਦਾ, ਘਾਟਾ ਕੁਲ ਤੁਸਾਹੀਂ।
ਸਮਝ ਨਾ ਵੇਖੋ, ਕਹੇ ਨ ਲਗੇ, ਮੈਂ ਉਥੇ ਕੇ ਕਰਸਾਂਹੀਂ[12]।
ਆਸੀ ਆਲਮ, ਹੋਣ ਪਚਾਰਾਂ[13], ਘਾਟਾ ਸਭ ਤੁਸਾਂਹੀਂ।
ਆਖੇ ਰਾਂਝਾ, ਤਾਹਰਿ ਜਾਹਰਿ! ਇਹੁ ਮੁਨਾਸਬ ਨਾਹੀਂ ॥੫੭੬॥

## ਤਾਹਿਰ

ਸਾਰੀ ਜੰਞ ਰਹਾਈਆਂ ਰਾਂਝਿਆ, ਜੇ ਤੂੰ ਜਲਦਾ ਨਾਹੀਂ।
ਜੇ ਤੂੰ ਚਲੇ ਤਾਂ ਸਭ ਕੋ ਰਾਜ਼ੀ, ਅਸੀਂ ਭੀ ਨਾਲ ਚਲਾਈਂ।
ਤੂੰ ਪਿਤ੍ਰੀਆ[14], ਪਿਉ ਥਾਂ ਜੇਹਾ, ਭਤੀਜੇ ਜਾ ਪਰਨਾਈਂ।
ਆਉ! ਉਠੀ ਸੁਣ ਸਦਕੇ, ਧੀਦੋ, ਜੇ ਰੁੱਠਾ ਹੋਵੇਂ ਮਨਾਈਂ ॥੫੭੭॥

## ਧੀਦੋ ਨੇ ਜੰਞ ਨਾਲ ਜਾਣਾ

ਢੁਕੇ ਰਾਂਝੇ ਨਾਲ ਵੜੈਚਾਂ, ਆਲਮ ਵੇਖਣ ਆਏ।
ਲੱਥੇ ਬਾਗ, ਬਹਾਦਰ[15] ਸੱਭੇ, ਕੁਆਰ ਹਲੂਫੇ ਲਿਆਏ।
ਪੱਕਾ ਤਾਮ[16], ਤਿਆਰੀ ਕੀਤੀ, ਰਾਠਾਂ ਜੋਗ ਖਵਾਏ।
ਆਖ ਦਮੋਦਰ ਕੇਤੇ ਆਤਣ[17], ਵੇਖਣ ਉਮਲ[18] ਆਏ ॥੫੭੮॥

---

1–4. ਘੋੜਿਆਂ ਦੀਆਂ ਕਿਸਮਾਂ। 5. ਝਾਲਰਾਂ। 7. ਮੂੰਹ ਵਿਚ ਲਗਾਮ। 8. ਮਾਵਾਂ ਕੇਡੇ ਸੁੰਦਰ ਪੁੱਤਰ ਜਾਏ ਹਨ। 9. ਉਨ੍ਹਾਂ ਦੀਆਂ ਦੇਹਾਂ ਕੋਠੇ ਜੇਡੀਆਂ ਹਨ। 10. ਕਿਸੇ ਨੇ। 11. ਫੜਦਾ। 12. ਕੀ ਕਰਾਂਗਾ। 13. ਚੁਰ ਵਿਚੁਰ। 14. ਪਿਉ ਦਾ ਭਰਾ, ਚਾਚਾ। 15. ਸ਼ੇਰਾਂ ਜਿਹੇ ਬਹਾਦਰ। 16. ਖਾਣਾਂ। 17. ਕੁੜੀਆਂ ਦੇ ਤ੍ਰਿੰਞਣ। 18. ਉਛਲ ਆਏ।

ਕੁੜੀਆਂ ਜਣੇ ਜਣੇ ਨੂੰ ਵੇਖਣ, ਖੁਸ਼ੀ ਹੋਏ ਸਭ ਜਾਈਂ।
ਕੁੜੀਆਂ ਖ਼ਾਨ ਸੁਹਾਗ ਜੁ ਲਾੜਾ, ਆਈਆਂ ਵੇਖਣ ਤਾਈਂ।
ਆਇ ਡਿੱਠੋਨੇ ਧੀਦੋ ਰਾਂਝਾ, ਮੋਹੀਆਂ ਰਹੀਆਂ ਉਥਾਈ।
ਵੇਖਣ ਗਈਆਂ ਵਿਕਾਣੀਆਂ ਹੱਭੇ, ਪੁਛ ਨਾ ਹੰਗੋ[1] ਕਾਈ॥੫੭੯॥

ਹਿੱਕ ਜੁ ਬੋਲਿਆ ਯਾਰ ਧੀਦੋ ਦਾ, ਤਿਸੇ ਗੱਲ ਸੁਣਾਈ।
ਧੀਦੋ ਇਹ ਕਤਰਟਾ ਰਾਂਝਾ[2], ਤੁਸਾਂ ਸੁਣਿਆ ਨਾਹੀਂ?
ਏਹ ਸੁਣ ਕੁੜੀਆਂ ਹੋਈ ਹੈਰਾਨੀ, ਬੋਲ ਨ ਸੱਕੇ ਕਾਈ।
ਆਖ ਦਮੋਦਰ ਸੂਰਤ ਰਾਂਝੇ ਦੀ, ਵੇਖ ਮੋਹੀਆਂ ਉਥਾਈਂ ॥੫੮੦॥

ਹਿਕ ਕੁੜੀ ਤਦ ਹੋਇ ਅਗੇਰੇ, ਰਾਂਝੇ ਦੇ ਕੋਲ ਆਈ।
'ਕੇ ਫਕੀਰਾ! ਨਾਉਂ ਤੁਹਾਡਾ? ਅਸਾਂ ਨੂੰ ਦੇਇ ਸੁਣਾਈ।
ਮੈਨੂੰ ਪਇਆ ਭੁਲਾਵਾ ਤੈਂਡਾ, ਤਾਹਰਿ ਦਾ ਤੂੰ ਭਾਈ।
ਆਖ ਦਮੋਦਰ ਧੀਦੋ ਆਖੇ ਪਈ ਕੇਹੀ ਪੁਛ ਤੁਸਾਹੀਂ[3]'॥੫੮੧॥

ਵੇਖ ਵਿਕਾਇ ਗਈਆਂ ਸਭ ਯਾਰੋ, ਫੇਰ ਤਿਥਾਉਂ[4] ਆਈਆ।
ਵੱਡੀ ਕੁਬਖ਼ਤ ਕੁੜੀ ਇਕ ਆਹੀ[5], ਕੁੜੀਆਂ ਧੁਮਾਂ ਪਾਈਆਂ।
ਪਹਿਲਾਂ ਤੁਧ ਮੰਗੇਂਦਾ ਕੁੜੀਏ! ਅਸੀਂ ਵੇਖ ਵਿਕਾਈਆਂ।
ਆਖ ਦਮੋਦਰ ਮਾਂਈਏ ਦੇ ਵਿੱਚ, ਕੁੜੀ ਪਾਸ[6] ਤਬ ਆਈਆਂ॥੫੮੨॥

ਤਾਂ ਰੋ ਰੋ ਕੁੜੀ; ਕਰੇਂਦੀ ਨਾਰੇ[7]; ਮੈਨੂੰ ਆਣ ਵਿਖਾਇਓ।
ਆਖ ਸਲੇਟੀ ਸਦਕੇ ਕੀਤੀ, ਮੈ ਅਰਮਾਨ ਚੁਕਾਇਓ।
ਦੇ ਦਿਲਾਸਾ, ਵੇਖਣ ਤਈ, ਮੈ ਝਾਤ ਪਵਾਇਓ।
ਆਖ ਦਮੋਦਰ ਚਾਉ ਅਸਾਡਾ, ਮਹੀਂ ਵਿਰਾਗ[8] ਮਿਟਾਇਓ॥੫੮੩॥

ਕੁੜੀਆਂ ਕੂੜ ਅਲਾਇਆ ਭਾਈ, ਪਾਸ ਰੰਝੇਟੇ ਆਈਆਂ।
ਉਠੀ ਚਲ ਫ਼ਕੀਰ ਸਦੇਂਦੇ, ਘਿਨਾ ਸਨੇਹੇ ਸਾਈਆਂ।
ਜੁਲਿਆ ਨਾਇ ਫਕੀਰਾਂ ਸੰਦੇ, ਛੇੜ ਜੰਵ ਤੇ ਭਾਈਆਂ।
ਆਖ ਦਮੋਦਰ ਲੈ ਅੰਦਰ ਪਾਇਆ, ਗੱਲਾਂ ਆਖ ਸੁਣਾਈਆਂ॥੫੮੪॥

---

1. ਕਿਸੇ ਨੂੰ ਪੁੱਛਣ ਦੀ ਸ਼ਕਤੀ ਨਾ ਰਹੀ। 2. ਕੱਟਿਆ ਗਿਆ, ਜਿਸ ਦਾ ਸਾਕ ਟੁੱਟ ਗਿਆ। 3. ਤੁਹਾਨੂੰ ਪੁੱਛਣ ਦੀ ਕੀ ਲੋੜ ਪਈ ਹੈ? 4. 'ਅ' ਤੇ 'ਸ' ਪਾਠ 'ਆਈ' ਆਹੀ 'ਸੀ'। 5. 'ਉ' ਤੇ 'ਏ' ਪਾਠ 'ਤਬ' ਹੈ 'ਅ' ਤੇ 'ਸ' ਵਿਚ 'ਤਾਂ' ਹੈ। 7. ਚੀਕਾਂ, ਆਹੋ ਜ਼ਾਰੀ। 8. ਪਿਆਰ ਦੀ ਸਿਕ, ਅੰਦਰ ਦੀ ਖਿੱਚ।

ਜਾ ਵੜਿਆ ਆਇ ਰੰਝੇਟਾ ਅੰਦਰ, ਅਜਮਤ ਕੀ ਰੁਸ਼ਨਾਈ[1]।
ਕੁੜੀਆਂ ਛਿਕ[2] ਬਹਾਇਆ ਅੰਦਰ, ਪਾਸਹੁੰ ਘੁਮਰ ਪਾਈ[3]।
ਕੇਹੀਆਂ ਗੱਲਾਂ ਕਰੇ ਮੰਗੇਂਦੀ, ਆਖਣ ਦੁਖ ਸਬਾਈ[4]।
ਆਖ ਦਮੋਦਰ ਛਿਕ ਪਜੂਤਾ[5] ਜਿਹੜੀ ਮੰਗੇਂਦੀ ਆਹੀ॥੫੮੫॥

**ਕੁੜੀ**

ਕੇ ਤਕਸੀਰ ਮੈਂ ਬਖਤੋਂ ਤੱਤੀ, ਪਲਿਰ[6] ਮਹੀ ਦਿਤੋਈ।
ਔਸੀਂ ਨਿਤ ਪਏਂਦੀ ਆਹੀ[7], ਕੇਚ[8] ਮਿਲਾਵੇ ਕੋਈ।
ਥੀਓ ਨ ਨਾਬਰ[9], ਮੈਂ ਮਰ ਵੈਂਦੀ, ਮੈਂ ਤਕਸੀਰ ਨਾ ਕੋਈ।
ਆਖ ਦਮੋਦਰ ਜਬਾਬ ਸੁਣਾਇਆ, ਅਸਾਨੂੰ ਕੇਹਾ ਗੁਨਾਹ ਡਿਠੋਈ॥੫੮੬॥

**ਧੀਦੋ**

ਮੈਂ ਮਨਖਟੂ[10] ਖੱਟ ਨਾ ਜਾਣਾ, ਮੈਂ ਕਿਛ ਆਵੈ ਨਾਹੀਂ।
ਸਾੜੀ ਘੱਤ[11] ਪਰਾਈ ਜਾਈ, ਏਹੁ ਮੁਨਾਸਬ ਨਾਹੀਂ।
ਮੇਹਨਤ ਕਦੀ ਨਾ ਕੀਤੀ ਹੱਥੀਂ, ਕੈਂਦੇ ਘਰੋਂ ਖਵਾਹੀਂ।
ਆਖ ਦਮੋਦਰ ਸਮਝ ਡਿਠੋਸੇ, ਜੋ ਕੁਵੱਤ[12] ਮੈਂਥੇ ਨਾਹੀਂ॥੫੮੭॥

**ਕੁੜੀ**

ਵਿੱਚ ਸਿਆਲੀ ਆਹੀਆ ਕੁੱਬਤ? ਜੇ ਪਿਉ ਨਾ ਨਾਉਂ ਵੰਞਾਇਆ।
ਮੱਝੀਂ ਚਾਰੇ, ਤੇ ਸ਼ਰਮ ਨ ਤੈਨੂੰ, ਜੈ[13] ਸਿਰ ਤੇ ਟੰਮਕ ਚਾਇਆ?
ਜੇਕਰ ਹੀਰ ਉਠ ਗਈ ਖੇੜੀਂ, ਤਾਂ ਚਿੱਤ ਹਜ਼ਾਰਾ ਆਇਆ?
ਆਖ ਦਮੋਦਰ ਸਾਡੀ ਵਾਰੀ ਮੀਆਂ, ਮਖੱਟੂ ਨਾਉਂ ਧਰਾਇਆ॥੫੮੮॥

**ਧੀਦੋ**

ਨਾਹੀਂ ਤਾਹਨੇ ਲਹਿਣੇ ਮੈਥੋਂ, ਜ਼ੋਰ ਉਲਾਮੇ ਦੇਂਦੀ।
ਅਸਾਂ ਸਮਝ ਡਿੱਠਾ ਵਲ ਆਪੇ[14], ਜੇ ਨਾਹੀਂ ਕੁਵੱਤ ਰਹੇਂਦੀ।
ਜੇ ਘੱਤ ਸਾੜੀ ਧੀ ਪਰਾਈ, ਜ਼ਰਾ ਨ ਖੂਬੀ ਮੈਂਡੀ।
ਭਾਰਾ ਚਾਇ ਨ ਸੰਘਾਂ[15] ਬੀਬੀ, ਨਾਹੀ ਕੁਵੱਲ ਵਿੱਚ ਦੇਹ[16] ਮੈਡੀ॥੫੮੯॥

---

1. ਰੱਬੀ ਨੂਰ। 2. ਖਿੱਚ ਕੇ। 3. ਇਰਦ-ਗਿਰਦ ਘੇਰਾ ਪਾ ਲਿਆ। 4. ਦਿਲ ਦੇ ਦੁਖੜੇ ਫੋਲਦੀਆਂ ਸੀ। 5. ਪੇਟ ਵਿਚ ਸੂਲ ਉਠਿਆ, ਅੰਦਰੋਂ ਦਰਦ ਉਠਿਆ। 6. ਛੱਡ ਦਿੱਤਾ ਰਿਸ਼ਤਾ ਤੋੜ ਦਿੱਤਾ। 7. ਨਿਤ ਔਂਸੀਆਂ ਪਾਂਦੀ ਸੀ। ਤੇਰਾ ਰਾਹ ਤਕਦੀ ਸੀ। 8. ਕੇਚ ਮਿਕਰਾਨ ਦਾ ਸ਼ਾਹਜ਼ਾਦ ਪੁਨੂੰ, ਪ੍ਰੀਤਮ, ਪਿਆਰਾ। 9. ਇਨਕਾਰੀ ਨਾ ਹੋ। 10. ਮੱਖਟੂ, ਕੁਝ ਕਮਾਈ ਨਾ ਕਰ ਸਕਣ ਵਾਲਾ। 11. ਅੰਦਰ ਪਾ ਕੇ ਸਾੜਾਂ, ਘਰ ਲਿਆ ਉਸ ਦਾ ਜੀਵਨ ਤਬਾਹ ਕਰਾਂ। 12. ਕੁੱਵਤ, ਸ਼ਕਤੀ, ਤਾਕਤ। 13. ਜਿਸ ਨੇ। 14. ਅਸੀਂ ਆਪਣੇ ਆਪ ਤੇ ਬਾਤ ਮਾਰੀ ਹੈ। 15. ਸਕਾਂ। 16. ਦੇਹੀ, ਸਰੀਰ।

**ਕੁੜੀ**

ਆਖ ਅੱਗੇ ਤਾਂ ਤੂੰ ਰਾਜ਼ੀ ਰਹਿੰਦਾ, ਆਹੋਂ ਇਤੇ ਜਾਈ।
ਹੀਰੇ ਕਾਰਨ ਤਰਲੇ ਕੀਤੇ, ਹੱਥ ਨਾ ਤੈਨੂੰ ਆਈ।
ਜੇ ਚਾਕਾਂ ਆਜਜ਼ ਕੀਤੋ ਮੀਆਂ। ਤਾਂ ਜੀਉ ਉਦਾਸੀ ਆਈ।
ਆਖ ਮਖੱਟੂ ਤਦੋਕਾ[1] ਥੀਉ! ਜਦੋਂ ਕੀ[2] ਹੀਰ ਗਵਾਈ॥੫੯੦॥

**ਧੀਦੋ**

ਬੀਬੀ ਤਾਨੇ ਦੇਇ ਨਾ ਮੈਨੂੰ, ਕੂੜਾ ਝਗੜਾ ਜਾਣ ਕੀਤੋਈ।
ਛੱਡ ਅਸਾਡਾ ਪੱਲਾ ਬੀਬੀ[3]! ਮਤ ਬਾਹਰੋਂ ਆਵੈ ਕੋਈ।
ਨਾ ਕਿਛ ਲਹਿਣਾ, ਨਾ ਕਿਛ ਦੇਣਾ, ਕੂਕ[4] ਨਿਕੰਮੀ ਹੋਈ।
ਰਾਂਝਾ ਰੰਜ ਥੀਆ ਮਹੀ ਸੱਚ, ਕਾਵੜ ਸੁਖਨ ਕੀਤੋਈ[5]॥੫੯੧॥

**ਕੁੜੀ**

ਕਿਉਂ ਕਾਵੜ ਕਰ ਬੋਲੇਂ, ਤੂੰਹਾਂ, ਮੈਨੂੰ ਨਿਤ ਅੰਦੇਸਾ[6]।
ਅੱਠੇ ਪਹਿਰ ਨਿਹਾਰੀ[7] ਪੈਂਡਾ, ਰੋਂਦੀ ਇਤ ਵਰੇਸਾ[8]।
ਜਾ ਮੈਂ ਭਰ ਜੋਬਨ ਰਸ ਮਾਤੀ, ਰੰਗ ਵਟਾਇਆ ਕੇਸਾਂ।
ਜੇ ਤੂੰ ਹੀਰ ਹੱਕ ਪਰਾਏ ਪਿੱਛੇ, ਤਾਂ ਮੈਂ ਕਿਉਂ ਹੱਕ ਛੁੜੇਸਾਂ[9]॥੫੯੨॥

**ਧੀਦੋ**

ਤੈਂਡਾ ਹੱਕ ਨਾ ਅਸੀਂ ਬੀਬੀ! ਮਤੱਲਬ ਅਸਾਂ ਨਾਹੀਂ।
ਕੂੜੇ ਨਪ ਫਹਾਇਓ ਅੰਦਰ, ਤੁਸਾਂ ਲੱਜ ਨਾ ਕਾਈ।
ਬਾਹਰ ਲੋਕ ਸੁਣੇਸੀ ਸਾਰਾ, ਨਾਲੇ ਮੇਰੇ ਭਾਈ।
ਆਖ ਦਮੋਦਰ ਰਾਂਝਾ ਆਖੇ, ਤੁਸਾਂ ਇਹ ਗੱਲ ਚੰਗੀ ਨਾਹੀਂ॥੫੯੩॥

ਤਾਂ ਤਾਹਿਰ, ਰਾਹ ਪੁੱਛਦਾ ਪੁੱਛਦਾ, ਤਾਂ ਅੰਦਰ ਚਲ ਆਯਾ।
ਵੇਖ ਹੈਰਾਨ ਥੀਆ ਅਤਿ ਸਾਊ[10], ਅੱਖੀਂ ਸਮਝ ਵਖਾਯਾ[11]।
ਬਾਹਰਿ ਨਾਹ ਤੇ ਅੰਦਰ ਰਾਜ਼ੀ, ਅਸਾਂ ਚੰਗਾ ਭਾਇਆ।
ਉਠੀ, ਤੂੰ ਚੜ੍ਹ ਖਾਰੇ ਧੀਦੋ! ਹੱਕ ਖਸਮ ਹੱਥ ਆਇਆ[12]॥੫੯੪॥

---

1. ਤਦੋਂ ਦਾ। 2. ਜਦੋਂ ਦੀ। 3. ਸਾਡਾ ਖਹਿੜਾ ਛੱਡ। 4. ਵਿਅਰਥ ਸ਼ੋਰ ਗੁਲ, ਰੌਲਾ ਰਪਾ। 5. ਗੁੱਸੇ ਹੋ ਕੇ ਬੋਲਿਆ। 6. ਫਿਕਰ, ਚਿੰਤਾ। 7. ਅੱਠੇ ਪਹਿਰ ਤੇਰੀ ਫ਼ਿਕਰ, ਤੇਰਾ ਰਾਹ ਦੇਖਦੀ ਹਾਂ। 8. ਆਪਣੀ ਇਸ ਹਾਲਤ ਤੇ ਰੋਂਦੀ ਹਾਂ। 9. ਜੇ ਤੂੰ ਹੀਰ ਨੂੰ ਜੋ ਪਰਾਇਆ ਹੱਕ ਹੈ ਨਹੀਂ ਛੋੜਦਾ ਤਾਂ ਮੈਂ ਆਪਣਾ ਹੱਕ ਕਿਉਂ ਛੱਡ ਦਿਆਂ। 10. ਤਾਹਿਰ ਸਰਦਾਰ ਵੇਖ ਕੇ ਬਹੁਤ ਹੈਰਾਨ ਹੋਇਆ। 11. ਅੱਖਾਂ ਨਾਲ ਵੇਖ ਗੱਲ ਸਮਝ ਗਿਆ। 12. ਜੋ ਠੀਕ ਲਾੜਾ ਸੀ, ਹੱਥ ਆ ਗਿਆ ਹੈ।

**ਧੀਦੋ**

ਸਾਈਂ ਦੀ ਸਹੁ ਭਾਈ ਤਾਹਿਰ! ਮੈਨੂੰ ਖ਼ਬਰ ਨ ਕਾਈ।
ਦੇਕਰ ਦਗ਼ਾ[1] ਆਂਦੋ ਨੇ[2] ਅੰਦਰ, ਫ਼ਕੀਰਾਂ ਨਾਉਂ ਸੁਣਾਈ।
ਮੈਂਕੇ ਜਾਣਾ ਨਾਉਂ ਫ਼ਕੀਰਾਂ, ਅਗੇ ਫਾਹੀ ਆਹੀ।
ਆਖਾਂ ਸਹੀ ਸਚ, ਭਾਈ ਤਾਹਿਰ! ਮੈਂਡੀ ਮਾਂ ਪਿਉ ਜਾਈ॥੫੯੫॥

ਦਿਤੋ ਛੋੜ, ਛੁੜਾਯਾ ਰਾਂਝੇ, ਜੇ ਅੰਦਰ ਤਾਹਿਰ ਆਇਆ।
ਜੁਲਿਆ ਨੱਸ[3], ਛੁੜਾਇਆ ਆਪੇ, ਚਲਣ ਤੇ ਚਿਤ ਚਾਇਆ।
ਸ਼ੁਕਰ ਸਹੀ ਕਰ ਬਾਹਰ ਧੀਦੋ, ਦੇਖੋ ਆਪ ਛੁੜਾਇਆ।
ਆਖ ਦਮੋਦਰ ਉਸੇ ਵੇਲੇ, ਜੁਤੀ ਚਾੜ੍ਹ ਸਿਧਾਇਆ॥੫੯੬॥

ਢਾਰੇ ਵੰਞ ਕੀਤੀ ਅਵਦਾਨੀ[4] ਸ਼ੁਕਰ ਕੀਤੋਸੂ ਭਾਈ।
ਨਾ ਮੈਂ ਚਿੱਤ, ਨਾ ਚੇਤਾ ਕੋਈ, ਪਈਆਂ ਗ਼ੈਬ ਦੀ ਫਾਹੀ[5]।
ਪੀਲਾ ਰੰਗ, ਭਲੇਰੀ ਗੀਤੀ[6], ਸ਼ੁਕਰ ਕੀਤੋਸੁ ਤਾਂਹੀ[7]।
ਆਖ ਦਮੋਦਰ ਤਾਂ ਦਿਨ ਤੀਜੇ, ਜੰਞ ਰਾਂਝਿਆਂ ਦੀ ਆਈ[8]॥੫੯੭॥

**ਹੀਰ ਰੰਗਪੁਰ ਖੇੜਿਆਂ ਵਿਚ**

ਕਿੱਸਾ ਰਾਂਝਿਆਂ ਦਾ ਪੂਰਾ ਹੋਇਆ, ਅੱਗੇ ਗੱਲ ਖੇੜਿਆਂ ਦੀ ਆਈ।
ਰਲ ਮਿਲ ਖੇੜੇ ਕਰਨ ਮਸਲਤਾਂ,[9] ਸੱਦੇ ਸੱਕੇ ਭਾਈ[10]।
ਅਸਾਂ ਹੀਰ ਵਿਆਹ ਜੁ ਆਂਦੀ ਜ਼ਹਿਮਤ[11] ਅਸਾਂ ਪਾਈ।
ਆਖ ਦਮੋਦਰ ਆਖੇ ਅੱਲੀ, ਮਸਲਤ ਕਰਿਹੋ ਕਾਈ॥੫੯੮॥

ਤਾਂ ਬੈਠ ਪਸੰਦ[2] ਕਰੇਂਦੇ ਸਾਊ, ਕੀਕਰ ਅਸੀਂ ਕਰੀਹਾਂ।
ਬਣਦੀ ਏਹਾ ਗੱਲ ਅਸਾਂਹੀ, ਸਰਪਰ ਹੀਰ ਮਰੀਹਾਂ।
ਕੇ ਰਖੇਂਦੀ ਲੱਜ ਅਸਾਂਹੀ? ਜੇਕਰ ਢਿੱਲ ਕਰੀਹਾਂ।
ਆਖ ਦਮੋਦਰ ਹੋਰ ਨਾ ਬਣਦੀ, ਕਾਲਖ ਮੁਹਹੂੰ ਲਹੀਹਾਂ[12]॥੫੯੯॥

'ਨਾਹੀਂ ਮੁਨਾਸਬ ਖ਼ਾਨਾ, ਮਾਰਣ! ਮਹਿਰੀ ਆਖ ਸੁਣਾਇਆ।
'ਧੀ ਚੂਚਕ ਦੀ, ਕੀਕਰ ਮਾਰੰਹਿ, ਬਹੁਤਾ ਭੁੱਲ ਅਲਾਇਆ।
ਲਹਾਂ ਨਾ ਕੁੱਤੀ ਇਸ ਦੇ ਘਰ ਦੀ[13], ਖ਼ਾਨਾਂ ਕਹੀਂ ਭੁਲਾਇਆ[14]।
ਆਖ ਦਮੋਦਰ ਸੋਹੇ[15] ਨਾ ਤੈਨੂੰ ਮਾਰਨ ਮਤਾ ਪਕਾਇਆ॥੬੦੦॥

---

1. ਧੋਖਾ, ਫ਼ਰੇਬ। 2. ਉਨ੍ਹਾਂ ਨੇ ਆਂਦਾ। 3. ਨੱਸ ਪਿਆ। 4. ਵਸੋਂ ਆਪਣੇ ਡੇਰੇ ਜਾ ਬੈਠਾ। 5. 'ਅ', 'ਸ' ਵਿਚ ਪਾਠ—ਗ਼ੈਰ ਦੀ ਫ਼ਾਹੀ। 6. ਮਾੜੀ ਹਾਲਤ। 7. ਫਿਰ ਭੀ। 8. ਰਾਂਝਿਆਂ ਦੀ ਜੰਞ ਵਾਪਸ ਆਈ। 9. ਸਲਾਹ ਮਸ਼ਵਰੇ। 10. ਭਰਾ ਭਾਈ ਤੇ ਰਿਸ਼ਤੇਦਾਰ। 11. ਦੁਖ, ਮੁਸੀਬਤ। 12. ਹੀਰ ਨੂੰ ਮਾਰ ਕੇ ਆਪਣੀ ਬਦਨਾਮੀ ਹਟਾਈਏ। 13. ਮੈਂ ਸਿਆਲਾਂ ਦੇ ਘਰ ਦੀ ਕੁੱਤੀ ਬਰਾਬਰ ਭੀ ਨਹੀਂ। 14. ਖਾਨ ਨੂੰ ਕਿਸੇ ਗ਼ਲਤ ਸਿਖਾ ਦਿੱਤਾ ਹੈ। 15. ਸੋਭਦਾ।

'ਜਿੱਥੇ ਅੰਨ ਪਏਂਦੇ ਤੁਸੀਂ[1], ਉਥੇ ਕੋਲ ਨਾ ਕੋਈ।
ਸਹਿਤੀ ਕੋਲ ਸਹੀ ਹਮਸਾਈ, ਉਥੇ ਰਹਿਣਾ ਹੋਈ।
ਵੱਡੀ ਜੂਹ[2], ਅਕੱਲੇ ਕੋਠੇ, ਉਥੇ ਖੜਿਹੋ[3] ਕੋਈ।
ਆਖ ਦਮੋਦਰ ਉਥੇ ਰੱਖੋ ਈਹੋ ਮਤਾ ਕੀਤੋਈ॥੬੦੧॥

## ਸਿਕ ਆਹਾਰ ਕੀਤੋਈ

ਆਣ ਬਹਾਈ ਵਿਚ ਹਵੇਲੀ, ਦਿਸੈ ਕੋਲ ਨਾ ਕੋਈ।
ਕਾਲਾ ਕਿੜਾ[4] ਤੇ ਤ੍ਰਟਾ ਤ੍ਰਡਾ[5], ਉਥੇ ਬਹਿਣ ਕੀਤੋਈ।
ਬੈਠੀ ਸਿਦਕ ਸਬੂਰੀਂ ਸੇਤੀਂ ਸਿੱਕ ਆਹਾਰ[6] ਕੀਤੋਈ।
ਆਖ ਦਮੋਦਰ 'ਸਹਿਤੀ ਹੀਰੇ' ਤਾਂ ਹਮਸਾਈ[7] ਹੋਈ॥੬੦੨॥

ਬੈਠੀ ਹੀਰ, ਉਡਾਵੇ ਕਾਵਾਂ, ਇਹੋ ਜ਼ਿਕਰ ਕਰੇਂਦੀ।
ਉਠੀ ਵੇਖੇ ਪੈਂਡੇ ਵੱਲੇ, ਰੋਵੇ ਕਾਰਾ ਉਡੈਂਦੀ।
ਆਖ ਸਹੀ ਸਚ, ਮਹਿਰਮ[8] ਰਾਂਝਾ! ਮੈਂ ਤੱਤੀ[9] ਹੁਣ ਕੈਂਦੀ[10]?
ਆਖ ਦਮੋਦਰ ਵਿੱਥਾਂ ਪਈਆਂ, ਮੈਂ ਮਰਸਾਂ ਖੋਜ[11] ਢੂਢੇਂਦੀ॥੬੦੩॥

ਮੱਛੀ ਵਾਂਗੂੰ ਅਚੋ ਪਿੰਡੇ[12] ਹੀਰ ਸਲੇਟੀ ਤਾਈਂ।
ਮਰਨੋ, ਜੀਵੈ ਫਾਰਕ ਥੀਵੈ[13], ਡੁਸਕੇ ਕੱਢੇ ਆਹੀਂ।
ਮਰਨ ਅਹੂਲਿਆ[14], ਸਚ ਸਿਆਲੀ, ਮੈਂ ਭੁਲੀ ਦੀ ਸ਼ਰਮ ਤੁਸਾਂਹੀਂ[15]।
ਆਖ ਦਮੋਦਰ ਧੀਦੋ ਬਾਝੋਂ, ਜੀਵਨ ਮੈਂਡਾ ਨਾਹੀਂ॥੬੦੪॥

ਸਿੱਕ ਰਾਂਝੇ ਦੀ ਹੀਰੇ ਤਾਈਂ, ਜੀਕਰ ਕੱਚਾ ਪਾਰਾ[16]।
ਤੜਫੇ ਸਹੀ ਨਿਹਾਇਤ ਮੱਛੀ[17], ਗਾਲਦਾ ਪਿੰਡਾ ਵਿਚਾਰਾ।
ਸੁਲਕੇ ਸੁਲਕ ਸ਼ਲਕ ਫਿਰ ਬੁਝੇ[18], ਮੂੰਹੋਂ ਨਾ ਬੋਲਣਹਾਰਾ।
ਹੀਰ ਸਿਆਲੀ ਦੇਹੀ ਗਾਲੀ[19], ਕੁਝ ਨਾ ਚਲਦਾ ਚਾਰਾ॥੬੦੫॥

---

1. ਅੰਨ ਦਾਣਾ ਜਖ਼ੀਰਾ ਕਰਦੇ ਹੋ। 2. ਬਾਰ। 3. ਲੈ ਜਾਉ। 4. ਪੁਰਾਣਾ ਧੁਆਖਿਆ ਛੱਪਰ। 5. ਟੁੱਟੀ ਹੋਈ ਪੁਰਾਣੀ ਫੂਹੜੀ ਅਥਵਾ ਸਫ। 6. ਉਸ ਦਾ ਭੋਜਨ ਕੇਵਲ ਰਾਂਝੇ ਦੀ ਸਿਕ ਸੀ। 7. ਗਵਾਂਢਣ। 8. ਦਿਲ ਦੇ ਭੇਦ ਜਾਣਨ ਵਾਲਾ। 9. ਸੜੇ ਭਾਗਾਂ ਵਾਲੀ, ਦੁਖਿਆਰਨ। 10. ਕਿਸ ਦੀ ਹਾਂ। 11. ਮੈਂ (ਸੱਸੀ ਵਾਂਗ) ਰਾਂਝੇ ਦਾ ਰਾਹ ਭਾਲਦੀ ਮਰ ਜਾਵਾਂਗੀ। 12. ਸਰੀਰ ਵਿਚ ਅਚਵੀ, ਬੇਚੈਨੀ। 13. ਜੇ ਉਹ ਮਰ ਜਾਏ ਤਾਂ ਹੀ ਦੁਖ ਤੋਂ ਛੁਟਕਾਰਾ ਪਾ ਸਕਦੀ ਹੇ। 14. ਨਿਸਚੇ ਕਰ ਲਿਆ। 15. ਮੇਰੀ ਲਾਜ ਤੁਸਾਂ ਹੀ ਰੱਖਣੀ ਹੈ। 16. ਜਿਵੇਂ ਕੱਚਾ ਪਾਰਾ ਨਹੀਂ ਟਿਕਦਾ ਤਿਵੇਂ ਹੀਰ ਦੇ ਮਨ ਨੂੰ ਟਿਕਾ ਨਹੀਂ ਸੀ। 17. ਨੀਰ ਬਿਨ ਮੱਛਲੀ ਵਾਂਗ ਬੇਹਦ ਬੇਚੈਨ ਸੀ। 18. ਅੰਦਰ ਵਿਛੋੜੇ ਦੀ ਅੱਗ ਧੁਖ-ਧੁਖ ਕੇ ਕਦੇ ਉਠਦੀ ਸੀ ਤੇ ਕਦੇ ਬੁਝਦੀ ਸੀ। 19. ਹੀਰ ਨੇ ਰਾਂਝੇ ਦੀ ਯਾਂਦ ਦੀ ਸੁਲਗਦੀ ਅੱਗ ਵਿਚ ਆਪਣਾ ਸਰੀਰ ਹੀ ਗਾਲ ਲਿਆ।

ਔਂਸੀ ਪਾਏ ਤੇ ਕਾਗ ਉਡਾਏ, ਮੱਥੇ ਤੇ ਹੱਥ ਲਾਏ।
ਆਈ ਜਾਲ ਸੱਥਰ ਦੇ ਉੱਤੇ[1], ਮੈਨੂੰ ਬਾਣ ਹਰੀਫ਼ਾਂ[2] ਲਾਏ।
ਲੂੰ ਲੂੰ ਦਖ਼ਲ ਕੀਤਾ ਰੰਝੇਟੇ, ਓਹੋ ਹੀ ਦਾਰੂ ਲਾਏ।
ਜਿਵੇਂ ਜਲਾਏ ਕਾਮਿਲ ਮੁਰਸ਼ਦ[3] ਤੇਹਾ ਜਾਲੀਂ[4], ਮਾਏ॥੬੦੬॥

ਉਲਟੀ ਹੀਰ[5], ਹੀਰੇ ਵਿਚ[6] ਰਾਂਝਾ, ਹਾਲ ਨਾ ਜਾਣੇ ਕੋਈ।
ਰਾਂਝਾ ਰਾਂਝਾ ਕੈਨੂੰ ਆਖਾਂ, ਮੈਂ ਆਪੇ ਰਾਂਝਨ ਹੋਈ।
ਰਾਂਝਾ ਹੀਰ ਤੇ ਹੀਰ ਰਾਂਝੇ ਦੀ ਰੱਤੀ ਫ਼ਰਕ ਨਾ ਕੋਈ।
ਰਾਹੀਂ ਦੇਹਾਂ ਬਾਝ ਰੰਝੇਟੇ, ਇਸ ਨੂੰ ਜ਼ਿਕਰ ਨਾ ਕੋਈ॥੬੦੭॥

ਸਦਕੇ ਧੀਦੋ! ਧੀਰੀ ਕੀਕਣ[7]? ਧੀਰਜ ਮੈਥੇ ਨਾਹੀਂ।
ਹੀਆ ਧਸਕੈ[8] ਕੋਠੀ ਲਸਕੈ[9], ਵੇਖਾਂ ਕਦੋਂ ਮਿਲਾਹੀਂ।
ਵਿੱਥੀ ਪਈਆਂ, ਮਨਹੁੰ ਨ ਵਿੱਥੀ[10], ਬੈਠੀ ਕਾਗ ਉਡਾਈਂ।
ਏਹੋ ਦਿਤੇ, ਜੋ ਤੈਂ ਭਾਣਾ, ਦੁਖ ਪੀਵਾਂ ਗ਼ਮ ਖਾਈ॥੬੦੮॥

ਬੰਦੀ ਪਈ, ਵਿਚਾਰੀ ਹੋਈ[11], ਕੈਨੂੰ ਆਖ ਸੁਣਾਈ।
ਹਿਕ ਇਕੱਲੀ, ਕੋਲ ਨਾ ਕੋਈ, ਅੱਖੀਂ ਕੈਂ ਵਲ ਲਾਈ।
ਅੱਖੀ ਦੇ ਵਿਚ ਧੀਦੋ ਰਾਂਝਾ, ਬਾਹਰ ਦੂਜਾ ਨਾਹੀਂ[12]।
ਆਖ ਜੇ ਮਰਾਂ, ਤੈਨੂੰ ਉਡਕੇਦੀ, ਪਵਾਂ ਕਬੂਲ ਤਦਾਹੀਂ॥੬੦੯॥

ਤੈਂਡੀ ਸਿੱਕ ਵਦੀਫ਼ਾ[13] ਕੀਤਾ, ਖਾਵਾਂ ਪੀਵਾਂ ਓਹੀ।
ਸੂਲ ਰਾਂਝੇ ਦੀ ਖਰਚੀ[14] ਮੈਂਡੀ, ਤੋਸਾ[15] ਪਾਇ ਦਿਤੋਈ।
ਜੇ ਮੈਂ ਰੋਇ ਸੁਣਾਈਂ ਕਿਸੇ, ਨਾ ਗੌਰ ਕਰੇਂਦਾ ਕੋਈ।
ਆਖ ਦਮੋਦਰ ਸਮਝ ਡਿੱਠੋਸੇ, ਮਰਾਂ ਸਹੀ ਦੁਖ ਹੋਈ॥੬੧੦॥

ਚੰਨ ਚੜ੍ਹਿਆ ਕੁਲ ਆਲਮ ਵੇਖੇ, ਮੈਂਡਾ ਚੰਨ ਉਦਾਈਂ।
ਰਾਹ ਤਕੇਂਦੀ ਤੇ ਕਾਗ ਉਡੈਂਦੀ, ਬੈਠੀ ਝਾਤੀ ਪਾਈਂ
ਸਿੱਕ ਤੁਸਾਡੀ ਤੋਸਾ ਮੈਂਡਾ, ਬੱਧੀ ਬੈਠੀ ਖਾਈਂ।
ਕਦੇ ਤਾਂ ਚਿੱਤ ਕਰੇਸੀ ਖਾਵੰਦ, ਭੁੱਲੀ ਦਾ ਸ਼ਰਮ ਤੁਸਾਹੀਂ॥੬੧੧॥

---

1. ਸਬਰ ਉਪਰ ਬੈਠਣਾ ਮਿਲਿਆ ਹੇ। 2. ਦੁਸ਼ਮਨਾਂ, ਵੈਰੀਆਂ। 3. ਜੋ ਦੁਖ ਉਠਾਣਾ ਪੀਰ ਸੱਚਾ ਦੇਵੇ। 4. ਉਹੀ ਦੁਖ ਉਠਾਵਾਂਗੀ। 5. ਹੀਰ ਦੀ ਹਾਲਤ ਮੰਦੀ ਹੋ ਗਈ। 6. ਦਿਲ ਅੰਦਰ। 7. ਕਿਵੇਂ ਮੈਨੂੰ ਧੀਰਜ ਆਵੇ। 8. ਦਿਲ ਧੜਕਦਾ ਹੈ। 9. ਅੰਦਰ ਬਿਜਲੀ ਵਾਂਗ ਕੰਬਦਾ ਹੈ। 10. ਸਰੀਰ ਦੂਰ ਹਨ ਪਰ ਦਿਲ ਦੂਰ ਨਹੀਂ। 11. ਬੇਬੇਸ ਹੋ ਗਈ। 12. ਪਿਆਰ ਦੀ ਅਵਸਥਾ ਜਦ ਅੰਦਰ ਬਾਹਰ ਕੇਵਲ ਪਿਆਰਾ ਹੀ ਦਿਸਦਾ ਹੈ। 13. ਵਜ਼ੀਫਾ, ਭੋਜਨ। 14. ਖ਼ੁਰਾਕ, ਰਾਂਝੇ ਦੀ ਜੁਦਾਈ ਦੀ ਪੀੜਾ ਹੀ ਮੇਰੀ ਖ਼ੁਰਾਕ ਹੈ। 15. ਸੁਗਾਤ, ਖਾਧ-ਪਦਾਰਥ।

ਚੰਨ ਚੜ੍ਹਿਆ ਕੁਲ ਆਲਮ ਵੇਖੇ, ਮੈਨੂੰ ਖ਼ਬਰ ਨਾ ਕਾਈ।
ਲੋਕਾਂ ਦੇ ਵਿਚ ਸ਼ਾਦੀ ਹੋਈ, ਝੋਰਾ ਮੈਂ ਨਿਭਰਾਈਂ[1]।
ਬੇਲੇ ਦੇ ਵਿਚ ਕਰਹਿ ਦਿਲਾਸਾ[2], ਹੁਣ ਕਿਉਂ ਚਿਤ ਨਾ ਆਈ।
ਜੇ ਮਰਾਂ ਤਕੇਂਦੀ ਰਾਹ ਤੁਸਾਡਾ, ਤਾਂ ਹੱਜ ਅਸਾਂ ਇਤ ਲਾਈ।
ਆਖ ਦਮੋਦਰ ਮੈਂ ਅੰਦਰ ਡੱਕੀ, ਤੈਨੂੰ ਖ਼ਬਰ ਨਾ ਕਾਈ॥੬੧੨॥

ਲੱਗੀ ਵਾਉ ਜਿਨ੍ਹਾਂ ਦੀ ਸਾੜੇ, ਸੇ ਗਲ ਦੇਂਦੇ ਬਾਹੀਂ[3]।
ਤਿਨੀਂ ਘਰੀਂ ਬਹਾਲਿਓ ਮੈਨੂੰ! ਸ਼ਰਮ ਤੁਸਾਂ ਸਿਰ ਸਾਈਂ।
ਕੀਕਰ ਜਾਲੀਂ[4] ਨਾਲ ਖੇੜਿਆਂ ਦੇ, ਆਤਸ਼ ਰੂਈਂ ਨਿਆਈਂ[5]।
ਆਖ ਦਮੋਦਰ ਪੁਛਣ ਕਰਦੀ, ਸਹਿਤੀ ਹੀਰੇ ਤਾਈਂ॥੬੧੩॥

## ਸਹਿਤੀ ਤੇ ਹੀਰ

ਸਹਿਤੀ ਕਹੇ ਸਭਾਈ[6] ਹੀਰੇ! ਮੈਂ ਪੁੱਛਾਂ ਤੁਧ ਤਾਈਂ।
ਰੰਜਸ਼ ਰੋਗ ਵਿਗੋਏ[7] ਤੈਨੂੰ, ਅੰਦਰ ਖਾਲੀ ਨਾਹੀਂ।
ਦਿਹੁੰ ਦਿਹੁੰ ਵੰਨੀਏਂ ਲੁੜ੍ਹਦੀ ਕੁੜੀਏ[8]! ਹਾਲਤ ਆਖ ਅਸਾਹੀਂ।
ਆਖ ਕਰੀਹਾਂ ਕਾਰੀ ਤੈਂਡੀ[9], ਚੋਰੀ ਮੈਂ ਇਸ ਜਾਹੀ॥੬੧੪॥

## ਹੀਰ

ਸੁਣ ਸਹਿਤੀ ਮੈਂ ਦੁਖੇ ਦੱਧੀ[10], ਮਾਊ ਬੁਰਾ ਕੀਤੋਈ।
ਪਿੱਛੋਂ ਮੂਲ ਨ ਵੱਟ ਵਾਹੀ[11], ਜਣ ਮਾਂ ਪਿਉ ਮਹੀਂ ਨਾ ਕੋਈ।
ਕੈਨੂੰ ਆਖਾਂ ਦਿਲ ਦੀ ਵੇਦਨ[12], ਜੋ ਲਗੀ ਜਾਣੈ ਸੋਈ[13]।
ਆਖ ਦਮੋਦਰ ਮਰਾਂ ਕਿ ਜੀਵਾਂ, ਰੋਂਦਿਆਂ, ਹਾਲ ਗਇਓਈ॥੬੧੫॥

## ਸਹਿਤੀ

ਸੁਣ ਨੀ! ਦੇਵੈ ਮੂੰਹ ਉਗਾਹੀ[14] ਪੁਛਣ ਦੀ ਗੱਲ ਨਾ ਕਾਈ।
ਅੰਦਰ ਧੁੱਖ ਬਿਆਪੀ ਤੈਕੂੰ[15], ਮਾਰ ਜਹੀ ਵਗਦਾਈ[16]।
ਆਖ ਹਕੀਕਤ ਮੈਨੂੰ ਕੁੜੀਏ। ਇਹ ਕਿਉਂ ਤੈ ਅੱਗ ਛਪਾਈ।
ਕਹੇ ਦਮੋਦਰ ਹੀਰ ਸਿਆਲੀ! ਤੂੰ ਕਹੁ, ਮੈਂ ਘੋਲ ਘੁਮਾਈ॥੬੧੬॥

---

1. ਜਿਸ ਦਾ ਕੋਈ ਭਰਾ ਨਹੀਂ, ਕੋਈ ਆਸਰਾ ਨਹੀਂ। 2. ਦਿਲਜੋਈ, ਪਿਆਰ। 3. ਜਿਨ੍ਹਾਂ ਲੋਂ ਆਈ ਵਾ ਸਾੜਦੀ ਹੈ, ਉਹ ਗਲ ਵਿਚ ਬਾਹਾਂ ਪਾਣੀਆਂ ਚਾਹੁੰਦੇ ਹਨ। 4. ਗੁਜ਼ਾਰਾ, ਗੁਜ਼ਾਰਨ ਕਰਾਂ। 5. ਜਿਵੇਂ ਅੱਗ ਤੇ ਰੂੰ ਦਾ ਮੇਲ ਨਹੀਂ ਹੋ ਸਕਦਾ ਤਿਵੇਂ ਮੇਰੀ ਖੇੜਿਆਂ ਵਿਚ ਗੁਜ਼ਰ ਨਹੀਂ ਹੋ ਸਕਦੀ। 6. ਚੰਗੇ ਭਰਾਵਾਂ ਵਾਲੀ। 7. ਰੰਜ ਨੇ ਤੇਰੀ ਹਾਲਤ ਖ਼ਰਾਬ ਕੀਤੀ ਹੈ। 8. ਦਿਨੋਂ ਦਿਨ ਰੁੜ੍ਹਦੀ ਜਾਂਦੀ ਏਂ। 9. ਤੇਰਾ ਇਲਾਜ ਕਰੀਏ। 10. ਦੁਖਾਂ ਨਾਲ ਸੜੀ ਹਾਂ। 11. ਪਿਛੇ ਪੇਕਿਆਂ ਨੇ ਕੋਈ ਖ਼ਬਰ ਨਹੀਂ ਲਈ। 12. ਪੀੜਾ, ਦੁਖੜਾ। 13. ਜਿਸ ਤਨ ਲਾਗੇ ਸੋਈ ਜਾਣੇ। 14. ਗਵਾਹੀ। 15. ਤੈਨੂੰ ਅੰਦਰ ਧੁਖ ਧੁਖੀ ਲਗੀ ਹੋਈ ਹੈ। 16. ਮਾਰ ਜਿਹੀ ਵਗੀ ਹੋਈ ਹੈ।

### ਹੀਰ

ਨਾ ਕਰ ਖਹਿੜਾ ਮੈਂਡਾ ਸਹਿਤੀ! ਆਜਜ਼[1] ਅਸੀਂ ਹਾਂ ਆਏ।
ਮਾਊਂ, ਪੀਊ ਅਤੇ ਭਿਰਾਵਾਂ, ਅਸੀਂ ਮਨਹੁੰ ਵਿਸਰਾਏ।
ਕੈਂਦੇ ਤਾਣ ਬੁਲੀਹਾਂ ਸਹਿਤੀ[2]! ਕੈਂ[3] ਅਸੀਂ ਜਾਇ ਜਮਾਏ।
ਸਹਿਤੀ! ਆਖ ਮਰਾਂ ਕਿ ਜੀਵਾਂ, ਰੋਂਦੇ ਨੈਣ ਸਵਾਏ॥੬੧੭॥

### ਸਹਿਤੀ

ਚਾਟ ਅਵੱਲੀ[4] ਤੈਂਡੇ ਅੰਦਰ, ਅਸਾਂ ਸੁ ਮਾਲੂਮ ਕੀਤੀ।
ਕੇਤੇ ਪੂਰ ਡੁਬੇ ਵਿਚ ਤਾਰੂ[5], ਇਸ਼ਕ ਜੜੀ ਤਰ ਪੀਤੀ[6]।
ਹੱਡਾਂ ਵਿਚੋਂ ਅਮਲ ਨਾ ਵੰਞੇ, ਰੋਂਦਿਆਂ ਵੰਞੇ ਬੀਤੀ।
ਸਾਈਂ ਰੰਜਸ਼[7] ਤੇਰੇ ਤਾਈਂ, ਮੈਂ ਠੀਕ ਸਹੀ ਕਰ ਲੀਤੀ॥੬੧੮॥

### ਹੀਰ

ਤੂੰ ਸਹੀ ਕਰ ਲੀਤੀ ਹੋਸੀ, ਕਰਨੀ ਏਂ ਕੁਸ਼ਤੀ[8] ਭੈਣੇ।
ਇਨ੍ਹਾਂ ਗੱਲਾਂ ਦੀ ਖ਼ਬਰ ਨ ਕਾਈ, ਨਾ ਡਿਠਿਆਸੇ ਨੈਣੇ[9]।
ਅਸੀਂ ਆਇ ਵਿਗੁਤੇ ਕੁੜੀਏ! ਨਾ ਸੱਕੇ ਨਾ ਸੈਣੇ[10]।
ਆਖ ਸਹੀ ਸਹਿਤੀ ਕਿਆ ਸਮਝਾਂ, ਦੁੱਖਾਂ ਅਸੀਂ ਰੰਵਾਣੇ[11]॥੬੧੯॥

### ਸਹਿਤੀ

ਸੁਣ ਹੀਰੇ! ਤੂੰ ਸਾਹਿਬਆਣੀ, ਕਿਤ ਨੂੰ ਮੁੱਕਰ ਪੈਂਦੀ।
ਇਹ ਉਗ ਹੀਆਂ ਅੱਖੀਂ ਦੇਵਣ, ਕਿਤ ਨੂੰ ਗੱਲ ਛਪੈਂਦੀ।
ਕਿਸੇ ਕਨੂੰ[12] ਇਹ ਛਾਪਦੀ ਨਾਹੀ, ਇਸ਼ਕ ਮੁਲਾਮਤ[13] ਤੈਂਦੀ।
ਗਰਕ ਰਹੀਏ ਤੂੰ ਵਿਚ ਇਸ਼ਕ ਦੇ, ਫਿਰ ਫਿਰ ਲਵੈ ਲਏਂਦੀ[14]।
ਆਖ ਦਮੋਦਰ ਸੁਣ ਸਿਆਲੀ ਹੀਰੇ!
ਇਸ਼ਕ ਨੈਂ ਵਿਚ ਕੇਤੀ[15] ਲੁੜ੍ਹਕੀ ਵੈਂਦੀ॥੬੨੦॥

---

1. ਨਿਮਾਣੇ। 2. ਕਿਸ ਦੇ ਜ਼ੋਰ ਨਾਲ ਬੋਲਾਂ। 3. ਕਿਨ੍ਹਾਂ ਨੇ ਸਾਨੂੰ ਜਾਇਆ ਤੇ ਵੱਡਾ ਕੀਤਾ ਹੈ; ਭਾਵ ਸਾਨੂੰ ਜਾਣ ਤੇ ਪਾਲਣ ਵਾਲਿਆਂ ਨੇ ਸਾਡੀ ਖ਼ਬਰ ਭੀ ਨਹੀਂ ਲਈ। 3. ਆਸਾਧਰਣ, ਔਖੀ। 4. ਆਸਾਧਰਣ, ਔਖੀ। 5. ਡੂੰਘੇ ਪਾਣੀ। 6. ਜਿਨ੍ਹਾਂ ਇਸ਼ਕ ਦੀ ਬੂਟੀ ਘੋਟ ਕੇ ਪੀਤੀ ਸੀ। 7. ਗ਼ਮ। 8. ਘੋਲ, ਲੜਾਈ। 9. ਅੱਖੀਂ ਨਹੀਂ ਵੇਖੇ। 10. ਕੋਈ ਸਾਕ ਸੈਣ ਇਥੇ ਨਹੀਂ ਹੈ। 11. ਦੁਖਾਂ ਨੇ ਰੰਜੀਦਾ ਕਰ ਦਿੱਤਾ ਹੈ; ਦੁਖਾਂ ਨੇ ਬੇਚੈਨ ਕਰ ਦਿੱਤਾ ਹੈ। 12. ਕੋਲੋਂ। 13. ਜ਼ਹਮਤ। 14. ਵਿਲਕਦੀ ਤੇ ਰੋਂਦੀ ਫਿਰਦੀ ਹੈ। 15. ਬੇਅੰਤ ਦੁਨੀਆਂ। ਹਿਕ ਮੈਂ ਨ ਭੁਲੀ, ਇਥੇ ਲਖਵਾਂ ਭੁਲ ਪਈ। (ਨੈਂ ਬਨਾਂ)

ਜੈਨੂੰ ਸਿੱਕ ਦੁਨੀਆਂ ਦੀ ਸਿਆਲੀ! ਸਾਵਾ ਰੰਗ ਦਿਖਾਏ।
ਲਾਲ ਗੁਲਾਬ ਜੈਂ ਸਿੱਕ ਸਾਈਂ ਦੀ, ਐਸਾ ਚਿਹਨ ਦਿਖਾਏ।
ਸਿੱਕ ਮਨੁੱਖ ਦੀ ਜੈਨੂੰ ਹੋਵੇ, ਪੀਲਾ ਰੰਗ ਸੁਹਾਏ।
ਹੀਰੇ! ਤੈਨੂੰ ਸਿੱਕ ਇਸ਼ਕ ਦੀ, ਕਿਆ ਹੋਵੈ ਜੇ ਤੂੰ ਛਪਾਏਂ॥੬੨੧॥

ਤਰਲੇ ਕਰ ਕਰ ਸਹਿਤੀ ਹੁੱਟੀ, ਸਿੱਧੀ ਹੋਂਦੀ ਨਾਹੀਂ[1]।
ਕੀਕਰ ਘਿੱਨਾਂ ਭੇਦ ਹੀਰੇ ਦਾ, ਜੇ ਹੋਵੇ ਨਹੀਂ ਅਜਾਈਂ[2]।
ਆਪਣਾ ਹਾਲ ਨ ਦੱਸੇ ਮੈਨੂੰ, ਮੈਂ ਆਪਣਾ ਹਾਲ ਸੁਣਾਈਂ।
ਆਖ ਦਮੋਦਰ ਮਤ ਹੱਥ ਆਵੇ, ਮੈਂ ਇਸ ਨੂੰ ਸਭ ਅਖਾਈਂ॥੬੨੨॥

ਇਕਤ ਸਮੇਂ ਸਹਿਤੀ ਅਪਣੇ ਜੁਲੀ[3], ਗਿਰਾਂਇ ਕਿਦਾਈਂ।
ਆਈ ਫੇਰ ਸਹੀ ਦਿਨ ਤੀਜੇ, ਕਰੇ ਫਰੇਬ ਤਦਾਈਂ।
ਢੱਠੀ ਤ੍ਰੀ ਜਾਹੀਂ[4] ਧਰਤੀ ਤੇ, ਹੀਰ ਕਹੇ[1] ਰੱਖ ਸਾਈਂ।
ਆਖ ਦਮੋਦਰ ਹੀਰ ਪੁੱਛਿਆ, ਫਿਰ ਕਰ ਸਹਿਤੀ ਤਾਈਂ॥੬੨੩॥

**ਹੀਰ**

ਸੁਣ ਸਹਿਤੀ ਤੂੰ ਪਹੀਏਂ ਤ੍ਰੁੱਠੀ[5]? ਕੇ ਦਿਤੀ ਦੇਉ ਦਿਖਾਈਂ ?
ਕੇ ਤੂੰ ਕਿਸੇ ਭੂਤ ਰੰਵਾਣੀ[6] ? ਕੇ ਸਾਇਆ ਤੁਧ ਤਾਈਂ[7] ?
ਕੇ ਤੁਟ ਪਈ ਘੋੜੇ ਦੇ ਉਤੋਂ ? ਖ਼ਬਰ ਨਹੀਂ ਮੈਂ ਤਾਈਂ।
ਸਦਕੇ ਕੀਤੀ! ਦਸ ਅਸਾਨੂੰ, ਕੁਝ ਮਾਲੂਮ ਕਰਾਈਂ॥੬੨੪॥

**ਸਹਿਤੀ**

ਜਿਹੜਾ ਸਾਹਿਬ ਯਾਰ ਅਸਾਡਾ, ਉਹ ਦਿਸੀਂਦਾ ਨਾਹੀਂ।
ਅਖੀਂ ਦਾ ਸੁਖ 'ਬਾਮ੍ਹਣ ਰਾਮੂੰ' ਜੈਂ ਮੁੱਲ ਖਰੀਦੀ ਆਹੀ;
ਜੇ ਅੱਜ ਨਾ ਆਇਆ ਨਜ਼ਰ ਅਸਾਨੂੰ, ਤਾਂ ਜੀਵਣ ਜੋਗੀ ਨਾਹੀਂ।
ਸੁਣ ਹੀਰੇ! ਕੇ ਤੈਨੂੰ ਆਖਾਂ, ਬਣੀ ਜੁ ਬਾਬ[8] ਅਸਾਹੀਂ॥੬੨੫॥

ਸੁਣ ਚਮਕਾਇਲ[9] ਹੋਈ ਸਲੇਟੀ, ਜਾਂ ਉਸ ਈਂਵ ਸੁਣਾਇਆ।
ਹਾਮੀ[10] ਏਹਾ ਮਿਹਰ ਅਸਾਡੀ, ਹੀਰੇ ਮਨ ਵਿੱਚ ਆਇਆ।
ਕਰਕੇ ਰੱਖ ਸਾਈਂ ਦੀ ਹੀਰੇ, ਪੱਖਾ ਹੱਥ ਉਠਾਇਆ।
ਆਖ ਦਮੋਦਰ ਪੈਰ ਘੁਟੇਂਦੀ, ਤਾਂ ਡਿੱਠਸੁ ਰੋਗ ਜਣਾਇਆ॥੬੨੬॥

---

1. ਹੀਰ ਸਿਧੇ ਤੌਰ 'ਤੇ ਕੁਝ ਨਹੀਂ ਦੱਸਦੀ। 2. ਐਵੇਂ ਹੀ ਨ ਮਰ ਜਰਾਏ। 3. ਗਈ ਕਿਸੇ ਪਿੰਡ। 4. ਤਿੰਨ ਥਾਵਾਂ ਪਰ ਡਿਗੀ। 5. ਕਿਸੇ ਪਰੀ ਨੇ ਤੈਨੂੰ ਡਰਾਇਆ ਹੈ। 6. ਜਿੰਨ ਭੂਤ ਨੇ ਤੈਨੂੰ ਦੁਖ ਦਿੱਤਾ ਹੈ। 7. ਜਾਂ ਤੇਰੇ ਪਰ ਕਿਸੇ ਜਿੰਨ, ਭੂਤ, ਪਰੀ ਦਾ ਪਰਛਾਵਾਂ ਪੈ ਗਿਆ ਹੈ। 8. ਹਾਲਤ। 9. ਸਹਿਤੀ ਦੀਆਂ ਗੱਲਾਂ ਸੁਣ ਕੇ ਹੀਰ ਦੀਆਂ ਅੱਖਾਂ ਵਿਚ ਚਮਕ ਆ ਗਈ। 10. ਹਿਮਾਇਤ ਕਰਨ ਵਾਲੀ।

**ਹੀਰ**

ਸੁਣ ਸਹਿਤੀ! ਮੈਂ ਸਦਕੇ ਕੀਤੀ, ਮੈਨੂੰ ਕਿਵੇਂ ਵਿਖਾਂਹੇਂ।
ਕੇਹਾ ਜੇਹਾ ਤੈਂਡਾ ਪਿਆਰਾ, ਅਸੀਂ ਦਿਦਾਰ ਕਰਾਹੇਂ।
ਵੇਖਾਇਆਂ ਕੁਝ ਵੈਂਦਾ ਨਾਹੀਂ, ਮੈਂ ਸਦਕੇ ਕੀਤੀ ਆਹੇਂ।
ਆਖ ਦਮੋਦਰ ਸ਼ੌਂਕ ਵੇਖਣ ਦਾ, ਮਤ ਕੋ ਦਿਨ ਅਸੀਂ ਜਿਵਾਹੇਂ॥੬੨੭॥

**ਸਹਿਤੀ**

ਜੇ ਲੱਧਾ ਤਾਂ ਆਣ ਵਿਖੈਸਾਂ[1], ਅਜੇ ਸੁ ਲੱਭਦਾ ਨਾਹੀਂ।
ਏਹ ਸਿਰ ਕੱਪ ਸ਼ਰੀਣੀ ਦੇਵਾਂ, ਜੇ ਫਿਰ ਯਾਰ ਵਿਖਾਹੀਂ।
ਸੁਣ ਹੀਰੇ! ਮੈਂ ਸਦਕੇ ਕੀਤੀ, ਜੋ ਮੰਗੇ ਸੋ ਤੁਧ ਦਿਵਾਹੀਂ।
ਜੋ ਆਖ਼ਰ ਪਈ ਸੁਣੀਂਦੀ ਕਾਈ, ਸੋ ਆਈ ਮੈਂ ਤਾਈਂ॥੬੨੮॥

ਜਿਉਂ ਜਿਉਂ ਸਹਿਤੀ ਦੁਖ ਫੁਲੇਂਦੀ, ਤਿਉਂ ਤਿਉਂ ਹੀਰ ਸ਼ਿਤਾਬੀ[2]।
ਪਲਕ ਪਲਕ ਕੋ ਥੀਈ ਖੁਸ਼ਾਲੀ, ਕਿਉਂ ਕਲ ਸੁਤੀ ਜਾਂਗੀ[3]।
ਮੰਡੇ ਚਿਕੇ[4], ਪੱਖਾ ਫੇਰੇ, ਚਿਣਗ ਵਜੂਦੋਂ ਲਾਗੀ।
ਬ੍ਰਾਮਣ ਰਾਮੂ ਨੂੰ ਵੇਖਣ ਕਾਰਣ, ਬਹੁਤ ਸਿਆਲ ਵੈਰਾਗੀ[5]॥੬੨੯॥

ਤਾਂ ਫਿਰ ਸਹਿਤੀ ਫੇਰਾ ਕੀਤਾ, ਬ੍ਰਾਮਣ ਜੋਗ ਸਦਾਇਆ।
ਫੰਧ ਫ਼ਰੇਬ ਹੀਰੇ ਦੇ ਕਾਰਣ, ਨਾਹੁਸ ਮੂਲ ਵੰਞਾਇਆ।
ਆਂਦਾ ਸੱਦ ਵਿਖਾਇਆ ਰਾਤੀਂ ਹੀਰੇ ਨੂੰ ਹਿਤ ਆਇਆ[6]।
ਸਾਈਆਂ! ਕਰੀਂ ਅਸਾਨ ਸੁ ਮੁਸ਼ਕਲ, ਕਾਦਰ ਜੇ ਤੁਧ ਭਾਇਆ॥੬੩੦॥

ਬ੍ਰਾਮਣ ਸਹਿਤੀ ਕੋਲ ਸੁ ਆਵੈ, ਵੇਖੈ ਹੀਰ ਵਿਚਾਰੀ।
ਜਿਉਂ ਜਿਉਂ ਮਿਲਨ ਤੇ ਹੋਵਣ ਰਾਜ਼ੀ, ਝਾਤ ਪਏਂਦੀ ਬਾਰੀ।
ਮਹਿਰਮ ਵਾਕਫ਼ ਸਹੀ ਜੇ ਹੋਈ, ਵੇਖ ਉਨ੍ਹਾਂ ਦੀ ਯਾਰੀ।
ਆਖ ਦਮੋਦਰ ਵੇਖਣ ਤਾਂਈ, ਚਾਈ ਹੀਰ ਰੈਬਾਰੀ[7]॥੬੩੧॥

ਜੇਕਰ ਸਹਿਤੀ ਮੂਲ ਨ ਹੋਵੈ, ਤਾਂ ਬ੍ਰਾਮਣ ਚਲ ਆਵੈ।
ਸੁਨੇਹੇ ਦੇ ਵੰਞੇ ਹੀਰੇ ਨੂੰ, ਸਹਿਤੀ ਜੋਗ ਸੁਣਾਵੈ।
ਜੇ ਸਹਿਤੀ ਉਠ ਵੰਞੇ ਪੇਕੇ, ਤਾਂ ਬਮਣੇਟਾ ਆਵੈ।
ਸਹਿਤੀ ਵਾਲੇ ਦੇ ਸੁਨੇਹੇ, ਰਾਮੂ ਨੂੰ ਸਮਝਾਵੈ।
ਆਖ ਦਮੋਦਰ ਈਵੈਂ ਬਣਦੀ, ਸਿਆਲ ਰੈਬਾਰੀ ਚਾਵੈ॥੬੩੨॥

---

1. ਵਿਖਾਵਾਂਗੀ। 2. ਕਾਹਲੀ ਪੈ ਰਹੀ ਸੀ। 3. ਜਿਵੇਂ ਉਸ ਦੇ ਅੰਦਰ ਇਸ਼ਕ ਦੀ ਸੁਤੀ ਕਲਾ ਜਾਗ ਪਈ ਹੋਵੇ। 4. ਸਹਿਤੀ ਦੇ ਸਰੀਰ ਨੂੰ ਘੁਟਦੀ ਤੇ ਦਬਾਂਦੀ ਸੀ। 5. ਵੈਰਾਗ ਵਿਚ ਆ ਗਈ। 6. ਹੀਰ ਨੂੰ ਚੰਗਾ ਲਗਾ। 7. ਵਿਚੋਲਾਪਨ।

ਜੇ ਮੁੱਦਤ ਬਹੁਤ ਮਹਿਰਮੀ[1] ਕੀਤੀ, ਪੜਦਾ ਰਹਿਆ ਨ ਕੋਈ।
ਸਹਿਤੀ ਆਖੇ ਸੁਣ ਹੀਰੇ ਕੁੜੀਏ! ਮੈਨੂੰ ਸੁਖ ਦਿਤੋਈ।
ਸਿੱਕਾਂ ਸਹੀ ਸੁਨੇਹੇ ਤਾਈਂ, ਜੇ ਤੁਧ ਨਾ ਮਹਿਰਮੀ ਹੋਈ।
ਆਖੇ ਦੁੱਖ ਅਸਾਨੂੰ ਆਪਣਾ, ਤੁਧ ਪੜਦਾ ਮਹੀਂ[2] ਨ ਕੋਈ॥੬੩੩॥

## ਹੀਰ

ਧੀਦੋ ਨਾਉਂ ਰੰਝੇਟਾ ਸਹਿਤੀ! ਮੈਂ ਤਿਸ ਦੇ ਹੱਥ ਵਿਕਾਣੀ।
ਇਹੁ ਨਸੀਹਤ ਬਿਨਾ ਨਾ ਮਹਿਰਮ, ਮਹਿਰਮ ਹੋਇ ਤਾਂ ਜਾਣੀ।
ਵੇਦਨ[3] ਕਹਿਰ ਇਸ਼ਕ ਦੀ ਮੈਨੂੰ, ਮੈਂਡੀ ਲਿੰਙੀ ਧਾਣੀ[4]।
ਹੋਵੇ ਫ਼ਰਕ ਸਹੀ ਸੁਣ ਸਹਿਤੀ! ਜੇਕਰ ਸਦਾਹੇਂ ਆਣੀ[5]॥੬੩੪॥

## ਸਹਿਤੀ

ਮੰਦਾ ਕੀਤੋ, ਜੋ ਭੇਤ ਨ ਦਿਤੋ, ਮੈਂ ਤਦ ਹੀ ਫ਼ਿਕਰ ਕਰੇਂਦੀ।
ਚੰਨਣ ਵੰਨੀ ਦੇਹੀ ਹੀਰੇ! ਕਿਉਂ ਈਵੈ ਗਾਲ ਵੰਞੈਦੀ।
ਇਹ ਦੁਖ ਤੈਂਡੇ ਕੋਲੂੰ ਕੁੜੀਏ! ਮੈਂ ਰਾਮੂ ਜੋਰਾ ਭਿਜੈਂਦੀ।
ਮੰਦਾ ਬਹੁਤ ਕੀਤੋਈ ਹੀਰੇ! ਮੈਂ ਪਈ ਉਸ ਥੱਕ ਪੁਛੇਂਦੀ॥੬੩੫॥

## ਹੀਰ

ਪਿੱਛੋ ਗਈ ਸੁ ਗੁਜ਼ਰੀ ਸਹਿਤੀ, ਹੁਣ ਮੈਂ ਮਰਦੀ ਆਹੀਂ।
ਉਠੀ ਵੇਖੁ, ਨ ਕਰਹੁ ਤਹੰਬਲ[6], ਆਣ ਮੈਂਡਾ ਸਿਰ ਸਾਈਂ।
ਸਦਕਾ ਤੈਂਡਾ ਸਹਿਤੀ ਬੀਬੀ, ਮਤ ਅਸੀਂ ਜਹਾਨ ਰਲਾਈਂ।
ਆਖ ਦਮੋਦਰ ਸਹਿਤੀ ਉਠੀ, ਰਾਮੂ ਭੇਜਣ ਤਾਈਂ॥੬੩੬॥

## ਰਾਮੂ ਤਖ਼ਤ ਹਜ਼ਾਰੇ ਨੂੰ

ਤਾਂ ਰਾਮੂ ਸੱਦ ਅਣਾਇਆ ਸਹਿਤੀ, 'ਜਾਵਹੁ ਤਖ਼ਤ ਹਜ਼ਾਰੇ।
ਸਾਇਤ[7] ਬਣੇ ਨ ਮੂਲ ਤਹੰਬਲ, ਦੁਖ ਸੁਣਾਏ ਸਾਰੇ।
ਜਿਉਂ ਤੁਧ ਤੇ ਮੈਂ ਪ੍ਰੀਤ ਬਿਆਧੀ, ਤਿਉਂ ਹੀਰੇ ਚਾਕ ਵਿਚਾਰੇ।
ਆਖ ਦਮੋਦਰ ਚਲਣ ਕੀਤਾ, ਬਾਮ੍ਹਣ ਪੈਰ ਸਮ੍ਹਾਰੇ[8]॥੬੩੭॥

ਦੇਹੁ ਸੁਨੇਹੋਂ ਰਾਮੂ ਆਖੇ, ਦੇਹੁ ਨਿਸ਼ਾਨੀ ਕਾਈ।
ਅਸਾਂ ਰਹਿਣ ਮੁਹਾਲ ਥੀਓਈ,[9] ਲੈ ਮੁਸੀਬ[10] ਸਿਰ ਚਾਈ।
ਜੇਹੀ ਹੀਰੇ! ਪੀੜ ਆਪਣੀ, ਤੇਹ ਪੀੜ ਪਰਾਈ।
ਆਖ ਸੁਨੇਹੇਂ ਦੇਵਨ ਕਾਰਣ, ਉਠ ਸਲੇਟੀ ਆਈ॥੬੩੮॥

---

1. ਭੇਤ ਰੱਖਣ ਦਾ ਕੰਮ। 2. ਮੇਰੇ ਕੋਲੋਂ। 3. ਪੀੜਾ, ਦਰਦ। 4. ਮੇਰੇ ਅੰਗਾਂ ਵਿਚ ਧਾ ਗਈ ਹੈ। 5. ਮੇਰੀ ਪੀੜਾ ਤਾਂ ਹੀ ਘਟੇਗੀ ਜੇ ਤੂੰ ਰਾਂਝੇ ਨੂੰ ਇਥੇ ਲਿਆ ਦੇਵੇਂ। 6. ਸਬਰ, ਦੇਰ। 7. ਘੜੀ, ਇਕ ਘੜੀ ਭੀ ਦੇਰ ਨਹੀਂ ਬਣਦੀ। 8. ਬ੍ਰਾਹਮਣ ਸਫ਼ਰ ਲਈ ਤਿਆਰ ਹੋਣ ਲਗਾ। 9. ਸਾਡਾ ਰਹਿਣਾ ਮੁਸ਼ਕਿਲ ਹੋ ਗਿਆ ਹੈ। 10. ਮੁਸੀਬਤ।

### ਹੀਰ ਦੇ ਸੁਨੇਹੇ

ਬੇੜੀ ਦੇ ਵਿਚ ਪਲੰਘ ਸੁਹਾਵਾ[1], ਸੁਤੋਂ ਆਇ ਕਿਵਾਈਂ[2]।
ਮਹੀਂ ਮੁਰੀਦ ਕੀਤੇ[3] ਬੇੜੀ ਵਿਚ, ਸਦਕੇ ਕੀਤੀ ਆਹੀ।
ਸਾਬਤ ਸਿਦਕ[4] ਅਕੀਦਾ ਮੁਹਕਮ[5], ਜੋ ਦੇਵਹੁ ਮੈਂ ਤਾਈਂ।
ਆਖ ਸਾਹਿਬ ਮੈਂ ਅਉਗਣਹਾਰੀ, ਬਖਸ਼ ਗੁਨਾਹ ਅਸਾਹੀਂ ॥੬੩੯॥

ਛੱਤੀ ਟਾਲ੍ਹੀ[6] ਤੇ ਗੰਜਾ ਪਿੱਪਲ[7], ਉਥੇ ਬੋਲ[8] ਕੀਤੋਈ।
ਮੈਂ ਸਿਰ ਛਤੇ ਮਾਣੇ ਮਤੇ[9], ਤੈਂ ਸਿਰ ਬੋਦੀ ਹੋਈ।
ਮਰਦਿਆਂ ਵਾਹ ਜਾਨ ਬਿਨ ਨਾਹੀਂ, ਕੇ ਮਹੀਂ ਕੰਬਖਤੀ[10] ਕੋਈ।
ਆਖ ਦਮੋਦਰ ਕਾਮਲ ਮੁਰਸ਼ਦ[11], ਗ਼ੌਰ ਮੁਰੀਦ[12] ਨ ਹੋਈ ॥੬੪੦॥

ਆਖ ਵਿਖਾਂ ਮੈਂਡੀ ਕੇ ਹੋਸੀ, ਪਈ ਫਿਰਾਕੋ[13] ਸੜਸਾਂ।
ਆਈਉਮ ਜਾਲ ਕਹਿਰ ਦੀ[14] ਧੀਦੋ! ਮੂੰਹ ਵੇਖਣ ਨੋ ਬਲਸਾਂ[15]।
ਜੇ ਸੁਣਿਓਈ ਮੁਇਆਂ ਤਤੀ ਨੂੰ, ਕਹਿਰ ਜਨਾਜ਼ੋਂ ਮਰਸਾਂ।
ਕਬਰੇ ਅੰਦਰ ਨਾਉ ਰਾਂਝਨ ਦਾ, ਦਸਤ ਕੀਤੀ[16] ਲੈ ਵੜਸਾਂ ॥੬੪੧॥

ਜੇਹੀ ਪ੍ਰੀਤ ਦਸਰਥ ਸੁਤ ਨੰਦਨ[17], ਦੂਜੀ ਸੀਤਾ ਆਹੀ।
ਜੇਹੀ ਪ੍ਰੀਤ ਨੰਦ ਕੇ ਨੰਦਨ[18], ਅਰ ਬ੍ਰਿਖਭਾਨ ਕੀ ਜਾਈ[19]।
ਹੁਣ ਤੈਂਡੀ ਮੈਂਡੀ ਪ੍ਰੀਤ ਅਜੇਹੀ, ਜਾਣੈ ਸਭ ਲੁਕਾਈ।
ਆਖ ਦਮੋਦਰ ਸੁਣ ਮੀਆਂ ਰਾਂਝਾ, ਤੂੰ ਮੈਂਡਾ ਸਿਰ ਸਾਂਈ ॥੬੪੨॥

ਉਠੀ ਰਾਮੂ! ਪਹੁੰਚ ਸਵੇਰੇ, ਮੈਂ ਮਰ ਵੈਂਦੀ ਆਹੀ।
ਸੁਤੀ ਅੱਗ ਜਗਾਈ ਸਹਿਤੀ, ਤਨ ਮੈਂਡੇ ਕੂੰ ਲਾਈ।
ਤੈਂਡਾ ਪਹੁੰਚਣ ਰਾਮੂ ਬ੍ਰਾਮਣ, ਤੈਨੂੰ ਕਰਮ ਇਲਾਹੀ[20]।
ਆਖ ਦਮੋਦਰ ਰਾਮੂ ਬ੍ਰਾਮਣ ! ਪਹੁੰਚ ਹਜ਼ਾਰੇ ਭਾਈ ॥੬੪੩॥

---

1. ਸੁੰਦਰ। 2. ਕਿਸੇ ਤਰ੍ਹਾਂ। 3. ਮੈਨੂੰ ਤੂੰ ਆਪਣਾ ਮੁਰੀਦ ਬਣਾ ਲਿਆ। 4. ਨਿਸ਼ਚਾ ਸੰਪੂਰਨ। 5. ਪੱਕਾ ਨਿਸ਼ਚਾ। 6. ਸੰਘਣੇ ਪੱਤਿਆਂ ਵਾਲੀ ਟਾਹਲੀ। 7. ਵਿਰਲੇ ਪੱਤਿਆਂ ਵਾਲਾ ਪਿਪਲ। 8. ਉਥੇ ਤੂੰ ਪ੍ਰੀਤ ਨਿਭਾਣ ਦਾ ਪ੍ਰਣ ਕੀਤਾ ਸੀ। 9. ਮੇਰੇ ਸਿਰ ਤੇ ਸੰਘਣੇ ਛੱਤੇ ਸਨ। ਜਾਂਗਲੀ ਕੁੜੀਆਂ ਦੇ ਛੋਟੀ ਉਮਰੇ ਵਾਲ ਕੱਟ ਦਿੱਤੇ ਜਾਂਦੇ ਹਨ, ਕੇਵਲ ਮੱਥੇ ਅੱਗੇ ਛੋਟੇ-ਛੋਟੇ ਰੱਖੇ ਜਾਂਦੇ ਹਨ। 12 ਸਾਲਾਂ ਉਪਰੰਤ ਲੜਕੀ ਦੇ ਵਾਲ ਕੱਟਣੇ ਬੰਦ ਕਰ ਦਿੱਤੇ ਜਾਂਦੇ ਹਨ। ਇਹ ਜਦ ਵਧਣ ਲਗ ਜਾਂਦੇ ਹਨ ਤਾਂ ਛੱਤੇ ਕਹੇ ਜਾਂਦੇ ਹਨ। 10. ਮੇਰੇ ਹੀ ਭਾਂਗ ਹਰ ਗਏ ਹਨ। 11. ਹੇ ਰਾਂਝੇ। ਤੂੰ ਤੇ ਪੂਰਨ ਪੀਰ ਹੈਂ। 12. ਮੈਂ ਮੁਰੀਦ ਦੀ ਮੁਸ਼ਕਲ ਪਰ ਗ਼ੌਰ ਨਹੀਂ ਕੀਤਾ ਗਿਆ। 13. ਵਿਜੋਗ ਵਿਚ। 14. ਮੇਰੀ ਗੁਜ਼ਰਾਨ ਬੜੀ ਔਖੀ ਹੈ, ਕਹਰਾਂ ਭਰੀ ਹੈ। 15. ਤੇਰਾ ਮੂੰਹ ਵੇਖਣ ਦੀ ਤਾਂਘ ਵਿਚ ਇਹ ਦਮਾਂ ਦੀ ਬਤੀ ਬਲਦੀ ਰਹੇਗੀ। 16. ਰਾਂਝਣ ਦੇ ਨਾਂ ਦੀ ਦੁਆ ਪੜ੍ਹਦੀ ਹੋਈ। 17. ਦਸ਼ਰਥ ਦਾ ਪੁੱਤਰ ਰਾਮ। 18. ਨੰਦ ਦਾ ਪੁੱਤਰ ਕ੍ਰਿਸ਼ਨ ਭਗਵਾਨ। 19. ਬ੍ਰਿਛਭਾਨ ਦੀ ਪੁੱਤਰੀ ਰਾਧਾ। 20. ਤੇਰੇ ਉਪਰ ਰੱਬ ਦੀ ਬਖ਼ਸ਼ਿਸ ਹੋਵੇ।

## ਰਾਮੂ ਦਾ ਹਜ਼ਾਰੇ ਜਾਣਾ

ਤਾਂ ਰਾਮੂ ਨੂੰ ਇਸ਼ਕ ਹੀਰੇ ਦਾ, ਲਿੰਙੀਂ ਧਸਕੇ ਆਇਆ[1]।
ਮੁਠੀ ਵੱਟ[2] ਚਲਿਆ ਬਮਣੇਟਾ, ਪੱਲੇ ਖ਼ਰਚ ਨਾ ਪਾਇਆ।
ਮੰਜ਼ਲ ਵੱਡੀ, ਮੂੰਹ ਰਾਤ[3] ਰਾਮੂ ਨੇ, ਕੇਹਾ ਕਦਮ ਉਠਾਇਆ।
ਆਖ ਦਮੋਦਰ ਜਾਂ ਪਹੁ ਫੁਟੀ ਤਾਂ ਕੋਹ ਚਾਲੀ ਆਇਆ॥੬੪੪॥

ਵੜਿਆ ਵਿੱਚ ਗਿਰਾਂ[4] ਬਮਣੇਟਾ, ਰੋਟੀ ਲੈ ਪਕਵਾਵੇ।
ਡੱਬੇ[5] ਮਾਰ ਲਈ ਅਧ-ਪੱਕੀ, ਚੌਂਕੇ ਬੈਠ ਨਾ ਖਾਵੇ।
ਚਾਰ ਪਹਿਰ ਪੋਈਏ[6] ਉਠ ਜੁਲਿਆ, ਪਾਸੀਂ ਖੰਡ ਲਗਾਵੇ[7]।
ਆਖ ਦਮੋਦਰ ਨਾਲ ਨਿਮਾਸ਼ੀ[8] ਤਾਂ ਕੋਹ ਅੱਸੀ ਆਵੇ॥੬੪੫॥

ਜਾਇ ਗਿਰਾਇੰ ਵੜਿਆ ਬਮਣੇਟਾ, ਟੁਕਰ[9] ਖਾਵਣ ਵਾਰਾ।
ਖਲ੍ਹਿਆਂ ਪਕਵਾਈ ਰੋਟੀ, ਬੈਠੋ ਨਾਹੀਂ, ਅਜੇ ਫਿਰ ਚਲਣਹਾਰਾ।
ਆਈ ਰਾਤ ਬਹੁਤ[10] ਬ੍ਰਾਮਣ ਨੂੰ, ਜ਼ਰਾ ਨਾ ਬਹਿਣੇ ਹਾਰਾ।
ਆਖ ਦਮੋਦਰ ਜਾਂ ਪਹੁ ਫੁੱਟੀ ਤਾਂ ਨਦਰੀ ਪਇਆ ਹਜ਼ਾਰਾ॥੬੪੬॥

ਵੜਿਆ ਆਇ ਹਜ਼ਾਰੇ ਰਾਮੂ, ਘਰ ਬ੍ਰਾਮਣਾ ਦੇ ਆਇਆ।
ਕੁਲ ਹਕੀਕਤ ਪੁਛੀ ਓਸ ਤੋਂ, ਰਾਮੂ ਸਭ ਦਸਾਇਆ।
ਅੱਗੇ ਕੰਮ ਜੁਲੇ ਕਸ਼ਮੀਰੇ, ਸੱਚ ਨਾ ਮੂਲ ਲਖਾਇਆ[11]।
ਆਖ ਦਮੋਦਰ ਰਾਮੂ ਬ੍ਰਾਮਣ ਏਹਾ ਸੁਖਨ ਸੁਣਾਇਆ॥੬੪੭॥

## ਰਾਮੂੰ

ਕੇਹੇ ਹਾਕਮ ? ਮੀਂਹ ਕਿਵੇਹੇ ? ਕੇਹੇ ਸਰਦਾਰ ਤੁਸਾਹੀਂ।
ਕੇਹੇ ਫ਼ਸਲ ਤੁਸਾਡੇ ਭਾਈ ? ਬਹੁਤ ਅਸੂਦੀਆਂ ਜਾਹੀਂ[12]।
ਮੌਜਮ ਭਲਾ ਸੁਣੀਵੇ ਸਾਉ[13] ! ਆਖੋ ਗੱਲ ਅਸਾਹੀਂ।
ਆਖੋ ਪਿੱਛੇ ਮੌਜਮ ਦੇ ਬੇਟੇ, ਕੇਹੇ ਆਖ ਦਸਾਹੀਂ॥੬੪੮॥

---

1. ਜਿਵੇਂ ਉਸਦੀਆਂ ਲੱਤਾਂ ਫਿਰ ਇਸ਼ਕ ਆ ਗਿਆ ਹੋਵੇ। ਭਾਵ ਰਾਮੂ ਹੀਰ ਦੀ ਖਾਤਰ ਲੰਬਾ ਪੈਂਡਾ ਮਾਰਨ ਨੂੰ ਤਿਆਰ ਹੋ ਗਿਆ। 2. ਦ੍ਰਿੜ੍ਹ ਇਰਾਦੇ ਨਾਲ, ਤ੍ਰਿਖਾ ਤੁਰਣ ਵੇਲੇ ਹੱਥ ਦੀ ਮੁੱਠੀ ਵਟੀ ਜਾਂਦੀ ਹੈ। 3. ਰਾਤ ਪੈਣ ਨਾਲ। 4. ਪਿੰਡ, ਠੱਟਾ। 5. ਤਹਿਮਤ ਦਾ ਲੜ ਜੋ ਭਵਾਂ ਕੇ ਕਮਰ ਨਾਲ ਧੋਤੀ ਦੀ ਲਪਟੇ ਵਿਚ ਹੀ ਟੁੰਗ ਲਿਆ ਜਾਂਦਾ ਹੈ। 6. ਦੋ ਪੈਰੀਂ, ਤ੍ਰਿਖਾ। 7. ਜਿਵੇਂ ਉਸਦੇ ਪਾਸਿਆਂ ਤੇ ਖੰਭ ਲਗੇ ਹੋਣ। 8. ਨਿਮਾ ਸ਼ਾਂਮ, ਤ੍ਰਕਾਲੀਂ। 9. ਰੋਟੀ ਖਾਣ ਲਈ। 10. ਬਾਹਰ, ਜੰਗਲ ਵਿਚ। 11. ਜ਼ਾਹਰ ਨਾ ਕੀਤਾ। 12. ਖੁਸ਼ਹਾਲ ਥਾਵਾਂ। 13. ਸ਼ਰੀਫ਼, ਸਰਦਾਰ।

### ਹਜ਼ਾਰੇ ਦਾ ਬ੍ਰਾਮਣ

ਬੇਟੇ ਤ੍ਰਾਹੇ ਚੜ੍ਹੋ ਚੜ੍ਹਦੇ[1], ਨਿੰਦਣ ਜੋਗੇ ਨਾਹੀਂ।
ਜੇਹਾ ਸਮਾਂ ਫ਼ਸਲ ਤਿਵੇਹਾ, ਮੀਂਹ ਤਿਵੇਹੇ ਸਾਈਂ।
ਮੌਜ਼ਮ ਹੋਂਦਿਆ ਚੋਖੀ ਬਰਕਤ, ਹੁਣ ਵੀ ਮੰਦੀ ਨਾਹੀਂ।
ਚੌਥਾ ਬੇਟਾ ਮੌਜਮ ਸੰਦਾ, ਸੱਥਰ ਧੂੰਏਂ ਦਾ ਸਾਈਂ॥੬੪੯॥

ਏਹ ਸੁਣ ਰਾਮੂ ਫ਼ਿਕਰ ਕੀਤੋਈ, ਪੁੱਛਣ ਕੀਤਾ ਭਾਈ।
ਮੌਜਮ ਦੇ ਤ੍ਰੈ ਬੇਟੇ ਚੰਗੇ, ਚੌਥਾ ਕਿਤੇ ਸਿਧਾਈ[2]।
ਦੇਸ ਛੋੜ ਪਰਦੇਸੀ ਹੋਇਆ, ਵੰਞ ਕਿਥੇ ਧੂਈਂ[3] ਪਾਈ ?
ਆਖ ਦਮੋਦਰ ਰਾਮੂ ਪੁੱਛੇ, ਉਸ ਬ੍ਰਾਮਣ ਦੇ ਤਾਈਂ॥੬੫੦॥

ਤਦਣ[4] ਹਜ਼ਾਰੇ ਵਾਲਾ ਬ੍ਰਾਮਣ, ਆਖੇ ਰਾਮੂ ਤਾਈਂ।
ਚੌਥਾ ਬੇਟਾ ਮੌਜਮ ਸੰਦਾ, ਗਇਆ ਨਾ ਛੋੜ ਕਿਦਾਈਂ।
ਅੱਗੇ ਰਹਿੰਦਾ ਵਿਚ ਸਿਆਲੀਂ ਜਾਂ ਜਾਂ ਹੀਰ ਨ ਵਿਆਹੀ।
ਆਖ ਦਮੋਦਰ ਹੀਰ ਪਰਨੀਂ[5] ਖੇੜੀਂ, ਤਾਂ ਆ ਰਿਹਾ ਇਥਾਈਂ॥੬੫੧॥

ਏਹ ਸੁਣ ਰਾਮੂ ਉਠ ਖਲੋਤਾ, ਸ਼ਹਿਰੋਂ ਬਾਹਰ ਆਇਆ।
ਅਗੇ ਨੀਂਗਰ[6] ਖੇਡਦੇ ਆਹੇ, ਦਾਰਾ[7] ਵੰਞ ਪੁਛਾਇਆ।
ਹਿਕ ਅਗੇ, ਹਿਕ ਨਾਲ ਉਠ ਚਲੇ[8], ਚੱਲ ਦਿਖਾਈਊਂ ਤਾਇਆ।
ਆਖ ਦਮੋਦਰ ਰਾਮੂ ਬ੍ਰਾਮਣ, ਦਾਰੇ ਉਤੇ ਆਇਆ॥੬੫੨॥

ਤਾਂ ਰਾਮੂ ਦਾਰੇ ਤੇ ਆਇਆ, ਆਸਣ ਆਇ ਕੀਤੋਈ[9]।
ਸਾਰਾ ਦਿਹੁੰ ਤਕੇਂਦਿਆਂ ਗੁਜ਼ਰਿਆ, ਗੱਲ ਦਾ ਵਿਹਲ[10] ਨਾ ਕੋਈ।
ਅੱਖੀਂ ਵੇਖ ਹੁਟਾ[11] ਬਸਵੇਟਾ, ਸਾਰਾ ਦਿਹੁੰ ਗੁਜ਼ਰਿਓਈ।
ਆਖ ਦਮੋਦਰ ਜਾਂ ਦਿਹੁੰ ਲੱਥਾ, ਤਾਂ ਅੱਗੋਂ ਰਾਤ ਪਇਓਈ॥੬੫੩॥

ਦਿਹੁੰ ਲੱਥਾ, ਤ੍ਰਕਾਲਾਂ ਪਈਆਂ, ਕੋ ਆਵੈ ਕੋ ਜਾਵੈ।
ਰਾਮੂ ਬੈਠਾ ਤੱਕੇ ਉਦਾਈਂ[12], ਗਲ ਦਾ ਵਿਹਲ ਨਾ ਪਾਵੈ।
ਥੀ ਉਦਾਸ ਫਿਰੇ ਚੌਗਿਰਦੀ, ਉਥੇ ਬਹਿਣ ਨਾ ਆਵੈ।
ਆਖ ਦਮੋਦਰ ਰਾਮੂ ਆਖੇ, ਲੋਕ ਇੱਥੋਂ ਕਿਵੇਂ ਜਾਵੈ॥੬੫੪॥

---

1. ਚੜ੍ਹਦੀਆਂ ਕਲਾਂ ਵਿਚ। 2. ਕਿਥੇ ਚਲਾ ਗਿਆ। 3. ਧੂਣੀਂ, ਦਰਵੇਸ਼ਾਂ ਦੇ ਡੇਰੇ ਦੀ ਧੂਣੀਂ। 4. ਉਸ ਵੇਲੇ। 5. ਹੀਰ ਖੇੜਿਆਂ ਦੇ ਵਿਆਹੀ ਗਈ। 6. ਜਵਾਨ ਮੁੰਡੇ। 7. ਫ਼ਕੀਰ ਦਾ ਡੇਰਾ। 8. ਮੁੰਡੇ ਅੱਗੇ ਪਿੱਛੇ ਹੋ ਚਲੇ। 9. ਆ ਬੈਠਿਆ। 10. ਵਿਹਲਾ ਸਮਾਂ। 11. ਥੱਕ ਗਿਆ। 12. ਉਸੇ ਪਾਸੇ।

ਏਹੋ ਫ਼ਿਕਰ ਡਾਢਾ ਅਸਾਂ ਯਾਰੋ ਜ਼ਰਾ ਅਰਾਮ ਨਾ ਆਂਦਾ।
ਜੋ ਕੋਈ ਫ਼ਿਕਰ ਹੋਵੇ ਦਿਲ ਅੰਦਰ, ਖਾਵਣ ਪੀਣ ਨਾ ਭਾਂਦਾ।
ਜਾਂ ਜਾਂ ਫਿਕਰ ਨਾ ਮਿਟੇ ਅਸਾਡਾ, ਤਾਂ ਤਾਂ ਫਿਕਰ ਨ ਬਾਂਹਦਾ।
ਆਖ ਦਮੋਦਰ ਜਾਂ ਪਈਆਂ ਨਿਮਸ਼ਾਂ, ਤਾਂ ਲੋਕ ਸਭੋ ਘਰ ਜਾਂਦਾ॥੬੫੫॥

ਜਾਂ ਟੁਰ ਲੋਕ ਗਇਆ ਘਰ ਅਪਣੇ, ਤਾਂ ਰਾਮੂ ਚਲ ਆਇਆ।
ਪਾਸ ਧੀਦੋ ਦੇ ਆਇ ਕਰਾਹੂੰ ਆਸਣ[1] ਚਾਇ ਵਿਛਾਇਆ।
ਸੱਜੇ ਖੱਬੇ ਪਰਤ ਡਿਠੋਸੂ, ਨਦਰੀਂ[2] ਕੋਈ ਨਾ ਆਇਆ।
ਆਖ ਦਮੋਦਰ ਰਾਮੂੰ ਬ੍ਰਾਮਣ, ਗੱਲ ਕਰਨੇ ਨੂੰ ਸਧਰਾਇਆ[3]॥੬੫੬॥

ਡਰਦਾ ਗੱਲ ਨ ਆਖੇ ਰਾਮੂ, ਮਤ ਕੋਈ ਸੁਣ ਪਾਵੈ।
ਰਾਮੂੰ ਤੱਕੇ ਸ਼ਹਿਰ ਦੇ ਪਾਸੇ, ਮਤ ਕੋਈ ਆ ਜਾਵੈ।
ਰਾਂਝੇ ਦਿਲ ਵਿਚ ਏਹਾ ਕੀਤੀ, ਇਹ ਕਿਹੜੇ ਗੁਜ਼ਰ ਸਿਧਾਵੈ[4]।
ਆਖ ਦਮੋਦਰ ਥੀਆਂ ਜਾਂ ਸੋਤਾ[5], ਤਾਂ ਰਾਂਝਾ ਤਿਸੇ ਪੁਛਾਵੇ॥੬੫੭॥

**ਧੀਦੋ ਰਾਂਝਾ**

ਕਿਹੜੇ ਪਾਸਿਓਂ ਆਇਓਂ ਬੇਲੀ! ਵੈਸੇਂ ਕਿਹੜੀ ਜਾਈ।
ਕੈਂ ਨਾਲ ਤੇਰਾ ਮਤਲਬ ਏਹੈ, ਕੈਨੂੰ ਪੁੱਛ ਨੈਂ ਭਾਈ।
ਕੈਂ ਕਾਰਨ ਤੂੰ ਬੈਠਾ ਏਹੈਂ, ਦਿਲ ਦੀ ਗਲ ਸੁਣਾਈਂ।
ਆਖ ਦਮੋਦਰ ਰਾਮੂ ਆਖੇ, ਅਸਾਂ ਰਹਿਣਾ ਇਸੇ ਜਾਈ॥੬੫੮॥

ਰਾਤ ਪਈ ਤਾਂ ਕਹਿਆ ਰੰਝੇਟੇ, ਵਸਤੀ ਵੰਞ[6] ਅਖਾਈਂ?
ਰਹਿਣ ਬਹਿਣ ਦੀ ਜਾਇ ਕਿਦਾਈਂ[7], ਸਵੇਰੇ[8] ਕਰਹੁ ਕਿਦਾਈਂ।
ਜੇ ਨਹੀਂ ਖ਼ਰਚ, ਆਟਾ ਘਿਉ ਤੈਂਥੇ, ਤਾਂ ਅਸੀਂ ਕਿਸੇ ਅਖਾਹੀਂ।
ਪਇਆ ਹਨੇਰੇ ਔਖਾ ਥੀਸੀ, ਧੀਦੋ ਆਖ ਸੁਣਾਈਂ॥੬੫੯॥

**ਰਾਮੂ**

ਕਿੱਦੇ ਵੰਞਾਂ ਸੁਣਹੁ ਹਕੀਕਤ, ਤੈਂਥੇ ਆਇਆ ਆਹੀ।
ਤੈਂਥੇ ਹੀਰ ਭੇਜਿਆ ਮੈਨੂੰ, ਸਨੇਹੇਂ ਘਿੰਨ ਦੇਵਾਹੀਂ।
ਸੁਣ ਕਰ ਲੜਿਆ[9] ਬਹੁਤ ਰਾਮੂ ਨੂੰ, ਆਖਣ ਦੀ ਗੱਲ ਨਾਹੀਂ।
ਮੈਂ ਕੇ ਜਾਣਾ? ਤੂੰ ਕੀ ਆਖੇਂ? ਮੈਂ ਹੀਰ ਜਾਣਾ ਈਂ ਨਾਹੀਂ॥੬੬੦॥

---

1. ਬਹਿਣ ਦਾ ਕਪੜਾ। 2. ਨਜ਼ਰ। 3. ਦਿਲ ਵਿਚ ਇਛਿਆ ਕੀਤੀ। 4. ਕਿਹੜੇ ਵੇਲੇ ਇਥੋਂ ਜਾਵੇ।
5. ਨਿਮਾ ਸ਼ਾਮ ਵੇਲਾ, ਤ੍ਰਿਕਾਲਾਂ। 6. ਆਬਾਦੀ। 7. ਕਿਸੇ ਪਾਸੇ। 8. ਵੇਲੇ ਨਾਲ। 9. ਗੁੱਸੇ ਹੋਇਆ।

ਤਾਂ ਫਿਰ ਰਾਮੂ ਬ੍ਰਾਮਣ ਬੋਲਿਆ[1] ਬੇਲੀ, ਇਹ ਜਬਾਬ ਕਿਤੋਈ।
ਨਵਾਂ ਬੇੜਾ ਤੇ ਲੁਡਣ ਮੁਹਾਣਾ, ਵੇਖ ਕੇ ਮੁਖ ਘਿਧੋਈ[1]।
ਨੈਂ ਚਨਾਹਾਂ, ਚੁਚਕਾਣਾ ਪੱਤਣ, ਰਾਂਝਿਆ! ਵੰਞ ਡਿਠੋਈ।
ਆਖ ਦਮੋਦਰ ਪਲੰਘ ਦੇ ਉੱਤੇ ਸੈ[2] ਅਰਾਮ ਕੀਤੋਈ॥੬੬੧॥

**ਰਾਂਝਾ**

ਨੈਂ ਚਨਾਂਹਾਂ ਤੇ ਲੁਡਣ ਬੇਲੀ! ਅਸਾਂ ਤਾਂ ਸੁਣਿਆ ਨਾਹੀਂ।
ਕੈਂਦਾ ਵੰਞਣ ਤੇ ਕੈਂਦਾ ਆਵਣ? ਮੈਂਡੀ ਜਾਲ[3] ਇਥਾਈਂ।
ਤੂੰ ਤਾਂ ਭਲੋਂ ਰਾਮੂ ਬਾਮਣ। ਮੈਂ ਤਾਂ ਰਾਂਝਾ ਨਾਹੀਂ।
ਆਖ ਦਮੋਦਰ ਰਾਂਝਾ ਆਖੇ, ਮੈਂ ਕੇ ਜਾਣਾ ਹੀਰੇ ਤਾਈਂ॥੬੬੨॥

**ਰਾਮੂ**

ਦੂਜਾ ਘਿੰਨ ਸਨੇਹਾ ਧੀਦੋ! ਤੈਨੂੰ ਮੈਂ ਜੁ ਅਖਾਹੀਂ।
ਛੱਤੀ ਟਾਲ੍ਹੀ ਤੇ ਲੰਡਾ ਪਿੱਪਲ, ਉਥੇ ਜਾਲ ਤੁਸਾਹੀਂ।
ਬੇਲੇ ਦੇ ਵਿਚ ਮੇਹੀਂ[4] ਚਾਰੇਂ, ਤੇ ਹੀਰ ਆਵੇ ਤੈਂ ਤਾਈਂ।
ਜਲ੍ਹਰ[5] ਉੱਤੇ ਬਹਿ ਕਰ ਧੀਦੋ! ਚੂਰੀ ਤੁਧ ਖਵਾਈਂ।
ਆਖ ਦਮੋਦਰ ਰਾਮੂ ਆਖੇ, ਸਨੇਹੇ ਇਹ ਦਿਵਾਈਂ॥੬੬੩॥

ਤਟਾ ਪੈਰਾਂ[6] ਉਤੇ ਰਾਂਝਾ, ਤੁਧ ਅੱਖੀਂ ਡਿੱਠੀ ਭਾਈ?
ਸਹੀ ਸਲਾਮਤ? ਆਖ ਹਕੀਕਤ ਦਸ ਚੂਚਕ ਦੀ ਜਾਈ?
ਸਹੀ ਸੱਚ, ਜਾਣ ਅਕੀਦੇ[8] ਤਾਈਂ, ਮੈਂ ਮਰਣੋਂ ਢਿਲ ਨਾ ਕਾਈ।
ਆਖ ਹਕੀਕਤ ਬ੍ਰਾਮਣ ਮੈਨੂੰ, ਹੁਣ ਆਖ਼ਰ ਅਸਾਂ ਆਈ ॥੬੬੪॥

**ਰਾਮੂ**

ਰੱਤੀ ਰਤ ਨ ਮਾਸਾ ਮਾਸ ਹੈ ਆਖਣ ਦੀ ਗੱਲ ਨਾਹੀਂ[9]।
ਮਰੈ ਨਹੀਂ, ਮਰ ਜੀਵੈ ਫਿਰ ਫਿਰ, ਸੁਲਕ ਸੁਲਕ ਬੁਝ ਜਾਈਂ[10]।
ਜਾਂ ਜਾਂ ਢਿਲ ਮੇਰੇ ਵੰਞਣ ਦੀ, ਜੀਵੇ ਤਾਂ ਤਾਂ ਤਾਈਂ।
ਸੁਣ ਸਾਹਿਬ ਜੇ ਮੈਂ ਫਿਰ ਵੈਂਸਾਂ, ਤਾਂ ਜੀਵਨ ਦੀ ਨਾਹੀਂ॥੬੬੫॥

---

1. ਲੁੱਡਣ ਤੇਰਾ ਮੁਖੜਾ ਵੇਖ ਕੇ ਮੋਹਿਆ ਗਿਆ। 2. ਸਉਂ ਕੇ। 3. ਰਿਹਾਇਸ਼, ਗੁਜ਼ਰਨ। 4. ਮੱਝਾਂ। 5. ਮਣ, ਮਨ੍ਹੀ। 6. ਪੈਰਾ ਤੇ ਢਹਿ ਪਿਆ। 7. ਹੀਰ। 8. ਧਰਮ ਨਾਲ, ਨਿਸ਼ਚੇ ਨਾਲ। 9. ਨਹੀਂ। 10. ਧੁਖ ਧੁਖ ਕੇ ਬੁਝ ਰਹੀ ਹੈ।

ਤਾਂ ਮੁੱਠੀ ਮੀਟੀ ਧੀਦੋ ਰਾਂਝੇ, ਤ੍ਰਗ[1] ਰਾਮੂ ਗਲ ਪਾਈ।
ਪਹੁੰਚ ਕਿਵੀਹੀ ਵਹਿਲਾ[2] ਰਾਮੂ। ਮੈਂ ਭੀ ਆਇਆ ਆਹੀ।
ਆਇਆ ਵੇਖ ਅਸਾਨੂੰ ਹੀਰੇ, ਰਾਮੂੰ ਵੇਖ ਜੀਵਾਈ।
ਆਖ ਦਮੋਦਰ ਰਾਂਝੇ ਚਲਣ ਕੀਤਾ, ਥੀ ਉਦਾਸ ਤਦਾਹੀਂ[3] ॥੬੬੬॥

## ਰਾਂਝੇ ਜੋਗੀ ਦੇ ਟਿੱਲੇ

ਤਾਂ ਦਾਰਾ, ਝੁੱਗੀ, ਸਾੜੀ ਖੀਦੋ, ਭੰਨੇ ਘੜੇ ਤਦਾਹੀਂ।
ਅਧੀ ਰਾਤੀਂ ਚੱਲਣ ਕੀਤਾ, ਬੈਠਿਆਂ ਬਣਦੀ ਨਾਹੀਂ।
ਓੜਕ ਆਇ ਪਹੁਤੀ ਸਲੇਟੀ[4], ਮਤ ਫੌਤ ਪਏਸੀ[5] ਸਾਈਂ।
ਅਸਾਂ ਤਾਂ ਸਿਕ ਤੁਸਾਡੀ ਹੀਰੇ ? ਸਰ ਪਰ ਤੁਸਾਂ ਮਿਲਾਹੀਂ ॥੬੬੭॥

ਪਹਿਲਾਂ ਟਿੱਲੇ ਚਲਿਆ ਰਾਂਝਾ, ਏਹਾ ਮਨ ਵਿਚ ਆਈ।
ਪਹਿਲੀ ਮਜ਼ਲ[6] ਰੰਝੇ ਕੀਤੀ, ਜਿਹਲਮ ਪਹੁਤਾ ਆਈ।
ਦੂਜੀ ਮਜ਼ਲ ਕੀਤੀ ਉਠ ਧੀਦੋ, ਚੜ੍ਹੇ ਪਹਾੜੇ ਜਾਈ ।
ਆਖ ਦਮੋਦਰ ਤੀਜੀ ਮਜਲੇ, ਟਿੱਲੇ ਪਹੁਤਾ ਧਾਈ[7] ॥੬੬੮॥

ਟਿੱਲਾ ਵੰਞ ਡਿਠੋਈ ਧੀਦੋਂ, ਏਹ ਮਨ ਵਿੱਚ ਪਾਈ।
ਸਰ ਪਰ ਜਾਇ ਦਿਦਾਰ[8] ਕੀਚੇ, ਢਿੱਲ ਨਾ ਬਣਦੀ ਕਾਈ।
ਪਹੁਤਾ[9] ਜਾਇ ਮੁਕਾਮ[10] ਪੀਰਾਂ ਦੇ, ਟਿਲੇ ਰਾਹ ਪੁਛਾਈ ।
ਵੰਞ ਕੀਤੋਸੁ ਦਰਸ਼ਨ ਰਾਂਝੇ, ਅੱਗੇ ਸਿਧ ਬਗਾਈ।
ਆਖ ਦਮੋਦਰ ਜਿੱਥੇ ਥਾਨ[11] ਪੀਰਾਂ[12] ਦਾ, ਰਾਂਝਾ ਗਇਆ ਤਿਥਾਈਂ ॥੬੬੯॥

ਜੋਗੀ ਪੁੱਛੇ ਰਾਂਝੇ ਤਾਈਂ, ਤੂੰ ਕਿਹੜੇ ਦੇਸੋਂ ਆਇਆ।
ਸੂਰਤ ਵੇਖਦਿਆਂ ਹੀ ਜੋਗੀ, ਰਾਂਝੇ ਦਸਤ ਵਿਕਾਇਆ[13]।
ਆਖ ਹਕੀਕਤ ਮੈਕੂੰ ਆਪਣੀ, ਕਿੱਤ ਮਨੋਰਥ[14] ਆਇਆ।
ਆਖ ਦਮੋਦਰ ਰਾਂਝੇ ਪਾਸੋਂ ਜੋਗੀ ਏਂਵ ਪੁਛਾਇਆ ॥੬੭੦॥

ਕਿਹੜੀ ਜਾਹ ਦਸਾਈਂ, ਬਾਬਾ ! ਤੱਕ ਤੁਸਾਨੂੰ ਆਇਆ।
ਗਲ ਵਿਚ ਕੱਪੜਾ ਪਾਇ ਕਰਾਹੀਂ, ਰਾਂਝੇ ਸੀਸ ਨਿਵਾਇਆ।
ਨਾ ਕੋਈ ਮੇਰੀ ਜਾ ਮੁਕਾਮੀਂ, ਨਾ ਮੈਂ ਕਹੀਂ ਦਾ ਜਾਇਆ।
ਦੇ ਥਾਪਨਾ ਆਪਣੀ ਜੋਗੀ, ਰਾਂਝੇ ਆਖ ਸੁਣਾਇਆ ॥੬੭੧॥

---

1. ਤਿੰਨ ਨਗਾਂ ਵਾਲਾ ਗਹਿਣਾ। 2. ਜਲਦੀ। 3. ਉਸੇ ਵੇਲੇ ਉਪਰਾਮ ਹੋ ਗਿਆ। 4. ਹੀਰ ਅੰਤਮ ਦਮਾਂ ਤੇ ਆ ਗਈ ਹੈ। 5. ਮਤ ਮਰ ਹੀ ਜਾਵੇ। 6. ਪੜਾਅ, ਮੰਜ਼ਲ। 7. ਧਾਈ ਕਰਕੇ, ਜੋਸ਼ ਨਾਲ। 8. ਦਰਸ਼ਨ, ਜਿਆਰਤ 9. ਪਹੁੰਚਿਆ। 10. ਅਸਥਾਨ, ਡੇਰਾ। 11. ਅਸਥਾਨ, ਮੁਕਾਮ। 12. ਮੁਸਲਮਾਨ ਜੋਗੀ ਗੁਰੂਆਂ ਨੂੰ ਪੀਰ ਸੱਦਦੇ ਹਨ। ਇਹ ਜੋਗੀ ਮੁਸਲਮਾਨਾਂ ਨੂੰ ਭੀ ਜੋਗ ਦੇ ਦਿੰਦੇ ਹਨ। 13. ਸਿਧ ਬਗਾਈ ਰਾਂਝੇ ਦੀ ਸ਼ਕਲ ਸੂਰਤ ਪਰ ਮੋਹਿਤ ਹੋ ਗਿਆ। 14. ਅਭਿਲਾਸ਼ਾ, ਇਛਿਆ।

ਤੇਰੀ ਚਾਲ ਅਜਾਇਬ[1] ਦਿੱਸੇ, ਤੂੰ ਕਿਤਕੂੰ ਜੋਗੀ ਹੋਂਦਾ?
ਹੁਸ਼ਨਾਕ[2] ਜਿਹਾ ਤੂੰ ਨਦਰੀਂ ਆਵੇਂ, ਤੁਝੇ[3] ਜੋਗ ਨਹੀਂ ਸੋਂਹਦਾ ।
ਮਾਂ ਦੀਆਂ ਪੱਕੀਆਂ ਖਾ ਡਿੱਠੀਆਂ ਨੀਂ, ਕਿਉਂ ਜੋਗ ਦੇ ਮਾਰਗ ਪੌਂਦਾ।
ਇਹ ਗੱਲ ਪੀਰਾਂ ਕਹੀ ਦਮੋਦਰ, ਤਾਂ ਸੁਣ ਰਾਂਝਾ ਰੋਂਦਾ॥੬੭੨॥

ਸ਼ਰਨੀ ਤੇਰੀ ਆਇਆ ਆਹੂੰ[4], ਰਾਂਝੇ ਸੁਖਨ[5] ਕੀਤੋਈ।
ਜਿਨ੍ਹਾਂ ਤੇ ਕ੍ਰਿਪਾ ਤੁਮਾਰੀ ਹੋਈ, ਜੱਗ ਤੇ ਤਰਿਆ ਸੋਈ।
ਜੋਗ ਲਇਆ ਗੋਪੀ ਚੰਦ[6], ਭਰਥਰੀ[7], ਮੈਂ ਗਰੀਬ ਕੇ ਹੋਈ।
ਆਖ ਦਮੋਦਰ ਰਾਂਝਾ ਟਿੱਲੇ, ਚਰਨੀਂ ਆਇ ਪਇਓਈ॥੬੭੩॥

**ਸਿਧ ਬਗਾਈ**

ਜੋਗ ਦਾ ਜਾਲਣ ਖਰਾ ਦੁਰੇਡਾ[8], ਤੂੰ ਕੇ ਜਾਣੇਂ ਬਾਤਾਂ ।
ਜੋਗ ਦਾ ਜਾਲਣ ਔਖਾ ਹੈਈ[9], ਔਖੀਆਂ[1] ਜੋਗ ਦੀਆਂ ਘਾਤਾਂ[10]।
ਮੰਗ ਖਾਣਾ ਤੇ ਸਥਰ ਸੌਣਾ[11], ਇਹ ਅਸਾਡੀਆਂ ਦਾਤਾਂ[12]।
ਆਖ ਦਮੋਦਰ ਤਾਂ ਜੋਗ ਦਿਵਾਉਂ, ਜੋ ਸਚ ਦਿਸਾਏ ਬਾਤਾਂ॥੬੭੪॥

**ਰਾਂਝਾ**

ਤਖ਼ਤ ਹਜ਼ਾਰਾ ਵਤਨ ਅਸਾਡਾ, ਮੌਜਮ ਦਾ ਮੈਂ ਜਾਇਆ।
ਪਾਇਆ ਵਖ਼ਤ ਮੈਂ ਘਰ ਤੇ ਨਿਕਥਾ[13], ਸਿੱਕ ਸਿਆਲੀਂ ਆਇਆ।
ਚੂਚਕ ਦੇ ਘਰ ਬੇਟੀ ਚੰਗੀ, ਹੀਰੇ ਸੁ ਨਾਉ ਰਖਾਇਆ।
ਵੇਖ ਵਿਲਾਣਾ ਉਸਦੇ ਪਿੱਛੇ[14], ਉਸ ਮੇਰਾ ਜੀਉ ਫ਼ਹਾਇਆ ।
ਪਰਨੀ ਗਈ ਦੇਸ਼ ਖੇੜਿਆਂ ਦੇ, ਤਾਂ ਮੈਂ ਕਜ਼ੀਆ[15] ਪਾਇਆ ।
ਆਖ ਦਮੋਦਰ ਹੋਰ ਜਾ ਨ ਸੂਝੇ ਤਾਂ ਸਾਮ[16] ਤੁਸਾਡੀ ਆਇਆ॥੬੭੫॥

ਇਹ ਸੁਣ ਜੋਗੀ ਥੀਆ[17] ਹੈਰਾਨੀ, ਜਾਂ ਉਸ ਈਂਵ ਸੁਣਾਈ।
ਸੱਦ ਬਹਾਲਿਆ ਚੇਲਿਆਂ ਤਾਈਂ, ਮਸਲਤ[18] ਦੋਵਹੁ ਕਾਈ।
ਨਾਉਂ, ਜ਼ਾਤ, ਦਸਾਇ ਓਸ ਸਭੋ, ਗੱਲ ਨ ਕਛੂ[19] ਛਪਾਈ।
ਆਖ ਦਮੋਦਰ ਚੇਲਿਆਂ ਕੋਲੇ, ਜੋਗੀ ਗੱਲ ਪੁਛਾਈ॥੬੭੬॥

---

1. ਹੈਰਾਨਕੁੰਨ, ਅਸ਼ਚਰਜਮਈ। 2. ਚੰਚਲ, ਹੁਸ਼ਿਆਰ। 3. ਸਾਧੂਕੜੀ ਭਾਸ਼ਾਂ ਦੀ ਵਰਤੋਂ ਧਿਆਨ ਮੰਗਦੀ ਹੈ। ਤੁਝੈ ਭਾਵ ਤੈਨੂੰ। 4. ਆਇਆ ਹਾਂ। 5. ਬੋਲ, ਬਚਨ, ਬਾਤ। 6-7. ਗਿਆਰ੍ਹਵੀਂ ਬਾਰ੍ਹਵੀਂ ਸਦੀ ਦੇ ਦੋ ਪ੍ਰਸਿੱਧ ਜੋਗੀ। 8-9. ਦੂਰ ਦੀ ਗੱਲ, ਤੇਰੇ ਲਈ ਔਖਾ ਹੈ। 10. ਤੌਰ ਤਰੀਕੇ, ਭੇਤ। 11. ਫੂਹੜੀ ਅਥਵਾ ਧਰਤੀ ਪਰ ਸੌਣਾ। 12. ਬਖਸ਼ਸ਼ਾਂ। 13. ਨਿਕਲਿਆ। 14. ਮੈਂ ਉਸ ਪਰ ਮੋਹਿਤ ਹੋ ਗਿਆ। 15. ਝਗੜਾ, ਮੁਸੀਬਤਾ। 16. ਪਨਾਹ। 17. ਹੋਇਆ। 18. ਸਲਾਹ, ਮਸ਼ਵਰਾ। 19. ਕੁਝ ਭੀ ਨਹੀਂ ਛੁਪਾਇਆ।

ਤਾਂ ਸੁਣ ਚੇਲਿਆਂ ਏਹਾ ਆਖੀ, ਇਹ ਲਾਇਕ ਜੋਗ ਦੇ ਨਾਹੀਂ।
ਭਲੀ ਗੱਲ ਨ ਆਖੀ ਕਾਈ, ਚਾਕਾਂ[1] ਗੱਲ ਸੁਣਾਈ।
ਤੂੰ ਪੀਰ ਟਿੱਲੇ ਸਾਰੇ ਦਾ ਸਾਈਂ! ਚੇਲਿਆਂ ਦੀ ਕਮੀਂ ਨਾ ਕਾਈ[1] ।
ਆਖ ਦਮੋਦਰ ਚੇਲੇ ਆਖਣ, ਇਹ ਗੱਲ ਬਣਦੀ ਨਾਹੀਂ ॥੬੭੭॥

ਤਦਾਂ ਜੋਗੀ ਕਾਵਿੜ ਕੀਤੀ[2], ਝਿਣਕਿਆ[3] ਚੇਲਿਆਂ ਤਾਈਂ।
ਇਹਾ[2] ਕੋਈ ਅਸੀਲ[4] ਦਸੀਏ, ਜੋਗੀ ਥਾਪੀ ਲਾਈ।
ਲਗੀ ਥਾਪੀ ਹੋਰ ਹੋਇ ਗਇਆ, ਅਜ਼ਮਤ ਕੀ ਰੁਸ਼ਨਾਈ[5]।
ਆਸਣ ਛੱਡ[6] ਆਇਆ ਪਲ ਅੰਦਰ, ਪੈਰੀਂ ਪਇਆ ਬਗਾਈ[7]।
ਆਖ! ਆਇ ਚੜਿਉਂ ਤੂੰ ਟਿੱਲੇ, ਪੀਰਾਂ ਪੱਲੇ ਤੇਰੇ ਹੀਰ ਪਾਈ॥੬੭੮॥

ਗਲੀਆਂ ਕੱਖ ਭੀ, ਦੁਸ਼ਮਨ ਅੱਗੇ, ਆਖ ਜ਼ਬਾਨੋਂ ਜਾਈਂ।
ਥਾਪੀ ਦੇਵੋ ਸਿਧ! ਅਸਾਨੂੰ, ਇਹ ਦਿਲ ਰਹਿੰਦਾ ਨਾਹੀਂ।
ਭੁਈਂ ਪਰਾਈਆਂ ਕਈਂ ਪਰਾਈਆਂ, ਬਨਿਆਂ ਕੰਮ ਤਿਦਾਈਂ[8]।
ਆਖ ਦਮੋਦਰ ਇਦੋਂ ਉਦੋਂ ਪੈਰੀਂ ਪਏ ਦੁਆਹੀਂ॥੬੭੯॥

ਲੈ ਥਾਪੀ 'ਬਗਾਈ' ਕੋਲੋਂ, ਚਲਣ ਤੇ ਚਿੱਤ ਚਾਇਆ।
ਭਗਵਾ ਵੇਸ ਕੀਤੋਈ ਧੀਦੋ, ਕੱਪੜ ਅਜਬ ਬਣਾਇਆ।
ਮੱਥੇ ਲਾਏ ਬਿਭੂਤ[9] ਰੰਝੇਟਾ, ਦਰਸ਼ਨ[10] ਕੰਨੇ ਪਾਇਆ।
ਆਖ ਦਮੋਦਰ ਚਲਿਆ ਰਾਂਝਾ, ਆਇ ਕਧੀ[11] ਡੇਰਾ ਲਾਇਆ॥੬੮੦॥

ਉਥੋਂ ਚਲਿਆ ਫੇਰ ਰੰਝੇਟਾ, ਚੱਲ ਹਜ਼ਾਰੇ ਆਇਆ ।
ਉਲਟਿਆ ਫੇਰ ਹਜ਼ਾਰੇ ਥੀਂ ਧੀਦੋ, ਲੰਮੀ[12] ਤਰਫ਼ ਸਿਧਾਇਆ।
ਚਣੀਓਟ ਦੇ ਵਿਚਨੂੰ ਚਲਿਆ, ਅਲੀਪੁਰ[13] ਫੇਰਾ ਪਾਇਆ।
ਆਖ ਦਮੋਦਰ ਤਾਂ ਦਿਹੁੰ ਚੌਥੇ, ਝੰਗ ਸਿਆਲੀਂ ਆਇਆ॥੬੮੧॥

---

1. ਚਾਕਾਂ ਵਾਲੀ। 2. ਗੁੱਸਾ ਖਾਧਾ। 3. ਝਿੜਕਿਆ। 4. ਚੰਗੇ ਖਾਨਦਾਨ ਦਾ। 5. ਕਰਾਮਾਤੀ ਰੌਸ਼ਨੀ। 6. ਆਪਣੀ ਥਾਂ ਛੋੜ ਕੇ। 7. ਰਾਂਝਾ ਸਿਧ ਬਗਾਈ ਦੇ ਪੈਰੀਂ ਪਿਆ। 8. ਉਨ੍ਹਾਂ ਥਾਵਾਂ ਤੇ ਵਾਹ ਪਿਆ ਹੈ। 9. ਰਾਖ; ਧੂਏਂ ਦੀ ਸਵਾਹ। 10. ਜੋਗੀ ਮੁੰਦਰਾਂ। 11. ਦਰਿਆ, ਕਿਨਾਰਾ। 12. ਦੱਖਣ ਵੱਲ ਨੂੰ। 13. ਚਣਿਓਟ ਤਖ਼ਤ ਹਜ਼ਾਰੇ ਤੋਂ ਕੋਈ 32 ਮੀਲ ਦੱਖਣ ਵਲ ਹੈ। ਚਣਿਓਟ ਝੰਗ ਦੀ ਤਹਿਸੀਲ ਹੈ। 14. ਇਹ ਪਿੰਡ ਚੁੰਡ ਭਰਵਾਨਾ ਦੇ ਨੇੜੇ ਅੱਜ ਭੀ ਇਸਥਿਤ ਹੈ ਅਤੇ ਚੂਚਕਾਣਾ ਪਿੰਡ ਦੇ ਦੂਜੇ ਪਾਸੇ ਚੰਨ੍ਹਾਂ ਦੇ ਪਛਮੀ ਕੰਢੇ ਪਰ ਵਾਕਿਆ ਹੈ। ਇਥੇ ਹੀ ਪੁਰਾਣੇ ਸਮਿਆਂ ਵਿਚ ਪਤਣ ਲਗਦਾ ਸੀ। ਹੁਣ ਨਾਲ ਹੀ ਰੀਵਾਜ਼ ਪੁਲ ਬਣ ਗਿਆ ਹੈ।

## ਰਾਂਝੇ ਨੇ ਝੰਗ ਵਿੱਚ ਔਣਾ

ਅੱਗੇ ਪਕ ਜੁਆਰੀਂ ਥੀਆ, ਕੁੜੀਆਂ ਮੰਨ੍ਹੇ ਤਾਈਂ[1]।
ਜੋ ਕਾਈ ਕੁਆਰੀ ਆਹੀ, ਸੋ ਪਰਨੀ ਗਈ ਕਿਦਾਈਂ[2]।
ਮੰਨ੍ਹੇ ਬੈਠ ਖਭਾਣੀ[3] ਵਾਹਿਨ, ਇਹ ਝੋਰਾ[4] ਇਨ੍ਹਾਂ ਤਾਈਂ।
ਆਖ ਦਮੋਦਰ ਸਿਕ ਸਿਆਲੀਂ[5], ਰਾਂਝਾ ਵੜਿਆ ਤਦਾਹੀਂ ॥੬੮੨॥

## ਰਾਂਝੇ ਦੀ ਬਰਕਤ

ਤਾਂ ਪਹਿਲੀ ਵਿਫਲ[6] ਉਠੀ ਸਹੇਲੀ, ਬੋਲ ਕੇ ਸੁਖ਼ਨ ਸੁਣਾਏ।
ਬੋਲਣ ਮੋਰ, ਚਕੋਰ, ਸੀਚਾਨੇ[7], ਕੋਇਲ ਸ਼ਬਦ ਸੁਣਾਏ।
ਠੰਢੀ ਵਾਉ, ਜੁਸਾ ਬਹੁ ਠੰਢਾ, ਮੱਝ ਨ ਵਾਤ ਹਿਲਾਏ[8]।
ਆਖ ਦਮੋਦਰ ਸੱਚ ਕਹੇ ਜੇ ਸਾਈਂ, ਅੱਜ ਕਦਮ ਰੰਝੇਟੇ ਪਾਏ ॥੬੮੩॥

ਦੂਜੀ ਬੋਲ ਸੁਨੇਹੇ ਦਿੱਤੇ, ਭੈਣੇ ਗੱਲ ਅਖਾਈਂ।
ਛਾਤੀ ਠਾਰ ਹੋਈ ਅਚੇਤੇ[9], ਬੋਲੇ ਮੋਰ, ਸਬਾਹੀਂ[10]।
ਲੂੰ ਲੂੰ ਵਿੱਚ ਖੁਸ਼ਾਲੀ ਭੈਣੇ ਚੜਿਆ ਸੁਆਉ ਅਸਾਹੀਂ[11]।
ਆਖ ਦਮੋਦਰ ਸਹੀ ਸੱਚ, ਭੈਣੇ ਇਹ ਖਾਲੀ ਨਾਹੀਂ ॥੬੮੪॥

ਸਭੇ ਆਪੋ ਆਪ ਸਿਆਲੀਂ, ਬਹਿ ਬਹਿ ਫ਼ਿਕਰ ਕਰੇਨੀ[12] ।
ਅਜ ਚੂੜਾ[13] ਚੜਿਆ ਬੇਲੇ ਤਾਈਂ, ਬਿਰਖ ਉਗਾਹੀ ਦੇਨੀ।
ਕਾਹਲ[14] ਹੋਇ ਗਈਆਂ ਜੁਸੇ ਵਿੱਚ, ਕੇਹਾ ਫ਼ਿਕਰ ਕਰੇਨੀ।
ਆਖ ਦਮੋਦਰ ਛੋੜ ਜੁਆਰੀਂ[15] ਰਾਂਝੇ ਨੂੰ ਅਗੋਲੇਨੀ[16] ॥੬੮੫॥

ਰਹੀਆਂ ਢੂੰਡ ਸਿਆਲੀ ਹੱਭੇ, ਫਿਰ ਰਹੀਆਂ ਸੱਭ ਜਾਹੀਂ।
ਢੂੰਡਣ ਖੂਹ ਸਿਲਾਬੇ ਬੰਨੇ[17], ਢੂੰਡਣ ਟੋਭੇ ਵਾਹੀ ।
ਢੂੰਡਣ ਕਾਹਿ, ਕੁਕਾਹਿ, ਬੰਬੂਲਾਂ[18] ਢੂੰਡਣ ਸਭੇ ਜਾਹੀਂ।
ਆਖ ਦਮੋਦਰ ਢੂੰਡ ਹੁੱਟੀਆਂ, ਮੂਲ ਲਧੋਕੇ ਨਾਹੀਂ[19] ॥੬੮੬॥

---

1. ਕੁੜੀਆਂ ਮੰਨ੍ਹਿਆਂ ਉਪਰ ਜਰੁਆਰੀਂ ਦੀ ਪੰਛੀਆਂ ਤੋਂ ਰਾਖੀ ਕਰ ਰਹੀਆਂ ਸਨ। 2. ਜੁਆਨ ਹੋਈਆਂ ਵਿਆਹੀਆਂ ਗਈਆਂ, ਕੋਈ ਕਿਦੇ ਕੋਈ ਕਿਦੇ। 3. ਗੋਪੀਆਂ, ਘੁਮਾਣੀ। ਇਸ ਦੇ ਦੋਵੇਂ ਪਾਸੇ ਲੰਮੀਆਂ ਰੱਸੀਆਂ ਹੁੰਦੀਆਂ ਹਨ, ਵਿਚਕਾਰ ਸੂਤਰ ਦੀ ਜਾਲੀ ਜਾਂ ਚਮੜੇ ਦੀ ਟਾਕੀ। ਇਸ ਵਿੱਚ ਪੱਥਰ, ਮਿੱਟੀ ਦਾ ਢੇਲਾ, ਚਿੱਟਾ ਗੀਟਾ ਆਦਿ ਰੁਖ ਕੇ ਭੰਵਾ ਕੇ ਮਾਰੀਦਾ ਹੈ। ਇਹ ਢੇਲਾ ਦੂਰ ਤਕ ਮਾਰ ਕਰਦਾ ਹੈ ਤੇ ਪੰਛੀਆਂ ਨੂੰ ਉਡਾ ਦੇਂਦਾ ਹੈ। ਕੋਈ ਪੰਛੀ ਮਰ ਵੀ ਜਾਂਦਾ ਹੈ। 4. ਚਿੰਤਾ, ਫ਼ਿਕਰ ਪੰਛੀ ਉਡਾਣ ਦੀ। 5. ਵੱਡੀ ਸਿਕ ਨਾਲ ਸਿਆਲਾਂ ਦੀ ਵਸਤੀ ਆ ਵੜਿਆ। 6. ਬਰੜਾ ਕੇ। 7. ਇਕ ਪੰਛੀ। 8. ਮੱਝ ਵੀ ਮਸਤ ਹੈ, ਚਰਦੀ ਨਹੀਂ। 9. ਅਚਨਚੇਤ। 10. ਸੁਬਾ ਸਵੇਰੇ। 11. ਸਾਨੂੰ ਖੁਸ਼ੀਆਂ ਦਾ ਰੰਗ ਚੜ੍ਹ ਗਿਆ ਹੈ। 12. ਕਰਨ ਲਗੀਆਂ। 13. ਜੋਬਨ। 14. ਕਾਹਲੀ, ਬੇਚੈਨੀ। 15. ਜੁਆਰੀਂ ਛੋੜ ਕੇ। 16. ਗੋਲਣ ਲਗੀਆਂ, ਭਾਲ ਕਰਨ ਲਗੀਆਂ। 17. ਦਰਿਆ ਦੇ ਕੰਢੇ ਦੇ ਨਾਲ ਸਿਲਾਬ ਵਾਲੇ ਖੇਤ। 18. ਕਿਕਰੀਆਂ ਕੰਡੇਦਾਰ ਬਾੜੀਆਂ। 19. ਉਨ੍ਹਾਂ ਨੂੰ ਨਹੀਂ ਲੱਭਾ।

ਫਿਰ ਉਠ ਸਿਆਲੀਂ ਢੂੰਡਣ ਲਗੀਆਂ, ਕੇਹੀ ਰਉਸ[1] ਢੂੰਡੇਨੀ।
ਪਾਤਸ਼ਾਹਾਂ ਦੇ ਚਾਕਰਾਂ ਵਾਂਞੂ, ਹਥ ਅਗੋਲਾ ਕਰੇਨੀ[2]।
ਢੂੰਡ ਸਹੀ ਸੱਚ ਬੇਲਾ ਬਾਹਰ, ਨਹੀਂ ਤਹੰਬਲ[3] ਦੇਨੀ।
ਆਖ ਦਮੋਦਰ ਬੂਟਾ ਬੂਟਾ, ਹਥ ਅਗੋਲਾ ਦੇਨੀ[4] ॥੬੮੭॥

ਫਿਰ ਫਿਰ ਫਿਕਰ ਕਰੇਨ ਸਿਆਲੀਂ, ਢੂੰਡਣ ਤੇ ਮਨ ਚਾਇਆ।
ਰਹੀਆਂ ਹਾਰ ਸਭੇ ਹੀ ਕੁੜੀਆਂ, ਮੂਲ ਨਾ ਨਜ਼ਰੀਂ ਆਇਆ।
ਬੇਲੇ ਢੂੰਡ ਕੀਤੀਆਂ ਨੇ ਡਾਢੀ, ਕਿਤੇ ਨਾ ਕੋਈ ਦਿਸਾਇਆ।
ਆਖ ਦਮੋਦਰ ਕੁੜੀਆਂ ਤਾਈਂ, ਹਿਕ ਜੋਗੀ ਨਦਰੀ ਆਇਆ[5] ॥੬੮੮॥

ਤਾਂ ਮਿਲ ਘੇਰ ਘਿੱਧੋਨੇ[6] ਜੋਗੀ, ਅਸੀਂ ਤੁਧ ਪੁਛਾਈਂ।
ਬੁਝਣ ਹੁੰਦਾ ਕੰਮ ਤੁਸਾਡਾ, ਵੇਖਾਂ ਦੱਸ ਅਸਾਹੀਂ।
ਦੂੰਹ ਵਿਚੋਂ ਹਿਕ ਕੇਹੜਾ ਮਿਲਦਾ, ਬਹੁਤ ਵਿਰਾਗੀ ਆਹੀ।
ਜੇ ਮਿਲੇ ਕੋਈ ਦੂੰਹ ਵਿਚੋਂ ਸਾਨੂੰ, ਤਾਂ ਲਾਪ[7] ਜੁਆਰ ਦਿਵਾਹੀਂ ॥੬੮੯॥

ਮਾਲਾ ਮਣਕੇ ਫਿਰ ਫਿਰ ਪਰਤੇ, ਮੂਹਹੁੰ ਨ ਮੂਲ ਅਲਾਏ।
ਨਾਸਾਂ ਤੇ ਧਰ ਸਿੰਙੇ ਮਣਕੇ, ਫਿਰ ਫਿਰ ਅੱਖੀਂ ਲਾਏ।
ਮਾਲਾ ਢੂੰਡ ਰਹਿਆ ਮਤਵਾਰੀ[8], ਦਿਲ ਵਿਚ ਦਗ਼ਾ[9] ਹੰਢਾਏ।
ਆਖ ਦਮੋਦਰ ਕਰ ਕਰ ਅੰਗੁਲ, ਉਭੇ[10] ਤਰਫ ਬੁਝਾਏ ॥੬੯੦॥

ਕੇ ਤੂੰ ਅੰਨ੍ਹਾ ? ਕੇ ਗੁੰਗਾ ਡੋਰਾ ? ਮੂੰਹੋਂ ਬੁਲੇਂਦਾ ਨਾਹੀਂ ?
ਏਹੇ ਕੌਣ ਇਆਣਾ ਜੋਗੀ[11] ? ਮੂੰਹ ਬੱਧਾ ਫਿਰੇ ਕਿਵਾਈਂ[12] ?
ਕੇ ਤੂੰ ਸਿਹਰੀ[13]? ਕਿਉਂ ਚੁਪ ਕੀਤਾ, ਬੁੱਤ ਸਕਾਹਾਂ ਨਾਹੀਂ।
ਆਖ ਦਮੋਦਰ ਕਾਹਲ ਹੋਈਆਂ, ਵਿਹਲਾ[14] ਦਸ ਅਸਾਈਂ ॥੬੯੧॥

ਫਿਰ ਮਾਲਾ ਹੱਥ ਲੀਤੀ ਜੋਗੀ, ਮਣਕੇ ਪਰਤ ਸੁਟੇਂਦਾ।
ਕਾਵੜ ਨਾਲ ਕਰੇ ਸਭ ਸ਼ਾਰਤ[15], ਮੂੰਹੋਂ ਨਾ ਮੂਲ ਅਲੈਂਦਾ।
ਲਾਪ ਜੁਆਰ ਦਿਵਾਹਾਂ ਤੈਨੂੰ, ਕਿਉਂ ਨੀਹੇਂ ਸਵਣ[16] ਸੁਣੇਂਦਾ।
ਆਖ ਅਸਾਂ ਸੱਚ ਦੇ ਸੁਨੇਹਾ, ਫਿਰ ਫਿਰ ਹੱਥ ਮਰੇਂਦਾ ॥੬੯੨॥

---

1. ਢੰਗ, ਤਰੀਕੇ ਨਾਲ। 2. ਹਥੇ ਗੋਲੇ ਦੇਣ ਲਗੀਆਂ, ਹਰ ਥਾਂ ਤੋਂ ਚੰਗੀ ਤਰ੍ਹਾਂ ਤਲਾਸ਼ ਕਰਨ ਲਗੀਆਂ। 3. ਧੀਰਜ। 4. ਬੂਟਾ ਬੂਟਾ ਛਾਣ ਮਾਰਿਆ। 5. ਇਕ ਜੋਗੀ ਦਿਖਾਈ ਦਿੱਤਾ। 6. ਕੁੜੀਆਂ ਨੇ ਜੋਗੀ ਘੇਰ ਲਿਆ। 7. ਲਾਪਰ ਕੇ, ਸਿੱਟੇ ਲਾਹ ਕੇ। 8. ਮੁਤਵਾਲਿਆਂ ਵਾਂਗ। 9. ਧੋਖਾ, ਫ਼ਰੇਬ। 10. ਉੱਤਰ ਵਲ। 11. ਹੇ ਬੇਸਮਝ ਜੋਗੀ ਤੂੰ ਕੌਣ ਹੈਂ। 12. ਤੂੰ ਮੂੰਹ ਬੰਨ੍ਹ ਕੇ ਕਿਵੇਂ ਫਿਰਦਾ ਹੈਂ? 13. ਜਾਦੂਗਰ। 14. ਜਲਦੀ। 15. ਇਸ਼ਾਰੇ। 16. ਸਾਡਾ ਸ਼ਗਨ ਕਿਉਂ ਨਹੀਂ ਦੱਸਦਾ (ਕਿ ਦੋਹਾਂ ਵਿਚੋਂ ਕੌਣ ਮਿਲੇਗਾ)।

ਤਾਂ ਕੁੜੀਆਂ ਬੋਲ ਸੁਨੇਹੇ ਦਿੱਤੇ, ਪਿਛੋਂ ਜੋਗੀ ਆਇਆ।
ਆਈ ਵਾਉ ਉੱਭੇਦੀ[1] ਅਸਾਂ, ਤੁਸਾਂ ਮੁਸ਼ਕ[2] ਨ ਆਇਆ ?
ਡਿੱਠੇ ਸਹੀ, ਸਿਞਾਣ ਪਛਾਤਾ, ਹੋਰ ਸੁ ਨਹੀਂ ਕਰ ਪਾਇਆ।
ਹੱਸੀ ਆਖਿਆ ਜੋਗੀ ਨੀਹੇਂ[3], ਇਹ ਆਪ ਰੰਝੇਟੇ ਆਇਆ ॥੬੯੩॥

ਜਾਣ ਸਿਞਾਤਾ, ਸਭਨਾਂ ਸਹੀਆਂ, ਗਈਆਂ ਚਮੜ ਤਿਵਾਈਂ।
ਸਹੀ ਸੱਚ ਜਾਤੋ ਨੇ ਧੀਦੋ, ਮੂੰਹੋਂ ਬੁਲੇਂਦਾ ਨਾਹੀਂ।
ਕੋਈ ਪੈਰੀਂ, ਕੋਈ ਹੱਥੀਂ, ਕੇਈ ਜੰਘਾਂ, ਕੋਈ[1] ਥਾਹੀ।
ਕੋਈ ਪਿੱਛੇ, ਕੋਈ ਅੱਗੇ, ਕੋਈ ਵੇਖਨ ਤਾਈਂ।
ਆਖ ਦਮੋਦਰ ਕੇਹੀ ਰਉਂਸੇ, ਜਣ ਮੰਗਣ ਮੂੰਹੋਂ ਮਾਹੀ[4] ॥੬੯੪॥

ਪੁਛ ਨ ਦੁਖ, ਹਕੀਕਤ ਆਖਣ, ਰੋਵਣ, ਕੱਢਣ ਆਹੀਂ।
ਅਸਾਂ ਵਿਸਾਰ ਬੈਠੋਂ, ਸੁਣ ਸਾਹਿਬ ! ਚਿੱਤ[5] ਆਈਆਂ ਤੈਂ ਨਾਹੀਂ ?
ਜੋਗੀ ਹੋਇ ਨ ਕੀਤੋ ਫੇਰਾ ? ਅਸੀਂ ਓਹੋ ਆਤਣ ਆਹੀਂ ।
ਆਖ ਦਮੋਦਰ ਨੱਪ ਅੰਦੋਨੇ[6], ਜਿੱਥੇ ਟਾਲੀ ਧੂੰਆਂ ਆਹੀਂ ॥੬੯੫॥

ਚਿਰੀ ਵਿਛੁੰਨੀਆਂ, ਦੁਖ ਫੁਲੇਂਦੀਆਂ, ਬਹੁਤ ਵੈਰਾਗ ਕੀਤੋਨੇ।
ਦੁਖ ਪੁਰਾਣੇ ਜ਼ਾਹਰ ਕੀਤਿਆਂ ਨੇ, ਧੀਦੋਂ ਲੈ ਬਹਿਓਨੇ[7]।
ਮਜਲਸ[8] ਰੱਜ ਕੀਤੀ ਸਿਆਲੀਂ, ਏਹੋ ਫ਼ਿਕਰ ਕੀਤੋਨੇ।
ਆਖ ਦਮੋਦਰ ਸਹੀ ਸਿਆਲੀਂ ਰਾਂਝੇ ਨੇ ਆਖਿਓਨੇ ॥੬੯੬॥

**ਹੱਸੀ**

ਹੋਵੇ ਹੁਕਮ ਅਖਾਹਾਂ ਤੈਨੂੰ, ਜੇ ਤੈਂਡੇ ਮਨ ਭਾਵੇ।
ਜਾਲ ਇਥਾਈਂ, ਗੋਇਲ ਕੀਚੈ, ਆਤਣ[9] ਆਖ ਸੁਣਾਵੈ।
ਉਹੋ ਬੇੜੀ, ਤੇ ਉਹੋ ਬਲਾ, ਆਤਣ ਪਲੂ ਪਾਵੇ[10]।
ਆਖ ਦਮੋਦਰ ਜਾਲ ਇਥਾਈਂ[11], ਅੱਸਾਂ ਬਹੁਤ ਹਿਤਾਵੇ[12] ॥੬੯੭॥

**ਧੀਦੋ**

ਸੁਣ ਹੱਸੀ ! ਮੈਂ ਕੀਕਰ ਜਾਲੀਂ[13], ਇਹ ਦਿਲ ਲਗਦਾ ਨਾਹੀਂ।
ਹੀਰੇ ਬਾਝੋਂ ਕੁੱਲ ਹਨੇਰਾ, ਕੁਝ ਦਿਸੀਂਦਾ ਨਾਹੀਂ।
ਰਗ ਰਗ ਦੇ ਵਿਚ ਹੀਰ ਸਮਾਣੀ, ਹੋਰ ਨਾ ਕੋ ਅਸ਼ਨਾਈ[14]।
ਆਖ ਹੱਸੀ, ਵੈਂਦਾ ਤਾਂ ਖੇੜੀਂ ! ਵੇਖਾਂ, ਕੇ ਭਾਵੇ ਖ਼ਸਮੇ[15] ਤਾਈਂ ॥੬੯੮॥

---

1. ਸਾਨੂੰ ਉੱਤਰ ਵਲ ਦੀ ਹਵਾ ਆਈ। 2. ਸੁਗੰਧੀ। 3. ਨਹੀਂ ਜੇ। 4. ਮਾਨੋਂ ਮੋਹ ਮਾਹੀ (ਲੋਹੜੀ) ਮੰਗਦੀਆਂ ਹਨ। 5. ਚੇਤੇ। 6. ਉਸਨੂੰ ਫੜ ਕੇ ਲੈ ਆਈਆਂ। 7. ਧੀਦੋ ਨੂੰ ਫੜ ਬੈਠੀਆਂ। 8. ਬੈਠਕ। 9–10. ਤ੍ਰਿੰਞਣ ਦੀਆਂ ਕੁੜੀਆਂ। ਗਲ ਵਿਚ ਪੱਲੂ ਪਾ ਕੇ ਅਰਜ਼ ਕੀਤੀ। 11. ਇਥੇ ਹੀ ਰਹੋ। 12. ਸਾਡਾ ਦਿਲ ਕਰਦਾ ਹੈ। 13. ਕਿਵੇਂ ਠਹਿਰਾਂ। 14. ਜਾਣ ਪਛਾਣ, ਦੋਸਤੀ। 15. ਪ੍ਰਭੂ, ਮਾਲਕ–ਖਸਮੈ ਭਾਵੇਂ ਓਹਾ ਚੰਗੀ ਜਿ ਕਰੇ ਖੁਦਾਏ, ਖੁਦਾਇ–ਗੁਰਬਾਣੀ।

**ਹੱਸੀ**

ਸੁਣ ਧੀਦੋ ! ਹਿਕ ਅਰਜ਼ ਅਸਾਡੀ, ਕਿਤ ਕੂੰ ਅੱਗੇ ਵੈਂਦਾ[1]।
ਤੂੰ ਓਹੋ ਰਾਂਝਾ, ਤੇ ਅਸੀਂ ਓਹੋ ਕੁੜੀਆਂ, ਕਿਉਂ ਨਹੀਂ ਗੱਲ ਮਨੇਂਦਾ ।
ਬਹੁਤ ਉਡੀਕ ਤੁਸਾਡੀ ਮੈਕੂੰ, ਹੁਣ ਨੀਹੋਂ ਰਹਿਣ ਕਰੇਂਦਾ ।
ਆਖ ਦਮੋਦਰ ਨਹੀਂ ਤਾਂ ਆਤਣ, ਨਾਲ ਤੇਰੇ ਵੈਂਦਾ ॥੬੯੯॥

**ਰਾਂਝਾ**

ਸੁਣ ਹੱਸੀ ! ਸਿਰ ਰੱਖ ਤਲੀ ਤੇ, ਮੈਂ ਹੀਰੇ ਧਿਰ[2] ਆਇਆ ।
ਜਿਦੇ ਜੀਊ[3], ਮੈਂਡੀ[4] ਤਾਂਘ ਤਿਤੇ ਵਲ, ਹੁਣ ਮੈਂ ਆਪੇ ਆਇਆ।
ਵੱਸ ਨ ਮੈਂਡਾ ਚਲੇ ਇਦਾਈਂ, ਹੁਕਮੀਂ ਪਕੜ ਚਲਾਇਆ।
ਕੀਕਣ ਰਹਾਂ ਸਿਆਣੀ ਹੱਸੀ! ਚਿਤ ਸਿਆਲੀ ਹੀਰ ਫਹਾਯਾ॥੭੦੦॥

**ਹੱਸੀ**

ਜੇ ਤੂੰ ਚਲੇਂ ਲੈ ਚੱਲ ਅਸਾਨੂੰ, ਬੇਲਾ ਖਾਵਣ ਆਇਆ।
ਇਸ ਵਿਰਾਗ[5], ਅਸਾਂ ਜੀਵਣ ਮੁਸ਼ਕਲ, ਜੀਵਾਂ ਕੇ ਸੁਖ ਪਾਇਆ।
ਨਾ ਤੂੰ ਧੀਦੋ, ਨਾ ਹੀਰ ਅਸਾਂਥੇ, ਚਲ ਜਿਦੇ ਤੁਧ ਭਾਇਆ।
ਆਖ ਦਮੋਦਰ ਨਾ ਰਹਿ ਸਾਊਂ, ਕਿਆ ਥੀਆ ਜੇ ਤੁਧ ਵਲਾਇਆ[6]॥੭੦੧॥

**ਰਾਂਝਾ**

ਸੁਣ ਹੱਸੀ! ਮੈ ਕੀਕਰ ਜਾਲੀਂ, ਬੇਲਾ ਮੈਨੂੰ ਖਾਂਦਾ।
ਹੀਰੇ ਨਾਲ ਮਣੀ[7] ਰਲ ਗਈਆਂ, ਉਸ ਬਿਨ ਮੈਂ ਕੀਕਣ ਰਾਂਹਦਾ[8]।
ਇਕਤਵਾਰ ਵੇਖਾ ਹਾਂ ਸਲੇਟੀ, ਮੇਰਾ ਜੀਉ ਸੁ ਚਾਂਹਦਾ।
ਹੱਸੀ ਆਖ਼! ਮੈਂ ਡਿਠੇ ਬਾਝੋਂ ਮੂਲ ਵਿਰਾਗ[9] ਨਾ ਲਾਂਹਦਾ॥੭੦੨॥

**ਹੱਸੀ**

ਚਲ ਚਲਾਇ[10] ਅਸਾਂ ਨੂੰ ਨਾਲੇ, ਅਸੀਂ ਹੁਣ ਰਹਿੰਦੀਆਂ ਨਾਹੀਂ।
ਜੇਹੀਂ ਆਪਣੀ ਪੀੜ ਸਿਵਾਣੇ, ਸਾਡੀ ਭੀ ਜਾਣ ਤਿਵਾਈਂ[11]।
ਆਖ ਜਲੀਹਾਂ! ਕੀਕੁਰ[12] ਮੀਆਂ, ਤੂੰ ਤਾਂ ਰਹਿੰਦਾ ਨਾਹੀਂ।
ਆਖ ਦਮੋਦਰ ਰਹਿਣ ਔਖੇਰਾ, ਤੂੰ ਲੈ ਚਲ ਨਾਲ ਅਸਾਂਹੀ॥੭੦੩॥

---

1. ਤੂੰ ਅੱਗੇ ਕਿਉਂ ਜਾਂਦਾ ਹੈਂ? 2. ਹੀਰ ਵਲ ਆਇਆ। 3. ਜੀਅ, ਆਤਮਾ, ਰੂਹ ਹੀਰ (ਜੇ ਕੋਈ ਜੀਵੇ, ਜਿੰਦੂ ਬਾਝੋਂ ਤਾਂ ਮੈਂ ਮੋਇਆ ਜੀਵਾਈਂ (ਦਮੋਦਰ) ਹੀਰ ਰੂਹ ਤੇ ਚਾਕ ਕਲਬੂਤ ਜਾਣੋ (ਵਾਰਿਸ)। 4. ਪਿਆਰ ਦੀ ਖਿੱਚ ਵਿਚ। 5. ਅਸੀਂ ਨਹੀਂ ਰਹਾਂਗੀਆਂ। 6. ਜੇ ਤੂੰ ਸਾਨੂੰ ਟਾਲ ਛੱਡਿਆ। 7. ਅੰਤਹਕਰਣ। 8. ਕਿਸ ਤਰ੍ਹਾਂ ਰਹਿ ਸਕਦਾ ਹਾਂ। 9. ਪਿਆਰ ਦੀ ਉਦਰੇਵਾਂ। 10. ਲੈ ਚਲ। 11. ਉਸੇ ਤਰ੍ਹਾਂ। 12. ਕਿਵੇਂ ਠਹਰੀਏ।

ਜੇ ਦੇਖੇ ਰਾਂਝਾ ਰਹਿਣਾ ਨਾ ਮੂਲੇ, ਤਾਂ ਇਸ 'ਰਹਿਣ' ਸੁਣਾਯਾ[1]।
ਨਾਲ ਨ ਆਵਣ ਹੋਵੈ ਮੈਂਡੇ, ਕਿਸਮਤ ਪੇਲ[2] ਚਲਾਯਾ।
ਸਭਨਾਂ ਸਹੇਲੀਆਂ ਚੂਰੀ ਛੰਨਾ, ਰਾਂਝੇ ਕਾਣ[3] ਮੰਗਾਯਾ।
ਆਖ ਸੁਣਾਇ ਸਰੋਦ ਅਸਾਂਨੂੰ, ਹੱਸੀ ਏਂਵ ਦਸਾਯਾ॥੭੦੪॥

ਘਿਨ ਬੰਬੀਹਾ ਰਾਂਝੇ ਵਾਹਿਆ, ਕੇਹਾ ਰਾਗ ਉਠਾਯਾ।
ਪਸ਼ੂ, ਪਰਿੰਦੇ ਸ਼ੀਂਹ ਤੇ ਚਿਤਰੇ, ਸਭ ਤਮਾਸ਼ੇ ਆਇਆ।
ਗਈਆਂ ਸੁਧ, ਸਿਆਲੀਂ ਹੈਰਤ, ਜਾਣ ਕਹੀਂ ਸ਼ਰਾਬ ਪਿਵਾਯਾ।
ਆਖ ਦਮੋਦਰ ਰਾਂਝਾ ਉਤੇ ਵੇਲੇ, ਜੁੱਤੀ ਚਾੜ੍ਹ ਸਿਧਾਯਾ॥੭੦੫॥

## ਰਾਂਝੇ ਦਾ ਜੋਗੀ ਬਣ ਕੇ ਰੰਗਪੁਰ ਆਉਣਾ

ਸਹਿਤੀ ਦਾ ਗਿਰਾਂਇ[4] ਸੁਹਾਵਾ, ਧੀਦੋ ਤਿਥੇ ਆਇਆ।
ਚੋਖੀ ਠੌਰ[5] ਗਿਰਾਓਂ ਡਿਠੋਸੂ, ਮੁਲਖ ਬਹੁ ਖੁਸ਼ ਆਇਆ[6]।
ਅਜੇ ਸ਼ਹਿਰ ਖੇੜਿਆਂ ਦਾ ਤ੍ਰੈ ਕੋਹ, ਏਹੋ ਦਿਲ ਨੂੰ ਭਾਇਆ।
ਨਹੀਂ ਜ਼ਰੂਰ ਲਿਖੇ ਨਹੀਂ ਦੇਵੇ, ਕਰ ਮਸਲਤ ਧੂੰਆਂ ਪਾਇਆ॥੭੦੬॥

ਬੈਠਾ ਜਾਇ ਦਰਿਆਉ ਦੀ ਕੱਧੀ[7], ਤਿੱਥੇ ਆਸਣ ਲਾਇਆ।
ਕਰ ਕਰ ਮਸਲਤ ਘਿਨ ਫਹੌੜੀ, ਧੂੰਏਂ ਕਾਰਨ[8] ਪਾਇਆ।
ਅੱਗੇ ਰਾਣੀ ਸਹਿਤੀ ਬੈਠੀ, ਤਿਸ ਨੂੰ ਨਦਰੀਂ ਆਇਆ।
ਆਖ ਦਮੋਦਰ ਫ਼ਿਕਰ[9] ਕਰੇਂਦੀ, ਸੂਰਜ ਧਰਤੀ ਆਇਆ॥੭੦੭॥

ਧੂੰਆਂ ਮੇਲ ਬਧੋਈ[10] ਜੋਗੀ, ਕਿਸਥੋਂ ਆਖ ਚਵਾਇਆ[11]।
ਸਹਿਤੀ ਦੇਖ ਹੈਰਾਨ ਥਿਆਈ, ਜਾਂ ਤਿਸ ਨਦਰੀਂ ਆਇਆ।
ਆਈਂ ਚਲ ਚਵਾਵਣ ਧੂੰਆਂ, ਤਾਂ ਇਹ ਆਖ ਸੁਣਾਇਆ।
ਆਖ ਦਮੋਦਰ ਸਹਿਤੀ ਜੋਗੀ, ਤਾਂ ਮੂੰਹ ਮੱਥਾ ਲਾਇਆ॥੭੦੮॥

## ਸਹਿਤੀ

'ਕਿਤ ਵਿਹੂਣਾ[12] ਜੋਗੀ ਹੂਆ' ਤੈਤੋ ਸੁਖਨ ਪੁਛੈਂਦੀ।
ਮੂੰਹ ਮਤਾਬ[13], ਅਖੀਂ ਬਲਨ ਮਸਾਲਾਂ, ਵਾਹ ਜੁਆਨੀ ਤੈਂਦੀ।
ਜੈਂ ਕੰਡ[14] ਦੇਇ ਸਿਧਾਇਓਂ, ਬਾਹਰ, ਫੁਟਮ ਮਾਉਂ ਜਣੇਂਦੀ[15]।
ਆਖ ਦਮੋਦਰ ਸਹਿਤੀ ਪੁੱਛੇ, ਦੱਸ ਜੋਗੀ, ਸਦਕੇ ਵੈਂਦੀ॥੭੦੯॥

---

1. ਤਦ ਰਾਂਝੇ ਨੇ ਕਿਹਾ ਮੈਂ ਰਹਾਂਗਾ। 2. ਧਕ ਕੇ, ਅੱਗੇ ਲਾ ਕੇ। 3. ਵਾਸਤੇ। 4. ਪਿੰਡ, ਠੱਟਾ, 5. ਖੁਲ੍ਹੀਆਂ ਥਾਵਾਂ। 6. ਲੋਕੀ ਖੁਸ਼ਹਾਰ ਨਜ਼ਰ ਆਏ। 7. ਕਿਨਾਰੇ, ਕੰਢੇ। 8. ਧੂਏਂ ਦਾ ਸਾਮਾਨ ਇਕੱਠਾ ਕਰਨ ਲਈ – ਗੋਹੇ ਅਤੇ ਲੱਕੜੀਆਂ। 9. ਸੋਚਣ ਲਗੀ। 10. ਜੋਗੀ ਨੇ ਧੂਏਂ ਦਾ ਸਾਮਾਨ ਗੋਹੇ ਅਤੇ ਲੱਕੜੀਆਂ ਇਕਠੀਆਂ ਕਰ ਲਈਆਂ। 11. ਕੌਣ ਚਕਾਏ। 12. ਕਿਹੜੀ ਘਾਟ ਕਾਰਣ। 13. ਚੰਨ ਵੰਨਾ। 14. ਅ—ਪਾਠ ਕੰਢੇ। 15. ਜਿਸ ਮਾਂ ਨੂੰ ਕੰਡ ਵਿਖਾ ਕੇ ਘਰੋਂ ਬਾਹਰ ਆਇਓਂ ਉਹ ਮਾਂ ਫੁਟ ਕੇ ਮਰ ਨਾ ਗਈ।

**ਜੋਗੀ**

ਉਤੋਂ ਝੜਿਆ[1] ਧਰਤ ਪਛਾੜਿਆ[2], ਮੇਰਾ ਕੋਈ ਕਿਥਾਊਂ ਨਾਹੀਂ।
ਨਾ ਕੋਈ ਲੂਹ ਨ ਤਕੀਆਂ ਮੈਂਡਾ, ਕੇਹੜੀ ਗੱਲ ਅਖਾਂਈ।
ਦਰ ਦਰਵੇਸ਼ਾਂ ਮੰਗਣ ਮਾਈ! ਕੋਈ ਇੱਜ਼ਤ ਦੇਵੇ ਨਾਹੀਂ[3]।
ਜੇ ਕੋ ਅੱਗਾ ਪਿੱਛਾ ਹੋਵਮ[4], ਤਾਂ ਤੈਨੂੰ ਆਖ ਸੁਣਾਈ॥੭੧੦॥

**ਸਹਿਤੀ**

ਵੱਡਾ ਫ਼ਕੀਰ ਤਪਸਵੀ ਵੱਡਾ, ਤੂੰ, ਮੈਨੂੰ ਨਦਰੀ ਆਇਆ।
ਤੈਂਡੇ ਸਦਕੇ ਕੀਤੀ ਜੋਗੀ, ਧੂਆਂ ਹੱਥ ਉਠਾਇਆ।
ਹੋਈ ਮੈਂ ਰਾਜ਼ੀ ਦਰਸ਼ਨ ਦਿੱਤੇ, ਬਖ਼ਤ ਅਸਾਡੇ ਆਇਆ।
ਤਦੋਂ ਫਕੀਰੀ ਕਿੱਥੇ ਧਰਿਆ! ਜੇ ਲੁੱਡਣ ਜੋਗ ਮਰਾਇਆ[5] ?॥੭੧੧॥

ਧੂੰਈਂ ਵੀਟ ਸਟਾਈ[6] ਧੀਦੋ, ਲੜ ਕਰ ਕਾਵੜ ਆਇਆ।
ਤਾਨ੍ਹੇ ਦੇਇ ਫਕੀਰਾਂ ਤਾਂਈ, ਅਸਾਂ ਇਹੁ ਨ ਭਾਇਆ।
ਫੇਰ ਮਸੇਂ ਬੰਨ੍ਹਾਇਆ ਧੂੰਆਂ, ਸਹਿਤੀ ਜੋਗੀ ਜੋਗ ਚਵਾਇਆ।
ਤਦੋਂ ਫ਼ਕੀਰੀ ਕਿਥੇ ਧਰੀਆ ਜਾਂ ਸਿਰ ਤੇ ਟੰਮਕ ਚਾਇਆ॥੭੧੨॥

ਫੇਰ ਸੁ ਧੂਈਂ ਵੀਟੀ ਧੀਦੋ, ਕਾਵੜ ਬਹੁਤ ਕਰੇਂਦਾ।
ਮੰਦੇ ਸੁਖਨ ਅਲਾਏਂ ਅਸਾ[7] ਇਹ ਮਨ ਰੋਸ ਧਰੇਂਦਾ।
ਅਸਾਂ ਕਿ ਲਗੇ ਇਨ੍ਹਾਂ ਗਲੀ, ਜੇ ਕੋਈ ਬੁਰਾ ਅਲੈਂਦਾ।
ਆਖ ਦਮੋਦਰ ਨਾਲ ਕਾਵੜ ਦੇ, ਧੂੰਈਂ ਚਾਇ ਵੀਟੇਂਦਾ॥੭੧੩॥

**ਸਹਿਤੀ**

ਭੁੱਲੀ ਭੁੱਲੀ ਮਹੀਂ ਫ਼ਕੀਰਾ! ਮੰਦਾ ਸੁਖਨ ਅਲਾਇਆ।
ਆਪੇ ਮੇਲ[8], ਬਨ੍ਹਾਇਉਸ[9] ਸਹਿਤੀ, ਸੁਣ ਵੇ ਘੋਲ ਘੁਮਾਇਆ।
ਬੇਤਕਸੀਰ[10] ਤੂੰ ਡਾਢੇ ਮੈਨੂੰ, ਏਵੇਂ ਕਾਵੜ ਆਇਆ।
ਤਦੋਂ ਫਕੀਰੀ ਕਿੱਥੇ ਧਰੀਆ, ਘਿਨ ਚੂਰੀ ਕੈਦੋ ਨੂੰ ਪਾਇਆ[11]॥੭੧੪॥

---

1. ਆਕਾਸ਼ੋ ਡਿੱਗਾ। 2. ਧਰਤੀ ਨੇ ਭੀ ਮੈਨੂੰ ਪਿੱਛੇ ਸੁੱਟ ਦਿੱਤਾ ਭਾਵ ਕਬੂਲ ਨ ਕੀਤਾ। 3. ਬੂਹੇ ਬੂਹੇ ਮੰਗਣ ਵਾਲੇ ਫਕੀਰਾਂ ਨੂੰ ਕੋਈ ਆਦਰ ਨਹੀਂ ਦਿੰਦਾ। 4. ਜੇ ਮੇਰਾ ਕੋਈ ਅੱਗਾ ਪਿੱਛਾ ਹੋਵੇ। 5. ਤੂੰ ਹੀਰ ਦੇ ਪਲੰਘ ਪਰ ਜਾ ਸੁੱਤਾ ਸੀ ਅਤੇ ਇਸ ਕਾਰਣ ਲੁੱਡਣ ਨੂੰ ਮਾਰ ਪਈ ਸੀ। 6. ਧੀਦੋ ਨੇ ਧੂਏਂ ਦਾ ਸਾਮਾਣ ਸੁੱਟ ਦਿੱਤਾ। 7. ਸਾਨੂੰ ਤੂੰ ਮੰਦੀਆਂ ਗੱਲਾਂ ਕਰਦੀ ਹੈਂ। 8. ਸਹਿਤੀ ਆਪ ਧੂਏਂ ਦਾ ਸਾਮਾਨ ਇਕੱਠਾ ਕੀਤਾ। 9. ੳ, ਅ ੲ, ਸ—ਬਹਾਇਉਸੁ। 10. ਬਿਨਾਂ ਕਸੂਰ ਦੇ, ਬੇਗੁਨਾਹ। 11. ਬੇਲੇ ਵਿਚ ਕੈਦੇ ਨੂੰ ਚੂਰੀ ਦਿੱਤੀ ਸਾਈ।

ਏਹੇਂ ਕੌਣ[1] ? ਤੂੰ ਆਖ ਹਕੀਕਤ ਰੁੱਮੀ[1] ਰੋਗ ਲਏਂਦੀ ?
ਤ੍ਰੁਟਾ ਪੈਰਾਂ ਉਤੇ ਧੀਦੋ[2], ਸੁਧ ਸੁਨੇਹਾ ਦੇਂਦੀ।
ਜੋ ਕੁਝ ਪਿੱਛੇ ਗੁਜ਼ਰੀ ਆਹੀ, ਮੈਂ ਸਿਰ, ਜ਼ਾਹਰ ਪਈ ਕਰੇਂਦੀ।
ਆਖ ਦਮੋਦਰ ਮੈਂ ਸਾਮ ਤੁਸਾਡੀ, ਮੈਕੂੰ ਸੱਚ ਦਸੇਂਦੀ[3] ॥੭੧੫॥

## ਸਹਿਤੀ

ਸੁਣ ਧੀਦੋ ਘਰ 'ਹੀਰ' ਮਹਿੰਡੇ[4], ਉਸ ਹੱਭੇ ਭੇਤ ਸੁਣਾਯਾ।
ਕੁਲ ਹਕੀਕਤ ਮੈਨੂੰ ਦੱਸੀ, ਤੁਸਾਂ ਕੀਕਰ ਇਸ਼ਕ ਲਗਾਯਾ।
ਖ਼ਾਤਰ ਜਮਾਂ ਕਰ[5] ਧੀਦੋ ਰਾਂਝਾ, ਬ੍ਰਾਮਣ ਅਸਾਂ ਭਿਜਾਯਾ।
ਆਖ ਦਮੋਦਰ ਸਹਿਤੀ ਧੀਦੋ ਤਾਈਂ, ਬਹੁਤ ਦਿਲਾਸਾ ਲਾਯਾ ॥੭੧੬॥

ਸੁਣ ਕਰ ਸੁਖਨ ਰੁੰਨਾ ਬਹੁ ਧੀਦੋ, ਮੈਂਕੂੰ ਤੁਧ ਸਦਾਯਾ।
ਸੱਭਾ ਲੱਜ ਪਈਆਂ ਗਲ ਤੈਂਡੇ, ਗਲ ਵਿਚ ਪਲੂ ਪਾਯਾ।
ਪਈਆ ਲੱਜ ਨਿਬਾਹੇਂ ਸਹਿਤੀ ! ਮੈਂ ਤੈਥੋਂ ਘੋਲ ਘੁਮਾਯਾ।
ਆਖ ਦਮੋਦਰ ਲੱਜ ਤੁਸਾਨੂੰ, ਸ਼ਰਮ ਤਹੂੰ ਗਲ ਪਾਯਾ[6] ॥੭੧੭॥

## ਸਹਿਤੀ

ਸੁਣ ਵੇ ਧੀਦੋ ! ਲੱਜ ਤੁਸਾਡੀ ਜਾਂ ਮੈਂ ਗਲ ਵਿਚ ਪਾਈ।
ਨੌਂ ਸੈਂ ਪੱਗ ਪਿਕਾਇਣ ਸੰਦੀ, ਵੇਖੋ ਮਹੀਂ ਲਜਾਈ[7]।
ਰਾਤ ਗੁਜ਼ਾਰ, ਸਬਾਹੀਂ ਜਾਵੇਂ, ਕੱਧੀ ਧੂੰਆਂ ਲਾਈਂ[8]।
ਮੂੰਹੋਂ ਚੁਪਾਤਾ ਹੋ ਕੇ ਬੈਠੀਂ, ਮੂਲ ਨ ਕਿਸੇ ਲਖਾਈਂ ॥੭੧੮॥

ਰਾਤ ਗੁਜ਼ਾਰ ਉਠ ਚਲਿਆ ਤਿਵੀਹੀਂ[9], ਤਾਂ ਚਲ ਖੇੜੀਂ ਆਯਾ
ਕਰ ਆਸਣ ਬੈਠਾ ਕੱਧੀ ਤੇ, ਕਿਸੇ ਨ ਮੂਲ ਲਖਾਯਾ[10]।
ਬੈਠਾ ਬਹਿਣ ਤੇ ਅਚੋਂ[11] ਪਿੰਡੇ, ਬਹੁਤ ਫ਼ਿਰਾਕ ਸਤਯਾ।
ਆਖ ਦਮੋਦਰ ਵੱਡੇ ਵੇਲੇ ਧੂਈਂ ਮੇਲਣ ਨੂੰ ਆਯਾ ॥੭੧੯॥

---

1. ਤੂੰ ਕੌਣ ਹੈਂ। 2. ਧੀਦੋ ਸਹਿਤੀ ਦੇ ਪੈਰੀਂ ਢਹਿ ਪਿਆ। 3. ਤੂੰ ਠੀਕ ਸੁਨੇਹੇ ਦੇਂਦੀ ਹੈਂ। 4. ਹੀਰ ਮੇਰੇ ਹੀ ਘਰ ਵਿਚ ਹੈ। 5. ਤਸੱਲੀ ਰੱਖ। 6. ਤੂੰ ਹੀ ਸਾਡੀ ਸ਼ਰਮ ਰੱਖਣੀ ਹੈ। 7. ਪੇਕਿਆਂ ਦੀ ਨੌਂ ਸੌ ਪੱਗ ਨੂੰ ਮੈਂ ਲਜ ਲਾਈ ਹੈ। 8. ਕਿਸੇ ਪਰ ਆਪਣਾ ਆਪ ਜ਼ਾਹਿਰ ਨਾ ਕਰੀਂ। 9. ਤਿਵੇਂ ਹੀ, ਉਸੇ ਤਰ੍ਹਾਂ ਜਿਵੇਂ ਸਹਿਤੀ ਨੇ ਕਿਹਾ ਸੀ। 10. ਕਿਸੇ ਨੂੰ ਜਤਾਇਆ ਨਾ। 11. ਅਚਵੀਂ, ਬੇਚੈਨੀ।

## ਜੋਗੀ ਤੇ ਹੀਰ

ਅੱਗੇ ਸੁੱਤੀ ਹੀਰ ਸਿਆਲੀ, ਜਾਂ ਇਹ ਨਜ਼ਰ ਲਗਾਏ[1]।
ਰੱਤੀ ਰੱਤ, ਨ ਮਾਸਾ ਮਾਸਹਿ, ਹੱਥ ਫਾਟੇ, ਧੌਣ ਹਿਲਾਏ[2]।
ਕਾਲਾ ਕਿੜਾ ਤੇ ਤਰੁੱਟਾ ਤ੍ਰੂਡਾ, ਸੁੱਤੀ ਪਾਸਾ ਲਾਏ।
ਆਖ ਦਮੋਦਰ ਵੇਖੇ ਰਾਂਝਾ, ਹੀਰ ਪਈ ਗ਼ਮ ਖਾਏ॥੭੨੦॥

ਤਲੀਏਂ ਟੇਕ, ਪੱਟੇ ਸਿਰ ਛੋਹਿਰ[3], ਕੈਨੂੰ ਹਾਲ ਸੁਣਾਏ।
ਪੋਸਤੀ ਵਾਂਙੂ ਪਿਣਕਾਂ ਲੱਗਸੁ, ਰਾਂਝੇ ਦਾ ਫ਼ਿਕਰ ਹੰਢਾਏ।
ਆਖ ਵੇਖਾਂ ਮੈਂ ਕੈਂਦੀ ਧੀਦੋ, ਰੋਵੇ ਤੇ ਕਾਰਾ ਉਡਾਏ।
ਆਖ ਦਮੋਦਰ ਕੇ ਨਹੀਂ ਇਜੇਹਾ, ਜੇ ਕੋਈ ਆਣ ਮਿਲਾਏ॥੭੨੧॥

ਤਾਂ ਭਿਖਿਯਾ ਮੰਗਣ ਕਾਰਣ ਜੋਗੀ, ਸੁਆਲ ਹੀਰੇ ਨੂੰ ਪਾਇਆ।
ਭਿਖਿਆ ਦਿਹ ਚਲ ਆਇਆ ਤੈਥੇ, ਭੁੱਖਾ ਮਹੀਂ ਦਸਾਇਆ[4]।
ਭੁੱਖ ਤਿੱਖਾ ਮੈਂ ਆਜ਼ਜ਼ ਕੀਤਾ[5], ਚਲ ਉਚੇਚਾ ਆਯਾ।
ਭਿਖਿਆ ਦੇਹ, ਅਸਾਂ ਦੇ ਤਾਈਂ, ਜੋਗੀ ਆਖ ਸੁਣਾਇਆ॥੭੨੨॥

## ਹੀਰ

ਬੱਚੇ ਮੁਇਆ! ਕੇ ਦੇਵਾਂ ਤੈਨੂੰ? ਕੇ ਤੈਨੂੰ ਭਿੱਖ ਪਾਈਂ?
ਆਜਜ਼[6] ਮੈਂ, ਰੋਵਾਂ ਦਿਨ ਰਾਤੀਂ, ਦਿੱਸੈ ਸੁਣੀਐ ਨਾਹੀਂ।
ਹਿੱਕ ਸਿੱਕਣ[7] ਬਿਆ ਹਾਹੀਂ ਕੱਢਣ[8], ਏਹੋ ਪੀਵਾਂ ਖਾਈਂ।
ਜੇ ਮੰਗੇ ਖ਼ੈਰ, ਤੇਰਾ ਜੀਉ ਹੋਵੇ, ਤਾਂ ਭੁੱਖ ਖ਼ਰਾਇਤ ਪਾਈਂ॥੭੨੩॥

## ਜੋਗੀ

ਭਿਖਿਆ 'ਭੁੱਖ' ਕਿਉਂ ਦੇਵੇਂ ਮੈਨੂੰ, ਅੰਨ ਤਾਂ ਬਹੁਤ ਦਿਖਾਏ[9]।
ਮਾਂਹ, ਜੁਆਰ, ਚੀਨਾ ਬਹੁਤੇਰਾ, ਕਿਉਂ ਨਹੀਂ ਭਿਖਿਯਾ ਪਾਏਂ।
ਦੇਹੋ ਅੰਨ ਜੁਲਾਹੇ ਇਥੋਂ, ਬਹੁਤੀ ਭੁੱਖ ਸਤਾਏ।
ਦੇਹਿ ਖਰਾਇਤ, ਰੱਜ ਖਵਾਹੇਂ, ਸਾਈਂ ਤੈਂਡੀ ਵੀ ਆਸ ਪੁਜਾਏ॥੭੨੪॥

---

1. ਜਦ ਧੀਦੋ ਨੇ ਨਜ਼ਰ ਲਗਾ ਕੇ ਦੇਖਿਆ। 2. ਹਥ ਮਰੋੜੈ ਤਨੁ ਕਪੈ.... (ਸ਼ੇਖ ਫ਼ਰੀਦਾ)। 3. ਹੀਰ ਨੇ ਸਿਰ ਉਪਰ ਚੁਕਿਆ। 4. ਜੋਗੀ ਨੇ ਕਿਹਾ ਕਿ ਮੈਂ ਭੁੱਖਾ ਹਾਂ। 5. ਭੁੱਖ ਤੇ ਤ੍ਰੇਹ ਨੇ ਮੈਨੂੰ ਮਾਰ ਦਿੱਤਾ ਹੈ। 6. ਨਿਮਾਣੀ। 7. ਇਕ ਸਿਕਣਾ, ਸਿਕਰ ਵਿਚ ਨਿਮੋਝੂਣ ਰਹਿਣਾ। 8. ਆਹਾਂ ਭਰਨੀਆਂ। 9. ਅੰਨ ਦਾਣਾ ਤੁਹਾਡੇ ਬਹੁਤ ਨਜ਼ਰ ਆਉਂਦਾ ਹੈ।

ਸੀਨੇ ਪਰਣੇ[1] ਜੁਲੀ ਸਲੇਟੀ, ਚਲੀ ਗੋਇ ਨਿਆਈਂ[2]।
ਜੋਗੀ ਬਹੁਤ ਅਸੀਸਾਂ ਦੇਂਦਾ, ਇਸ ਕੂੰ ਭਿਖਿਆ ਪਾਂਈਂ।
ਆਂਦੁਸੁ[3] ਮਸੇਂ ਮਸੇਂ ਬੁਕ ਦੀਨਾ :- 'ਝੋਲੀ ਅੱਡ ! ਦਿਵਾਈਂ।
ਆਖ ਦਮੋਦਰ ਰਾਂਝੇ ਚੇਤਿਆਂ[4], ਜੋ ਚੀਨਾ ਕਿਵੇਂ ਵੀਟਾਈਂ[5]॥੭੨੫॥

ਜੋਗੀ ਜਾਣ ਵਿਟਾਇਆ ਚੀਣਾ, ਚੁਣਿਆ ਹੱਥ ਨਾ ਆਵੈ।
ਕੰਡ ਵਲਾਇ ਬੈਠੋਈ, ਜੋਗੀ[6], ਚੁਣੇ ਤੇ ਝੁਰੇ ਅਲਾਵੈ[7]।
ਲੜਦੀ ਹੀਰ, 'ਉਠੀ ਵੰਞ' ਇਥੋਂ ਮੀਆਂ ਮਿੱਟੀ ਪਲੇ ਪਾਵੈ[8]।
ਆਖ ਦਮੋਦਰ ਜੋਗੀ ਬੈਠਾ, ਹੀਰ ਨਾ ਮੂਲ ਹਿਤਾਵੈ[9]॥੭੨੬॥

ਪੋਸਤੀ ਵਾਂਗੂ ਪਿਣਕਾਂ ਲਗਣ, ਫਿਰ ਫਿਰ ਤੱਕੈ ਜਾਈ।
ਉਠੀਂ ਜੋਗੀ! ਕਿਉਂ ਬੈਠਾ ਇਥੇ, ਮੈਨੂੰ ਕਾਵੜ ਆਈ।
ਇਤੇ ਹਾਲ ਮਰੀਊਂ ਵੱਟਾ, ਬੈਠਾ ਰਹੁ ਢਿਲ ਨਾ ਲਾਈ।
ਆਖ ਦਮੋਦਰ ਬੋਲੇ ਨਾਹੀਂ, ਮੂੰਹ ਬੈਠਾ ਬੁੱਕਲ ਪਾਈ[10]॥੭੨੭॥

ਜਾਂ ਵੇਖੇ ਤਾਂ ਬੈਠਾ ਜੋਗੀ, ਫਿਰ ਕਰ ਆਖ ਸੁਣਾਯਾ।
ਉਠ ਫ਼ਕੀਰਾ! ਵੱਟਾ ਮਰਾਈਂ, ਲੈ ਕਰ ਹੱਥ ਉਠਾਯਾ।
ਕੇਹਾ ਧਰਨਾ ਦਿੱਤੇ ਜੋਗੀ! ਤੈਂਡਾ ਪਿਉ ਵਤਾਯਾ[11]।
ਆਖ ਦਮੋਦਰ ਈਵੇਂ ਲੜਦੀ, ਮੁਸ਼ਕ[12] ਨੂੰ ਸਲੇਟੀ ਆਯਾ॥੭੨੮॥

ਭਿਖਿਆ ਹੋਰ ਦਿਵਾਈਂ ਜੋਗੀ[13]! ਹੀਰੇ ਆਖ ਸੁਣਾਯਾ।
ਪਇਆ ਗੁਮਾਨ ਸਹੀ ਸਲੇਟੀ, ਮਤ ਧੀਦੋ ਰਾਂਝਾ ਆਯਾ।
ਕੜਕ ਉਠੀ, ਚਮਕਾਇਲ ਹੋਈ, ਅੱਖੀਂ ਦਰਸ਼ਨ ਪਾਯਾ।
ਆਖ ਦਮੋਦਰ ਰਾਂਝੇ ਜੋਗੀ ਸਹੀ, ਜਬਾਬ ਸੁਣਾਯਾ॥੭੨੯॥

## ਜੋਗੀ

ਸਾਵੀ ਪੀਲੀ ਕਿਉਂ ਪਈ (ਮੈਨੂੰ)? ਵੇਦਨ[14] ਆਖ ਸੁਨਾਇ।
ਕਾਰੀ ਕਰਾਂ ਮੈਂ ਤੈਂਡੜੀ[15] ਜੇ, ਰੱਬ ਆਪ ਕਰਾਇ।
ਕੇਹੀ ਰਿੰਜ਼ਸ਼[16] ਤੁਧ ਨੂੰ (ਹੋਈ) ਮੈਨੂੰ ਆਖ ਸੁਣਾਇ।
ਆਖ ਦਮੋਦਰ (ਤੈਨੂੰ) ਚੰਗਾ ਕਰੀਂ, ਜੇ ਸਾਈਂ ਭਾਵੇ ਚਾਇ॥੭੩੦॥

---

1. ਨੀਵੀਂ ਹੋ ਕੇ। 2. ਗੋਹ ਵਾਂਗ ਨੀਵੀਂ ਹੋ ਕੇ ਚਲੀ। 3. ਉਸ ਨੇ ਲੈ ਆਂਦਾ ਚੀਣੇ ਦਾ ਬੁੱਕ। 4. ਰਾਂਝੇ ਨੇ ਸੋਚਿਆ। 5. ਡੇਲਾਂ, ਧਰਤੀ ਪਰ ਬਿਖੇਰ ਦਿਆਂ। 6. ਜੋਗੀ ਪਿਠ ਕਰ ਕੇ ਬੈਠ ਗਿਆ। 7. ਚੀਨਾ ਇਕੱਠਾ ਕਰਦਾ ਝੁਰ ਰਿਹਾ ਸੀ ਤੇ ਬੋਲ ਰਿਹਾ ਸੀ। 8. ਮਿੱਟੀ ਮਿਲਿਆ ਚੀਣਾਂ ਹੀ ਹੱਥ ਆਵੇਗਾ। 9. ਹੀਰ ਨੂੰ ਚੰਗਾ ਨਹੀਂ ਸੀ ਲਗ ਰਿਹਾ। 10. ਮੂੰਹ ਵਿਚ ਘੁੰਙਣੀਆਂ ਪਾਈ ਬੈਠਾ ਹੈਂ। ਮੱਕੀ ਦੇ ਅਧ ਭੁੰਨੇ ਦਾਣਿਆਂ ਨੂੰ ਬਕਲਾਂ ਕਹਿੰਦੇ ਹਨ। 11. ਤੇਰਾ ਪਿਉ ਮਾਰਿਆ। 12. ਖੁਸ਼ਬੂ, ਹੀਰ ਨੂੰ ਸ਼ੱਕ ਪੈ ਗਿਆ ਕਿ ਜੋਗੀ ਰਾਂਝਾ ਹੀ ਨਾ ਹੋਵੇ। 13. ਜੋਸ਼ ਵਿਚ ਆਈ। 14. ਪੀੜਾ, ਦਰਦ, ਦੁਖ। 15. ਤੇਰਾ ਇਲਾਜ ਕਰਾਂ। 16. ਦੁਖ, ਦਰਦ।

**ਹੀਰ**

ਨਿੱਘਰ ਵੈਂਦਿਆ ਜੋਗੀਆ! (ਮੇਰੇ) ਸਿਰ ਤੋਂ ਕੜ ਕੜ[1] ਲਾਹਿ।
ਤੁਧ ਪਰਾਈ ਕੀ ਪਈ! (ਜਾਹ) ਆਪਣੀ ਤੋੜ ਨਿਬਾਹਿ।
(ਮੈਂ) ਮਾਰੀ ਆਪਣੇ ਕਹਿਰ[2] ਦੀ, ਬਹੁਤ ਨਾ ਮਹੀਂ ਸਤਾਇ।
ਆਖ ਦਮੋਦਰ ਜੋਗੀਆ! (ਝਬ) ਇਥਹੁੰ ਕੰਡ ਵਲਾਇ[3]॥੭੩੧॥

**ਜੋਗੀ**

ਅਪਣੀ ਵੇਦਨ ਦੱਸ ਦਿਹੁ, ਆਖਾਂ ਤੁਧ ਸੁਣਾਇ।
ਪੁੜੀਆਂ ਦੇਵਾ ਬੰਨ੍ਹ ਕੇ, ਤੱਤੇ ਨੀਰ ਫਕਾਇ[4]।
ਕੇਹੀ ਵੇਦਨ ਤੁਧ ਨੂੰ, ਮੈਨੂੰ ਸਭ ਬਤਾਇ।
ਦੇਵਾ ਪੁੜੀਆਂ ਝੱਬ ਮੈਂ, ਤੈਨੂੰ ਖ਼ੈਰ ਹੋ ਜਾਇ॥੭੩੨॥

**ਹੀਰ**

ਕੰਨੀ ਘੱਸਾਂ (ਤੈਂਡੇ) ਨਾ ਪਈਆਂ, ਅੰਗਨ ਮੋਹੇ ਭਸਮ[5]।
ਮਹੀਂ ਸਿਞਾਤੋ ਜੋਗੀਆ! (ਉੱਝੇ) ਵੇਲੇ ਨਾ ਭੰਨ[6]।
ਹੱਥੀਂ ਪੈਰੀਂ ਉੱਜਲਾ ਚੌਦਸ ਸੰਦਾ ਚੰਨ[7]।
ਅੱਖੀਂ ਖੋਹਲ ਵਿਖਾਏ ਮੈਂ, ਕਹਿਆ ਅਸਾਡਾ ਮੰਨ॥੭੩੩॥

**ਜੋਗੀ**

ਧੁਰੋਂ ਭੁਟੰਤੋਂ, ਟਿਲਿਓਂ[8] ਢੁਲਕ ਲਥਾ[9] ਮੁਲਤਾਨ।
ਮੈਂ ਜੋਗੀ (ਹਾਂ) ਸਤ ਪੀੜੀਓਂ, ਤੂੰ ਭੁੱਲੀ ਕਿੱਤ ਗੁਮਾਨ।
ਮਾਨਸ ਜੇਹੇ ਮਾਨਸ ਕੇਤੇ, (ਤੂੰ) ਦਿਲ ਤੇ ਮੈਲ ਨਾ ਆਨ।
ਆਪਣੀ ਵੇਦਨ ਦਸ ਦਿਹ, ਜੋ ਸਾਈਂ ਕਰੇ ਅਸਾਨ॥੭੩੪॥

**ਹੀਰ**

ਸੁਣ ਵੇ ਨਿਘਰਿਆ ਜੋਗੀਆ! ਭੋਗ ਨਾ ਮੈਂਡਾ ਛੇੜ।
ਅੰਦਰ ਸੁਲਕੇ ਜਾਮਕੀ[10], ਲਾਟ ਬਲੇ ਬਿਨ ਤੇਲ।
ਰੇਲ ਨ ਕਾਹੀ ਬਾਤੜੀ[11], ਮਾਰ ਨ ਮੈਨੂੰ ਸੇਲ[12]।
ਜੇ ਤੁਧ ਰੋਗ ਵੰਞਾਵਣਾ, ਤਾ ਚਾਕ ਅਸਾਂ ਨੂੰ ਮੇਲ॥੭੩੫॥

---

1. ਸ਼ੋਰ ਦੂਰ ਕਰ। 2. ਮੁਸੀਬਤ। 3. ਪਿਛਾ ਵਿਖਾ, ਦੂਰ ਹੋ। 4. ਦਵਾ ਦੀ ਫਕੀ ਮਾਰ ਕੇ ਉਪਰੋਂ ਗਰਮ ਪਾਣੀ ਪਿਆਦਿਆਂ। 5. ਮੁੰਦਰਾਂ ਦੀਆਂ ਘੱਸਾਂ ਤੇਰੇ ਕੰਨੀ ਨਹੀਂ ਪਈਆਂ ਨਾ ਹੀ ਤੇਰੇ ਸਰੀਰ ਪਰ ਸੁਆਹ ਸੋਭਦੀ ਹੈ। 6. ਅੱਜ ਸਾਝਰੇ (ਸਵੇਰੇ) ਹੀ ਤਾਂ ਘਰ ਤੋਂ ਭਜਿਆ ਤੇ ਜੋਗ ਧਾਰਨ ਕਰ ਲਿਆ। 7. ਤੇਰਾ ਮੁਖੜਾਂ ਚੌਧਵੀਂ ਦੇ ਚੰਨ ਵਰਗਾ ਹੈ। 8. ਭੱਟੀ ਦੇਸ ਅਥਵਾ ਟਿੱਲੇ ਤੋਂ (ਕਿਤਾਣਾ ਟਿੱਲੇ ਦੇ ਨੇੜੇ ਭੱਟੀਆਂ ਦੇ ਪਿੰਡ ਆਬਾਦ ਸਨ)। 9. ਮਸਤ ਚਾਲ ਨਾਲ ਉੱਚੀ ਥਾਂ ਤੋਂ ਹੇਠਾਂ ਉਤਰਨਾ, ਉਭੇ ਤੋਂ ਲੰਮੇ (ਦੱਖਣ) ਮੁਲਤਾਨ ਆ ਗਿਆ। 10. ਅੱਗ। 11. ਗੱਲ। 12. ਸੇਲਾ, ਬਰਛਾ, ਯਾਦਾਂ ਦੇ ਤੀਰ।

ਲੱਕ ਨਾ ਸੁਹੰਦਾ (ਤੈਡੇ) ਨਾਰਾ ਬੇਦ[1], ਮੱਥਿ ਨਾ ਸੋਹੇ ਬਿਭੂਤ[2]।
ਕਿਉਂ ਕਰ ਆਸਣ ਛੋਡਿਓ, ਕਰਕੇ ਡੇਰਾ ਕੂਚ।
ਹੱਥੀਂ ਪੈਰੀਂ ਉੱਜਲਾ, ਲੱਗੇ ਅਹਿਲ ਮਲੂਕ[3]।
ਮੈਂ ਸਿਞਾਤੋ ਜੋਗੀਆ! ਕੋਟਾਂ ਅੰਦਰ ਕੂਕ[4]॥੭੩੬॥

## ਜੋਗੀ

ਨਰਵਰ ਕੋਟੋਂ[5] ਚਲਿਆ, ਢੂਲਕ ਆਇਯਾ ਪਰਦੇਸ।
ਪਿੰਡਾ ਭਸਮ ਰਵਾਲਿਆ, ਭਸਮ ਰਵਾਲੇ (ਮੈਡੇ) ਕੇਸ।
ਭਿਖਿਆ ਮੈਨੂੰ ਦੇਹ ਤੂੰ (ਨਹੀਂ) ਕਰ ਕੇ ਚਲਾਂ ਅਦੇਸ[6]।
ਇਹੁ ਕਜ਼ੀਆ ਲਿਖਿਆ, ਆਇ ਪਇਆ ਮੇਰੇ ਪੇਸ਼॥੭੩੭॥

## ਹੀਰ

ਮੁੰਦ੍ਰਾ ਕੰਨੀਂ (ਕਿਤਨੂੰ) ਘੱਤੀਓ ? ਮੈਨੂੰ ਆਖ ਸੁਣਾਇ।
ਨ ਤੂੰ ਡਰਿਆ ਰੱਤ ਤੋਂ, ਲਏ ਨੀਂ ਕੰਨ ਪੜਾਇ ?
ਜਿਤ ਦਿਨ ਘਰ ਤੋਂ ਚਲਿਆ, ਫੱਟ ਨ ਮੂਈ (ਤੇਰੀ) ਮਾਇ ?
ਆਖ ਦਮੋਦਰ ਜੋਗੀਆ! ਮੈਨੂੰ ਸੱਚ ਦਸਾਇ॥੭੩੮॥

## ਜੋਗੀ

ਗੜ੍ਹ ਕਿੜਨਿਓ[7] ਚਲਿਆ, ਢੁੱਲਕ ਆਇਆ ਇਤ ਜਾਇ।
ਮੈਂ ਤਾਂ ਜੋਗੀ ਜੁਗਾਂ ਦਾ, ਸਮਝ ਨਾ ਕੂੜ ਅਲਾਇ[8]।
ਕਿਤ ਭੁਲਾਵੇ ਤੂੰ ਭੁਲੀ, ਮੈਨੂੰ ਆਖ ਸੁਣਾਇ।
ਅੰਦਰ ਜੇਹੜੀ ਬਾਤ ਤੁੱਧ, ਸਭਾ ਮਹੀਂ[9] ਦਸਾਇ॥੭੩੯॥

## ਹੀਰ

ਜੋਗੀ ਨੀਹੇਂ (ਤੂੰ) ਚੋਰ, ਜਾਰ, ਹਿੱਕੇ ਤਾਂ ਹੈ ਬਟਪਾਲ[10]।
ਹਿੱਕੇ ਤਾਂ ਰੰਨਾ ਠੱਗੀਆਂ, ਹਿੱਕੇ ਠੱਗੇ ਨੀ ਬਾਲ।
ਕੂੜ ਅਲੈਂਦਾ ਸੁਖ ਥੀਂ, ਬੋਲੇਂ ਨਹੀਂ ਸੰਭਾਲ।
ਜੇ ਤੂੰ ਜੋਗੀ ਸੱਚ ਦਾ, (ਮੈਨੂੰ) ਅੱਖੀਂ ਖੋਲ੍ਹ ਵਿਖਾਲ॥੭੪੦॥

---

1. ਜੋਗੀਆਂ ਦਾ ਕਾਲਾ ਊਨੀ ਰੱਸਾ। 2. ਤੇਰੇ ਮੱਥੇ ਤੇ ਸਵਾਹ ਚੰਗੀ ਨਹੀਂ ਲਗਦੀ। 3. ਨਾਜਕ ਤੇ ਉੱਚੇ ਖਾਨਦਾਨ ਦਾ। 4. ਕਿਲ੍ਹਿਆਂ ਵਿਚ (ਰਾਜ ਦਰਬਾਰਾਂ ਵਿਚ) ਤੇਰੀ ਧਾਕ ਹੈ। 5. ਮਾਰਵਾਣੀ ਦਾ ਆਸ਼ਿਕ ਢੋਲ ਬਾਂਦਸ਼ਾਹ ਨਰਵਰ ਕੋਟ ਦਾ ਰਹਿਣ ਵਾਲਾ ਸੀ। ਜੋਗੀ ਰਾਂਝਾ ਆਪਣ ਆਸ਼ਿਕ ਹੋਣ ਦੀ ਗਵਾਹੀ ਭਰਦਾ ਹੈ। 6. ਜੋਗੀ ਬੋਲਾ—ਅਲਖ ਨਿਰੰਜਨ—ਨਮਸਕਾਰ। 7. ਕਿੜਾਨਾ ਦੰਦੇ ਤੋਂ, ਕਿੜਾਨਾ ਪਹਾੜੀ ਤੋਂ। 8-9. ਬੋਲ, ਜੋ ਮੈਂ ਕਿਹਾ ਹੈ ਇਸ ਨੂੰ ਝੂਠ ਨਾ ਸਮਝ। ਮੈਨੂੰ ਸਭ ਕੁਝ ਦੱਸ ਦੇ। 10. ਰਾਹਮਾਰ, ਡਾਕੂ, ਲੁਟੇਰਾ।

## ਜੋਗੀ

ਸਿਧ ਬਗਾਈ (ਅਖੀਂ) ਬੱਧੀਆਂ[1], ਓਹੋ ਖੁਹਲੇ ਆਇ।
ਮੈਨੂੰ ਮਨ੍ਹਾਂ ਹੈ ਗੁਰੂ ਦੀ, ਅੱਖ (ਵੇਖ) ਨਾ ਝਾਤੀ ਪਾਇ।
ਕਿਸ ਭੁਲਾਵੇ ਤੂੰ ਭੁੱਲੀ, ਮੁੱਖ ਥੀਂ ਸੱਚ ਅਲਾਇ।
ਜਿਹੜੀ ਬੇਦਨ[2] ਤੁਧ ਨੋਂ, ਹੱਭਾ[3] ਸਮੇਂ ਦਸਾਇ॥੭੪੧॥

## ਹੀਰ

ਰਾਤੀਂ ਘਿੱਧਾ[4] ਹੈ ਭੇਖ ਤੈਂ, ਮੈਨੂੰ ਦੇਹੁ ਸੁਣਾਇ।
ਝੋਲੀ, ਸਿੰਙੀ ਨਾ ਤੁਧ ਹੱਥ, ਹੁਨਰ[5] ਕੀਤੋਈ ਜਾਇ।
ਵੇਸ ਕੀਤੋਈ ਫਕਰ ਦਾ[6], ਠੱਗ ਰੰਨਾਂ ਨੂੰ ਵਿਲਾਇ[7]।
ਕਿੱਥੇ ਖੱਪਰ (ਤੈਥੋਂ) ਭੁਗਤ[8] ਦਾ, ਹੁਣ ਆਇਓ ਭੇਖ ਬਣਾਇ॥੭੪੨॥

## ਜੋਗੀ

ਪੱਲੇ ਖ਼ਰਚ ਨ ਬੰਨ੍ਹਦੇ, ਪੰਖੀ ਤੇ ਦਰਵੇਸ਼।
ਜਿਨ੍ਹਾਂ ਤਕੀਆ ਰੱਬ ਦਾ, ਤਿਨ੍ਹਾਂ ਰਿਜ਼ਕ ਹਮੇਸ਼[9]।
ਆਇਆ ਤੁਧ ਥੇ ਮੰਗਣੇ, ਜੋਗੀ ਦਾ ਕਰ ਭੇਸ।
ਨਹੀਂ ਤਾਂ ਦੇਹ ਜਵਾਬ ਤੂੰ (ਜੇ), ਕਰਕੇ ਚਲਾ ਅਦੇਸ॥੭੪੩॥

(ਜੇ) ਤੂੰ ਰਾਂਝਾ ਨੀਹੇਂ[10] (ਤਾਂ) ਮੈਂ ਮੁਈਂ ਗਈ ਸੁ ਗੋਤਾ ਖਾਇ[11]।
ਦੰਦਣ ਪਇਆ ਸਿਆਲ ਨੂੰ (ਕੋਈ) ਸਕੇ ਨਾ ਨੀਰ ਚੁਆਇ[12]।
ਜੋਗੀ ਰੁੰਨਾ ਰਤ ਭਰ, 'ਮੈਂ' ਜੁਲਿਆਂ ਖਤਾ ਮਰਾਇ[13]।
ਇਸ ਜਣਾਇਆ ਲੋੜੀਏ, ਮਤ ਅਜਾਈਂ ਹੋਇ ਜਾਇ[14]॥੭੪੪॥

ਪੰਜਾਂ ਪੀਰਾਂ ਆਇ ਕੈ, ਅੰਦਰ ਹੀਰ ਕਹਿਆਇ।
ਏਹੁ ਸੁ ਧੀਦੋ ਆਇਆ, 'ਜੋਗੀ' ਭੇਖ ਬਣਾਇ।
ਉੱਠੀ ਤੂੰ ਮਿਲ ਇਸ ਨੂੰ, ਖਬਰਦਾਰ[15] ਹੁਇ ਜਾਇ।
ਉਠ ਬੈਠੀ ਤਦ ਹੀਰ ਭੀ, ਬਹੁਤ ਕਰੇ ਪ੍ਰਗਟਾਇ[16]॥੭੪੫॥

---

1. ਬੰਨ੍ਹੀਆਂ। 2. ਵੇਦਨਾ, ਪੀੜਾ। 3. ਸਭ ਕੁਝ। 4. ਤੂੰ ਰਾਤਾ ਨੂੰ ਭੇਖ ਧਾਰਿਆ ਹੈ। 5. ਐਵੇਂ ਫ਼ਰੇਬ ਕੀਤਾ ਹੈ ਦਾਉ ਲਾਇਆ ਹੈ। 6. ਫ਼ਕੀਰੀ ਜਾਮਾ ਪਹਿਨਿਆ ਹੈ। 7. ਤੂੰ ਤੀਵੀਆਂ ਨੂੰ ਵੱਸ ਵਿਚ ਕਰਨ ਵਾਲਾ ਤੇ ਠੱਗਣ ਵਾਲਾ ਲਗਦਾ ਹੈਂ। 8. ਮੰਗਿਆ ਭੋਜਨ ਪਾਣ ਵਾਲਾ ਖੱਪਰ (ਕਨਕੋਲ)। 9. ਇਹ ਮਸ਼ਹੂਰ ਬੰਦ ਕਹਾਵਤ ਬਣ ਚੁੱਕਾ ਹੈ ਅਤੇ ਰੱਬ ਪਰ ਨਿਸ਼ਚਾ ਰੱਖਣ ਦੀ ਤਾਕੀਦ ਕਰਦਾ ਹੈ। 10. ਤੂੰ ਨਹੀਂ ਹੈਂ। 11. ਹੀਰ ਬੇਹੋਸ਼ ਹੋ ਗਈ। 12. ਕੋਈ ਉਸ ਦੇ ਪਾਣੀ ਨਹੀਂ ਸੀ ਪਾ ਸਕਦਾ। 13. ਮੇਰੇ ਚਲੇ ਜਾਣ ਨਾਲ ਇਹ ਗ਼ਲਤੀ ਵਿਚ ਹੀ ਮਰ ਜਾਏਗੀ। 14. ਐਵੇਂ ਹੀ ਨ ਮਰ ਜਾਏ। 15. ਚੌਕੰਨੀ, ਹੁਸ਼ਿਆਰ। 16. ਫੇਰ ਆਪਣਾ ਆਪ ਜ਼ਾਹਿਰ ਕਰਨ ਲਗੀ।

### ਹੀਰ

ਕੈ[1] ਜੋਗੀ ਦੀ ਤੈਨੂੰ ਥਾਪਣਾ, ਕੈ ਜੋਗੀ ਦੀ ਤੈਨੂੰ ਸਿੱਖ[2] ?
ਹੱਥੀਂ ਪੈਰੀਂ ਉਜਲਾ, ਅਹਿਲ ਮਲੂਕ, ਅਲੱਖ[3]।
ਜੋਗੀ ਭੇਖ ਬਣਾਇਓ ਕਰਦਾ ਫਿਰੇ ਅਲੱਖ।
ਦਰ ਦਰ ਕਰੇਂ ਸੁਆਲ ਤੂੰ, ਮੰਗ ਖਾਵੇਂ ਤੂੰ ਭਿੱਖ ?॥੭੪੬॥

### ਜੋਗੀ

ਇਨ੍ਹੀ ਹੱਥੀਂ ਖੀਰ ਖਵਾਲੀਆ, ਦੁੱਧ ਪੀਵਾਇਓ ਮਾਝਾ।
ਰਲ ਮਿਲ ਕਰਕੇ ਮਸਲਤ ਕਰਦੇ, ਸੁਣ ਹੀਰੇ ਇਹੁ ਬਾਝਾ[4]।
ਬੇਲੇ ਦੇ ਵਿੱਚ ਕਰਹਿ ਦਿਲਾਸਾ, ਹੁਣ ਕਿਉਂ ਕਰਨੀਏਂ ਲਾਂਝਾ[5]।
ਵਖਤ ਪਾਇਆ ਸਿਞਾਣੇਂ ਨਾਂਹੀਂ, ਮੈਂ ਓਹੋ ਧੀਦੋ ਰਾਂਝਾ॥੭੪੭॥

### ਹੀਰ

ਕਿੱਥੇ ਤੈਂਡਾ ਵਤਨ ਹੈ? ਕੇਹੜੀ ਤੇਰੀ ਜਾਇ ?
ਕੇਹੜੀ ਨੈਂ[6] ਤੇ ਵੱਸਦਾ ? ਮੈਨੂੰ ਆਖ ਸੁਣਾਇ।
ਕਿਸ ਜੋਗੀ ਦੀ ਤੈਨੂੰ ਥਾਪਣਾ, ਆਇਓਂ ਕੰਨ ਪੜਾਇ।
ਆਖ ਦਮੋਦਰ ਜੋਗੀਆ ! ਆਪਣਾ ਪਤਾ ਦਸਾਇ॥੭੪੮॥

### ਜੋਗੀ

ਤਖ਼ਤ ਹਜ਼ਾਰਾ (ਮੈਂਡਾ) ਜੰਮ ਹੈ, ਚੰਦਲ[7] ਵਹਿੰਦੀ (ਠੰਢੇ) ਨੀਰ।
ਮੈਨੂੰ ਸਿੱਧ, ਬਗਾਈ ਦੀ ਥਾਪਣਾ, ਜਿਹੜਾ ਟਿੱਲੇ ਦਾ ਪੀਰ।
ਆਇਉਮੁ ਕੱਪਰ ਝਾਗ ਕੇ[8], ਨੈਂ ਬੂਟੇ ਝੱਲ ਚੀਰ।
ਅੱਖੀਂ ਵੇਖ ਸਿਞਾਣ ਤੂੰ, ਮੈਂ (ਉਹ) ਰਾਂਝਾ (ਤੇ) ਤੂੰ ਹੀਰ॥੭੪੯॥

ਉੱਡੀ ਵਾਂਗ ਬਸੀਨ[9] ਜਿਉਂ, ਤਾਂ ਗਲ ਲਗੀ ਧਾਇ।
ਦਾਵਣ ਪਕੜ ਖਲੋਤੀਆ[10], ਵੇਖੇ ਹੱਥ ਲਗਾਇ।
ਸੂਰਜ ਚੰਨ ਸਿਞਾਣਦੀ, ਧਰਤੀ ਹੱਥ ਵਤਾਇ[11]।
ਸਹੀ ਸੱਚ ਰਾਂਝਨ ਆਇਆ, ਮਤ ਸੁਪਨਾ ਹੁਇ ਜਾਇ॥੭੫੦॥

---

1. ਕਿਹੜੇ। 2. ਸਿਕਿਆ। 3. ਲੱਖਿਆ ਨਹੀਂ ਜਾਂਦਾ। ਤੈਨੂੰ ਜੋਗੀ ਨਹੀਂ ਸਮਝਿਆ ਜਾਂਦਾ। 4. ਬੰਧਨ, ਸੰਬੰਧ। 5. ਝਗੜਾ। 6. ਨਦੀ, ਦਰਿਆ ਕਿਨਾਰਾ। 7. ਚੰਦਰ ਭਾਗਾ, ਚਨ੍ਹਾਂ। 8. ਦਰਿਆ ਦੀਆਂ ਘੁੰਮਣ ਘੇਰਾਂ ਵਿਚੋਂ ਨਿਕਲ ਕੇ ਆਇਆ ਹਾਂ। 9. ਇਕ ਛੋਟਾ ਪੰਛੀ। 10. ਰਾਂਝੇ ਦਾ ਪੱਲੂ ਫੜ ਲਿਆ। 11. ਧਰਤੀ ਨੂੰ ਹੱਥ ਨਾਲ ਛੂੰਹਦੀ ਸੀ।

ਰੋਵੇ ਰੱਤ ਭਰ ਹੰਝੂ ਚਸ਼ਮਾਂ[1], ਦੁੱਖ ਫੁਲੇਂਦੀ ਤਾਹੀਂ।
ਅੰਬਰ ਕਾਲਾ ਇਤ ਭਤ ਹੋਇਆ ਅਸਾਂ ਦਰਦਵੰਦਾਂ ਦੀਆਂ ਆਹੀਂ।
ਤਾਰੇ ਚਿਣਗਾਂ ਜੁੱਸੇ ਵਿਚਹੁੰ ਅੰਬਰ ਗਈਆਂ ਤਦਾਹੀਂ[2]।
ਆਖ ਦਮੋਦਰ ਦੋਵੇਂ ਰੋਵਨ, ਵਿਰਾਗ ਠਲੀਦਾ ਨਾਹੀਂ॥੭੫੧॥

ਤਾਂ ਆਖੇ ਹੀਰ-ਵਸੀਲਾ ਕੀਤਾ, ਸਹਿਤੀ ਨਾਉਂ ਅਖਾਈਂ।
ਹੋਵਿਸੁ ਨਿਸ਼ਾ[3] ਸੁਣ ਸਾਈਂ ਰਾਂਝਾ! ਕਿਵੇਂ ਸਹਿਤੀ ਤੁਧ ਮਿਲਾਈਂ।
ਪੀੜ ਵੰਡਾਵੀ[4] ਸਹਿਤੀ ਮੈਂਡੀ, ਤੈਨੂੰ ਕਿਵੇਂ ਵਿਖਾਈਂ।
ਸੁਣੇ ਹੀਰੇ! ਰਾਤ ਸਹਿਤੀ ਕੋਲੂੰ ਪਈਆਂ ਆਇ ਅਸਾਂਹੀ॥੭੫੨॥

ਕੱਧੀ ਬੈਠ ਤੂੰ ਜਾਹ ਸਵੇਲੇ, ਮਤ ਕੋਈ ਵੰਞ ਸੁਣਾਏ[5]।
ਵੱਡੇ ਗਲੀਮ[6] ਜਾਨ ਦੇ ਦੁਸ਼ਮਣ! ਮਾਰਨ ਨੂੰ ਸਧਰਾਏ[7]।
ਜੁਲਿਆ ਜੋਗੀ ਕੱਧੀ ਦੇ ਵਲ, ਸਥਰ ਧੂੰਈਂ ਪਾਏ।
ਆਖ ਦਮੋਦਰ ਮੂੰਹ ਸਿਰ ਬੱਧੇ, ਕੱਧੀ ਆਸਣ ਲਾਏ॥੭੫੩॥

ਤਾਂ ਦਿਨ ਤੀਜੇ ਸਹਿਤੀ ਆਈ, ਹੀਰੇ ਵਲ ਤਕੇਂਦੀ।
ਅੱਜ ਉਹ ਨਾ ਤੇਰਾ ਰੰਗ ਦਿਸੀਂਦਾ, ਓਹ ਨਾ ਹਾਲਤ ਤੈਂਡੀ।
ਬਾਘੇ[8] ਵਾਂਗ ਬਹਾਦਰ ਹੀਰੇ! ਬੈਠੀ ਤੀਰ[9] ਚਲੈਂਦੀ।
ਆਖ ਦਮੋਦਰ ਹੀਰੇ ਕੋਲੋਂ, ਸਹਿਤੀ ਏਂਵ ਪੁਛੈਂਦੀ॥੭੫੪॥

## ਹੀਰ

ਸਦਕਾ ਤੈਂਡਾ ਦਿਹੁੰ ਦਿਹੁੰ ਤਾਜੀ, ਜਾਂ ਰਾਮੂ ਗਲ ਸੁਣਾਈ[10]।
ਆਮਦ[1] ਸੁਣੀ ਰੰਝੇਟੇ ਸੰਦੀ, ਤਾਂ ਮੂੰਹ ਲਾਲੀ ਆਈ।
ਅੱਜ ਕਲ ਮਤਾਂ ਦੀਦਾਰ ਕੀਰਹਾਂ, ਹੋਵੇ ਮਤ ਰੁਸ਼ਨਾਈ।
ਆਖ ਦਮੋਦਰ ਸਹਿਤੀ ਰਾਣੀ! ਇਤੇ ਮਹੀਂ ਸਵਾਈ[11]॥੭੫੫॥

---

1. ਅੱਖਾਂ ਵਿਚ ਰੱਤ ਦੇ ਹੰਝੂ ਭਰ ਲਿਆਈ। 2. ਹੀਰ ਕਹਿੰਦੀ ਹੈ ਕਿ ਅਸਮਾਨ ਸਾਡੇ ਦੁਖੀਆਂ ਦੀਆਂ ਆਹਾਂ ਨਾਲ ਕਾਲਾ ਹੋ ਗਿਆ ਹੈ ਅਤੇ ਤਾਰੇ ਜੋ ਹਨ ਉਹ ਸਾਡੇ ਜੁੱਸੇ ਵਿਚ ਨਿਕਲੀਆਂ ਚਿਣਗਾਂ ਹਨ ਜੋ ਉਪਰ ਜਾ ਕੇ ਤਾਰੇ ਦਿਸਦੀਆਂ ਹਨ। 3. ਮੇਰੀ ਤਸੱਲੀ ਹੋਏਗੀ। 4. ਦੁਖ ਵੰਡਾਣ ਵਾਲੀ। 5. ਕੋਈ ਉਨ੍ਹਾਂ ਨੂੰ (ਵੈਰੀਆਂ ਨੂੰ) ਖ਼ਬਰ ਨਾ ਦੇ ਦੇਵੇ। 6. ਵੈਰੀ, ਜ਼ਾਲਿਮ। 7. ਸਾਨੂੰ ਮਾਰਣਾ ਚਾਹੁੰਦੇ ਹਨ। 8. ਸ਼ੇਰ ਵਾਂਗ। 9. ਨੈਣਾਂ ਦੇ ਤੀਰ। 10. ਤੇਰੀ ਕਿਰਪਾ ਦੇ ਕਾਰਣ ਜਦ ਦੀ ਰਾਮੂ ਨੇ ਆ ਕੇ ਰਾਂਝੇ ਦੀ ਸੋਂ ਦਿੱਤੀ ਹੈ ਮੇਰੇ ਤਨ ਵਿਚ ਤਾਜ਼ਗੀ ਆ ਗਈ ਹੈ। 11. ਬਸ ਮੈਂ ਇਸੇ ਵਿਚ ਹੀ ਸਵਾਈ ਹੁੰਦੀ ਜਾ ਰਹੀ ਹਾਂ, ਖ਼ੁਸ਼ੀ ਵਿਚ ਫੁਲਦੀ ਜਾਂਦੀ ਹੈ।

**ਸਹਿਤੀ**

ਸੁਣ ਤੂੰ! ਪੰਜ ਪੰਜ ਨਾਲ ਲੋਕਾਂ ਦੇ, ਮੈਂ ਨਾਲ ਪੰਜ ਕਰੇਂਦੀ[1]।
ਅਖੀਂ ਵੇਖ ਸਿਞਾਤੀ ਵੇਦਨ, ਅਸਾਂ ਜਾਣ ਭੁਲੇਂਦੀ।
ਕੁਲ ਹਕੀਕਤ ਤੈਂਡੀ ਹੀਰੇ! ਮਾਲੂਮ ਮਹੀਂ ਕਰੇਂਦੀ।
ਕੀਕਰ ਕੰਮ ਤੁਹਾਡਾ ਹੋਸੀ? ਮੈਂ ਦਾਈ ਤੋਂ ਪੇਟ ਛਪੇਂਦੀ॥੭੫੬॥

ਤਾਂ ਡਰ ਗਈ ਸੁ ਹੀਰ ਸਲੇਟੀ, ਜਾਂ ਉਸ ਈਂਵ ਸੁਣਾਯਾ।
ਬੇਬੇ![2] ਮੂੰਹ ਸਿਰ ਬੱਧੇ ਕੋਈ, ਧੂੰਈਂ ਮੇਲਣ ਆਯਾ[2]।
ਤੈਥੋਂ ਡਰਦਿਆਂ ਸਹਿਤੀ ਰਾਣੀ, ਨਾਹੀਂ ਅਸਾਂ ਬੁਲਾਯਾ।
ਪਰ ਉਹ ਚਾਲ ਤੇ ਓਹਾ ਜਿੱਨਸ, ਮੈਨੂੰ ਨਜ਼ਰੀਂ ਆਯਾ[3]॥੭੫੭॥

**ਸਹਿਤੀ**

ਆਇਆ ਹਈ! ਸਹੀ ਸੱਚ ਹੀਰੇ! ਆਖਾਂ ਤੁਧ ਸੁਣਾਈਂ।
ਕਰ ਰਹੁ ਚੁਪ, ਬੋਲ ਨਹੀਂ ਮੁਖ ਤੇ, ਕਿਸੇ ਲਖਾਵੇਂ[4] ਨਾਹੀਂ।
ਤੈਂਡੀ ਬੁਝੀ, ਸਹੀ ਸਿਆਲੀਂ, ਇਹ ਲਗੀ ਮੈਂ ਤਾਈਂ[5]।
ਸੁਣ ਹੀਰੇ! ਮੈਂ ਤੈਂਡੀ ਖਾਤਰ ਨੌਂ ਸੈ ਪੱਗ ਲਜਾਈ॥੭੫੮॥

## ਹੀਰ ਤੇ ਸਹਿਤੀ ਦੀ ਵਿਖਾਵੇ ਮਾਤ੍ਰ ਲੜਾਈ

**ਸਹਿਤੀ**

ਸੁਣ ਲੈ ਹੀਰੇ! ਹੋਰ ਨਾ ਬਣਦੀ, ਪਹਿਲੋਂ ਲੜਨ ਕਰੀਹੇ।
ਜੋ ਜੋ ਗਾਲ੍ਹ ਦਿਵਾਈਂ ਤੈਂਕੂ, ਸੋ ਸੋ ਤੂੰ ਭੀ ਦੀਹੇਂ।
ਓੜਕ ਤਾਈਂ ਕਰੀਂ ਲੜਾਈ, ਸਾਰਾ ਲੋਕ ਮਿਲੀਂਹੇ[6]।
ਸੁਣ ਸਿਆਲੀ, ਈਵੇਂ ਬਣਦੀ, ਅੱਜ ਉਦਮ ਏਵ ਕਰੀਹੇ॥੭੫੯॥

ਤਾਂ ਵੱਡੇ ਵੇਲੇ, ਸਹਿਤੀ ਉੱਠੀ, ਬਹੁਤੀ ਕਾਵਿੜ ਆਈ :-
ਨੀਸੇ ਗੰਡ ਗ਼ੁਲਾਮ[7] ਸੁ ਅਸੀਂ, ਨਵੀਂ ਹੈ ਤੁਸਾਂ ਵਿਆਹੀ।
ਕੇਹਾ ਤੁਧ ਨਿਵੱਟਾ[8] ਲੀਤਾ, ਕੁੜੀ ਅਨੋਖੀ ਆਹੀ।
ਖ਼ੈਰ ਸਾਈਂ ਥੋਂ ਮੰਗ ਸਿਆਲੀ, ਸਭ ਹਸੇਂਦੀ ਆਹੀ॥੭੬੦॥

---

1. ਲੋਕਾਂ ਨਾਲ ਤੇ ਚਲਾਕੀਆਂ ਕਰਦੀ ਹੈ। ਪਰ ਤੂੰ ਮੇਰੇ ਨਾਲ ਭੀ ਚਲਾਕੀ ਖੇਡਦੀ ਹੈਂ। 2. ਧੂਈਂ ਲਈ ਗੋਹੇ ਲਕੜੀ ਇਕੱਠੀ ਕਰਨ ਆਇਆ। 3. ਮੈਨੂੰ ਉਸ ਰਾਂਝੇ ਵਾਲੀ ਚਾਲ ਤੇ ਡੀਲ ਡੌਲ ਨਜ਼ਰ ਆਈ ਹੈ। 4. ਜ਼ਾਹਰ ਨ ਕਰੇਂ, ਪਤਾ ਨ ਲੱਗਣ ਦੇਵੇਂ। 5. ਤੇਰੀ ਅੱਗ ਤੇ ਬੁਝ ਗਈ, ਹੁਣ ਮੈਨੂੰ ਲਗ ਗਈ ਹੈ। ਹੁਣ ਮੇਰੇ ਤੇ ਜ਼ਿਮੇਵਾਰੀ ਆ ਪਈ ਹੈ। 6. ਇਕੱਠੇ ਕਰ ਲਈਏ। 7. ਹੱਥ ਬੱਧੇ ਗੋਲੇ, ਗੋਲੇ, ਕਿਸੇ ਦੇ ਅਧੀਨ। 8. ਬਦਲਾ।

**ਹੀਰ**

ਏਡੇ ਬੋਲ ਨ ਬੋਲੀਂ ਸਹਿਤੀ, ਕੌਣ ਕਮੀਨੀ ਆਹੇਂ।
ਕੇਹੜੇ ਵੱਡੇ ਪਿਉ ਦੀ ਜਾਈ ! ਮੈਨੂੰ ਇੰਞ ਅਲਾਏਂ।
ਵੱਤ ਨ ਬੋਲੇਂ ਮੈਂ ਨਾਲ ਕੁੜੀਏ! ਏਹੁ ਟੱਪੇ[1] ਲਾਏਂ।
ਆਖ ਦਮੋਦਰ ਕੌਣ ਤੂੰ ਹੋਵੇਂ, ਜੋ ਮੈਨੂੰ ਸਮਝਾਏਂ॥੭੬੧॥

**ਸਹਿਤੀ**

ਪੁਛਹੁ ਭੈਣੇ! ਹੀਰੇ ਕੋਲੂੰ, ਤੁਸੀਂ ਭਲੀ ਹਮਸਾਈ।
ਨੀਸੇ ਗੰਡ ਗ਼ੁਲਾਮ ਸੁ ਅਸੀਂ, ਜਿਨ੍ਹੀਂ ਦੇਕਰ ਦਗ਼ਾ ਵਿਆਹੀ।
ਤੈਂਡੇ ਪਿਉ ਜਹੇ ਕੰਮੀ ਅਸਾਂ, ਗੱਥਰ[3] ਨਾ ਆਵਨ ਭਾਈ।
ਆਖ ਦਮੋਦਰ ਕਾਵੜ ਸਹਿਤੀ, ਓੜਕ ਸਿਰ ਤੱਕਆਈ॥੭੬੨॥

**ਹੀਰ**

ਤੂੰ ਵੱਡੇ ਬਾਬੇ ਦੀ ਧੀ ਬੁਲੇਂਦੀ, ਸ਼ਰਮ ਨ ਤੈਨੂੰ ਆਵੇ?
ਮੈਂਡੇ ਪਿਉ ਜਹੇ ਕੰਮੀਂ ਤੁਸਾਡੇ, ਗੱਥਰ ਕੋਈ ਨਾ ਆਵੈ ?
ਬੈਠੀ ਪ੍ਰੈਂਤੀ ਮਾਹ ਗੁਜ਼ਾਰੇ, ਝਾਤ ਨਾ ਕੋਈ ਪਾਵੈ।
ਸੁਣਹੋ ਵੇਹੜਾ ਟੁਕਰ[4] ਕਾਰਣ, ਭੁੱਲ ਨਾ ਕੋਈ ਭਵਾਵੈ[5]॥੭੬੩॥

**ਸਹਿਤੀ**

ਕੈਨੂੰ ਭੱਲ ਭਵਾਈਂ ਕੁੜੀਏ! ਤੁੱਧ ਨਿਵੱਟਾ ਚਾਇਆ।
ਤੂੰ ਹੈਂ ਕੌਣ ਕਮੀਨੀ ਕੁੱਤੀ, ਜਿਸ ਸਿਆਪਾ ਪਾਇਆ।
ਮੈਂਡੇ ਪਿਉ, ਤੈਂਡੇ ਪਿਉ ਜੇਹੇ, ਕਿਤਨੋ ਪਕੜ ਨਿਵਾਇਆ।
ਵੱਡੀ ਕੁੜੀ ਹੱਥ ਲਗੀ ਅਸਾਡੇ, ਜੱਸ ਭਲੇਰਾ ਆਇਆ॥੭੬੪॥

**ਹੀਰ**

ਏਹੋ ਕੌਣ ਕਮੀਨੀ ਰੰਨੇ! ਮੈਨੂੰ ਟੱਪਾ ਲਾਇਆ[6]।
ਵੱਡਾ ਬਾਪ ਸਲਾਹੇਂ ਅਪਣਾ, ਸੋ ਖੇੜਾ ਕੰਮ ਨਾ ਆਇਆ।
ਵੱਡਾ ਬਾਪ ਡਿੱਠਾ ਤੁਸਾਡਾ, ਜਿਸ ਦੌਲਤਵੰਦ ਸਦਾਇਆ।
ਘਰ ਤੈਂਡੇ ਤੋਂ ਵਸਤ ਅਸਾਨੂੰ ਤ੍ਰੁੱਟਾ[7] ਤ੍ਰੁੱਡਾ ਆਇਆ॥੭੬੫॥

---

1. ਬੋਲ, ਕੁਬੋਲ, ਤਾਨੇ ਮਿਹਣੇ। 2. ਤੁਸੀਂ ਚੰਗੀਆਂ ਗਵਾਂਢਣਾਂ ਹੋ। 3. ਗਿਣਤੀ ਵਿਚ। 4. ਟੁੱਕੜਾ, ਰੋਟੀ। 5. ਕੋਈ ਆਦਰ ਨਾਲ ਨਹੀਂ ਪੁੱਛਦਾ। 6. ਮੈਨੂੰ ਬੋਲੀਆਂ ਮਾਰਦੀ ਹੈਂ। 7. ਟੁੱਟੀ ਸਫ਼, ਟੁੱਟੀ ਫੂਹੜੀ।

**ਸਹਿਤੀ**

ਜੇਕਰ ਤ੍ਰੁਟਾ ਤ੍ਰੁੱਡਾ ਆਵੀ, ਨਾਹੀਂ ਗੋਟੀ[1] ਕਿਸੇ ਤਾਈਂ।
ਪਿਉ ਮੈਂਡੇ ਸਭ ਸੋਨਾ ਰੁੱਪਾ, ਢਕਣ ਸੱਤੇ ਪਾਹੀਂ।
ਤੈਂਡੇ ਪਿਉ ਦਾਦੇ ਜੇਹਿਆਂ ਨੂੰ, ਗੱਥਰ ਅਣੇਂਦੇ ਨਾਹੀਂ[2]।
ਮੈਂਡੇ ਪਿਉ ਦੀਆਂ ਕੰਧੀਂ ਗਲ ਸੋਨਾ, ਅਸਾਂ ਜਾਣਾਹਾਂ ਨਾਹੀਂ[3] ॥੭੬੬॥

**ਹੀਰ**

ਤੁਸੀਂ ਕਰਹੁ ਨਿਆਇਂ ਹਮਸਾਈਆਂ, ਜੋ ਤੁਸਾਂ ਸੁਣਿਓਹੇ।
ਇਨ੍ਹਾਂ ਦੀਆਂ ਕੰਧਾਂ ਦੇ ਗਲ ਸੋਨਾ, ਲੋਕਾਂ ਜੋਗ ਦਿਤੋਹੇ।
ਫਿੱਟ ਸਹੀ ਅਵੇਹੀ ਰੰਨੇ[4]! ਤੈਨੂੰ ਇਹ ਗਲ ਨਾ ਸੋਹੇ।
ਤੁਸਾਡੇ ਗਹਿਣੇ ਮੈਂ ਰੱਜ ਨ ਹੰਢਾਏ,
ਮੈਂਡੇ ਪਿਉ ਦਿੱਤੇ ਭੀ ਲਾਹ ਘਿਧਿਓਹੇ[5] ॥੭੬੭॥

**ਸਹਿਤੀ**

ਨੀਹੇ ਕੁੜੀ, ਇਤ ਗੱਲ ਸੱਚੀ, ਦਾਦੇ ਪਿਉ ਥੇ ਵੈਂਦੀ।
ਜੋ ਕੁਝ ਤੈਂਡਾ ਸੋਨਾ, ਮੋਤੀ, ਹੱਭੋ ਅੱਜ ਅਣੈਂਦੀ[6]।
ਜੇ ਮਨ ਤੈਂਡਾ, ਵੱਸਣ ਉੱਤੇ, ਤਾਂ ਹੁਣੇ[1] ਭੀ ਉਥੇ ਮੈਂ ਵੈਂਦੀ।
ਆਖ ਦਮੋਦਰ ਕਰ ਕੇ ਕਾਵਿੜ ਸਹਿਤੀ, ਜੁੱਤੀ ਨਾ ਮੂਲ ਪਏਂਦੀ ॥੭੬੮॥

ਤਾਂ ਕਰ ਕਾਵਿੜ ਸਹਿਤੀ ਰਾਣੀ ਪਿਉ ਕੋਲੂੰ ਚਲ ਆਈ।
'ਮਿਲੀ ਨਾ ਚੂਚਕ ਸੰਦੀ ਬੇਟੀ, ਗੋਲੀ ਉਸ ਵੀਵਾਹੀ[7] ?
ਕੇਹਾ ਕਹਿਰ ਕੀਤੋ ਹੇ ਬਾਬਾ! ਝਾਤ ਨਾ ਕਿਸੇ ਪਾਈ[8]।
ਦੇਵਉ ਸਭ ਕਿਛ, ਪਿਉ ਦਾ ਦਿੱਤਾ, ਹੀਰ ਵੱਸਣ ਤੇ ਆਈ ॥੭੬੯॥

ਤਾਂ ਸੁਣ ਅੱਲੀ ਉਠ ਖਲੋਤਾ, ਕਾਵਿੜ ਕਰੇ ਕਿਵਾਈਂ।
ਭੇਜੇ ਗਹਿਣੇ, ਸੋਨੇ, ਰੁਪੇ, ਭੇਜੇ ਸੱਤੇ ਪਾਂਹੀਂ।
ਭੇਜੇ ਬੁਚਕੇ, ਭੇਜੇ ਭਾਂਡੇ, ਭੇਜੇ ਮੱਝੀਂ ਗਾਈਂ।
ਭੇਜੇ ਪਲੰਘ ਤੇ ਲੇਫ ਨਿਹਾਲੀ, ਕੇ ਕਰ ਆਖ ਸੁਣਾਈਂ।
ਆਖ ਦਮੋਦਰ ਅੰਦਰ, ਬਾਹਰ ਦੌਲਤ ਮਾਵੈ[9] ਨਾਹੀਂ ॥੭੭੦॥

---

1–2. ਸਭ ਦੋਸ਼। ਗਿਣਤੀ ਵਿਚ ਨਹੀਂ ਲਿਆਉਂਦੇ। 3. ਅਸੀਂ ਜਾਣ ਨਹੀਂ ਸਕਦੀਆਂ। 4. ਅਜਿਹੀ ਔਰਤ ਨੂੰ ਫਿਟਕਾਰ ਹੈ। 5. ਤੁਸਾਂ ਉਤਾਰ ਲਏ। 6. ਅੱਜ ਮੰਗਾਉਣੀ ਹਾਂ। 7. ਕੀ ਚੂਚਕ ਨੇ ਤੁਹਾਨੂੰ ਆਪਣੀ ਬੇਟੀ ਨਹੀਂ ਸੀ ਵਿਆਹ ਦਿੱਤੀ, ਕੋਈ ਗੋਲੀ ਵਿਆਹ ਦਿੱਤੀ ਸੀ। 8. ਕਿਸੇ ਖ਼ਬਰ ਤਕ ਨਹੀਂ ਲਈ। 9. ਸਮਾਵੇ।

ਤਾਂ ਸਲੇਟੀ ਉਠ ਖਲੋਤੀ, ਸਭਾ ਵਸਤ ਸੰਭੇਂਦੀ।
ਕਿਥਾਈਂ ਬੁਚਕੇ, ਕਿਥਾਈਂ ਡੱਬੇ, ਕਿਥਾਊਂ ਮੰਜੇ ਵਿਛੈਂਦੀ।
ਭਾਂਡੇ, ਟਿੰਡਰ, ਲੇਫ, ਨਿਹਾਲੀ, ਬਹੁਤਾ ਸਾਜ ਕਰੇਂਦੀ।
ਸੱਭਾ ਵਸਤ ਟਿਕਾਣੇ ਲਾਈ, ਨੇਹੀ[1] ਆਖ ਦਬੇਂਦੀ॥੭੭੧॥

ਸਹਿਤੀ ਆਇ ਦਿਲਾਸਾ ਕੀਤਾ, ਆਪ ਪਿਛੇਰੇ ਆਈ।
ਜੇ ਆਖੇਂ ਕੁਝ ਹੋਰ ਦਿਵਾਊਂ! ਜੋ ਤੇਰੇ ਮਨ ਭਾਈ।
ਬਹੁਤ ਸੁ ਖੁਸ਼ੀ ਹੋਈ ਸਲੇਟੀ, ਵੱਸਣ ਉੱਤੇ ਆਈ।
ਆਖ ਦਮੋਦਰ ਤਿਤ ਦਿਨ ਮਿਲਦੀ, ਖੇੜਿਆਂ ਤਾਈਂ ਵਧਾਈ॥੭੭੨॥

ਆਪੇ ਰਿੰਨ੍ਹੇ ਆਪੇ ਗੁੰਨ੍ਹੇ, ਆਪੇ ਬੈਠ ਪਕੇਂਦੀ।
ਹੱਸ ਹੱਸ ਫਿਰਦੀ ਵਿਚ ਵਿਹੜੇ ਦੇ, ਪੈਰ ਨਾ ਜ਼ਿਮੀਂ ਧਰੇਂਦੀ।
ਪਾਣੀ ਬਿਨਾਂ ਤਰੇ ਸਲੇਟੀ, ਪਾਸੀਂ ਖੰਭ ਲਏਂਦੀ[2]।
ਆਖ ਦਮੋਦਰ ਆਪ ਪਕਾਏ, ਚੋਰੀ ਵੰਡ ਵੰਡ ਦੇਂਦੀ॥੭੭੩॥

**ਸਾਹਿਬਾ ਲਾ ਆਯਾ ਮਹਿੰਦੀ**

ਜਾ ਦੁਇੰ ਤ੍ਰੈ ਦਿਹੁ ਈਵੈਂ ਗੁਜਰੇ, 'ਸਾਹਿਬਾ' ਲਾ ਆਯਾ ਮਹਿੰਦੀ।
ਅੱਗੇ ਬੈਠੀ ਹੀਰ ਸਲੇਟੀ, ਉਸ ਨੂੰ ਨਜ਼ਰ ਪਏਂਦੀ।
ਉਠੀ ਹਰਣੀ ਵਾਂਙੂ ਤਰੱਠੀ[3], ਪਾਸ ਸਹਿਤੀ ਦੇ ਵੈਂਦੀ।
ਆਖ ਦਮੋਦਰ ਸਾਹੁ ਨਾ ਮਾਵਸ[4], ਸਹਿਤੀ ਹੌਲ[5] ਕਰੇਂਦੀ॥੭੭੪॥

ਆਖੇ ਹੀਰੇ! ਤੂੰ ਪਰੀਏਂ ਤਰੁੱਠੀ[6] ਕੇ ਦਿਤੀ ਦੇਉ ਦਿਖਾਈ[7]?
ਕੇ ਤੂੰ ਕਿਸੇ ਭੂਤ ਰੰਞਾਣੀ[8], ਹਾਲ ਅਜੇਹੇ ਆਈ?
ਏ ਮੂੰਹ ਪੀਲਾ ਤੇ ਅੱਖੀਂ ਫਿਰੀਆਂ, ਕੁਵੱਤ[9] ਰਹੀ ਨਾ ਰਾਈ।
ਆਖ ਦਮੋਦਰ ਸਹਿਤੀ ਮੰਡੇ[10], ਹਾਲ ਭਲੇਰੇ[11] ਆਈ॥੭੭੫॥

**ਹੀਰ**

ਨਾ ਮੈਂ ਬੀਬੀ? ਪਰੀਓ ਤਰੱਠੀ, ਨਾ ਦੇਵਾਂ ਤ੍ਰਾਸ ਦਿਖਾਯਾ।
ਨਾ ਮੈਂ ਭੂਤ, ਪ੍ਰੇਤ, ਰੰਞਾਂਣੀ, ਤੇ ਨਾ ਕੋਈ ਮੈਨੂੰ ਸਾਯਾ।
ਨਾ ਕੋਈ ਮੈਨੂੰ ਸੂਲ ਮਰੋੜਾ, ਨਾ ਕਹੀਂ ਮੁੱਝ ਸਤਾਯਾ।
ਇਸ ਤੇ ਉੱਠੀ ਭੰਨੀ ਮੈਂ ਤਾਂ, ਬੇਮਹਿਰਮ[12] ਨਜ਼ਰੀਂ ਆਯਾ[13]॥੭੭੬॥

---

1. ਕਈ ਫਾਂਗਾਂ ਵਾਲੀ ਲਕੜੀ ਜਿਸ ਪਰ ਜਾਂਗਲੀ ਲੋਕ ਅੱਜ ਵੀ ਭਾਂਡੇ ਟੰਗਦੇ ਹਨ। 2. ਜਿਵੇਂ ਹੀਰ ਦੇ ਪਾਸਿਆਂ ਤੇ ਖੰਭ ਲਗ ਗਏ ਹੋਣ ਭਾਵ ਖੁਸ਼ੀ ਵਿਚ ਉਡਦੀ ਫਿਰਦੀ ਸੀ। 3. ਡਰੀ ਹੋਈ ਹਰਣੀ ਵਾਂਗ ਭੱਜ ਉਠੀ। 4. ਸਾਹ ਵਿਚ ਸਾਹ ਨਹੀਂ ਆਂਦਾ, ਸਾਹੋ ਸਾਹ ਹੋ ਰਹੀ ਸੀ। 5. ਡਰ। 6. ਪਰੀਆਂ ਨੇ ਡਰਾਇਆ ਹੈ, ਜਿੰਨ-ਭੂਤ ਨੇ ਡਰਾਇਆ ਹੈ। 7. ਕੋਈ ਦੇਉ ਨਜ਼ਰੀਂ ਆਇਆ ਹੈ। 8. ਜਿੰਨ ਭੂਤ ਨੇ ਦੁਖ ਦਿੱਤਾ ਹੈ। 9. ਤਾਕਤ। 10. ਦਬਾਏ ਹੀਰ ਦੇ ਸਰੀਰ ਨੂੰ। 11. ਮਾੜੇ। 12. ਮੈਨੂੰ ਕਿਸੇ ਨੇ ਦੁਖ ਨਹੀਂ ਦਿੱਤਾ। 13. ਅਣਜਾਣ। ਓਪਰਾ ਜੋ ਦਿਲ ਦਾ ਭੇਤੀ ਨਹੀਂ।

ਤਾਂ ਸਹਿਤੀ ਵਹਿਲੀ[1] ਉਠ ਖਲੋਤੀ, ਲੜੀ[2] ਭਰਾਊ ਤਾਈਂ।
ਮੰਦਾ ਕੀਤੋ ਵੀਰਾ ਸਾਹਿਬਾ! ਜਾਂ ਆਇਓ ਚੱਲ ਇਦਾਂਈ।
ਉਠੀ ਵੰਞ ਤੂੰ ਆਵਹਿੰ ਤਦੋਂ, ਜਦੋਂ ਮੈਂ ਸਦਸਾਂਈ।
ਆਖ ਦਮੋਦਰ ਉਠੀ ਚਲਿਆ, ਭੋਰਾ[3] ਬੈਠੋ ਨਾਹੀਂ॥੭੭੭॥

ਗਇਆ ਖ਼ਾਨ ਅਪਣੇ ਘਰ ਤਾਈਂ, ਹੀਰ ਸਿਆਲੀ ਆਵੈ।
ਬਾਹਰ ਹੱਟ ਖਲੋਤੀ ਛੋਹਿਰ, ਪਾਉਂ ਨ ਅੰਦਰ ਪਾਵੈ।
ਕੰਧਾਂ ਪੱਟ[4] ਧੁਆਏ ਮੰਜੇ, ਲਾਹ ਉਛਾੜ ਧੁਆਵੈ[5]।
ਅੰਦਰ ਪਾਕ[6] ਕੀਤਾ ਸਲੇਟੀ, ਤਾਂ ਅੰਦਰ ਪਾਉਂ ਧਰਾਵੈ॥੭੭੮॥

## ਸਹਿਤੀ ਸਬਕ ਪੜਾਇਆ

**ਸਹਿਤੀ**

ਤਾਂ ਦੋਵੇਂ ਅੰਦਰ ਰਹੀਆਂ, ਲੋਕਾ ਮਜਲਸ ਕਰਨ ਤਿਵਾਈਂ।
'ਬੈਠ ਪਸਿੰਦ ਕਰੀਹਾਂ ਕੁੜੀਏ ਕੋਈ ਮਤਾ ਪਕਾਈਂ।
ਆਇ ਬਣੀ ਸਿਰ ਹੀਰ ਮੈਂਡੈ, ਸ਼ਰਮ ਸਾਈਂ ਗਲ ਪਾਈ।
ਆਖ ਦਮੋਦਰ ਸਹਿਤੀ ਭਾਰਾ ਚਾਯਾ, ਆਵਸ ਅਰਾਮ ਜੁਨਾਹੀਂ॥੭੭੯॥

ਹੀਰੇ ਹਲਧਰ ਰਗੜ ਕਿਵੀਂਹੀਂ, ਬਾਹਰ ਦੋਵੈਂ ਵੰਞਾਹਾਂ।
ਜਾਇ ਫਰੇਬ ਕਰੀਹਾਂ ਕੋਈ, ਰਾਂਝੇ ਦੀ ਖਬਰ ਲਹਾਹਾਂ[7]।
ਘਿੰਨ ਚਲ ਕਟੋਰੀ, ਬੰਨੇ ਉੱਤੇ[8], ਅਸੀਂ ਜੁ ਤੁੱਧ ਅਖਾਂਹਾਂ।
ਜੇਕਰ ਰਾਂਝੇ ਹੱਥ ਪਈਊ, ਸਹਿਤੀ ਆਖ ਤਦਾਹਾਂ[9]॥੭੮੦॥

## ਹੀਰ ਨੂੰ ਕੂੜਾ ਸੱਪ ਲੜੌਨਾ

ਤਾਂ ਆਈਆਂ ਬੰਨੇ ਤਿਲਾਂ ਦੇ ਉੱਤੇ, ਹੀਰੇ ਲੰਮੀ ਪਾਈ।
ਜਿਹੜੀ ਹਲਧਰ ਕਟੋਰੀ ਦੇ ਵਿਚ, ਹੀਰੇ ਤਾਂਈਂ ਲਾਈਂ।
ਸੂਆ ਗਿੱਟੇ ਉੱਤੇ ਪੌੜਿਆ[10], ਅਤੇ ਲੈ ਰੱਤ ਵਹਾਈ।
ਆਖ ਦਮੋਦਰ ਲੜਿਆ ਬਿਸੀਅਰ[11], ਸਹਿਤੀ ਸੁਆਹ ਉਡਾਈ[12]॥੭੮੧॥

---

1. ਜਲਦੀ, ਛੇਤੀ। 2. ਨਰਾਜ਼ ਹੋਈ। 3. ਥੋੜ੍ਹਾ ਚਿਰ ਭੀ। 4. ਕੰਧਾਂ ਦੇ ਉਪਰ ਦਾ ਪਲੱਸਤਰ। 5. ਸਿਰਹਾਣੇ, ਤਲਾਈਆਂ। ਰਜਾਈ ਦੇ ਉਛਾੜ ਲਾਹ ਕੇ ਧੁਆਏ। 6. ਪਵਿਤ੍ਰ, ਸੁੱਕਾ। 7. ਰਾਂਝੇ ਦਾ ਹਾਲਚਾਲ ਲਈਏ। 8. ਖੇਤਾਂ ਵਲ। 9. ਜੋ ਤੈਨੂੰ ਰਾਂਝਾ ਮਿਲਾ ਦਿਆਂ ਤਾਂ ਤੂੰ ਮੈਨੂੰ ਸਹਿਤੀ ਆਖੀਂ। 10. ਚੋਭਿਆ। 11. ਕਾਲਾ ਨਾਗ। 12. ਸ਼ੋਰ ਮਚਾ ਦਿੱਤਾ। ਦਮੋਦਰ ਸਹਿਤੀ ਦੇ ਫਰੇਬ ਨੂੰ ਪਸੰਦ ਨਹੀਂ ਕਰਦਾ ਇਸ ਲਈ ਇਸ ਕਾਰੇ ਨੂੰ ਸੁਆਹ ਉਡਾਉਣਾ ਕਹਿੰਦਾ ਹੈ।

ਮਾਝੀ[1] ਕਾਟੀ[2] ਅਤੇ ਆਜੜੀ[3], ਸੁਣ ਕਰ ਦੂਰੋਂ ਆਏ।
ਆਖੋ ਧੀਆ! ਹੁਣ ਕੇ ਕੁਝ ਥੀਆ! ਜੇ ਖੁਲ੍ਹੇ ਕੇਸ ਵੰਞਾਏ?
ਵੇ ਮੈਥੋਂ ਕੇ ਪੁੱਛੋ ਹਾਲਤ, ਤੁਸੀਂ ਹੀਰ ਨੂੰ ਨਜ਼ਰ ਪਇਆਹੇ।
ਆਖ ਦਮੋਦਰ ਮਿਲ ਕੇ ਤੁਸੀਂ, ਕੋਈ ਵੰਞ ਅਖਿਆਹੇ॥੭੯੨॥

ਵੰਞਹੁ ਵਸਤੀ, ਤੁਸੀਂ ਕਿਆ ਵੇਖਹੁ! ਅੱਖੀਂ ਡਿੱਠੀ ਭਾਈ।
ਤ੍ਰੈ ਗਜ ਨਾਗ ਤੇ ਰੰਗ ਕਾਲਾ, ਤਿਸ ਬਿਸੀਅਰ ਨੇ ਖਾਈ।
ਚੱਲੋ ਖਬਰ ਕਰੋ ਅੱਲੀ ਨੂੰ, ਢਿੱਲ ਨਾ ਬਣਦੀ ਕਾਈ।
ਆਖ ਦਮੋਦਰ ਤਿਤੇ ਵੇਲੇ, ਕਿਤਣੀ[4] ਆਖਣ ਆਈ॥੭੯੩॥

ਘੱਤੀ ਕੂਕ ਜਾਇ ਕੇ ਲੋਕਾਂ, ਵਸਤੀ ਵਿਚ ਸੁਣਾਇਆ।
'ਧੀ ਚੂਚਕ ਦੀ ਬਿਸੀਅਰ ਡੇਗੀ', ਆਲਮ ਉਛਲ ਆਇਆ[5]।
ਜੇ ਕੋ ਖੇੜਾ ਵਸਤੀ ਦੇ ਵਿਚ, ਹਿਕ ਨਾ ਨਦਰੀ ਆਇਆ[6]।
ਆਖ ਦਮੋਦਰ ਕੁੱਲ ਜ਼ਨਾਨਾ,[7] ਅੰਤ ਨਾ ਵੰਞੇ ਪਾਇਆ॥੭੯੪॥

ਜਿਉਂ ਜਿਉਂ ਡੰਗ ਵੇਖਣ ਹੀਰੇ ਦਾ, ਤਿਉਂ ਤਿਉਂ ਰੋਵਨ ਭਾਈ।
ਖੁੱਲ੍ਹੇ ਵਾਲ ਜਨਾਨੇ ਸਾਰੇ, ਰੋਵਨ ਖੇਹ ਉਡਾਈ।
ਸਹਿਤੀ ਰੋਏ ਕਰੇਂਦੀ ਨਾਰੇ[8], ਨਿਖਥੀ[9] ਇਹੁ ਕਮਾਈ।
ਆਖ ਦਮੋਦਰ ਬਿਸੀਅਰ ਡੰਗੀ, ਜਾਂ ਵੱਸਣ ਤੇ ਆਈ॥੭੯੫॥

ਤਾਂ ਅੱਲੀ ਬੰਨ੍ਹ ਹਕਾਰਾ ਕੀਤਾ[10], ਤਾਂ ਅਸਵਾਰ ਮੰਗਾਏ।
ਜਿੱਥੇ ਕੋਈ ਮਾਂਦ੍ਰੀ ਨੇਂਹੇ[11], ਮੂਲ ਨ ਕੋ ਛੁੜਿਆਹੇ।
ਤਾਂ ਸਹਿਤੀ ਆਖੇ ਪਿਉਂ ਤਾਈਂ, ਮੈਂਡੀ ਭੀ ਗਲ ਸੁਣਿਆਹੇ ।
ਆਖ ਦਮੋਦਰ ਸੁਣ ਪਿਉਂ ਮੈਂਡਾ! ਆਖ ਸੁ ਬਚਨ ਸੁਣਾਏ ॥੭੯੬॥

ਬਾਬਾ ! ਜੋ ਅਪਣੀ ਵਸਤੀ ਆਹੀ, ਤਾਂ ਬਣੀ ਕਜ਼ਾਇ ਤਿਨਾਹੀਂ।
ਧੋਬਾ[12], ਮੋਚੀ, ਹੋਰ ਜੁਲਾਹਾ, ਸੱਪ ਲੜਿਆ ਇਨ੍ਹਾਂ ਤਾਈਂ।
ਤਾਂ ਤ੍ਰਾਹੇ ਮੁਏ ਸੁ ਅੱਖੀਂ ਡਿੱਠੇ, ਆਂਦਿਆ[13] ਨੇ ਦੱਬਣ ਤਾਈਂ।
ਇਕਸ ਜੋਗੀ ਨੇ ਆਣ ਜਿਵਾਏ, ਆਇ ਪੈਦਾ ਹੋਇਆ ਕਿਦਾਈਂ[14] ॥੭੯੭॥

---

1. ਮੱਝਾਂ ਚਾਰਣ ਵਾਲੇ। 2. ਕੱਟੀਆਂ ਚਾਰਣ ਵਾਲੇ। 3. ਭੇਡਾਂ ਬਕਰੀਆਂ ਦੇ ਚਰਵਾਹੇ। 4. ਬਹੁਤ ਸਾਰੇ ਲੋਕ। 5. ਇਕ ਦੁਨੀਆਂ ਇਕੱਠੀ ਹੋ ਗਈ। 6. ਕੋਈ ਖੇੜਾ ਵਸਤੀ ਵਿਚ ਨਜ਼ਰ ਨਹੀਂ ਸੀ ਆਉਂਦਾ, ਸਭ ਹੀਰ ਨੂੰ ਦੇਖਣ ਤੁਰ ਪਏ। 7. ਸਭ ਜਨਾਨੀਆਂ। 8. ਚੀਕਾਂ ਮਾਰਦੀ ਸੀ। ਰੋ ਕੇ ਪੁਕਾਰਦੀ ਸੀ। 9. ਨਿਕਲੀ। 10. ਹੋਕਾ ਦਿੱਤਾ, ਸੱਦਾ ਦਿੱਤਾ। 11. ਹੋਵੇ। 12. ਧੋਬੀ। 13. ਉਹ ਲੈ ਆਏ। 14. ਕਿਤੋਂ ਪਰਗਟ ਹੋ ਗਿਆ।

### ਅਲੀ

ਕੇਹਾ ਰੰਗ, ਜੋਗੀ ਦਾ ਧੀਆ! ਓਹ ਕੀਕਣ ਹੱਥ ਆਵੈ।
ਜੇ ਕੋਈ ਦੱਸ ਕਿਦਾਈਂ ਦੇਵੇ, ਅੱਸਾਂ ਆਣ ਸੁਨਾਵੇ।
ਜੇ ਦੱਸੇ ਤਾਂ ਆਪ ਵੰਞਾਹਾਂ, ਹਿਕੇ ਕੋਈ ਘਿੰਨ ਆਵੈ[1]।
ਸਹਿਤੀ ਆਖੇ ਕਲ੍ਹ, ਮੈਂ ਡਿੱਠਾ, ਜੇ ਰੱਬ ਨਾ ਮੋਹਿ ਭੁਲਾਵੇ॥੭੮੮॥

ਮੂੰਹ ਬਧੇ, ਮੱਥੇ, ਪੈਰ, ਹੱਥ, ਆਪ ਨਾ ਮੂਲ ਵਿਖਾਵੈ।
ਵੰਞ ਵੇਖਹੁ ਵਸਤੀ ਵਿਚਹੁੰ ਜੋਗੀ, ਕਿਵੇਂ ਮੱਤ ਹਥ ਆਵੈ।
ਹੋਵਨ ਬਖਤ ਅਸਾਡੇ ਬਾਬਾ! ਜੇ ਕੋਈ ਆਣ ਮਿਲਾਵੈ।
ਆਖ ਦਮੋਦਰ ਤਿਤੇ ਵੇਲੇ[2] ਹੁਣੇ ਸਿਆਲ ਜੀਵਾਵੈ[3]॥੭੮੯॥

ਪੱਤਣ ਉਤੇ ਰਹੈ ਚਿਰੋਕਾ[4], ਲੋਕਾਂ ਡਿੱਠਾ ਆਇਆ।
ਸਹੀ ਕੀਤੋਨੇ, ਜਾਇ ਕਹਿਓਨੇ, ਅੱਸਾਂ ਨਜ਼ਰੀਂ ਆਇਆ।
ਚਲੇ ਰਾਠ, ਨ ਕੋਈ ਬਾਕੀ, ਗੱਲ ਵਿਚ ਪੱਲੂ ਪਾਇਆ।
ਆਖ ਦਮੋਦਰ ਨਾਲ ਮਹਾਜਨ[5], ਆਪ ਅਲੀ ਉੱਥੇ ਆਇਆ॥੭੯੦॥

### ਅੱਲੀ ਦੀ ਬੇਨਤੀ

ਸੁਣ ਸਾਹਿਬ ਇਕ ਅਰਜ਼ ਅਸਾਡੀ, ਗੱਲ ਵਿਚ ਪੱਲੂ ਪਾਈ।
ਚੂਚਕ ਬੇਟੀ ਮਿਲੀ ਅਸਾਨੂੰ, ਗੋਲੀ ਜੋਗ ਲਹਾਂਹੀ[6]।
ਸਿਰ ਤੋਂ ਕਰਜ਼ ਚੜ੍ਹੇ ਨਹੀਂ ਲੱਥੇ, ਜੋ ਚਾਏ ਸਹੀ ਅਸਾਂਹੀ[7]।
ਕਰ ਸੈ ਮਿੱਠਤ[8], ਚਲੋ ਹਿਕ ਵਾਰੀ, ਮਤ ਹੋਵੇ ਕੁੜੀ ਅਜਾਈਂ[9]॥੭੯੧॥

ਪਾਸਾ ਮੋੜ ਬੈਠਾ ਫਿਰ ਜੋਗੀ, ਵਲ[10] ਜੁਆਬ ਨ ਦੇਂਦਾ।
ਥੱਕ ਖਲੋਤੇ ਅਰਜ਼ ਕਰੇਂਦੇ, ਪਾਸਾ ਨਾ ਪਰਤੇਂਦਾ।
ਜਿਤ ਵਲ ਮੂੰਹ ਫੇਰੇ ਰੰਝੇਟਾ, ਖਾਨ-ਤਿਤੇ ਵਲ ਵੈਂਦਾ।
ਆਖ ਦਮੋਦਰ ਥੱਕ ਖੋਲਤੇ ਸਾਊ, ਮੂਲ ਜਬਾਬ ਨਾ ਦੇਂਦਾ॥੭੯੨॥

ਜੇ[1] ਅੱਲੀ, ਥਾਊ ਥੱਕ ਖਲੋਤੇ, ਮੂਲ ਜਬਾਬ ਲਾ ਆਇਆ।
ਅੱਲੀ ਸਹਿਤੀ ਜੋਗ[11] ਸਦਾਇਆ, ਧੀਏ! ਜੋਗੀ ਪਾਇਆ।
ਮਿੰਨਤ ਕਰ ਕਰ ਥਕ ਖਲੋਤੇ, ਹੱਥ ਨਾ ਮੂਲੇ ਆਇਆ।
ਆਖ ਦਮੋਦਰ ਸੁਣ ਕਰ ਸਹਿਤੀ, ਨਾਲ ਕੁੱਲ ਜਨਾਨਾ ਆਇਆ॥੭੯੩॥

---

1. ਜਾਂ ਉਸ ਨੂੰ ਕੋਈ ਹੋਰ ਲੈ ਆਵੇ। 2. ਉਸੇ ਵੇਲੇ। 3. ਹੀਰ ਸਿਆਲ ਨੂੰ ਜ਼ਿੰਦਾ ਕਰ ਦੇਵੇਗਾ। 4. ਬਹੁਤ ਚਿਰ ਤੋਂ। 5. ਪਤਵੰਤੇ ਪਿੰਡ ਦੇ ਵੱਡੇ ਆਦਮੀ। 6. ਅਸੀਂ ਸਿਆਲਾਂ ਦੇ ਨੌਕਰਾਂ ਸਮਾਨ ਹਾਂ, ਫਿਰ ਉਨ੍ਹਾਂ ਨੇ ਸਾਨੂੰ ਬੇਟੀ ਵਿਆਹ ਦਿੱਤੀ। 7. ਇਸ ਦੇ ਵਿਆਹੁਣ ਲਈ ਜੋ ਕਰਜ਼ਾ ਅਸੀਂ ਚੁੱਕਿਆ ਉਹ ਅਜੇ ਨਹੀਂ ਲੱਥਾ। 8. ਸੋ ਅਹਿਸਾਨ ਕਰ। 9. ਮਤਾਂ ਕੁੜੀ ਮਰ ਹੀ ਜਾਏ। 10. ਵਾਪਸੀ, ਅਗੋਂ। 11. ਸਹਿਤੀ ਤਾਈਂ।

### ਪਿਉ ਨੂੰ ਸੁਣਾ ਕੇ ਸਹਿਤੀ ਬੋਲੀ

ਬਾਬਾ! ਬੇਪਰਵਾਹ ਸਦਾ ਅਲਮਸਤੀ, ਇਸ ਪ੍ਰਵਾਹ ਨਾ ਕੋਈ।
ਜੇ ਭਾਵਸ[1] ਤਾਂ ਮੇਹਰ ਕਰੇਸੀ[2], ਪੈਰੀਂ ਪਵਹੁ ਸਭ ਕੋਈ।
ਸੀਹਾਂ ਸ਼ਰਮ[3] ਆਪਣੀ ਬਾਬਾ! ਆਪਣੀ ਲੱਜ ਪਇਓਈ।
ਆਖ ਦਮੋਦਰ ਸਹਿਤੀ ਰਾਣੀ, ਗਲ ਪੱਲੂ ਪਾਇ ਖਲੋਈ॥੭੯੪॥

ਨਾਰੀ ਦੀ ਲੱਜ ਸ਼ੀਂਹ ਪਲੇਂਦੇ, ਉਹ ਵੀ ਫਿਰਦੇ ਨਾਹੀ।
ਤੂੰ ਅਤੀਤ, ਸਿਧ ਪੀਰ ਪੁਰਾਤਮ[4], ਭੁੱਲੀ ਦਾ ਸ਼ਰਮ ਤੁਸਾਹੀਂ।
ਅਜੇ ਅਸਾਂ ਰੱਜ ਨ ਡਿੱਠੀ ਸਲੇਟੀ, ਵਿਰਾਗ[5] ਲਥੋਸੇ ਨਾਹੀਂ।
ਆਖ ਦਮੋਦਰ ਚਲ ਫ਼ਕੀਰਾ! ਮਤ ਹੋਵੈ ਕੁੜੀ ਅਜਾਈਂ॥੭੯੫॥

### ਜੋਗੀ

ਅਸਾਂ ਕੇ ਕੰਮ! ਅਵਾਹਾਂ, ਉੱਠੀ, ਦੁਨੀਆਂ ਕੂੜ ਸਾਇਆ[6]।
ਲੜਦੇ ਕੀੜੇ ਆਲਮ ਦੇ ਵਿਚ, ਕਿਸੇ ਨ ਜੋਗ ਢੰਡੋਰਾ ਲਾਇਆ।
ਕੇਹੜੇ ਕੇਹੜੇ ਮੰਤ੍ਰ ਝੜੀਂਹਾ[7]। ਆਲਮ ਨਾਗੈ ਖਾਇਆ[8]।
ਆਖ ਦਮੋਦਰ ਸਹਿਤੀ ਦੇ ਹਿੱਤ, ਉੱਠ ਕਰ ਜੋਗੀ ਆਇਆ॥੭੯੬॥

### ਜੋਗੀ ਦਾ ਔਣਾ

ਤਾਂ ਹਲੋ ਹਲੀ ਹੋਈ ਲੋਕਾਂ ਵਿਚ, ਜੋਗੀ ਉੱਠ ਸਿਧਾਇਆ।
ਨੱਢੀ ਬੁੱਢੀ ਆਲਮ ਸਾਰਾ, ਲੋਕ ਤਮਾਸ਼ੇ ਆਇਆ।
ਬੇਸ਼ੁਮਾਰ, ਖ਼ਲਕਤ ਕੇਤੀ, ਅੰਤ ਨ ਵੰਞੇ ਪਾਇਆ।
ਜਿਥੇ ਸਿਆਲ ਪਈ ਮੂੰਹ ਪਰਣੇ, ਤਿੱਥੇ ਜੋਗੀ ਆਇਆ॥੭੯੭॥

ਨੰਗੀ ਕਰ ਵਿਖਲਾਈ ਸਹਿਤੀ, ਜਿੱਥੇ ਡੰਗ[9] ਡਿਠਈ।
ਤੁੱਟਾ ਪਿਛਲੇ ਪੈਰੀਂ ਜੋਗੀ[10], ਜਾਂ ਇਸ ਨਜ਼ਰ ਪਇਓਈ।
ਨਾ ਇਹ ਫਨੀਅਰ[11], ਨਾ ਇਹੁ ਤਿਲੀਅਰ, ਹੈ ਸਕਰੋੜ ਨਾ ਕੋਈ।
ਨਾ ਇਹ ਕੁੱਕੜ, ਨ ਸੰਗ ਚੂਹੜ[12], ਇਨ੍ਹਾਂ ਵਿਚੋਂ ਨਹੀਂ ਕੋਈ।
ਇਹੁ ਖਾਧੀ ਚੋਟੀ ਵਾਲੇ ਬਿਸੀਅਰ, ਮੈਥੂੰ ਛੁਟਣ ਮੁਸ਼ਕਲ ਹੋਈ[13]॥੭੯੮॥

---

1. ਮਸਤ ਰਹਿਣ ਵਾਲਾ। 2. ਜੋ ਇਸ ਨੂੰ ਭਾਏਗਾ। 3. ਮਿਹਰ ਕਰੇਗਾ। 4. ਪੂਰਨ ਸਿੱਧ ਬਾਬਾ। ਪੁਰਾਣਾ ਸਿੱਧ। 5. ਚਾਉ। 6. ਦੁਨੀਆਂ ਝੂਠ ਹੈ ਅਤੇ ਪਰਛਾਵੇਂ ਸਮਾਨ ਹੈ। 7. ਕਿਸ ਕਿਸ ਨੂੰ ਮੰਤ੍ਰ ਝਾੜੀਏ। 8. ਇਕ ਦੁਨੀਆਂ ਨੂੰ ਨਾਗ ਨੇ ਖਾ ਲਿਆ ਹੈ। ਇਥੇ ਨਾਗ ਤੋਂ ਭਾਵ ਮਾਇਆ ਦਾ ਨਾਗ ਵੀ ਹੋ ਸਕਦਾ ਹੈ। 9. ਸੱਪ ਦੇ ਕੱਟਣ ਨੂੰ ਲਹਿੰਦੇ ਪੰਜਾਬ ਵਿਚ ਸੱਪ ਦਾ ਡੰਗ ਮਾਰਨਾ ਕਹਿੰਦੇ ਹਨ। 10. ਪਿਛਲੇ ਪੈਰੀਂ ਹਟਿਆ। 11. ਸੱਪਾਂ ਦੀਆਂ ਕਿਸਮਾਂ। 12. ਬੋਦੀ ਵਾਲਾ ਨਾਗ। 13. ਇਸ ਨੂੰ ਜ਼ਹਿਰ ਤੋਂ ਛੁਟਕਾਰਾ ਦਿਵਾਣਾ ਔਖਾ ਹੈ।

**ਸਹਿਤੀ**

ਸੁਣ ਸਾਹਿਬ! ਤੂੰ ਸਿੱਧ ਪੁਰਾਤਮ[1], ਮੈਨੂੰ ਕੀਹ ਸੁਣਾਏਂ।
ਡਿੱਠਾ ਅਸਾਂ ਤਮਾਸ਼ਾ ਤੈਂਡਾ, ਜੋ[1] ਤ੍ਰਾਹੇ ਬਿਸੀਅਰ ਖਾਏ।
ਆਇਉਂ ਚਲ ਉਨ੍ਹਾਂ ਦੇ ਕਰਮੀਂ, ਭੋਰੇ ਵਿਚ[2] ਜਿਵਾਏ।
ਅਜੇ ਇਸ ਸਾਹ[3], ਨਹੀਂ ਮਰ ਮੁਕੀ, ਅਸਾਂ ਕੂੰ ਨਾ ਭਰਮਾਏ॥੭੯੯॥

**ਜੋਗੀ**

ਵੱਡੀ ਮਿਹਨਤ ਨਾਲ ਏਸ ਦੇ, ਬੀਬੀ! ਮੰਤ੍ਰ ਪੜ੍ਹਾਈਂ।
ਹਿੱਕ ਇਕੱਲਾ ਕੋਠਾ ਹੋਵੈ, ਕੋਈ ਝਾਤ ਨਾ ਕਰੇ ਕਿਦਾਈਂ[4]।
ਹਿੱਕ ਏਹਾ ਜੇ ਬਹੁਤੀ ਰੋਂਦੀ[5], ਹੋਵੈ ਖਿਦਮਤ ਤਾਈਂ।
ਜੇਕਰ ਚਲੀਹਾ ਪੱਕਾ ਹੋਵੇ, ਤਾਂ ਇਸ ਜੋਗ ਨ੍ਹਵਾਈਂ[6]॥੮੦੦॥

ਤਾਂ ਹਲੋ ਹਲੋ ਹੋਈ ਉਥੇ, ਮੰਜਾ ਪਕੜ ਚਵਾਇਆ[7]।
ਆਇ ਜ਼ਰੂਰ, ਚਾਇਓ[8] ਨੇ ਸਿਰ ਤੇ, ਘਰ ਸਹਿਤੀ ਦੇ ਪਾਇਆ।
ਅੱਗੋਂ ਦਰਵਾਜ਼ੇ ਸਭੇ ਚਾੜ੍ਹੇ[9], ਜੋਗੀ ਅੰਦਰ ਆਇਆ।
ਆਖ ਦਮੋਦਰ ਵੇਖੋ ਯਾਰੋ! ਸਹਿਤੀ ਅਹਿਦ[10] ਉਠਾਇਆ॥੮੦੧॥

**ਸਿਕਦੇ ਰੂਹ ਮਿਲਾਈਂ**

ਹੱਸਹੁ, ਖੇਡਹੁ, ਮੌਜਾਂ ਕਰਿਹੋ, ਕਮੀ ਕਿਸੇ ਦੀ ਨਾਹੀਂ।
ਜੇ ਮੈਂ ਮੁਈ, ਤਾਂ ਸਦਕੇ ਕੀਤੀ, ਆਵਾਂ ਕੰਮ ਤੁਸਾਂਹੀਂ।
ਸੈ ਸ਼ੁਕਰਾਨੇ ਮੈਨੂੰ ਕੁੜੀਏ! ਸਿਕਦੇ ਰੂਹ[11] ਮਿਲਾਈਂ।
ਜੇਹਾ ਹੁਕਮ ਕਰੇ ਸਾਈਂ ਰਾਂਝਾ, ਖਾਵਣ[12] ਸੋਈ ਪਕਾਈਂ॥੮੦੨॥

ਤਾਂ ਚੂਰੀ ਕੁੱਟੀ, ਤੇ ਦੁੱਧ ਮਾਝਾ, ਮੱਖਣ ਖੀਰ ਮਿਲਾਈ।
ਘਾਟੀ ਛਾਹ[13], ਛੁਹਾਰੇ ਮੇਵੇ, ਕਰ ਤਈਆਰ ਘਿੰਨ ਆਈ।
ਖਾਵਹੁ, ਪੀਵਹੁ, ਮੌਜਾਂ ਕਰਿਹੋ, ਸਦਕੇ ਘੋਲ ਘੁਮਾਈ।
ਆਖ ਦਮੋਦਰ ਖਾਵਣ ਬੈਠੇ, ਸਹਿਤੀ ਪੱਖਾ ਚਾਈ॥੮੦੩॥

---

1. ਪੂਰਨ। 2. ਇਕ ਚੁਟਕੀ ਵਿਚ, ਇਕ ਖਿਣ ਵਿੱਚ। 3. ਅਜੇ ਇਸ ਦਾ ਸਾਹ ਚਲਦਾ ਹੈ। 4. ਕਿਸੇ ਪਾਸੇ ਤੋਂ ਵੀ। 5. ਇਹ ਜੋ ਬਹੁਤ ਰੋਂਦੀ ਹੈ ਭਾਵ ਸਹਿਤੀ। 6. ਤਾਂ ਇਸ ਨੂੰ ਸਿਹਤਯਾਬ ਹੋਣ ਦਾ ਗੁਸਲ ਕਰਾਈਂ। 7. ਚੁਕਾਇਆ। 8. ਉਨ੍ਹਾਂ ਨੇ ਚੁਕਿਆ। 9. ਬੰਦ ਕੀਤੇ। 10. ਇਕਰਾਰ ਸਹਿਤੀ ਨੇ ਸੇਵਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। 11. ਰੂਹ ਜੋ ਵਿਛੋੜੇ ਵਿਚ ਤੜਪ ਰਹੇ ਸਨ। 12. ਖਾਣਾ। 13. ਘਾਟੀ ਲੱਸੀ, ਸੰਘਣੀ ਲੱਸੀ।

ਦੋਵੇਂ ਹੋਇ ਇਕੱਠੇ ਬੈਠੇ, ਜਾਂ ਖਾਣੇ ਹੱਥ ਪਾਇਆ।
ਪੈਂਤ੍ਰੀ ਮਾਹ ਨੌਂ ਰਾਤੀਂ ਪਿਛੋਂ, ਰੱਬ ਅਨਾਜ[1] ਖੁਵਾਇਆ।
ਖਾਧਾ[2] ਪੀਤਾ ਜ਼ੌਂਕੀ ਹੋਏ[1], ਹੱਸਣ ਖੇਡਣ ਭਾਇਆ।
ਆਖ ਦਮੋਦਰ ਵੇਲ ਖੁਸ਼ੀ ਦਾ, ਹੀਰ ਸਲੇਟੀ ਪਾਇਆ॥੮੦੪॥

ਹੱਸਣ, ਖੇਡਣ ਮੰਜੇ ਉੱਤੇ, ਖਿਲ ਖਿਲ[2] ਪਵਨ ਤਿਵਾਈਂ।
ਬਹੁਤ ਖੁਸ਼ਾਲ ਹੱਦ ਥੀਂ, ਬਾਹਰ ਆਖਣ ਦੀ ਗੱਲ ਨਾਹੀਂ।
ਅੰਦਰ ਰੋਗ ਜਾਮਕੀ ਸੁਲਕੇ[3], ਕੇ ਥੀਸੀ ਬਾਬ ਅਸਾਹੀਂ[4]।
ਆਖ ਦਮੋਦਰ ਕਿਹੜੀ ਥੀਸੀ, ਅਸੀਂ ਜਣਾਹਾਂ ਨਾਹੀਂ॥੮੦੫॥

ਫਿਰ ਫਿਰ ਝੁੱਖਨ, ਫਿਰ ਹੱਸ ਬੈਠਨ, ਅੰਦਰ ਬਹੁਤ ਖੁਸ਼ਾਲੀ
ਸਿਕਦੇ ਰੂਹ ਮਿਲਾਏ ਸਾਹਿਬ[5], ਓਹੋ ਜਿਹੀ ਲਾਲੀ।
ਮੂੰਹ ਮਤਾਬ[6], ਅੱਖੀਂ ਬਲਨ ਮਸਾਲਾਂ[7], ਦੋਨੋਂ ਇਸ਼ਕ ਮਵਾਲੀ[8]।
ਆਖ ਦਮੋਦਰ ਓਹੋ ਜੇਹੀ, ਹੀਰੇ ਰਾਂਝੇ ਵਾਲੀ॥੮੦੬॥

ਬਹੁਤ ਖੁਸ਼ੀ, ਹੱਦ ਥੀਂ ਬਾਹਰ, ਆਖਣ ਦੀ ਗੱਲ ਨਾਹੀਂ।
ਮਿਹਰ ਮੁਹੱਬਤ ਸੇਤੀ ਬੈਠੇ[9], ਬੈਠਨ ਦੇਹ ਗਲ ਬਾਹੀਂ।
ਬਹੁਤ ਵੈਰਾਗ ਅੰਦਰ ਦਾ ਚੁਕਾ, ਅਜੇ ਨੌਤਨ[10] ਇਸ਼ਕ ਤਿਨਾਹੀਂ।
ਆਖ ਦਮੋਦਰ ਅਠੋਹਾਰੀ[11], ਗੁਜ਼ਰੀ ਦੋਹਾਂ ਤਾਈਂ॥੮੦੭॥

## ਹੀਰ ਦੀ ਸੱਸ ਖ਼ਬਰ ਲੈਣ ਆਈ

ਤਾਂ ਨਾਰ ਅੱਲੀ ਦੀ ਬਹੁ ਸੰਗ ਆਲਮ[12], ਘਰ ਸਹਿਤੀ ਦੇ ਆਈ।
ਬਾਹਰ ਆਇ ਬੂਹਾ ਖੜਕਾਯਾ, ਉਚੇ ਸੱਦ ਸੁਣਾਈ।
ਸੁਣ ਸਹਿਤੀ ਦੌੜੀ ਤਦ ਅੰਦਰੋਂ, ਬਾਹਰ ਨਿਕਲ ਆਈ।
ਧੀਆ! ਖ਼ਬਰ ਦੇਇ ਹੀਰੇ ਦੀ, ਅੰਮੜ[13] ਘੋਲ ਘੁਮਾਈ॥੮੦੮॥

## ਸਹਿਤੀ ਮਾਂ ਨੂੰ

ਸੁਣ ਮਾਏ ਕੇ ਤੈਨੂੰ ਆਖਾਂ, ਸਹਿਤੀ ਆਖ ਸੁਣਾਯਾ।
ਅੱਠੇ ਪਹਿਰ ਖਲੋਤਾ ਜੋਗੀ, ਧਰਤੀ ਪੈਰ ਨਾ ਲਾਯਾ।
ਮਾਰੇ ਮੰਤਰ, ਮੋਰਾਂ ਹੱਥ ਮੁੱਠਾ[14], ਫਿਰੇ ਭੁੱਖਾ ਤ੍ਰਿਹਾਇਆ।
ਸਲੇਟੀ ਸਹਿਕੇ ਮੰਜੇ ਉੱਤੇ, ਅਜੇ ਪਾਸਾ ਨਾਹਿ ਹਿਲਾਯਾ॥੮੦੯॥

---

1. ਅਨੰਦ ਵਿਚ ਆਏ। 2. ਫਿਰ ਫਿਰ ਹੱਸਣ। 3. ਚਿੰਤਾ ਦੀ ਅੱਗ ਧੁੱਖੇ। 4. ਸਾਡੇ ਨਾਲ ਕੀ ਬਣੇਗੀ। 5. ਪ੍ਰਭੂ, ਪਰਮਾਤਮਾ। 6. ਮੁਖੜਾ ਚੰਨ ਵਰਗਾ। 7. ਅੱਖਾਂ ਮਸ਼ਾਲ ਵਾਂਗ ਚਮਕਦੀਆਂ ਸਨ। 8. ਮਤਵਾਲੇ। 9. ਪਿਆਰ ਵਿਚ ਜੁੜ ਜੁੜ ਬਹਿੰਦੇ ਸਨ। 10. ਨਵਾਂ। 11. ਅਠਵਾਰਾ, ਅੱਠ ਦਿਹਾੜੇ। 12. ਦੁਨੀਆਂ। 13. ਮਾਂ। 14. ਲੁੱਟਿਆ।

ਅੱਲੀ ਆਖੇ ਸੁਣ ਸਹਿਤੀ ਧੀਏ, ਅਸਾਂ ਕੰਮ ਨਾ ਕੋਈ।
ਅੱਠੇ ਪਹਿਰ ਇਦਾਈਂ ਅੱਖੀਂ, ਵਿਸਰ ਸੁ[1] ਕੰਮ ਗਇਓਈ।
ਓਸੇ ਵੇਲੇ ਮੈਥੋਂ ਮੁੰਜੇਂ[2], ਜਾਂ ਕੁਝ ਫਰਕ ਡਿਠੋਈ।
ਆਖ ਦਮੋਦਰ ਉਹ ਬਾਹਰ ਥੀਏ, ਸਹਿਤੀ ਅੰਦਰ ਹੋਈ॥੮੧੦॥

## ਸਹਿਤੀ ਹੀਰ ਨੂੰ

ਸੁਣ ਨੀ ਹੀਰੇ ਆਖ ਹਕੀਕਤ, ਕਿਤਨਾ ਕੂੜ ਅਖਾਈਂ।
ਕੰਧੇ[3] ਉਤੇ ਕਿਤਨਾ ਦੌੜੀਂ, ਆਖਰ ਮੈਂ ਢਹਿਸਾਈਂ[4]।
ਹੋਵੈ ਬਲ ਸਚਾਵਾ ਹੀਰੇ ਸਿੱਕਦੇ ਰੂਹ ਮਿਲਾਈਂ।
ਖਾਵੋ ਪੀਵਹੁ ਮੌਜਾਂ ਕਰਿਹੋ, ਆਖ ਕੇ ਤੁਸਾਂ ਸੁਣਾਈਂ।
ਆਖ ਦਮੋਦਰ ਸੁਣ ਸਲੇਟੀ। ਜੇ ਮਰਾਂ ਤਾਂ ਕੰਮ ਤੁਸਾਂਹੀ॥੮੧੧॥

ਚੂਰੀ ਘਿਉ ਗੁੜ ਸ਼ੱਕਰ ਖਾਂਦੇ, ਮੌਜਾਂ ਮਿਹਰ ਬਣਾਏ।
ਰਾਜ਼ੀ ਬਹੁਤ ਹੱਸ ਬਹਿਠ ਪਲੰਘ ਤੇ, ਹੱਸ ਹੱਸ ਬਚਨ ਸੁਣਾਏ।
ਹਿੱਕੋ ਰੂਹ ਅਤੇ ਦੁਇ ਜੁੱਸੇ[5], ਡਾਢੇ ਆਣ ਫਹਾਏ।
ਆਖ ਦਮੋਦਰ ਅੱਠੋਹਾਰੀ ਤਾਂ, ਮਿਲ ਖੇੜੇ ਆਏ॥੮੧੨॥

ਅੱਲੀ ਨਾਲ ਜ਼ਨਾਨਾ ਸਭੋ, ਤਾਂ ਬਾਹਰ ਚਲ ਆਇਆ।
ਕੀਤੇ ਸੱਦ ਉਚੇਰੇ ਲੋਕਾਂ, ਤਾਂ ਸਹਿਤੀ ਸੁਣ ਪਾਇਆ।
ਸੁਣ ਕਰ ਸੱਦ ਹੋਈ ਚਮਕਾਇਲ[6], ਬਾਬਾ ਬਾਹਿਰ ਆਇਆ।
ਆਖ ਦਮੋਦਰ ਸੁਕਚੇ ਦੋਹੇਂ[7], ਤਾਂ ਸਹਿਤੀ ਬੂਹੇ ਲਾਇਆ॥੮੧੩॥

## ਅਲੀ

ਸੁਣ ਧੀਏ ਕੋਈ ਦੇਇ ਸਨੇਹਾਂ, ਸੱਭਾ ਕਲਵਲ[8] ਹੋਈ।
ਅੱਠੇ ਪਹਿਰ ਇਦਾਈਂ ਅੱਖੀਂ, ਕੁਛ ਫਰਕ ਭੀ ਨਜ਼ਰ ਪਇਓਈ ?
ਆਖ ਅਸਾਨੋਂ ਧੀਰਜ ਹੋਵੈ, ਅਜੋ ਖ਼ਾਤਰ ਜਮਾਂ ਨਾ ਕੋਈ।
ਆਖ ਦਮੋਦਰ ਸਹਿਤੀ ਬੇਟੀ ਅੰਦਰ ਕੀਕਣ ਹੋਈ॥੮੧੪॥

ਸੁਣ ਬਾਬਾ ਕੇ ਤੈਨੂੰ ਆਖਾਂ? ਸਹਿਤੀ ਸੁਖ਼ਨ ਸੁਣਾਏ।
ਕੱਕੋ[9], ਕਾਲੇ[10] ਤੇ ਕੌੜੀਆਲੇ[11], ਲੱਖ ਸੱਪਾਂ ਦੇ ਆਏ।
ਜੋ ਆਵੇ, ਸੋਈ ਮੁੜ ਵੰਞੇ, ਜੋਗੀ ਜੀਅ ਨ ਲਾਏ।
ਸੁਣ ਬਾਬਾ ਪਿੜ ਤੇ ਨਹੀਂ ਮੁਈਯਾ, ਜੋਗੀ ਆਖੇ ਹੁਣ ਕੁਝ ਫ਼ਰਕ ਦਿਖਾਏਂ[2] ॥੮੧੫॥

---

1. ਭੁੱਲ। 2. ਮੈਨੂੰ ਸੁਨੇਹਾ ਭੇਜੀਂ। 3. ਕਿਨਾਰੇ। 4. ਡਿੱਗਾਂਗੀ। 5. ਜਿਸਮ। 6. ਚੌਕਸ। 7. ਹੀਰ ਤੇ ਰਾਂਝਾ ਸੁੰਗੜ ਕੇ ਬੈਠ ਗਏ। 8. ਵਿਆਕੁਲਤਾ, ਬੇਚੈਨੀ। 9-10-11. ਸੱਪਾਂ ਦੀਆਂ ਕਿਸਮਾਂ।

ਬੂਹਾ ਮਾਰ ਆਈ ਫਿਰ ਅੰਦਰ, ਆਖੇ ਦੋਹਾਂ ਤਾਈਂ।
ਲੱਗੀ ਅੱਗ ਸਹੀ ਸਿਰ ਮੈਂਡੇ, ਕੀਕਰ ਆਖ ਬੁਝਾਈਂ ?
ਖੰਡੇਧਾਰ ਵਿਚਹੁੰ ਕਿਉਂ ਜਿਣਸਾਂ[1], ਮੈਂ ਸੁਧ[2] ਪੌਂਦੀ ਨਾਹੀਂ।
ਖਾਵਹੁ ਪੀਵਹੁ, ਮੌਜਾਂ ਕਰਿਹੋ, ਮਰਾਂ ਤਾ ਕੰਮ ਅਵਾਈਂ[3]॥੯੧੬॥

**ਰਾਂਝਾ**

ਲੱਜ ਅਸਾਡੀ ਤੌਂ ਗਲ ਸਹਿਤੀ, ਅਸਾਂ ਲੂਹ ਨਾ ਤਕੀਆ[4] ਕੋਈ।
ਜਿਉਂ ਜਾਣੇ! ਤਿਉ ਰੱਖ ਅਸਾਡੀ, ਜੇਹਾ ਬੋਲ ਚਇਓਈ।
ਗਲੀਆਂ ਕੱਖ ਅਸਾਡੇ ਦੁਸ਼ਮਨ, ਦੋਸਤ ਅਸਾਂ ਨਾ ਕੋਈ।
ਗਲ ਅਸਾਡੇ ਤੇ ਹਥ ਤੈਂਡੇ, ਸਾਡਾ ਹੋਰ ਨਾ ਕੋਈ॥੯੧੭॥

**ਸਹਿਤੀ**

ਸੁਣ ਵੇ ਚਾਕਾ ਛਾਹ[5] ਪਿਆਕਾ! ਤੈਨੂੰ ਮਤਿ ਨਾ ਕਾਈ।
ਹੀਰ ਨਾ ਤੁਧ ਪਰਬਤ ਤੇ ਚਾੜ੍ਹੀ, ਨਾ ਤੁਧ ਸਿੰਧ ਲੰਘਾਈ।
ਫਿਰ ਫਿਰ ਝੰਗ ਸਿਆਲਾਂ ਦੇ ਵਿਚ, ਸੁੰਝੇ ਬਾਜ਼ੀ ਪਾਈ।
ਆਖ ਦਮੋਦਰ ਧੌਂਦੀ ਧੌਂਦੀ[6], ਮੈਂ ਤੱਤੀ ਦੇ ਸਿਰ ਆਈ॥੯੧੮॥

**ਹੀਰ**

ਥੀਉ ਨਾ ਨਾਬਰ[7], ਸਦਕੇ ਕੀਤੀ, ਅਸਾਂ ਲੂਹ[8] ਨਾ ਕੋਈ।
ਪਿਉ ਮਾਂ ਤੂੰ ਅਸਾਡਾ ਸਹਿਤੀ, ਲੱਜਾ ਤੋਂ[9] ਗਲ ਹੋਈ।
ਪਾੜਿਆ ਅਸਾਂ ਸੀਅ ਜਿਉਂ ਜਾਣੇ, ਸਾਡਾ ਹੋਰ ਨਾ ਕੋਈ।
ਆਖ ਦਮੋਦਰ ਝੁਰਕੇ ਝੁਖਦੇ[10], ਅਠੋਹਾਰੀ ਹੋਈ॥੯੧੯॥

ਥੀਆ ਸੱਦ, ਤਾਕ ਖੜਕਾਇਆ, ਬਾਕੀ ਰਹਿਆ ਨਾ ਕੋਈ।
ਮਿਹਰੀ[11] ਮਰਦ ਅਤੇ ਕੁਲ ਕਸਬਾ, ਪਿੱਛੇ ਰਹਿਆ ਨਾ ਕੋਈ।
ਸਹਿਤੀ ਆਇ ਖੋਲ੍ਹਿਆ ਬੂਹਾ, ਪੁੱਛਣ ਨੋ ਸਭ ਹੋਈ।
ਸਹਿਤੀ ਆਖ ਸਿਆਣੀ ਧੀਏ, ਜੇ ਕੁਝ ਫ਼ਰਕ ਡਿਠੋਈ ?॥੯੨੦॥

**ਸਹਿਤੀ**

ਬੱਗੇ, ਰੱਤੇ, ਪੀਲੇ, ਕਾਲੇ ਲੱਖ ਸੱਪਾਂ ਦੇ ਆਏ।
ਜੋਗੀ ਪੜ੍ਹਦਾ ਮੰਤ੍ਰ ਤਿਵੀਹੇਂ[12], ਪੈਰ ਨ ਧਰਤੀ ਲਾਏ।
ਜਿਸ ਡੰਗੀ ਨੂੰਹ ਤੈਂਡੀ ਬਾਬਾ, ਅਜੇ ਉਹ ਨਹੀਂ ਮੂੰਹ ਵਿਖਾਏ।
ਸੁਣ ਬਾਬਾ ਹੀਰ ਪਾਸਾ ਪਰਤਿਆ, ਸੈ ਵਾਰੀ ਤੁਸਾਂ ਵਧਾਏ॥੯੨੧॥

---

1. ਕਿਵੇਂ ਬਚਾਂ। 2. ਪਤਾ। 3. ਆਵਾਂਗੀ। 4. ਤੇਰੇ ਥਾਂ ਟਿਕਾਣਾ। 5. ਲੱਸੀ ਪੀਣ ਵਾਲੇ। 6. ਫਿਰਦੀ-ਫਿਰਦੀ। 7. ਇਨਕਾਰੀ। 8. ਆਸਰਾ। 9. ਤੇਰੇ। 10. ਝੇਰੇ ਝੁਰਦਿਆਂ। 11. ਔਰਤਾਂ। 12. ਪਹਿਲਾਂ ਵਾਂਗ ਹੀ।

ਬੂਹਾ ਮਾਰ ਸਿਧਾਈ ਅੰਦਰ, ਮਿਲੀ ਸੁ ਆਇ ਤਿਵਾਈਂ।
ਰੋਵਣ ਹੀਰ ਰੰਝੇਟਾ ਦੋਵੇਂ, ਬਣੀ ਜੁ ਬਾਬ[1] ਅਸਾਹੀਂ।
ਹੱਸਹੁ, ਖੇਡਹੁ, ਮੌਜਾਂ ਕਰਿਹੋ, ਮੈਂ ਬਲਿ[2] ਬੈਠੀ ਆਹੀਂ।
ਆਖ ਦਮੋਦਰ ਮੈਂ ਮਰਣ ਅਹੁਲਿਆ[3], ਤੁਸੀਂ ਖੇਡਹੁ ਕਿਉਂ ਨਾਹੀਂ॥੮੨੨॥

ਖਾਵਨ ਰੱਜ ਰੱਜ਼ ਬਹਿ ਅੰਦਰ, ਬਹਿ ਬਹਿ ਫਿਕਰ ਕਰੇਨੀ।
ਅੰਦਰ ਧੁੱਖ ਨ ਛੋਡੇ ਮੂਲੇ, ਮੱਥੇ ਹੱਥ ਲਏਨੀ।
ਜਿਉਂ ਜਿਉਂ ਮੁੱਦਤ ਨੇੜੇ ਆਵੈ, ਤਿਉਂ ਤਿਉਂ ਮਤੇ ਪਕੈਨੀ।
ਆਖ ਦਮੋਦਰ ਕੁਝ ਨ ਸੁੱਝੇ, ਬੈਠ ਉਦਾਸ ਭਰੇਨੀ[4]॥੮੨੩॥

ਤਾਂ ਸਹਿਤੀ ਫਿਰ ਕਰੇ ਦਿਲਾਸਾ, ਧੀਦੋ! ਤੁੱਧ ਸੁਣਾਈਂ।
ਜੇ ਵੱਸ ਚੱਲੇ ਚਾਕਾ ਮੈਂਡਾ, ਤਾਂ ਅੱਜ ਦੁਆਇ ਬੰਨ੍ਹਾਈਂ।
ਜੇ ਹੱਸ ਮੈਂਡਾ ਹੋਵੈ ਧੀਦੋ,ਘੱਟ ਨਾ ਮੈਂ ਕਰਸਾਈਂ।
ਤੋੜੇ ਮਰਾਂ[5] ਮਰੀਂਦੀ ਚਾਕਾ, ਤੈਂ ਨਾਲ ਹੀਰ ਚਲਾਈਂ॥੮੨੪॥

**ਰਾਂਝਾ**

ਏ ਸਿਰ ਸਦਕੇ ਕੀਤਾ ਸਹਿਤੀ, ਅਸੀਂ ਨਾ ਲਾਹ[6] ਸਕਾਈਂ।
ਲਾਹੇ ਨੇਕੀ ਕੌਣ ਤੁਸਾਡੀ, ਮੂਲ ਨ ਅਸੀਂ ਲਹਾਈਂ।
ਜੇਹੀ ਚਾਈਆ ਨਿਭਾਇ ਤਿਵੇਹੀ, ਅਸੀਂ ਗਲ ਪਏ ਤੁਸਾਹੀਂ।
ਆਖ ਦਮੋਦਰ ਅਸੀਂ ਵਿਚਾਰੇ, ਚਾਰਾ[7] ਕੋਈ ਨਾਹੀਂ॥੮੨੫॥

**ਸਹਿਤੀ**

ਖੇਡਹੁ ਹੱਸਹੁ, ਖੁਸ਼ੀਆਂ ਕਰਿਹੋ, ਅਸਾਂ ਸਿਰ ਅਹਿਦ[8] ਉਠਾਇਆ।
ਕੇਹਾ ਸਰਫ਼ਾ ਮਰਣ ਜੀਵਣ ਦਾ, ਮਰਣ ਜਿਨ੍ਹਾਂ ਸਿਰ ਚਾਇਆ।
ਜੇ ਧੀਦੋ, ਅਉਧ[9] ਹੁਈਆਸੇ ਪੂਰੀ, ਰਹੇ ਨਾ ਮਰਣ ਰਹਾਇਆ।
ਆਖ ਦਮੋਦਰ ਮੈਂ ਬਲ ਬਕਰਾ, ਸਿਰ ਕੰਮ ਤੁਸਾਡੇ ਆਇਆ॥੮੨੬॥

ਅੱਠੇ ਪਹਿਰ ਫਿਕਰ ਤ੍ਰੈਹਾਂ[10] ਨੂੰ, ਮੁੱਦਤ ਨੇੜੇ ਆਈ।
ਕਰ ਧੀਰੇ, ਨਾ ਕਾਹਲੇ ਥੀਵਹੁ, ਖਾਵਹੁ, ਘੋਲ ਘੁਮਾਈ[11]।
ਗਾਣਵੇਂ[12] ਦਿਹੁੰਕਿਆ ਵੈਦਿਆ[13] ਲੱਗੇ, ਸਾਇਤ[14] ਖੁਸ਼ੀ ਨਾ ਕਾਈ।
ਆਖ ਦਮੋਦਰ ਅਠੋਹਾਰੀ ਤਾਂ, ਸੱਭਾ ਪੁੱਛਣ ਆਹੀ॥੮੨੭॥

---

1. ਹਾਲਤ। 2. ਕੁਰਬਾਨ। 3. ਕਬੂਲਿਆ। 4. ਉ..ਭੇ ਸਾਹ ਭਰਦੀ ਹੈ। 5. ਭਾਵੇਂ ਮੈਂ ਕੁੱਟ ਖਾ ਕੇ ਮਰ ਜਾਵਾਂ। 6. ਤੇਰੇ ਅਹਿਸਾਨ ਦਾ ਬਦਲਾ ਨਾ ਉਤਾਰ ਸਕਾਂਗੇ। 7. ਇਲਾਜ, ਬੱਸ। 8. ਬੀੜਾ ਚੁੱਕਿਆ। 9. ਉਮਰ। 10. ਤਿੰਨਾਂ। 11. ਸਮਾਂ। 12. ਗਿਣਤੀ ਦੇ।13. ਛੇਤੀ ਬੀਤ ਜਾਂਦੇ ਹਨ। 14. ਘੜੀ।

ਥੀਆ ਸੱਦ ਸੁਣਿਆ ਤਦ ਸਹਿਤੀ, ਸੁਣ ਬਾਹਰ ਆਈ।
ਪੁੱਛੇ ਬਾਪ ਤੇ ਕੁਲ ਕਬੀਲਾ, ਫੁੱਫੀ ਮਾਸੀ ਤਾਈ।
ਡਿਠੋ ਫ਼ਰਕ ਪਾਣੀ ਕਿ ਟੁਕਰ, ਮੰਗਦੀ ਹੀਰ ਸਭਾਈ?
ਧੀਏ! ਆਖ ਸਹੀ ਸੱਚ ਬੇਟੀ, ਕਾਈ ਤੁਧ ਭੀ ਨਜ਼ਰੀ ਆਈ?॥੮੨੮॥

**ਸਹਿਤੀ**

ਸੁਣ ਮਾਏ ਇਕ ਗੱਲ ਅਸਾਡੀ, ਇਕ ਅਚਰਜ ਨਦਰੀਂ ਆਇਆ।
ਵੱਡਾ ਸੱਪ, ਸੱਪ ਤੇ ਚੜ੍ਹਿਆ, ਕਾਲਾ ਰੰਗ ਤਿਸ ਆਹਿਆ।
ਜੋਗੀ ਪਕੜ ਪੈਰ ਹੀਰੇ ਦਾ, ਤਿਸ ਦੇ ਅੱਗੇ ਪਾਇਆ।
ਆਖ ਦਮੋਦਰ ਤੁਸਾਂ ਵਧਾਏ, ਹੀਰੇ ਪਾਸ[1] ਹਿਲਾਇਆ॥੮੨੯॥

ਅਗਲੇ ਹਫ਼ਤੇ ਆਵਹੁ ਬਾਬਾ, ਹੀਰ ਨ੍ਹਵਾਵਣ[1] ਤਾਈਂ।
ਕਰਿਹੋ ਸ਼ਾਦੀ, ਤੁਸਾਂ ਮੁਮਾਰਖ[2], ਜਾਣੋਂ ਅੱਜ ਜੀਵਾਈਂ।
ਧਰ ਸ਼ਦੀਆਨੇ ਛੁਟੀ ਨੇਹੇ, ਮਿਹਰ ਕੀਤੀ ਆਹੇ ਸਾਈਂ।
ਸਹੀ ਸਲਾਮਤ ਛੁਟੀ ਨੇਹੇ, ਦਿਲ ਕਰਹੁ ਖਰਾਇਤ ਦੇਵਣ ਤਾਈਂ॥੮੩੦॥

ਤਾਂ ਸੁਣ ਅਲੀ ਕਰੇ ਤਿਆਰੀ, ਟੰਮਕ ਢੋਲ ਧਰਾਏ।
ਭਲਾ ਥੀਆ, ਸਲੇਟੀ ਛੁਟੀ, ਜਣ, ਅਸੀਂ ਅੱਜ ਵਧਾਏ।
ਖ਼ੈਰਾਇਤ ਦੇ ਕੋਠੇ ਛੋੜੇ, ਆਲਮ[3] ਘਿੱਨਣ ਆਏ।
ਆਖ ਦਮੋਦਰ ਖੇੜੇ ਦਿੱਸਣ, ਸਭਨਾ ਰੰਗ ਸਵਾਏ॥੮੩੧॥

**ਸਹਿਤੀ ਨੇ ਹੀਰ ਰਾਂਝੇ ਨੂੰ ਨੱਸਣ ਦੀ ਸਲਾਹ ਦੇਣੀ**

ਸੁਣ ਹੀਰੇ ਬਾਕੀ ਹਿੱਕ ਹਫਤਾ, ਕੀਕਣ ਕੀਚੈ[4] ਭਾਈ।
ਆਖ਼ਰ ਕੂੜ ਬੁਲੇਂਦੀ ਹੁੱਟੀ[5], ਇਸ ਮੁਣੀਆਦ[6] ਨਾ ਕਾਈ।
ਵੇਖਾਂ ਕੀਕਣ ਹੋਸੀ ਅੱਗੇ, ਪੌਂਦੀ ਸੁੱਧ ਨਾ ਕਾਈ।
ਆਖ ਦਮੋਦਰ ਆਖ਼ਰ ਸੁਣੀਐ, ਸਾਈ 'ਆਖ਼ਰ' ਆਖਰ ਆਈ॥੮੩੨॥

ਗੁਜ਼ਰੇ ਪੰਜ ਦਿਹਾੜੇ ਅੰਦਰ, ਤਾਂ ਸਹਿਤੀ ਆਖ ਸੁਣਾਇਆ।
ਸੋ ਕਿਛੁ ਨਾਲ ਤੁਸਾਡੇ ਕੀਤਾ, ਜੋ ਮੈਂਥੀ ਹੋਇ ਆਇਆ।
ਥੀਓ ਤਿਆਰ ਸੰਨ੍ਹ[7] ਦੇਵਣ ਤਾਈਂ, ਤੁਸੀਂ ਮੈਂ ਤਾਂ ਇਹੋ ਭਾਇਆ।
ਆਖ ਦਮੋਦਰ ਤ੍ਰੈਹਾਂ ਜਣਿਆਂ, ਏਹੋ ਮਤਾ ਪਕਾਇਆ॥੮੩੩॥

---

1. ਨਹਾਵਣ। 2. ਮੁਬਾਰਕ। 3. ਸੰਸਾਰ ਲੈਣ ਆਇਆ। 4. ਕਰੀਏ। 5. ਥੱਕ ਗਈ। 6. ਬੁਨਿਆਦ।
7. ਪਾੜ।

ਤਾਂ ਦਿੱਤੀ ਸੰਨ੍ਹ ਤ੍ਰੈਹਾਂ ਬਹਿ ਰਾਤੀਂ, ਥੀਏ ਤਈਆਰ ਤਦਾਹੀਂ[1]।
ਜੇ ਵੱਸ ਚੱਲੇ ਮੈਂਡਾ ਚਾਕਾ, ਤੈਂ ਨਾਲ ਹੀਰ ਪਰਨਾਈਂ।
ਕੇਹਾ[1] ਤਾਉ[2] ਦੇਸੋ ਪੈਰਾਂ ਨੂੰ ਉਡਹੁ ਪੰਖੀ ਨਿਆਈਂ।
ਆਖ ਦਮੋਦਰ ਸੁਣਿਹੋਂ ਸਾਈ, ਰਾਂਝਾ ਤੁਸਾਂ ਅਸਾਂ ਸਾਈਂ॥੮੩੪॥

ਤਾਂ ਸਹਿਤੀ ਕੁੜ੍ਹੋਪਾ[3] ਕੀਤਾ, ਤੁਸੀਂ ਕਰੋ ਤਈਆਰੀ ਆਹੀਂ।
ਵੱਡੇ ਵੇਲੇ ਮਜਲ ਕਰਿਆਰੇ, ਟਿਕੋ ਕਿਥਾਊਂ ਨਾਹੀਂ।
ਪਿੱਛੇ ਬਾਬ ਅਸਾਡੇ ਬਣਸੀ, ਸੋ ਤਾਂ ਮਹੀਂ[4] ਵਿਖਾਈਂ।
ਆਖ ਦਮੋਦਰ ਸਾਈਂ ਹਵਾਲੇ ਸਾਈਂ ਦੇ, ਰਾਂਝਾ ਅਸਾਂ ਤੁਸਾਂ ਅਸਾਂ ਸਾਈਂ॥੮੩੫॥

## ਹੀਰ ਰਾਂਝੇ ਨੇ ਚੋਰੀ ਨੱਸਣਾ

ਜੁੱਲੇ ਵਿਦਾ ਕਰ ਸਹਿਤੀ ਕੋਲੋਂ, ਕੀਤੀ ਮਜਲ ਤਦਾਹੀਂ।
ਨਾਲ ਕਜ਼ਾਂਈ[5] ਮੂਲ[6] ਉਲੰਘੀ, ਫਿਰ ਫਿਰ ਉਤੇ ਜਾਈ।
ਸਾਰੀ ਰਾਤ ਕੀਤੋਨੋ ਪੈਂਡਾ, ਤੇਲੀ ਬੈਲ ਨਿਆਈਂ।
ਆਖ ਦਮੋਦਰ ਜੇ ਪਹੁ ਫੁੱਟੀ, ਆਜ਼ਜ਼ ਹੋਏ, ਸੱਦਣ ਸਹਿਤੀ ਤਾਈਂ॥੮੩੬॥

ਤਦਣ ਸਹਿਤੀ ਉੱਠੀ ਭੰਨੀ[7], ਇਨ੍ਹਾਂ ਗੱਲ ਸੁਣਾਈ।
ਦੱਬੀ ਸੰਨ੍ਹ ਸਿਆਣਪ ਕਰ ਕਰ, ਉਥੇ ਧੂੰਈਂ ਪਾਈ।
ਕੀਕਣ ਹੀਰੇ ਮੂਲ ਉਲੰਘੀ ਸਹਿਤੀ ਗੱਲ ਪੁਛਾਈ।
ਬਹੁਤਾ ਜੰਮ[8] ਸਹੀ ਇਸ ਬੂਟੀ, ਹੋਸੀ[9] ਤਲੀਏਂ ਆਈ॥੮੩੭॥

ਤਾਂ ਦਿਹੁੰ ਦੂਜੇ ਫੇਰ ਇਨ੍ਹਾਂ ਨੇ, ਮੰਜ਼ਲ ਭਰ ਭਰ ਕੀਤੀ।
ਹਾਇ ਹਾਇ ਜੁੱਲੇ ਕਰੇਂਦੇ, ਨੱਸਣ ਸੰਦੀ ਨੀਤੀ।
ਚਾਰੇ ਪਹਿਰ ਚੱਲੇ ਉਠ ਪੋਈਏ[10], ਦੋਹਾਂ ਚੋਰੀ ਕੀਤੀ।
ਪੰਦ੍ਰਾਂ ਕੋਹ ਕੀਤੇਨੇ ਪੈਂਡਾ, ਤਾਂ ਦਿਹੁੰ ਹੋਇਆ, ਨਿਸ ਬੀਤੀ[11]॥੮੩੮॥

ਛਪੇ ਜਾਇ ਦੋਵੇਂ ਵਿਚ ਬੇਲੇ, ਤੋਸ਼ਾ[12] ਪਲਿਓਂ ਖਾਇਆ।
ਚਾਰੇ ਪਹਿਰ ਨ ਥੀਏ[13] ਜ਼ਾਹਰ ਬੈਠਿਆਂ ਆਪ ਛਪਾਇਆ।
ਆਈ ਰਾਤ, ਦੋਵੇਂ ਉਠ ਚਲੇ, ਪਾਸ ਖੰਭ ਲਗਾਇਆ।
ਆਖ ਦਮੋਦਰ ਤਾਂ ਦਿਹੁੰ ਤੀਜੇ, ਅੱਲੀਹੀਰ[14] ਨ੍ਹਵਾਵਣ ਆਇਆ॥੮੩੯॥

---

1. ਓਦੋਂ ਹੀ। 2. ਤੇਜ਼। 3. ਨਿਰਣੈ ਕੀਤਾ। 4. ਮੈਂ ਵੇਖ ਲਵਾਂਗੀ, ਨਿਬੜ ਲਵਾਂਗੀ। 5. ਤਕਦੀਰ ਨਾਲ। 6. ਬੂਟੀ। 7. ਭੱਜੀ। 8. ਸੰਗਣੀ ਉੱਗੀ ਹੋਈ। 9. ਪੈਰਾਂ ਹੇਠ। 10. ਪੈਦਲ। 11. ਰਾਤ ਬੀਤੀ। 12. ਭੋਜਨ। 13. ਕਿਸੇ ਨੂੰ ਨਜ਼ਰ ਨਾ ਆਏ। 14. ਹੀਰ ਨੂੰ।

ਡੂਮਣੀਆਂ ਸਿਰ ਘੜੇ ਲੱਸੀ ਦੇ, ਗਾਵਣ ਗੀਤ ਤਦਾਹੀਂ।
ਨਾਲ ਸਵਾਣੀਆਂ ਅਤੇ ਸਾਊ, ਦੇਇ ਖਰਾਇਤ ਰਾਹੀ[1]।
ਜਾਹਗਾ ਜਾਹਗਾ ਗੀਤ ਸੁਣੀਵੇ, ਖੜਾ ਹੱਥ ਉਠਾਈ।
ਹੋਈਆਂ ਖੁਸ਼ੀਆਂ ਹਭਣਾ ਤਾਈਂ, ਬਹੁਤਾ ਆਲਮ ਆਈ॥੯੪੦॥

ਸਹਿਤੀ ਮੰਜੀ ਬੂਹੇ ਉਤੇ ਘੱਤੀ ਆਣ ਤਿਥਾਈਂ।
ਸੁਣ ਕਰ ਚੁਪ ਕਰੇਂਦੀ ਸਹਿਤੀ, ਮੂਲ ਬੁਲੇਂਦੀ ਨਾਹੀਂ।
ਹੋਇਆ ਹਉਲ[2] ਮਾਂ ਪਿਉ ਨੂੰ ਬਾਹਰ, ਸਹਿਤੀ ਖਾਧੀ ਨਾਗ ਮਤਾਹੀਂ।
ਆਖ ਦਮੋਦਰ ਬੂਹਾ ਭੰਨਣ, ਅੱਗੋਂ ਬੁਲੈਂਦੀ ਨਾਹੀਂ॥੯੪੧॥

ਤਾਂ ਫਿਰ ਚਾੜ੍ਹ ਦਿਤੋਨੇ ਉਤੇ, ਤਾਂ ਉਸ ਝਾਤੀ ਪਾਈ।
ਸੁੱਤੇ ਬੂਹੇ ਉਤੇ ਸਹਿਤੀ, ਤਲੀਏਂ ਮੰਡ[3] ਜਗਾਈ।
ਅੰਦਰ ਬਾਹਰ ਥੀਆ ਕਰਾਰਾ[4], ਕੁੰਡੀ ਅੱਗੇ ਲਾਹੀ।
ਆਖ ਦਮੋਦਰ ਬੂਹਾ ਲੱਥਾ, ਤਾਂ ਸੱਭਾ ਅੰਦਰ ਆਈ॥੯੪੨॥

ਪੁੱਛੇ ਮਾਉਂ ਬਾਪ ਭਰਜਾਈ, ਅਸੀਂ ਹੀਰ ਨ੍ਹਵਾਵਣ[5] ਆਏ।
ਅੱਗੇ ਲੱਗ, ਜੁਲਾਹਾਂ ਅਸੀਂ, ਪਿੰਡੇ ਪਾਣੀ ਪਾਏ।
ਹੱਭਾ ਆਇ ਖਲੋਤੀ ਬਾਹਰ, ਵੇਖਣ ਨੂੰ ਸਧਰਾਏ।
ਆਖ ਦਮੋਦਰ ਸਹਿਤੀ ਤਾਈਂ, ਮਾਂ ਪਿਉ ਆਖ ਸੁਣਾਏ॥੯੪੩॥

**ਸਹਿਤੀ**

ਬਾਬਾ ਜੇ ਅੱਜ ਮੈਂ ਪੈ ਸੁੱਤੀ, ਮੈਂ ਕਨ[6] ਮਸਤੀ ਆਈ।
ਅੰਦਰ ਬਾਹਰ ਸੱਪਾਂ ਭਰਿਆ, ਜ਼ਹਿਰ ਅਸਾਂ ਲਗ ਧਾਈ।
ਤੀਆ ਦਿਹੁੰ ਸੁੱਤੀ ਕਰ ਮਸਤੀ, ਮੈਨੂੰ ਆਲਸ ਆਈ।
ਤੀਜੇ ਦਿਹੁੰ ਦੀ ਬਾਹਰ ਸੁੱਤੀ, ਮੈਨੂੰ ਹੀਰ ਦੀ ਖ਼ਬਰ ਨਾ ਕਾਈ॥੯੪੪॥

ਅੰਦਰ ਆਇ ਵੜਿਆ ਕੁੱਲ ਆਲਮ, ਬਹੁਤ ਵਿਰਾਗੇ ਆਹੇ।
ਅੱਗੋਂ ਵੇਖਣ ਤਾਂ ਕੁਝ ਨਾਹੀਂ, ਪਾੜ ਦਿਵਾਲ[7] ਗਿਆਹੇ।
ਘੱਤੀ ਕੂਕ ਸੰਨ੍ਹ ਜਾਂ ਡਿੱਠੀ, ਹੱਭਾ ਕੂਕ ਸੁਣਾਏ।
ਆਖ ਦਮੋਦਰ ਹਭਣਾ ਜਾਤਾ, ਜੋਗੀ ਚਾਕ ਭੀ ਆਹੇ॥੯੪੫॥

---

1. ਰਾਹ ਵਿਚ। 2. ਭੈ, ਚਿੰਤਾ। 3. ਝੱਸ ਕੇ। 4. ਰੌਲਾ ਗੌਲਾ। 5. ਨੁਹਾਵਣ। 6. ਮੈਨੂੰ। 7. ਦੀਵਾਰ।

ਤਾਂ ਸਾਊ ਸੜ ਗਏ ਤਿਵੀਂਹੀ, ਬਿਨਾ ਚਾਕ ਕੋਈ ਨਾਹੀਂ।
ਕੁੱਲ ਫਰੇਬ ਡਿਠੋਸੇ ਹੱਭੋ, ਥੀਏ ਤਈਯਾਰ ਤਦਾਹੀਂ।
ਪਹੁੰਚੋ ਭਾਈ ਨਾ ਕਰਹੁ ਤਹੰਬਲ[1], ਕਿਤੇ ਪੱਤਣ ਟਾਂਗ ਲਗਾਈਂ।
ਆਖ ਦਮੋਦਰ ਆਏ ਸੱਭੋ, ਸਹਿਤੀ ਪੁੱਛਣ ਤਾਈਂ॥੮੪੬॥

ਸੁਣ ਨੀ ਸਹਿਤੀ, ਤੁੱਧ ਕਿਦਾਈ ਵੈਂਦੇ[2] ਨਜ਼ਰੀਂ ਆਏ।
ਕਿਹੜੇ ਵੱਲ ਕਰੀਹਾਂ ਫੇਰਾ? ਕੋਈ ਅਸੀਂ ਸੁਣਾਏ।
ਆਖ ਸੁਣਾਇਨ ਬਣੈ ਤਹੰਬਲ, ਅਸਾਂ ਘੋੜੇ ਜ਼ੀਨ[3] ਕਢਾਏ।
ਪੁੱਛੇ ਮਾਂ ਪਿਉ ਸਹਿਤੀ ਤਾਈਂ, ਉੱਭੇ ਹੱਥ[4] ਬੁਝਾਏ॥੮੪੭॥

## ਖੇੜਿਆਂ ਹੀਰ ਰਾਂਝੇ ਦੇ ਮਗਰ ਚੜ੍ਹਨਾ

ਕੁੱਲੇ[4], ਕਾਲੇ[5], ਨੁਕਰੇ[6], ਨੀਲੇ[7], ਅਬਲਖ਼[8], ਬਾਜ਼[9] ਪੀੜਾਏ।
ਥੀ ਤਈਯਾਰ ਜੁਲੇ ਉਠ ਹੱਭੇ, ਜੋਗੀ ਮਾਰਣ ਨੂੰ ਸਧਰਾਏ।
ਖਾਵਣ ਰੱਤ ਖ਼ੂਨ ਦਾ ਜਿਗਰਾ, ਪੀਵਨ ਰੱਤ ਤ੍ਰਿਹਾਏ।
ਆਖ ਦਮੋਦਰ ਖੋਜ ਦੂੰਢੇਂਦੇ, ਪਾਂਧੀ[10] ਅੱਗੋਂ ਆਏ॥੮੪੮॥

ਹਿਕ ਜੁਆਨ, ਕੁੜੀ ਇਕ ਨਾਲੇ, ਤੁਸਾਂ ਭੀ ਨਦਰੀਂ ਆਈ?
ਖੇੜੇ ਪੁੱਛਣ ਉਨ੍ਹਾਂ ਤਾਈਂ ਸੱਚ ਦਸਿਆਹੇ ਭਾਈ।
'ਅਸਾਂ ਨਾ ਡਿੱਠੇ ਰਾਹ ਤੇ ਵੈਂਦੇ', ਸਭਨਾਂ ਨਿਸ਼ਾ[11] ਥੀਆਈ।
ਆਖ ਦਮੋਦਰ ਘੋੜੇ ਫੇਰਨ, ਫੇਰ ਪਿਛਾਹਾਂ ਭਾਈ॥੮੪੯॥

ਘੋੜੇ ਫੇਰੇ, ਫਿਰੇ ਪਿਛੂੰਹੇ, ਲਸ਼ਕਰ ਫਿਰੇ ਤਿਵਾਹੀਂ।
ਜੂਹ ਸਿਵਾਣ ਜੁਲੇ ਐਰਾਕੀ[12], ਮੂਲ ਠਸੀਂਦੇ[13] ਨਾਹੀਂ।
ਆਇ ਦੁਮਜਲਾ ਪੈਂਡਾ ਕੀਤਾ, ਥੀਏ ਪੁਛਣ ਤਾਈਂ।
ਆਖ ਦਮੋਦਰ ਕਹਿਣ ਸਭੇ ਹੀ, ਪਇਆ ਗੁਮਾਨ ਇਦਾਈਂ॥੮੫੦॥

ਜੋ ਅੱਗੋਂ ਆਇ, ਪੁਛੇਂਦੇ ਉਸ ਨੂੰ ਦੇਹੁ ਸਨੇਹਾ ਭਾਈ।
ਹਿਕ ਦਿਸਣ ਜੋਗੀ ਭਲਾ ਦਿਸੀਂਦਾ, ਹਿੱਕ ਨਾਲ ਆਹੀਂ ਹਮਸਾਈ।
ਅਸੀਂ ਢੂੰਢਾਊ ਦੋਹਾਂ ਸੰਦੇ, ਕਹੋ ਸੰਦੇਸਾ ਭਾਈ।
ਆਬ ਦਮੋਦਰ, 'ਆਖੋ ਯਾਰੋ,' ਇਨ੍ਹਾਂ ਗੱਲ ਪੁਛਾਈ॥੮੫੧॥

---

1. ਜਾਂਦੇ। 2. ਹੱਥ ਨਾਲ ਉੱਤਰ ਵੱਲ ਸੰਕੇਤ ਕੀਤਾ। 3–9. ਘੋੜਿਆਂ ਦੀਆਂ ਕਿਸਮਾਂ। 10. ਰਾਹਗੀਰ।
11. ਯਕੀਨ ਦੁਆਇਆ। 12. ਘੋੜੇ। 13. ਠਲਦੇ, ਰੁਕਦੇ।

**ਰਾਹੀ**

ਕਿਤ ਨੂੰ ਪੁਛਹੁ ? ਮਤਲਬ ਆਖਹੁ, ਤੁਸੀਂ ਕਿਉਂ ਪੁਛਦੇ ਭਾਈ।
ਹਿੱਕ ਸੂਰਜ, ਹਿਕ ਚੰਦ ਚੌਦਸ ਦਾ, ਅਜ਼ਮਤ ਕੀ ਰੁਸ਼ਨਾਈ।
ਹਿਤ, ਮੁਹੱਬਤ ਬਹੁਤ ਡਿਠੋਸੇ, ਗਲ ਵੈਂਦੇ ਬਾਹਾਂ ਪਾਈ[1]।
ਆਖ ਦਮੋਦਰ ਅਸੀਂ ਵੇਖਣ ਸੇਤੀ, ਕੁਲ ਜਮਾਤ ਵਿਕਾਈ॥੮੫੨॥

ਤਾਂ ਸੁਣ ਆਤਸ਼ ਲਗੀ ਸਾਊਆਂ, ਕੇਹੀਆ ਵਾਗਾਂ ਚਾਈਆਂ।
ਪੋਈਏ ਪੋਈਏ ਵੈਂਦੇ ਭੰਨੇ, ਅਗਹੁੰ ਕੁੜੀਆਂ ਆਈਆਂ।
ਪੁੱਛਣ ਸਭ ਖਲੋਕੇ ਸਾਊ, ਗੱਲਾਂ ਉਨ੍ਹਾਂ ਸੁਣਾਈਆਂ।
ਖਾਨੋ ਮਿਹਰੀ ਉਤੇ ਮਰਦ, ਵਿਕਾਣੇ, ਅਸੀਂ ਹੀਰ ਨੂੰ ਵੇਖ ਵਿਕਾਈਆਂ॥੮੫੩॥

ਤਾਂ ਏਹ ਸੁਣ ਭੱਛ ਦਿਤੀਆਨੇ, ਘੋੜੇ ਕਦਮ ਉਠਾਵਣ ਹਾਰੇ।
ਵਜੀ ਧਰਤ ਸੁੰਬ ਅਤ ਬੋਲੇ, ਛੱਪੇ ਅੰਬਰ ਤਾਰੇ[2]।
ਵੇਖ ਖਲੋਤੇ ਹੀਰ ਤੇ ਰਾਂਝਾ, ਝੱਲਣ ਨ ਸੰਘ[3] ਭਾਰੇ।
ਆਖ ਦਮੋਦਰ ਖੇੜੇ ਆਏ, ਜਾਣਹੁੰ ਭੱਤੇ ਹਾਰੇ॥੮੫੪॥

**ਰਾਂਝਾ**

ਲੈ ਹੀਰੇ ਕਿਵੇਂ ਮਾਰ ਤੂੰ ਮੈਨੂੰ, ਇਹ ਮੰਦੀ ਤਰ੍ਹਾਂ ਮਰੇਂਦੇ।
ਗੁੱਸੇ ਕਾਰਨ ਚਿੱਤ ਜੌ ਪਿਛਲੇ, ਸਹਿਮ ਸਹਿਮ ਦੁੱਖ ਦੇਂਦੇ।
ਔਖੀ ਜਾਹ[4] ਔਝੜ ਵਡੇਰੀ, ਮੈਂ ਸਹੀ ਮਾਰ ਮਰੇਂਦੇ।
ਜੇ ਮੈਂ ਮਰਸਾਂ ਤੈਂਡੇ ਹੱਥੋਂ, ਤਾਂ ਸ਼ੁਕਰ ਬਜਾਇ ਕਰੇਂਦੇ॥੮੫੫॥

**ਹੀਰ**

ਤੂੰ ਸਾਹਿਬ ਮੈਂ ਬਰਦੀ[5] ਤੈਂਡੀ ਮੈਂ ਆਜਜ਼ ਨਾ ਅਜ਼ਮਾਹੇਂ[6]।
ਮੈਂ ਵੇਚਾਰੀ ਦਾ ਚਾਰਾ ਕੇਹਾ ਤੂੰ, ਆਪੇ ਕਰਹਿ ਕਰਾਹੇਂ।
ਸਭ ਕਿਛ ਕੀਤਾ ਤੈਂਡਾ ਹੋਂਦਾ, ਮੈਥੋਂ ਜਾਣ ਛਪਾਹੇਂ[7]।
ਕੇ ਕੁਦਰਤ ਕਿਸੇ ਦੀ ਸਾਹਿਬ, ਜੋ ਤੈਨੂੰ ਹੱਥ ਲਾਏ॥੮੫੬॥

ਨਾ ਹੀਰੇ ਅਸੀਂ ਔਖੇ ਰੁੱਧੇ[8], ਪਹੁੰਚੇ ਪੁਤ੍ਰ ਪਰਾਏ।
ਵੇਖੇ ਪਾਸ ਖਲੋਇ ਸਿਆਲੀ, ਉਨ੍ਹਾਂ ਮੈਂਥੇ ਹੱਥ ਉਠਾਏ।
ਝੱਖਣ[9] ਵਿਚ ਉਜਾੜੀ ਦੋਹੇਂ, ਪਹੁੰਚੇ ਰੱਤ ਤ੍ਰਿਹਾਏ।
ਆਖ ਦਮੋਦਰ ਘੋੜੇ ਪੀੜੇ[10] ਚਰਦੇ, ਨਜ਼ਰੀਂ ਆਏ॥੮੫੭॥

1. ਗਲ ਵਿਚ ਬਾਹਾਂ ਪਾ ਕੇ ਜਾਂਦੇ ਸਨ। 2. ਬਹੁਤ ਗਰਦ ਉੱਡੀ। 3. ਟਾਕਰਾ ਨਹੀਂ ਸਨ ਕਰ ਸਕਦੇ। 4. ਥਾਂ। 5. ਨੌਕਰ, ਦਾਸੀ। 6. ਪਰਤਾਵੇ। 7. ਲੁਕਾਵੇਂ। 8. ਫਸੇ। 9. ਘਸੀਟਣ। 10. ਕਸੇ ਹੋਏ ਘੋੜੇ।

**ਨਾਹੜਾਂ ਦੀ ਸ਼ਰਨ**

ਜਾਂ ਵੇਖਣ ਤਾਂ ਘੋੜੇ ਚਰਦੇ, ਦੋਹਾਂ ਨਜ਼ਰੀਂ ਆਏ।
ਦੇਖ ਦੋਹਾਂ ਦਿਲ ਤਾਜ਼ੇ ਹੋਏ, ਕਦਮ ਡਢੇਰੇ[1] ਚਾਏ।
ਜਾਂ ਵੇਖਣ ਤਾਂ ਖ਼ਾਨ ਡਢੇਰੇ ਮਾਂਹੁ[2] ਕਪਾਵਣ[3] ਆਏ।
ਦੂਰਹੁੰ ਡਿੱਠੇ ਹੀਰ ਤੇ ਰਾਂਝੇ ਦੇਖ ਤਿਦਾਊਂ[4] ਧਾਏ।
ਆਖ ਦਮੋਦਰ ਵੇਖ ਉਨ੍ਹਾਂ ਨੂੰ, ਗਲ ਵਿਚ ਪਲੂ ਪਾਏ॥੮੫੮॥

**ਹੀਰ**

ਮੈਂ ਧੀ ਚੂਚਕ ਦੀ ਝੰਗ ਸਿਆਲਾਂ, ਹੀਰੇ ਗੱਲ ਸੁਣਾਈ।
ਮੈਂਡਾ ਹੱਕ ਰੰਝੇਟਾ ਆਹਾ, ਸੁਣਿਹੋ ਘੋਲ ਘੁਮਾਈ।
ਚੂਚਕ ਮੈਂਥੇ ਕਟਕੀ[5] ਕੀਤੀ, ਖੇੜੇ ਜੋਗ ਵਿਵਾਹੀ।
ਜੇ ਹੱਕ ਲੈ ਸਿਵਾਣ ਚੱਲੀ ਉਠ, ਤਾਂ ਅੱਲੀ ਫ਼ੌਜ ਚੜ੍ਹਾਈ।
ਸੁਣ ਸਾਹਿਬ, ਮੈਂ ਔਖੀ ਰੁੱਧੀ, ਤਾਂ ਸਾਮ[6] ਤੁਸਾਡੀ ਆਈ॥੮੫੯॥

**ਰਾਂਝਾ**

ਮੈਂ ਪੁਤ੍ਰ ਮੌਜਮ ਦਾ ਨਾਉਂ ਸੁ ਧੀਦੋ, ਤਖ਼ਤ ਹਜ਼ਾਰਿਓਂ ਆਇਆ।
ਹੀਰੇ ਕਾਰਨ ਉਮਰ ਗੁਜ਼ਰੀ, ਦਰ ਤੇ ਧੂੰਆਂ ਪਾਇਆ।
ਲੱਜ ਨਾ ਕੀਤੀ ਪਿਉ ਸੰਦੀ, ਤਾਂ ਮੈਂ ਚਾਕ ਸਦਾਇਆ।
ਹੱਕ ਸਿਵਾਣ ਜੁਲਿਆ ਘਿੰਨ ਲੰਮੇ, ਤਾਂ ਅਲੀ ਕਟਕ[7] ਲੈ ਆਇਆ ।
ਤੁਸੀਂ ਵੱਡੇ ਰਾਠ ਜ਼ਿਮੀਂ ਖਾਂਵਦ, ਮੈਂ ਤੱਕ ਤੁਸਾਨੂੰ ਧਾਇਆ।
ਆਖ ਦਮੋਦਰ ਔਖਾ ਰੁੱਧਾ, ਤਾਂ ਸਾਮ ਤੁਸਾਡੀ ਆਇਆ॥੮੬੦॥

**ਨਾਹੜ**

ਆਵੋ ਬਹਹੁ ਅਸਾਡੇ ਪਿੱਛੇ, ਅਸਾਂ ਤਈਂ ਇਹ ਭਾਵੇ।
ਹੁਕਮੀ ਪਾਇ ਰਖਾਂ ਸਿਰ ਸੇਤੀ, ਬੰਨ੍ਹ ਸਿਰੇ ਤੇ ਦਾਵੇ।
ਪਿੱਛੇ ਪਏ ਨ ਕੁੱਤੇ ਦਿੱਪਨ, ਏ ਤਾਂ ਰਾਠਾਂ ਜਾਏ।
ਮਰਣ ਅਹੂਲ ਬੈਠੇ ਸਿਰ ਸੇਤੀ, ਤੋੜੇ ਲਸ਼ਕਰ ਧਾਏ।
ਆਖ ਦਮੋਦਰ ਮੂਲ ਨਾ ਦੇਸਾਂ, ਤੋੜੇ ਅਕਬਰ ਆਏ॥੮੬੧॥

ਤਾਂ ਖਾਨਾਂ[8] ਸਭ ਹਥਿਆਰ ਸੰਭਾਲੇ, ਘੋੜੇ ਨੱਪੇ ਤਾਹੀਂ।
ਮਰਣ ਚਇਓਨੇ ਸਿਰ ਅਪਣੇ ਤੇ, ਹੋਏ ਝੱਲਣ ਤਾਈਂ।
ਕੇਹੇ ਹੱਥ ਕਰੇਸੋ ਭਾਈ, ਵੈਰ ਪਰਾਇਆ ਚਾਈ।
ਕੀਕਰ ਅਸੀਂ ਮਰੀਹਾਂ ਨਾਹੀਂ, (ਪੁੱਤ੍ਰ ਮੌਜਮ ਦਾ,
ਧੀ ਚੂਚਕ ਦੀ) ਸਾਮ ਅਸਾਡੀ ਆਈ॥੮੬੨॥

---

1. ਤੇਜ਼। 2. ਮਾਂਹ ਦੀ ਫਸਲ।3. ਕੱਟਣ। 4. ਉਸ ਪਾਸੇ। 5. ਅਤਿਆਚਾਰ। 6. ਸ਼ਰਣ। 7. ਫੌਜ, ਧਾੜ। 8. ਤੀਵੀਂ।

ਖੋਜਣ ਜੁਲੇ ਅਗੇਰੇ ਰਾਹੋਂ, ਫ਼ੌਜ ਇਦਾਊਂ ਆਈ।
ਦੇਇ ਸਲਾਮ ਮਿਲੇ ਖ਼ਾਨਾਂ ਨੂੰ, ਪੁੱਛਨ ਉਨ੍ਹਾਂ ਤਾਈਂ।
ਹਿੱਕ ਜੋਗੀ ਤੇ ਨਾਲ ਹੱਕ ਮਹਿਰੀ, ਤੁਸਾਂ ਨਜ਼ਰ ਨਾ ਆਈ?
ਆਖ ਦਮੋਦਰ ਖੇੜੇ ਪੁੱਛਣ, ਉਨ੍ਹੀ ਨਾਹੜਾਂ ਤਾਈਂ॥੮੬੩॥

**ਨਾਹੜ**

ਨਾਹੀਂ ਡਿੱਠੋ, ਪੁਛਹੁ ਅਗਹੁੰ, ਇੱਦੇ[1] ਨਾਹੀ ਆਏ,
ਅਸੀਂ ਕਰੋਕੇ ਇਦੇ ਬੈਠ, ਅਜੇ ਨਾ ਮਾਹੁੰ[2] ਕਪਾਏ[3]।
ਵੇਖਹੁ ਰਾਹ ਅਗੇਰੇ ਹੋ ਕੇ, ਅਗਹੁੰ ਵੰਞ ਪੁਛਿਆਹੇ।
ਅਸੀਂ ਆਪਣੇ ਮੂੰਹ ਸਿਰ ਬੈਠੇ ਬੇਲੇ, ਅਸੀਂ ਨਾ ਕੂੜ ਬੁਲਾਏ॥੮੬੪॥

**ਖੇੜੇ**

ਸੁਣਿਹੋ ਭਾਈ ਅਸੀਂ ਆਖਹਾਂ, ਨੀਹੇ ਤੁਸੀਂ ਦਸੇਂਦੇ।
ਅਸੀਂ ਬਹੁਤ ਆਜ਼ਜ਼ ਹਾਂ ਥੱਕੇ, ਤੁਸਾਡੀਆਂ ਅੱਖੀਂ ਵਿਚ ਬੁਲੇਂਦੇ[4]।
ਖਾਧੀ ਖੰਡ ਰਜਾਹਾਂ ਨਾਹੀਂ, ਕਿਤ ਨੂੰ ਜ਼ਹਿਰ ਘੁਲੇਂਦੇ।
ਹੱਸ ਹੱਸ ਕੇ ਦਸਿਹੋ ਭਾਈ ਨਾਹੀਂ ਅਸੀਂ ਲੋਹੇ[5] ਹੱਥ ਪਏਂਦੇ॥੮੬੫॥

**ਨਾਹੜ**

ਜੇ ਨਹੀਂ ਆਏ ਤਾਂ ਭੀ ਆਏ, ਕਿਆ ਡਰ ਅਸਾਂ ਤਾਈਂ।
ਨੀਸੇ ਚਿੜੀਆਂ ਢਿੰਗਰਾਂ ਉਤੇ, ਜੇ ਕਰ ਉੱਡ ਵੈਸਾਈਂ।
ਪਿੱਛੇ ਪਏ ਨ ਕੁਤੇ ਦਿੱਪਨ, ਆਏ ਰਾਠ ਅਸਾਹੀ।
ਜੇ ਤੁਸੀਂ ਕਟਕ ਵਡੇਰਾ ਦਿੱਸੇ, ਤਾਂ ਥੇੜਿਆਂ ਬਹੁਤਿਆਂ[6] ਸਾਈਂ॥੮੬੬॥

**ਖੇੜੇ ਤੇ ਨਾਹੜਾਂ ਦਾ ਜੰਗ**

ਤਾਂ ਧ੍ਰੂਹ ਮਿਆਨੋ ਇਦੋਂ ਉਦੋਂ[7] ਐਲੀ ਐਲੀ ਕਰ ਧਾਏ।
ਤ੍ਰੁੱਟਨ[8] ਲੋਥਾਂ ਇਦੋਂ ਉਦੋਂ, ਹੋਏ ਰੱਤ ਤ੍ਰਿਹਾਏ।
ਬਹੁਤ ਵਿਰਾਗ[9] ਭਿੜਨ ਦਾ ਖੇੜੇ, ਅਜੇ ਭਿੜਨੇ ਨੂੰ ਸਧਰਾਏ।
ਆਖ ਦਮੋਦਰ ਨਹੀਂ ਟਲਦੇ ਨਾਹੜ, ਫਿਰ ਪਵਣੇ[10] ਨੂੰ ਸਧਰਾਏ॥੮੬੭॥

---

1. ਇਸ ਪਾਸੇ। 2. ਮਾਂਹ ਦੀ ਫਸਲ। 3. ਵੱਢੀ। 4. ਤੁਹਾਡੀਆਂ ਅੱਖਾਂ ਦੱਸਦੀਆਂ ਹਨ ਕਿ ਉਹ ਐਥੇ ਹਨ। 5. ਤਲਵਾਰ ਫੜਦੇ। 6. ਥੋੜ੍ਹੀ ਗਿਣਤੀ ਵਾਲਿਆਂ ਦਾ ਰੱਬ ਰਾਖਾ ਹੈ। 7. ਇਧਰੋਂ-ਉਧਰੋਂ। 8. ਡਿੱਗਣ। 9. ਸ਼ੌਕ। 10. ਹਮਲੇ।

ਫਿਰ ਸੁ ਵੜੇ ਐਲੀ ਐਲੀ ਕਰ, ਦੋਵੇਂ ਫਿਰਦੇ ਨਾਹੀਂ।
ਲੁੱਝਣ ਇੱਦੋਂ ਉਦੋਂ ਲੋਥਾਂ, ਹੋਇਆ ਤਾਉ ਦੁਹਾਹੀਂ[1]।
ਤ੍ਰੁਟਨ ਲੋਥਾਂ ਸਿਰ ਦੇ ਪਰਣੇ, ਕੋਈ ਸੰਗਾਵੈ[2] ਨਾਹੀਂ।
ਆਖ ਦਮੋਦਰ ਨੌਂ ਖੇੜੇ ਮਾਰੇ, ਪੰਜ ਨਾਹੜ ਭੀ ਥੀਏ ਅਜਾਹੀਂ[3] ॥੮੬੮॥

ਫੇਰ ਵੰਗਾਰ ਪਈ ਵਿਚ ਦੋਹੇਂ, ਕੁਦਿਆਂ ਜੰਗ ਤਦਾਹੀਂ।
ਨਾਹੜ ਵਾਹ ਭਿੜਨ ਦੇ ਪੂਰੇ, ਆਖਣ ਜੋਗੇ ਨਾਹੀਂ।
ਅਜੇ ਭਿੜਨੇ ਉੱਤੇ ਚਾਉਰਾਠਾਂ ਦਾ, ਦਿਸੈ ਚਾਉ ਦੁਹਾਹੀਂ।
ਆਖ ਦਮੋਦਰ ਪੰਜ ਖੇੜੇ ਤ੍ਰਟੇ[4], ਤ੍ਰੈ ਨਾਹੜ ਭੀ ਥੀਏ ਅਜਾਹੀਂ ॥੮੬੯॥

ਫਿਥੇ ਸਿਰ, ਜਿਉਂ ਭੰਨੀ ਚਾਟੀ, ਆਖਣ ਦੀ ਗੱਲ ਨਾਹੀਂ।
ਧੁੰਮ ਨਾਹੜਾਂ ਦੀ ਵਸਤੀ ਆਈ, ਗੁੱਝੀ ਗੱਲ ਨਾ ਕਾਈ।
ਸਾਰੀ ਜ਼ਿਮੀਂ ਰੰਗੀਲ[5] ਕੀਤੀਆਂ ਨੇ, ਅਲਤਾ[6] ਜਿਵੇਂ ਵਿਵਾਹੀ।
ਨਾਉਂ ਦਮੋਦਰ, ਮੈਂ ਛੱਪ ਖਲੋਤਾ, ਜਿੱਥੇ ਦੂਇ ਬੂਟੇ ਤੇ ਇਕ ਕਾਹੀ ॥੮੭੦॥

ਸਈਯਦ ਸਹੀ ਰਜੋਏ ਵਾਲੇ, ਡੋਲੀ ਘਿੱਦੀ[7] ਵੈਂਦੇ।
ਏਹ ਕੱਕਾਰਾ ਤੇ ਲਲਕਾਰਾ, ਆਏ ਧਾਇ ਸੁਣੇਂਦੇ।
ਜਾਂ ਵੇਖਣ ਤਾਂ ਖੇੜੇ ਨਾਹੜ, ਲੜਦੇ ਤੇ ਵੰਗਰੇਂਦੇ।
ਆਖ ਦਮੋਦਰ ਸਈਯਦ ਵੇਖੋ, ਹੋੜਾ[8] ਆਇ ਪਏਂਦੇ ॥੮੭੧॥

ਇਦੋਂ ਉਦੋਂ ਚਾਇ ਹਟਾਏ, ਸਈਯਦ ਆਣ ਬਹੇਂਦੇ।
ਆਖਹੁ ਕਿਤ ਕਾਰਨ ਤੁਸੀਂ ਲੜਦੇ, ਕਿਤ ਨੂੰ ਆਪ ਮਰੇਂਦੇ।
ਅਸੀਂ ਤੁਸਾਨੂੰ ਪੁੱਛਦੇ ਆਹਾਂ, ਕਿਉਂ ਨੇਹੇਂ ਅਗੋਂ ਦਸੈਂਦੇ।
ਕਹੇ ਦਮੋਦਰ ਆਖੋ ਯਾਰੋ, ਕਿਉਂ ਇਹੁ ਵੈਰ ਉਠੈਂਦੇ ॥੮੭੨॥

ਸੁਣ ਸਾਹਿਬ ਇਕ ਗੱਲ ਅਸਾਡੀ, ਖੇੜੇ ਆਖ ਸੁਣਾਇਆ।
ਚੂਚਕ ਦੇ ਘਰ ਘਤਿ ਵਸੀਲੇ, ਲਹੁੜਾ[9] ਮੈਂ ਪਰਨਾਇਆ।
ਚੌਂ ਚੌਂ ਸੁਣੀ ਉਥਾਊਂ ਅਸਾਂ, ਮੂੰਹੋਂ ਨ ਮੂਲ ਅਲਾਇਆ।
ਲੈ ਮੁਕਲਾਵਾ ਆਏ ਅਸੀਂ, ਟੰਮਕ ਏਸ ਚਵਾਇਆ ॥੮੭੩॥

---

1. ਦੋਹੀਂ ਪਾਸੀਂ। 2. ਕੋਈ ਨਹੀਂ ਸੀ ਸੰਗਦਾ। 3. ਸਥਾਨ ਰਹਿਤ ਜਾਂ ਨਿਥਾਵੇਂ ਹੋ ਗਏ। 4. ਲੜਨ ਦੇ। 5. ਲਾਲ। 6. ਗੁਲਾਲ। 7. ਲੈ ਕੇ ਜਾਂਦੇ। 8. ਰੁਕਾਵਟ। 9. ਮੰਡਾ। 10. ਚਰਚਾ।

ਆਂਦਾ ਵੱਤ ਨੱਠਾ ਫਿਰ ਸਾਹਿਬ, ਜੋਗੀ ਭੇਖ ਬਣਾਇਆ।
ਕੂੜੇ ਕੂੜੇ ਚੰਗੇ ਭਲੇ ਇਸ ਨੂੰ ਸੱਪ ਲੜਾਇਆ।
ਕਰਾਂ ਹੁਨਰ ਘਤ ਅੰਦਰ ਪਾਈ, ਇਹ ਮੰਤ੍ਰੀ[1] ਹੁਇ ਆਇਆ।
ਦਿੱਤੀ ਸੰਨ੍ਹ ਲੀਤੀ ਹੱਥ ਬਿਲਗਾ[2], ਸੁਣ ਪਿਛੋਂ ਮੈਂ ਧਾਇਆ।
ਤੁਸੀਂ ਪੁੱਛੋ ਨਾ ਸਾਹਿਬ! ਬੈਠੇ ਨਾਹੜ, ਇਨ੍ਹਾਂ ਪਿੱਛੇ ਕਿਉਂ ਪਾਇਆ॥੮੭੪॥

ਨਾਹੜ ਬੋਲ ਉਠੇ ਤਦਾਹੀਂ, ਕੁਖ ਤਫ਼ਾਵਤ[3] ਨਾਹੀਂ।
ਆਏ ਚੱਲ ਇਦਾਊਂ ਦੋਵੇਂ, ਆਇ ਢੱਠੇ ਸਾਮ ਤੁਸਾਹੀਂ।
ਪਿੱਛੇ ਪਏ ਨ ਕੁੱਤੇ ਦਿੱਪਨ, ਰਾਠਾਂ ਦੀ ਲੱਜ ਨਾਹੀਂ।
ਨਹੀਂ[4] ਮੁਨਾਸਬ ਜੋ ਨੱਪ[5] ਦਿਵਾਹਾਂ, ਅਰ ਮੁਹਕਾਲਕ[6] ਲਾਈ।
ਆਖ ਦਮੋਦਰ ਜੁਆਨ ਮਰਾਏ, ਅਸਾਂ ਕੁਝ ਲਹਿਣਾ ਨਾਹੀਂ॥੮੭੫॥

**ਸਈਯਦ ਦੀ ਸਲਾਹ**

ਮੰਦਾ ਕੀਤਾ, ਦੋਹਾਂ ਰਾਠਾਂ, ਤੁਸਾਂ ਜੁਆਨ ਮਰਾਏ।
ਗੱਲ ਲੜਨੇ ਦੀ ਮੂਲ ਨ ਆਹੀ, ਕੈ ਕੋਈ ਸਮਝਾਏ।
ਬਾਵੀ[7] ਕੋਹ ਕੋਟ ਕਬੂਲੇ ਦਾ, ਉੱਥੇ ਵੰਞ ਝਿੜਿਆਹ[8]।
ਜੈਂਦੀ ਵੰਨੇਂ ਕਾਜ਼ੀ ਆਖੇ, ਸੋਈ ਜਿਣ[9] ਘਿਨਿਆਹੇ॥੮੭੬॥

ਤਾਂ ਹਲੋ ਹਲੋ ਹੋਈ ਭਾਈ, ਏਹਾ ਹਭਣਾ[10] ਭਾਈ।
ਖੇੜੇ ਨਾਹੜ, ਮਿਲੇ ਤਿਵੀਹੀਂ, ਦਿਲਗੀਰੀ[11] ਮਨਹੁੰ ਚੁਕਾਈ।
ਜਿਹੜਾ ਛੋਰ ਗਇਆ ਵੰਞ ਵਸਤੀ, ਉਥੋਂ ਫੌਜ ਨਾਹੜਾਂ ਦੀ ਆਈ।
ਆਏ ਚੜ੍ਹ ਤ੍ਰੈ ਵੀਹਾਂ ਨਾਹੜ ਜਾ ਇਹ ਗੱਲ ਸੁਣ ਪਾਈ॥੮੭੭॥

ਤਾਂ ਸਭ ਆਲਮ ਇਦੋਂ ਉਦੋ, ਰਲ ਮਿਲ ਕੇ ਟੁਰ ਆਏ।
ਟੁਕਰ ਆਖੇ ਖੇੜਿਆਂ ਤਾਈਂ, ਵਸਤੀ ਮੈਂ ਘਿੰਨ[12] ਆਏ।
ਛੁਪੇ ਹੋਏ ਹੀਰ ਰੰਝੇਟਾ, ਦੋਹੇ ਨਾਲ ਚਲਾਏ।
ਆਖ ਦਮੋਦਰ ਤੱਕ ਖੇੜਿਆਂ ਨੂੰ, ਹੀਰੇ ਸੁਖਨ[13] ਸੁਣਾਏ॥੮੭੮॥

---

1. ਉਠਾਇਆ, ਚੁੱਕਿਆ। 2. ਮਾਂਦਰੀ। 3. ਸੰਨ੍ਹ ਮਾਰਨ ਦਾ ਹਥਿਆਰ। 4. ਅੰਤਰ। 5. ਫੜ ਕੇ। 6. ਮੂੰਹ ਕਾਲਖ। 7. ਬਾਈ (22)। 8. ਝਗੜਨਾ (ਕਚਹਿਰੀ ਵਿਚ)। 9. ਧਿਰ। 10. ਲੈ ਜਾਵੇ। 11. ਸਭ ਨੂੰ ਚੰਗੀ ਲਗੀ। 12. ਦੁਖ। 13. ਕਥਨ।

### ਹੀਰ ਤੇ ਖੇੜੇ

ਲੱਜ ਨਾ ਤੈਨੂੰ ਆਵੇ ਅੱਲੀ! ਘਿੰਨ ਕੇ ਫ਼ੌਜਾਂ ਆਇਆ।
ਲੱਜ ਵੰਞਾਇ ਨਾ ਹੋਇਓਂ ਸ਼ਰਮਿੰਦਾ, ਕੇਹੜੇ ਮੂੰਹ ਚੜ੍ਹ ਧਾਇਆ।
ਸ਼ਾਬਸ ਨਾਹੜਾਂ ਰਾਠਾਂ ਤਾਈਂ ਜਿਨ੍ਹਾਂ ਪਿੱਛੇ ਅਸਾਨੂੰ ਪਾਇਆ।
ਆਖ ਦਮੋਦਰ ਅੱਲੀ ਤਾਈਂ, 'ਹੀਰੇ' ਸੁਖਨ ਸੁਣਾਇਆ॥੮੭੯॥

### ਅਲੀ ਰਾਂਝੇ ਨੂੰ

'ਪਿੱਛੋਂ ਰਹਿਆ ਕਰੇਂਦਾ ਘਾਤਾਂ[1], ਵੱਸ ਅਸਾਡਾ ਨਾਹੀਂ।
ਜੇ ਵੱਸ ਚੱਲੇ ਕਦੀ ਅਸਾਡਾ, ਤਾਂ ਲੋਹੂ ਅਸੀਂ ਪੀਵਾਈਂ।
ਇਹੁ ਜੋ ਬੁਕਲ ਮਾਰੀ ਵੈਂਦਾ, ਇਨ ਕਚਿਆਂ ਮਾਸ ਖਵਾਈਂ।
ਆਖ ਦਮੋਦਰ ਅੱਗੋ ਵੇਖਹੁ ਮੂਲ ਬੁਲੇਂਦਾ ਨਾਹੀਂ॥੮੮੦॥

### ਹੀਰ ਖੇੜੇ ਨੂੰ

ਵੰਞ ਵੇ ਖੇੜਾ ਕਦੀਮੀ ਭੈੜਾ, ਮੇਰੇ ਰਾਂਝਣ ਨਾਲ ਅਲੈਂਦਾ।
ਏਹੋਂ ਕੌਣ[2] ਕਮੀਨਾ ਜੱਟਾ, ਜੁ ਅੱਸਾਂ ਝਿੜਕਾਂ ਦੇਂਦਾ।
ਸਾੜੀਂ ਮੂੰਹ[3] ਕੁਲ ਖੇੜਿਆਂ ਸੰਦਾ, ਜਬਾਬ ਹਜ਼ੂਰ[4] ਸੁਣੈਂਦਾ।
ਫਿੱਟੇ ਮੂੰਹ ਕੁਲ ਜਾਤ ਖੇੜਿਆਂ ਦੀ, ਮੇਰੇ ਰਾਂਝਣ ਨਾਲ ਝੜੇਂਦਾ[5]॥੮੮੧॥

### ਹੀਰ ਰਾਂਝਾ ਨਾਹੜਾਂ ਦੇ ਘਰ

ਬਸਤੀ ਵੰਞ ਕੀਤੋਨੇ ਰਹਿਣਾ, ਚੰਗੀ ਮੰਦੀ ਆਈ।
ਕੋਠਾ ਹਿੱਕ ਅਕੱਲਾ ਡਿੱਠਾ, ਦੋਹਾਂ ਆਣ ਬੈਠਾਈ[6]।
ਗ਼ੈਰਤ ਕੱਲ ਕਰੇਂਦੇ ਖੇੜੇ, 'ਕਿਉਂ ਚਾਕੇ ਨਾਲ ਬਹਾਈਂ।
ਆਖ ਦਮੋਦਰ ਨਾਹੜ ਆਖਣ, ਸੁਣਹੋ ਇਹ ਗੱਲ ਭਾਈ॥੮੮੨॥

ਤਾਂ ਆਖਣ ਖ਼ਾਨ ਖੇੜਿਆਂ ਦੇ ਤਾਈਂ, ਅਸਾਂ ਜੀਕਰ ਨਜ਼ਰੀਂ ਆਈ।
ਦੇ ਗਲ ਬਾਹਾ ਦੋਹੇ ਮਿਲੇ ਸਾਨੂੰ, ਵਿਛੜੀ ਡਿੱਠੀ ਨਾਹੀਂ।
ਨਹੀਂ ਮੁਨਾਸਬ ਏਵ ਵਿਛੋੜਨ, ਬਣਦੀ ਗੱਲ ਨਾ ਕਾਈ।
ਆਖ ਦਮੋਦਰ ਮਿਲੇ ਸੁ ਹੋਏ, ਅਸੀਂ ਵਿਛੜੇਂਦੇ ਨਾਹੀਂ[7]॥੮੮੩॥

### ਖੇੜੇ

ਆਪਣੇ ਭੇਜ ਜ਼ਨਾਨੇਂ ਰੱਖੋ[8], ਏਹੁ ਮੁਨਾਸਬ ਨਾਹੀਂ।
ਤੁਸੀਂ ਭੀ ਰਾਠ ਜ਼ਿਮੀਂ ਦੇ ਖਾਵੰਦ, ਭੁਈਂ ਨਈਂ ਦੇ ਸਾਈਂ।
ਚੋਰ ਚਿਰੋਕਾ ਲੱਗਾ ਪਿੱਛੇ, ਜਾਣੇ ਜੱਗ ਤਿਵਾਈਂ।
ਆਖ਼ ਦਮੋਦਰ ਮਰਾਂ ਕਿ ਜੀਵਾਂ, ਕੇ ਹੁਣ ਮਹੁਰਾ ਖਾਈਂ॥੮੮੪॥

---

1. ਦਾਅ, ਬਾਜ਼ੀ। 2. ਤੂੰ ਕੌਣ ਹੈਂ?। 3. ਸਾਰੇ ਖੇੜਿਆਂ ਦਾ ਮੂੰਹ ਸਾੜਾਂ। 4. ਸਾਹਮਣੇ, ਰਾਂਝੇ ਦੇ ਅੱਗੇ। 5. ਝਗੜਦਾ ਹੈਂ। 6. ਦੋਹਾਂ ਨੂੰ ਇਕੱਠਾ ਬਹਾਇਆ ਗਿਆ। 7. ਹਾਏ ਨਾ ਵਿਛੋੜ ਗਲ ਲਗਿਆਂ ਨੂੰ ਪਾਪੀਆਂ—ਭਾਈ ਵੀਰ ਸਿੰਘ। 8. ਜਨਾਨਖਾਨੇ ਵਿਚ, ਘਰ ਦੀਆਂ ਸਵਾਣੀਆਂ ਵਿਚਕਾਰ।

**ਨਾਹੜ**

ਨਹੀਂ ਵਿਛੋੜ ਸੰਗਾਹੇਂ ਭਾਈ! ਜੀਕਰ ਸਰੇ ਅਸਾਹੀਂ[1]।
ਅਸਾਂ ਕੇ ਕੰਮ, ਜੁ ਮੂੰਹੋਂ ਅਖਾਹਾ, ਕਰੀਏ ਰੰਜ ਇਨਾਹੀਂ।
ਆਪੇ ਤੁਸੀਂ ਕੋਟ ਕਬੂਲ ਵੈਂਦੇ, ਝੇੜਾ ਝੇੜਨ ਤਾਈਂ[2]।
ਆਖ ਦਮੋਦਰ ਜਿਹੜਾ ਘਿਨਸੋ, ਸੋਈ ਸਤਰ[3] ਰਖਾਈਂ॥੮੮੫॥

**ਨਾਹੜਾਂ ਦੀਆਂ ਕੁੜੀਆਂ ਹੀਰ ਵੇਖਣ ਆਈਆਂ**

ਕੁੜੀਆਂ ਨਾਹੜਾਂ ਸੰਦੀਆਂ ਹੱਭੇ ਹੀਰ ਨੂੰ ਵੇਖਣ ਆਈਆਂ।
ਜਿਉਂ ਜਿਉਂ ਵੇਖਣ ਹੀਰ ਵੱਲੋਂ, ਸਭ ਹੀ ਵੇਖ ਵਿਕਾਈਆਂ।
ਡਿੱਠੀ ਰੱਜ ਚੂਚਕ ਦੀ ਜਾਈ, ਅਜੇ ਵੇਖਣ ਨੂੰ ਸਧਰਾਈਆਂ[4]।
ਆਖ ਦਮੋਦਰ ਮਿਲਿਆ ਜ਼ਨਾਨਾ, ਸਿਫ਼ਤ ਕਰਨ ਸਭਰਾਈਆਂ[5]॥੮੮੬॥

ਕੋਠੇ ਦੇ ਵਿਚ ਖਾਣਾ ਆਇਆ, ਰਾਂਝੇ ਜੋਗ ਜਗਾਇਆ।
ਵੇਖਣ ਨਾਲ ਮੂੰਹ ਮੱਥਾ ਚਿਹਰਾ, ਜਣਾ[6] ਪਸਿੰਦ ਬਹੂੰ ਆਇਆ।
ਆਖਣ ਕੁੜੀਆਂ ਏਹੋ ਢੋਆ[7], ਸਾਈਂ ਸਬੱਬ ਬਣਾਇਆ।
ਆਖ ਦਮੋਦਰ ਹੀਰ ਸਿਆਲੀਂ, ਕੁੜੀਆਂ ਜੋਗ ਉਠਾਇਆ॥੮੮੭॥

ਕੁੱਵਤ ਕੁੜੀਆਂ ਸੰਦੀ ਗਈਆਂ, ਨਰ ਨਾਰੀ ਸਭ ਮੋਹੇ।
ਹੱਭੇ ਆਖਣ ਖੇੜਿਆਂ ਤਾਈਂ, ਕੇਡਾ ਕਹਿਰ ਕੀਤੋਹੇ।
ਏਡਾ ਪਿੱਛਾ ਲਸ਼ਕਰ ਕਰ ਕਰ, ਖੋਜ ਉਠਾਇ ਘਿਧੋਹੇ[8]।
ਆਖ ਦਮੋਦਰ ਹੀਰ ਤੁਸਾਂ ਨਾ ਬਣਦੀ, ਹੀਰ ਜੋਗੀ ਨੂੰ ਸੋਹੇ[9]॥੮੮੮॥

**ਹੀਰ ਰਾਂਝਾ, ਖੇੜੇ ਤੇ ਨਾਹੜਾਂ ਦਾ ਕੋਟ ਕਬੂਲੇ ਨੂੰ ਜਾਣਾ**

ਤਾਂ ਖੇੜੇ ਹੁੱਟ ਪਏ ਸੁਣੇਂਦੇ, ਰਾਤੀਂ ਖਾਣਾ ਆਇਆ।
ਸੂਲਾਂ ਸੱਲ, ਰਾਤ ਹੁਈਆਨੇ, ਭਲਕ ਥੀਆ, ਭਲਾ ਭਾਇਆ[10]।
ਘੋੜੇ ਪੀੜ ਤਿਆਰੀ ਕੀਤੀਆਨੇ ਚੱਲਣ ਤੇ ਚਿਤ ਚਾਇਆ।
ਆਖ ਦਮੋਦਰ ਨਾਹੜ ਸੱਭੇ, ਸਾਥ ਸੁ ਟੁਰਨਾ ਆਇਆ॥੮੮੯॥

ਘੋੜੇ ਪੀੜ ਤਈਆਰ ਥੀਆਨੀ, ਜਲਣ ਕਬੂਲੇ ਤਾਈਂ।
ਪੁੱਛਣ ਖੇੜੇ, 'ਤੁਸੀਂ' ਵੈਂਦੇ ਕਿੱਦੋ? ਦੱਸਹੋ ਸਹੀ ਅਸਾਹੀਂ।
ਅਸੀਂ ਸਾਥੀ ਸਹੀ ਤੁਸਾਡੇ, ਨਾਲ ਤੁਸਾਡੇ ਆਹੀ[11]।
ਆਖ ਦਮੋਦਰ ਖੇੜੇ ਪੁੱਛਣ, ਕੇਹੜਾ ਕੰਮ ਤੁਸਾਹੀਂ ?॥੮੯੦॥

---

1. ਜਿਵੇਂ ਸਾਡੇ ਕੋਲੋਂ ਸਰ ਸਕਦਾ ਹੈ। 2. ਝਗੜਾ ਝਗੜਨ ਲਈ। 3. ਪਰਦੇ ਵਿਚ, ਆਪਣੇ ਸਤਰਾਂ ਵਿਚ। 4. ਅਜੇ ਹੋਰ ਵੇਖਣਾ ਚਾਹੁੰਦੀਆਂ ਸਨ। 5. ਚੰਗੇ ਭਰਾਵਾਂ ਵਾਲੀਆਂ, ਸਭ ਜਨਾਨੀਆਂ। 6. ਜਵਾਨ, ਲਾੜਾ, ਜੋਗੀ-ਰਾਂਝਾ। 7. ਤੁਹਫ਼ਾ, ਵਰ, ਹੀਰ ਲਈ ਇਹੀ ਵਰ ਠੀਕ ਹੈ। 8. ਖੋਜ ਫੜ ਲਿਆ ਜੇ। 9. ਹੀਰ ਜੋਗੀ ਨੂੰ ਹੀ ਸੋਭਦੀ ਹੈ। 10. ਚੰਗਾ ਲਗਾ, ਸੁਖ ਦਾ ਸਾਹ ਲਿਆ। 11. ਹੈਗੇ, ਅਸੀਂ ਤੁਹਾਡੇ ਨਾਲ ਹਾਂ।

## ਨਾਹੜ

ਯਾਰੋਂ ਨਹੀਂ ਮੁਨਾਸਬ ਅਸਾਂ, ਇਨ੍ਹਾਂ ਨੂੰ ਤੁਸਾਂ ਹੱਥ ਦੀਹਾਂ[1]।
ਮਾਰੋ ਥਾਂਇ, ਜੁ ਰਾਹਿ ਇਨਾਹੀਂ, ਅਸਾਂ ਤੇ ਤਰਸ ਕਰੀਹਾਂ।
ਜਿੱਥੇ ਕਾਜ਼ੀ, ਮੁਫ਼ਤੀ, ਹਾਕਮ, ਹਾਜ਼ਿਰ ਇਨ੍ਹਾਂ ਕਰੀਹਾਂ।
ਆਖ ਦਮੋਦਰ ਸ਼ਰ੍ਹਾ ਜੇ ਆਖੇ, ਹੀਰ ਅਸਾਂ ਤਦ ਦੀਹਾਂ॥੮੯੧॥

ਚੱਲੇ ਖੇੜੇ ਨਾਹੜ ਨਾਲੇ, ਲੋਕਾਂ ਇਹੁ ਚਲਾਏ[2]।
ਬੁੱਕਲ ਮਾਰੀ, ਤੇ ਮੂੰਹ ਬੱਧੇ[3], ਅੱਗੇ ਲਾਇ ਟੁਰਾਏ।
ਵੈਂਦੇ ਘੋੜਿਆਂ ਅੱਗੇ ਭੰਨੇ, ਖੇੜਾਂ ਵੈਣ ਅਲਾਏ[4] :
ਆਖ ਦਮੋਦਰ 'ਚਾਕ ਕਰਨ ਨੂੰ, ਹੀਰੇ ਚਾਲੇ ਚਾਏ[5]'॥੮੯੨॥

## ਹੀਰ

ਤਾਂ ਮੂੰਹ ਸੜੀ ਵੇ ਸੁੰਞਾ ਖੇੜਾ! ਮੈਂਡੇ ਧੀਦੋ ਤੋਂ ਘੋਲ ਘੁਮਾਇਆ।
ਜਿਤੇ ਸਾਈਂ ਇਸ਼ਕ ਵੰਡੇਂਦਾ ਆਹਾ, ਕਿਸੇ ਤੈਨੂੰ ਨਹੀਂ ਪਹੁੰਚਾਇਆ।
ਤੂੰ ਲੜ ਉਤਲਾ ਮਧਾਣੀ ਸੰਦਾ[6], ਕੰਮ ਭਵਣ ਦੇ ਆਇਆ।
ਵੱਤ ਨ ਬੋਲੇਂ ਸੁੰਞਾ ਖੇੜਾ! ਤੈਂਡਾ ਪਿਉ ਵਤਾਇਆ[7]॥੮੯੩॥

ਨਾਲੇ ਨਾਲੇ ਮੈਂਡੇ ਲਗੇ ਵੈਂਦੇ[8], ਖੇੜਾ ਵੈਣ ਅਲਾਏ।
ਮਰੇਂ ਨ, ਜੀਵੇਂ ਕੁਤੀ ਰੰਨੇ! ਹੁਈਏਂ ਚਾਕ ਹਾਏ[9]।
ਕਰਦੀ ਰੱਜ ਹਰਾਮ ਸੁ ਫਿਰਦੀ, ਚਾਕ ਮਰੀ ਅੱਜ ਮਾਏ।
ਆਖ ਦਮੋਦਰ ਹੀਰੇ ਤਾਈਂ ਖੇੜਾ ਵੈਣ ਅਲਾਏ॥੮੯੪॥

## ਹੀਰ

ਜੱਦਣ ਇਸ਼ਕ ਵੰਡੀਂਦਾ ਆਹਾ, ਤਦੋਂ ਖੇੜਾ! ਕਿਥੋਂ ਆਹੋਂ।
ਹਿੱਕੇ ਅੰਦਰ ਵੜਨ ਨ ਮਿਲਿਆ, ਹਿੱਕੇ ਤਾਂ ਭੁੱਲੋ ਰਾਹੋਂ।
ਸੁੰਞੇ ਖੇੜੇ ਨੂੰ ਭਾਉ[10] ਨ ਆਇਆ, ਇਸ ਚੂਚਕਾਣੀ ਪਾਹੋਂ[11]।
ਹੁਕਮੀ ਨੱਪ ਰੰਝੇਟਾ ਲੀਤਾ, ਹੀਰ ਜੱਟੀ ਨੱਪ ਬਾਹੋਂ॥੮੯੫॥

---

1. ਤੁਹਾਡੇ ਹੱਥ ਦੇਈਏ। 2. ਹੀਰ ਰਾਂਝਾ ਨੂੰ ਅੱਗੇ ਤੋਰ ਲਿਆ। 3. ਚੁਪ। 4. ਬੋਲ ਬੋਲੇ। 5. ਹੀਰ ਨੇ ਚਾਕ ਵਰ ਕਰਣ ਲਈ ਇਹ ਸਭ ਚਾਲੇ ਕੀਤੇ ਹਨ। 6. 'ਉਤਲਾ ਛੜ ਮਧਾਣੀ ਦਾ ਮੁਹਾਵਰਾ ਹੈ। ਭਾਵ ਜਿਸ ਦਾ ਕੰਮ ਨਾਲ ਸਿੱਧਾ ਸੰਬੰਧ ਕੋਈ ਨਾ ਹੋਵੇ। ਮਧਾਣੀ ਦਾ ਉਤਲਾ ਪਰਦਾ ਮਧਾਨੀ ਦੇ ਗਿਰਦ ਘੁੰਮਦਾ ਰਹਿੰਦਾ ਹੈ ਪਰ ਮੱਖਣ ਦਾ ਭੋਰਾ ਉਸੇ ਦੇ ਭਾਗਾਂ ਵਿਚ ਨਹੀਂ ਹੁੰਦਾ। 7. ਤੇਰਾ ਪਿਉ ਮਾਰਿਆ। ਕੁਰਬਾਨ ਕੀਤਾ। 8. ਮੇਰੇ ਨਾਲ ਜਾਂਦੇ। ਇਥੇ ਦਮੋਦਰ ਫੇਰ ਆਪਣੇ ਅੱਖੀਂ ਡਿੱਠੇ ਦੀ ਗਵਾਹੀ ਭਰਦਾ ਹੈ। ਦਮੋਦਰ ਉਥੇ ਕਿਵੇਂ ਪਹੁੰਚ ਗਿਆ? 9. ਚਾਕ ਦੀ ਹੋ ਕੇ ਰਹਿ ਗਈ ਹਾਂ। 10. ਪ੍ਰੇਮ। 11. ਖੇੜਿਆਂ ਨੂੰ ਚੂਚਕਾਣੇ ਘਰੋਂ ਆਈ ਹੀਰ ਵਲੋਂ ਪ੍ਰੇਮ ਨਹੀਂ ਮਿਲਿਆ।

ਨਾਹੜ ਮਨਾਂ ਕਰੇਂਦੇ ਯਾਰੋ! ਏਹੁ ਮੁਨਾਸਬ ਨਾਹੀਂ।
ਰੰਨਾਂ ਨਾਲ ਨਾ ਮਰਦ ਅਲੈਂਦੇ, ਕਰਹੋ ਸ਼ਰਮ ਤੁਸਾਂਹੀ।
ਹਿਕ ਹਿਕੜੀ[1] ਅੱਗੇ ਹੋਸੀ, ਕਿਛ ਤਫ਼ਾਵਤ ਨਾਹੀਂ।
ਆਖ ਦਮੋਦਰ ਹੁਣ ਤਾਂ ਚੁੱਪ ਕਰਿਹੋ, ਕੋਟ ਕਬੂਲੇ ਤਾਈਂ॥੮੯੬॥

## ਹੀਰ

ਭੱਸ ਸਹੀ ਸਿਰ ਖੇੜਿਆਂ ਸੰਦੇ, ਜੇ ਕਿਛੇ ਆਖਨ ਨਾਰੀ[1]।
ਮੈਂ ਸਿਰ ਕਮਾਲ ਮੁਰਸ਼ਦ ਸੱਚਾ, ਏ ਖਸਮ ਮੈਂ ਤੀਆ[2] ਆਹੀਂ।
ਸੋਈ ਸਾਹਿਬ ਢੂੰਡ ਲਧੋਸੇ, ਅੱਵਲ ਆਖਰ ਤਾਈਂ।
ਆਖ ਦਮੋਦਰ ਰਾਂਝਾ ਸਾਹਿਬ ਸੱਚਾ, ਭੱਸ[3] ਪੋਸੀ ਸੀਸ ਇਨ੍ਹਾਂਹੀ॥੮੯੭॥

ਨਾਲ ਰਬੇੜੇ, ਏਹੋ ਜੇਹੇ, ਕੋਟ ਕਬੂਲੇ ਆਏ।
ਨਾਲ ਨਿਮਾਸ਼ਾਂ ਦਾਖਲ ਹੋਏ, ਘੋੜੇ ਖਾਨਾਂ ਲਾਏ।
ਘੇਰੇ ਹੋਏ ਦੋਹੈਂ ਬੰਦੂਏ[4], ਅਗੋਂ ਮੈਂ ਪਕੜ ਬਹਾਏ[5]।
ਆਖ ਦਮੋਦਰ ਦਿਹਾਂ[6] ਅਦਾਲਤ ਏ, ਆਇ ਨਾ ਵੇਖੋ ਮਾਏ[7]॥੮੯੮॥

## ਕੋਟ ਕਬੂਲੇ ਕਾਜ਼ੀ ਦੀ ਕਚਹਿਰੀ ਵਿਚ ਮੁਕੱਦਮਾ

ਰਾਤੀਂ ਖਾਇ ਸੁੱਤੇ ਸਭ ਸਾਊ, ਦਿਹਾਂ ਅਦਾਲਤ ਆਹੀ।
ਘੇਰੇ ਦੇ ਵਿਚ ਦੋਹੇਂ ਸੁਤੇ, ਹੁਈ ਸਵੇਰ ਜਗਾਹੀ[8]।
ਉੱਠ ਤਈਆਰ ਥੀਵਹੋ ਚੋਰੋ! ਹਾਜ਼ਰ ਜਾਇ ਥੀਵਾਹੀਂ[9]।
ਆਖ ਦਮੋਦਰ ਵੜੇ ਕਚਹਿਰੀ, ਯਾਦ ਕੀਤੋਨੇ ਸਾਈਂ॥੮੯੯॥

ਚਉ ਚਉ ਕੋਟ ਕਬੂਲੇ ਚੱਲੀ, ਕਹੀਂ ਇਹ ਗੱਲ ਸੁਣਾਈ।
ਝੰਗ ਸਿਆਲੀ ਹੀ ਚੂਚਕ ਦੀ, ਪਈ ਸੁਣੀਂਦੀ ਆਹੀ।
ਚਾਕ ਸਮੇਤ ਸੁ ਕੋਟ ਕਬੂਲੇ, ਝੇੜਨ ਉੱਤੇ ਆਈ[10]।
ਆਖ ਦਮੋਦਰ ਵੇਖਣ ਤਾਈਂ, ਆਈ ਬਹੁਤ ਲੁਕਾਈ॥੯੦੦॥

---

1. ਇਕ ਪਾਸੇ ਫੈਸਲਾ। 2. ਤ੍ਰੀਆ, ਇਸਤ੍ਰੀ। 3. ਸੁਆਹ ਪਏਗੀ ਇਨ੍ਹਾਂ ਖੇੜਿਆਂ ਦੇ ਸਿਰ। 4. ਦੋਵੇਂ ਬੰਦੇ ਹੀਰ ਤੇ ਰਾਂਝਾ। 5. ਵੇਖੋ 894—ਦਮੋਦਰ ਦੀ ਅੱਖੀਂ ਡਿੱਠੀ ਗਵਾਹੀ। 6. ਕੱਲ੍ਹ, ਦੂਜੇ ਦਿਨ ਸਵੇਰ। 7. 'ਅ' ਤੇ 'ਸ' ਪਾਠ 'ਹੋਸੀ ਦੋਹਾਂ ਆਏ'। 'ੳ'—ਵੇਖੇ ਮਾਏ। 8. ਸਵੇਰ ਹੋਇਆਂ ਉਨ੍ਹਾਂ ਨੂੰ ਜਗਾਇਆ ਗਿਆ। 9. ਕਚਹਿਰੀ ਜਾ ਹਾਜ਼ਰ ਹੋਵੇ। 10. ਕੋਟ ਕਬੂਲੇ ਦੀ ਅਦਾਲਤ ਵਿਚ ਮੁਕਦਮਾ ਲੜਨ ਆਈ ਹੈ।

ਕਾਜ਼ੀ, ਮੁਫਤੀ ਹਾਕਮ ਬੈਠੇ, ਕਾਨੀਗੋ[1] ਤਿਵਾਈਂ।
ਕਸਬਾ ਲੋਕ ਵਿਚ ਵੜਿਆ ਕਚਹਿਰੀ, ਆਏ ਵੇਖਣ ਤਾਈਂ।
ਢੁੱਕੇ ਆਇ ਖੇੜੇ ਤੇ ਨਾਹੜ, ਸਿਰ ਧਰ ਸੱਚਾ[2] ਸਾਈਂ।
ਆਖ ਦਮੋਦਰ ਪੁੱਛੇ ਕਾਜ਼ੀ, ਸ਼ਰ੍ਹਾ ਦੇ ਮੇਲੇ ਤਾਈਂ[3] ॥੯੦੧॥

**ਅਲੀ ਦੀ ਫ਼ਰਿਆਦ**

ਸੁਣ ਸਾਹਿਬ! ਅੱਲੀ ਕਰ ਗੁੱਸਾ, ਪਹਿਲਾਂ ਅਰਜ਼ ਸੁਣਾਈ।
ਸਿਰ ਤੇ ਕਰਜ਼ ਚੜ੍ਹੇ ਬਹੁਤੇਰੇ, ਧੀ ਚੂਚਕ ਦੀ ਜਾਈ।
ਕਾਜ਼ ਕੀਤੋਸੇ ਭਲੀ ਭਾਂਤ ਸੌਂ, ਚਾਕੇ ਚੌਂ ਚੌਂ ਆਹੀ[4]।
ਅਸਾਂ ਖ਼ਬਰ ਨਾ ਪਈਆਂ ਉੱਥੇ, ਸੁਣਿਹੋ ਅਰਜ਼ ਦਸਾਂਹੀ ॥੯੦੨॥

ਟੰਮਕ ਸਿਰ ਦਿੱਤਾ ਮੈਂ ਇਸ ਦੇ, ਆਂਦਾ ਧਰ ਇੱਤ ਜਾਈ।
ਚੋਰੀ ਸੱਪ ਲੜਾਇਆ ਇਸ ਨੂੰ, ਤਾਂ ਫੜ ਅੰਦਰ ਪਾਈ।
ਜੋਗੀ ਹੋ ਕਰ ਮਾਂਦਰੀ ਬਣਿਆ, ਦੇ ਕਰ ਸੰਨ੍ਹ ਨਸਾਈ।
ਆਖ ਦਮੋਦਰ ਪੁਛਹੁ ਨਾਹੜਾਂ, ਇਨ੍ਹਾਂ ਪਿੱਛੋਂ ਕਿਉਂ ਪਾਈ ॥੯੦੩॥

**ਨਾਹੜ**

ਜਿਉਂ ਆਖਣ ਤਿਉਂ ਕੂੜ ਨਾ ਭੋਰਾ, ਜ਼ਰਾ ਫ਼ਰਕ ਕਿਛ ਨਾਹੀਂ।
ਅਸੀਂ ਮਾਂਹ ਕਪੇਂਦੇ ਬੇਲੇ, ਏਹ ਨਿਖਥੇ ਆਇ ਕਿਦਾਈਂ[5]।
ਕੁੱਲ ਹਕੀਕਤ ਏਹਨਾਂ ਕੀਤੀ, ਲੱਜਾ ਪਈ ਅਸਾਹੀਂ।
ਪਿੱਛੇ ਪਏ ਨਾ ਕੁਤੇ ਦਿੱਪਨ, ਰਾਠਾਂ ਦੀ ਲੱਜ ਨਾਹੀਂ।
ਜੈਂਦੀ ਮੰਗ, ਜਿਣੈ ਘਿੰਨ ਸੋਈ[6], ਅਸਾਂ ਮਤਾਲਬ[7] ਨਾਹੀਂ ॥੯੦੪॥

## ਕਾਜ਼ੀ ਤੇ ਹੀਰ

**ਕਾਜ਼ੀ**

ਸੁਣ ਨੀ ਹੀਰੇ! ਗੁਣੀ ਗਹੀਰੇ[8]! ਸਾਹਿਬ ਦਾ ਫ਼ੁਰਮਾਇਆ।
ਜਿਸ ਰਾਂਝੇ ਦਾ ਮਾਣ ਕਰਨੀ ਏਂ! ਸੋ ਰਾਂਝਣ ਹੱਕ ਪਰਾਯਾ।
ਚੂਚਕ ਬਾਪ ਕੀਤੇ ਸ਼ਰਮਿੰਦਾ, ਭਾਈਆਂ ਅਦਬ ਗਵਾਯਾ।
ਆਖੋ ਕਾਜ਼ੀ ਸੁਣ ਤੂੰ ਹੀਰੇ! ਜੱਗ ਢੰਡੋਰਾ ਲਾਯਾ[9] ॥੯੦੫॥

---

1. ਕਾਨੂੰਨਗੋ। ਕਾਨੂੰਨ ਦੀ ਗੱਲ ਕਹਿਣ ਵਾਲੇ। 2–3. ਸੱਚੇ ਰੱਬ ਨੂੰ ਸੰਵਰ ਕੇ, ਇਸ ਮਾਮਲੇ ਵਿਚ ਸ਼ਰ੍ਹਾ ਕੀ ਕਹਿੰਦੀ ਹੈ। ਇਥੋਂ ਪਤਾ ਲਗਦਾ ਹੈ ਕਿ ਸਭ ਫੈਸਲੇ ਇਸਲਾਮੀ ਸ਼ਰ੍ਹਾ ਅਨੁਸਾਰ ਕੀਤੇ ਜਾਂਦੇ ਹਨ। 4. ਚਾਕ ਨਾਲ ਇਸ ਦੇ ਸੰਬੰਧਾਂ ਬਾਰੇ ਚੁਰ ਵਿਚੁਰ ਸੀ। 5. ਕਿਸੇ ਪਾਸੇ ਤੋਂ ਆ ਨਿਕਲੇ। 6. ਉਹ ਜਿਤ ਕੇ ਲੈ ਜਾਏ। 7. ਸਾਡਾ ਕੋਈ ਮਤਲਬ ਨਹੀਂ। ਸਾਡਾ ਕੋਈ ਦਖ਼ਲ ਨਹੀਂ। 8. ਗੁਣਾਂ ਦੀ ਗੁੱਥਲੀ। 9. ਸਾਰੇ ਜੱਗ ਵਿਚ ਸ਼ੁਹਰਤ ਹੋਈ; ਬਦਨਾਮੀ ਹੋਈ।

**ਹੀਰ**

ਸੁਣ ਕਾਜ਼ੀ! ਦਿਲ ਨਾਹੀਂ ਰਾਜ਼ੀ, ਤੁਧ ਕੇ ਪਾਈ ਬਾਜ਼ੀ[1]।
ਮੈਂ ਤੇ ਰਾਂਝੇ ਦਾ ਨੇਹੁੰ ਚਿਰੋਕਾ, ਜੀ ਸਾਹਿਬ ਖ਼ਲਕਤ ਸਾਜੀ[2]।
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਬੰਨ੍ਹਸੀ ਕਾਜ਼ੀ।
ਸਹੀ ਸ਼ਰ੍ਹਾ ਨਿਆਉ ਚੁਕਾਨੈਂ, ਜੇ ਇਸ਼ਕ[1] ਨ ਚਖੀਆ ਭਾਜੀ[3] ॥੯੦੬॥

**ਕਾਜ਼ੀ**

ਸੁਣ ਨੀ ਹੀਰੇ! ਗੁਣੀ ਗਹੀਰੇ! ਤੂੰ ਆਈ ਏਂ ਝਗੜਨ ਅੱਗੇ।
ਆਖ਼ਰ ਸੱਚ ਨਿਬੇੜਾ ਹੋਸੀ, ਕੂੜ ਨਾ ਮੂਲੇ ਤੱਗੇ[4]।
ਤੂੰ ਤਾਂ ਖੇੜਿਆਂ ਦੇ ਸੀ ਵਿਆਹੀ, ਸੁਣਿਆ ਸਾਰੇ ਜੱਗੇ।
ਕਾਜ਼ੀ ਆਖੇ ਸੁਣ ਧੀਆਂ ਹੀਰੇ! ਇਸ਼ਕ ਸ਼ਰ੍ਹੇ ਕਿਆ ਲੱਗੇ ॥੯੦੭॥

**ਹੀਰ**

ਆਖੇ ਹੀਰ ਸੁਣ ਸਾਈਂ ਕਾਜ਼ੀ! ਦੱਸ ਸਚਾਵੀਆਂ[6] ਬਾਤਾਂ।
ਛੋੜ ਹਲਾਲ, ਹਰਾਮ ਕਰੇ ਇਨ, ਫਿਟ ਤਿਨ੍ਹਾਂ ਦੀਆਂ ਜਾਤਾਂ।
ਮੂਲ ਨ ਛੋੜੀਂ ਰਾਂਝੇ ਦਾ ਦਾਵਣੁ[7], ਜਿਥੇ ਮਿਲਸਨ ਸੱਤ ਸਨਾਤਾਂ[8]।
ਤਾਹੀਂ ਹੱਸ ਨਿਆਉਂ ਕਰਨੈਂ! ਜੇ ਇਸ਼ਕ ਨ ਜਾਤੀਆਂ ਘਾਤਾਂ[9] ॥੯੦੮॥

**ਕਾਜ਼ੀ**

ਕਾਫ਼ਿਰਆਣੀ[10]! ਕੁਫ਼ਰ ਪਵੀ ਮਤੁ, ਇਸ਼ਕ ਹਰਾਮ[11] ਸੁਣੈਂਦੀ।
ਚੇਟਕ[12] ਚਾਕੇ ਨਾਲ ਲਗੋਈ! ਜਾਤੀ ਦਾਗ ਲਏਂਦੀ।
ਦਾਖ਼ਿਲ ਸਜ਼ਾਇ ਕਰੇਊਂ[13] ਕੁੜੀਏ! ਨਾਮਾਕੂਲੁ[14] ਬੁਲੈਂਦੀ।
ਸਮਝ ਅਲਾਇ[15], ਸਿਆਣੀ ਕੁੜੀਏ! ਮਤ ਰੋਇੰ ਸਜਾਇ ਪਏਂਦੀ[16] ॥੯੦੯॥

---

1. ਤੂੰ ਕਿਹੜੀ ਖੇਡ ਰਚਾ ਦਿੱਤੀ ਹੈ। 2. ਮੇਰਾ ਤੇ ਰਾਂਝੇ ਦਾ ਨਿਕਾਹ ਬਹੁਤ ਪੁਰਾਣਾ ਹੈ ਜਦ ਅਜੇ ਪ੍ਰਭੂ ਸੰਸਾਰ ਦੀ ਸਿਰਜਨਾ ਹੀ ਕੀਤੀ ਸੀ। ਇਸ ਪ੍ਰਥਾਏ ਫ਼ਾਰਸੀ ਦਾ ਇਕ ਸ਼ਿਅਰ ਹੈ : "ਆਦਮ ਨ ਬੂਦੋ ਮਨ ਬੂਦਮ, ਹਵਾ ਨ ਬੂਦੋ ਮਨ ਬੂਦਮ, ਈਃ ਕਸ ਨ ਬੂਦੋ ਮਨ ਬੂਦਮ, ਮਨ ਆਸ਼ਿਕਿ ਦੇਰੀਨਾ ਅਮ।" 3. ਤੂੰ ਚੂੰਕਿ ਇਸ਼ਕ ਨਹੀਂ ਕਰ ਡਿੱਠਾ ਇਸ ਲਹੀ ਸ਼ਰ੍ਹਾ ਤੇ ਜ਼ੋਰ ਦੇ ਰਿਹਾ ਹੈਂ। 4. ਕੂੜ ਨਹੀਂ ਚਲ ਸਕਦਾ। 5. ਸ਼ਰ੍ਹਾ ਤੇ ਇਸ਼ਕ ਦਾ ਕੋਈ ਮੇਲ ਨਹੀਂ। 6. ਸੱਚੀਆਂ ਗੱਲਾਂ। 7. ਦਾਮਨ, ਪੱਲੂ, ਲੜ। 8. ਸਤਵਾਰ ਨੀਚ ਜਾਤਾਂ ਵਿਚ ਕਿਉਂ ਨਾ ਦਾਖਿਲ ਕੀਤੀ ਜਾਵਾਂ। 9. ਤੂੰ ਇਸ਼ਕ ਚੀਆਂ ਰਮਜ਼ਾਂ ਤੋਂ ਜਾਣੂ ਨਹੀਂ ਹੈਂ। 10. ਝੂਠ ਪਰਸਤ। ਝੂਠ ਦੇ ਪਿੱਛੇ ਲਗਣ ਵਾਲੀ। 11. ਹਰਾਮ ਇਸ਼ਕ ਦੀਆਂ ਗੱਲਾਂ ਕਰਦੀ ਹੈਂ। 12. ਇਸ਼ਕ। 13. ਤੈਨੂੰ ਸਜ਼ਾ ਦਿਆਂਗਾ। 14. ਅਯੋਗ ਸ਼ਬਦ, ਨਾਜਾਇਜ਼ ਬੋਲ। 15. ਸਮਝ ਨਾਲ ਬੋਲ। 16. ਸਜ਼ਾ ਪਾਏਗੀ ਤੇ ਰੋਵੇਂਗੀ।

**ਹੀਰ**

ਜੇ ਸੱਚ ਥੀਂ ਮੈਂ ਸਜ਼ਾਇ ਪਏਸਾਂ, ਇਸ ਜੇਹੀ ਹੋਰ ਨਾ ਭਾਈ।
ਰਵਾ ਨ ਰਖੇਂ ਕਾਜ਼ੀ ਸਾਹਿਬ! ਤੁਧ ਭੀ ਪੇਟੋਂ ਜਾਈ[1]।
ਹਾਜ਼ਰ ਆਇ ਖਲੋਤੀ ਤੈਂਡੇ, ਗੁੱਝੀ ਗੱਲ ਨਾ ਕਾਈ।
ਜੀਵੰਦੀ ਕਬਰ ਪਈਂਦੀ ਕਾਜ਼ੀ[2]! ਦੇਇ ਰਵਾਇਤ ਸਾਈ॥੯੧੦॥

**ਕਾਜ਼ੀ**

ਸੁਣ ਹੀਰੇ! ਜੰਞ ਆਲਮ ਢੁੱਕਾ, ਜਾਂ ਤੂੰ ਪਿਉ ਪਰਨਾਈ[3]।
ਕੁਫ਼ਰ ਪਵੀਂ ਮਤ ਮਰੇਂ ਮਰੀਂਦੀ, ਗੁੱਝੀ ਗੱਲ ਨ ਕਾਈ[4]।
ਮੁੱਕਰ ਪਵੇਂ, ਮਰੀਊ ਪਿੜ ਤੇ,[5] ਮੈਨੂੰ ਕਾਵੜ ਆਈ।
ਕੀਕੂੰ ਸੱਚ ਮੰਨਾ ਕੁਬਖਤੀ! ਤੇਰੀ ਚਾਕੇ ਸੋ ਅਸ਼ਨਾਈ[6]॥੯੧੧॥

**ਹੀਰ**

ਸੁਣ ਵੇ ਕਾਜ਼ੀਆ! ਨਿਆਉਂ ਕਰੇਨੈਂ, ਖ਼ਬਰ ਨ ਕਾਈ ਜਾਣੇ।
ਨਿਆਉਂ ਕਰੇਂ ਸਚਾਵਾ ਜੇਕਰ, ਕਰਨੈ ਮਨ ਦੇ ਭਾਣੇ[7]।
ਕੁਫ਼ਰ ਤਿਨ੍ਹਾਂ ਨੂੰ ਪੌਸੀ ਕਾਜ਼ੀ[8]! ਜੋ ਮਾਇਆ ਵੇਖ ਲੁਭਾਣੇ[9]।
ਆਖ ਦਮੋਦਰ ਹੀਰ ਰਾਂਝੇ ਦੀ, ਸੱਭੋ ਕੋਈ ਜਾਣੇ॥੯੧੨॥

**ਕਾਜ਼ੀ**

ਸੁਣ ਨੀ ਹੀਰੇ, ਗੁਣੀ ਗਹੀਰੇ! ਆਲਮ ਸੁਣ ਸਭ ਪਾਇਆ।
ਖੇੜੇ ਨਾਲ ਵਿਵਾਹ ਕੀਤੋਨੇ, ਬਾਪ ਤੈਨੂੰ ਪਰਨਾਇਆ।
ਕੇਤੇ ਖ਼ਰਚ ਕੀਤੇ ਹੈਂ ਖੇੜਿਆਂ, ਆਲਮ ਲੈ ਕੇ ਆਇਆ।
ਇਸ਼ਕ ਦੀ ਮਾਰੀ ਸੁਖਨ ਕਰੇਂਦੀ[10], ਸਭੋ ਸ਼ਰਮ ਵੰਞਾਇਆ॥੯੧੩॥

**ਹੀਰ**

ਇਹ ਗੱਲ ਮੂਲ ਨ ਆਖੇਂ, ਕਾਜ਼ੀ! ਬਣਦੀ ਤੈਨੂੰ ਨਾਹੀਂ।
ਸੱਚੇ ਖੁਦਾਇ ਦੇ ਕੋਲੋਂ ਡਰ ਤੂੰ, ਮਤ ਕਾਈ ਹੋਣੀ ਪੇਟੋਂ ਜਾਈ[11]।
ਅਕਬਰ ਸ਼ਾਹ ਰਾਜ ਡਢੇਰਾ, ਜੈਂ ਤੈਨੂੰ ਕਜ਼ਾ ਦਿਤੀਆਈ[12]।
ਆਖ ਦਮੋਦਰ ਸੁਣ ਮੀਆਂ ਕਾਜ਼ੀ! ਮੈਂ ਭੀ ਰਾਠਾਂ ਦੀ ਜਾਈ॥੯੧੪॥

---

1. ਕੋਈ ਤੇਰੇ ਭੀ ਘਰ ਲੜਕੀ ਹੋਵੇਗੀ। 2. ਮੈਂ ਜਿਉਂਦੀ ਕਬਰ ਵਿਚ ਪਾਈ ਜਾ ਰਹੀ ਹਾਂ। 3. ਜਦ ਬਾਪ ਨੇ ਤੇਰਾ ਵਿਆਹ ਕਰ ਦਿੱਤਾ। 4. ਕੋਈ ਗੱਲ ਲੁਕੀ ਨਾ ਰਹੀ। 5. ਸਭ ਦੇ ਸਾਹਮਣੇ ਸਜ਼ਾ ਦਿਆਂਗਾ। 6. ਚਾਕ ਨਾਲ ਤੇਰੀ ਯਾਰੀ ਹੈ। 7. ਮਨ ਆਈਆਂ ਕਰਦਾ ਹੈਂ। 8. ਹੇ ਕਾਜ਼ੀ, ਕੁਫ਼ਰ ਦੀ ਸਜ਼ਾ ਉਨ੍ਹਾਂ ਨੂੰ ਮਿਲੇਗੀ। 9. ਜੋ ਮਾਇਆ ਦੇ ਲੋਭ ਵਿਚ ਆ ਗਏ। ਦਮੋਦਰ ਇੱਥੇ ਸਮੇਂ ਦੇ ਕਾਜ਼ੀਆਂ ਦੇ ਕਿਰਦਾਰ ਤੇ ਚੋਟ ਕਰ ਗਿਆ ਹੈ ਕਿ ਉਹ ਵੱਢੀਖੋਰੇ ਹੋ ਚੁੱਕੇ ਸਨ। 10. ਇਸ਼ਕ ਵਿਚ ਰੱਤੀ ਹੋਣ ਦੇ ਕਾਰਨ ਗੱਲਾਂ ਮਾਰਦੀ ਹੈਂ। 11. ਕੋਈ ਤੇਰੀ ਜਾਈ ਹੋਵੇ, ਤੇਰੀ ਭੀ ਲੜਕੀ ਹੋਵੇ। 12. ਜਿਸ ਨੇ ਤੈਨੂੰ ਕਾਜ਼ੀ ਦੇ ਅਹੁਦੇ ਪਰ ਲਗਾਇਆ ਹੈ।

**ਕਾਜ਼ੀ**

ਪਿਉ ਤੇਰਾ ਜੋ ਰਾਠ ਵਡੇਰਾ, ਤੈਂ ਸ਼ਰਮ ਨ ਕੀਤੀ ਭੋਰੀ[1]।
ਜੇ ਤੈਂ ਉਥੇ ਪਈ ਗੁਜ਼ਾਰੀ, ਹੁਣ ਨੱਪ ਖੇੜੇ ਹੱਥ ਟੋਰੀ।
ਵੱਡੀ ਬੇਸ਼ਰਮੀ ਕੀਤੀਆਂ ਹੀਰੇ! ਆਈਏਂ ਨੱਸ ਕੇ ਚੋਰੀ।
ਆਖ ਦਮੋਦਰ ਵੰਞੇ ਨਾਲ ਸ਼ਰਮ ਦੇ, ਨਹੀਂ ਤਾਂ ਨੱਪ ਦਿਸਾਹੇ ਚੋਰੀ[2] ॥੯੧੫॥

**ਹੀਰ**

ਤੂੰ ਕਿਉਂ ਜੋਰੀ ਕਰਨੈਂ ਕਾਜ਼ੀ! ਡਰੇਂ ਖੁਦਾਇ ਥੋ ਨਾਹੀਂ।
ਮੇਰਾ ਹੱਕ ਰੰਝੇਟਾ ਏਹੈ, ਜਾਣੇ ਸਭ ਲੁਕਾਈ।
ਲੈਕਰ ਵੱਢੀ ਹੱਕ ਗਵਾਏਂ, ਕੱਢ ਕਿਤਾਬ ਵਿਖਾਈ[3]।
ਆਖ ਦਮੋਦਰ ਹੀਰ ਜੁ ਆਖੇ, ਕਾਜ਼ੀ ਭਲਾ ਨਿਆਉਂ[4] ਚੁਕਾਈ ॥੯੧੬॥

**ਕਾਜ਼ੀ**

ਰੰਨ ਬਿਸ਼ਰਮੀ ਹੀਰ ਕੁੜੀਏ! ਅਸਾਂ ਨੂੰ ਵੱਢੀ ਸੁਣਾਏਂ।
ਛੋੜ ਹਲਾਲ, ਹਰਾਮ ਤੂੰ ਪਕੜੇਂ, ਨੱਕ ਤੇ ਕੰਨ ਕਪਾਏਂ।
ਸ਼ਰ੍ਹਾ ਖੁਦਾਇ ਦੀ ਮੰਨੇ ਨਾਹੀਂ, ਫਿਰ ਫਿਰ ਚਾਕ ਸੁਣਾਏਂ।
ਆਖ ਦਮੋਦਰ ਕਾਜ਼ੀ ਆਖੇ ਅਗਹੁੰ ਬੇ-ਅਦਬ ਅਲਾਏਂ[5] ॥੯੧੭॥

**ਹੀਰ**

ਨੱਕ ਤੇ ਕੰਨ ਤਿਸੇ ਦਾ ਵੱਢੀਏ, ਜੋ ਜਾਰੀ ਚੋਰੀ ਕਰੇਂਦਾ।
ਦੂਜਾ ਨੱਕ ਤਿਸੇ ਦਾ ਵਢੀਏ, ਜੋ ਹੱਕ ਪਰਾਇਆ ਲੈਂਦਾ।
ਰਾਂਝਣ ਮੈਂਡਾ, ਮੈਂ ਰਾਂਝੇ ਦੀ, ਬਿਆ ਨਿਕਾਹ ਨਾ ਥੀਂਦਾ[6]।
ਕਾਜ਼ੀ! ਅੱਖੀਂ ਕਦੀ ਨਾ ਡਿਠਾ ਖੇੜਾ, ਕੰਨੀਂ ਪਿਆ ਸੁਣੀਂਦਾ[7] ॥੯੧੮॥

**ਕਾਜ਼ੀ**

ਸੁਣ ਹੀਰੇ, ਤੀਜੇ ਵਰ੍ਹੇ ਦੀ ਤੂੰ ਪਰਨੀ, ਤੈਂ ਖੇੜੇ ਨਾਲ ਲੰਘਾਈ।
ਈਹੋ ਚਾਕ ਜੁ ਬਾਪ ਤੇਰੇ ਦਾ, ਜਾਣੈ ਸਭ ਲੁਕਾਈ।
ਭੁੱਖੇ ਮਰਦੇ ਵੱਤ ਆਇ ਨਿਖੇਥਾ[8] ਤਾਂ ਤੂੰ ਨੱਸ ਸਿਧਾਈ[9]।
ਆਖ ਦਮੋਦਰ ਸੁਣ ਨੀ ਹੀਰੇ? ਤੈਂ ਕਿਉਂ ਹੈ ਅੱਤ ਚਾਈ ॥੯੧੯॥

---

1. ਤੂੰ ਜ਼ਰਾ ਭੀ ਸ਼ਰਮ ਨਹੀਂ ਕੀਤੀ। 2. ਨਹੀਂ ਤੇ ਜ਼ੋਰੀਂ ਫੜਕੇ ਤੈਨੂੰ ਖੇੜਿਆਂ ਦੇ ਹਵਾਲੇ ਕਰਾਂਗੇ। 3. ਲੈਕਰ ਵੱਢੀ ਹੱਕ ਗਵਾਏ – ਜੇ ਕੋ ਪੁੱਛੇ ਤਾਂ ਪੜ੍ਹ ਸੁਣਾਏ – ਗੁਰਬਾਣੀ ਕਾਜ਼ੀ ਲੋਕ ਵੱਢੀ ਲੈ ਕੇ ਇਨਸਾਫ਼ ਦਾ ਖ਼ੂਨ ਕਰਦੇ ਹਨ। ਜੇ ਕੋਈ ਅੱਗੋਂ ਕਾਰਨ ਪੁਛੇ ਤਾਂ ਕੁਰਾਨ ਜਾਂ ਹਦੀਸ ਦੀ ਕੋਈ ਤੁਕ ਪੜ੍ਹਕੇ ਸੁਣਾ ਦੇਂਦੇ ਹਨ ਤੇ ਕਹਿੰਦੇ ਹਨ ਅਸੀਂ ਤੇ ਫ਼ੈਸਲਾ ਸ਼ਰ੍ਹਾ ਦੇ ਅਨੁਸਾਰ ਕੀਤਾ ਹੈ। 4. ਕੋਈ ਚੰਗਾ ਇਨਸਾਫ਼ ਕਰੀਂ। 5. ਤੂੰ ਅਗੋ ਬੇਅਦਬੀ ਦੇ ਬੋਲ ਬੋਲਦੀ ਹੈਂ। 6. ਹੋਰ ਨਿਕਾਹ ਨਹੀਂ ਹੋ ਸਕਦਾ। 7. ਕੇਵਲ ਸੁਣਿਆ ਹੀ ਹੈ, ਵੇਖਿਆ ਨਹੀਂ। 8. ਕਿਤੋਂ ਆ ਨਿਕਲਿਆ। 9. ਤੂੰ ਇਸ ਨਾਲ ਨਿਕਲ ਆਈ।

# ਹੀਰ ਦਾ ਸਿਦਕ ਤੇ ਪਵਿੱਤਰਤਾ

**ਹੀਰ**

ਸਾਢੇ ਪ੍ਰੈਂਤ੍ਰੀ ਮਾਂਹ ਗੁਜ਼ਾਰੇ, ਅਸਾਂ ਲੂਣ ਨਾ ਖੇੜੇ ਦਾ ਖਾਇਆ।
ਹਿਕਾ ਛਿਪਾਹੀ[1] ਪੇਕਿਆਂ ਵਾਲੀ, ਅਸਾਂ ਤ੍ਰੇਵਰ[2] ਨਾ ਕੋਈ ਹੰਢਾਇਆ।
ਜੇਹੀ ਭਾਵੀ ਸਹੁੰ ਸੋ ਦੇਸਾਂ, ਕਦੀ ਮੰਜੇ ਪਾਸ ਨਾ ਲਾਇਆ।
ਆਖ ਦਮੋਦਰ ਅੱਜ ਦਿੱਸੇ ਲਾਲੀ, ਜੇ ਰਾਂਝੇ ਮੂੰਹ ਵਿਖਾਇਆ॥੯੨੦॥

**ਕਾਜ਼ੀ**

ਏਹ ਰਾਂਝਾ ਹੈ ਚੋਰ ਸੰਨ੍ਹਾਂ ਦਾ, ਸ਼ਰ੍ਹਾ ਇਵ ਫੁਰਮੈਸੀ[3]।
ਚੋਰ ਚਿਰੋਕਾ ਪਿੱਛੇ ਲਗਾ, ਸਭ ਲੋਕ ਉਗਾਹੀ ਦੇਸੀ।
ਖੇੜਾ ਤੇਰਾ ਹੱਕ ਜੁ ਹੀਰੇ! ਤੈਨੂੰ ਨਾਹਿ ਛੁੜੇਸੀ।
ਏਹ ਹੋਵੇ ਕੀਕਣ ਹੀਰੇ! ਖਸਮ ਸੱਟ ਕੇ, ਯਾਰ ਮਣੇਸੀ[4]॥੯੨੧॥

**ਹੀਰ**

ਤੂੰ ਸੁਣ ਬਾਤ, ਸਭ ਮੀਆਂ ਕਾਜ਼ੀ, ਅਸਾਂ ਆਪਣੀ ਸੰਧ[5] ਸਿਞਾਤੀ।
ਮੈਂ ਤੇ ਰਾਂਝੇ ਦਾ ਨੇਹੁੰ ਚਿਰੋਕਾ[6], ਅਜੇ ਆਹੁਸ ਦੁੱਧ[7] ਵਾਤੀ।
ਵਿਚ ਪੰਘੂੜੇ ਪਈ ਤੜਫਾਂ, ਵੇਦਨ[8] ਕਹੀਂ ਨਾ ਜਾਤੀ।
ਚੂਚਕ ਕੌਣ? ਸਿਰ ਭੱਸ ਅੱਲੀ[9] ਦੇ, ਮੈਂ ਅਪਣੀ ਵਸਤ ਸਿਞਾਤੀ॥੯੨੨॥

**ਹੀਰ ਨੂੰ ਕੋਰੜੇ**

ਤਾਂ ਕਰਕੇ ਕਾਵੜ ਕਾਜ਼ੀ ਬਹੁਤੀ, ਮੁਸ਼ਕੈਂ ਪਕੜ ਬੰਨ੍ਹਾਈ[10]।
ਹਾਜ਼ਰ ਬੰਨ੍ਹ ਖਲੋਤੀ ਜੁੱਸਾ, ਆਪੇ ਕੰਡ ਨਿਵਾਈ[11]।
ਕੋਰੜੇ ਤ੍ਰੈ ਵਗਾਏ ਕੰਡੀ[12], ਤਾਂ ਰੱਤ ਨਿਕਲ ਆਈ।
ਮਾਰ ਅਜੇਹੀ ਮਰਦੀ ਨੀਸੂ, ਦਾਖਲ ਹੋਈ ਸਜਾਈ।
ਕਾਜ਼ੀ! ਹੁਣ ਜੀਵਣ ਜੋਗੀ ਨੀਸੂ, ਇਸ ਧੁੱਪ ਰੰਝੇਟੇ ਨੂੰ ਆਈ॥੯੨੩॥

---

1. ਪਟਾਰੀ ਕਪੜਿਆਂ ਵਾਲੀ। 2. ਤਿੰਨ ਕਪੜੇ—ਦੁਪੱਟਾ, ਚੋਲੀ ਤੇ ਲਹਿੰਗਾ। 3. ਸ਼ਰ੍ਹਾ ਇਹ ਦਸਦੀ ਹੈ ਕਿ ਰਾਂਝਾ ਸੰਨ੍ਹਾਂ ਮਾਰਨ ਵਾਲਾ ਚੋਰ ਹੈ। ਸੰਨ੍ਹ ਮਾਰ ਕੇ ਹੀਰ ਨੂੰ ਜੋ ਕੱਢ ਲਿਆਇਆ ਸੀ। 4. ਖਸਮ ਛੋੜ ਕੇ ਯਾਰ ਨਾਲ ਮੌਜਾਂ ਮਾਣੇ, ਇਹ ਨਹੀਂ ਹੋ ਸਕਦਾ। 5. ਜੋੜ, ਵਸਥ। 6. ਬਹੁਤ ਪੁਰਾਣੇ ਸਮੇਂ ਦਾ। (ਰਾਂਝੇ ਮਗਰ ਹੀਰ ਦਾ ਘਾਬਰ, ਮਜਨੂੰ ਦਾ ਸੁੱਕ ਜਾਣਾ। ਇਹ ਨਹੀਂ ਮੋਹ ਨਜ਼ਾਰੇ ਦਿਸਦੇ, ਇਹ ਕੋਈ ਰਜ਼ਮ ਛਪਾਵਨ।–ਭਾਈ ਵੀਰ ਸਿੰਘ) 7. ਅਜੇ ਮਾਂ ਦਾ ਦੁੱਧ ਪੀਂਦੀ ਸੀ। 8. ਪੀੜਾ। 9. ਅਲੀ ਦੇ ਸਿਰ ਸੁਆਹ। 10. ਮੁਸ਼ਕਾਂ ਬੰਨ੍ਹ ਦਿੱਤੀਆਂ ਹੀਰ ਦੀਆਂ। ਹੱਥ ਪਿੱਛੇ ਬੰਨ੍ਹ ਦਿੱਤੇ ਗਏ। 11. ਪਿੱਠ ਨਿਵਾ ਲਈ ਕੋਰੜੇ ਖਾਣ ਲਈ। 12. ਪਿੱਠ ਪਰ ਤਿੰਨ ਕੋਹੜੇ ਮਾਰੇ ਗਏ।

ਸੈ ਹਜ਼ਾਰ ਸੁਣੇਂਦੀ ਕੇਤੀ, ਆਲਮ ਉੱਛਲ ਆਏ[1]।
ਨਿੱਤ ਸੁਣੀਂਦੀ 'ਹੀਰ ਤੇ ਰਾਂਝਾ' ਸੋਈ ਰੱਬ ਵਿਖਾਏ[2]।
ਜੋ ਜੋ ਪੁੱਛੇ ਹਾਕਮ ਹੀਰੇ ਨੂੰ, ਸੋਈ ਜਬਾਬ ਸੁਣਾਏ।
ਆਖ ਦਮੋਦਰ ਤਾਂ ਫਿਰ ਕਾਜ਼ੀ, ਹੀਰੇ ਕੋਲੋਂ ਪੁਛਾਏ॥੯੨੪॥

### ਕਾਜ਼ੀ

ਸੁਣ ਹੀਰੇ! ਤੂੰ ਹੈਂ ਨੌਂਹ ਕੈਂਦੀ, ਅਰ ਧੀ ਕੈਂ ਦੀ[3] ਆਹੀ।
ਅਕਬਰ ਨਾਲ ਜੁੜੇਂਦੇ ਪੱਲੂ[4], ਭੂਈਂ ਨਈਂ ਦੇ ਸਾਈਂ।
ਵੱਡਾ ਅਦਬ ਉਨ੍ਹਾਂ ਦਾ ਮੈਕੂੰ, ਤੁਧ ਮਰੇਂਦੇ ਨਾਹੀਂ।
ਕਿਤਨਾਂ ਤਉ ਸਮਝਾਈਂ ਹੀਰੇ! ਨਾ ਕਰ ਆਪ ਅਜਾਈਂ[5]॥੯੨੫॥

### ਹੀਰ

ਕਿਆ ਵਡਿਆਈ, ਡਿਠੀਆ ਕਾਜ਼ੀ! ਆਖ ਵੇਖਾਂ ਮੈਂ ਤਾਈਂ।
ਇੱਤ ਵੱਡੇ ਜੁ ਸੋਨੇ ਰੁੱਪੈ, ਢੁੱਕਣ ਸੱਤੇ ਪਾਹੀਂ।
ਚੁੱਲ੍ਹੇ, ਵਿਚ ਘੱਤਾਂ ਇਹ ਵਸਤੂ, ਤੈਨੂੰ ਮਾਲਮ ਨਾਹੀਂ।
ਸੁਣ ਕਾਜ਼ੀ! ਮੈਕੂੰ ਸੁੰਞੇ ਦਿਸਣ, ਜੇ ਵਿਚ ਰਾਂਝਣ ਨਾਹੀਂ॥੯੨੬॥

ਤਾਂ ਕਾਜ਼ੀ, ਰੱਸਾ ਘਤ ਹੱਥ ਵਿਚ, ਮੁਸ਼ਕੀਂ ਫੇਰ ਬੰਨ੍ਹਾਈਂ।
ਆਖ ਦੇਹ ਖਾਂ, ਮੈਂ ਨੂੰਹ ਖੇੜਿਆਂ ਦੀ ਜਾਣੇ ਸਭ ਲੁਕਾਈ।
ਤਾਂ ਤਾਂ ਹੀਰੇ ਨਾਹ ਛੁੜਸਾਈਂ[6]! ਜਾਂ ਜਾਂ ਭਰੇਂ ਉਗਾਹੀ।
ਨਹੀਂ ਮਰੀਂਦੀ ਮਰਦੀ ਵੈਸੀ[7], ਕਾਵੜ ਮੈਨੂੰ ਆਈ।
ਆਖ ਦਮੋਦਰ ਕਿੱਤੀ ਰਖਾਂ, ਖ਼ਾਨਾਂ ਦੀ ਮਿਹਰਾਈ[8]॥੯੨੭॥

### ਹੀਰ

ਸੁਣ ਕਾਜ਼ੀ! ਹਿਕ ਅਰਜ਼ ਅਸਾਡੀ, ਇਹ ਅਕੱਥ ਕਹਾਣੀ[9]।
ਲੋਹ ਕਲਮ[10] ਨਾ ਅਰਸ਼ ਨਾ ਕੁਰਸੀ[11], ਨ ਨਦਰੀ ਆਵੈ ਪਾਣੀ।
ਜ਼ਿਮੀ ਜ਼ਮਾ ਨਾ ਚੰਦ ਨ ਸੂਰਜ, ਜੋਤੀ ਜੋਤ ਸਮਾਣੀ[12]।
ਸਾਹਿਬ[13] ਦੀ ਸਹੁੰ ਸੁਣ ਤੂੰ ਕਾਜ਼ੀ! ਮੈਂ ਤਦੋਂ ਰਾਂਝੇ ਦਸਤ ਵਿਕਾਣੀ।
ਜੋ ਕੋਈ ਤਦੋਕਾ ਪਾਸਹੁ[14] ਹੋਵੈ, ਤਾਂ ਮੈਂ ਸ਼ਾਹਦ ਆਣੀ[15]॥੯੨੮॥

---

1. ਇਹ ਝਗੜਾ ਸੁਣ ਕੇ ਹਜ਼ਾਰਾਂ ਲੋਕ ਇਕੱਠੇ ਹੋ ਗਏ। 2. ਇਥੋਂ ਸਪੱਸ਼ਟ ਹੈ ਕਿ ਹੀਰ ਤੇ ਰਾਂਝੇ ਦਾ ਇਸ਼ਕ ਉਨ੍ਹਾਂ ਦੇ ਆਪਣੇ ਸਮੇਂ ਵਿਚ ਹੀ ਪ੍ਰਸਿੱਧ ਹੋ ਚੁੱਕਾ ਸੀ। 3. ਕਿਸਦੀ। 4. ਅਕਬਰ ਨਾਲ ਸੰਬੰਧ ਰੱਖਦੇ ਹਨ। 5. ਆਪਣੀ ਜਾਨ ਨਾ ਗਵਾ। 6. ਉਤਨੇ ਤਕ ਮੈਂ ਤੈਨੂੰ ਨਹੀਂ ਛੋੜਾਂਗਾ। 7. ਮਾਰ ਖਾਂਦੀ ਮਰ ਜਾਏਂਗੀ। 8. ਖਾਨਾਂ ਦੀ ਸਰਦਾਰੀ ਦਾ ਲਿਹਾਜ ਕਿਤਨੇ ਤਕ ਕਰਾਂ। 9. ਇਹ ਕਹਾਣੀ ਬਿਆਨ ਨਹੀਂ ਹੋ ਸਕਦੀ। 10. ਅਜੇ ਜੀਵਾਂ ਦੀਆਂ ਤਕਲੀਫਾਂ ਨਹੀਂ ਸਨ ਲਿਖੀਆਂ ਗਈਆਂ। 'ਸਭਨਾ ਲਿਖਿਆ ਵੁੜੀ ਕਲਾਮ' (ਗੁਰਬਾਣੀ) 11. ਨਾ ਆਸਮਾਨ ਬਣਿਆ ਸੀ ਤੇ ਨਾ ਉਸਦਾ ਕੁਰਸ (ਸਭ ਤੋਂ ਉੱਚਾ ਬੁਰਜ) ਜਿਥੇ ਅੱਲ੍ਹਾ ਤਾਅਲਾ ਆਪ ਬੈਠਦਾ ਹੈ। 12. ਵਿਸ਼ਵ ਦਾ ਜ਼ਾਹਿਰੀ ਵਜੂਦ ਨਹੀਂ ਸੀ ਬਣਿਆ ਅਤੇ ਪ੍ਰਭੂ ਆਪਣੀ ਜੋਤਿ ਵਿਚ ਆਪ ਸਮੋਇਆ ਹੋਇਆ ਸੀ। 13. ਪ੍ਰਭੂ, ਅੱਲ੍ਹਾ। 14. ਨੇੜੇ-ਤੇੜੇ, ਇਰਦ-ਗਿਰਦ। 15. ਮੈਂ ਗਵਾਹ ਲੈ ਆਵਾਂ।

## ਕਾਜ਼ੀ ਨੇ ਰਾਂਝੇ ਨੂੰ ਪੁੱਛਣਾ

ਜੋਗੀ ਆਣ ਹਜ਼ੂਰ ਕੀਤੋਨੇ, ਕਾਜ਼ੀ ਸੁਪਨ ਪੁਛਾਇਆ।
ਤੂੰ ਤਾਂ ਚਾਕ, ਚੂਚਕ ਦਾ ਆਹੋਂ[1], ਜੋਗ ਕਦੋਕਾ ਪਾਇਆ ?
ਵੱਡਾ 'ਹਰਾਮੀ' ਚਾਕ ਡਿਠੋਸੇ, ਏਹੁ ਕੇਹਾ ਭੇਖ ਬਣਾਇਆ ?
ਆਖ ਦਮੋਦਰ ਰਾਂਝੇ ਤਾਈਂ, ਮੁਸ਼ਕੀਂ ਪਕੜ ਬੰਨ੍ਹਾਇਆ॥੯੨੯॥

## ਰਾਂਝਾ

ਸੁਣ ਸਾਹਿਬ! ਜੋ ਕੋਈ ਮਹਿਰਮ[2] ਹੋਵੇ, ਸੋਈ ਇਹੁ ਬਿਧ[3] ਜਾਣੀ।
ਆਖੇ ਕੋਇ ਪਤੀਜੇ ਨਾਹੀਂ[4], ਜੇ ਕੋਈ ਸੁਖਨ ਵਖਾਣੀ।
ਮੁਹਰ ਜ਼ਬਾਨ ਕਰੀਂ[5], ਸੁਣ ਕਾਜ਼ੀ! ਔਖੀ ਏਹੁ ਕਹਾਣੀ।
ਆਖ ਦਮੋਦਰ ਗੁੰਗੇ ਦੀ ਸ਼ਾਰਤ, ਗੁੰਗਾ ਹੋਇ ਸੁ ਜਾਣੀ॥੯੩੦॥

## ਰਾਂਝੇ ਨੂੰ ਕੋਰੜੇ

ਤਾਂ ਕੋਰੜਾ, ਚਿਤ ਕੀਤਾ ਕਾਜ਼ੀ, ਰਾਂਝੇ ਜੋਗ ਮਰਾਇਆ।
ਉਚੀਆਂ ਬਾਹੀਂ ਖਲੀਆਂ ਕਰ ਕਰ, ਮਾਰਨ ਹਿਤ ਫੁਰਮਾਇਆ।
ਪਉਂਦੀ ਮਾਰ ਰੰਝੇਟੇ ਤਾਈਂ, ਨਜ਼ਰ ਹੀਰੇ ਨੂੰ ਆਇਆ।
ਆਖ ਦਮੋਦਰ ਚਲੀ ਸਲੇਟੀ, ਆਇ ਰਾਂਝੇ ਨੂੰ ਜੱਫਾ ਪਾਇਆ॥੯੩੧॥

ਤਾਂ ਆਲਮ ਹੱਸ ਲਹੈਂਦੇ ਨਾਲੋਂ, ਪਕੜੀ ਪੱਕੀ ਬਾਹੀਂ।
ਧ੍ਰੋਹੀ ਤੁਸਾਂ ਸਾਹਿਬ ਸੰਦੀ[6], ਜੇ ਮਨ੍ਹਾਂ ਕਰੋ ਮੈਂ ਤਾਈਂ।
ਇਸ ਦੀ ਮਾਰ, ਦੇਵਹੁ, ਕੁਲ ਮੈਨੂੰ, ਇਸ ਕਉ ਮਾਰੇ ਨਾਹੀਂ।
ਆਖ ਦਮੋਦਰ ਜੇ ਤੁਸੀਂ ਕੁਲੱਜੇ[7] ਮਾਰਹੁ, ਤਾਂ ਅੱਧੀ ਪੀੜ ਵੰਡਾਈਂ॥੯੩੨॥

## ਕਾਜ਼ੀ ਨੇ ਹੀਰੇ ਖੇੜਿਆਂ ਨੂੰ ਦੇਣੀ

ਅੱਵਲ ਫ਼ੱਤਾ ਆਖੇ, 'ਸੁਣ ਹਜ਼ਰਤ! ਕਿਤਨੂੰ ਇਨ੍ਹਾਂ ਮਰੇਂਦੇ?
ਪਕੜ ਸਿਆਲ, ਦੇਵਹੁ ਅੱਲੀ ਨੂੰ, ਸ਼ਰਮਿੰਦਾ ਕਿੱਤ ਕਰੇਂਦੇ ?
ਕੇ ਸ਼ਾਹਦ, ਪੁੱਛਣ ਦੀ ਹਾਜਤ[8] ? ਕੁੱਲ ਮਾਲੂਮ ਕਰੇਂਦੇ[9] ?
ਆਖ ਦਮੋਦਰ ਹੀਰੇ ਤਾਈਂ, ਫਧ[10] ਖੇੜਿਆਂ ਨੂੰ ਦੇਂਦੇ॥੯੩੩॥

---

1. ਹੈਸੀ। 2. ਦਿਲਾਂ ਦਾ ਭੇਤੀ। 3. ਤੌਰ-ਤਰੀਕੇ। 4. ਕਹਿਣ ਨਾਲ ਕਿਸੇ ਦਾ ਮਨ ਨਹੀਂ ਮੰਨਦਾ। 5. ਮੈਂ ਤੁਹਾਡੇ ਸਾਹਮਣੇ ਇਤਨੀ ਅਰਜ਼ ਕਰਦਾ ਹਾਂ। 6. ਤੁਹਾਨੂੰ ਰੱਬ ਦੀ ਦੁਹਾਈ ਜੇ। 7. ਬੇਸ਼ਰਮ। 8. ਜੇ ਗੱਲ ਜ਼ਾਹਿਰ ਹੈ ਉਸਦੇ ਗਵਾਹ ਪੁੱਛਣ ਦੀ ਕੀ ਲੋੜ ਹੈ। 9. ਸਾਨੂੰ ਸਾਰਾ ਹਾਲ ਮਾਲੂਮ। 10. 'ੳ' ਪਾਠ 'ਪਕੜ' ਹੈ, ਫੱਧ ਭਾਵ ਪਕੜ।

## ਖੇੜੇ ਹੀਰ ਨੂੰ ਲੈ ਚੱਲੇ

ਪਕੜ ਖੇੜਿਆਂ ਨੂੰ ਮਿਲੀ ਸਲੇਟੀ, ਘੋੜਿਆਂ ਅੱਗੇ ਲਾਈ।
ਕੋਈ ਵੱਟਾ, ਕੋਈ ਸੋਟਾ, ਕਹੀਏਂ ਲੱਤ ਚਲਾਈ।
ਦੁੱਧ ਨਿਪੁੰਨੀ[1], ਮੱਖਣ ਪਾਲੀ, ਸਹਿਮ[2] ਅੱਗੇ ਆਈ।
ਆਖ ਦਮੋਦਰ ਮੈਂ ਖੜਿਆਂ ਡਿੱਠਾ, ਜੋ ਸਿਰ ਸਲੇਟੀ ਦੇ ਆਈ॥੯੩੪॥

ਰੱਸਾ ਤ੍ਰਿੱਕਲ ਘੱਤ ਚਲਾਈ[3], ਜਬਾਬ ਸਿਆਲ ਕਰੇਂਦੀ।
ਸੁਣ ਅੱਲੀ! ਇਨ੍ਹਾਂ ਸੱਟਾਂ ਕੋਲੂੰ, ਮੈਂ ਸਦਕੇ ਵੈਂਦੀ।
ਰਾਂਝੇ ਵੱਲੋਂ ਮਹੀਂ ਮਰੀਂਦੀ, ਮੈਂ ਸਿਰ ਸਦਕਾ ਦੇਂਦੀ[4]।
ਸੁਣ ਸਹੀ ਸਈਯਾਦਾ[5] ਜੱਟਾ! ਮੈਂ ਮਿੰਨਤ ਨ ਤੁੱਧ ਕਰੇਂਦੀ॥੯੩੫॥

ਜਿਉਂ ਜਿਉਂ ਸੁਖਨ ਕਰੇ ਸਲੇਟੀ, ਤਿਉਂ ਤਿਉਂ ਖਾਨ ਮਰਾਏ।
ਰੱਤ ਵਿਰੱਤੀ ਪਿੰਡਾ ਹੋਇਆ, ਨਾ ਕੋਈ ਹੋੜਾ[6] ਪਾਏ।
ਵਾਲ ਹੀਰੇ ਦੇ ਘੱਟੇ ਅੱਟੇ[7], ਨਾਲੇ ਖੇਹ ਰਲਾਏ।
ਆਖ ਦਮੋਦਰ ਨਾ ਟਲੇ ਸਲੇਟੀ, ਭੀ ਕਰ ਸੁਖ਼ਨ ਸੁਣਾਏ॥੯੩੬॥

## ਹੀਰ

ਸੁਣ ਵੇ ਸੁਖਨ ਸਈਆਦਾ ਜੱਟਾ, ਤੂੰ ਕਿਉਂ ਗੁਮਾਨ[8] ਕਰੇਂਦਾ।
ਪੁਰ ਤਕਸੀਰ[9], ਮੈਂ ਔਗਣਹਾਰੀ, ਮੁਰਸ਼ਦ ਮਹੀਂ ਸੁਣੇਂਦਾ[10]।
ਜਿਨ ਸਿਰ ਮੁਰਸ਼ਦ ਰਾਂਝਾ ਜੋਹੇ, ਕਉਣ ਤਿਨ੍ਹਾਂ ਦਾਓ ਤਕੇਂਦਾ[11]।
ਆਖ ਦਮੋਦਰ ਕੰਮ ਰਾਂਝੇ ਦੇ, ਜਾਣ ਤੂੰ ਮਹੀਂ ਕਰੇਂਦਾ[12]॥੯੩੭॥

ਜਿਉਂ ਜਿਉਂ ਹੀਰ ਬੁਲੇਂਦੀ, ਅੱਗੋਂ, ਤਿਉਂ ਖੇੜੇ ਮਾਰ ਕਰੇਂਦੇ।
ਵੱਟਾ, ਸੋਟਾ ਅਤੇ ਤਮਾਚਾ, ਜ਼ਰਾ ਨਾ ਢਿੱਲ ਕਰੇਂਦੇ।
ਲੱਤੇ ਪਾੜ ਘੱਤੇ[13], ਢਿੰਗਰਾਂ ਸਿਉ, ਰੱਸੀ ਘੱਤ ਧ੍ਰਿਕੇਂਦੇ[14]।
ਆਖ ਦਮੋਦਰ ਹੀਰੇ ਨਾਲ ਖੇੜੇ, ਮੂਲ ਨਾ ਤਰਸ ਕਰੇਂਦੇ॥੯੩੮॥

---

1. ਦੁੱਧਾਂ ਨਾਲ ਰੱਜੀ। 2. ਦੁੱਖਾਂ ਦੇ ਮੋਹ। 3. ਲੱਕ ਦੁਆਲੇ ਰੱਸਾ ਪਾ ਕੇ ਹੀਰ ਨੂੰ ਲੈ ਚਲੇ। 4. ਮੈਂ ਰਾਂਝੇ ਤੇ ਇਹ ਸਿਰ ਕੁਰਬਾਨ ਕਰਦੀ ਹਾਂ। 5. ਨਫ਼ਰਤ ਦਾ ਸ਼ਬਦ ਹੈ। ਇਹ ਸ਼ਬਦ ਸੱਯਾਦ ਤੋਂ ਬਣਿਆ ਲਗਦਾ ਹੈ। ਸੱਯਾਦ ਪ੍ਰਾਚੀਨ ਸਮੇਂ ਅਰਬ ਦੀ ਇਕ ਆਦ ਕੌਮ ਦਾ ਬਾਦਸ਼ਾਹ ਸੀ। ਉਹ ਬੜਾ ਘੁਮੰਡੀ ਤੇ ਸਖ਼ਤ ਸੀ ਅਤੇ ਬਦਬਖ਼ਤ ਭੀ। 6. ਰੁਕਾਵਟ। ਹੀਰ ਨੂੰ ਮਾਰ ਪੈ ਰਹੀ ਸੀ, ਕੋਈ ਰੋਕਣ ਵਾਲਾ ਨਹੀਂ ਸੀ। 7. ਘੱਟੇ ਨਾਲ ਭਰ ਗਏ। 8. ਹੰਕਾਰ, ਸ਼ੱਕ। 9. ਕਸੂਰ ਭਰੀ। 10. ਮੁਰਸ਼ਿਦ ਰਾਂਝਾ ਹੀ ਮਾਰ ਪਵਾ ਰਿਹਾ ਹੈ। 11. ਕੌਣ ਉਨ੍ਹਾਂ ’ਤੇ ਵਾਰ ਕਰ ਸਕਦਾ ਹੈ। 12. ਜੋ ਕੁਝ ਮੇਰੇ ਨਾਲ ਬੀਤ ਰਹੀ ਹੈ ਰਾਂਝਾ ਹੀ ਕਰ ਰਿਹਾ ਹੈ। ਤੂੰ ਕੌਣ ਹੈਂ ਕਰਨ ਵਾਲਾ। 13. ਕੱਪੜੇ ਫਾੜ ਸੁੱਟੇ। 14. ਰੱਸਾ ਪਾ ਕੇ ਧੂਹਣ ਲੱਗੇ।

# ਹੀਰ ਦਾ ਸਿਦਕ

## ਹੀਰ

ਸੁਣ ਬੇਟੇ ਸਮੇਤ ਤੂੰ ਅੱਲੀ! ਮੈਨੂੰ ਕੂੰ ਸਜ਼ਾਇ ਵਿਖੈਂਦਾ।
ਜੈਂਦਾ ਕੁੱਤਾ ਵੰਞੇ ਮਰੀਂਦਾ, ਸੋ ਮੁਰਸ਼ਦ ਹੁਣੇ ਸੁਣੇਂਦਾ।
ਕੇ ਹੋਇਆ, ਮੈਂ ਭੁੱਲੀ ਚੁੱਕੀ, ਉਹ ਆਪਣੀ ਲਜ ਪਲੇਂਦਾ।
ਆਖ ਦਮੋਦਰ ਤੂੰ ਸੁਣ ਅੱਲੀ! ਤੈਨੂੰ ਰਾਂਝਾ ਨਹੀਂ ਛੁੜੇਂਦਾ॥੯੩੯॥

## ਕੋਟ ਕਬੂਲੇ ਅੱਗ ਲਗਣੀ

ਤਾਂ ਕੱਲਰ[1] ਕੋਟ ਕਬੂਲੇ ਸੰਦੇ ਅੱਗ ਲਗੀ ਦਰਵਾਜ਼ੇ।
ਅਦਲੀ ਰਾਜੇ, ਅਦਲ ਨਾ ਕੀਤਾ, ਧ੍ਰੰਮਾਂ ਦੇ ਮੁਹਤਾਜੇ[2]।
ਪਾਣੀ ਪਵੈ ਤੇਲ ਹੁਇ ਜਾਵੈ, ਭੜਕਣ ਸਭ ਦਰਵਾਜ਼ੇ।
ਆਖ ਦਮੋਦਰ ਕੋਟ ਕਬੂਲੇ, ਰੋਵਨ ਲੋਕ ਅਵਾਜ਼ੇ॥੯੪੦॥

ਭੜਕੇ ਸ਼ਹਿਰ[3], ਸੜੇ ਕੁਲ ਕਸਬਾ, ਲੋਕ ਜਬਾਬ ਕਰੇਂਦਾ।
ਧ੍ਰੋਹੀ ਕਾਜ਼ੀ ਹਾਕਮ ਤੈਨੂੰ, ਲਖੀਆ[4] ਸ਼ਹਿਰ ਸੜੇਂਦਾ।
ਜੇ ਪੁੱਛੇ ਸਾਹ ਅਕਬਰ ਤੈਨੂੰ, ਤਾਂ ਤੂੰ ਜਬਾਬ ਕੇ ਦੇਂਦਾ?
ਆਖ ਦਮੋਦਰ ਧ੍ਰੋਹੀ ਕਸਬਾ, ਆਲਮ ਆਇ ਕਰੇਂਦਾ[5]॥੯੪੧॥

ਜਿਉਂ ਜਿਉਂ ਢਿੱਲ ਪਵੇ, ਫਿਰ ਤਿਉਂ ਤਿਉਂ ਕਸਬਾ, ਸਭੋ ਆਇਆ।
ਸਉੜਾ ਪਿਆ[6] ਸਭੋ ਹੀ ਕਸਬਾ ਤਾਂ ਉਹਨਾਂ ਕੂਕ ਸੁਣਾਇਆ[7]।
ਚਲਦੀ ਅੱਗ ਪੈਰ ਕਰ ਅੱਗੇ[8], ਆਖੇ, ਜੋਗੀ ਪਰਚਾ ਲਾਇਆ[9]।
ਆਖ ਦਮੋਦਰ ਕਾਜ਼ੀ, ਮੁਫਤੀ, ਕੁਦਰਤ ਵੇਖ ਵਿਕਾਇਆ॥੯੪੨॥

ਸਭਾ ਹੱਥ ਜੁ ਬੰਨ੍ਹ ਖਲੋਤੀ, ਜੋਗੀ ਕੋਲ ਚੱਲ ਆਈ ।
ਇਹ ਗੁਨਾਹ ਤੂੰ ਬਖ਼ਸ਼ ਅਸਾਨੂੰ ਆਖੇ ਸਭ ਲੁਕਾਈ ।
ਭੇਜ ਫ਼ੌਜ ਹੱਥ ਸੱਦੀਏ ਖੇੜੇ[10] ਜੇ ਤੂੰ ਅੱਗ ਬੁਝਾਈ।
ਆਖ ਦਮੋਦਰ ਹੱਥ ਕੀਤਾ ਧੀਦੋ, ਅੱਗ ਹਟੀ ਤੇ ਫੌਜ ਲੰਘਾਈ॥੯੪੩॥

---

1. ਕੋਟ ਕਬੂਲੇ ਦੇ ਕੱਲਰ ਦਰਵਾਜੇ। 2. ਪੈਸਿਆਂ ਦੇ ਲੋਭੀ-ਕਾਜੀ ਦੇ ਵੱਢੀਖੋਰ ਹੋਣ ਵੱਲ ਸੰਕੇਤ ਹੈ। 3. ਸਾਰੇ ਸ਼ਹਿਰ ਵਿਚ ਅੱਗ ਭੜਕ ਉੱਠੀ। ਸ਼ਹਿਰ ਵਿਚ ਅਦਾਲਤ ਦੇ ਫ਼ੈਸਲੇ ਵਿਰੁਧ ਗੁੱਸੇ ਦੀ ਲਹਿਰ ਦੌੜ ਗਈ। 4. ਲੱਖਾਂ ਦਾ। 5. ਸਾਰੇ ਲੋਕ ਦੁਹਾਈ ਰੱਬ ਦੀ ਪਾਣ ਲਗ ਪਏ। 6. ਤੰਗ ਆ ਗਿਆ। 7. ਜ਼ੋਰ ਦੀ ਕਹਿਣਾ ਸ਼ੁਰੂ ਕਰ ਦਿੱਤਾ। 8. ਅੱਗ ਅੱਗੇ ਤੋਂ ਅੱਗੇ ਵਧਦੀ ਜਾ ਰਹੀ ਸੀ। 9. ਜੋਗੀ ਨੇ ਕੋਈ ਮੰਤ੍ਰ ਪੜ੍ਹ ਦਿੱਤਾ ਹੈ। 10. ਖੇੜਿਆਂ ਨੂੰ ਫ਼ੌਜ ਭੇਜ ਕੇ ਬੁਲਾ ਲੈਂਦੇ ਹਾਂ।

## ਕਾਜ਼ੀ ਨੇ ਕਿਹਾ ਜੋ ਅੱਗ ਬੁਝਾਏ ਹੀਰ ਉਹਦੀ

ਸੁਣਹੋ ਯਾਰੋ ! ਜੋ ਜ਼ਾਹਰ ਡਿੱਠਾ, ਕਾਜ਼ੀ ਆਖ ਸੁਣਾਇਆ।
ਜੋ ਕੁਝ ਜ਼ਾਹਰ ਡਿੱਠਾ ਆਹਾ, ਸੋਈ ਨਿਆਉਂ ਚੁਕਾਇਆ।
ਬਾਤ ਸਾਹਿਬ ਦੀ, ਕੋਈ ਕੇ ਜਾਣੇ[1], ਜੇ ਰੱਬ ਨਿਆਉਂ ਚੁਕਾਇਆ।
ਹੱਕ ਸਲੇਟੀ, ਤਿਸਦਾ ਨੇਹੇ[2], ਜੇ ਕੋਈ ਅੱਗ ਬੁਝਾਇਆ॥੯੪੪॥

ਸਭਾ ਆਖੇ ਕਾਜ਼ੀ ਤਾਈਂ, ਕੇਹਾ ਕਹਿਰ ਕੀਤੋਈ।
ਹੱਕ ਸਲੇਟੀ, ਜੋਗੀ ਸੰਦਾ, ਖੇੜੇ ਨੂੰ ਦਿਤਿਓਈ।
ਜੋਗੀ ਸਬਰ ਕੀਤਾਹਾ ਡਾਢਾ, ਤਾਂ ਇਹ ਹੋਵਣੀ ਹੋਈ[3]।
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੇ ਹੱਭਾ ਕੂਕ[4] ਖਲੋਈ॥੯੪੫॥

## ਖੇੜੇ ਪਕੜ ਮੰਗਵਾਏ

ਮੁੱਤੀ ਫ਼ੌਜ[5] ਆਵਹੁੰ ਨੱਪ ਖੇੜੇ[6], ਅੱਗੇ ਨਾ ਵੰਞਣ ਦੇਹੋ।
ਜੋਗੀ ਦੀ ਸਭ ਮਿੰਨਤ ਕਰਿਹੋ, ਪੈਰੀਂ ਪੈ ਕੇ ਦੇਹੋ ।
ਬੰਬਲ ਖੋਹ ਸੁਟਿਓ ਜੋ ਪਹਿਲਾਂ[7], ਹੁਣ ਤਾਂ ਸੋਭਾ ਲੇਹੋ ।
ਆਖ ਦਮੋਦਰ ਅੱਗ ਹਟੇ ਜਿਉਂ, ਲੋਕ ਅਸੀਸਾਂ ਲੇਹੋ॥੯੪੬॥

ਤਾਂ ਪਿਛਹੁੰ ਫੌਜ ਮਿਲੀ ਖੇੜਿਆਂ ਨੂੰ, 'ਫੇਰ ਸਦੀਂਦੇ ਭਾਈ[8] !'
ਅੱਲੀ ਹੋਇ ਹੈਰਾਨ ਖਲੋਤਾ, ਡਾਢੀ ਫੌਜ ਇਹੁ ਆਈ ।
'ਵਹਿਲੇ ਜੁਲਹੁ[9], ਨਾ ਕਰੋ ਤਹੰਬਲ[10], ਸੜਦੀ ਸਭ ਲੁਕਾਈ।'
ਆਖ ਦਮੋਦਰ ਹੀਰੇ ਜਾਤਾ, ਜੇ ਅਜ਼ਮਤ ਚਾਕ ਵਿਖਾਈ[11]॥੯੪੭॥

ਫੇਰ ਪਿਛੂਹੀਂ ਫਿਰੀ ਸਲੇਟੀ[12], ਘੋੜੇ ਮਿਲਣ ਨਾ ਦੇਂਦੀ।
ਬੰਨ੍ਹ ਕਛੋਟਾ[13], ਡਾਕਾ ਮਾਰੇ[14], ਕੇਹੇ ਕਦਮ ਸਟੇਂਦੀ।
ਤਿੱਸੇ ਸ਼ਰਮ ਕੀਤੋਹੀ ਸਾਹਿਬ! ਮੈਂ ਸੰਦੀ ਬਰਦੀ[15] ਜੈਂਦੀ।
ਆਖ ਦਮੋਦਰ ਵੜੇ ਕਬੂਲੇ, ਅੱਗ ਨ ਲੰਘਣ ਦੇਂਦੀ॥੯੪੮॥

---

1. ਰੱਬ ਦੀਆਂ ਰੱਬ ਹੀ ਜਾਣਦਾ ਹੈ। 2. ਉਸੇ ਦਾ ਹੈ। 3. ਜੋਗੀ ਨੇ ਸਬਰ ਦਾ ਘੁੱਟ ਜਾ ਭਰਿਆ। ਉਹ ਸਬਰ ਸ਼ਹਿਰ ਤੇ ਪੈ ਗਿਆ ਅਤੇ ਇਹ ਹੋਣੀ ਵਰਤ ਗਈ। ਸ਼ਹਿਰ ਨੂੰ ਅੱਗ ਲਗ ਗਈ। 4. ਸ਼ਹਿਰ ਦੇ ਸਭ ਲੋਕ ਪੁਕਾਰ ਕਰਨ ਲੱਗੇ। 5. ਫੌਜ ਭੇਜੀ। 6. ਖੇੜੇ ਫੜ ਲੈ ਆਉ। 7. ਪਹਿਲੇ ਜੋਗੀ ਦੀ ਕਲਗੀ ਖੋਹ ਲਈ ਜੇ ਭਾਵ ਪਹਿਲਾਂ ਜੋਗੀ ਦਾ ਨਿਰਾਦਰ ਕੀਤਾ ਜੇ। 8. ਫੇਰ ਵਾਪਸ ਬੁਲਾਇਆ ਹੈ। 9. ਜਲਦੀ ਚਲੋ। 10. ਦੇਰ ਨ ਕਰੋ। 11. ਚਾਕ ਰਾਂਝੇ ਨੇ ਕਰਾਮਾਤ ਵਿਖਾਈ ਹੈ। 12. ਪਿਛਲੇ ਪੈਰਾਂ ਤੇ ਹੀਰ ਚਲ ਪਈ। 13. ਕਮਰਕਸਾ ਕਰਕੇ। 14. ਵੱਡੇ ਵੱਡੇ ਕਦਮ ਸੁੱਟ। 15. ਮੈਂ ਜਿਸਦੀ ਗੋਲੀ ਹਾਂ, ਉਸ ਨੇ ਹੀ ਲੱਜ ਪਾਲੀ ਹੈ।

**ਫੌਜ**

ਸੁਣ ਹੀਰੇ ! ਜੇ ਉਦਹੁੰ[1] ਆਏ, ਤਾਂ ਜੋਗੀ ਅਸਾਂ ਲੰਘਾਇਆ।
ਕੀਕਰ ਅੰਦਰ ਦਾਖਲ ਹੋਈਐ! ਲਸ਼ਕਰ ਏਂਵ ਪੁਛਾਇਆ।
ਵੰਞ ਖਲੋਤੀ ਅੱਗੇ ਅੱਗ ਦੇ, ਹੱਥੀਂ ਤਾਉ ਹਟਾਇਆ।
ਆਖ ਦਮੋਦਰ ਲਸ਼ਕਰ ਉਥਹੁੰ, ਸਾਰਾ ਹੀਰ ਲੰਘਾਇਆ॥੯੪੯॥

**ਜੇਹੜਾ ਅੱਗ ਬੁਝਾਏ ਹੀਰ ਉਸੇ ਦੀ**

ਤਾਂ ਅੱਲੀ ਨੂੰ ਕਾਜ਼ੀ ਆਖੇ, ਕਰ ਕਰ ਸ਼ਰ੍ਹਾ ਸੁਣਾਏ।
ਜੋ ਕਿਛ ਜ਼ਾਹਰ ਡਿੱਠਾ ਆਹਾ, ਸੋਈ ਨਿਆਉਂ ਚੁਕਾਏ।
ਬਾਤਨ ਬਾਤ[2] ਨਾ ਕੋਈ ਜਾਣੇ, ਕਾਜ਼ੀ ਸੁਖ਼ਨ ਸੁਣਾਏ।
ਹੱਕ ਸਿਆਲ, ਸੋਈ ਘਿੱਨ ਵੰਞਹੁ, ਜੇ ਕੋਈ ਅੱਗ ਬੁਝਾਏ[3]॥੯੫੦॥

**ਅੱਲੀ**

ਜੋਗੀ ਭੱਠ, ਤੇ ਚੁਲ੍ਹ ਸਲੇਟੀ, ਅਸੀਂ ਮੁਏ ਵਿਣ ਆਈ।
ਅਸੀਂ ਵੰਞ ਜੁਲਾਹਾਂ ਇਥਹੁੰ[4], ਏਥੇ ਰਹਿੰਦੇ ਨਾਹੀ ।
ਕੁਲ ਮਹਾਜਨ ਸਭੋ ਸੜਦਾ, ਅਜਲ[5] ਸੁ ਜੈਂਦੀ ਆਈ।
ਆਖ ਦਮੋਦਰ ਅੱਗ ਨੂੰ ਖੇੜੇ, ਵੇਖ ਉਦਾਸੀ ਆਈ॥੯੫੧॥

**ਸ਼ਹਿਰ ਦੇ ਲੋਕੀਂ**

ਕਿਦੇ ਵੈਂਨਾਏਂ ਸੁਣ ਸਈਯਾਦਾ[6]! ਪਹਿਲੋਂ ਤੁੱਧ ਸੜੇਂਦੇ।
ਆਣ ਬਲਾਇ ਪਾਈ ਵਿਚ ਵਸਤੀ, ਤੈਨੂੰ ਕੀਕਣ ਵੰਞਣ ਦੇਂਦੇ।
ਹੱਲ ਸਹੀ, ਹਮਰਾਹੀਂ ਦੋਹੇਂ[7], ਬਰ ਸਿਰ ਬੈਠ ਜਲੇਂਦੇ[8]।
ਆਖ ਦਮੋਦਰ ਸਭ ਡਰਵਰ[9] ਹੋਈ, ਜੋਗੀ ਤਰਫ਼ ਤਕੇਂਦੇ॥੯੫੨॥

**ਧੀਦੋ ਜੋਗੀ ਨੇ ਅੱਗ ਬੁਝਾਈ**

ਤਾਂ ਜੋਗੀ ਹੱਥ ਜੋੜ ਖਲੋਤਾ, ਦੋਵੇਂ ਨੈਨ ਮਿਲਾਏ ।
ਗਲ ਵਿੱਚ ਪੱਲੂ ਤੇ ਅਰਜ਼ ਕਰੇਂਦਾ, ਪੀਰਾਂ ਤਈਂ ਸੁਣਾਏ।
ਮੇਹਰ ਕਰੋ ਕੁਲ ਕਸਬੇ ਉੱਤੇ, ਦੇਵਹੁ ਅੱਗ ਬੁਝਾਏ।
ਅੱਗ ਬੁਝੀ ਤਦ ਉੱਤੇ ਵੇਲੇ, ਰਾਂਝੇ ਸਭ ਲੋਕ ਨਿਵਾਏ॥੯੫੩॥

---

1. ਉਸ ਪਾਸੇ ਤੋਂ। 2. ਅੰਦਰ ਦੀ ਗੱਲ। ਕੁਦਰਤ ਦੀ ਗੁਪਤ ਗੱਲ। 3. ਜੋ ਭੀ ਅੱਗ ਬੁਝਾਏ ਹੀਰ ਸਿਆਲ ਨੂੰ ਲੈ ਜਾਣਾ ਉਸਦਾ ਹੱਕ ਹੈ। 4. ਅਸੀਂ ਇਥੋਂ ਨਿਕਲ ਚਲੀਏ। 5. ਮੌਤ ਓ—ਅਜ਼ਲ। 6. ਵੇਖੋ ਬੰਦ 935 ਦੀ ਟੂਕ। 7. ਠੀਕ ਫੈਸਲਾ ਇਹੀ ਹੈ ਕਿ ਹੀਰ ਤੇ ਜੋਗੀ ਰਾਂਝਾ ਜੀਵਨ ਸਾਥੀ ਹਨ। 8. ਆਪ ਬਹਿ ਕੇ ਸ਼ਹਿਰ ਦਾ ਭਾਰ ਉਠਾ ਰਹੇ ਹਨ। 9. ਡੌਰ-ਭੌਰ, ਭੈ-ਭੀਤ।

## ਹੀਰ ਰਾਂਝੇ ਨੂੰ ਮਿਲੀ

ਖੇੜੇ ਮਾਰ ਕੱਢੇ ਸਭ ਉਥੋਂ, ਗਏ ਮਰੀਂਦੇ ਗੰਦੇ ।
ਕਰ ਕਰ ਫੌਜਾਂ ਆਏ ਖੇੜੇ, ਪਿਛਹੁੰ ਤਕਣ ਨਹੀਂ ਸ਼ਰਮਿੰਦੇ ।
ਸਭਾ ਆਈ[1] ਪਾਸ ਜੋਗੀ ਦੇ, ਅਸੀਂ ਆਹਾ ਤੇਰੇ ਬੰਦੇ।
ਆਖ ਦਮੋਦਰ ਜਾਲ ਇਥਾਈਂ, ਅਸੀਂ ਮਿੰਨਤ ਪਏ ਕਰੰਦੇ ॥੯੫੪॥

ਹੱਭਾ ਪਈ ਜੋਗੀ ਦੇ ਪੈਰੀਂ, ਅਜ਼ਮਤ[2] ਚਾਕ ਵਿਖਾਈ ।
ਕਾਜ਼ੀ, ਮੁਫਤੀ ਤੇ ਕੁਲ ਆਲਮ, ਸਭਾ ਮਿੰਨਤ ਆਈ ।
ਗਲ ਵਿਚ ਪੱਲੂ, ਦਸਤ ਪੈਰ, ਤੇ, ਅਜ਼ਮਤ ਭਲੀ ਵਿਖਾਈ।
ਆਖ ਦਮੋਦਰ ਹੀਰ ਹਕ ਤੈਂਡਾ, ਮਿਲ ਜੋਗੀ ਥੇ ਆਈ॥੯੫੫॥

ਕੱਲਰ ਕੋਟੋਂ ਕੋਟ ਕਬੂਲੇ, ਮੁਸ਼ਕ ਆਇਆ ਦਰਵਾਜ਼ੇ[3]।
ਅਦਲੀ ਰਾਜੇ ਅਦਲ ਸਿਞਾਂਤਾ, ਕੂੰਜ ਮਿਲੇ ਸੇ ਬਾਜੇ[4] ।
ਚੰਦਨ ਕੰਧਾਂ ਤੇ ਮੁਸ਼ਕ ਘਨੇਰਾ, ਵੱਸਣ ਫੁੱਲ ਗੁਲਾਬੇ[5]।
ਆਖ ਦਮੋਦਰ ਮੁਸ਼ਕ ਸ਼ਹਿਰ ਵਿਚ, ਸਭ ਦਿਲ ਹੋਏ ਤਾਜ਼ੇ ॥੯੫੬॥

ਸਭਾ ਆ ਪੈਰਾਂ ਨੂੰ ਲਗੀ, ਅਜ਼ਮਤ ਚਾਕ ਦਿਖਾਈ ।
ਹਾਕਮ ਕਾਜ਼ੀ ਤੇ ਕੁਲ ਆਲਮ, ਸੱਭਾ ਜਾਰਤ[6] ਆਈ।
ਪਹਿਲੋਂ ਮਾਰ ਕੱਢੋਂ ਖੇੜਿਆਂ ਨੂੰ, ਵੱਤ ਨਾ ਦੇਣ ਵਿਖਾਈ।
ਆਖ ਦਮੋਦਰ ਕੱਢੇ ਖੇੜੇ, ਚੱਟੇ ਤਾਂ ਸੱਟੇ ਸਿਰ ਛਾਈ[7]॥੯੫੭॥

## ਕਿੱਸੇ ਦੀ ਸਮਾਪਤੀ

ਪੰਦਰਾਂ ਸੈਂ ਅਤੇ ਉਨੱਤ੍ਰੀ, ਸੰਬਤ ਬਿਕ੍ਰਮ ਰਾਏ[8] ।
ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ[9] ਰੱਬ ਚੁਕਾਏ ।
ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।
ਆਖ ਦਮੋਦਰ ਦੇਇ ਅਸੀਸਾਂ, ਸ਼ਹਿਰੋਂ ਬਾਹਰ ਆਏ॥੯੫੮॥

---

1. ਸਭ ਲੋਕ ਆਏ। 2. ਕਰਾਮਾਤ। 3. ਕੱਲਰ ਕੋਟ ਅਤੇ ਕੋਟ ਕਬੂਲੇ ਵਿਚ ਅੱਗ ਬੁਝ ਗਈ ਅਤੇ ਅਦਾਲਤ ਤਕ ਇਸ ਦੀ ਸੋ ਪਹੁੰਚ ਗਈ। 4. ਸ਼ਾਹਬਾਜ਼ ਨੂੰ ਆਪਣੀ ਕੂੰਜ ਅਥਵਾ ਪ੍ਰੇਮਿਕਾ ਮਿਲ ਗਈ। ਵੈਸੇ ਸ਼ਾਹਬਾਜ਼ ਦੀ ਮਾਦਾ ਕੂੰਜ ਨਹੀਂ ਹੁੰਦੀ। ਇਥੇ ਸ਼ਾਹਬਾਜ਼ ਅਲੰਕਾਰ ਰਾਂਝੇ ਲਈ ਵਰਤਿਆ ਗਿਆ ਹੈ ਅਤੇ ਕੂੰਜ ਹੀਰ ਲਈ। ਕੂੰਜਾਂ ਨਾਜ਼ੁਕ ਤੇ ਮਲੂਕ ਹੁੰਦੀਆਂ ਹਨ ਅਤੇ ਪਿਆਰੀਆਂ ਪਿਆਰੀਆਂ ਲੱਗਦੀਆਂ ਹਨ। 5. ਲੋਕਾਂ ਨੇ ਹੀਰ-ਰਾਂਝੇ ਨੂੰ ਜੀ ਆਇਆਂ ਆਖਣ ਲਈ ਆਪਣਿਆਂ ਦਰਵਾਜਿਆਂ ਪਰ ਚੰਦਨ-ਕਸਤੂਰੀ ਦਾ ਛੜਕਾਉ ਕੀਤਾ ਅਤੇ ਫੁਲ ਵਰਸਾਏ। 6. ਦਰਸ਼ਨਾਂ ਨੂੰ ਆਏ। 7. ਖੇੜਿਆਂ ਦੇ ਸਿਰ ਸੁਆਹ ਦੇ ਸੱਤ ਬੁਕ ਪਾਏ। 8. ਇਹ ਹੀਰ ਤੇ ਰਾਂਝੇ ਦੇ ਮੇਲ ਦਾ ਸਾਲ ਹੋ ਸਕਦਾ ਹੈ। ਅਕਬਰ ਦਾ ਰਾਜ ਇਸ ਸਮੇਂ ਨਹੀਂ ਸੀ। 9. ਸਭ ਝਗੜੇ ਮੁੱਕ ਗਏ।

**ਰਾਂਝਾ**

ਜਾਲ ਇਥਾਈਂ[1]! ਸਾਹਿਬ ਰਾਂਝਾ! ਰਈਯੱਤ[2] ਪੱਲੂ ਪਾਏ ।
ਨਵੇਂ ਦਲਾਨ ਪਈਹਾਂ ਇਥੇ[3], ਜੋ ਕੁਝ ਤੂੰ ਫੁਰਮਾਏਂ।
'ਦੇਵਹੁ ਵਿਦਾ, ਟੁਰਾਂਹੇ ਇਥਹੁੰ, ਘਰ ਬਾਰ ਚਲੀਹਾਂ ਪਾਏ[4]।'
ਆਖ ਦਮੋਦਰ ਮੈਂ ਅੱਖੀਂ ਡਿੱਠਾ, ਜੋ ਲੰਮੀ[5] ਤਰਫ਼ ਸਿਧਾਏ॥੯੫੯॥

**ਪੀਰਾਂ ਦੀ ਅਸੀਸ**

ਜੇ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਭੀ ਨਾਲ ਆਹੇ।
ਪੰਜ ਅਸਵਾਰ, ਜੋੜੇ ਸਭ ਕਾਲੇ, ਚੜ੍ਹ ਅਗੈਬੂੰ[6] ਆਏ।
ਹੱਥ ਫਿਰੇਂਦੇ ਸਿਰ ਦੋਹਾਂ ਦੇ, ਸਿਰ ਚੁੰਮਣ ਤੇ ਸਧਰਾਏ।
ਇੱਲੇ ਬਾਝਹੁੰ ਤੂੰ ਸੁਣ ਹੀਰੇ! ਰੌਸ਼ਨ ਹੋਂਦੇ ਨਾਹੇਂ[7]।
ਆਖ ਦਮੋਦਰ ਛੁਪੇ ਕਿਥਾਈਂ[8], ਗਏ ਸੁ ਫੇਰ ਨ ਆਏ॥੯੬੦॥

**ਕਥਾ ਸਮਾਪਤ ਹੋਈ**

ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨਾ ਕੋਈ[9]।
ਜਿਉਂ ਚਾਈਂ ਤਿਉਂ ਤੋੜ ਨਿਭਾਈ, ਜਾਣਤ ਹੈ ਤ੍ਰੈ ਲੋਈ[10]।
ਨਾਉਂ ਦਮੋਦਰ ਜਾਤ ਗੁਲਾਟੀ, ਡਿੱਠਾ ਸੋ ਲਿਖਿਓਈ।
ਵਿੱਚ ਸਿਆਲੀ ਪਾਸ ਚੂਚਕ ਦੇ, ਅਸਾਂ ਤਾਂ ਰਹਿਣ ਕੀਤੋਈ॥੯੬੧॥

❋❋❋

---

1. ਇਥੇ ਹੀ ਠਹਿਰੇ। 2. ਪਰਜਾ ਨੇ ਗਲ ਵਿਚ ਪੱਲੂ ਪਾ ਕੇ ਬੇਨਤੀ ਕੀਤੀ। 3. ਇਥੇ ਨਵੀਆਂ ਹਵੇਲੀਆਂ ਪਾਈਏ। 4. ਚਲ ਕੇ ਆਪਣਾ ਘਰ ਬਾਰ ਵਸਾਈਏ। 5. ਦੱਖਣ ਵਲ। 6. ਗੁਪਤ ਲੋਕ ਤੋਂ। 7. ਇਤਨੇ ਕਸ਼ਟ ਉਠਾਏ ਬਿਨਾਂ ਤੁਹਾਡੀ ਪ੍ਰਸਿੱਧੀ ਨਹੀਂ ਸੀ ਹੁੰਦੀ। 8. ਕਿਸੇ ਪਾਸੇ ਵੱਲ ਚਲੇ ਗਏ। 9. ਹੀਰ ਤੇ ਰਾਂਝੇ ਜਿਹਾ ਹੋਰ ਕੋਈ ਸੱਚਾ ਤੇ ਸੁੱਚਾ ਇਸ਼ਕ ਨਹੀਂ ਹੈ। 10. ਤਿੰਨਾਂ ਲੋਕਾਂ ਦਾ ਨਾਥ, ਤ੍ਰਿਲੋਕੀ ਨਾਥ।

# ਅਧਿਆਇ - 1

# ਪੰਜਾਬੀ ਕਿੱਸਾਕਾਰੀ

*-ਡਾ. ਬਿਕਰਮ ਸਿੰਘ ਘੁੰਮਣ*

'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਇਸ ਦੇ ਅਰਥ ਹਨ : ਕਿਸੇ ਵਿਅਕਤੀ ਦੀ ਕਹਾਣੀ, ਕਥਾ ਜਾਂ ਬਿਰਤਾਂਤ।[1] ਅਰਬ ਵਿਚ ਗਦਾਤਮਕ ਕਹਾਣੀਆਂ ਲਈ ਇਹ ਸ਼ਬਦ ਪ੍ਰਾਚੀਨ ਕਾਲ ਤੋਂ ਵਰਤਿਆ ਜਾਂਦਾ ਹੈ। ਪੰਜਾਬੀ ਵਿਚ 'ਕਿੱਸਾ' ਸ਼ਬਦ ਉਸ ਬਿਆਨੀਆਂ ਕਾਵਿ ਲਈ ਵਧੇਰੇ ਪ੍ਰਯੁਕਤ ਹੁੰਦਾ ਹੈ ਜਿਸ ਵਿਚ ਕਿਸੇ ਪ੍ਰੇਮ/ਇਸ਼ਕ ਦੀ ਸੱਚੀ, ਕਲਪਿਤ ਜਾਂ ਅਰਧ ਕਲਪਿਤ ਕਹਾਣੀ ਨੂੰ ਰੋਮਾਂਸਿਕ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੋਵੇ। ਇਸ ਤਰ੍ਹਾਂ ਕਿੱਸੇ ਵਿਚ ਕਿਸੇ ਬਹੁ-ਪਾਤਰੀ ਮਨੁੱਖੀ ਕਹਾਣੀ ਦਾ ਬਿਆਨ ਹੁੰਦਾ ਹੈ ਭਾਵੇਂ ਇਨ੍ਹਾਂ ਪਾਤਰਾਂ ਦਾ ਅਣਮਨੁੱਖੀ ਪਾਤਰਾਂ ਤੇ ਪਰਾਸਰੀਰਕ ਸ਼ਕਤੀਆਂ ਨਾਲ ਵੀ ਵਰਤਾਰਾ ਅਕਸਰ ਹੁੰਦਾ ਹੈ। ਕਈ ਵਾਰ 'ਕਿੱਸਾ' ਨਾਇਕ ਜਾਂ ਨਾਇਕਾ ਦੇ ਜਨਮ ਤੋਂ ਲੈ ਕੇ ਮਰਨ ਤਕ ਦੀ ਕਹਾਣੀ ਅੰਕਿਤ ਕਰਦਾ ਹੈ। ਕੁਝ ਹਾਲਤਾਂ ਵਿਚ ਇਹ ਜੀਵਨ ਦੀ ਕੋਈ ਇਕ ਝਲਕ ਦਰਸਾਂਦਾ ਹੈ ਜੋ ਵਧੇਰੇ ਕਰਕੇ ਆਪਣੇ ਆਪ ਵਿਚ ਸੰਪੂਰਨ ਹੁੰਦੀ ਹੈ। ਕਿੱਸੇ ਦੀ ਕਹਾਣੀ ਲੋਕ ਕਹਾਣੀ ਦੇ ਤੱਤਾਂ ਦੀ ਧਾਰਨੀ ਹੁੰਦੀ ਹੈ।

**ਕਿੱਸੇ ਦਾ ਆਰੰਭ**

ਪੰਜਾਬੀ ਕਿੱਸਾ ਕਾਵਿ ਦੇ ਉਦਭਵ ਸੰਬੰਧੀ ਪੰਜਾਬੀ ਸਾਹਿਤ ਦੇ ਵਿਦਵਾਨਾਂ ਦਾ ਵਧੇਰੇ ਮਤ ਇਹੋ ਰਿਹਾ ਹੈ ਕਿ ਇਹ ਕੇਵਲ ਫ਼ਾਰਸੀ ਮਸਨਵੀ ਪਰੰਪਰਾ ਰਾਹੀਂ ਪੰਜਾਬੀ ਵਿਚ ਆਇਆ ਹੈ। ਪਰੰਤੂ, ਇਹ ਗੱਲ ਪੂਰਨ ਸੱਚ ਨਹੀਂ ਹੈ। ਕਿੱਸਾ ਕਾਵਿ ਬਾਰੇ ਉਪਲਬਧ ਤੱਥਾਂ ਤੋਂ ਇਸ ਮਿਥਿਤ ਸਥਾਪਨਾ ਦਾ ਵਿਰੋਧ ਹੁੰਦਾ ਹੈ। ਜਿਵੇਂ ਮਸਨਵੀ ਵਿਚ ਅਸਲ ਕਹਾਣੀ ਦੇ ਆਰੰਭ ਹੋਣ ਤੋਂ ਪਹਿਲਾਂ ਇਕ ਵਿਸ਼ੇਸ਼ ਵਿਸਤ੍ਰਿਤ ਮੰਗਲਾਚਰਨ ਹੁੰਦਾ ਹੈ ਜਿਸ ਵਿਚ ਪ੍ਰਭੂ ਦੀ ਉਸਤਤ, ਪੀਰਾਂ ਦੀ ਅਰਾਧਨਾ, ਵਕਤ ਦੇ ਬਾਦਸ਼ਾਹ ਦੀ ਸਿਫ਼ਤ, ਮਸਨਵੀ ਲਿਖਣ ਦਾ ਕਾਰਨ, ਆਦਿ ਗੱਲਾਂ ਦਿੱਤੀਆਂ ਹੁੰਦੀਆਂ ਹਨ। ਪਰੰਤੂ ਪੰਜਾਬੀ ਦੇ ਪਹਿਲੇ ਦੋ ਕਿੱਸਾਕਾਰਾਂ ਦਮੋਦਰ ਤੇ ਪੀਲੂ ਨੇ ਆਪਣੇ ਕਿੱਸਿਆਂ ਵਿਚ ਮਸਨਵੀ ਵਾਲੀ ਉਕਤ ਪਰੰਪਰਾ ਨਹੀਂ ਅਪਣਾਈ ਤੇ ਕਹਾਣੀ ਦਾ ਬਿਆਨ ਸਿੱਧਾ ਸ਼ੁਰੂ ਕੀਤਾ ਹੈ :

**ਨਾਉਂ ਦਮੋਦਰ ਜਾਤ ਗੁਲਾਟੀ ਆਇਆ ਸਿੱਕ ਸਿਆਲੀਂ।**
**ਆਪਣੇ ਮਨ ਵਿਚ ਮਸਲਤ ਕੀਤੀ ਬਹਿ ਕੇ ਇਥਾਈਂ ਜਾਲੀ।**
**ਵੜਿਆ ਵੰਝ ਚੂਚਕ ਦੇ ਵੇਹੜੇ, ਜਿਥੇ ਸਿਆਲ ਅਬਦਾਲੀ।**
**ਆਖ ਦਮੋਦਰ ਖੁਸ਼ੀ ਹੋਈ ਉਸ, ਵੇਖ ਉਨ੍ਹਾਂ ਦੀ ਚਾਲੀ।**

*(ਹੀਰ ਦਮੋਦਰ)*

**ਘਰ ਖੀਵੇ ਦੇ ਸਹਿਬਾਂ ਜੰਮੀਂ ਮੰਗਲਵਾਰ।**
**ਡੂਮ ਸਹੇਲੀ ਗਾਂਵਦੇ ਖਾਨ ਖੀਵੇ ਦੇ ਬਾਰ।**
**ਰੱਜ ਦੁਆਈਂ ਦਿੱਤੀਆਂ ਸੋਹਣੀ ਦੇ ਪਰਿਵਾਰ।**
**ਰਲ ਤਦਬੀਰਾਂ ਬਣਦੀਆਂ ਛੈਲ ਹੋਈ ਮੁਟਿਆਰ।**

(ਮਿਰਜ਼ਾ ਪੀਲੂ)

ਦਮੋਦਰ ਨੇ ਜੋ ਸਾਹਿਬ ਦੀ ਅਰਾਧਨਾ ਵਜੋਂ ਦੋ ਤਿੰਨ ਤੁਕਾਂ ਦਿੱਤੀਆਂ ਵੀ ਹਨ ਤਾਂ ਉਸ ਮਸਨਵੀ ਵਾਲੇ ਲੰਮੇ ਚੌੜੇ ਮੰਗਲਾਚਰਣ ਦੇ ਟਾਕਰੇ ਕੁਝ ਵੀ ਨਹੀਂ। ਦੂਜੇ ਪਾਸੇ ਭਾਰਤੀ ਮਹਾਂਕਾਵਿ ਪਰੰਪਰਾ ਵਿਚ ਵੀ ਮੰਗਲਾਚਰਣ ਦੀ ਰੀਤ ਪ੍ਰਚਲਿਤ ਸੀ। ਤੇਜਾ ਸਿੰਘ ਤੇ ਸੁਰਿੰਦਰ ਸਿੰਘ ਕੋਹਲੀ ਅਨੁਸਾਰ ਉਸਤਤ ਦੀਆਂ ਇਨ੍ਹਾਂ ਤੁਕਾਂ ਵਿਚੋਂ ਦਮੋਦਰ ਉੱਤੇ ਭਗਤੀ ਲਹਿਰ ਅਰਥਾਤ ਗੁਰਮਤਿ ਦਾ ਪ੍ਰਭਾਵ ਪ੍ਰਗਟ ਹੁੰਦਾ ਹੈ।[2] ਦਮੋਦਰ ਦੇ ਕਿੱਸਾ ਹੀਰ ਰਾਂਝਾ ਦਾ ਦਵੱਈਆ ਤੇ ਪੀਲੂ ਦੇ ਕਿੱਸੇ ਮਿਰਜ਼ਾ ਸਾਹਿਬਾਂ ਦਾ ਦੋਹਰਾ ਛੰਦ ਬੇਸ਼ਕ ਮਸਨਵੀ ਦੇ ਦੋ ਤੁਕੇ (ਛੁਪਲਏਟ) ਨਾਲ ਮੇਲ ਖਾਦੇ ਹਨ ਪਰ ਭਾਰਤ ਵਿਚ ਵੀ ਇਹ ਛੰਦ ਪੁਰਾਤਨ ਕਾਲ ਤੋਂ ਪ੍ਰਚਲਿਤ ਹਨ। ਤੱਤਕਾਲੀ ਲੋਕ ਗਾਇਕ ਵੀ ਆਪਣੀਆਂ ਵਾਰਾਂ ਇਸੇ ਛੰਦ ਵਿਚ ਰਚਦੇ ਤੇ ਗਾਂਦੇ ਹਨ। ਭਾਸ਼ਾ ਪੱਖੋਂ ਦਮੋਦਰ ਦੀ ਭਾਸ਼ਾ ਲਹਿੰਦੇ ਪੰਜਾਬ ਦੀ ਮੁਲਤਾਨੀ ਤੇ ਪੀਲੂ ਦੀ ਕੇਂਦਰੀ ਪੰਜਾਬੀ ਹੈ। ਦੋਹਾਂ ਦੀ ਭਾਸ਼ਾ ਉੱਤੇ ਫ਼ਾਰਸੀ ਦਾ ਪ੍ਰਬਾਵ ਮਾਮੂਲੀ ਹੈ। ਦੋਹਾਂ ਕਿੱਸਿਆਂ ਵਿਚ ਨਾਇਕ/ਨਾਇਕਾ ਦੀ ਸੁੰਦਰਤਾ ਦਾ ਵਰਣਨ ਵੀ ਪਰੰਪਰਾਗਤ ਭਾਰਤੀ ਹੈ। ਦਮੋਦਰ ਨੇ ਭਾਰਤੀ ਪਰੰਪਰਾ ਅਨੁਸਾਰ ਨਾਇਕਾ ਨਾਲੋਂ ਨਾਇਕ ਦੀ ਸੁੰਦਰਤਾ ਬਿਆਨਣ ਉੱਤੇ ਬਹੁਤਾ ਜ਼ੋਰ ਦਿੱਤਾ ਹੈ। ਹਿੰਦੂ ਪ੍ਰੇਮ ਧਾਰਨਾ ਦਾ ਪ੍ਰਿਯਾ ਆਲੰਬਨ ਪੁਰਖ ਹੀ ਰਹਿੰਦਾ ਹੈ। ਪਿਛਲੇਰੇ ਕਵੀਆਂ ਉੱਤੇ ਮੁਸਲਮਾਨੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਨਾਰੀ ਦੇ ਨਖ਼ਸ਼ਿਖ ਵਰਣਨ ਦੀ ਰੁਚੀ ਪ੍ਰਬਲ ਹੋਈ ਹੈ। ਦਮੋਦਰ, ਹੀਰ ਦੇ ਹੁਸਨ ਦੀ ਉੱਨੀ ਉਸਤੁਤ ਨਹੀਂ ਕਰਦਾ ਜਿੰਨਾ ਉਸ ਦੀ ਸੂਰਮਗਤੀ ਅਤੇ ਸ਼ਸਤ੍ਰ ਵਾਹੁਣ ਦੀ ਯੋਗਤਾ ਦਾ ਪ੍ਰਭਾਵ ਪਾਉਣ ਉੱਤੇ ਬਲ ਦੇਂਦਾ ਹੈ। ਦਮੋਦਰ ਵਾਲੀ ਸੂਰਮਗਤੀ ਦਾ ਅੰਸ਼ ਹੀ ਪੀਲੂ ਰਚਿਤ ਮਿਰਜ਼ਾ ਸਾਹਿਬਾਂ ਵਿਚ ਪ੍ਰਬਲ ਹੈ। ਦੋਵੇਂ ਕਿੱਸੇ ਲੋਕ ਪੱਧਰ ਉੱਤੇ ਰਹਿੰਦੇ ਹੋਏ ਆਮ ਪ੍ਰਚਲਿਤ ਲੋਕ ਬੋਲੀ ਵਿਚ ਹਨ। ਪਿਛਲੇਰੇ ਕਵੀਆਂ ਦੀ ਤੁਲਨਾ ਇਨ੍ਹਾਂ ਦੀਆਂ ਰਚਨਾਵਾਂ ਵਿਚ ਸਾਧਾਰਨ ਕਥਾ ਵਰਣਨ ਹੀ ਪੇਸ਼ ਹੈ। ਇਨ੍ਹਾਂ ਵਿਚ ਪੰਜਾਬ ਦੇ ਖੁੱਲ੍ਹੇ-ਖੁਲਾਸੇ ਲੋਕ ਜੀਵਨ ਦਾ ਬਲਵਾਨ ਰੂਪ ਵਿਚ ਪ੍ਰਗਟਾਅ ਹੋਇਆ ਹੈ ਅਤੇ ਪਿਛਲੇਰੇ ਕਵੀਆਂ ਵਾਂਗ ਇਸਲਾਮੀ ਸਾਹਿਤ ਤੇ ਸੱਭਿਆਚਾਰ ਦਾ ਪ੍ਰਭਾਵ ਅਸਲੋਂ ਮਾਮੂਲੀ ਹੈ। ਦਮੋਦਰ ਦੇ ਕਿੱਸੇ ਵਿਚ 'ਨਲ ਦਮਿਯੰਤੀ', 'ਸੱਸੀ ਪੁੰਨੂੰ', 'ਮਾਧਵਾਨਲ ਕਾਮ ਕੰਦਲਾ', 'ਰਾਧਾ ਕ੍ਰਿਸ਼ਨ', 'ਢੋਲ ਸ਼ਮਸ' ਆਦਿ ਭਾਰਤੀ ਸੋਮੇ ਦੀਆਂ ਪ੍ਰੀਤ ਕਥਾਂਵਾਂ ਵੱਲ ਕਈ ਸੰਕੇਤ ਮਿਲਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਵੇਲੇ ਪੰਜਾਬ ਵਿਚ ਲੋਕ ਵਾਰਾਂ, ਬਾਰਾਂਮਾਹੇ, ਦੋਹੇ, ਸਲੋਕਾਂ ਤੇ ਪਦਾਂ ਦੇ ਨਾਲ ਇਸ਼ਕ ਨਾਕ ਸੰਬੰਧਿਤ ਕਵਿਤਾ ਵੀ ਵਿਦਮਾਨ ਸੀ। ਦਮੋਦਰ ਦੀ ਕਵਿਤਾ ਦਾ ਲਿਖਣ ਢੰਗ ਵੀ ਲੋਕ ਵਾਰ ਵਾਲਾ ਹੀ ਹੈ। ਇਸ ਤੋਂ ਬਿਨਾਂ ਇਨ੍ਹਾਂ ਕਿੱਸਾ ਕਵੀਆਂ ਨੇ ਕੇਵਲ ਪੰਜਾਬ ਨਾਲ ਸੰਬੰਧਿਤ ਕਥਾਵਾਂ ਉੱਤੇ ਹੀ ਕਾਵਿ ਸਿਰਜਣਾ ਕੀਤੀ ਹੈ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਫ਼ਾਰਸੀ ਮਸਨਵੀ ਦੇ ਪ੍ਰਭਾਵ ਤੋਂ ਪਹਿਲਾਂ ਵੀ ਪੰਜਾਬ ਵਿਚ ਅਜਿਹਾ ਕਥਾ-ਕਾਵਿ ਮੌਜੂਦ ਸੀ ਜਿਸ ਨੂੰ ਬਾਅਦ ਵਿਚ ਕਿੱਸਾ ਕਾਵਿ ਦਾ ਨਾਂ ਦਿੱਤਾ ਗਿਆ।

**ਭਾਰਤੀ ਕਥਾ ਪਰੰਪਰਾ**

ਕਥਾ ਕਹਾਣੀ ਕਹਿਣ ਤੇ ਸੁਣਨ ਦੀ ਪ੍ਰਵਿਰਤੀ ਮਨੁੱਖ ਵਿਚ ਆਦਿ ਕਾਲ ਤੋਂ ਹੈ। ਕਹਾਣੀਆਂ ਸਦੀਆਂ ਤੋਂ ਜਨਮਦੀਆਂ, ਵਿਕਸਤ ਹੁੰਦੀਆਂ ਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੀਆਂ ਚਲੀਆਂ ਆ ਰਹੀਆਂ ਹਨ। ਸੰਸਾਰ ਦਾ ਮੁੱਢਲਾ ਸਾਰਾ ਸਾਹਿਤ ਬ੍ਰਿਤਾਂਤਕ ਬਿਰਤੀ ਦਾ ਹੈ। ਭਾਰਤ ਵਿਚ ਬੁੱਧ ਦੀਆਂ ਕਹਾਣੀਆਂ, ਹਿੱਤ ਉਪਦੇਸ਼, ਪੰਚ ਤੰਤਰ, ਕਥਾਂ ਸਹਿਤ ਸਾਗਰ, ਰਾਮਾਇਣ, ਮਹਾਭਾਰਤ ਕਥਾ ਕਹਾਣੀਆਂ ਦੇ ਮੁੱਢਲੇ ਸੰਗ੍ਰਹਿ ਹਨ। ਜਰਮਨ ਵਿਦਵਾਨ ਬੇਨੀਫ਼ੀ ਨੇ ਸੰਸਾਰ ਵਿਚ ਪ੍ਰਚਲਿਤ ਲੋਕ ਕਥਾਵਾਂ ਦਾ ਮੂਲ ਉਦਗਮ ਸਥਾਨ ਭਾਰਤ ਨੂੰ ਹੀ ਮੰਨਿਆ ਹੈ।[3] ਇਹ ਕਥਾਵਾਂ ਅਰਬ ਦੇ ਰਸਤੇ ਯੂਰਪੀ ਦੇਸ਼ਾਂ ਵਿਚ ਫੈਲੀਆਂ। ਫ਼ਾਰਸੀ ਦੇ ਪਹਿਲੇ ਪ੍ਰਭਾਵਸ਼ਾਲੀ ਕਵੀ ਰੁਦਕੀ ਨੂੰ ਮਸਨਵੀ ਦਾ ਮੋਢੀ ਮੰਨਿਆ ਜਾਂਦਾ ਹੈ। ਉਸ ਦੀ ਸਭ ਤੋਂ ਪਹਿਲੀ ਮਸਨਵੀ ਕਲੀਲਾ ਓ ਦਮਨਾ ਹੈ ਜੋ ਭਾਰਤੀ ਰਚਨਾ ਪੰਚ ਤੰਤਰ ਦੇ ਅਰਬੀ ਵਿਚ ਹੋਏ ਤਰਜੇ ਦਾ ਫ਼ਰਾਸੀ ਰੂਪ ਹੈ। ਇਸ ਤਰ੍ਹਾਂ ਪਹਿਲੀ ਮਸਨਵੀ ਦੀ ਭਾਰਤੀ ਦਾਸਤਾਨ ਉੱਤੇ ਹੀ ਆਧਾਰਿਤ ਹੈ।

ਭਾਰਤੀ ਕਥਾ ਸਾਹਿਤ ਵਿਚ ਲਿਖਤੀ ਤੇ ਮੌਖਿਕ ਪਰੰਪਰਾ ਦਾ ਨਿਖੇੜਾ ਕਰਨਾ ਕਾਫ਼ੀ ਕਠਿਨ ਹੈ। ਆਧੁਨਿਕ ਭਾਰਤੀ ਭਾਸ਼ਾਵਾਂ ਦੇ ਪਿਛੋਕੜ ਵਿਚ ਅਪਭ੍ਰੰਸ਼, ਪ੍ਰਾਕ੍ਰਿਤ, ਪਾਲੀ ਤੇ ਉਸਦੇ ਪਿੱਛੇ ਸੰਸਕ੍ਰਿਤ ਸਾਹਿਤ ਹੈ। ਇਨ੍ਹਾਂ ਸਾਰੇ ਸਾਹਿਤਾਂ ਵਿਚ ਨਾਟਕ ਕਥਾਵਾਂ ਤੇ ਉਪਾਖਿਆਨ ਪ੍ਰਾਪਤ ਹਨ। ਸੰਸਾਰ ਸਾਹਿਤ ਵਿਚ ਪ੍ਰੀਤ ਕਥਾ ਪਰੰਪਰਾ ਦਾ ਸਭ ਤੋਂ ਪੁਰਾਤਨ ਨਮੂਨਾ ਰਿਗਦੇਵ ਵਿਚ ਮਿਲਦਾ ਹੈ। ਇਸ ਗ੍ਰੰਥ ਵਿਚ 'ਯਮਯਮੀ ਦਾ ਸੰਬਾਦ' ਪ੍ਰਮਾਖਿਆਨ ਦੇ ਅੰਸ਼ ਦਾ ਪ੍ਰਮਾਣ ਹੈ। ਇਸ ਤੋਂ ਬਿਨਾਂ 'ਉਰਵਸ਼ੀ ਪੂਰਰਵਾ' ਪਿਆਰ ਦੀ ਪ੍ਰਸਿੱਧ ਪ੍ਰੀਤ ਕਥਾ ਵੀ ਇਸੇ ਗ੍ਰੰਥ ਵਿਚ ਵਿਦਮਾਨ ਹੈ ਜਿਸ ਨੂੰ ਜਗਤ ਦੀ ਸਭ ਤੋਂ ਪ੍ਰਾਚੀਨ ਪ੍ਰੇਮ ਕਥਾ ਮੰਨਿਆ ਜਾਂਦਾ ਹੈ। ਇਸੇ ਕਥਾ ਨੂੰ ਹੀ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਦੇ 'ਹੀਰ ਚਰਿਤਰ' ਵਿਚ ਵਿਸਥਾਰ ਦਿੱਤਾ। ਇਸ ਤਰ੍ਹਾਂ ਵੈਦਿਕ ਕਾਲ ਤੋਂ ਹੀ ਭਾਰਤ ਵਿਚ ਪ੍ਰੇਮਾਖਿਆਨ ਦੇ ਨਮੂਨੇ ਪ੍ਰਾਪਤ ਹਨ ਅਤੇ ਇਥੇ ਸਮੇਂ ਸਮੇਂ ਪ੍ਰੇਮਾਖਿਆਨ ਰਚੇ ਜਾਂਦੇ ਰਹੇ ਹਨ। ਪੁਰਾਤਨ ਕਾਲ ਵਿਚ ਇਥੇ 'ਰਾਧਾ ਕ੍ਰਿਸ਼ਨ', 'ਕ੍ਰਿਸ਼ਨ ਰੁਕਮਣੀ', 'ਨਲ-ਦਮਯੰਤੀ', 'ਸ਼ਕੁੰਤਲਾ ਦੁਸ਼ਿਅੰਤ', ' ਅਰਜਨ-ਸੁਭੱਦਰਾ', 'ਸ਼ਿਵ-ਪਾਰਵਤੀ', 'ਇੰਦਰ-ਗੌਤਮ-ਅਹੱਲਿਆ', ਆਦਿ ਪ੍ਰੇਮ ਕਥਾਵਾਂ ਪ੍ਰਚਲਿਤ ਸਨ। ਵੇਦ, ਉਪਨਿਸ਼ਦ ਅਤੇ ਪੁਰਾਣਾਂ ਵਿਚ ਜੋ ਆਖਿਆਨ ਹਨ, ਉਨ੍ਹਾਂ ਵਿਚ ਇਨ੍ਹਾਂ ਪ੍ਰਚਲਿਤ ਲੋਕ ਕਥਾਂਵਾਂ ਦੇ ਬੀਜ ਵਿਦਮਾਨ ਹਨ। ਇਨ੍ਹਾਂ ਪ੍ਰੇਮਾਖਿਆਨਾਂ ਵਿਚ ਸ਼ਿੰਗਾਰ ਦੇ ਨਾਲ-ਨਾਲ ਬੀਰ ਰਸ ਦੀ ਵਰਤੋਂ ਵੀ ਕੀਤੀ ਜਾਂਦੀ ਰਹੀ ਹੈ। ਪ੍ਰੇਮ ਵਿਚ ਅਭੇਦ ਔਰਤਾਂ ਆਪਣੇ ਪ੍ਰੇਮੀ ਦੀ ਬਹਾਦਰੀ ਉੱਤੇ ਮਾਣ ਕਰਦੀਆਂ ਸਨ। ਪੰਜਾਬੀ ਕਿੱਸਿਆਂ ਵਿਚ ਬੀਰਤਾ ਤੇ ਪ੍ਰੇਮ ਦਾ ਨਾਲ-ਨਾਲ ਤੁਰਨਾ ਇਸੇ ਭਾਰਤੀ ਪਰੰਪਰਾ ਦੀ ਹੀ ਦੇਣ ਹੈ।

ਪੰਜਾਬੀ ਦੀਆਂ ਪ੍ਰੇਮ ਕਥਾਵਾਂ ਦਾ ਮੂਲ ਸਰੋਤ ਭਾਰਤੀ ਕਥਾ ਸਾਹਿਤ ਹੀ ਹੈ। ਪੰਜਾਬੀ ਭਾਸ਼ਾ ਨੇ ਹੋਰ ਆਧੁਨਿਕ ਭਾਰਤੀ ਭਾਸ਼ਾਵਾਂ ਮਰਾਠੀ, ਗੁਜਰਾਤੀ, ਰਾਜਸਥਾਨੀ, ਹਿੰਦੀ ਆਦਿ ਵਾਂਗੂੰ ਦਸਵੀਂ ਗਿਆਰ੍ਹਵੀਂ ਸਦੀ ਤੋਂ ਆਪਣਾ ਮੂੰਹ ਮੁਹਾਂਦਰਾ ਨਿਖਾਰਨਾ ਸ਼ੁਰੂ ਕੀਤਾ। ਪ੍ਰਾਚੀਨ ਅਤੇ ਮੱਧਕਾਲੀਨ ਹਿੰਦੀ-ਆਰਿਆਈ ਭਾਸ਼ਾਵਾਂ ਵਿਚਲੀਆਂ ਜਿਹੜੀਆਂ ਲੋਕ ਕਥਾਂਵਾਂ ਕਿਸੇ ਸਮੇਂ ਵੀ ਪੰਜਾਬ ਵਿਚ ਪ੍ਰਚਲਿਤ ਰਹੀਆ ਉਹ ਪੰਜਾਬੀ ਸਾਹਿਤ ਨੂੰ ਵਿਰਸੇ ਵਿਚ ਮਿਲੀਆਂ। ਪੰਜਾਬ ਦੀਆਂ ਗਵਾਂਢੀ ਬੋਲੀਆਂ ਹਿੰਦੀ ਤੇ ਰਾਜਸਥਾਨੀ ਵਿਚ ਵੀ ਕਥਾਂ ਸਾਹਿਤ ਤੇ ਪ੍ਰੇਮ ਕਥਾਵਾਂ ਦਾ ਚੋਖਾ ਭੰਡਾਰ ਪ੍ਰਾਪਤ ਹੈ। ਤਤਕਾਲੀ ਪੰਜਾਬ ਵਿਚ 'ਢੌਲਾ ਸ਼ਮਸ', 'ਸੱਸੀ ਪੁੰਨੂੰ', 'ਰਾਜਾ ਸਲਵਾਨ', 'ਰਸਾਲੂ ਕੋਕਿਲਾ', 'ਪੂਰਨ-ਸੁੰਦਰਾਂ', 'ਕਾਮਰੂਪ ਨਕਾਮਲਤਾ', 'ਹੀਰ ਰਾਂਝਾ', 'ਸੋਹਣੀ-ਮਾਹੀਵਾਲ', 'ਮਿਰਜ਼ਾ ਸਾਹਿਬਾਂ', 'ਗੋਪੀ ਚੰਦ ਮੈਨਾਵਤੀ', ਆਦਿ ਕਹਾਣੀਆਂ ਆਮ ਲੋਕਾਂ ਵਿਚ ਹਰਮਨ ਪਿਆਰੀਆਂ ਸਨ।

**ਮੌਖਿਕ ਪਰੰਪਰਾ**

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਲਿੱਪੀ-ਬੱਧ ਕਰਨ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਇਹ ਕਥਾਵਾਂ ਮੌਖਿਕ ਸਾਹਿਤ ਦਾ ਰੂਪ ਧਾਰਨ ਕਰਦੀਆਂ ਰਹੀਆਂ। ਲੋਕ ਕਵੀ ਜਾਂ ਪੇਸ਼ਾਵਰ ਗਾਮੰਤਰੀ ਇਨ੍ਹਾਂ ਪ੍ਰੇਮ ਕਥਾਂਵਾਂ ਨੂੰ ਲੋਕਾਂ ਦੇ ਦਿਲ-ਪ੍ਰਚਾਵੇ ਲਈ ਇਕੱਠਾ, ਪਿੜਾਂ, ਮੇਲਿਆਂ, ਵਿਆਹ-ਸ਼ਾਦੀਆਂ ਤੇ ਹੋਰ ਅਜਿਹੇ ਖੁਸ਼ੀ ਦੇ ਮੌਕਿਆ ਉੱਤੇ ਗਾ ਗਾ ਕੇ ਸੁਣਾਇਆ ਕਰਦੇ ਸਨ। ਉਨ੍ਹਾਂ ਰਾਹੀਂ ਲੋਕ ਵਾਰਾਂ ਵਾਂਗ ਹੀ ਇਹ ਕਥਾਵਾਂ ਰਚਨ, ਛੰਦ-ਬੱਸ਼ ਕਰਨ, ਯਾਦ ਕਰਨ ਤੇ ਸਾਂਭਣ ਦਾ ਕੰਮ ਪੁਸ਼ਤ-ਦਰ-ਪੁਸ਼ਤ ਹੁੰਦਾ ਰਿਹਾ। ਇਹ ਲੋਕ ਕਵੀ ਇਨ੍ਹਾਂ ਕਥਾਵਾਂ ਨੂੰ ਸਾਧਾਰਨ ਲੋਕ ਪ੍ਰਚਲਿਤ ਛੰਦਾਂ, ਸਵੱਈਏ, ਚੌਪਈ, ਦੋਹਿਰੇ ਅਤੇ ਲੋਕ ਪੱਧਰ ਦੀ ਬੋਲੀ ਵਿਚ ਰਚਦੇ ਸਨ। ਬੋਲੀ ਵਿਚ ਸਥਾਨਕ ਰੰਗਣ ਅਤੇ ਬ੍ਰਿਜ ਭਾਸ਼ਾ ਦੇ ਸ਼ਬਦ ਵੀ ਕਿਤੇ-ਕਿਤੇ ਵਰਤੇ ਜਾਂਦੇ ਸਨ। ਪੇਸ਼ਾਵਰ ਲੋਕ ਗਾਇਕ ਇਨ੍ਹਾਂ ਕਥਾਵਾਂ ਦੇ ਦਿਲਚਸਪ ਹਿੱਸਿਆਂ ਨੂੰ ਹੀ ਟੋਟਲਿਆ ਵਿਚ ਛੰਦ-ਬੱਧ ਕਰਦੇ ਸਨ (ਜਿਸ ਦੀ ਸੁੰਦਰ ਮਿਸਾਲ ਪੀਲੂ ਦਾ ਮਿਰਜ਼ਾ-ਸਾਹਿਬਾਂ ਹੈ) ਤੇ ਬਾਕੀ ਭਾਗਾਂ ਨੂੰ ਲੋਕਾਂ ਸਾਹਮਣੇ ਸਾਧਾਰਨ ਬੋਲਚਾਲ ਦੀ ਭਾਸ਼ਾ ਵਿਚ ਪੇਸ਼ ਕਰ ਦਿੱਤਾ ਜਾਂਦਾ ਸੀ। ਕਈ ਵਾਰ ਯੋਗ ਵਾਰਸਾਂ ਦੀ ਅਣਹੋਂਦ ਕਾਰਨ ਇਹ ਕਿੱਸੇ ਇਨ੍ਹਾਂ ਲੋਕ ਗਾਇਕਾਂ ਦੇ ਨਾਲ ਹੀ ਖਤਮ ਹੋ ਜਾਂਦੇ ਸਨ।

ਮੱਧਕਾਲੀ ਪੰਜਾਬ ਵਿਚ 'ਢੋਲਾ ਸੰਮੀ' ਜਾਂ 'ਢੋਲ ਸ਼ਮਸ਼', 'ਹੀਰ ਰਾਂਝਾ', 'ਸੋਹਣੀ ਮਹੀਵਾਲ', 'ਮਿਰਜ਼ਾ ਸਾਹਿਬਾਂ', 'ਸੱਸੀ ਪੁੰਨੂੰ, 'ਲੈਲਾ ਮਜਨੂੰ', ਆਦਿ ਪ੍ਰੀਤ ਜੋੜੀਆਂ ਦੀਆਂ ਲੋਕ ਕਥਾਂਵਾਂ ਦੇ ਆਮ ਪ੍ਰਚਲਿਤ ਹੋਣ ਦੇ ਪ੍ਰਮਾਣ ਤਤਕਾਲੀ ਪੰਜਾਬੀ ਕਵਿਤਾ ਵਿਚੋਂ ਉਪਲਬਧ ਹਨ। ਲੋਕ ਗੀਤਾਂ ਤੋਂ ਬਿਨਾਂ ਸ਼ੇਖ ਫਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਭਾਈ ਗੁਰਦਾਸ ਗੁਰੂ ਗੋਬਿੰਦ ਸਿੰਘ ਆਦਿ ਮਹਾਂਕਵੀਆਂ ਦੀਆਂ ਰਚਨਾਵਾਂ ਵਿਚ ਇਸ ਦੇ ਅਨੇਕਾਂ ਨਮੂਨੇ ਮਿਲਦੇ ਹਨ। ਭਾਈ ਗੁਰਦਾਸ ਦੀ ਇਕ ਤੁਕ ਸੋਰਠ ਬੀਜਾ ਗਾਵੀਐ ਵਿਚ ਆਏ ਸ਼ਬਦ ਗਾਵੀਐ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਪ੍ਰੀਤ ਕਾਵਿ ਭਾਈ ਗੁਰਦਾਸ ਤੇ ਉਸ ਤੋਂ ਪਹਿਲਾਂ ਕੇਵਲ ਮੌਜੂਦ ਹੀ ਨਹੀਂ ਸੀ ਸਗੋਂ ਇਸ ਨੂੰ

ਗਾਉਣ ਦੀ ਪ੍ਰਥਾ ਵੀ ਪੱਕ ਚੁੱਕੀ ਸੀ।[4] ਸਪੱਸ਼ਟ ਹੈ ਕਿ ਦਮੋਦਰ, ਪੀਲੂ, ਹਾਫਿਜ਼, ਬਰਖੁਰਦਾਰ, ਮੁਢਲੇ ਕਿੱਸਾ ਕਵੀਆਂ ਦੇ ਨਾਵਾਂ ਨਾਲ ਸੰਬੰਧਿਤ ਕਿੱਸੇ ਜਿਹੜੇ ਪੰਜਾਬੀ ਸਾਹਿਤ ਵਿਚ ਪਹਿਲੇ ਲਿੱਪੀ-ਬੱਧ ਰੋਮਾਂਟਿਕ ਕਾਵਿ ਮੰਨੇ ਜਾਂਦੇ ਹਨ। ਉਹ ਉਨ੍ਹਾਂ ਦੀਆਂ ਬਿਲਕੁਲ ਮੌਲਿਕ ਕਿਰਤਾਂ ਨਹੀਂ ਸਗੋਂ ਉਹ ਤਤਕਾਲੀ ਪ੍ਰਚਲਿਤ ਪ੍ਰੀਤ ਕਥਾਵਾਂ ਉੱਤੇ ਆਧਾਰਿਤ ਬਿਆਨਿਆਂ ਕਾਵਿ ਹੈ। ਇਨ੍ਹਾਂ ਕਵੀਆਂ ਦੀ ਵੱਡੀ ਦੇਣ ਪ੍ਰਚਲਿਤ ਮੌਖਿਕ ਕਥਾਵਾਂ ਨੂੰ ਆਪਣੀ ਸ਼ੈਲੀ ਤੇ ਲਿਖਤ ਵਿਚ ਲਿਆ ਕੇ ਸੁਰੱਖਿਅਤ ਕਰਨ ਵਿਚ ਹੈ।

ਪੰਜਾਬ ਵਿਚ ਕਈ ਸੋਮਿਆਂ ਤੋਂ ਪ੍ਰਾਪਤ ਹੋਏ ਕਿੱਸਿਆਂ ਦਾ ਮਿਸ਼ਰਨ ਮਿਲਦਾ ਹੈ। ਇਕ ਉਹ ਜੋ ਪੁਰਾਣੇ ਪਰ ਆਪਣੇ ਦੇਸ਼ ਨਾਲ ਸੰਬੰਧਿਤ ਸਨ, ਦੂਜੇ ਉਹ ਜੋ ਮੱਧਕਾਲੀ ਪੰਜਾਬ ਵਿਚ ਵਾਪਰੇ ਅਤੇ ਤੀਜੇ ਉਹ ਜੋ ਬਾਹਰਲੇ ਦੇਸ਼ਾਂ ਤੋਂ ਆਏ। ਹੌਲੀ-ਹੌਲੀ ਸਾਰੇ ਕਿੱਸੇ ਆਪਸ ਵਿਚ ਰਚ ਮਿਚ ਗਏ ਤੇ ਇਨ੍ਹਾਂ ਦੀਆਂ ਕਥਾਨਕ ਰੂੜ੍ਹੀਆਂ ਦਾ ਨਿਖੇੜ ਕਰ ਸਕਣਾ ਅੱਜ ਅਸਲੋਂ ਅਸੰਭਵ ਹੈ।

ਪੰਜਾਬ ਹਮੇਸ਼ਾਂ ਭਾਰਤ ਦਾ ਦਰ ਤੇ ਬਾਹਰੋਂ ਦਾਖਲ ਹੋਣ ਵਾਲੀਆਂ ਕੌਮਾਂ ਦਾ ਗਾਡੀ-ਰਾਹ ਬਣਿਆ ਰਿਹਾ ਹੈ। ਇਥੇ ਆਏ ਦਿਨ ਨਵੇਂ ਹੱਲੇ ਹੁੰਦੇ ਰਹੇ ਹਨ। ਯੂਨਾਨੀ ਹੁਣ, ਪਠਾਨ, ਈਰਾਨੀ ਤੇ ਮੁਗਲ, ਵਾਰੀ ਵਾਰੀ ਆਉਂਦੇ ਅਤੇ ਲੁੱਟ-ਮਾਰ ਕਰਦੇ ਰਹੇ। ਇਸ ਰਾਜਨੀਤਿਕ ਉਥਲ-ਪੁਥਲ ਕਾਰਨ ਪੰਜਾਬੀ ਸੰਸਕ੍ਰਿਤੀ ਤੇ ਲੋਕਧਾਰਾ ਦਾ ਆਪਣਾ ਠੁੱਕ ਨਾ ਬੱਝ ਸਕਿਆ। ਪੰਜਾਬ ਭਾਰਤ ਵਿਚ ਆਉਣ ਵਾਲੀਆਂ ਕੌਮਾਂ ਦੀਆਂ ਸਭਿਅਤਾਵਾਂ ਤੇ ਸਭਿਆਚਾਰਾਂ ਦੇ ਮਿਲਣ ਤੋਂ ਮਿਸ਼ਰਣ ਦਾ ਮੈਦਾਨ ਬਣਿਆ ਰਿਹਾ। ਇਥੇ ਸਮੇਂ ਸਮੇਂ ਲੋਕ ਕਥਾਵਾਂ ਉੱਤੇ ਆਧਾਰਿਤ ਬਿਆਨਿਆਂ ਕਾਵਿ ਉਗੱਦਾ ਤੇ ਮਿਟਦਾ ਰਿਹਾ ਪਰ ਵਿਕਸਤ ਨਾ ਹੋ ਸਕਿਆ।

ਪੰਜਾਬੀ ਕਿੱਸੇ ਨੂੰ ਛੰਦ-ਬੱਧ ਕਰਨ ਦੀ ਪ੍ਰਿਤ ਪੇਸ਼ਾਵਰ ਗਾਇਕ ਸ਼ਰੇਣੀ ਨੇ ਪਾਈ। ਪੜ੍ਹੇ-ਲਿਖੇ ਵਿਅਕਤੀਆਂ ਰਾਹੀਂ ਕਿਸੇ ਰਚਨਾ ਤੇ ਲਿੱਪੀ ਬੱਧ ਕਰਨ ਦੀ ਰੀਤ ਉਸ ਵੇਲੇ ਪ੍ਰਵਾਨ ਚੜ੍ਹੀ ਜਦੋਂ ਕਿੱਸਿਆਂ ਦੇ ਰਚੇਤਿਆਂ ਨੂੰ ਉਨ੍ਹਾਂ ਦੀ ਕਿਰਤ ਦਾ ਮੁੱਲ ਪ੍ਰਾਪਤ ਹੋਣ ਲੱਗਾ। ਉਨ੍ਹਾਂ ਆਪਣੀ ਪ੍ਰਤਿਭਾ ਨੂੰ ਵਰਤ ਕੇ ਪੂਰੇ ਉਤਸ਼ਾਹ ਨਾਲ ਕਿੱਸੇ ਰਚਨ ਤੇ ਵੇਚ ਵੱਟ ਕਰਨ ਜਾਂ ਇਨਾਮ ਪ੍ਰਾਪਤ ਕਰਨ ਦਾ ਰਾਹ ਫੜਿਆ। ਲਿੱਪੀ ਬੱਧ ਪ੍ਰਾਪਤ ਪੰਜਾਬੀ ਕਿੱਸਿਆਂ ਵਿਚੋਂ ਦਮੋਦਰ ਦੇ ਕਿੱਸਾ ਹੀਰ ਰਾਂਝਾ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਕੁਝ ਸਾਹਿਤ ਖੋਜੀਆਂ ਨੇ ਭਾਵੇਂ ਉਸ ਤੋਂ ਪਹਿਲਾਂ 14ਵੀਂ ਤੇ 15ਵੀਂ ਸਦੀ ਵਿਚ ਰਚੇ ਗਏ ਪੰਜਾਬੀ ਕਿੱਸਿਆਂ ਵੱਲ ਸੰਕੇਤ ਕੀਤਾ ਹੈ ਪਰ ਉਨ੍ਹਾ ਰਚਨਾਹਵਾਂ ਦੀ ਅਸਲੋਂ ਅਪ੍ਰਾਪਤੀ ਕਾਰਨ ਉਨ੍ਹਾਂ ਦੀ ਸੰਭਵ ਹੋਂਦ ਬਹੁਤਾ ਅਰਥ ਨਹੀਂ ਰੱਖਦੀ।

ਦਮੋਦਰ ਤੋਂ ਪਹਿਲਾਂ ਪੰਜਾਬੀ ਕਾਵਿ-ਪਰੰਪਰਾ ਅਸਲੋਂ ਅਧਿਆਤਮਕ ਤੇ ਸੁਧਾਰਕ ਸੀ। ਅਧਿਆਤਮਕ ਸਾਹਿਤ ਅਣਦਿਸਦੀ ਦੁਨੀਆਂ ਦੀ ਗੱਲ ਕਰਦਾ ਸੀ। ਕਿੱਸਾ ਸਾਹਿਤ ਨੇ ਪੰਜਾਬੀ ਵਿਚ ਪਹਿਲੀ ਵਾਰ ਸੰਸਾਰੀ ਜੀਵਨ ਦੀ ਗੱਲ ਕੀਤੀ। ਇਸ ਨੇ ਮਨੁੱਖੀ ਮਨੋਭਾਵਾਂ ਦੇ ਚਿਤਰਣ ਰਾਹੀਂ ਸਾਹਿਤ ਲਈ ਨਵੀਂ ਦਿਲਚਸਪੀ ਪੈਦਾ ਕੀਤੀ ਅਤੇ ਦੇਵਤਿਆਂ ਦੀ ਥਾਂ ਮਨੁੱਖ ਨੂੰ ਨਾਇਕ ਬਣਾ ਕੇ ਪੇਸ਼ ਕੀਤਾ। ਆਤਮਜੀਤ ਸਿੰਘ ਅਨੁਸਾਰ, ਪੰਜਾਬੀ ਕਿੱਸਾ ਕਾਵਿ ਦੀ ਲਹਿਰ ਦਾ ਜਨਮ ਹੀ ਮਨੁੱਖ ਦੀ ਇਸ਼ਕ ਅਤੇ ਹੁਸਨ ਨੂੰ

ਮਾਣਨ ਦੀ ਭੁੱਖ ਨੂੰ ਰਜਾਉਣ ਦੀ ਪ੍ਰਵਿਰਤੀ ਦੇ ਰੂਪ ਵਿਚ ਹੋਇਆ।5 ਇਸ ਤਰ੍ਹਾਂ ਕਿੱਸਾ ਕਾਵਿ ਨੇ ਪੰਜਾਬੀ ਕਵਿਤਾ ਨੂੰ ਅਧਿਆਤਮਕ ਵਾਯੂ ਮੰਡਲ ਵਿਚੋਂ ਕੱਢ ਕੇ ਦੁਨਿਆਵੀਂ ਹੁਸਨ, ਇਸ਼ਕ ਅਤੇ ਜੀਵਨ ਨੂੰ ਮੂਰਤੀਮਾਨ ਕਰਨ ਵੱਲ ਰੁਚਿਤ ਕੀਤਾ।

**ਰਾਜ ਦਰਬਾਰੀ ਸਰਪ੍ਰਸਤੀ**

ਪੰਜਾਬ ਵਿਚ ਅਕਬਰ ਤੋਂ ਪਹਿਲਾਂ ਦਾ ਸਮਾਂ ਵਧੇਰੇ ਰਾਜਨੀਤਕ ਭੰਨ ਤੋੜ ਦਾ ਸਮਾਂ ਸੀ। ਅਜੇਹੇ ਸਮੇਂ ਅਧਿਆਤਮਕ ਸਾਹਿਤ ਹੀ ਲੋਕਾਂ ਨੂੰ ਭਵਿੱਖ ਵਿਚ ਵਿਸ਼ਵਾਸ ਰੱਖਣ ਤੇ ਰੱਬ ਦੀ ਰਜ਼ਾ ਵਿਚ ਰਹਿਣ ਲਈ ਪ੍ਰੇਰਣਾ ਦੇ ਸਕਦਾ ਸੀ। ਅਕਬਰ ਦੇ ਜ਼ਮਾਨੇ ਵਿਚ ਲੋਕ ਅਮਨ ਨਾਲ ਟਿਕ ਗਏ। ਆਮ ਲੋਕ ਮੁਗਲ ਰਾਜ ਦੀ ਸੁੱਚਜੀ ਸਾਸ਼ਨ ਪ੍ਰਣਾਲੀ ਕਾਰਨ ਸ਼ਾਂਤਮਈ ਜੀਵਨ ਬਤੀਤ ਕਰਨ ਲੱਗ ਪਏ ਸਨ। ਇਸੇ ਸਮੇਂ ਸਾਮੰਤਾਂ ਤੇ ਜਾਗੀਰਦਾਰਾਂ ਦੀ ਇਕ ਅਜੇਹੀ ਉੱਚ ਸ਼੍ਰੇਣੀ ਹੋਂਦ ਵਿਚ ਆਈ ਜਿਸਦਾ ਸ਼ੌਂਕ ਸ਼ਿਕਾਰ ਖੇਡਣਾ, ਸ਼ਰਾਬ ਪੀਣਾ, ਸੋਹਣੀਆਂ ਤੀਵੀਆਂ ਦੀ ਸੰਗਤ ਮਾਨਣਾ ਅਤੇ ਪਰਾਸਰੀਰਕ ਤੇ ਕੋਮਾਂਟਿਕ ਕਹਾਣੀਆਂ ਸੁਣਨਾ ਸੀ। ਉਨ੍ਹਾਂ ਦੀਆਂ ਅਜੇਹੀਆਂ ਬਿਰਤੀਆਂ ਨਾਲ ਕਿੱਸਾ ਕਾਵਿ ਦੀ ਉਪਜ ਲਈ ਸੁਖਾਵਾਂ ਮਾਹੌਲ ਕਾਇਮ ਹੋ ਗਿਆ। ਕਵੀਆਂ ਨੂੰ ਆਮ ਲੋਕ ਤਾਂ ਸਰਪ੍ਰਸਤੀ ਦੇ ਹੀ ਨਹੀਂ ਸਕਦੇ ਸਨ, ਇਸ ਲਈ ਉਨ੍ਹਾਂ ਨੂੰ ਅਮੀਰਾਂ ਤੇ ਵਜੀਰਾਂ ਦੀਆਂ ਰੁਚੀਆਂ ਤੇ ਮਨੋਬਿਰਤੀਆਂ ਦਾ ਖਿਆਲ ਰੱਖਣਾ ਪੈਂਦਾ ਸੀ ਤਾਂ ਕਿ ਉਨ੍ਹਾਂ ਤੋਂ ਵੱਡੇ ਵੱਡੇ ਇਨਾਮ, ਤੋਹਫੇ ਤੇ ਜਾਗੀਰਾਂ ਪ੍ਰਾਪਤ ਕੀਤੀਆਂ ਜਾ ਸਕਣ। ਇਸ ਕਰਕੇ ਹੀ 8ਵੀਂ ਸਦੀ ਵਿਚ ਜਾਗੀਰਦਾਰੀ ਨਿਜ਼ਾਮ ਦੀ ਮੰਗ ਨੇ ਕਿੱਸਾ ਕਾਵਿ ਦੀ ਪ੍ਰਫੁਲਤਾ ਲਈ ਵਧੇਰੇ ਤੇ ਚੰਗੇਰੇ ਮੌਕੇ ਪੈਦਾ ਕੀਤੇ ਅਤੇ ਇਸ ਸਮੇਂ ਹੀ ਪੰਜਾਬੀ ਵਿਚ ਉਤੱਮ ਕਿੱਸੇ ਰਚੇ ਗਏ।

ਦਮੋਦਰ ਤੇ ਪੀਲੂ ਤੋਂ ਪਿੱਛੋਂ ਪੜ੍ਹੇ ਲਿਖੇ ਪੰਜਾਬੀ ਕਿੱਸਾਕਾਰਾਂ ਦਾ ਦੌਰ ਸ਼ੁਰੂ ਹੁੰਦਾ ਹੈ ਜੋ ਨਵਾਬ ਜਾਂ ਸਰਦਾਰ ਸ਼੍ਰੇਣੀ ਲਈ ਮਾਇਕ ਤੇ ਪਦਾਰਥਕ ਇਵਜਾਨੇ ਬਦਲੇ ਕਿੱਸੇ ਰਚਨ ਵੱਲ ਰੁਚਿਤ ਹੋਏ। ਹਾਫਿਜ਼ ਬਰਖੁਰਦਾਰ ਉਨ੍ਹਾਂ ਵਿਚੋਂ ਮੋਹਰੀ ਹੈ। ਉਸ ਨੇ ਨਵਾਬ ਜਾਫਰ ਖਾਂਦੇ ਕਹਿਣ ਉਤੇ 1090 ਹਿ. ਵਿਚ ਕਿੱਸਾ ਯੂਬਫ਼ ਜ਼ੂਲੈਖਾਂ ਲਿਖਿਆ ਤੇ ਇਵਜ਼ਾਨੇ ਵਜੋਂ ਸੱਤ ਵਿਘੇ ਜ਼ਮੀਨ, ਘੋੜਾ, ਸਿਰੋਪਾਉ ਤੇ ਇਕ ਸੌ ਰੁਪਏ ਨਕਦ ਇਨਾਮ ਪ੍ਰਾਪਤ ਕੀਤੇ। ਉਹ ਆਪਣੇ ਕਿੱਸਾ ਯੂਸਫ਼ ਜ਼ੂਲੈਖਾਂ ਵਿਚ ਇਹ ਪ੍ਰਗਟਾਵਾ ਕਰਦਾ ਹੈ:

**ਮੈਂ ਨੈਣਾਂ ਦੇ ਨਾਲ ਪਰੋਤੇ ਚੁਣ ਚੁਣ ਦੁਰ ਯਗਾਨੇ।**
**ਤਾਂ ਇਹ ਹਾਰ ਮਰੱਤਬ ਹੋਇਆ ਆਲਮੀਗਰ ਜ਼ਮਾਨੇ।**
**ਨਵਾਬ ਜਾ.ਫ਼ਰ ਖਾਂ ਫੁਰਮਾਇਸ਼ ਕੀਤੀ ਤਾਂ ਇਹ ਕਿੱਸਾ ਬੁਣਿਆ।**
**ਜ਼ਾਹਿਰ ਬਾਤਨ ਰਾਜ਼ੀ ਹੋਇਆ ਜਾਂ ਇਹ ਪੜ੍ਹਿਆ ਸੁਣਿਆ।**
**ਇਕ ਜ਼ਮੀਨ ਇਨਾਇਤ ਕੀਤੀ ਬਿੱਘਾ ਸੱਤ ਪਛਾਣੀ।**
**ਜੋੜਾ ਘੋੜਾ ਨਕਦ ਦੁਆਇਆ, ਸੌ ਰੁਪਿਆ ਜਾਣੀ।**

ਇਸ ਸਮੇਂ ਤੱਕ ਪੰਜਾਬ ਦੀ ਲਗਭਗ ਅੱਧੀ ਵੱਸੋਂ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣ ਚੁੱਕੀ ਸੀ ਜੋ ਦੇਸੀ ਭਾਸ਼ਾਵਾਂ ਹੀ ਜਾਣਦੀ ਸੀ। ਬਦੇਸ਼ੀ ਮੁਸਲਮਾਨ ਹਾਕਮ ਜੋ ਕਈ ਪੀੜ੍ਹੀਆਂ ਤੋਂ ਪੰਜਾਬ ਵਿਚ ਰਹਿ ਰਹੇ ਸਨ ਵੀ ਪਜੰਾਬੀ ਭਾਸ਼ਾ ਨੂੰ

ਚੰਗੀ ਤਰ੍ਹਾਂ ਸਿੱਖ ਗਏ ਸਨ ਅਤੇ ਉਹ ਆਪਣੀ ਬਦੇਸ਼ੀ ਬੋਲੀ ਫ਼ਾਰਸੀ ਨਾਲੋਂ ਟੁੱਟ ਗਏ ਸਨ। ਉਨ੍ਹਾਂ ਦੀ ਮਾਤ ਭਾਸ਼ਾ ਵਜੋਂ ਫਾਰਸੀ ਦੀ ਥਾਂ ਦੇਸੀ ਬੋਲੀਆਂ ਨੇ ਲੈ ਲਈ ਸੀ। ਇਸ ਤਰ੍ਹਾਂ ਫਾਰਸੀ ਕੇਵਲ ਪੜ੍ਹੇ ਲਿਖੇ ਲੋਕਾਂ ਦੀ ਜ਼ਬਾਨ ਬਣ ਕੇ ਰਹਿ ਗਈ ਸੀ। ਆਮ ਮੁਸਲਮਾਨਾਂ ਦੀ ਪਹੁੰਚ ਤੋਂ ਇਹ ਦੂਰ ਦੀ ਗੱਲ ਸੀ। ਹਿੰਦੂਆਂ ਤੋਂ ਮੁਸਲਮਾਨ ਹੋਈ ਪੰਜਾਬੀ ਵੱਸੋਂ ਦਾ ਸੰਬੰਧ ਨਵੀਂ ਇਸਲਾਮੀ ਸੰਸਕ੍ਰਿਤੀ ਨਾਲ ਜੁੜ ਜਾਣ ਕਰਕੇ ਬ੍ਰਿਜ ਭਾਸ਼ਾ ਤੇ ਸੰਸਕ੍ਰਿਤ ਨਾਲੋਂ ਟੁੱਟ ਗਿਆ। ਇਸ ਲਈ ਸੰਸਕ੍ਰਿਤ ਦਾ ਮਾਣ ਘਟਣ ਤੇ ਆਮ ਦੇਸੀ ਬੋਲੀਆਂ ਦੀ ਕਦਰ ਵਧਣ ਲੱਗ ਪਈ ਸੀ। ਹਿੰਦੂ ਸਿੱਖਾਂ ਤੋਂ ਬਿਨਾਂ ਪੰਜਾਬੀ ਮੁਸਲਮਾਨਾਂ, ਹਾਕਮਾਂ ਤੇ ਜਾਗੀਰਦਾਰ ਸ੍ਰੇਣੀਆਂ ਨੇ ਸਾਹਿਤਕ ਮਾਧਿਅਮ ਲਈ ਪੰਜਾਬੀ ਦੀ ਵਰਤੋਂ ਸ਼ੁਰੂ ਕਰ ਦਿੱਤੀ। ਇਧੇ ਫ਼ਾਰਸੀ ਦੇ ਰਲੇ ਨਾਲ ਪੰਜਾਬੀ ਦਾ ਇਕ ਨਵਾਂ ਰੂਪ ਨਿਖਰਨ ਲੱਗ ਪਿਆ। ਅਰਬੀ ਫਾਰਸੀ ਮਿਲੀ ਪੰਜਾਬੀ ਇਕ ਪਾਸੇ ਧਾਰਮਿਕ ਸਿੱਖਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੀ ਜਾਣ ਲੱਗੀ ਅਤੇ ਦੂਜੇ ਪਾਸੇ ਆਮ ਲੋਕਾਂ ਦੇ ਮਨੋਰੰਜਨ ਲਈ ਇਸ ਨੇ ਕਿੱਸਿਆਂ ਦਾ ਰੂਪ ਧਾਰਨ ਕਰ ਲਿਆ। ਮੱਧਕਾਲ ਦੇ ਕਿੱਸਾਕਾਰਾਂ ਵਿਚ ਮੁਨਸ਼ੀ ਸੁੰਦਰ ਦਾਸ ਆਰਾਮ ਜਿਹੇ ਇਕ ਅੱਧ ਹਿੰਦੂ ਤੋਂ ਛੁੱਟ ਮੁਸਲਮਾਨ ਕਵੀਆਂ ਦੇ ਨਾਂ ਹੀ ਆਉਂਦੇ ਹਨ ਅਤੇ ਸਿੱਖ ਕਿੱਸਾਕਾਰ ਤਾਂ ਉੱਕਾ ਹੀ, ਕਿਧਰੇ ਨਹੀਂ ਦਿਸਦੇ। ਇਨ੍ਹਾਂ ਕਿੱਸਾਕਾਰਾਂ ਦੇ ਨਾਵਾਂ ਦੇ ਨਾਲ ਲੱਗੇ ਹਾਫਿਜ਼, ਮੌਲਵੀ, ਮੁਨਸ਼ੀ ਜਾਂ ਪਿੱਛੇ ਲੱਗੇ ਸ਼ਾਹ ਆਦਿ ਪਦ ਇਹ ਪ੍ਰਗਟ ਕਰਦੇ ਹਨ ਕਿ ਪੁਰਾਣੇ ਭੱਟ, ਮਰਾਸੀ, ਭਰਾਈ ਆਦਿ ਲੋਕ ਗਾਇਕਾਂ ਦੀ ਥਾਂ ਫਾਰਸੀਦਾਨਾ ਜਾਂ ਥੋੜ੍ਹਾ ਬਹੁਤਾ ਪੜ੍ਹੇ ਲਿਖੇ ਮੁਨਸ਼ੀਆਂ, ਮਸੀਤਾਂ ਦੇ ਮੌਲਵੀਆਂ ਤੇ ਅਮਾਮਾਂ ਦਾ ਨਾਂ ਕਿੱਸਾਕਾਰੀ ਵਿਚ ਆਉਣਾ ਆਰੰਭ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਪਹਿਲਾਂ ਮੱਧਕਾਲ ਵਿਚ ਹਿੰਦੂ ਸਿੱਖ ਕਵੀਆਂ ਦਾ ਪੰਜਾਬੀ ਕਿੱਸਾਕਾਰੀ ਵੱਲੋਂ ਵੱਖ ਰਹਿਣ ਦਾ ਮੁੱਖ ਕਾਰਨ ਹਿੰਦੂ ਸੰਸਕ੍ਰਿਤੀ ਦੇ ਪੁਰਾਣਕ ਝੁਕਾਵਾਂ ਵਿਚ ਲੁਕਿਆ ਹੋਇਆ ਹੈ। ਭਾਰਤੀ ਸੰਸਕ੍ਰਿਤੀ ਅਨੁਸਾਰ ਧਾਰਮਿਕ ਕਥਾਵਾਂ ਵਿਚ ਪਰਲੋਕ ਦੀਆਂ ਕਹਾਣੀਆਂ ਨੂੰ ਤਾਂ ਪ੍ਰਧਾਨਤਾ ਪ੍ਰਾਪਤ ਹੁੰਦੀ ਰਹੀ ਪਰ ਇਹ ਲੋਕ ਦੀਆਂ ਕਹਾਣੀਆਂ ਨੂੰ ਉੱਕਾ ਮਾਨਤਾ ਨਹੀਂ ਦਿੱਤੀ ਗਈ। ਦੂਜਾ ਕਾਰਨ, ਉਸ ਵੇਲੇ ਪੰਜਾਬਰ ਵਿਚ ਮਬਗਲ ਰਾਜ ਦੀ ਪਕੜ ਕਾਰਣ ਹਿੰਦੂ ਸਿੱਖ ਇਕ ਵੱਡੇ ਸੰਕਟ ਵਿਚੋਂ ਗੁਜ਼ਰ ਰਹੇ ਸਨ। ਇਨ੍ਹਾਂ ਵਿਚੋਂ ਜੇ ਸਿੱਖ ਉੱਠੇ ਵੀ ਤਾਂ ਉਹ ਆਪਣੀ ਧਾਰਮਿਕ ਤੇ ਰਾਜਸੀ ਆਜ਼ਾਦੀ ਪ੍ਰਾਪਤ ਕਰਨ ਦੇ ਘੋਲ ਵਿਚ ਜੁੱਟੇ ਅਤੇ ਮਜਾਜ਼ੀ ਪ੍ਰੀਤ ਵਾਲੀ ਕਿੱਸਿਆਂ ਦੀ ਇਹ ਬਿਰਤੀ ਉਨ੍ਹਾਂ ਦੀ ਰੁਚੀ ਨਾਲ ਮੇਲ ਨਹੀਂ ਸੀ ਖਾਂਦੀ।

## ਮਸਨਵੀ ਦਾ ਪ੍ਰਭਾਵ

ਮੁਸਲਮਾਨਾਂ ਦਾ ਪੰਜਾਬੀ ਵੱਲ ਰੁਝਾਨ ਵਧ ਜਾਣ ਅਤੇ ਸੂਫੀਆਂ ਦੁਆਰਾ ਦੀਨੀ ਸਿੱਖਿਆ ਦਾ ਮਾਧਿਅਮ ਪੰਜਾਬੀ ਨੂੰ ਬਣਾਏ ਜਾਣ ਉੱਤੇ ਫਾਰਸੀ ਦੀਆਂ ਪ੍ਰਸਿੱਧ ਪੁਸਤਕਾਂ ਗੁਲਿਸਤਾਂ, ਬੋਸਤਾਂ, ਕੁਰਾਨ ਤੇ ਹਦੀਸਾਂ ਦੇ ਅਨੁਵਾਦ ਪੰਜਾਬੀ ਵਿਚ ਕਰਵਾਏ ਜਾਣ ਲੱਗ ਪਏ। ਪੰਜਾਬ ਵਿਚ ਮੁਸਲਿਮ-ਹਿੰਦੂ ਇਕ ਲਵੀਂ ਸੰਸਕ੍ਰਿਤੀ ਕਾਇਮ ਹੋਣ ਲੱਗ ਪਈ। ਦੋਹਾਂ ਕੌਮਾਂ ਦੇ ਸਭਿਆਚਾਰਾਂ ਦਾ ਪ੍ਰਭਾਵ ਇਕ ਦੂਜੇ ਉੱਤੇ ਪੈਣ ਲੱਗਾ।

ਇਹ ਨਵੀਂ ਸੰਸਕ੍ਰਿਤੀ ਹੀ ਪੰਜਾਬੀ ਕਿੱਸਿਆਂ ਵਿਚ ਮੁੱਖ ਤੌਰ 'ਤੇ ਮੂਰਤੀਮਾਨ ਹੋਈ ਹੈ। ਲਾਹੌਰ, ਸਿਆਲਕੋਟ, ਸਰਹਿੰਦ, ਐਮਨਾਬਾਦ, ਕਸੂਰ ਤੇ ਮੁਲਤਾਨ ਫਾਰਸੀ ਵਿਦਿਆ ਦੇ ਵੱਡੇ ਕੇਂਦਰ ਬਣ ਗਏ। ਇਥੇ ਫਿਰਦੋਸ਼ੀ, ਨਿਜ਼ਾਮੀ, ਅਮੀਰ ਖ਼ੁਸਰੋ ਤੇ ਜਾਮੀ ਦੀਆਂ ਰਚਨਾਵਾਂ ਨੂੰ ਆਮ ਪੜ੍ਹਿਆ ਪੜ੍ਹਾਇਆ ਜਾਣ ਲੱਗ ਪਿਆ। ਯੂਸਫ ਜ਼ੁਲੈਖਾਂ, ਸ਼ੀਰੀਂ ਖ਼ੁਸਰੋ, ਲੈਲਾ ਮਜਨੂੰ ਆਦਿ ਫਾਰਸੀ ਮਸਨਵੀਆਂ ਦੇ ਅਨੁਵਾਦ ਪੰਜਾਬੀ ਵਿਚ ਕਰਵਾਏ ਗਏ। ਮੁਸਲਮਾਨ ਕਵੀਆਂ ਲੇ ਲੈਲਾ ਮਜਨੂੰ, ਸ਼ੀਰੀਂ ਫਰਹਾਦ, ਯੂਸਫ ਜ਼ੂਲੈਖਾਂ, ਆਦਿ ਪ੍ਰੀਤ ਕਥਾਵਾਂ ਦੇ ਪੰਜਾਬੀ ਵਿਚ ਮਸਨਵੀ ਦੇ ਢਾਂਚੇ ਅਨੁਸਾਰ ਮੌਲਿਕ ਕਿੱਸੇ ਰਚੇ। ਇਸ ਦੇ ਨਾਲ-ਨਾਲ ਪੰਜਾਬ ਵਿਚ ਪ੍ਰਚਲਿਤ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਆਦਿ ਦੇਸੀ ਪ੍ਰੀਤ ਕਥਾਵਾਂ ਨੂੰ ਵੀ ਮਸਨਵੀ ਦੇ ਪ੍ਰਭਾਵ ਅਧੀਨ ਕਿੱਸੇ ਦੇ ਰੂਪ ਵਿਚ ਰਚਿਆ ਜਾਣ ਲੱਗਾ। ਪੰਜਾਬ ਵਿਚ ਫਾਰਸੀ ਮਸਨਵੀ ਦੇ ਆਉਣ ਤੋਂ ਪਹਿਲਾਂ ਕਿੱਸਾ ਕਾਵਿ ਲਈ ਭਾਵੇਂ ਭਾਰਤੀ ਪ੍ਰੇਮਾਖਿਆਨ ਤੇ ਮੌਖਿਕ ਸਾਹਿਤ ਪਰੰਪਰਾ ਰਾਹੀਂ ਆਧਾਰ ਕਾਇਮ ਹੋ ਚੁੱਕਿਆ ਸੀ ਪਰ ਮੌਜੂਦਾ ਕਿੱਸੇ ਦੇ ਵਿਕਾਸ ਵਿਚ ਮਸਨਵੀ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਮਸਨਵੀ ਦੇ ਪ੍ਰਭਾਵ ਨਾਲ ਹੀ ਇਸ ਨੇ ਆਪਣਾ ਮੌਜੂਦਾ ਰੂਪ ਨਿਖਾਰਿਆ।

ਫ਼ਾਰਸੀ ਦੇ ਉਨ੍ਹਾਂ ਬਾਰੇ ਕਿੱਸਿਆਂ ਦਾ ਪ੍ਰਭਾਵ ਪੰਜਾਬੀ ਕਿੱਸੇ ਉੱਤੇ ਪਿਆ ਜਿਹੜੇ ਫਿਰਦੋਸੀ ਦੇ ਸ਼ਾਹਨਾਮਾ ਲਈ ਸਮੱਗਰੀ ਪ੍ਰਦਾਨ ਕਰਦੇ ਰਹੇ। ਇਨ੍ਹਾਂ ਕਿੱਸਿਆਂ ਦੇ ਪ੍ਰਭਾਵ ਨਾਲ ਪੰਜਾਬੀ ਕਿੱਸਾਕਾਰਾਂ ਦੀ ਪੱਧਰ ਅੱਗੇ ਨਾਲੋਂ ਉਚੇਰੀ ਤਾਂ ਹੋ ਗਈ ਪਰ ਕਿੱਸਿਆਂ ਵਿਚ ਪਹਿਲਾਂ ਵਾਲੀ ਸਾਦਗੀ ਤੇ ਆਪ ਮੁਹਾਰੇਪਣ ਦੀ ਸਿਫ਼ਤ ਘੱਟ ਗਈ। ਕਵੀਆਂ ਵਿਚ ਆਪਣੀ ਵਿਦਵਤਾ ਦਾ ਸਿੱਕਾ ਆਪਣੇ ਪਾਠਕਾਂ ਤੇ ਪ੍ਰਸ਼ੰਸਕਾਂ ਉੱਤੇ ਬਿਠਾਉਣ ਦੀ ਇੱਛਾ ਨੇ ਫਾਰਸੀ ਸ਼ਬਦਾਵਲੀ ਮਿਲੀ ਪੰਜਾਬੀ ਕਵਿਤਾ ਲਿਖਣ ਦੀ ਪਿਰਤ ਪਾ ਦਿੱਤੀ। ਹੌਲੀ ਹੌਲੀ ਇਸ ਰੁਚੀ ਨੇ ਪੰਜਾਬੀ ਬੋਲੀ ਦਾ ਰੰਗ ਢੰਗ ਤੇ ਮੁਹਾਵਰਾ ਹੀ ਬਦਲ ਦਿੱਤਾ। ਫਾਰਸੀ ਤਸ਼ਬੀਹਾਂ, ਤਲਮੀਹਾਂ, ਇਸ਼ਤਿਆਰੇ ਤੇ ਬਨਾਵਟੀ ਸ਼ਬਦਾਵਲੀ ਦਾ ਜ਼ੋਰ ਵਧਦਾ ਵਧਦਾ ਏਨਾ ਵਧਿਆ ਕਿ ਕਈ ਕਿੱਸਾਕਾਰਾਂ ਦੀਆਂ ਰਚਨਾਵਾਂ ਵਿਚ ਕੁਝ ਥਾਵਾਂ ਉੱਤੇ ਤਾਂ ਇਕ ਤੁਕ ਦੇ ਦਸ ਸ਼ਬਦਾਂ ਵਿਚ ਨੌਂ ਸ਼ਬਦ ਫ਼ਾਰਸੀ ਦੇ ਤੇ ਮਸਾਂ ਇਕ ਸ਼ਬਦ ਹੀ ਪੰਜਾਬੀ ਦਾ ਮਿਲਦਾ ਹੈ।

ਫਲਸਰੂਪ ਪੰਜਾਬੀ ਕਿੱਸਾਕਾਰੀ ਲੇ ਤਰਤੀਬ, ਤਕਨੀਕ, ਵਸਤੂ ਤੇ ਚਾਲ ਸਾਰੀ ਦੀ ਸਾਰੀ ਮਸਨਵੀ ਵਾਲੀ ਅਪਣਾ ਲਈ। ਕਿੱਸੇ ਦਾ ਆਰੰਭ, ਮਸਨਵੀ ਮੁਤਾਬਕ ਰੱਬ, ਰਸੂਲ ਤੇ ਚਾਰ ਯਾਰਾਂ ਦੀ ਉਪਮਾ ਤੇ ਕਿੱਸਾ ਰਚਣ ਦਾ ਕਾਰਨ ਦਸੱਣ ਨਾਲ ਹੋਣ ਲੱਗਾ। ਮਸਨਵੀ ਦੇ ਪ੍ਰਭਾਵ ਅਧੀਨ ਨਾਇਕ/ਨਾਇਕਾ ਦੇ ਹੁਸਨ ਦਾ ਵਰਣਨ ਕੀਤਾ ਜਾਣ ਲੱਗਾ। ਮਾਸ਼ੂਕਾ ਤਿੱਖੇ ਨੈਣਾ ਵਾਲੀ, ਨੁਹਾਰ, ਪਲਕਾਂ ਤੀਰ, ਅੱਖਾਂ ਨਰਗਸੀ, ਕੱਦ ਸਰੂ, ਗਰਦਨ ਸੁਰਾਹੀਦਾਰ, ਨੱਕ ਅਲਫ਼ ਹੁਸੈਨੀ ਦਾ ਪੀਪਲਾ, ਦੰਦ ਚੰਬੇ ਦੀਆਂ ਕਲੀਆਂ, ਬਾਹਾਂ ਮੱਖਣ ਦੇ ਵੇਲਣੇ, ਉਂਗਲਾਂ ਰਵਾਂਹ ਫਲੀਆਂ ਆਦਿ, ਦਾ ਬਿਆਨ ਤਸ਼ਬੀਹਾਂ ਰਾਹੀਂ ਹੋਣ ਲੱਗਾ। ਨਾਇਕ ਨਾਲੋਂ ਨਾਇਕਾ ਦੇ ਹੁਸਨ ਵਰਣਨ ਉੱਤੇ ਵਧੇਰੇ ਬਲ ਦਿੱਤਾ ਜਾਣ ਲੱਗਾ। ਹੁਸਨ ਦਾ ਇਹ ਵਰਣਨ ਸਰੀਰ ਦੇ ਉਪਰਲੇ

ਅੰਗਾਂ ਸਿਰ ਅਥਵਾ ਚਿਹਰੇ ਤੋਂ ਆਰੰਭ ਹੋ ਕੇ ਪੈਰਾਂ ਦੀਆਂ ਤਲੀਆਂ ਤੱਕ ਕੀਤਾ ਜਾਣ ਲੱਗਾ। ਪੰਜਾਬੀ ਕਿੱਸੇ ਵਿਚ ਸਭ ਤੋਂ ਪਹਿਲਾਂ ਹਾਫ਼ਿਜ਼ ਬਰਖੁਰਦਾਰ ਦੇ ਕਿੱਸਾ ਯੂਸਫ਼ ਜ਼ੁਲੈਖਾਂ ਵਿਚ ਜ਼ੁਲੈਖਾਂ ਦੇ ਹੁਸਨ ਦੇ ਬਿਆਨ ਉੱਤੇ ਫਾਰਸੀ ਸਾਹਿਤ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ :

**ਮੂੰਹ ਮਹਿਤਾਬ ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ।**
**ਪਲਕਾਂ ਤੀਰ ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।**
**ਨਾਜ਼ਰ ਲੱਕ, ਸੁਰਾਹੀ ਗਰਦਨ, ਉਂਗਲੀਆਂ ਜਿਉਂ ਫਲੀਆਂ।**
**ਠੋਡੀ ਸੇਬ ਅਲਫ਼ ਜਿਉਂ ਬੀਨੀ, ਲੌਂਗ ਨ ਵਾਤ ਸਮਾਵੇ।**
**ਗੁਲ-ਲਾਲਾਂ ਥੀਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ।**

ਇਸੇ ਤਰ੍ਹਾਂ ਉਸਨੇ ਸਾਹਿਬਾਂ ਨੇ ਹੁਸਨ ਦਾ ਵਰਣਨ ਕਰਦਿਆਂ ਉਸ ਦੇ ਅੰਗ ਅੰਗ ਨੂੰ ਦ੍ਰਿਸ਼ਟੀਗੋਚਰ ਕੀਤਾ ਅਤੇ ਉਸਦੇ ਰੂਪ ਤੇ ਸੁੰਦਰਤਾ ਨੂੰ ਮਜੀਠ ਰੰਗ ਦੇ ਚੋ ਚੋ ਧਰਤ ਰੰਗੀਨ ਨਾਲ ਉਪਮਾ ਦਿੱਤੀ ਹੈ। ਨਾਇਕਾ ਦੇ ਸੁਰਖ ਬੁੱਲ੍ਹਾਂ, ਉਜਲੇ ਦੰਦਾਂ, ਤਿੱਖੇ ਨੈਣ ਕਟਾਰੀਆਂ ਦਾ ਵਰਣਨ ਉਪਮਾਵਾਂ ਰਾਹੀਂ ਕੀਤਾ ਹੈ। ਉਸ ਵਾਂਗ ਹੀ ਵਾਰਿਸ, ਹਾਸ਼ਮ, ਫ਼ਜ਼ਲਸ਼ਾਹ ਆਦਿ ਅਗਲੇਰੇ ਕਵੀਆਂ ਨੇ ਵੀ ਫਾਰਸੀ ਦੇ ਅਨੁਕਰਣ ਨਾਲ ਨਾਇਕਾ ਦੀ ਸੁੰਦਰਤਾ ਨੂੰ ਮੂਰਤੀਮਾਨ ਕੀਤਾ ਹੈ। ਵਾਰਿਸ ਦੁਆਰਾ ਹੀਰ ਦੇ ਕੀਤੇ ਹੁਸਨ ਵਰਣਨ ਦੀ ਇਕ ਉਦਾਹਰਣ ਵੇਖੋ :

**ਨੈਣ ਨਰਗਸੀ ਮ੍ਰਿਗ ਮਮੋਲੜੇ ਦੇ,**
**ਗੱਲਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ।**
**ਭਵਾਂ ਵਾਂਗ ਕਮਾਨ ਲਾਹੌਰ ਦਿਸਣ,**
**ਕੋਈ ਹੁਸਨ ਨ ਅੰਤ ਹਿਸਾਬ ਦਾ ਜੀ।**
**ਸੁਰਮਾਂ ਨੈਣਾਂ ਦੀ ਧਾਰ ਵਿਚ ਫੱਬ ਰਹਿਆ,**
**ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।**

ਮਸਨਵੀ ਦੇ ਪ੍ਰਭਾਵ ਹੇਠ ਰਚੇ ਗਏ ਵਧੇਰੇ ਕਿੱਸੇ ਮੁਸਲਮਾਨੀ ਰੰਗ ਦੇ ਹਨ। ਮਸਨਵੀ ਵਾਂਗ ਪੰਜਾਬੀ ਕਿੱਸੇ ਨੂੰ ਵੀ ਸਵਾਲ-ਜਵਾਬ ਵਿਚ ਪੇਸ਼ ਕੀਤਾ ਜਾਣ ਲੱਗਾ। ਹਰ ਬੰਦ ਦਾ ਵੱਖਰਾ ਸ਼ੀਰਸ਼ਕ ਦੇਣ ਤੇ ਹਰ ਬੰਦ ਦੇ ਅੰਤ ਵਿਚ ਕਵੀ ਦਾ ਤੁਖੱਲਸ ਜਾਂ ਕਾਵਿਕ ਨਾਂ ਦੇਣ ਦੀ ਪਿਰਤ ਅਤੇ ਅੰਤਲੀਆਂ ਇਕ ਦੋ ਤੁਕਾਂ ਵਿਚ ਕੋਈ ਨਾ ਕੋਈ ਅਟੱਲ ਸੱਚਾਈ ਦੇਣ ਦੀ ਰੀਤ ਵੀ ਪੰਜਾਬੀ ਕਿੱਸੇ ਨੇ ਮਸਨਵੀ ਤੋਂ ਹੀ ਗ੍ਰਹਿਣ ਕੀਤੀ। ਨਾਟਕੀ ਮੌਕੇ, ਘਟਨਾਵਾਂ ਦਾ ਮੇਲ, ਪਰਾਸਰੀਰਕ ਸ਼ਕਤੀਆਂ, ਪਰੰਪਰਾਗਤ ਮਿਥਿਹਾਸ ਦਾ ਧਾਰਨੀ ਹੋਣਾ, ਨਾਇਕ/ਨਾਇਕਾ ਦੀ ਪਿੱਠ ਉੱਤੇ ਕਿਸੇ ਪਰਾਸਰੀਰਕ ਸ਼ਕਤੀ ਅਰਥਾਤ ਪੀਰ ਫ਼ਕੀਰ ਜਾਂ ਗੁਰੂ ਦਾ ਹੱਥ ਹੋਣਾ, ਨਿੱਕੀ ਉਮਰ ਤੋਂ ਨੇਹੁੰ ਲੱਗ ਜਾਣਾ, ਸੁਪਨੇ ਵਿਚ ਇਕ ਦੂਜੇ ਨੂੰ ਸਾਖਿਆਤ ਮਿਲਾਪ ਤੋਂ ਪਹਿਲਾਂ ਹੀ ਮਿਲ ਪੈਣਾ ਅਤੇ ਅਖ਼ੀਰ ਵਿਚ ਇਕ ਦੂਜੇ ਪਿੱਛੋਂ ਨਾਇਕ/ਨਾਇਕਾ ਨੇ ਜਾਣੇ ਦੇ ਦੇਣੀ, ਕਹਿੰਦਾ ਹੈ ਸ਼ਾਇਰ, ਅੱਖੀਂ ਡਿੱਠਾ ਜਾਂ ਸ਼ਾਇਰ ਨੇ ਵੇਖਿਆ ਸੁਣਿਆ, ਇਹ ਸਾਰੀ ਦੀ ਸਾਰੀ ਪਰੰਪਰਾ ਮਸਨਵੀ ਵਾਲੀ ਹੈ ਜੋ ਪੰਜਾਬੀ ਕਿੱਸਾ ਕਾਵਿ ਨੇ ਅਪਣਾ ਲਈ ਹੈ।

ਯੂਸਫ਼ ਜ਼ੂਲੈਖਾਂ, ਸ਼ੀਰੀਂ ਫਰਹਾਦ, ਲੈਦਾ ਮਜਨੂੰ, ਆਦਿ ਪ੍ਰਸਿੱਧ ਫ਼ਾਰਸੀ ਮਸਨਵੀਆਂ ਦੀਆਂ ਕਈ ਘਟਨਾਵਾਂ ਦਾ ਨਿਰੋਲ ਪੰਜਾਬੀ ਦੇ ਕਿੱਸਿਆਂ ਵਿਚ ਅੰਕਿਤ ਹੋਣਾ ਵੀ ਮਸਨਵੀ ਦੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਰਾਂਝੇ ਨੂੰ ਹੀਰ ਬੇਲੇ ਵਿਚ ਚੂਰੀ ਦੇਣ ਜਾਂਦੀ ਹੈ ਤਾਂ ਦੂਜੇ ਪਾਸੇ ਫਰਹਾਦ ਨੂੰ ਸ਼ੀਰੀਂ ਪਹਾੜ ਉੱਤੇ ਜਾ ਕੇ ਅੰਨ ਪਾਣੀ ਪਹੁੰਚਾਉਂਦੀ ਹੈ। ਸਾਰੀਆਂ ਨਾਇਕਾਵਾਂ ਦਾ ਵਿਆਹ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਹੁੰਦਾ ਹੈ ਜਿਵੇਂ ਲੈਲਾ ਦਾ, ਹੀਰ ਦਾ, ਸਾਹਿਬਾਂ ਦਾ, ਸੋਹਣੀ ਦਾ ਅਤੇ ਜਲਾਲੀ ਦਾ। ਰਾਂਝਾ ਯੂਸਫ਼ ਵਾਂਗ ਭਰਾਵਾਂ ਵਿਚੋਂ ਸਭ ਤੋਂ ਛੋਟਾ ਤੇ ਸੁੰਦਾ ਹੈ ਅਤੇ ਭਰਾ ਉਸ ਨਾਲ ਸਾੜਾ ਕਰਦੇ ਹਨ। ਯੂਸਫ਼ ਤੇ ਰਾਂਝਾ ਦੋਵੇਂ ਕਰਾਮਾਤੀ ਸ਼ਕਤੀਆਂ ਦੀ ਸਹਾਇਤਾ ਲੈਂਦੇ ਹਨ। ਯੂਸਫ਼ ਪਾਸ ਇਕ ਅਨੋਖੀ ਛੜੀ ਹੈ। ਰਾਂਝੇ ਪਾਸ ਅਜੇਹੀ ਹੀ ਵੰਝਲੀ ਹੈ ਜਿਸ ਨੂੰ ਸੁਣ ਕੇ ਲੋਕ ਤਾਂ ਬੇਸੁੱਧ ਹੁੰਦੇ ਹੀ ਹਨ ਪਰ ਪੀਰ ਫ਼ਕੀਰ ਵੀ ਮਸਤ ਹੋ ਜਾਂਦੇ ਹਨ। ਮੁਸੀਬਤ ਵੇਲੇ ਜ਼ੂਲੈਖਾਂ ਤੇ ਹੀਰ ਦੋਹਾਂ ਦੀ ਰੱਖਿਆ ਪਰਾਸਰੀਰਕ ਸ਼ਕਤੀਆਂ ਕਰਦੀਆਂ ਹਨ। ਹੀਰ ਦੀ ਸਹਾਇਤਾ ਮਿੱਠੀ ਨਾਇਣ, ਲੈਲਾ ਦੀ ਇਕ ਬੁੱਢੀ ਤੀਵੀਂ ਅਤੇ ਮਿਰਜ਼ਾ ਸਾਹਿਬਾਂ ਵਿਚ ਮਿਰਜੇ ਦੀ ਮਾਸੀ ਕਰਦੀ ਹੈ। ਯੂਸਫ਼ ਗੁਲਾਮ ਬਣ ਕੇ ਜ਼ੂਲੈਖਾਂ ਦੀ ਸੇਵਾ ਕਰਦਾ ਹੈ ਤਾਂ ਰਾਂਝਾ ਚਾਕ ਬਣ ਕੇ ਹੀਰ ਦੇ ਡੰਗਰ ਚਾਰਦਾ ਹੈ। ਚਿੱਠੀ ਪੱਤਰ ਦੇ ਆਦਾਨ-ਪ੍ਰਦਾਨ ਦੀ ਵੀ ਮਸਨਵੀਆਂ ਤੇ ਕਿੱਸਿਆਂ ਵਿਚ ਸਾਂਝ ਹੈ। ਜਿਵੇਂ ਯੂਸਫ਼ ਤੇ ਉਸਦੇ ਭਰਾਵਾਂ ਵਿਚਕਾਰ ਖ਼ਤੋਖਤਾਬਤ ਹੁੰਦਾ ਹੈ, ਇਸੇ ਤਰ੍ਹਾਂ ਰਾਂਝੇ ਤੇ ਉਸਦੇ ਭਰਾਵਾਂ ਵਿਚਕਾਰ ਵੀ ਚਿੱਠੀਆਂ ਚਲਦੀਆਂ ਹਨ। ਲੈਲਾ ਮਜਨੂੰ ਵਿਚ ਵੀ ਅਜੇਹੇ ਪੱਤਰਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਬਹੁਤੀਆਂ ਪ੍ਰੀਤ ਕਥਾਵਾਂ ਦਾ ਅੰਤ ਸਵਰਗਾਂ ਵਿਚ ਮਿਲਾਪ ਰਾਹੀਂ ਕਰਾਇਆ ਜਾਂਦਾ ਹੈ ਤੇ ਸਾਰੀ ਕਹਾਣੀ ਆਤਮਾ ਤੇ ਸਰੀਰ ਦੇ ਸੰਜੋਗ ਵਿਜੋਗ ਦੀ ਪ੍ਰਤੀਕ ਮੰਗ ਨਹੀ ਜਾਂਦੀ ਹੈ। ਅਜਿਹੀਆਂ ਹੋਰ ਕਈ ਸਮਾਨਤਾਵਾਂ ਦਾ ਵਿਸਥਾਰ ਹਾਫ਼ਿਜ਼ ਬਰਖੁਰਦਾਰ, ਅਹਿਮਦ ਗੁੱਜਰ, ਮੁਕਬਲ, ਵਾਰਿਸ ਸ਼ਾਹ, ਅਹਿਮਦ ਯਾਰ, ਹਾਸ਼ਮ, ਕਾਦਰਯਾਰ, ਫ਼ਜ਼ਲਸ਼ਾਹ, ਅਮਾਮ ਬਖ਼ਸ਼ ਆਦਿ ਕਵੀਆਂ ਦੁਆਰਾ ਰਚਿਤ ਕਿੱਸਿਆਂ ਦੇ ਵਿਸਤ੍ਰਿਤ ਅਧਿਐਨ ਰਾਹੀਂ ਲੱਭਿਆ ਜਾ ਸਕਦਾ ਹੈ।

ਮਸਨਵੀ ਦੇ ਪ੍ਰਭਾਵ ਅਧੀਨ ਹੀ ਪੰਜਾਬੀ ਕਿੱਸੇ ਦਮੋਦਰ ਤੋਂ ਪਿੱਛੋਂ ਦੁਖਾਂਤ ਵਿਚ ਵਟ ਗਏ। ਫਾਰਸੀ ਤੇ ਯੂਨਾਨੀ ਪ੍ਰਭਾਵ ਰਾਹੀਂ ਕਿੱਸਿਆਂ ਵਿਚ ਦੁਖਾਂਤ ਤੇ ਹੋਣੀ ਦਾ ਅੰਸ਼ ਬਲਵਾਨ ਹੋ ਗਿਆ ਅਤੇ ਮੌਤ ਵਿਚ ਹੋਣੀ ਦਾ ਵਿਸ਼ੇਸ਼ ਹੱਥ ਪ੍ਰਗਟ ਕੀਤਾ ਗਿਆ। ਇਨ੍ਹਾਂ ਪ੍ਰਭਾਵਾਂ ਬਾਰੇ ਜੀਤ ਸਿੰਘ ਸੀਤਲ ਦਾ ਮੱਤ ਵਿਸ਼ੇਸ਼ ਧਿਆਨਯੋਗ ਹੈ :

ਹੋਣੀ ਤੇ ਦੁਖਾਂ ਵੱਲ ਝੁਕਾਉ ਯੂਨੀਨੀ ਅਸਰ ਦਾ ਫਲਸਰੂਪ ਹੈ। ਆਜੜੀ ਦਾ ਪਾਤਰ ਲਿਆਉਣ ਅਤੇ ਨਾਇਕ ਵਿਚ ਪਰਾਮਨੁੱਖੀ ਸ਼ਕਤੀਆਂ ਦੀ ਹੋਂਦ, ਉਸ ਦੇ ਹੱਥ ਸੋਟਾ ਜਾਂ ਕਰਾਮਾਤੀ ਡੰਡਾ ਦੇਣ ਦੀ ਪਿਰਤ ਸਾਮੀ ਪ੍ਰਭਾਵ ਦਾ ਸਿੱਟਾ ਹੈ। ਇਸੇ ਤਰ੍ਹਾਂ ਮਸਨਵੀ ਦੇ ਨਮੂਨੇ ਤੇ ਉਸਾਰੀ ਕਿੱਸਾਕਾਰੀ, ਨਾਇਕ-ਨਾਇਕਾ ਦੀ ਮੂਰਤੀਕਾਰੀ, ਪਾਤਰ ਉਸਾਰੀ, ਉਨ੍ਹਾਂ ਦੇ ਹੁਸਨ ਜਮਾਲ ਤੇ ਜੋਬਨ ਦੀ ਤਸਵੀਰਕਸ਼ੀ, ਸਿਰ ਤੋਂ ਪੈਰਾਂ ਤੱਕ ਦੇ ਅੰਗ ਅੰਗ ਦੀ ਵੱਖਰੀ ਵੱਖਰੀ ਰੰਗਸਾਜ਼ੀ ਇਹ ਸਭ ਈਰਾਨੀ ਸੋਮੇ ਵੱਲ ਸੰਕੇਤ ਕਰਦੇ ਹਨ। ਜੋਗੀ ਦਾ ਆਉਣਾ, ਨਾਇਕਾ ਦਾ ਛੋਟੀ ਉਮਰੇ ਵਿਆਹੇ ਜਾਣਾ, ਡੋਲੀ

ਪੈਣਾ, ਬੇੜੀ, ਪੱਤਣ, ਖੂਹ ਦਾ ਮੇਲ ਅਸਥਾਨ ਬਣਨਾ, ਮਾਪਿਆਂ ਦੀ ਇੱਜ਼ਤ ਦੀ ਪਾਸਦਾਰੀ ਕਰਨਾ, ਨਾਇਕ ਵਿਚ ਰੱਬ ਵਰਗਾ ਵਿਸ਼ਵਾਸ ਰੱਖਣਾ, ਆਦਿ ਭਾਰਤੀ ਪਰੰਪਰਾ ਦੇ ਲਖਾਇਕ ਤੇ ਪ੍ਰਤੀਕ ਕਹੇ ਜਾ ਸਕਦੇ ਹਨ।[6]

ਸਪੱਸ਼ਟ ਹੈ ਕਿ ਪੰਜਾਬੀ ਕਿੱਸੇ ਦੇ ਨਿਕਾਸ ਵਿਚ ਭਾਰਤੀ ਪ੍ਰੇਮਾਖਿਆਨ ਤੇ ਮੌਖਿਕ ਸਾਹਿਤ ਪਰੰਪਰਾ ਦਾ ਹਿੱਸਾ ਮਹੱਤਵਪੂਰਨ ਹੈ। ਦਮੋਦਰ ਨੇ ਸਭ ਤੋਂ ਪਹਿਲਾਂ ਕਿੱਸਾ ਰਚਨ ਦਾ ਉਦੱਮ ਕੀਤਾ ਉਸ ਦੀ ਮਿਸਾਲ ਨੇ ਪੀਲੂ ਤੇ ਹਾਫ਼ਿਜ਼ ਬਰਖ਼ੁਰਦਾਰ ਨੂੰ ਉਤਸ਼ਾਹ ਦਿੱਤਾ। ਉਨ੍ਹਾਂ ਦੀ ਸਫਲਤਾ ਨੂੰ ਅਗਲੇਰੇ ਹੋਰ ਕਵੀਆਂ ਵੱਲੋਂ ਵੰਗਾਰਿਆ ਗਿਆ ਤੇ ਫ਼ਾਰਸੀ ਮਸਨਵੀ ਦੇ ਪ੍ਰਭਾਵ ਅਧੀਨ ਕਿੱਸਾ ਕਾਵਿ ਧਾਰਾ ਇਕ ਬਲਵਾਨ ਸਾਹਿਤਕ ਪਰੰਪਰਾ ਬਣ ਗਈ। ਅਹਿਮਤ ਗੁੱਜਰ, ਮੁਕਬਲ, ਵਾਰਿਸ, ਹਾਮਦ ਲੇ ਹੀਰ ਦੇ ਕਿੱਸੇ ਰਾਹੀਂ ਸਫਲ ਤਜ਼ਰਬੇ ਕੀਤੇ। ਪੀਲੂ ਦੀ ਰੀਸੇ ਹਾਫ਼ਿਜ਼ ਬਰਖ਼ੁਰਦਾਰ ਤੇ ਪਿੱਛੋਂ ਭਗਵਾਨ ਸਿੰਘ ਆਦਿ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਰਚੇ। ਹਾਸ਼ਮ ਨੇ ਹਾਫ਼ਿਜ਼ ਬਰਖ਼ੁਰਦਾਰ ਵਾਂਗ ਸੱਸੀ ਪੁੰਨੂੰ ਦਾ ਕਿੱਸਾ ਰਚਿਆ। ਯੂਸਫ਼ ਜ਼ੁਲੈਖਾਂ ਦੀ ਮਿਸਾਲ ਉੱਤੇ ਸ਼ੀਰੀਂ ਫਰਹਾਦ ਤੇ ਲੈਲਾ ਮਜਨੂੰ ਦੇ ਕਿੱਸੇ ਪੰਜਾਬੀ ਵਿਚ ਰਚੇ ਗਏ। ਅਮਾਮ ਬਖਸ਼ ਨੇ ਸ਼ਾਹ ਬਹਿਰਾਮ ਦਾ ਕਿੱਸਾ ਲਿਖਿਆ। ਅਹਿਮਦਯਾਰ ਅਤੇ ਕਾਦਰਯਾਰ ਨੇ ਪੰਜਾਬੀ ਤੇ ਭਾਰਤੀ ਜੀਵਨ ਵਿਚੋਂ ਵਿਸ਼ੇ ਲੱਭਣ ਦਾ ਜਤਨ ਕੀਤਾ। ਫਲਸਰੂਪ ਅਹਿਮਦਯਾਰ ਨੇ ਕਾਮਰੂਪ ਅਤੇ ਕਾਦਰਯਾਰ ਨੇ ਰਾਜਾ ਰਸਾਲੂ ਤੇ ਪੂਰਨ ਭਗਤ ਦੇ ਉੱਚ ਪੱਧਰੇ ਕਿੱਸੇ ਰਚੇ। ਸੋਹਣੀ ਦਾ ਕਿੱਸਾ ਸਭ ਤੋਂ ਪਹਿਲਾਂ ਹਾਸ਼ਮ ਤੇ ਫਿਰ ਕਾਦਰਯਾਰ ਨੇ ਰਚਿਆ। ਉਪਰੰਤ ਫ਼ਜ਼ਲ ਸ਼ਾਹ ਨੇ ਸੋਹਣੀ ਤੋਂ ਲੈ ਕੇ ਲੈਲਾ ਮਜਨੂੰ ਤਕ ਸਫ਼ਰ ਤਹਿ ਕੀਤਾ।

ਸਮੁੱਚੇ ਤੌਰ 'ਤੇ ਇਨ੍ਹਾਂ ਕਿੱਸਿਆਂ ਦਾ ਇਕ ਖ਼ਾਸ ਢਾਂਚਾ ਬਣ ਗਿਆ : ਮੰਗਲਾਚਰਣ, ਕਿੱਸਾ ਰਚਨ ਦਾ ਕਾਰਨ, ਨਾਇਕ ਤੇ ਨਾਇਕਾ ਦਾ ਇਸ਼ਕ ਹੋਣਾ, ਵਿਰੋਧੀ ਤੇ ਸਹਾਇਕ ਪਾਤਰਾਂ ਦਾ ਆਉਣਾ, ਕਵੀ ਦੀ ਜਾਣ-ਪਹਿਚਾਣ, ਬੈਂਤ, ਦਵੱਈਏ ਛੰਦ ਜਾਂ ਪਿੱਛੋਂ ਕਬਿੱਤ ਦੀ ਵਰਤੋਂ, ਕੁਦਰਤੀ ਦ੍ਰਿਸ਼ ਤੇ ਸਥਾਨਕ ਰੰਗਣ ਆਦਿ। ਹਾਸ, ਕਰੁਣਾ ਤੇ ਸ਼ਿੰਗਾਰ ਰਸ ਦੀ ਜ਼ਿਆਦਾ ਵਰਤੋਂ ਹੁੰਦੀ ਰਹੀ। ਕੁਝ ਕਿੱਸਿਆਂ ਵਿਚ ਬੀਰ ਰਸ ਵੀ ਵਿਦਮਾਨ ਹੈ। ਕਿੱਸੇ ਵਿਚ ਸੰਗੀਤਕ ਲੈਅ, ਨਾਟਕੀ ਮੌਕੇ, ਘਟਨਾਵਾਂ ਦਾ ਮੇਲ, ਕੋਈ ਉਦੇਸ਼ ਜਾਂ ਆਦਰਸ਼, ਸਮਾਜਕ ਤੇ ਸੱਭਿਆਚਾਰਕ ਜੀਵਲ ਦੀ ਝਲਕ, ਅਲੰਕ੍ਰਿਤ ਭਾਸ਼ਾ, ਕਵਿਓ ਵਾਚ, ਕਰਾਮਾਤੀ ਅੰਸ਼, ਵਾਰਤਾਲਾਪ ਆਦਿ ਤੱਤਾਂ ਨੂੰ ਪੰਜਾਬੀ ਕਿੱਸਾਕਾਰੀ ਵਿਚ ਵਿਸ਼ੇਸ਼ ਤੌਰ 'ਤੇ ਅਪਣਾਇਆ ਜਾਣ ਲੱਗਾ। ਇਨ੍ਹਾਂ ਕਿੱਸਿਆਂ ਵਿਚ ਸ਼ਾਇਰਾਂ ਦੇ ਮਕੂਲੇ ਲੋਕ ਅਖਾਣਾਂ ਤੇ ਸਮੂਹਿਕ ਅਖਾਣਾਂ ਦੀਆਂ ਲੜੀਆਂ ਵਾਂਗ ਪਰੋਏ ਜਾਂਦੇ ਤੇ ਥਾਂ ਥਾਂ ਉੱਤੇ ਜੋੜੇ ਜਾਂਦੇ ਹਨ। ਇਨ੍ਹਾਂ ਵਿਚ ਅਖੌਤਬੰਦੀ ਤੇ ਮੁਹਾਵਰੇਬੰਦੀ ਦਾ ਕਮਾਲ ਵਿਖਾਇਆ ਜਾਂਦਾ ਹੈ। ਕਵੀ ਅਖਾਣਾਂ ਨੂੰ ਇਕੱਤਰ ਵੀ ਕਰਦਾ ਹੈ ਤੇ ਆਪ ਵੀ ਜੋੜਦਾ ਹੈ। ਕਈ ਵਾਰੀ ਇਹ ਅਖਾਣਬੰਦੀ ਮਜ਼ਮੂਨ ਤੋਂ ਲਾਂਭੇ ਚਲੀ ਜਾਂਦੀ ਹੈ ਅਤੇ ਸ਼ਾਇਰ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਐਵੇਂ ਹੀ ਮਕੂਲੇ ਮਾਰੀ ਜਾਂਦਾ ਹੈ। ਇਹ ਮਕੂਲੇ ਨਾਟਕੀ ਮੌਕਿਆਂ ਉੱਤੇ ਸਿਆਣਪ ਭਰੀ ਟਿੱਪਣੀ ਹੁੰਦੇ ਹਨ ਅਤੇ ਵਾਰਤਾਲਾਪ ਦੇ ਰੰਗ ਨੂੰ ਗੂੜ੍ਹਾ ਕਰਨ ਵਿਚ ਸਹਾਈ ਬਣਦੇ ਹਨ।

**ਭਾਰਤੀ ਵਿਰਸੇ ਵੱਲ ਮੋੜ**

18ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਮੱਧਕਾਲੀ ਪੰਜਾਬੀ ਤੇ ਫ਼ਾਰਸੀ ਕਿੱਸਿਆਂ ਤੋਂ ਬਿਨਾਂ ਪੁਰਾਣੇ ਪੰਜਾਬੀ ਜਾਂ ਭਾਰਤੀ ਸੋਮਿਆਂ ਦੇ ਕਿੱਸਿਆਂ ਨੂੰ ਵੀ ਤੁਕਬੰਦੀ ਵਿਚ ਲਿਆਂਦਾ ਜਾਣ ਲੱਗਾ। ਅਜੇਹੇ ਕਿੱਸਿਆਂ ਦੇ ਰਚਨਹਾਰੇ ਉਹ ਕਵੀ ਹੀ ਸਨ ਜਿਹੜੇ ਫ਼ਾਰਸੀ ਸਾਹਿਤ ਤੇ ਵਿਦਿਆ ਤੋਂ ਘੱਟ ਜਾਂ ਵੱਧ ਰੂਪ ਵਿਚ ਅਗਿਆਤ ਸਨ। ਗੁਰਮੁਖੀ ਲਿੱਪੀ ਨੂੰ ਧਾਰਮਿਕ ਦਰਜਾ ਪ੍ਰਾਪਤ ਹੋ ਜਾਣ ਕਰਕੇ ਪੰਜਾਬੀ ਕਿੱਸਾ ਕਾਵਿ ਦਾ ਵਧੇਰਾ ਭਾਗ ਫਾਰਸੀ ਲਿੱਪੀ ਵਿਚ ਲਿਖਿਆ ਗਿਆ ਤੇ ਉਹ ਗੁਰਮੁਖੀ ਲਿੱਪੀ ਵਿਚ ਪ੍ਰਚਲਿਤ ਸਾਹਿਤਕ ਪਰੰਪਰਾ ਨਾਲੋਂ ਕੱਟਿਆ ਗਿਆ। 19ਵੀਂ ਸਦੀ ਦੇ ਪਹਿਲੇ ਅੱਧ ਤਕ ਪੰਜਾਬੀ ਕਿੱਸਾਕਾਰੀ ਸ਼ਿਖਰ ਉੱਤੇ ਪੁੱਜ ਗਈ। ਉਪਰੰਤ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸ਼ੀਰੀ ਫਰਹਾਦ, ਪੂਰਨ ਭਗਤ, ਆਦਿ ਕਿੱਸੇ ਹੀ ਬਾਰ-ਬਾਰ ਲਿਖੇ ਜਾਂਦੇ ਰਹੇ। ਪੰਜਾਬੀ ਛਾਪੇਖਾਨੇ ਦੇ ਪ੍ਰਚਲਿਤ ਹੋਣ ਪਿੱਛੋਂ ਕਿੱਸੇ ਵੱਡੀ ਪੱਧਰ ਉੱਤੇ ਪੰਜਾਬੀ ਵਿਚ ਵੀ ਛਪ ਛਪ ਕੇ ਵਿਕਣ ਲੱਗੇ। ਕਵੀਆਂ ਨੇ ਗਿਣਾਤਮਕ ਪੱਖ ਤੋਂ ਬਹੁਤ ਕਿੱਸੇ ਰਚੇ ਪਰ ਕੋਈ ਵੀ ਵਾਰਿਸ, ਹਾਸ਼ਮ, ਕਾਦਰਯਾਰ ਤੇ ਫਜ਼ਲਸ਼ਾਹ ਦੀ ਪੱਧਰ ਨੂੰ ਕਾਇਮ ਨਾ ਰੱਖ ਸਕਿਆ। ਇਸ ਕਾਲ ਦੇ ਕਿੱਸਿਆਂ ਵਿਚ ਪਹਿਲੀ ਵਾਰ ਹਿੰਦੂ ਤੇ ਮੁਸਲਮਾਨ ਕਿੱਸਾ ਕਵੀਆਂ ਦੀਆਂ ਰੁਚੀਆਂ ਨਿੱਖੜਨੀਆਂ ਸ਼ੁਰੂ ਹੋਈਆਂ। ਮੁਸਲਮਾਨ ਕਵੀਆਂ ਨੇ ਪੁਰਾਣਾ ਰੰਗ ਕਾਇਮ ਰੱਖਿਆ ਤੇ ਕਿੱਸਿਆਂ ਵਿਚ ਇਸ਼ਕ ਮਿਜਾਜ਼ੀ ਦਾ ਦੌਰ ਹੀ ਚਲਦਾ ਰਿਹਾ ਪਰ ਹਿੰਦੂ ਕਵੀਆਂ ਨੇ ਭਾਰਤੀ ਪਿਛੋਕੜ ਵਾਲੇ ਕਿੱਸੇ ਲਿਖ ਕੇ ਉਨ੍ਹਾਂ ਵਿਚ ਵੇਦਾਂਤ ਤੇ ਸਦਾਚਾਰਕ ਉੱਚਤਾ ਨੂੰ ਥਾਂ ਦਿੱਤੀ। ਕਾਲੀਦਾਸ ਗੁਜਰਾਂਵਾਲਾ, ਕਿਸ਼ਨ ਸਿੰਘ ਆਰਿਫ਼, ਸਾਧੂ ਦਯਾ ਸਿੰਘ, ਈਸ਼ਰ ਦਾਸ, ਆਦਿ ਕਵੀਆਂ ਦੀਆਂ ਰਚਨਾਵਾਂ ਵਿਚ ਇਹ ਰੰਗ ਖਾਸ ਤੌਰ ਤੇ ਦ੍ਰਿਸ਼ਟੀਗੋਚਰ ਹੁੰਦਾ ਹੈ।

ਹਿੰਦੂ ਤੇ ਮੁਸਲਮਾਨ ਕਿੱਸਾਕਾਰਾਂ ਦੇ ਦ੍ਰਿਸ਼ਟੀਕੋਣ ਵਿਚ ਅੰਤਰ ਨੂੰ ਸਮਝਣ ਲਈ ਤਤਕਾਲੀਨ ਸਾਹਿਤਕ ਤੇ ਸਮਾਜਕ ਪਰਿਸਥਿਤੀਆਂ ਨੂੰ ਸਮਝਣ ਦੀ ਲੋੜ ਹੈ। ਪੰਜਾਬੀ ਦੇ ਧਾਰਮਿਕ ਸਾਹਿਤ ਵਿਚ ਵਧੇਰੇ ਦੇਣ ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਤੋਰੀ ਹੋਈ ਪਰੰਪਰਾ ਦੀ ਹੈ ਤੇ ਮੁਸਲਮਾਨ ਕਵੀਆਂ ਦੀ ਘੱਟ ਪਰ ਕਿੱਸਾ ਕਾਵਿ ਦੇ ਖੇਤਰ ਵਿਚ ਵਧੇਰੇ ਘਾਲਣਾ ਮੁਸਲਮਾਨ ਕਵੀਆਂ ਨੇ ਘਾਲੀ ਹੈ। ਉਨ੍ਹਾਂ ਨੇ ਦੇਸੀ ਤੇ ਸਾਮੀ ਦੋਹਾਂ ਸੋਮਿਆਂ ਦੀਆਂ ਕਹਾਣੀਆਂ ਨੂੰ ਆਪਣੇ ਕਿੱਸਿਆਂ ਦਾ ਵਿਸ਼ਾ ਬਣਾਇਆ। ਪਰੰਤੂ, ਹਿੰਦੂ ਸਿੱਖ ਕਵੀਆਂ ਨੇ ਦੇਸੀ ਕਹਾਣੀਆਂ ਉੱਤੇ ਵਧੇਰੇ ਕਲਮ ਅਜ਼ਮਾਈ ਕੀਤੀ। ਹੀਰ ਰਾਂਝਾ, ਸੱਸੀ ਪੁੰਨੂੰ, ਢੋਲ ਸੰਮੀ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਤੇ ਰੋਡਾ ਜ਼ਲਾਲੀ ਆਦਿ ਵੀ ਦੇਸੀ ਕਹਾਣੀਆਂ ਹਨ।

ਹਿੰਦੂਆਂ ਤੇ ਮੁਸਲਮਾਨਾਂ ਦੇ ਕਿੱਸਿਆਂ ਵਿਚ ਸ਼ੈਲੀ, ਬੋਲੀ ਤੇ ਪ੍ਰੇਰਨਾ ਦੇ ਪੱਖੋਂ ਵੀ ਚੋਖਾ ਅੰਤਰ ਹੈ। ਦਮੋਦਰ, ਅਗਰਾ ਜਾਂ ਕਾਲੀਦਾਸ ਆਦਿ ਦੇ ਕਿੱਸੇ ਸ਼ੈਲੀ ਦੇ ਪੱਖੋਂ ਵਧੇਰੇ ਸਦਾਚਾਰਕ ਤੇ ਸੰਕੋਚਮਈ ਹਨ। ਇਨ੍ਹਾਂ ਦੀ ਪ੍ਰੇਰਨਾ ਇਖਲਾਕੀ ਤੇ ਉਪਦੇਸ਼ਾਤਮਕ ਹੈ। ਪੂਰਨ ਭਗਤ, ਗੋਪੀ ਚੰਦ, ਰਾਜਾ ਰਸਾਲੂ ਤੇ ਭਰਥਰੀ ਹਰੀ ਆਦਿ

ਕਿੱਸਿਆਂ ਵਿਚ ਵੀ ਤਿਆਗ ਅਤੇ ਭਗਤੀ ਦਾ ਆਦਰਸ਼ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚ ਵੈਰਾਗ ਉਪਜਦਾ ਹੈ ਅਤੇ ਜੀਵਨ ਕਪਟ ਭਰਪੂਰ ਜਾਪਦਾ ਹੈ। ਨਾਇਕ ਨਿੱਜੀ ਭਾਵ ਅਤੇ ਆਦਰਸ਼ ਦੇ ਘੋਲ ਵਿਚ ਆਦਰਸ਼ ਲਈ ਕੁਰਬਾਨੀ ਦਿੰਦੇ ਹਨ। ਉਹ ਆਦਰਸ਼ ਦੀ ਖਾਤਰ ਦੁੱਖ ਉਠਾਉਂਦੇ ਤੇ ਜੀਵਨ ਨੂੰ ਤੁੱਛ ਜਾਣਦੇ ਹਨ। ਇਸ ਭਾਂਤ ਦੀ ਸਦਾਚਾਰਕਤਾ ਕਾਰਣ ਇਹ ਕਿੱਸੇ ਵੱਡੀ ਆਯੂ ਦੇ ਲੋਕਾਂ ਵਿਚ ਵਧੇਰੇ ਪ੍ਰਚਲਿਤ ਹੋਏ।

ਹਿੰਦੂ ਕਵੀਆਂ ਦੀਆਂ ਰਚਨਾਵਾਂ ਵਿਚ ਪ੍ਰਚਲਿਤ ਸਦਾਚਾਰਕ ਕੀਮਤਾਂ ਨੂੰ ਦ੍ਰਿੜ੍ਹ ਕੀਤਾ ਗਿਆ ਹੈ। ਕਥਾਨਕ ਨੂੰ ਕਾਫੀ ਹੱਦ ਤਕ ਵਿਆਪਕ ਸਮਾਜਕ ਸਚਿਆਈਆਂ ਦੇ ਮੁੱਖ ਰੱਖ ਕੇ ਨਿਭਾਇਆ ਗਿਆ ਹੁੰਦਾ ਹੈ। ਪਰੰਤੂ, ਮੁਸਲਮਾਨ ਕਵੀਆਂ ਵਿਚ ਓਪਰੀ ਸੰਸਕ੍ਰਿਤੀ, ਵਿਦੇਸ਼ੀ ਸਭਿਆਚਾਰ ਤੇ ਫ਼ਾਰਸੀ ਦੀ ਦਰਬਾਰੀ ਪਰੰਪਰਾ ਦੇ ਪ੍ਰਭਾਵ ਡੂੰਘੇ ਹਨ। ਪੀਲੂ, ਮੁਕਬਲ, ਵਾਰਿਸ ਜਾਂ ਅਹਿਮਦ ਦੀ ਕਿੱਸਾਕਾਰੀ ਖੁਲ੍ਹੀ ਡੁਲ੍ਹੀ, ਬੇਪ੍ਰਵਾਹ, ਲੌਕਿਕ ਤੇ ਕਈ ਵਾਰੀ ਅਸ਼ਲੀਲ ਵੀ ਹੈ। ਵਾਸਤਵ ਵਿਚ ਇਸ ਅੰਤਰ ਦਾ ਕਾਰਣ ਇਹ ਹੈ ਕਿ ਇਹ ਮੁਸਲਮਾਨ ਕਵੀ ਰਾਜ ਸੱਤਾ ਨਾਲ ਸੰਬੰਧਿਤ ਹੋਣ ਕਾਰਣ ਵਧਰੇ ਸੌਖੇ ਹਨ ਤੇ ਇਸੇ ਲਈ ਉਨ੍ਹਾਂ ਨੂੰ ਇਹ ਦੁਨੀਆਂ ਬੜੀ ਰੌਚਿਕ ਲੱਗਦੀ ਸੀ ਤੇ ਇਸੇ ਕਾਰਣ ਉਨ੍ਹਾਂ ਦਾ ਦ੍ਰਿਸ਼ਟੀਕੋਣ ਦੁਨਿਆਵੀ ਵਧੇਰੇ ਸੀ। ਹਿੰਦੂਆਂ ਨੂੰ ਪ੍ਰਾਧੀਨਤਾ ਕਾਰਣ ਦੁਨੀਆਂ ਵਿਚ ਕੋਈ ਖਿੱਚ ਨਹੀਂ ਸੀ ਲੱਭਦੀ। ਉਨ੍ਹਾਂ ਨੂੰ ਪਰਮਾਰਥ ਵਧੇਰੇ ਟੁੰਬਦਾ ਸੀ ਕਿਉਂਕਿ ਧਰਮ ਦਾ ਖਿਆਲ ਉਨ੍ਹਾਂ ਦੇ ਮਨ ਨੂੰ ਹੁਲਾਸ ਦੇਂਦਾ ਸੀ। ਬੋਲੀ ਦੇ ਪੱਖੋਂ ਵੀ ਮੁਸਲਮਾਨ ਕਵੀ ਫਾਰਸੀ ਤੇ ਅਰਬੀ ਸ਼ਬਦਾਂ ਦੀ ਵਰਤੋਂ ਹੱਦੋਂ ਬਹੁਤੀ ਕਰਦੇ ਹਨ।

ਪੰਜਾਬੀ ਕਿੱਸਾ ਕਾਵਿ ਵਿਚ ਕਈ ਕਾਰਣਾਂ ਕਰਕੇ ਵੰਨਗੀ ਦੀ ਘਾਟ ਤੇ ਨਵੀਂ ਮੌਲਿਕ ਘਟਨਾ ਘੜ ਕੇ ਪੇਸ਼ ਕਰਨ ਦੀ ਥੁੜ੍ਹ ਦ੍ਰਿਸ਼ਟੀਗੋਚਰ ਹੁੰਦੀ ਹੈ। ਆਵਾਜਾਈ ਦੇ ਵਸੀਲਿਆਂ ਦੀ ਕਮੀ ਕਾਰਣ ਸਾਹਿਤ ਪਰਸਾਰ ਦੇ ਸਾਧਨਾਂ ਦੀ ਕਮੀ ਹੋਈ। ਇਸ ਕਰਕੇ ਹਰ ਇਲਾਕੇ ਦੇ ਪ੍ਰਤੀਨਿਧ ਕਵੀ ਵੀ ਕਿਸੇ ਇਕੋ ਹੀ ਪ੍ਰਚਲਿਤ ਕਹਾਣੀ ਨੂੰ ਮੁੜ ਮੁੜ ਕੇ ਕਹਿਣ ਦੀ ਰੁਚੀ ਰੱਖਦੇ ਹਨ। ਇਕੋ ਘਟਨਾ ਨੂੰ ਕਈ ਕਵੀਆਂ ਨੇ ਆਪਣੇ ਕਿੱਸਿਆਂ ਵਿਚ ਪੇਸ਼ ਕੀਤਾ ਹੈ। ਪਰੰਤੂ, ਫਿਰ ਵੀ ਆਪਣੀ ਹਉਮੈਂ ਦੀ ਸੰਤੁਸ਼ਟਤਾ ਲਈ ਹਰ ਕਵੀ ਵਿਅਕਤੀਗਤ ਮੌਲਿਕਤਾ ਵਜੋਂ ਮੂਲ ਕਹਾਣੀ ਵਿਚ ਹੋਰਨਾਂ ਨਾਲੋਂ ਕੁਝ ਫਰਕ ਪਾ ਦੇਂਦਾ ਸੀ ਜਾਂ ਉਸੇ ਕਹਾਣੀ ਦੀ ਨਵੇਂ ਸਿਰਿਉਂ ਵਿਆਖਿਆ ਕਰਦਾ ਸੀ। ਇਉਂ ਨਵੀਆਂ ਕਹਾਣੀਆਂ ਭਾਵੇਂ ਨਾ ਉਪਜਦੀਆਂ ਪਰ ਪੁਰਾਣੀਆਂ ਵਿਚ ਕਵੀ ਆਪਣੀ ਆਪਣੀ ਪ੍ਰਤਿਭਾ ਅਨੁਸਾਰ ਕਿਤੇ ਘਟਨਾਵਾਂ ਵਿਚ ਵਾਧਾ ਘਾਟਾ ਕਰਦੇ ਰਹਿੰਦੇ ਤੇ ਕਿਤੇ ਵਿਆਖਿਆ ਵਿਚ ਫਰਕ ਪਾਉਂਦੇ ਰਹਿੰਦੇ। ਵਾਰਿਸ ਨੇ ਆਪਣੇ ਵਿਸ਼ੇਸ਼ ਤੇ ਨਿਵੇਕਲੇ ਤਜਰਬੇ ਕਰਕੇ, ਆਪਣੀ ਸੂਝ ਤੇ ਸੋਝੀ ਦੀ ਵਿਸ਼ੇਸ਼ਤਾ ਸਦਕਾ ਅਤੇ ਆਪਣੇ ਸ਼ਕਤੀਵਰ ਅਨੁਭਵੀ ਵਿਅਕਤਿਤਵ ਦੇ ਕਾਰਨ ਹੀਰ ਦੇ ਹੋਰ ਕਵੀਆਂ ਨਾਲੋਂ ਕਈ ਮਹੱਤਵਪੂਰਨ ਫਰਕ ਪਾਏ।

## ਕਿੱਸੇ ਦਾ ਸਰੂਪ

ਮੱਧਕਾਲੀ ਪੰਜਾਬੀ ਕਾਵਿ ਦੀਆਂ ਸੂਫ਼ੀ, ਭਗਤੀ ਤੇ ਗੁਰਮਤਿ ਕਾਵਿ ਧਾਰਾਵਾਂ ਅਧਿਆਤਮਕਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹਨ ਤੇ ਉਨ੍ਹਾਂ ਦਾ ਵਿਸ਼ਾ ਪਾਰਲੌਕਿਕ ਜਗਤ ਹੈ। ਕਿੱਸੇ ਨਾਲ ਮੱਧਕਾਲੀ ਪੰਜਾਬੀ ਕਾਵਿ ਵਿਚ ਪਹਿਲੀ ਵਾਰ ਮਨੁੱਖ ਦੇ ਇਹ ਲੌਕਿਕ ਰਿਸ਼ਤੇ ਦੀ ਗੱਲ ਤੁਰੀ।

ਕਿੱਸਾ ਸ਼ਬਦ ਅਰਬੀ ਭਾਸ਼ਾ ਦਾ ਹੈ। ਅਰਬੀ ਸਾਹਿਬ ਵਿਚ ਗਦਾਤਮਕ ਕਹਾਣੀਆਂ ਲਈ ਇਹ ਸ਼ਬਦ ਪ੍ਰਾਚੀਨ ਕਾਲ ਤੋਂ ਵਰਤੋਂ ਵਿਚ ਆਉਂਦਾ ਰਿਹਾ ਹੈ। ਪੰਜਾਬੀ ਵਿਚ ਬਿਰਤਾਂਤਕ ਕਾਵਿ ਲਈ ਕਿੱਸਾ, ਵਾਰ ਤੇ ਜੰਗਨਾਮਾ ਤਿੰਨਾਂ ਰੂਪਾਕਾਰਾਂ ਨੂੰ ਪ੍ਰਯੁਕਤ ਕੀਤਾ ਜਾਂਦਾ ਰਿਹਾ ਹੈ। ਵਾਰ ਤੇ ਜੰਗਨਾਮਾ ਬੀਰ ਰਸੀ ਤ। ਜੰਗ ਯੁੱਧਾਂ ਦੇ ਵਿਸ਼ਿਆਂ ਨੂੰ ਵਰਣਨ ਲਈ ਨਿਸ਼ਚਿਤ ਹੋ ਗਏ ਹਨ ਅਤੇ ਕਿੱਸਾ ਕਾਵਿ ਪਿਆਰ ਤੇ ਰੋਮਾਂਸ ਦੇ ਸੱਚੇ, ਕਲਪਿਤ ਤੇ ਅਰਧ ਕਲਪਿਤ ਕਥਾਨਕਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਫਾਰਸੀ ਵਿਚ ਇਸ਼ਕ, ਰਹੱਸ ਤੇ ਜੰਗ ਯੁੱਧਾਂ ਦੇ ਬੀਰ ਰਸੀ ਵਿਸ਼ਿਆਂ ਨੂੰ ਮਸਨਵੀ ਦੇ ਰੂਪਾਕਾਰ ਰਾਹੀਂ ਬਿਆਨ ਕੀਤਾ ਜਾਂਦਾ ਹੈ। ਉਥੇ ਜੰਗਾਂ ਯੁੱਧਾਂ ਤੇ ਰਹੱਸਮਈ ਵਿਸ਼ਿਆਂ ਦੀ ਮਸਨਵੀ ਨੂੰ 'ਰਮਜ਼' ਅਤੇ ਪ੍ਰੇਮ ਬਿਲਾਸ ਦੀ ਮਸਨਵੀ ਨੂੰ 'ਬਜ਼ਮ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਕਿੱਸਾ ਫ਼ਾਰਸੀ ਦੀ ਬਜ਼ਮੀਆਂ ਮਸਨਵੀ ਦਾ ਸਮਾਨਾਰਥੀ ਹੈ। ਸੰਸਕ੍ਰਿਤ ਤੇ ਹਿੰਦੀ ਦਾ 'ਆਖਿਆਨ' ਸ਼ਬਦ ਦੀ ਇਸ ਦਾ ਸਮਾਨ ਰੂਪ ਹੈ। ਕਿੱਸੇ ਵਿਚ ਬੇਸ਼ਕ ਇਸ਼ਕ/ਰੁਮਾਂਸ ਤੋਂ ਬਿਨਾਂ ਤਿਆਗ ਭਗਤੀ ਤੇ ਬੀਰ ਰਸੀ ਵਿਸ਼ਿਆਂ ਨੂੰ ਵੀ ਲਿਆ ਜਾਂਦਾ ਹੈ ਪਰ ਪ੍ਰਧਾਨ ਰੂਪ ਵਿਚ ਪੰਜਾਬੀ ਵਿਚ ਕਿੱਸਾ ਸ਼ਬਦ ਉਸ ਬਿਰਤਾਂਤਕ ਕਾਵਿ ਲਈ ਪ੍ਰਚਲਿਤ ਹੈ, ਜਿਸ ਵਿਚ ਕਿਸੇ ਪ੍ਰੇਮ/ਇਸ਼ਕ ਦੀ ਸੱਚੀ, ਕਲਪਿਤ ਜਾਂ ਅਰਧ ਕਲਪਿਤ ਕਹਾਣੀ ਨੂੰ ਰੋਮਾਂਸਿਕ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੋਵੇ।

ਪੰਜਾਬੀ ਕਿੱਸੇ ਦੇ ਸਰੂਪ ਅਤੇ ਉਦਭਵ ਤੇ ਵਿਕਾਸ ਵਿਚ ਜਿੱਥੇ ਹਿੰਦੀ/ਸੰਸਕ੍ਰਿਤ ਪ੍ਰੇਮਾਖਿਆਨ ਅਤੇ ਫ਼ਾਰਸੀ ਮਸਨਵੀ ਦਾ ਵੱਡਾ ਯੋਗਦਾਨ ਹੈ ਉਥੇ ਇਸ ਦੀਆਂ ਇਨ੍ਹਾਂ ਰੂਪਾਕਾਰਾਂ ਨਾਲੋਂ ਕੁਝ ਵਿਧਾਗਤ ਵਿਲੱਖਣਤਾਵਾਂ ਵੀ ਹਨ। ਪੰਜਾਬੀ ਕਿੱਸਾ ਇਨ੍ਹਾਂ ਰੂਪਾਕਾਰਾਂ ਦੇ ਅਨੁਕਰਣ ਜਾਂ ਅਨੁਸਰਨ ਦੀ ਥਾਂ ਪੰਜਾਬ ਦੇ ਲੋਕ-ਮਾਨਸ ਤੇ ਵਿਰਸੇ ਨਾਲ ਵਧੇਰੇ ਜੁੜਿਆ ਹੈ। ਪੰਜਾਬੀ ਸਾਹਿਤ ਦਾ ਖਾਸਾ ਹੀ ਲੋਕ ਮਾਨਸਿਕਤਾ ਨਾਲ ਜੁੜਨ ਦਾ ਹੈ। ਪੰਜਾਬੀ ਦੇ ਪਹਿਲੇ ਕਵੀ ਬਾਬਾ ਫ਼ਰੀਦ ਅਤੇ ਗੁਰਮਤਿ ਕਾਵਿਧਾਰਾ ਦੇ ਮੋਢੀ ਗੁਰੂ ਨਾਨਕ ਲੋਕਾਂ ਦੀ ਗੱਲ ਲੋਕਾਂ ਦੀ ਭਾਸ਼ਾ ਰਾਹੀਂ ਲੋਕ ਕਾਵਿ ਰੂਪਾਂ ਵਿਚ ਕਰਦੇ ਹਨ। ਉਨ੍ਹਾਂ ਦੀ ਹਮਦਰਦੀ ਸਾਧਾਰਨ ਲੋਕਾਂ ਨਾਲ ਹੈ। ਉੱਚੇ ਵਰਗਾਂ ਨੂੰ, ਰਾਜਿਆਂ ਨੂੰ ਉਨ੍ਹਾਂ ਸ਼ੀਂਹ ਕਿਹਾ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤ ਆਪਣੇ ਮੁੱਢਲੇ ਰਚੈਤਿਆਂ ਤੋਂ ਹੀ ਆਪਣੇ ਆਪ ਨੂੰ ਆਮ ਲੋਕਾਂ ਨਾਲ ਜੋੜ ਰਿਹਾ ਹੈ। ਇਹ ਆਮ ਲੋਕ ਉਹ ਹਨ ਜੋ ਉੱਚ ਵਰਗ ਦੇ ਜ਼ੁਲਮਾਂ ਦਾ ਸ਼ਿਕਾਰ ਹਨ। ਪੰਜਾਬੀ ਕਿੱਸਿਆਂ ਦੇ ਨਾਇਕ ਨਾਇਕਾਵਾਂ ਸਾਧਾਰਨ ਪੁਰਸ਼/ਇਸਤਰੀਆਂ ਹਨ ਅਤੇ ਉਹ ਪੰਜਾਬ ਦੇ ਜਨ-ਜੀਵਨ ਨਾਲ ਸੰਬਧਿਤ ਹਨ, ਜੋ ਸਥਾਪਤੀ ਦੇ ਆਤੰਕ ਦਾ ਸ਼ਿਕਾਰ ਹਨ। ਜੇ ਕਿਧਰੇ

ਉਹ ਰਾਜਾ ਸ਼੍ਰੇਣੀ ਜਾਂ ਉੱਚ ਵਰਗ ਨਾਲ ਸੰਬੰਧਿਤ ਵੀ ਹਨ ਤਾਂ ਕਿੱਸਿਆਂ ਵਿਚ ਸਾਧਾਰਨ ਪੁਰਸ਼/ਇਸਤਰੀਆਂ ਵਾਂਗ ਹੀ ਵਿਚਰਦੇ ਹਨ ਜਿਵੇਂ ਹੀਰ, ਸੱਸੀ, ਪੂਰਨ, ਰਸਾਲੂ।

ਪੰਜਾਬੀ ਕਿੱਸਿਆਂ ਵਿਚ ਪੰਜਾਬ ਦੇ ਲੌਕਿਕ ਸਭਿਆਚਾਰ ਦਾ ਪ੍ਰਗਟਾਅ ਹੋਇਆ ਹੈ। ਇਸ ਦੇ ਨਾਇਕ ਤੇ ਨਾਇਕਾਵਾਂ ਦਾ ਕਰਮ ਖੇਤਰ ਪੰਜਾਬ ਦੀਆਂ ਜੂਹਾਂ, ਖੇਤ ਤੇ ਦਰਿਆਵਾਂ ਦੇ ਬੇਲੇ ਹਨ। ਇਹ ਕਿੱਸੇ ਕਿਰਤੀਆਂ, ਕਿਸਾਨਾਂ, ਵਾਗੀਆਂ ਪਾਲੀਆਂ ਦੇ ਆਮ ਜੀਵਨ ਨੂੰ ਚਿਤਰਦੇ ਹਨ। ਪੰਜਾਬੀ ਵਿਚ ਉਹੋ ਕਿੱਸੇ ਹੀ ਵਧੇਰੇ ਮਕਬੂਲ ਹੋਏ ਜਿਨ੍ਹਾਂ ਵਿਚ ਸਾਧਾਰਨ ਲੋਕਾਂ ਦੇ ਭਾਈਚਾਰਕ ਤੇ ਪਰਿਵਾਰਕ ਜੀਵਨ ਤੇ ਮਨੁੱਖੀ ਰਿਸ਼ਤਿਆਂ ਦੀ ਵਾਸਤਵਿਕ ਜ਼ਿੰਦਗੀ ਨੂੰ ਪ੍ਰਗਟਾਇਆ ਗਿਆ ਹੈ। ਮੁਹਿੰਮਬਾਜ਼ੀ ਤੇ ਰੁਮਾਂਟਿਕ ਕਹਾਣੀਆਂ ਨੂੰ ਬਿਆਨ ਕਰਦੇ ਕਿੱਸਿਆਂ ਦੇ ਇਥੇ ਵਧੇਰੇ ਪੈਰ ਨਹੀਂ ਲੱਗ ਸਕੇ।

ਪੰਜਾਬੀ ਕਿੱਸਿਆਂ ਦੇ ਪਾਤਰ ਮਿੱਥਕ ਦੇਵਤੇ ਨਹੀਂ ਅਤੇ ਨਾ ਹੀ ਉਹ ਰਾਜ ਵਰਗ ਵਿਚੋਂ ਜਾਂ ਅਰਧ ਇਤਿਹਾਸਕ ਸਰੋਤਾਂ ਤੋਂ ਲਏ ਗਏ ਹਨ। ਇਨ੍ਹਾਂ ਦੀ ਪਿੱਠਭੂਮੀ ਮੁੱਖ ਤੌਰ ਤੇ ਗ੍ਰਾਮੀਨ ਹੈ। ਜੇ ਕੁਝ ਪਾਤਰ ਉੱਚ ਵਰਗ ਵਿਚੋਂ ਆਏ ਹਨ ਤਾਂ ਉਹ ਉਦੋਂ ਹੀ ਲੋਕ ਨਾਇਕ ਵਜੋਂ ਉਭਰੇ ਜਾਂ ਪ੍ਰਵਾਨ ਕੀਤੇ ਗਏ ਹਨ ਜਦੋਂ ਉਹ ਰਾਜ ਭਾਗ ਛੱਡ ਕੇ ਸਾਧਾਰਨ ਮਨੁੱਖਾਂ ਵਾਂਗ ਵਿਚਰਦੇ ਹਨ ਜਿਵੇਂ ਰਸਾਲੂ, ਪੂਰਨ, ਭਰਥਰੀ, ਗੋਪੀ ਚੰਦ, ਹਰੀ ਚੰਦ ਆਦਿ। ਇਸ ਕਰਕੇ ਹੀ ਪੰਜਾਬੀ ਕਿੱਸਾ ਕਾਵਿ ਯਥਾਰਥਕਤਾ ਦੇ ਵਧੇਰੇ ਨੇੜੇ ਹੈ। ਇਸ ਦੇ ਵਿਪਰੀਤ ਮਸਨਵੀ ਤੇ ਪ੍ਰੇਮਾਖਿਆਨ ਵਿਚ ਰਾਜ ਸੰਸਕ੍ਰਿਤੀ ਦਾ ਚਿਤ੍ਰਣ ਮਿਲੇਗਾ ਅਤੇ ਉਨ੍ਹਾਂ ਵਿਚ ਰਾਜ ਵਰਗ ਦੇ ਜੀਵਨ, ਉਨ੍ਹਾਂ ਦੀਆਂ ਰੋਮਾਂਸਿਕ ਰੁਚੀਆਂ, ਪਰਾਸਰੀਰਕ ਪਾਤਰਾਂ ਤੇ ਅਲੌਕਿਕ ਘਟਨਾਵਾਂ ਦਾ ਪ੍ਰਗਟਾਵਾ ਥਾਂ ਥਾਂ ਮਿਲਦਾ ਹੈ।

ਪੰਜਾਬੀ ਕਿੱਸਾ ਕਾਵਿ ਦੀ ਵਿਲੱਖਣਤਾ ਪੰਜਾਬ ਦੀਆਂ ਭੂਗੋਲਿਕ ਤੇ ਇਤਿਹਾਸਕ ਪਰਿਸਥਿਤੀਆਂ ਵਿਚੋਂ ਪੈਦਾ ਹੋਈ ਹੈ। ਪੰਜਾਬ ਭਾਰਤ ਦੀ ਉਤੱਰ ਪੱਛਮੀ ਭੁੱਜ ਉੱਤੇ ਸਥਿਤ ਹੋਣ ਕਰਕੇ ਇਹ ਵੱਖ-ਵੱਖ ਸਭਿਆਤਾਵਾਂ ਤੇ ਸਭਿਆਚਾਰਾਂ ਦਾ ਮਿਲਣ-ਬਿੰਦੂ ਤੇ ਰਣ ਖੇਤਰ ਰਿਹਾ ਹੈ। ਨਿਰੰਤਰ ਸੰਘਰਸ਼ ਤੇ ਟੱਕਰ ਵਿਚੋਂ ਪੰਜਾਬੀਆਂ ਨੂੰ ਭਾਰਤ ਦੇ ਮੱਧਵਰਤੀ ਪ੍ਰਾਂਤਾਂ ਦੇ ਬਾਸ਼ਿੰਦਿਆਂ ਤੋਂ ਵੱਖਰੀ ਮਾਲਸਿਕਤਾ ਪ੍ਰਾਪਤ ਹੋਈ ਹੈ। ਨਿੱਤ ਦੀ ਮੁਹਿੰਮਬਾਜੀ ਤੇ ਅਸੁਰੱਖਿਆ ਦੀਆਂ ਪਰਿਸਥਿਤੀਆਂ ਦੇ ਕਾਰਨ ਇਥੋਂ ਦੇ ਲੋਕ ਮਾਨਸਿਕ ਤੌਰ ਤੇ ਕਠੋਰ, ਭਾਵੁਕ ਅਤੇ ਸੁਭਾਅ ਦੇ ਤੌਰ 'ਤੇ ਸਰਲ, ਰੂੜੀਹੀਣ ਤੇ ਪਰੰਪਰਾਮੁਕਤ ਹੋ ਗਏ। ਇਹੋ ਕਾਰਨ ਹੈ ਕਿ ਬਾਹਰੀ ਸਭਿਆਚਾਰਾਂ ਤੇ ਸਭਿਅਤਾਵਾਂ ਦੇ ਪ੍ਰਭਾਵ ਨੂੰ ਇਹ ਸਹਿਜ ਸੁਭਾਵ ਹੀ ਗ੍ਰਹਿਣ ਕਰ ਲੈਂਦੇ ਹਨ ਤੇ ਉਸ ਨੂੰ ਆਪਣੇ ਸਭਿਆਚਾਰ ਤੇ ਸਭਿਅਤਾ ਦਾ ਅੰਗ ਬਣਾ ਲੈਂਦੇ ਹਨ।

ਪੰਜਾਬੀ ਕਿੱਸਿਆਂ ਵਿਚ ਵਿਅਕਤੀਗਤ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਆਪਣੀ ਵੱਖਰੀ ਮਾਨਸਿਕਤਾ ਦੇ ਕਾਰਨ ਹਰ ਤਰ੍ਹਾਂ ਦੀ ਸਥਾਪਤੀ ਦੇ ਵਿਰੋਧੀ ਬਣ ਗਏ ਹਨ। ਇਹ ਸਥਾਪਤੀ ਭਾਵੇਂ ਪਰਿਵਾਰ, ਧਰਮ ਜਾਂ ਰਾਜ ਕਿਸੇ ਵੀ ਤਰ੍ਹਾਂ ਦੀ ਹੋਵੇ। ਇਸ ਵਿਰੋਧ ਕਾਰਨ ਹੀ ਪੰਜਾਬੀ ਕਿੱਸਿਆਂ ਦੇ ਨਾਇਕ/ਨਾਇਕਾਵਾਂ ਇਕੱਲੇ ਤੇ ਸਮੂਹ ਤੋਂ ਟੁੱਟੇ ਹੋਏ ਹਨ। ਇਨ੍ਹਾਂ ਨੂੰ ਇਕੱਲੇ ਹੀ ਇਹ ਵਿਅਕਤੀਗਤ ਸੰਘਰਸ਼ ਲੜਨਾ

ਪੈਂਦਾ ਹੈ। ਸਮਾਜ, ਕਬੀਲਾ, ਪਰਿਵਾਰ, ਧਰਮ ਤੇ ਰਾਜ ਸੱਤਾ ਉਸ ਦੇ ਵਿਰੋਧ ਵਿਚ ਇਕ ਧਿਰ ਵਜੋਂ ਉਭਰਦੀ ਹੈ ਤੇ ਥਾਂ ਥਾਂ ਰੁਕਾਵਟ ਬਣਦੀ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕਾਂ ਦੀ ਪਛਾਣ ਤੇ ਸਥਾਪਤੀ ਵੀ ਘਰੋਂ ਬਾਹਰ ਹੀ ਹੁੰਦੀ ਹੈ। ਉਨ੍ਹਾਂ ਨੂੰ ਆਤਮ ਪੂਰਤੀ ਘਰ ਬਾਰ ਤਿਆਗ ਕੇ ਹੀ ਪ੍ਰਾਪਤ ਹੁੰਦੀ ਹੈ ਭਾਵੇਂ ਉਹ ਪ੍ਰੇਮੀ, ਭਗਤ ਜਾਂ ਸੂਰਮਾ ਕੋਈ ਵੀ ਹੋਵੇ। ਇਸ ਸੰਬੰਧੀ ਰਾਂਝੇ, ਮਹੀਂਵਾਲ, ਪੂਰਨ ਤੇ ਰਸਾਲੂ ਦੀਆਂ ਉਦਾਹਰਣਾਂ ਪ੍ਰਤੱਖ ਹਨ। ਮਸਨਵੀ ਤੇ ਪ੍ਰੇਮਾਖਿਆਨ ਦੇ ਨਾਇਕ ਮਰਯਾਦਾ ਤੋਂ ਵਿਦਰੋਹ ਨਹੀਂ ਕਰਦੇ ਅਤੇ ਨਾ ਹੀ ਉਹ ਇਕੱਲੇ ਘਰ ਬਾਰ ਤਿਆਗਦੇ ਹਨ। ਉਹ ਪਰੰਪਰਾਮੁਖੀ ਰਹਿੰਦੇ ਹਨ ਉਦਾਹਰਣ ਵਜੋਂ ਜੇ ਰਾਮ ਨੂੰ ਬਨਵਾਸ ਹੋਇਆ ਹੈ ਤਾਂ ਲਛਮਣ ਤੇ ਸੀਤਾ ਉਸ ਦੇ ਸਾਥ ਵਜੋਂ ਉਸ ਦੇ ਨਾਲ ਹਨ। ਜੇ ਸੀਤਾ ਨੂੰ ਵਿਛੋੜਾ ਮਿਲਦਾ ਹੈ ਤਾਂ ਬਾਲਮੀਕ ਨਾਲ ਮੇਲ ਹੋ ਜਾਂਦਾ ਹੈ ਆਦਿ। ਅਜਿਹੇ ਸਾਥ ਨਾਲ ਦੁੱਖ ਘੱਟ ਜਾਂਦਾ ਹੈ।

ਪੰਜਾਬੀ ਕਿੱਸਿਆਂ ਵਿਚ ਨਾਇਕ/ਨਾਇਕਾ ਦੀ ਸਥਾਪਤੀ ਨਾਲ ਲਈ ਗਈ ਟੱਕਰ ਹੀ ਵੁਨ੍ਹਾਂ ਦੇ ਸਾਧਾਰਨ ਆਪੇ ਨੂੰ ਅਸਾਧਾਰਨ ਬਣਾ ਦੇਂਦੀ ਹੈ। ਜੇ ਕੋਈ ਰਾਜਾ ਰਾਜੇ ਨਾਲ ਟੱਕਰ ਲੈਂਦਾ ਹੈ ਤਾਂ ਉਸ ਦਾ ਕੋਈ ਖਾਸ ਮਹੱਤਵ ਨਹੀਂ। ਪਰ ਜੇ ਇਕ ਸਾਧਾਰਨ ਵਿਅਕਤੀ ਸਥਾਪਤੀ ਜਾਂ ਸਮੇਂ ਦੀ ਹਕੂਮਤ ਨਾਲ ਟੱਕਰ ਲੈਂਦਾ ਹੈ ਤਾਂ ਉਹ ਵਿਸ਼ੇਸ਼ ਮਹੱਤਤਾ ਦੀ ਭਾਗੀ ਬਣ ਜਾਂਦਾ ਹੈ। ਪੰਜਾਬੀ ਕਿੱਸਿਆਂ ਦੀ ਇਹ ਖੂਬੀ ਹੈ ਕਿ ਇਨ੍ਹਾਂ ਵਿਚ ਕਿਤੇ ਵੀ ਕਿਸੇ ਸਰਦਾਰ ਜਾਂ ਰਜਵਾੜੇ ਦੇ ਗੁਣ ਨਹੀਂ ਗਾਏ ਗਏ। ਪੰਜਾਬੀ ਕਿੱਸਾ ਲੋਕ ਵਰਗ ਦਾ ਹਮੈਤੀ ਤੇ ਸੰਸਥਾ ਜਾਂ ਰਾਜ ਸ਼ਕਤੀ ਦਾ ਵਿਰੋਧੀ ਰਿਹਾ ਹੈ। ਪੰਜਾਬੀ ਕਿੱਸਾ ਕਾਵਿ ਵਿਚ ਉਨ੍ਹਾਂ ਕੀਮਤਾਂ ਤੋਂ ਵਿਦਰੋਹ ਹੈ ਜੋ ਮਾਨਵ ਦੀ ਆਤਮ ਪੂਰਤੀ ਦੇ ਰਸਤੇ ਵਿਚ ਰੁਕਾਵਟ ਬਣਦੀਆਂ ਹਨ।

ਪੰਜਾਬੀ ਕਿੱਸੇ ਦੀ ਰੀੜ ਦੀ ਹੱਡੀ 'ਇਸ਼ਕ' ਹੈ। ਇਸ਼ਕ ਕੇਵਲ ਵਿਅਕਤੀਗਤ ਮਸਲਾ ਸਮਝਿਆ ਜਾਂਦਾ ਹੈ। ਧਰਮ, ਸਮਾਜ ਤੇ ਭਾਈਚਾਰਾ ਇਸ਼ਕ ਸੰਬੰਧਾਂ ਨੂੰ ਮਾਨਤਾ ਨਹੀਂ ਦੇਂਦਾ। ਇਸ ਕਾਰਨ ਇਹ ਇਸ਼ਕ ਜਦੋਂ ਸਮਾਜਕ ਪ੍ਰਸੰਗਾਂ ਵਿਚ ਵਿਚਰਦਾ ਹੈ ਤਾਂ ਇਸ ਨੂੰ ਪੂਰਤੀ ਨਹੀਂ ਮਿਲਦੀ। ਪ੍ਰੇਮੀ ਜੀਊੜੇ ਇਸ਼ਕ ਨੂੰ ਆਪਣੀ ਰੂਹ ਦੀ ਖੁਰਾਕ ਮੰਨਦੇ ਹਨ ਤੇ ਉਹ ਇਸ਼ਕ ਦੇ ਆਦਰਸ਼ ਦੀ ਪ੍ਰਾਪਤੀ ਲਈ ਦ੍ਰਿੜ੍ਹ ਹੋ ਕੇ ਸਮਾਜ, ਧਰਮ, ਭਾਈਚਾਰੇ, ਕਬੀਲੇ ਤੇ ਬਰਾਦਰੀਆਂ ਨਾਲ ਟੱਕਰ ਲੈਂਦੇ ਹਨ। ਇਸ ਟਕਰਾਓ ਵਿਚ ਆਸ਼ਕਾਂ ਨੂੰ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪੈਂਦੀਆਂ ਹਨ ਤੇ ਸਿੱਟੇ ਵਜੋਂ ਪ੍ਰੇਮ ਕਥਾਵਾਂ ਦਾ ਅੰਤ ਦੁਖਾਂਤ ਹੋ ਨਿਬੜਦਾ ਹੈ।

ਇਸ ਤਰ੍ਹਾਂ, ਪੰਜਾਬੀ ਕਿੱਸਾ ਵਿਅਕਤੀਗਤ ਇੱਛਾ ਅਤੇ ਸਮਾਜਕ ਨੈਤਿਕਤਾ ਵਿਚਲੇ ਦਵੰਦ ਨੂੰ ਪੇਸ਼ ਕਰਦਾ ਹੈ। ਵਿਅਕਤੀ ਆਪਣੀ ਸੁਤੰਤਰ ਇੱਛਾ ਨੂੰ ਭੋਗਣਾ ਚਾਹੁੰਦਾ ਹੈ ਤੇ ਇਹ ਆਪਣੇ ਆਪ ਵਿਚ ਪ੍ਰਾਕ੍ਰਿਤਕ ਸੱਚ ਵੀ ਹੈ ਪਰ ਇਸ ਸੱਚ ਦੀ ਪ੍ਰਾਪਤੀ ਲਈ ਖੁੱਲ੍ਹ ਲੈਣ ਨਾਲ ਸਮਾਜਕ ਮਰਯਾਦਾ ਦਾ ਉਲੰਘਣ ਹੁੰਦਾ ਹੈ ਤੇ ਸਮਾਜ ਅਜਿਹਾ ਉਲੰਘਣ ਹੋਣ ਨਹੀਂ ਦੇਣਾ ਚਾਹੁੰਦਾ। ਉਹਹ ਇਸ ਦਾ ਡਟਵਾਂ ਵਿਰੋਧ ਕਰਦਾ ਹੈ। ਫਲਸਰੂਪ ਸਭਿਆਚਾਰਕ ਸੰਕਟ ਪੈਦਾ ਹੋ ਜਾਂਦ ਹੈ। ਸਮਾਜ ਵਿਅਕਤੀ ਨੂੰ ਆਪਣੀਆਂ ਕਾਇਮ ਕੀਤੀਆਂ ਸੰਸਥਾਵਾਂ ਪਰਿਵਾਰ, ਵਿਆਹ, ਧਰਮ ਤੇ ਭਾਈਚਾਰੇ

ਦੇ ਨਿਯਮਾਂ ਦੇ ਵਿਚ ਵਿਚ ਹੀ ਜਕੜ ਕੇ ਰੱਖਣਾ ਚਾਹੁੰਦਾ ਹੈ ਪਰ ਵਿਅਕਤੀ ਨੂੰ ਇਨ੍ਹਾਂ ਸੰਸਥਾਵਾਂ ਵਿਚ ਬੱਝ ਕੇ ਰਹਿੰਦਿਆਂ ਆਪਣੇ ਵਿਅਕਤਿਤਵ ਦਾ ਵਿਕਾਸ ਰੁਕਦਾ ਮਹਿਸੂਸ ਹੁੰਦਾ ਹੈ ਤੇ ਉਹ ਇਨ੍ਹਾਂ ਤੋਂ ਬਾਗੀ ਹੋ ਜਾਂਦਾ ਹੈ। ਅਸਲ ਵਿਚ ਸਮਾਜ ਦੀ ਕਠੋਰਤਾ ਹੀ ਵਿਅਕਤੀ ਨੂੰ ਉਸ ਤੋਂ ਆਕੀ ਬਣਾਉਂਦੀ ਹੈ। ਇਸ ਤਰ੍ਹਾਂ ਇਹ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਤਨਾਉ ਬਣ ਜਾਂਦਾ ਹੈ।

ਸਮੁੱਚੇ ਰੂਪ ਵਿੱਚ ਕਿੱਸਾ ਕਾਵਿ ਵਿਚ ਵਿਅਕਤੀ ਤੇ ਸਮਾਜ, ਵਿਅਕਤੀ ਤੇ ਸੰਸਕ੍ਰਿਤੀ, ਵਿਅਕਤੀ ਤੇ ਮਰਯਾਦਾ ਦਾ ਇਹ ਟਕਰਾਉ ਏਨਾ ਤੀਬਰ ਹੋ ਜਾਂਦਾ ਹੈ ਕਿ ਵਿਅਕਤੀ ਆਪਣੀ ਸੁਤੰਤਰ ਇੱਛਾ ਦੀ ਪੂਰਤੀ ਲਈ ਦ੍ਰਿੜ੍ਹ ਰਹਿੰਦਾ ਹੈ ਤੇ ਉਹ ਇਨ੍ਹਾਂ ਕੀਮਤਾਂ ਅੱਗੇ ਕਿਸੇ ਵੀ ਸਥਿਤੀ ਵਿਚ ਝੁਕਦਾ ਨਹੀਂ, ਟੁੱਟ ਭਾਵੇਂ ਜਾਵੇ। ਸਿੱਟੇ ਵਜੋਂ ਉਹ ਮੌਤ ਦਾ ਭਾਗੀ ਬਣ ਜਾਂਦਾ ਹੈ ਤੇ ਕਿੱਸਿਆਂ ਦਾ ਅੰਤ ਦੁਖਾਂਤ ਹੋ ਨਿਬੜਦਾ ਹੈ।

ਪੰਜਾਬੀ ਕਿੱਸੇ ਕੇਵਲ ਇਸ਼ਕ ਦੀ ਦਾਸਤਾਨ ਬਣ ਕੇ ਨਹੀਂ ਰਹਿੰਦੇ। ਇਨ੍ਹਾਂ ਵਿਚ ਤਤਕਾਲੀ ਧਰਮ, ਸਮਾਜ, ਨੀਤੀ, ਇਤਿਹਾਸ ਤੇ ਮਿਥਿਹਾਸ ਭਰਪੂਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਰਕੇ ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਇਨ੍ਹਾਂ ਨੂੰ ਲੋਕ ਵੇਦ ਕਿਹਾ ਹੈ। ਪੰਜਾਬੀ ਕਿੱਸਿਆਂ ਵਿਚ ਸੁੰਦਰਤਾ ਵਰਣਨ ਵੀ ਅਦੁੱਤੀ ਢੰਗ ਨਾਲ ਕੀਤਾ ਗਿਆ ਹੈ। ਨਾਇਕ/ਨਾਇਕਾ ਦੇ ਨੈਣ-ਨਕਸ਼ ਤੇ ਇਕੱਲੇ ਇਕੱਲੇ ਅੰਗ ਨੂੰ ਤਸ਼ਬੀਹਾਂ ਨਾਲ ਬਿਆਨ ਕੀਤਾ ਹੈ। ਸੰਗੀਤਕ ਲੈਅ ਇਨ੍ਹਾਂ ਕਿੱਸਿਆਂ ਦੀ ਇਕ ਹੋਰ ਖ਼ੂਬੀ ਹੈ ਸ਼ਾਇਦ ਇਸ ਗੁਣ ਕਰਕੇ ਹੀ ਇਹ ਲੋਕਾਂ ਦੇ ਦਿਲ-ਦਿਮਾਗ ਉੱਤੇ ਛਾ ਗਏ ਹਨ। ਇਨ੍ਹਾਂ ਦੀ ਸੰਗੀਤਕ ਖਿੱਚ ਪਾਠਕਾਂ/ ਸਰੋਤਿਆਂ ਨੂੰ ਕੀਲ ਕੇ ਰੱਖ ਦੇਂਦੀ ਹੈ।

ਫਿਰ ਵੀ, ਆਪਣੇ ਸੁਤੰਤਰ ਸੁਭਾਉ ਦੇ ਬਾਵਜੂਦ ਪੰਜਾਬੀ ਕਿੱਸਾ ਹਿੰਦੀ ਸੰਸਕ੍ਰਿਤ ਪ੍ਰੇਮਾਖਿਆਨ ਅਤੇ ਫ਼ਾਰਸੀ ਮਸਨਵੀ ਦੇ ਪ੍ਰਭਾਵ ਦੇ ਕਾਰਨ ਹੀ ਚਿੰਤਨ ਤੇ ਕਲਾ ਦੇ ਪੱਧਰ ਉੱਤੇ ਏਨੀਆਂ ਉਚਿਆਈਆਂ ਛੋਹ ਕੇ ਮੱਧਕਾਲ ਦੀ ਇਕ ਬਲਵਾਨ ਕਾਵਿਧਾਰਾ ਬਣ ਸਕਿਆ ਹੈ।

## ਕਿੱਸੇ ਦੇ ਲੱਛਣ

ਪੰਜਾਬੀ ਕਿੱਸੇ ਵਿਚ ਇਸ਼ਕ ਦੇ ਅਨੁਭਵ ਨੂੰ ਬਿਰਤਾਂਤ ਦਾ ਰੂਪ ਦੇਣ ਵਿਚ ਫ਼ਾਰਸੀ ਮਸਨਵੀ ਅਤੇ ਭਾਰਤੀ ਕਥਾ ਪਰੰਪਰਾ ਦਾ ਇਕ ਸੁੰਦਰ ਸੁਮੇਲ ਹੋਇਆ ਮਿਲਦਾ ਹੈ। ਆਮ ਤੌਰ ਤੇ ਇਹ ਕਿੱਸੇ ਸਥਾਨਕ, ਪੰਜਾਬੀ ਤੇ ਸਾਮੀ ਕਥਾਵਾਂ ਦੀ ਪੇਸ਼ਕਾਰੀ ਕਰਦੇ ਹਨ ਪਰ ਇਨ੍ਹਾਂ ਵਿਚੋਂ ਪੰਜਾਬੀ ਲੋਕ ਗਾਥਾਵਾਂ ਉੱਤੇ ਰਚੇ ਗਏ ਕਿੱਸੇ ਵਧੇਰੇ ਮਕਬੂਲ ਹੋਏ ਹਨ। ਪੰਜਾਬੀ ਕਿੱਸਾ ਵੱਖ-ਵੱਖ ਕਿੱਸਾਕਾਰਾਂ ਦੇ ਹੱਥਾਂ ਵਿਚ ਦੀ ਲੰਘਦਾ ਹੋਇਆ ਕੁਝ ਖਾਸ ਲੱਛਣਾਂ ਦਾ ਧਾਰਨੀ ਹੋ ਗਿਆ ਹੈ। ਲਗਭਗ ਸਭ ਕਿੱਸਿਆਂ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਇਹ ਲੱਛਣ ਬਰਾਬਰ ਮਿਲਦੇ ਹਨ।

ਕਿੱਸ ਦਾ ਆਰੰਭ ਮੰਗਲਾਚਰਨ ਨਾਲ ਕੀਤਾ ਜਾਂਦਾ ਹੈ ਜਿਸ ਵਿਚ ਕਵੀ ਅੱਲਾਹ, ਉਸ ਦੇ ਪੈਗੰਬਰਾਂ ਤੇ ਗੁਰੂ ਪੀਰਾਂ ਦੀ ਅਰਾਧਨਾ ਕਰਦਾ ਹੈ। ਮਸਨਵੀ ਤੋਂ ਪ੍ਰਭਾਵਿਤ ਕਿੱਸਿਆਂ ਦਾ ਮੰਗਲਾਚਰਨ ਲੰਮੇਰਾ ਹੁੰਦਾ ਹੈ ਪਰ ਕੁਝ ਕਿੱਸਿਆਂ ਵਿਚ ਅਸਲੋਂ ਸੰਖੇਪ ਮੰਗਲਾਚਰਨ

ਵੀ ਮਿਲਦਾ ਹੈ। ਕਿੱਸੇ ਦੇ ਇਸੇ ਭਾਗ ਵਿਚ ਕਵੀ ਆਪਣੇ ਕਿੱਸਾ-ਰਚਨ ਦਾ ਕਾਰਨ ਵੀ ਬਿਆਨ ਕਰਦਾ ਹੈ ਜੋ ਆਮ ਤੌਰ 'ਤੇ ਯਾਰਾਂ ਦੋਸਤਾਂ ਦੀ ਫਰਮਾਇਸ਼ ਹੁੰਦਾ ਹੈ।

ਕਿੱਸਾ 'ਬ੍ਰਿਤਾਂਤ ਰਚਨਾ' ਹੁੰਦੇ ਹਨ ਇਸ ਕਰਕੇ ਕਿੱਸੇ ਦੀ ਕਾਮਯਾਬੀ ਕਵੀ ਦੀ ਬ੍ਰਿਤਾਂਤ ਕਲਾ ਉੱਤੇ ਨਿਰਭਰ ਕਰਦੀ ਹੈ। ਇਸ ਬ੍ਰਿਤਾਂਤ ਵਿਚ ਨਾਇਕ/ਨਾਇਕਾ ਦਾ ਨਖਸ਼ਿਖ ਵਰਣਨ, ਸੁੰਦਰਤਾ, ਸੁਭਾਅ, ਪਹਿਰਾਵਾ, ਵਾਤਾਵਰਣ, ਮਾਂ ਪਿਓ, ਭੈਣ ਭਰਾਵਾਂ, ਸਖੀ ਸਹੇਲੀਆਂ ਤੇ ਹੋਰ ਪਾਤਰਾਂ ਦਾ ਚਿਤ੍ਰਣ, ਟੱਕਰ, ਘਟਨਾਵਾਂ ਆਦਿ ਨੂੰ ਲੋੜ ਅਨੁਸਾਰ ਘਟਾ ਵਧਾ ਕੇ ਪੇਸ਼ ਕੀਤਾ ਜਾਂਦਾ ਹੈ। ਹੁਸਨ ਦਾ ਬਿਆਨ ਕਰਦੇ ਸਮੇਂ ਅਕਸਰ ਫ਼ਾਰਸੀ ਤਸਬੀਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦਮੋਦਰ ਤੇ ਵਾਰਿਸ ਦੀ ਬ੍ਰਿਤਾਂਤ ਕਲਾ ਸਿਖਰਾਂ ਨੂੰ ਛੂੰਹਦੀ ਹੈ।

'ਰੁਮਾਂਸ ਕਿੱਸਿਆਂ' ਵਿਚ ਤਰਕ ਵਿਤਰਕ ਤੇ ਸੰਗਤੀ ਅਸੰਗਤੀ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਸਗੋਂ ਸ਼ਿੰਗਾਰ ਤੇ ਅਦਭੁੱਤਤਾ ਦਾ ਪ੍ਰਭਾਵ ਪੈਦਾ ਕਰਕੇ ਰੌਚਿਕਤਾ ਪੈਦਾ ਕੀਤੀ ਜਾਂਦੀ ਹੈ। ਅਤਿਕਥਨੀ ਅਲੰਕਾਰ ਦੀ ਵਰਤੋਂ ਵੀ ਖੁੱਲ੍ਹੇ ਰੂਪ ਵਿਚ ਕੀਤੀ ਜਾਂਦੀ ਹੈ। ਧਾਗੇ, ਤਵੀਤ, ਜੋਤਿਸ਼, ਉਡਨ ਖਟੋਲੇ, ਸੁਲੇਮਾਨੀ ਟੋਪੀ, ਜਾਦੂ ਦਾ ਡੰਡਾ, ਜੰਤਰ, ਮੰਤਰ, ਦਿਓ, ਪਰੀਆਂ, ਪੰਜ ਪੀਰ ਖੁੱਲ੍ਹੇ ਰੂਪ ਵਿਚ ਵਿਚਰਦੇ ਹਨ। ਇਸ਼ਕ ਦੇ ਕਿੱਸਿਆਂ ਵਿਚ ਵੀ ਕੁਝ ਹੱਦ ਤਕ ਰੁਮਾਂਸ ਤੱਤਾਂ ਦਾ ਪ੍ਰਯੋਗ ਕੀਤਾ ਮਿਲਦਾ ਹੈ। ਕਿੱਸਿਆਂ ਵਿਚ ਇਸ਼ਕ ਤੇ ਰੁਮਾਂਸ ਇਕ ਦੂਜੇ ਦੇ ਪੂਰਕ ਹੁੰਦੇ ਹਨ।

ਇਸ਼ਕ ਦੇ ਕਿੱਸਿਆਂ ਵਿਚ 'ਦੁਖਾਂਤ ਤੱਤ' ਭਾਰੂ ਰਹਿੰਦਾ ਹੈ। ਪਰ ਰੁਮਾਂਸ ਕਿੱਸੇ ਅਕਸਰ ਸੁਖਾਂਤ ਵਿਚ ਸਮੇਟੇ ਜਾਂਦੇ ਹਨ। ਇਸ਼ਕ ਦੀ ਕਾਮਯਾਬੀ ਨਾਇਕ/ਨਾਇਕਾ ਦੀਆਂ ਜ਼ਿੰਦਗੀ ਭਰ ਦੀਆਂ ਔਕੜਾਂ, ਬਿਰਹਾ ਦਾ ਸੱਲ ਤੇ ਅੰਤ ਵਿਚ ਮੌਤ ਨਾਲ ਜੁੜੀ ਰਹਿੰਦੀ ਹੈ।

ਪੰਜਾਬੀ ਕਿੱਸੇ ਗਿਣਤੀ ਦੀਆਂ ਲੋਕ ਕਥਾਵਾਂ ਦੇ ਆਲੇ ਦੁਆਲੇ ਹੀ ਘੁੰਮਦੇ ਹਨ। ਕਿੱਸੇ ਦੀ ਕਹਾਣੀ ਵਿਚ ਅੰਤਰ ਪਾ ਸਕਣਾ ਕਿੱਸਾਕਾਰ ਦੇ ਬਹੁਤੀ ਵੱਸ ਦੀ ਗੱਲ ਨਹੀਂ ਇਸ ਲਈ ਉਹ ਆਪਣੇ ਕਿੱਸੇ ਵਿਚ ਬਾਹਰਮੁਖੀ ਵਿਸਥਾਰ ਨਾਲ ਇਕ ਦੂਜੇ ਤੋਂ ਵੱਖਰੇ ਹੋ ਨਿਬੜਦੇ ਹਨ। ਦਮੋਦਰ, ਵਾਰਿਸ, ਅਹਿਮਦਯਾਰ ਆਦਿ ਕਵੀਆਂ ਦੇ ਕਿੱਸਿਆਂ ਵਿਚ ਬਾਹਰਮੁਖੀ ਵਿਸਥਾਰ ਬੇਅੰਤ ਹੈ। ਕਿੱਸਾਕਾਰ ਆਮ ਤੌਰ 'ਤੇ 'ਕਾਵਿਓ ਵਾਚ' ਰਾਹੀਂ ਇਹ ਵਿਸਥਾਰ ਪੇਸ਼ ਕਰਦੇ ਹਨ।

ਕਿੱਸਿਆਂ ਵਿਚ ਕਰੁਣਾ, ਸ਼ਿੰਗਾਰ ਤੇ ਬੀਰ ਰਸੀ 'ਭਾਵ ਪ੍ਰਗਟਾਉ' ਦੇ ਅਨੇਕਾਂ ਸੁੰਦਰ ਨਮੂਨੇ ਮਿਲਦੇ ਹਨ। ਨਾਇਕਾ ਵਰਣਨ, ਦ੍ਰਿਸ਼ ਚਿਤ੍ਰਣ ਤੇ ਘਟਨਾ ਵਰਣਨ ਨਾਲੋਂ ਵੀ ਵੱਧ ਕਈ ਵਾਰ ਭਾਵ ਪ੍ਰਗਟਾਓ ਦੀ ਸੁੰਦਰਤਾ ਲੋਕ ਦਿਲਾਂ ਨੂੰ ਧੂ ਪਾਉਂਦੀ ਹੈ। ਭਾਵ ਪ੍ਰਗਟਾਓ ਦੇ ਇਹ ਟੁਕੜੇ ਮਨਬਚਨੀਆਂ ਦੀ ਸ਼ਕਲ ਵਿਚ ਪ੍ਰਾਪਤ ਹੁੰਦੇ ਹਨ।

ਕਿੱਸਿਆਂ ਵਿਚ ਬ੍ਰਿਤਾਂਤ ਨਾਲੋਂ 'ਵਾਰਤਾਲਾਪ' ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਵਾਰਿਸ ਦੇ ਕਿੱਸੇ ਵਿੱਚ ਰਾਂਝੇ ਤੇ ਭਾਬੀਆਂ, ਹੀਰ ਤੇ ਰਾਂਝੇ, ਹੀਰ ਤੇ ਉਸ ਦੀ ਮਾਂ, ਹੀਰ ਤੇ ਕਾਜ਼ੀ, ਹੀਰ ਤੇ ਸਹਿਤੀ, ਸਹਿਤੀ ਤੇ ਰਾਂਝਾ ਜੋਗੀ, ਆਦਿ ਦੇ ਦਿਲਚਸਪ ਵਾਰਤਾਲਾਪਾਂ ਨੇ ਇਸ ਕਿੱਸੇ ਨੂੰ ਕਾਵਿ-ਨਾਟ ਬਣਾ ਕੇ ਰੱਖ ਦਿੱਤਾ ਹੈ। ਕਿੱਸਾਕਾਰ

ਵਾਰਤਾਲਾਪ ਦੀ ਵਰਤੋਂ ਆਮ ਤੌਰ 'ਤੇ ਪਾਤਰ ਉਸਾਰੀ ਲਈ, ਕਹਾਣੀ ਨੂੰ ਅੱਗੇ ਤੋਰਨ ਲਈ ਤੇ ਨਾਟਕੀ ਟੱਕਰ ਦੇ ਪ੍ਰਗਟਾ ਲਈ ਕਰਦੇ ਹਨ।

ਕਿੱਸਾ ਕਾਵਿ ਦੀ ਸ਼੍ਰੇਣੀ-ਵੰਡ

ਪੰਜਾਬੀ ਕਿੱਸਿਆਂ ਦੀਆਂ ਕਹਾਣੀਆਂ ਕੁਝ ਸੀਮਿਤ ਜੇਹੇ ਵਿਸ਼ਿਆਂ ਵਿਚੋਂ ਹੀ ਉਪਜਦੀਆਂ ਹਨ ਜਿਵੇਂ ਇਸ਼ਕ, ਤਿਆਗ, ਕੁਰਬਾਨੀ ਤੇ ਸੂਰਮਗਤੀ। ਇਨ੍ਹਾਂ ਵਿਚੋਂ ਇਸ਼ਕ ਦਾ ਥੀਮ ਸਭ ਤੋਂ ਵਧੇਰੇ ਪ੍ਰਚਲਿਤ ਹੋਇਆ ਹੈ। ਕਿਉਂਕਿ ਇਸ਼ਕ ਉਪਰੋਕਤ ਭਾਵਾਂ ਵਿਚ ਸਭ ਤੋਂ ਵੱਧ ਵਿਆਪਕ ਤੇ ਮਨੁੱਖੀ ਤਜਰਬੇ ਵਿਚ ਆਉਣ ਵਾਲਾ ਭਾਵ ਹੈ। ਇਸੇ ਕਰਕੇ ਪੰਜਾਬੀ ਦੇ ਸਰਵੋਤਮ ਕਿੱਸੇ ਇਸ਼ਕ ਦੇ ਵਿਸ਼ੇ ਨਾਲ ਹੀ ਸੰਬਧਿਤ ਰਹੇ ਹਨ। ਸੰਖੇਪ ਵਿਚ, ਹੁਣ ਤੱਕ ਲਿਖੇ ਗਏ ਕਿੱਸਿਆਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

1) ਇਸ਼ਕ ਦੇ ਕਿੱਸੇ
2) ਰੁਮਾਂਸ ਕਿੱਸੇ
3) ਸੂਰਮਗਤੀ/ਬੀਰ ਰਸੀ/ਇਤਿਹਾਸਕ ਕਿੱਸੇ
4) ਸਦਾਚਾਰ/ਤਿਆਗ ਭਗਤੀ/ਸੁਧਾਰ ਦੇ ਕਿੱਸੇ

**(1) ਇਸ਼ਕ ਦੇ ਕਿੱਸੇ**

ਕਵਿਤਾ ਵਿਚ ਅੰਕਿਤ ਪ੍ਰੇਮ ਕਥਾਵਾਂ ਨੂੰ ਇਸ਼ਕ ਦੇ ਕਿੱਸਿਆਂ ਦਾ ਨਾਮ ਦਿੱਤਾ ਗਿਆ ਹੈ। ਮੱਧਕਾਲੀਨ ਜਾਗੀਰਦਾਰ ਭਾਈਚਾਰੇ ਵਿਚ ਇਸਤਰੀ ਮਰਦ ਦੇ ਸੁਤੰਤਰ ਪਿਆ ਦੀ ਪੁੱਛ ਪ੍ਰਤੀਤ ਨਹੀਂ ਸੀ। ਉਸ ਸਮੇਂ ਕੇਵਲ ਕਬੀਲੇ ਤੇ ਧਰਮ ਦਾ ਅਨੁਭਵ ਸਮੂਹਿਕ ਸੀ ਜਦੋਂ ਕਿ ਇਸ਼ਕ ਦਾ ਅਨੁਭਵ ਨਿਰੋਲ ਵਿਅਕਤੀਗਤ ਸੀ। ਆਸ਼ਕਾਂ ਨੂੰ ਸਮਾਜ ਦੀਆਂ ਮਨਾਹੀਆਂ ਵਿਰੁੱਧ ਇਕੱਲਿਆਂ ਹੀ ਜੂਝਣਾ ਤੇ ਕੁਰਬਾਨੀਆਂ ਦੇਣੀਆਂ ਪੈਂਦੀਆਂ ਸਨ। ਸਮਾਜ ਕਿਸੇ ਵੀ ਅਜਿਹੀ ਪ੍ਰੀਤ ਦੀ ਆਗਿਆ ਨਹੀਂ ਸੀ ਦੇਂਦਾ ਜਿਸ ਵਿਚ ਸਮਾਜ ਦੀਆਂ ਪ੍ਰਚਲਿਤ ਸਮਾਜਕ ਤੇ ਸਦਾਚਾਰਕ ਕੀਮਤਾਂ ਤੋਂ ਉਪੱਰ ਉਠ ਕੇ ਕੋਈ ਰਿਸ਼ਤਾ ਪੱਕਾ ਕਰਨ ਦੀ ਚੇਸ਼ਟਾ ਕੀਤੀ ਗਈ ਹੋਵੇ। ਜਾਗੀਰਦਾਰੀ ਤੇ ਸਮਾਜਕ ਪ੍ਰਬੰਧ ਵਿਚ ਭਾਈਚਾਰਕ ਰਹੁਰੀਤਾਂ ਦੀ ਮਰਿਯਾਦਾ ਸ਼ਾਸਕ ਵਰਗ ਦੇ ਭੂਮੀਪਤੀ ਜਗੀਰਦਾਰੀ ਤੋਰਦੇ ਸਨ। ਇਸ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦਾ ਮੁੱਲ ਇਕ ਨਿਰਜਿੰਦ ਤੇ ਬੇਜਾਨ ਲਹੂ ਮਾਸ ਦੀ ਗੁੱਡੀ ਹੋਣ ਤੋਂ ਵੱਧ ਕੁਝ ਵੀ ਨਹੀਂ ਸੀ ਹੁੰਦਾ। ਉਸ ਨੂੰ ਖਾਨਦਾਨੀ ਖ਼ੂਨ ਦੀ ਸੁੱਚਤਾ ਕਾਇਮ ਰੱਖਣ ਲਈ, ਸਰੀਰਕ ਹੱਡ ਚੰਮ ਦੀਆਂ ਹਾਸ ਵਿਲਾਸੀ ਖੁਸ਼ੀਆਂ ਦੇਣ ਲਈ ਤੇ ਪੁੱਤਰ ਉਪਜਾਊ ਮਸ਼ੀਨ ਤੋਂ ਵੱਧ ਕੁਝ ਨਹੀਂ ਸੀ ਮੰਨਿਆ ਜਾਂਦਾ। ਇਸੇ ਲਈ ਇਸਤਰੀ, ਧੀ, ਭੈਣ ਨੂੰ ਟੱਬਰਾਂ ਤੇ ਕਬੀਲਿਆਂ ਦੇ ਸੰਬੰਧ ਪੱਕੇ ਕਰਨ ਲਈ ਵਰਤਿਆ ਜਾਂਦਾ ਸੀ। ਦਮੋਦਰ ਦੇ ਕਿੱਸੇ ਵਿਚ ਚੂਚਕ ਹੀਰ ਦੇ ਰਿਸ਼ਤੇ ਬਾਰੇ ਭਾਈਚਾਰੇ ਨਾਲ ਸਲਾਹ ਮਸ਼ਵਰਾ ਕਰਦਾ ਹੋਇਆ ਇਹੋ ਭਾਵਨਾ ਪ੍ਰਗਟ ਕਰਦਾ ਹੈ :

**ਭਾਈ ਬਾਬੇ ਮੰਤ੍ਰ ਪਕਾਇਆ ਹੀਰ ਕੁੜੀ ਕਹੀਂ ਤੀਹਾਂ।**
**ਹਿਕੇ ਤਾਂ ਦੀਜੇ ਤੋੜ ਪਠਾਣਾਂ ਸਿੰਧੋ ਪਾਰ ਚੜੀਹਾਂ।**

**ਹਿਕੇ ਦਿਵੀਹਾਂ ਅਕਬਰ ਗਾਜ਼ੀ ਕੱਛਾਂ ਆਪ ਕਛੀਹਾਂ।**
**ਆਖ ਦਮੋਦਰ ਜ਼ਾਤ ਗੁਲਾਟੀ ਏਹੋ ਮਤਾ ਕਰੀਹਾਂ।**

ਔਰਤ ਦੀ ਮਰਜ਼ੀ ਉਸ ਜੁਗ ਵਿਚ ਕੋਈ ਚੀਜ਼ ਨਹੀਂ ਸੀ। ਜਿੱਥੇ ਵੱਡੇ ਜਾਗੀਰਦਾਰਾਂ ਤੇ ਰਜਵਾੜਿਆਂ ਨੂੰ ਗਾਈਆਂ ਮੱਝਾਂ ਵਾਂਗ ਜਾਇਜ਼ ਨਜਾਇਜ਼ ਢੰਗ ਨਾਲ ਇਸਤਰੀਆਂ ਦੇ ਇੱਜੜ ਇਕੱਠੇ ਕਰ ਰੱਖਣ ਦੀ ਖੁੱਲ੍ਹ ਸੀ ਉਥੇ ਔਰਤ ਨੂੰ ਮਨਮਰਜ਼ੀ ਅਨੁਸਾਰ ਆਪਣਾ ਵਰ ਢੂੰਡਣ ਦੀ ਆਗਿਆ ਨਹੀਂ ਸੀ। ਇਸ ਦਾ ਪ੍ਰਤੱਖ ਕਾਰਣ ਇਹ ਸੀ ਕਿ ਇਹੀ ਸਾਰਾ ਸਮਾਜਕ ਢਾਂਚਾ ਹੀ ਔਰਤ ਦੀ ਪ੍ਰਾਧੀਨਤਾ ਦੀਆਂ ਨੀਹਾਂ ਉੱਤੇ ਉਸਰਿਆ ਹੋਇਆ ਸੀ। ਔਰਤ ਨੂੰ ਅਜੇਹੀ ਖੁਲ੍ਹ ਦੇਣ ਨਾਲ ਸਾਰੇ ਸਮਾਜਕ ਪ੍ਰਬੰਧ ਦੇ ਹੀ ਖੇਰੂੰ ਖੇਰੂੰ ਹੋ ਜਾਣ ਦਾ ਡਰ ਸੀ। ਅਜੇਹੀ ਸਥਿਤੀ ਵਿਚ ਆਸ਼ਕਾਂ ਦੀ ਜ਼ਿੰਦਗੀ ਦਾ ਅੰਤ ਦੁਖਾਂਤ ਵਿਚ ਹੋਣਾ ਸੁਭਾਵਿਕ ਸੀ। ਇਸੇ ਕਾਰਣ ਇਸ਼ਕ ਨਾਲ ਸੰਬੰਧਿਤ ਸਾਰੀਆਂ ਰਚਨਾਵਾਂ ਵਿਚ ਹਰ ਉਸ ਘੋਲ ਦਾ ਅੰਤ ਦਵੱਲੀ ਮੌਤ ਵਿਚ ਹੁੰਦਾ ਹੈ ਜੋ ਪ੍ਰੇਮੀ ਜੀਊੜੇ ਵਸਲ ਦੀ ਪ੍ਰਾਪਤੀ ਖਾਤਰ ਸਮਾਜ ਦੀਆਂ ਮਨਾਹੀਆਂ ਵਿਰੁੱਧ ਲੜਦੇ ਹਨ।

ਇਸ਼ਕ ਦੇ ਕਿੱਸਿਆਂ ਵਿਚ ਸ਼ਿੰਗਾਰ ਰਸ ਤੇ ਕਰੁਣਾ ਰਸ ਪ੍ਰਧਾਨ ਹੁੰਦਾ ਹੈ। ਇਸ਼ਕ ਵਿਚ ਦਵੱਲੀ ਸਿਦਕ ਤੇ ਕੁਰਬਾਨੀ ਦੀ ਪ੍ਰਬਲਤਾ ਹੋਣ ਦੇ ਕਾਰਣ ਬੀਰ ਰਸ ਵੀ ਝਲਕਦਾ ਹੈ। ਮਿਰਜਾ ਸਾਹਿਬਾਂ ਵਿਚ ਦੋਵੇਂ ਰਸ ਪ੍ਰਧਾਨ ਹਨ, ਸਤਾਰਵੀਂ ਤੇ ਅਠਾਰਵੀਂ ਸਦੀ ਵਿਚ ਇਸ਼ਕ ਦੇ ਕਿੱਸੇ ਹੀ ਪ੍ਰਧਾਨ ਰਹੇ। ਦਮੋਦਰ, ਪੀਲੂ, ਹਾਫਿਜ਼ ਬਰਖੁਰਦਾਰ, ਮੁਕਬਲ ਤੇ ਵਾਰਿਸ ਇਸ ਸਮੇਂ ਦੇ ਪ੍ਰਸਿੱਧ ਕਿੱਸਾਕਾਰ ਹਨ। 1850 ਤੋਂ ਪਿੱਛੋਂ ਛਾਪੇਖਾਨੇ ਦੇ ਆਉਣ ਨਾਲ ਕਿੱਸੇ ਵੱਡੀ ਗਿਣਤੀ ਵਿਚ ਛਪਣ ਲੱਗੇ। ਇਸ ਸਮੇਂ ਇਸ਼ਕ ਦੀਆਂ ਸਨਸਨੀਖੇਜ ਸਮਕਾਲੀ ਘਟਨਾਵਾਂ ਨੂੰ ਵੀ ਕਿੱਸਿਆਂ ਦਾ ਵਿਸ਼ਾ ਬਣਾਇਆ ਗਿਆ। ਇਸ ਪ੍ਰਕਾਰ ਦੇ ਕਿੱਸਿਆਂ ਵਿਚੋਂ ਬੇਗੋਨਾਰ, ਸ਼ਾਮੋਨਾਰ, ਰਤਨੀਂ ਸੁਨਿਆਰੀ ਤੇ ਕਾਕਾ ਪ੍ਰਤਾਪੀ ਆਦਿ ਕਿੱਸੇ ਕਾਫ਼ੀ ਪ੍ਰਚਲਿਤ ਹੋਏ।

### (2) ਰੁਮਾਂਸ ਕਿੱਸੇ

ਸਤਾਰਵੀਂ ਸਦੀ ਦੇ ਅੰਤ ਵਿਚ ਜਾਗੀਰਦਾਰ ਵਰਗ ਦੀ ਸਰਪ੍ਰਸਤੀ ਮਿਲਣ ਕਾਰਨ ਕਿੱਸਾ ਜਾਗੀਰਦਾਰ ਸ਼੍ਰੇਣੀ ਦੇ ਮਨਪ੍ਰਚਾਵੇ ਤੇ ਵਿਲਾਸ ਲਈ ਫ਼ਾਰਸੀਦਾਨ ਪੇਸ਼ਾਵਰ ਕਵੀਆਂ ਦੇ ਹੱਥਾਂ 'ਵਚ ਜਾਣ ਲੱਗਾ। ਫਲਸਰੂਪ ਕਲਪਨਾ ਆਧਾਰਿਤ ਕਿੱਸੇ ਕਹਾਣੀਆਂ ਆਮ ਪ੍ਰਚਲਿਤ ਹੋ ਗਏ ਜਿਨ੍ਹਾਂ ਵਿਚ ਜਾਦੂ-ਟੂਣੇ, ਜੰਤਰ ਮੰਤਰ, ਵਰ ਸਰਾਪ, ਮੌਜਜ਼ੇ, ਚਮਤਕਾਰ, ਕਰਾਮਾਤਾਂ ਤੇ ਮਾਰੂਕੇ ਮੁਹਿੰਮਾਂ ਪ੍ਰਧਾਨ ਸਨ। ਕਿੱਸਾ ਨਿਰੋਲ ਐਸ਼ਵਰਜ਼ ਵਾਲੀ ਸ਼ਾਸਕ ਸ਼ਰੇਣੀ ਦੇ ਵਿਲਾਸ ਤੇ ਮਨੋਰੰਜਨ ਦਾ ਸਾਧਨ ਬਣ ਗਿਆ। ਕਿੱਸਾਕਾਰੀ ਦੇ ਵਿਧੀ-ਵਿਧਾਨ ਉੱਤੇ ਵੀ ਇਸ ਦਾ ਅਸਰ ਪਿਆ। ਇਸ਼ਕ-ਕਿੱਸਿਆਂ ਦੇ ਉਲਟ ਇਹ ਰੁਮਾਂਸ ਕਿੱਸੇ ਆਮ ਤੌਰ ਉੱਤੇ ਸੁਖਾਂਤ ਹਨ, ਸਮਾਜਕ ਅਸਲੀਅਤ ਤੋਂ ਦੂਰ ਹੋ ਜਾਣ ਕਰਕੇ ਇਨ੍ਹਾਂ ਵਿਚ ਦੱਸੀ ਗਈ ਮਨੁੱਖ ਦੀ ਗਤੀ ਅਪਸਾਰਵਾਦੀ ਹੈ। ਨਾਇਕ ਜਾਂ ਨਾਇਕਾ ਦੀ ਸਹਾਇਤਾ ਲਈ ਪਰਾਸਰੀਰਕ ਸ਼ਕਤੀਆਂ ਤੇ ਮੌਕਾ ਮੇਲ ਦੀ ਆਮ ਸਹਾਇਤਾ ਲਈ ਜਾਂਦੀ ਹੈ। ਜਿੰਨ ਭੂਤ, ਕਰਾਮਾਤਾਂ ਤੇ ਤਵੀਤ ਕਹਾਣੀ

ਦੇ ਕਾਰਜ ਉੱਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਰੁਮਾਂਸ ਵਿਚ ਸ਼ਿੰਗਾਰ ਰਸ ਦੀ ਥਾਂ ਅਦਭੁੱਤ ਰਸ ਪ੍ਰਧਾਨ ਹੁੰਦਾ ਹੈ। ਇਸ ਸਮੇਂ ਦੇ ਰੁਮਾਂਸ ਕਿੱਸਿਆਂ ਵਿਚੋਂ ਪਾਰਤੀ ਅਸਲੇ ਨਾਲ ਸੰਬੰਧਿਤ ਪੂਰਨ ਭਗਤ, ਸ਼ਾਹਣੀ ਕੌਲਾਂ, ਰੂਪ ਬਸੰਤ, ਰਾਜਾ ਰਸਾਲੂ, ਕਾਮ ਰੂਪ ਤੇ ਚੰਦਰ ਬਦਲ ਅਤੇ ਇਸਲਾਮੀ ਪਿਛੋਕੜ ਵਾਲੇ ਤਾਮੀਮ ਅਨਸਾਰੀ, ਦਿਲ ਖ਼ੁਰਸ਼ੈਦ, ਗੁਲ ਬਕਾਓਲੀ, ਬਦੀਹ ਜਮਾਲ, ਸ਼ਾਹ ਬਹਿਰਾਮ ਤੇ ਸੈਫੁਲ ਮਲੂਕ, ਆਦਿ ਕਿੱਸੇ ਕਾਫੀ ਮਕਬੂਪ ਹੋਏ।

**(3) ਸੂਰਮਗਤੀ/ਬੀਰਰਸੀ/ਇਤਿਹਾਸਕ ਕਿੱਸੇ**

ਦੁੱਲਾ ਭੱਟੀ, ਜੈਮਲ ਫੱਤਾ, ਜਿਉਣਾ ਮੌੜ, ਸੁੱਚਾ ਸਿੰਘ ਸੂਰਮਾ, ਬਿਧੀ ਚੰਦ ਆਦਿ ਸੂਰਮਗਤੀ ਦੇ ਕਿੱਸੇ ਹਨ ਤੇ ਇਨ੍ਹਾਂ ਵਿਚ ਬੀਰ ਰਸ ਪ੍ਰਧਾਨ ਹੈ। ਇਨ੍ਹਾਂ ਕਿੱਸਿਆਂ ਵਿਚ ਅਣਖਪਾਲ, ਪ੍ਰਣਪਾਲ, ਮੌਤ ਨੂੰ ਖੇਡ ਜਾਣ ਵਾਲੇ ਬੀਰ ਨਾਇਕਾਂ ਦੀ ਮਰਦਾਨਗੀ ਦੀ ਵਡਿਆਈ ਪੇਸ਼ ਕੀਤੀ ਗਈ ਹੈ। ਭਾਵੇਂ ਇਹ ਨਾਇਕ ਡਾਕੂ ਵੀ ਕਿਉਂ ਨਾ ਹੋਣ। ਇਸ਼ਕ ਤੇ ਰੁਮਾਂਸ ਕਿੱਸਾ ਪਰੰਪਰਾ ਤੋਂ ਪਿੱਛੋਂ, ਕਿੱਸਾਕਾਰ ਸੂਰਮਗਤੀ ਦੇ ਕਿੱਸਿਆਂ ਵੱਲ ਆਉਂਦੇ ਹਨ। ਉਨ੍ਹਾਂ ਇਤਿਹਾਸ ਵਿਚੋਂ ਸੂਰਮਗਤੀ ਦੀ ਭਾਲ ਕੀਤੀ ਫਲਸਰੂਪ ਦੁੱਲਾ ਭੱਟੀ ਤੇ ਜੈਮਲ ਫੱਤਾ ਆਦਿ ਵਰਗੇ ਕਿੱਸੇ ਲਿਖੇ। ਸੂਰਮਗਤੀ ਦੇ ਇਨ੍ਹਾਂ ਕਿੱਸਿਆਂ ਵਿਚ ਨਾਇਕ ਕੋਈ ਇਕ ਵਿਅਕਤੀ ਜਾਂ ਪੂਰੀ ਦੀ ਪੂਰੀ ਟੋਲੀ ਹੋ ਸਕਦੀ ਹੈ। ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ, ਬਾਬਾ ਦੀਪ ਸਿੰਘ ਆਦਿ ਦੇ ਪ੍ਰਸੰਗ ਇਕ ਨਾਇਕੀ ਪ੍ਰਸੰਗ ਹਨ। ਇਸੇ ਤਰ੍ਹਾਂ ਛੋਟਾ ਘੱਲੂਕਾਰਾ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ ਕਿੱਸੇ ਬਹੁਨਾਇਕੀ ਜਾਂ ਸਮੂਹ ਨਾਇਕੀ ਪ੍ਰਸੰਗ ਹਨ। ਸਿੱਖ ਢਾਡੀ ਪਰੰਪਰਾ ਨੇ ਇਨ੍ਹਾਂ ਕਿੱਸਿਆਂ ਨੂੰ ਬਹੁਤ ਵਿਗਸਾਇਆ। ਸਾਮਰਾਜ ਵਿਰੋਧੀ ਲਹਿਰਾ ਚੱਲਣ ਉੱਤੇ ਇਨ੍ਹਾਂ ਦੇ ਪ੍ਰਭਾਵ ਅਧੀਨ ਦੇਸ਼ ਭਗਤੀ ਦੇ ਕਿੱਸੇ ਵੀ ਲਿਖੇ ਗਏ। ਇਨ੍ਹਾਂ ਕਿੱਸਿਆਂ ਵਿਚ ਬੀਰ ਰਸ ਦੇ ਨਾਲ ਨਾਲ ਰੌਦਰ ਰਸ ਤੇ ਕਰੁਣਾ ਰਸ ਵੀ ਵਿਦਮਾਨ ਹੈ। ਸ਼ਾਹ ਮੁਹੰਮਦ ਦਾ ਕਿੱਸਾ ਜੰਗ ਸਿੰਘਾਂ ਤੇ ਫਰੰਗੀਆਂ ਨੂੰ ਵੀ ਇਸੇ ਕੋਟੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਉਸ ਨੇ ਇਸ ਕਿੱਸੇ ਰਾਹੀਂ ਪੰਜਾਬੀਆਂ ਦੀ ਸੁੱਤੀ ਹੋਈ ਅਣਖ ਨੂੰ ਵੰਗਾਰਿਆ ਹੈ।

**(4) ਸਦਾਚਾਰਕ/ਤਿਆਗ ਭਗਤੀ/ਸੁਧਾਰ ਦੇ ਕਿੱਸੇ**

ਇਨ੍ਹਾਂ ਕਿੱਸਿਆਂ ਦਾ ਮੁੱਖ ਉਦੇਸ਼ ਉਚੇਰੀਆਂ ਨੈਤਿਕ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਨਾ ਤੇ ਲੋਕਾਂ ਵਿਚ ਸੁਧਾਰ ਲਿਆਉਣਾ ਹੁੰਦਾ ਹੈ। ਅਜੇਹੇ ਕਿੱਸੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਵਧੇਰੇ ਲਿਖੇ ਜਾਣੇ ਆਰੰਭ ਹੋਏ। ਤਤਕਾਲੀ ਸਮਾਜ ਵਿਚ ਬਹੁਤ ਸਾਰੀ ਸਦਾਚਾਰਕ ਗਿਰਾਵਟ ਆ ਗਈ ਸੀ। ਕਿੱਸਾਕਾਰਾਂ ਨੇ ਆਪਣੇ ਯੁੱਗ ਵਿਚ ਸਦਾਚਾਰ ਕੀਮਤਾਂ ਵਿਚ ਆਈਆਂ ਕਮਜ਼ੋਰੀਆਂ ਖਾਸ ਕਰਕੇ ਸਮਾਜ ਵਿਚੋਂ ਭ੍ਰਿਸ਼ਟਾਚਾਰ ਅਤੇ ਵਿਭਚਾਰ ਨੂੰ ਖ਼ਤਮ ਕਰਨ ਅਤੇ ਉਚੇਰੀਆਂ ਨੈਤਿਕ ਕੀਮਤਾਂ ਦ੍ਰਿੜ੍ਹ ਕਰਨ ਉੱਤੇ ਬਹੁਤ ਬਲ ਦਿੱਤਾ। ਆਪਣੇ ਕਿੱਸਿਆਂ ਵਿਚ ਇਸ ਮਨੋਰਥ ਸਿੱਧੀ ਲਈ ਕਿੱਸਾਕਾਰੀ ਬਹੁਤੀ ਵਾਰ ਕਰਾਸਰੀਰਕ ਤੇ ਰੁਮਾਂਸਿਕ ਤੱਤਾਂ ਦਾ ਵੀ ਸਹਾਬਾ ਲੈਂਦੇ ਹਨ। ਇਨ੍ਹਾਂ ਕਿੱਸਿਆਂ ਦੇ ਬਹੁਤੇ ਕਥਾਨਕ ਭਾਰਤੀ, ਇਤਿਹਾਸਕ, ਮਿਥਿਹਾਸਕ ਤੇ ਤਤਕਾਲੀ

ਜੀਵਨ ਵਿਚੋਂ ਲਏ ਗਏ ਹਨ। ਪੂਰਨ ਭਗਤ, ਰਾਜਾ ਰਸਾਲੂ, ਰਾਜਾ ਭਰਥਰੀ ਹਰੀ, ਰਾਜਾ ਗੋਪੀ ਚੰਦ, ਰਾਜਾ ਹਰੀ ਚੰਦ, ਪ੍ਰਹਿਲਾਦ ਭਗਤ, ਸਤੀ ਸਲੋਚਨਾ, ਸ਼ਾਹਣੀ ਕੌਲਾਂ, ਸ਼ਾਮੋ ਨਾਰ, ਕਿਹਰ ਸਿੰਘ ਦੀ ਮੌਤ ਆਦਿ ਪ੍ਰਸਿੱਧ ਸਦਾਚਾਰਕ ਕਿੱਸੇ ਹਨ।

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਅਤੇ ਉਸ ਤੋਂ ਪਿੱਛੋਂ ਸਿੰਘ ਸਭਾ ਲਹਿਰ ਜੇਹੀਆਂ ਕਈ ਸੁਧਾਰਕ ਲਹਿਰਾਂ ਚੱਲੀਆਂ ਜਿਨ੍ਹਾਂ ਦੇ ਪ੍ਰਭਾਵ ਅਧੀਨ ਪੰਜਾਬੀ ਕਿੱਸਾਕਾਰਾਂ ਨੇ ਕਈ ਸੁਧਾਰਕ ਕਿੱਸੇ ਰਚੇ। ਇਨ੍ਹਾਂ ਕਿੱਸਿਆਂ ਦਾ ਮੁੱਖ ਉਦੇਸ਼ ਸਮਾਜ ਵਿਚੋਂ ਵਹਿਮ ਭਰਮ ਤੇ ਗਲਤ ਰਸਮੋ ਰਿਵਾਜਾਂ ਤੋਂ ਲੋਕਾਂ ਦਾ ਛੁਟਕਾਰਾ ਪੁਆਉਣਾ ਸੀ। ਬਾਲ ਵਿਆਹ, ਵਿਧਵਾ ਵਿਆਹ, ਮੁੱਲ ਦਾ ਵਿਆਹ, ਨਸ਼ਿਆਂ ਦੀ ਵਰਤੋਂ ਦੇ ਨੁਕਸਾਨ ਆਦਿ ਵਿਸ਼ਿਆਂ ਉੱਤੇ ਵੀ ਬਹੁਤ ਸਾਰੇ ਕਿੱਸੇ ਲਿਖੇ ਗਏ। ਇਨ੍ਹਾਂ ਵਿਚੋਂ ਚੰਨਣ ਸ਼ਰਾਬੀ, ਬੁੱਢੇ ਦੀ ਨਾਰ, ਝਗੜਾ ਨੂੰਹ ਸੱਸ, ਕੰਜੂਸਨਾਮਾ, ਇਲਮਦਾਰ ਔਰਤ, ਕਿੱਸਾ ਦਰਾਣੀਆਂ ਜੇਠਾਣੀਆਂ, ਕਿੱਸਾ ਦਗੇ ਬਾਜਾਂ, ਭਾਨੀ ਮਾਰਾਂ ਦੀ ਕਰਤੂਤ, ਚਾਹ ਤੇ ਲੱਸੀ ਦਾ ਝਗੜਾ, ਹਾਏ ਹਾਏ ਸੌਂਕਣ ਮੇਲੇ ਦੀ, ਆਦਿ ਸੁਪ੍ਰਸਿੱਧ ਸੁਧਾਰਕ ਕਿੱਸੇ ਹਨ।

ਇਸ ਤਰ੍ਹਾਂ ਆਧੁਨਿਕ ਕਾਲ ਦੀ ਰਵਾਇਤੀ ਕਵਿਤਾ ਵਿਚ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਤਕ ਜ਼ੋਰਾਂ ਉੱਤੇ 1947 ਤਕ ਅਲਪ ਰੂਪ ਵਿਚ ਕਿੱਸਾਕਾਰੀ ਦਾ ਦੌਰ ਕਾਇਮ ਰਿਹਾ।

## ਹਵਾਲੇ ਤੇ ਟਿੱਪਣੀਆਂ

1. ਕਰਮੁਲਦੀਨ, ਕਰੀਮੁਲਲੁਗਾਤ, ਪੰਨਾ 124.
2. ਸਾਹਿਤ ਦਰਸ਼ਨ, ਪੰਨਾ 141 ਤੇ ਪੰਜਾਬੀ ਸਾਹਿਤ ਬਾਰੇ, ਪੰਨਾ 81.
3. ਜੈ ਪ੍ਰਕਾਸ਼ ਭਗਤੀ, ਭਾਰਤ ਕੀ ਪ੍ਰਤਿਨਿਧ ਲੋਕ ਕਥਾਏਂ, ਪੰਨਾ 8 ਦੁਆਰਾ ਉਧਰਿਤ।
4. ਗੁਰਚਰਨ ਸਿੰਘ, "ਕਿੱਸਾ ਕਾਵਿ ਦੀ ਪਰੰਪਰਾ", ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪੰਨਾ 569.
5. "ਸ਼ਿੰਗਾਰ ਰਸ ਅਤੇ ਪੰਜਾਬੀ ਕਿੱਸਾ ਕਾਵਿ ਵਿਚ ਸ਼ਿੰਗਾਰਕ ਪ੍ਰਵਿਰਤੀਆਂ", ਪੰਜਾਬੀ ਸਾਹਿਤਧਾਰਾ, ਪੰਨੇ 85-86.
6. "ਪੰਜਾਬੀ ਕਿੱਸਾ ਕਾਵਿ ਵਿਚ ਵਾਰਿਸ ਦਾ ਅਸਥਾਨ", ਵਾਰਿਸ ਸ਼ਾਹ: ਇਕ ਅਧਿਐਨ, ਪੰਨਾ 9.

---

ਹਵਾਲਾ ਪੁਸਤਕ : ਵਾਰਿਸ ਸ਼ਾਹ ਦੀ ਕਿੱਸਾਕਾਰੀ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2012, ਪੰਨੇ 5-25.

# ਅਧਿਆਇ - 2

# ਦਮੋਦਰ ਕੌਣ ਸੀ ਤੇ ਉਸ ਨੇ ਕਿੱਸਾ ਕਦੋਂ ਲਿਖਿਆ?

**ਦਮੋਦਰ-**

ਕਿੱਸਾਕਾਰਾਂ ਵਿੱਚੋਂ ਸਭ ਤੋਂ ਪਹਿਲਾਂ ਦਮੋਦਰ ਦਾ ਨਾਂ ਆਉਂਦਾ ਹੈ, ਜਿਸ ਨੇ ਹੀਰ ਰਾਂਝੇ ਦਾ ਕਿੱਸਾ ਲਿਖ ਕੇ ਪੰਜਾਬੀ ਸਾਹਿਤ ਦੀ ਇੱਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ। ਹੀਰ ਦਾ ਕਿੱਸਾ ਪੰਜਾਬੀ ਸਾਹਿਤ ਤੇ ਜੀਵਨ ਦਾ ਇੱਕ ਵਿਸ਼ੇਸ਼ ਤੇ ਅਨਿੱਖੜ ਅੰਗ ਬਣ ਗਿਆ ਹੈ ਕਿਉਂ ਜੋ ਹਰ ਸ਼੍ਰੇਣੀ ਤੇ ਹਰ ਅਵਸਥਾ ਦੇ ਲੋਕੀਂ ਵੱਖ ਵੱਖ ਸੁਆਦ, ਆਸ਼ੇ ਤੇ ਦ੍ਰਿਸ਼ਟੀਕੋਣ ਤੋਂ ਪੜ੍ਹਦੇ ਹਨ। ਇਸ ਕਿੱਸੇ ਉੱਤੇ ਸਭ ਤੋਂ ਵੱਧ ਕਵੀਆਂ ਨੇ ਆਪਣੇ ਹੱਥ ਅਜ਼ਮਾਏ ਹਨ।ਦਮੋਦਰ ਤੋਂ ਪਹਿਲਾਂ ਫਾਰਸੀ ਵਿੱਚ ਇਹ ਕਿੱਸਾ ਬਾਕੀ ਕੋਲਾਬੀ ਨੇ 1574 ਈ. ਵਿੱਚ 'ਮਸਨਵੀਂ ਹੀਰ ਰਾਂਝਾ' ਨਾਂ ਹੇਠ ਲਿਖਿਆ। ਇਹ ਕਿੱਸਾ ਨਿਰਾ ਪੰਜਾਬੀ ਵਿੱਚ ਹੀ ਨਹੀਂ ਸਗੋਂ ਅਰਬੀ, ਫਾਰਸੀ, ਹਿੰਦੀ, ਸਿੰਧੀ, ਬਲੋਚੀ, ਰਾਜਸਥਾਨੀ, ਉਰਦੂ ਤੇ ਅੰਗਰੇਜ਼ੀ ਆਦਿ ਬੋਲੀਆਂ ਵਿੱਚ ਵੱਖ ਵੱਖ ਸਮਿਆਂ ਅਤੇ ਅੱਡ ਅੱਡ ਲੇਖਕਾਂ ਵੱਲੋਂ ਕਵਿਤਾ  ਤੇ ਵਾਰਤਕ ਦੋਹਾਂ ਰੂਪਾਂ ਵਿੱਚ ਲਿਖਿਆ ਗਿਆ ਹੈ। ਪੰਜਾਬੀ ਵਿੱਚ ਇਸ ਕਿੱਸੇ ਨੂੰ ਸੰਪੂਰਣ ਰੂਪ ਵਿੱਚ ਦਮੋਦਰ ਨੇ ਹੀ ਪਹਿਲੀ ਵਾਰ ਕਵਿਤਾ ਦਾ ਰੂਪ ਦਿੱਤਾ ਅਤੇ ਉਸ ਦਾ ਬਿਆਨ ਸਭ ਤੋਂ ਵੱਧ ਪ੍ਰਮਾਣਿਕ ਤੇ ਮਹੱਤਵਪੂਰਨ ਹੈ, ਭਾਵੇਂ ਇਸ ਦੇ ਹਵਾਲੇ ਦਮੋਦਰ ਤੋਂ ਪਹਿਲਾਂ ਹੋ ਚੁੱਕੇ ਕੁਝ ਕਵੀਆਂ ਦੀ ਕਵਿਤਾ ਵਿੱਚ ਵੀ ਮਿਲਦੇ ਹਨ। ਦਮੋਦਰ ਤੋਂ ਬਿਨਾਂ ਪੰਜਾਬੀ ਵਿੱਚ ਲਗਭਗ ਪੰਜਾਹ ਹੋਰ ਕਵੀਆਂ ਦੇ ਕਿੱਸੇ ਵੀ ਮਿਲਦੇ ਹਨ, ਜਿਨ੍ਹਾਂ ਵਿੱਚੋਂ ਮੀਆਂ ਚਰਾਗ ਅਵਾਨ, ਅਹਿਮਦ ਗੁਜਰ, ਮੁਕਬਲ, ਵਾਰਸ ਸ਼ਾਹ, ਫ਼ਜ਼ਲ ਸ਼ਾਹ, ਭਗਵਾਨ ਸਿੰਘ, ਜੋਗਾ ਸਿੰਘ, ਕਾਨ੍ਹ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਆਦਿ ਦੀਆਂ ਲਿਖੀਆਂ ਹੀਰਾਂ ਖਾਸ ਤੌਰ 'ਤੇ ਪ੍ਰਸਿੱਧ ਹਨ।[1]

ਸਭ ਤੋਂ ਪਹਿਲਾਂ ਦਮੋਦਰ ਦੇ ਇਸ ਕਿੱਸੇ ਨੂੰ ਪੰਜਾਬੀ ਪਾਠਕਾਂ ਤੱਕ,ਬਾਵਾ ਗੰਗਾ ਸਿੰਘ ਬੇਦੀ ਨੇ 1927 ਵਿੱਚ ਪੁਚਾਇਆ। ਉਨ੍ਹਾਂ ਨੇ ਇਸ ਕਿੱਸੇ ਦੇ ਪੁਰਾਣੇ ਦੋ ਹੱਥ ਲਿਖਤੀ ਨੁਸਖੇ, ਇੱਕ ਭਾਈ ਹਰੀ ਸਿੰਘ ਸ਼ਾਹ ਜੀਵੁਣਾ ਜ਼ਿਲ੍ਹਾ ਝੰਗ ਪਾਸੋਂ ਤੇ ਦੂਜਾ ਭਾਈ ਮਤਾਬ ਸਿੰਘ ਬੁਲੋ, ਜ਼ਿਲ੍ਹਾ ਝੰਗ ਪਾਸੋਂ ਪ੍ਰਾਪਤ ਕੀਤਾ ਤੇ ਇਨ੍ਹਾਂ ਨੂੰ ਮੇਲ ਕੇ ਇਕ ਉਤਾਰਾ ਕੀਤਾ ਤੇ ਕੋਈ  ਚਾਰ ਕੁ ਸਾਲਾਂ ਵਿੱਚ ਉਹ ਥਾਂ, ਜਿਨ੍ਹਾਂ ਦਾ ਵਰਣਨ ਕਵੀ ਦਮੋਦਰ ਨੇ ਕਿੱਸੇ ਵਿੱਚ ਕੀਤਾ ਹੈ, ਉਨ੍ਹਾਂ ਨੇ ਖ਼ੁਦ ਜਾ ਕੇ ਅੱਖੀਂ ਡਿੱਠੇ ,ਕਈਆਂ ਦੇ ਹਾਲ  ਪੁਛ ਗਿੱਛ ਕੇ ਪੂਰੇ ਪਤੇ ਲਾਏ, ਕਿਉਂਕਿ ਪ੍ਰਚਾਰ ਦੇ ਸਬੱਬ ਕਈ ਸਾਲ ਜ਼ਿਲਾ ਝੰਗ ਤੇ ਜ਼ਿਲਾ ਸ਼ਾਹਪੁਰ ਦੇ ਪਿੰਡਾਂ ਵਿੱਚ ਉਨ੍ਹਾਂ ਨੂੰ ਜਾਣ ਦਾ ਮੌਕਾ ਮਿਲਦਾ ਰਿਹਾ।ਇਸ ਦੇ ਸਾਰੇ ਹਾਲਾਤ ਉਨ੍ਹਾਂ ਥਾਵਾਂ ਨਾਲ ਠੀਕ ਠੀਕ ਸਬੰਧ ਖਾ ਗਏ ਹਨ। ਉਨ੍ਹਾਂ ਅਨੁਸਾਰ ਦਮੋਦਰ ਜ਼ਾਤ ਦਾ ਗੁਲਾਟੀ ਤੇ ਪਿੰਡ ਵਲ੍ਹਾਰਾਂ ਤਹਿਸੀਲ ਚਣੀਓਟ ਦਾ ਰਹਿਣ ਵਾਲਾ ਸੀ।[2]

**ਦਮੋਦਰ ਨੇ ਕਿੱਸਾ ਕਦੋਂ ਲਿਖਿਆ ?**

ਦਮੋਦਰ ਆਪਣੇ ਕਿੱਸਾ ਹੀਰ ਰਾਂਝਾ ਦੇ ਅੰਤ ਵਿੱਚ ਕਿੱਸੇ ਦੀ ਸਮਾਪਤੀ ਕਰਨ ਤੋਂ ਪਹਿਲਾਂ ਲਿਖਦਾ ਹੈ :

**ਪੰਦਰਾਂ ਸੈ ਅਤੇ ਉਨੱਤ੍ਰੀ ਸੰਬਤ ਬਿਕ੍ਰਮ ਰਾਏ।**
**ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।**
**ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।**
**ਆਖ ਦਮੋਦਰ ਦੇ ਅਸੀਸਾਂ, ਸ਼ਹਿਰੋਂ ਬਾਹਰ ਆਏ।**

ਉਪਰੋਕਤ ਬਿਆਨ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਅਦਲੀ ਰਾਜੇ ਦੇ ਫ਼ੈਸਲੇ ਪਿੱਛੋਂ ਹੀਰ ਤੇ ਰਾਂਝਾ ਹਮੇਸ਼ਾਂ ਲਈ ਇਕੱਠੇ ਹੋ ਗਏ ਤੇ ਇਹ ਗੱਲ 1529 ਬਿਕ੍ਰਮੀ ਭਾਵ 1472 ਈਸਵੀ ਦੀ ਹੈ।ਉਸ ਸਮੇਂ ਅਕਬਰ ਦਾ ਰਾਜ ਸੀ ਜੋ ਬੜੀ ਚੜ੍ਹਦੀ ਕਲਾ ਵਿੱਚ ਸੀ।ਪਰ ਵੱਖ ਵੱਖ ਲੇਖਕਾਂ ਨੇ ਸੰਮਤ ਬਾਰੇ ਵੱਖਰੇ ਵੱਖਰੇ ਵਿਚਾਰ ਦਿੱਤੇ ਹਨ। ਵਿਦਵਾਨਾਂ ਵਲੋਂ ਪ੍ਰਗਟਾਏ ਗਏ ਇਹ ਸਭ ਸ਼ੰਕੇ ਇਸ ਗਲ ਉਤੇ ਅਧਾਰਿਤ ਜਾਪਦੇ ਹਨ ਕਿ ਦਮੋਦਰ ਨੇ ਆਪਣੇ ਕਿੱਸੇ ਵਿੱਚ ਕਿਉਂ ਜੋ ਕਈ ਵਾਰ ਅਕਬਰ ਦਾ ਜ਼ਿਕਰ ਕੀਤਾ ਹੈ, ਇਸ ਲਈ ਇਹ ਘਟਨਾ ਅਕਬਰ ਦੇ ਰਾਜ ਵਿੱਚ ਵਾਪਰੀ ਤੇ ਦਮੋਦਰ ਨੇ ਅੱਖੀ ਵੇਖ ਕੇ ਲਿਖੀ। ਇਹ ਵਿਦਵਾਨ ਭੁਲ ਜਾਂਦੇ ਹਨ ਕਿ 1529 ਬਿਕਰਮੀ ਦਮੋਦਰ ਦੁਆਰਾ ਕਿੱਸਾ ਪੂਰਾ ਕਰਨ ਦਾ ਸਾਲ ਨਹੀਂ, ਸਗੋਂ ਹੀਰ ਰਾਂਝੇ ਦੇ ਮਿਲਾਪ ਦਾ ਹੈ, ਜਿਹੜਾ 1472 ਈ. ਬਣਦਾ ਹੈ। ਉਸ ਵੇਲੇ ਏਥੇ ਬਹਿਲੋਲ ਲੋਧੀ (1451 ਤੋਂ 1488 ਈ.) ਦਾ ਰਾਜ ਸੀ, ਜਿਸ ਤੋਂ ਸਪੱਸ਼ਟ ਹੈ ਕਿ ਇਹ ਘਟਨਾ ਅਕਬਰ ਤੋਂ ਬਹੁਤ ਚਿਰ ਪਹਿਲਾਂ ਵਾਪਰੀ। ਦਮੋਦਰ ਨੇ ਹੀਰ ਰਾਂਝੇ ਦੀ ਪ੍ਰਚਲਿਤ ਲੋਕ-ਕਥਾ ਨੂੰ, ਉਸ ਵੇਲੇ ਕਿੱਸੇ ਦਾ ਰੂਪ ਦਿੱਤਾ, ਜਿਸ ਵੇਲੇ ਏਥੇ ਅਕਬਰ ਦਾ ਰਾਜ ਸੀ। ਆਪਣੇ ਵੇਲੇ ਦੇ ਹਾਕਮ ਦਾ ਦਮੋਦਰ ਦੁਆਰਾ ਜ਼ਿਕਰ ਕੀਤਾ ਜਾਣਾ ਕੋਈ ਅਸੁਭਾਵਿਕ ਜਾਂ ਅਨੁਚਿਤ ਗੱਲ ਪ੍ਰਤੀਤ ਨਹੀਂ ਹੁੰਦੀ। ਅਕਬਰ ਦਾ ਜ਼ਿਕਰ ਸਾਰੇ ਕਿੱਸੇ ਵਿੱਚ ਇੱਕ ਦਰਜਨ ਤੋਂ ਵਧੀਕ ਵਾਰ ਆਇਆ ਹੈ।[4]

---

1. **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ** (ਕ੍ਰਿਤ ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਗੋਬਿੰਦ ਸਿੰਘ ਲਾਂਬਾ), ਪੰਨਾ 204
2. ਬਾਵਾ ਗੰਗਾ ਸਿੰਘ ਬੇਦੀ ਧਾਰੋਵਾਲੀਆ, **ਕਿੱਸਾ ਹੀਰ ਦਮੋਦਰ**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ,1949, ਪੰਨਾ 3
3. (ੳ) ਡਾ. ਪਰਮਿੰਦਰ ਸਿੰਘ, **ਹੀਰ ਦਮੋਦਰ**, ਇਕ ਆਲੋਚਨਾਤਮਿਕ ਅਧਿਐਨ,ਪੈਪਸੂ ਬੁਕ ਡੀਪੋ, ਪਟਿਆਲਾ, 1979, ਪੰਨੇ 243- 248.
   (ਅ) ਡਾ. ਗੁਰਦੇਵ ਸਿੰਘ ਅਤੇ ਡਾ. ਪ੍ਰੀਤਮ ਸੈਣੀ, **ਹੀਰ ਦਮੋਦਰ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1994, ਪੰਨਾ148.

# ਅਧਿਆਇ 3

# ਕੀ ਦਮੋਦਰ ਹੀ ਕਿੱਸਾ ਹੀਰ ਰਾਂਝਾ ਦਾ ਪਹਿਲਾ ਕਿੱਸਾਦਾਰ ਹੈ?

ਪਿਛਲੇ ਅਧਿਆਇ ਵਿੱਚ ਅਸੀਂ ਦੇਖਿਆ ਕਿ ਦਮੋਦਰ ਦੀ ਹੀਰ ਹੁਣ ਤੱਕ ਲੱਭੇ ਪੰਜਾਬੀ ਕਿੱਸਿਆਂ ਵਿੱਚ ਪਹਿਲੀ ਰਚਨਾ ਹੈ। ਪ੍ਰੋ. ਪਿਆਰਾ ਸਿੰਘ ਭੋਗਲ ਇਸ ਵਿਚਾਰ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਪੂਰਬ ਨਾਨਕ ਕਾਲ ਵਿੱਚ ਬਹੁਤ ਸਾਰੇ ਕਿੱਸੇ ਲਿਖੇ ਗਏ। ਦਮੋਦਰ ਦੀ ਹੀਰ ਹੁਣ ਤੱਕ ਲੱਭੇ ਪੰਜਾਬੀ ਕਿੱਸਿਆਂ ਵਿੱਚੋਂ ਪਹਿਲੀ ਰਚਨਾ ਹੈ, ਇਸ ਕਰਕੇ ਉਸ ਨੂੰ ਪੰਜਾਬੀ ਕਿੱਸਾ ਕਵਿਤਾ ਦਾ ਮੋਢੀ ਕਹਿ ਦਿੱਤਾ ਜਾਂਦਾ ਹੈ।

ਪੰਜਾਬੀ ਕਿੱਸਿਆਂ ਦੀਆਂ ਸਾਰੀਆਂ ਕਹਾਣੀਆਂ ਵਿੱਚੋਂ ਕਿਉਂਕਿ ਸਭ ਤੋਂ ਵੱਧ ਲੋਕ-ਪ੍ਰਿਅ ਹੋਈ ਕਹਾਣੀ ਹੀਰ-ਰਾਂਝੇ ਦੀ ਕਹਾਣੀ ਹੈ ਤੇ ਕਿਉਂਕਿ ਦਮੋਦਰ ਇੱਕ ਵਾਰ ਨਹੀਂ, ਅਨੇਕਾਂ ਥਾਵਾਂ ਉੱਤੇ ਇਹ ਕਹਿੰਦਾ ਹੈ ਕਿ ਇਹ ਕਿੱਸਾ ਮੈਂ ਅੱਖੀਂ ਦੇਖ ਕੇ ਲਿਖਿਆ ਹੈ, ਇਸ ਲਈ ਕੁਝ ਲੋਕਾਂ ਨੇ ਇਹ ਗੱਲ ਪੱਕੀ ਤਰ੍ਹਾਂ ਗੰਢ ਬੰਨ੍ਹ ਲਈ ਹੈ ਕਿ ਪੰਜਾਬੀ ਦੀ ਪਹਿਲੀ "ਕਿੱਸਾ-ਕਹਾਣੀ" ਹੀਰ-ਰਾਂਝੇ ਦੀ ਕਹਾਣੀ ਹੈ, ਤੇ "ਕਿੱਸੇ" ਦੇ ਰੂਪ ਵਿੱਚ ਸਭ ਤੋਂ ਪਹਿਲਾਂ ਦਮੋਦਰ ਨੇ ਇਸ ਨੂੰ ਲਿਆਂਦਾ।ਇਹ ਦੋਵੇਂ ਵਿਚਾਰ ਠੀਕ ਨਹੀਂ ਹਨ। ਦਮੋਦਰ ਤੋਂ ਬਹੁਤ ਪਹਿਲਾਂ ਪੰਜਾਬੀ ਵਿੱਚ "ਕਿੱਸਾ" ਲਿਖਿਆ ਜਾ ਰਿਹਾ ਸੀ।

ਦਮੋਦਰ ਆਪ "ਕਿੱਸਾ" ਸ਼ਬਦ ਇੱਕ ਵਾਰ ਨਹੀਂ, ਕਈ ਥਾਵਾਂ ਉੱਤੇ ਇਉਂ ਵਰਤਦਾ ਹੈ, ਜਿਵੇਂ ਉਸ ਨੂੰ ਪਤਾ ਹੈ ਕਿ ਮੇਰੇ ਪਾਠਕਾਂ ਨੂੰ ਵੀ ਪਤਾ ਹੈ ਕਿ "ਕਿੱਸਾ" ਕੀ ਹੁੰਦਾ ਹੈ? "ਕਿੱਸਾ" ਸ਼ਬਦ ਦੀ ਉਸ ਦੀ ਵਰਤੋਂ ਆਪਣੇ ਆਪ ਸਿੱਧ ਕਰਦੀ ਹੈ ਕਿ "ਕਿੱਸਾ" ਲਿਖਣਾ ਉਦੋਂ ਤੱਕ ਪੰਜਾਬੀ ਵਿੱਚ ਇੱਕ ਪਰੰਪਰਾ ਬਣ ਚੁੱਕੀ ਹੈ।

ਸ਼ੁਰੂ ਦੇ ਸੱਤ ਬੰਦਾਂ ਵਿੱਚੋਂ ਛੇਵੇਂ ਬੰਦ ਦੇ ਅੰਤ ਵਿੱਚ ਉਹ ਕਹਿੰਦਾ ਹੈ :-

**ਵੇਖ ਦਮੋਦਰ ਹੀਰੇ ਦੀ ਚਾਲੀ, "ਕਿੱਸਾ" ਆਣ ਬਣਾਏ।**

ਇਸ ਤੋਂ ਅਗਲੇ ਬੰਦ ਵਿੱਚ ਕਿੱਸਾ ਸ਼ਬਦ ਦੋ ਵਾਰ ਵਰਤਿਆ ਹੈ :-

**ਅੱਖੀਂ ਡਿੱਠਾ "ਕਿੱਸਾ" ਕੀਤਾ, ਮੈਂ ਤਾਂ ਗੁਣੀ ਨ ਕੋਈ।**<br>**ਸ਼ਉਂਕ ਸ਼ਉਂਕ, ਉੱਠੀ ਹੈ ਮੈਂਡੀ, ਤਾਂ ਦਿਲ ਉਮਕ ਹੋਈ।**<br>**ਅਸਾਂ ਮੂੰਹੋਂ ਅਲਾਇਆ ਉਹੋ, ਜੋ ਕੁਝ ਨਜ਼ਰ ਪਇਓਈ।**<br>**ਆਖ ਦਮੋਦਰ ਅੱਗੇ "ਕਿੱਸਾ" ਜੋਈ, ਸੁਣੋ ਸਭ ਕੋਈ।**

ਇਹ ਪੰਗਤੀਆਂ ਆਪਣੇ ਆਪ ਸਪੱਸ਼ਟ ਕਰਦੀਆਂ ਹਨ ਕਿ ਦਮੋਦਰ ਨੂੰ ਪਤਾ ਹੈ ਕਿ ਕਿੱਸਾ ਪੰਜਾਬੀ ਦਾ ਇੱਕ ਕਾਵਿ-ਰੂਪ ਹੈ ਅਤੇ ਉਸ ਦੇ ਪਾਠਕ ਵੀ ਇਸ ਤੋਂ ਵਾਕਫ਼ ਹਨ। ਜਿਹੋ ਜਿਹੇ ਅੱਗੇ "ਕਿੱਸੇ" ਲਿਖੇ ਜਾਂਦੇ ਹਨ, ਉਹੋ ਜੇਹਾ ਦਮੋਦਰ ਲਿਖ ਰਿਹਾ ਹੈ, ਤੇ ਲਿਖ ਕਿਉਂ ਰਿਹਾ ਹੈ ਕਿਉਂਕਿ ਮਨ ਵਿੱਚ "ਸ਼ਉਂਕ" ਆਇਆ ਹੈ।

ਇਹ ਬਹਾਨਾ ਪੰਜਾਬੀ ਦੇ ਲਗਭਗ ਹਰ ਕਿੱਸਾ-ਕਵੀ ਨੇ ਪੇਸ਼ ਕੀਤਾ ਹੈ। ਸਾਰੇ ਹੀ ਕਹਿੰਦੇ ਹਨ ਕਿ ਜਾਂ ਤਾਂ ਸਾਨੂੰ ਯਾਰਾਂ ਨੇ ਫ਼ਰਮਾਇਸ਼ ਪਾਈ ਤੇ ਜਾਂ ਸਾਡੇ ਆਪਣੇ ਮਨ ਵਿੱਚ ਹੀ ਸ਼ੌਂਕ ਪੈਦਾ ਹੋ ਗਿਆ, ਇਸ ਲਈ ਅਸੀਂ ਇਹ ਕਿੱਸਾ ਨਵੇਂ ਢੰਗ ਨਾਲ ਲਿਖ ਦਿੱਤਾ। ਇਸ ਸੰਬੰਧ ਵਿੱਚ ਮੌਲਾ ਬਖ਼ਸ਼ ਕੁਸ਼ਤਾ ਦਾ ਆਪਣੀ ਹੀਰ ਦੇ ਅੰਤ ਵਿੱਚ ਦਿੱਤਾ ਹੋਇਆ ਇਹ ਕਥਨ ਠੀਕ ਜਾਪਦਾ ਹੈ ਕਿ ਕਹਾਣੀਆਂ ਜਾਂ ਕਿੱਸੇ ਤਾਂ ਪਹਿਲਾਂ ਵੀ ਸਨ, ਪਰ ਕਵੀਆਂ ਨੂੰ ਨਵੇਂ ਸਿਰਿਉਂ ਇਹ ਕਹਾਣੀਆਂ ਕਿੱਸਿਆਂ ਦੇ ਰੂਪ ਵਿੱਚ ਬਿਆਨ ਕਰਨ ਦੀ "ਹੁੱਬ" ਪੈਦਾ ਹੋ ਜਾਂਦੀ ਰਹੀ :-

**ਨਾਮ ਹੀਰ ਦਾ ਰੱਬ ਨੇ ਵਿੱਚ ਦੁਨੀਆਂ, ਜ਼ਿੰਦਾ ਸਿਦਕ ਤੇ ਸਬਰ ਦੇ ਨਾਲ ਕੀਤਾ**
**ਗੱਲ ਕੁਝ ਸੀ, ਕੁਝ ਬਣਾ ਦਿੱਤੀ, ਸਭਨਾਂ ਸ਼ਾਇਰਾਂ ਬੜਾ ਕਮਾਲ ਕੀਤਾ**
**ਮੋਹਰੇ ਹੀਰ ਸਿਆਲ ਦਾ ਨਾਂ ਧਰਿਆ, ਆਪਣੇ ਦਿਲਾਂ ਦਾ ਜ਼ਾਹਿਰ ਉਬਾਲ ਕੀਤਾ**
**ਅਸਲ ਹਾਲ ਖ਼ੁਦਾ ਹੀ ਜਾਣਦਾ ਹੈ, ਕੁਸ਼ਤਾ ਲਿਖਿਆ ਜੋ ਖ਼ਿਆਲ ਕੀਤਾ**

ਕੁਝ ਵਿਦਵਾਨ ਇਹ ਕਹਿੰਦੇ ਹਨ ਕਿ ਸ਼ੁਰੂ ਦੇ ਇਹ ਸੱਤ ਬੰਦ ਜਿਨ੍ਹਾਂ ਵਿੱਚੋਂ ਅਸੀਂ ਉਪਰ ਟੂਕਾਂ ਦਿੱਤੀਆਂ ਹਨ, ਅਸਲ ਹੀਰ ਦਮੋਦਰ ਵਿੱਚ ਨਹੀਂ ਸਨ। ਸਾਰੇ ਕਿੱਸੇ ਦੇ ਬੰਦਾਂ ਦੀ ਗਿਣਤੀ ਅਲੱਗ ਹੈ ਤੇ ਇਨ੍ਹਾਂ ਸੱਤਾਂ ਬੰਦਾਂ ਦੀ ਗਿਣਤੀ ਅਲੱਗ ਹੈ। ਜਦੋਂ ਸੱਤ ਬੰਦ ਪੂਰੇ ਹੋ ਜਾਂਦੇ ਹਨ ਤੇ ਨਵੇਂ ਸਿਰਿਉਂ ਗਿਣਤੀ ਇੱਕ ਤੋਂ ਸ਼ੁਰੂ ਹੋ ਜਾਂਦੀ ਹੈ। ਨਿਹਾਲ ਸਿੰਘ ਰਸ ਨੇ ਇੱਕ ਹੀਰ ਦਮੋਦਰ ਛਾਪੀ ਸੀ ਜਿਸ ਵਿੱਚ ਸੱਤ ਬੰਦ ਪਾਏ ਹੀ ਨਹੀਂ ਸਨ ਗਏ। ਬਾਵਾ ਗੰਗਾ ਸਿੰਘ ਬੇਦੀ, ਜਿਨ੍ਹਾਂ ਨੇ 1928 ਵਿੱਚ ਇਹ ਕਿੱਸਾ ਸਭ ਤੋਂ ਪਹਿਲਾਂ ਸੰਪਾਦਤ ਕਰਕੇ ਪੰਜਾਬੀ ਸਾਹਿਤ ਵਿੱਚ ਪੇਸ਼ ਕੀਤਾ ਸੀ, ਇਹ ਸੱਤ ਬੰਦ ਛਾਪੇ ਸਨ, ਪਰ ਇਨ੍ਹਾਂ ਦੀ ਗਿਣਤੀ ਵੱਖ ਹੀ ਦਿੱਤੀ ਸੀ। ਇਨ੍ਹਾਂ ਸੱਤਾਂ ਬੰਦਾਂ ਤੋਂ ਬਾਅਦ ਸਿਰਨਾਵਾਂ ਦਿੱਤਾ ਸੀ :-

**"ਅੱਥ ਹੀਰ ਦਮੋਦਰ ਹੀ ਚੱਲੀ"।**

ਇਸ ਤੋਂ ਕੁਝ ਵਿਦਵਾਨ ਇਹ ਅਨੁਮਾਨ ਲਾਉਂਦੇ ਹਨ ਕਿ ਇਨ੍ਹਾਂ ਸੱਤਾਂ ਬੰਦਾਂ ਨੂੰ ਹੀਰ ਦਮੋਦਰ ਦਾ ਹਿੱਸਾ ਨਾ ਮੰਨੋ, ਪਰ ਕਿਉਂਕਿ ਇਨ੍ਹਾਂ ਦੀ ਬੋਲੀ ਤੇ ਸ਼ੈਲੀ ਬਾਕੀ ਕਿੱਸੇ ਨਾਲ ਮਿਲਦੀ ਜੁਲਦੀ ਹੈ ਇਸ ਲਈ ਅਸੀਂ ਇਹ ਗੱਲ ਮੰਨਣ ਤੋਂ ਝਿਜਕਦੇ ਹਾਂ ਕਿ ਇਹ ਬੰਦ ਕਿੱਸੇ ਦਾ ਹਿੱਸਾ ਨਹੀਂ।

ਪਰ ਚਲੋ, ਜੇ ਇਹ ਮੰਨ ਲਈਏ ਕਿ ਇਹ ਪੰਗਤੀਆਂ ਦਮੋਦਰ ਦੀਆਂ ਨਹੀਂ ਹਨ ਤੇ ਦਮੋਦਰ ਦਾ ਕਿੱਸਾ ਇਸ ਤੋਂ ਪਿੱਛੋਂ ਸ਼ੁਰੂ ਹੁੰਦਾ ਹੈ, ਤਾਂ ਦਮੋਦਰ "ਕਿੱਸਾ" ਸ਼ਬਦ ਇਨ੍ਹਾਂ ਸੱਤ ਬੰਦਾਂ ਤੋਂ ਬਾਅਦ ਵੀ ਵਰਤਦਾ ਹੈ।

ਸੱਤ ਬੰਦਾਂ ਤੋਂ ਬਾਅਦ ਪਹਿਲੇ ਬੰਦ ਵਿੱਚ ਹੀ ਦਮੋਦਰ ਨੇ ਲਿਖਿਆ ਹੈ :-

**ਨਾਉਂ ਦਮੋਦਰ, ਜ਼ਾਤ ਗੁਲਾਟੀ ਮੈਂ ਇਹ "ਕਿੱਸਾ" ਚਾਇਆ**

ਜਦੋਂ ਉਹ ਕਿੱਸੇ ਦੇ ਪਹਿਲੇ ਭਾਗ ਵਿੱਚ ਹੀਰ ਦਮੋਦਰ ਦਾ ਬਚਪਨ, ਉਸ ਦੀ ਜਵਾਨੀ, ਉਸ ਦੀ ਨੂਰੇ ਸੰਬਲ ਨਾਲ ਲੜਾਈ ਆਦਿ ਦਾ ਵੇਰਵਾ ਦੇ ਚੁਕਦਾ ਹੈ, ਤੇ ਪਿੱਛੋਂ ਰਾਂਝੇ ਦੇ ਜਨਮ ਦੀ ਕਹਾਣੀ ਸ਼ੁਰੂ ਕਰਦਾ ਹੈ ਤਾਂ ਉਹ ਇੱਕ ਸੌ ਛੇਵੇਂ ਬੰਦ ਵਿੱਚ ਫਿਰ ਲਿਖਦਾ ਹੈ :-

**ਇਸੇ ਰਉਂਸੇ ਹਭ ਹਕੀਕਤ, ਦਮੋਦਰ ਆਖ ਸੁਣਾਈ।**
**"ਕਿੱਸਾ" ਏਹ ਸੰਪੂਰਨ ਹੋਇਆ, ਹੁਣ ਰਾਂਝੇ ਤਾਈਂ ਜੰਮਾਈਂ।**

ਸੋ ਦਮੋਦਰ ਨੂੰ ਪਤਾ ਹੈ ਕਿ ਉਹ ਰਾਂਝੇ ਅਤੇ ਹੀਰ ਦੀ ਕਹਾਣੀ ਕਵਿਤਾ ਦੇ ਜੇਹੜੇ ਰੂਪ ਵਿੱਚ ਲਿਖ ਰਿਹਾ ਹੈ, ਉਸ ਨੂੰ "ਕਿੱਸਾ" ਕਹਿੰਦੇ ਹਨ ਤੇ ਕਿੱਸਾ ਪੰਜਾਬ ਦੇ ਲੋਕਾਂ ਦਾ ਮਨ-ਭਾਉਂਦਾ ਰੂਪ ਹੈ। ਉਹ ਇਹ ਵੀ ਜਾਣਦਾ ਹੈ ਕਿ ਕਿੱਸਾ ਉਸ ਰੂਪ ਨੂੰ ਕਹਿੰਦੇ ਹਨ ਜਿਸ ਵਿੱਚ ਕਥਾ ਹੋਵੇ, ਭਾਵ ਕਹਾਣੀ ਹੋਵੇ, ਕਿਉਂਕਿ ਕਿੱਸਾ ਸੰਪੂਰਨ ਕਰਕੇ ਅੰਤ ਵਿੱਚ ਲਿਖਦਾ ਹੈ :-

**ਪੂਰੀ ਭਈ ਕਥਾ ਹੀਰੇ ਦੀ, ਇਸ ਸਮ "ਇਸ਼ਕ" ਨਾ ਕੋਈ।**
**ਜਿਉਂ ਚਾਈ ਤਿਉਂ ਤੋੜ ਨਿਭਾਈ, ਜਾਣਤ ਹੈ ਤ੍ਰੈ ਲੋਈ।**

ਇੱਥੇ ਇੱਕ ਗੱਲ ਹੋਰ ਵੀ ਸਾਬਤ ਹੁੰਦੀ ਹੈ ਕਿ ਦਮੋਦਰ ਇਹ ਜਾਣਦਾ ਹੈ ਕਿ ਹੀਰ ਦੀ ਕਹਾਣੀ ਪੁਰਾਣੀ ਹੈ ਅਤੇ ਪ੍ਰਸਿੱਧ ਹੈ, ਕਿਉਂਕਿ ਉਹ ਆਪ ਹੀ ਕਹਿੰਦਾ ਹੈ, "ਇਸ ਸਮ ਇਸ਼ਕ ਨਾ ਕੋਈ" ਅਤੇ "ਜਾਣਤ ਹੈ ਤੈ ਲੋਈ"।

ਸੋ ਦਮੋਦਰ ਦੀ ਹੀਰ ਵਾਰ ਵਾਰ ਇਹ ਸਿੱਧ ਕਰਦੀ ਹੈ ਕਿ ਦਮੋਦਰ ਦਾ ਕਿੱਸਾ ਪੰਜਾਬੀ ਦਾ ਪਹਿਲਾ ਕਿੱਸਾ ਨਹੀਂ।

ਦਮੋਦਰ ਦੀ ਕਹਾਣੀ ਵਿੱਚ ਜਿਵੇਂ ਯਥਾਰਥ ਅਤੇ ਪ੍ਰਾਸਰੀਰਕ (ਕਰਾਮਾਤੀ) ਘਟਨਾਵਾਂ ਦੀ "ਮਿੱਥਕਾਰੀ" ਘੁਲੀ ਮਿਲੀ ਹੋਈ ਹੈ ਅਤੇ ਜਿਵੇਂ ਦਮੋਦਰ ਇਸ ਕਿੱਸੇ ਦੇ ਰੂਪ ਵਿੱਚ ਮਹਾਨ ਪੱਧਰ ਦੀ ਕਵਿਤਾ ਪੈਦਾ ਕਰ ਸਕਿਆ ਹੈ, ਇਹ ਤਾਂ ਹੈ ਹੀ ਇਸ ਗੱਲ ਦਾ ਸਬੂਤ ਕਿ ਇਸ ਕਿਸਮ ਦੀ "ਬਿਆਨੀਆ ਕਵਿਤਾ", ਹੀਰ-ਰਾਂਝੇ ਦੇ ਇਸ਼ਕ ਬਾਰੇ ਵੀ, ਲਿਖਣ ਦੇ ਅਭਿਆਸ ਬਹੁਤ ਪਹਿਲਾਂ ਤੋਂ ਹੋ ਰਹੇ ਹਨ ਤੇ ਦਮੋਦਰ ਨੇ ਉਨ੍ਹਾਂ ਅਭਿਆਸਾਂ ਦਾ ਫ਼ਾਇਦਾ ਉਠਾਇਆ ਹੈ, ਉਨ੍ਹਾਂ ਤੋਂ ਸਿੱਖਿਆ ਲਈ ਹੈ, ਕੋਈ ਕਿੱਸੇ ਪੜ੍ਹੇ ਸੁਣੇ ਹਨ, ਹੀਰ ਬਾਰੇ ਲੋਕ-ਗੀਤ ਪੜ੍ਹੇ ਸੁਣੇ ਹਨ, ਵਾਰਾਂ ਪੜ੍ਹੀਆਂ ਸੁਣੀਆਂ ਹਨ, ਤੇ ਇਹ ਸਾਰੀ ਸਿਖਲਾਈ ਦਮੋਦਰ ਨੂੰ ਵਧੀਆ ਕਿੱਸਾ ਲਿਖਣ ਵਿੱਚ ਸਹਾਇਕ ਸਿੱਧ ਹੁੰਦੀ ਹੈ।

ਦਮੋਦਰ ਨੇ ਇੱਕ ਥਾਂ ਸੱਸੀ ਵੱਲ ਵੀ ਇਸ਼ਾਰਾ ਕੀਤਾ ਹੈ। ਹੀਰ ਰਾਂਝੇ ਨਾਲੋਂ ਆਪਣੇ ਵਿਛੋੜੇ ਦਾ ਦੁੱਖ ਦੱਸਣ ਲਈ "ਕੇਚ" (ਕੀਚ ਮਿਕਰਾਨ) ਦੇ ਪੁਨੂੰ ਵੱਲ ਇਸ਼ਾਰਾ ਕਰਦੀ ਹੈ :-

**ਔਂਸੀ ਨਿੱਤ ਪਏਂਦੀ ਆਹੀ "ਕੇਚ" ਮਿਲਾਵੇ ਕੋਈ।**
**ਥੀਉ ਨਾ ਨਾਬਰ ਮੈਂ ਮਰਵੇਂਦੀ, ਮੈਂ ਤਕਸੀਰ ਨ ਕੋਈ।**
**ਆਖ ਦਮੋਦਰ ਜਵਾਬ ਸੁਣਾਇ ਅਸਾਨੂੰ, ਕੇਹਾ ਗੁਨ੍ਹਾ ਡਿਠੋਈ।**

ਇਸ ਦਾ ਭਾਵ ਹੈ ਕਿ ਸੱਸੀ ਪੁਨੂੰ ਦੀ ਕਹਾਣੀ ਵੀ ਦਮੋਦਰ ਨੇ ਪੜ੍ਹੀ ਸੁਣੀ ਹੈ ਤੇ ਹੀਰ ਰਾਂਝੇ ਦੀ ਕਹਾਣੀ ਵੀ ਉਸ ਨੇ ਸੁਣੀ ਪੜ੍ਹੀ ਹੈ।

ਸਾਡੀ ਇਹ ਦਲੀਲ, ਭਾਈ ਗੁਰਦਾਸ ਦੀ 27ਵੀਂ ਵਾਰ ਦੀ ਪਹਿਲੀ ਪਉੜੀ ਵੀ ਠੀਕ ਸਿੱਧ ਕਰਦੀ ਹੈ ਕਿਉਂਕਿ ਉਸ ਵਿੱਚ "ਲੈਲਾ ਮਜਨੂੰ" "ਸੋਰਠ ਬੀਜਾ" "ਸੱਸੀ ਪੁਨੂੰ" "ਹੀਰ ਰਾਂਝਾ" ਤੇ "ਸੋਹਣੀ ਮਹੀਂਵਾਲ"- ਭਾਵ ਪੰਜ ਪ੍ਰੇਮ-ਕਹਾਣੀਆਂ ਦਾ ਦ੍ਰਿਸ਼ਟਾਂਤ

ਇਉਂ ਦਿੱਤਾ ਗਿਆ ਹੈ ਜਿਵੇਂ ਭਾਈ ਗੁਰਦਾਸ ਵਰਗਾ ਧਰਮਾਂ ਦਾ ਵਿਦਵਾਨ, ਦਾਰਸ਼ਨਿਕ ਬਿਰਤੀ ਵਾਲਾ ਮਨੁੱਖ ਅਤੇ ਬੋਲੀਆਂ ਦਾ ਉਸਤਾਦ ਵੀ ਇਹ ਜਾਣਦਾ ਮੰਨਦਾ ਹੋਵੇ ਕਿ ਇਹ ਪੰਜੇ ਪ੍ਰੀਤ-ਕਹਾਣੀਆਂ ਮੇਰੇ ਪਾਠਕਾਂ ਨੂੰ ਪਤਾ ਹਨ ਅਤੇ "ਪੀਰ ਮੁਰੀਦਾਂ ਪਿਰਹੜੀ" ਦੀ ਜਿਹੜੀ ਗੱਲ ਮੈਂ ਉਨ੍ਹਾਂ ਨੂੰ ਸਮਝਾਉਣਾ ਚਾਹੁੰਦਾ ਹਾਂ ਉਹ ਇਹ ਪੰਜੇ ਮਿਸਾਲਾਂ ਸੁਣ ਕੇ ਉਨ੍ਹਾਂ ਨੂੰ ਝੱਟ ਪੱਟ ਸਮਝ ਆ ਜਾਣੀ ਹੈ।

ਭਾਈ ਗੁਰਦਾਸ ਦਾ "ਸੱਸੀ" ਦਾ ਜ਼ਿਕਰ ਪੜ੍ਹੋ :-

**"ਸੱਸੀ ਪੁਨੂੰ" ਦੋਸਤੀ, ਹੋਇ ਜਾਤ ਅਜਾਤੀ**
**ਮਹੀਂਵਾਲ ਨੋ ਸੋਹਣੀ, ਨੈਂ ਤਰਦੀ ਰਾਤੀ**

ਇਸ ਦਾ ਭਾਵ ਹੈ ਕਿ ਇਨ੍ਹਾਂ ਪੰਜਾਂ ਪ੍ਰੀਤ-ਕਹਾਣੀਆਂ ਉੱਤੇ ਪੰਜਾਬੀ ਵਿੱਚ ਕਿੱਸੇ ਲਿਖੇ ਜਾ ਚੁੱਕੇ ਹੋਣਗੇ, ਦੂਜੇ ਸ਼ਬਦਾਂ ਵਿੱਚ ਦਮੋਦਰ ਤੋਂ ਪਹਿਲਾਂ ਲਿਖੇ ਜਾ ਚੁੱਕੇ ਹੋਣਗੇ।

ਇਸ ਦੇ ਹੱਕ ਵਿੱਚ ਇੱਕ ਗੱਲ ਇਹ ਵੀ ਕਹੀ ਜਾਂਦੀ ਹੈ ਕਿ ਲੈਲਾ ਮਜਨੂੰ ਦੀ ਕਹਾਣੀ ਨਜ਼ਾਮੀ ਨੇ ਫ਼ਾਰਸੀ ਵਿੱਚ ਲਿਖੀ ਸੀ ਤੇ ਉਸ ਦਾ ਰੂਪ ਸੀ ਮਸਨਵੀ। ਅਸੀਂ ਇਹ ਪਹਿਲਾਂ ਸਿੱਧ ਕਰ ਚੁੱਕੇ ਹਾਂ ਕਿ ਪੰਜਾਬੀ ਦਾ ਕਿੱਸਾ ਮਸਨਵੀ ਦੇ ਸੱਚੇ ਮੁਤਾਬਕ ਢਲਿਆ। ਜ਼ਾਹਿਰ ਹੈ ਕਿ ਪੰਜਾਬੀ ਦੇ ਦਮੋਦਰ ਤੋਂ ਪਹਿਲਾਂ ਦੇ ਕਿੱਸਾ ਕਵੀਆਂ ਨੇ ਨਜ਼ਾਮੀ ਦੀ ਮਸਨਵੀ ਪੜ੍ਹ ਕੇ ਪੰਜਾਬੀ ਵਿੱਚ ਲੈਲਾ-ਮਜਨੂੰ ਦਾ ਕਿੱਸਾ ਲਿਖਿਆ ਹੋਵੇਗਾ। ਇਸੇ ਤਰ੍ਹਾਂ ਕਿਉਂਕਿ ਮੁਸਲਮਾਨ ਕੁਰਾਨ ਜ਼ਰੂਰ ਪੜ੍ਹਦੇ ਸਨ ਤੇ ਕੁਰਾਨ ਵਿੱਚ ਯੂਸਫ਼ ਜ਼ੁਲੈਖਾ ਦੀ ਕਹਾਣੀ ਹੈ, ਇਸ ਲਈ ਦਮੋਦਰ ਤੋਂ ਪਹਿਲਾਂ ਪੂਰਬ ਨਾਨਕ ਕਾਲ ਵਿੱਚ ਕੁਝ ਮੁਸਲਮਾਨ ਕਵੀਆਂ ਨੇ ਯੂਸਫ਼ ਜ਼ੁਲੈਖਾਂ ਦਾ ਕਿੱਸਾ ਪੰਜਾਬੀ ਵਿੱਚ ਜ਼ਰੂਰ ਲਿਖਿਆ ਹੋਣਾ ਹੈ।

ਪ੍ਰੋ. ਕਿਰਪਾਲ ਸਿੰਘ ਤੇ ਪ੍ਰਮਿੰਦਰ ਸਿੰਘ "ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ" (ਦੂਜੀ ਐਡੀਸ਼ਨ-ਸਫ਼ਾ 269) ਵਿੱਚ ਲਿਖਦੇ ਹਨ-"ਪੰਜਾਬੀ ਵਿੱਚ ਸੱਸੀ ਪੁਨੂੰ ਦਾ ਕਿੱਸਾ ਸਭ ਤੋਂ ਪਹਿਲਾਂ ਬਹਾਵਲਪੁਰ ਦੇ ਕਵੀ "ਪੁਸ਼ਯ" ਨੇ ਲਿਖਿਆ। ਇਹ ਕਿੱਸਾ ਬਾਰ੍ਹਵੀਂ ਸਦੀ ਵਿੱਚ ਲਿਖਿਆ ਗਿਆ"। ਡਾ. ਹਰਨਾਮ ਸਿੰਘ ਸ਼ਾਨ "ਸੱਸੀ ਹਾਸ਼ਮ" (ਦੂਜਾ ਐਡੀਸ਼ਨ ਸਫ਼ਾ 128) ਵਿੱਚ ਉਪਰੋਕਤ ਦੱਸ ਨੂੰ ਗਲਤ ਸਿੱਧ ਕਰਦੇ ਹਨ ਤੇ ਕਹਿੰਦੇ ਹਨ ਕਿ ਇਸ ਨਾਮ ਦਾ ਕੋਈ ਕਵੀ ਨਹੀਂ ਹੋਇਆ, ਜਿਸ ਨੇ ਸੱਸੀ ਪੁਨੂੰ ਦਾ ਕਿੱਸਾ ਲਿਖਿਆ ਹੋਵੇ। ਡਾ. ਮੋਹਨ ਸਿੰਘ ਦੀਵਾਨਾ ਲਿਖਦੇ ਹਨ "ਦਮੋਦਰ ਦੀ ਹੀਰ ਉਤੇ ਰਾਧਾ ਕਿਸ਼ਨ ਤੇ ਸੱਸੀ ਪੁਨੂੰ ਦਾ ਚੋਖਾ ਅਸਰ ਪਿਆ ਹੈ ਮੁਮਕਿਨ ਹੈ ਸੋਹਣੀ ਵੀ ਸੱਸੀ ਵਾਂਗੂ ਹੀਰ ਤੋਂ ਪਹਿਲਾਂ ਹੋਈ ਹੋਵੇ"। (ਦੇਖੋ ਉਨ੍ਹਾਂ ਦਾ ਸੰਪਾਦਿਤ ਕੀਤਾ ਕਿੱਸਾ ਹੀਰ-ਉਰਦੂ ਅੱਖਰ, 1947) ਇਸ ਦਾ ਵੀ ਭਾਵ ਇਹ ਹੈ ਕਿ ਇਹ ਕਿੱਸੇ ਦਮੋਦਰ ਤੋਂ ਪਹਿਲਾਂ ਲਿਖੇ ਗਏ ਸਨ, ਭਾਵੇਂ ਅਜੇ ਤੱਕ ਪ੍ਰਾਪਤ ਨਹੀਂ ਹੋਏ।

---

ਉਧਿਰਤः ਪਿਆਰਾ ਸਿੰਘ ਭੋਗਲ , ਪ੍ਰਸਿਧ ਕਿੱਸਾਕਾਰ, ਹਿਰਦੇਜੀਤ ਪ੍ਰਕਾਸ਼ਨ, ਜਲੰਧਰ,1971, ਪੰਨੇ 38 ਤੋਂ 41

# ਅਧਿਆਇ - 4

# ਹੀਰ ਰਾਂਝੇ ਦੀ ਕਹਾਣੀ : ਦਮੋਦਰ ਦੀ ਜ਼ੁਬਾਨੀ

ਕਿੱਸੇ ਦੇ ਆਰੰਭ ਵਿੱਚ ਦਮੋਦਰ ਲਿਖਦਾ ਹੈ ਕਿ ਚੂਚਕ ਸਿਆਲਾਂ ਦਾ ਬਹੁਤ ਵੱਡਾ ਜ਼ਿਮੀਦਾਰ ਸੀ ਤੇ ਉਹ ਅਕਬਰ ਦੇ ਬਰਾਬਰ ਸੀ। ਹੀਰ ਦੀ ਮਾਤਾ ਦਾ ਨਾਂ ਕੂੰਦੀ ਸੀ ਜਿਸ ਨੇ ਬੁੱਢੇ ਵਾਰੇ ਹੀਰ ਨੂੰ ਜਨਮ ਦਿਤਾ। ਚੂਚਕ ਦੇ ਚਾਰ ਪੁੱਤਰ ਖਾਨ, ਪਠਾਣ, ਸੁਲਤਾਨ ਤੇ ਬਹਾਦਰ ਸਨ। ਹੀਰ ਬਹੁਤ ਹੀ ਸੁੰਦਰ ਸੀ ਤੇ ਇਸ਼ਕ ਦੀ ਖਾਣ ਸੀ। ਜਦ ਹੀਰ ਦੋ ਸਾਲ ਦੀ ਹੀ ਸੀ ਕਿ ਉਸਦੇ ਰਿਸ਼ਤੇ ਆਉਣ ਲੱਗੇ। ਜਦ ਬਾਰਾਂ ਸਾਲ ਦੀ ਹੋਈ ਤਾਂ ਉਸ ਦੀਆਂ ਅੱਖਾਂ ਰਾਂਝੇ ਨਾਲ ਲੱਗ ਗਈਆਂ।

ਹੀਰ ਜਦ ਵੱਡੀ ਹੋਈ ਤਾਂ ਸਿਆਲਾਂ ਇਕੱਠੇ ਹੋ ਕੇ ਚੂਚਕ ਨੂੰ ਕਿਹਾ ਕਿ ਹੀਰ ਜੁਆਨ ਹੋ ਗਈ ਹੈ ,ਇਸ ਲਈ ਉਹ ਇਸ ਦੀ ਕਿਤੇ ਮੰਗਣੀ ਕਰ ਦੇਵੇ। ਚੁਚਕ ਨੇ ਉਸ ਦੀ ਮੰਗਣੀ ਰੰਗਪੁਰ ਦੇ ਖੇੜੇ ਸਰਦਾਰ ਅਲੀ ਦੇ ਪੁੱਤਰ ਸਾਹਿਬੇ (ਸੈਦੇ) ਨਾਲ ਕਰ ਦਿੱਤੀ।

ਇਸ ਤੋਂ ਉਪਰੰਤ ਦਮੋਦਰ ਵੱਲੋਂ ਹੀਰ ਤੇ ਉਸਦੀਆਂ ਸਹੇਲੀਆਂ ਦਾ ਰੋਜ਼ ਦਾ ਰੁਝੇਵਾਂ ਦੱਸਿਆ ਗਿਆ ਹੈ। ਉਹ 360 ਸਹੇਲੀਆਂ ਨਾਲ ਬੇਲੇ ਫਿਰਦੀ ਹੈ।ਨੂਰੇ ਸੰਬਲ ਨੇ ਇੱਕ ਅਜੀਬ ਬੇੜਾ ਬਣਾਇਆ ਹੋਇਆ ਸੀ ਤੇ ਉਸ ਨੇ ਲੁੱਡਣ ਨੂੰ ਮਲਾਹ ਰੱਖਿਆ ਹੋਇਆ ਸੀ। ਲੁੱਡਣ ਮਲਾਹ ਜਦ ਨੂਰੇ ਸੰਬਲ ਦੀ ਬੇੜੀ ਚੋਰੀ ਕਰ ਲਿਆਇਆ ਤਾਂ ਹੀਰ ਨੇ ਉਸ ਨੂੰ ਪਨਾਹ ਦੇ ਦਿੱਤੀ। ਨੂਰੇ ਨੇ ਬੇੜੀ ਵਾਪਸ ਭੇਜਣ ਲਈ ਕਿਹਾ ਤਾਂ ਉਸ ਨੇ ਨਾਂਹ ਕਰ ਦਿੱਤੀ। ਉਸ ਨੇ ਚੜ੍ਹਾਈ ਕਰ ਦਿੱਤੀ। ਹੀਰ ਨੇ ਆਪਣੀਆਂ ਸਹੇਲੀਆਂ ਨਾਲ ਉਸਦਾ ਮੁਕਾਬਲਾ ਕੀਤਾ ਤੇ ਉਸ ਨੂੰ ਹਰਾ ਦਿੱਤਾ।ਨੂਰੇ ਦੇ 12 ਆਦਮੀ ਤੇ ਹੀਰ ਦੀ ਤਰਫੋਂ 9 ਕੁੜੀਆਂ ਮਾਰੀਆਂ ਗਈਆਂ। ਇਸ ਤਰ੍ਹਾਂ ਉਸ ਨੂੰ ਬਹੁਤ ਬਹਾਦਰ ਦਰਸਸਾਇਆ ਗਿਆ।ਜਦ ਭਰਾਵਾਂ ਨੂੰ ਪਤਾ ਲੱਗ ਤਾਂ ਉਹ ਦੌੜੇ ਆਏ ਤੇ ਉਸ ਨੂੰ ਕਹਿਣ ਲੱਗੇ ਕਿ ਉਸ ਨੇ ਉਨ੍ਹਾਂ ਨੂੰ ਦੱਸਿਆ ਕਿਉਂ ਨਹੀਂ ?

ਇਸ ਤੋਂ ਬਾਦ ਦਮੋਦਰ ਤਖ਼ਤ ਹਜਾਰੇ ਬਾਰੇ ਜਾਣਕਾਰੀ ਦੇਣ ਲਗਦਾ ਹੈ।ਧੀਦੋ ਕਿੜਾਣਾ ਬਾਰ ਦੇ ਪਿੰਡ ਤਖ਼ਤ ਹਜ਼ਾਰੇ ਦੇ ਚੌਧਰੀ ਮੌਜਮ (ਮੁਆਜਮ/ਮੌਜੂ) ਦਾ ਸਭ ਤੋਂ ਛੋਟਾ ਪੁੱਤਰ ਸੀ। ਉਸ ਦੇ ਤਿੰਨ ਭਰਾ-ਤਾਹਿਰ, ਜਾਹਿਰ ਤੇ ਜੀਵਣ ਸਨ। ਸਭ ਤੋਂ ਨਿੱਕਾ ਹੋਣ ਕਰਕੇ ਉਹ ਮਾਂ ਪਿਉ ਦਾ ਲਾਡਲਾ ਪੁੱਤਰ ਸੀ। ਰੱਬ ਦੀ ਕਰਨੀ ਐਸੀ ਹੋਈ ਕਿ ਜਦ ਉਹ ਛੇ ਸਾਲ ਦਾ ਸੀ ਤਾਂ ਮਾਂ ਮਰ ਗਈ। ਪਿਉ ਨੇ ਉਸਨੂੰ ਬੜੇ ਚਾਵਾਂ ਲਾਡਾਂ ਨਾਲ ਪਾਲਿਆ। ਇਹ ਗੱਲ ਧੀਦੋ ਦੇ ਭਰਾਵਾਂ ਨੂੰ ਚੰਗੀ ਨਾ ਲੱਗੀ ਤੇ ਉਹ ਈਰਖਾ ਕਰਨ ਲੱਗੇ। ਮੌਜੂ ਨੇ ਭਰਾਵਾਂ ਦੀ ਈਰਖਾ ਵੇਖ ਕੇ ਉਸਦਾ ਰਿਸ਼ਤਾ ਆਪਣੇ ਇਲਾਕੇ ਦੇ ਸਿਰਕੱਢ ਜ਼ਿਮੀਦਰ ਖਾਨ ਬਾਕੂਬ ਵੜਾਇਚ ਦੀ ਧੀ ਨਾਲ ਕਰ ਦਿੱਤਾ। ਵਿਆਹ ਵਿੱਚ ਸੱਤ ਦਿਨ ਰਹਿੰਦੇ ਸਨ ਤਾਂ ਮੌਜੂ ਦੀ ਮੌਤ ਹੋ ਗਈ। ਇਸ ਤਰ੍ਹਾਂ ਇਹ ਰਿਸ਼ਤਾ ਹੁੰਦਾ ਹੁੰਦਾ ਰਹਿ ਗਿਆ ਕਿਉਂਕਿ ਤਾਹਿਰ ਨੇ ਧ੍ਰੋਹ ਕਮਾਇਆ

ਤੇ ਇਹ ਰਿਸ਼ਤਾ ਰੋਕ ਦਿੱਤਾ। ਸਾਰੇ ਪਿੰਡ ਵਿੱਚ ਭਰਾਵਾਂ ਦੀ ਬਦਨਾਮੀ ਹੋਣ ਲੱਗੀ ਕਿ ਉਹ ਛੋਟੇ ਭਰਾ ਨੂੰ ਮਾਰ ਦੇਣਾ ਚਾਹੁੰਦੇ ਹਨ। ਉਹ ਆਪਣੀ ਜਾਨ ਬਚਾਉਣ ਲਈ ਇਕ ਰਾਤ ਘਰੋਂ ਨੱਸ ਗਿਆ। ਉਸਨੇ ਝੰਗ ਵੱਲ ਨੂੰ ਮੂੰਹ ਕੀਤਾ। ਰਸਤੇ ਵਿੱਚ ਇੱਕ ਮਸੀਤ ਆਈ ਜਿੱਥੇ ਉਸ ਨੇ ਰਾਤ ਕੱਟੀ। ਮਸੀਤ ਵਿੱਚ ਝੀਵਰ ਕੁੜੀ ਉਸ 'ਤੇ ਮੋਹਿਤ ਹੋ ਗਈ। ਉਹ ਮਾਂ ਨੂੰ ਉਸ ਨਾਲ ਉਸਦਾ ਰਿਸ਼ਤਾ ਕਰਨ ਲਈ ਕਹਿਣ ਲੱਗੀ। ਜਦ ਝਿਊਰੀ ਰਾਂਝੇ ਨੂੰ ਵੇਖਦੀ ਹੈ ਤਾਂ ਉਹ ਵੀ ਉਸ 'ਤੇ ਮੋਹਿਤ ਹੋ ਜਾਂਦੀ ਹੈ। ਮਸੀਤ ਵਿੱਚ ਕੁਝ ਜੱਟ ਠਹਿਰੇ ਹੋਇ ਸਨ। ਉਹ ਹੀਰ ਦੀ ਮਾਂ ਨੂੰ ਰਾਂਝੇ ਦੇ ਰਿਸ਼ਤੇਦਾਰ ਦੱਸਕੇ ਝੀਊਰੀ ਕੋਲੋਂ ਵਧੀਆ ਪਕਵਾਨ ਖਾਂਦੇ ਹਨ। ਮਸੀਤ ਵਿੱਚੋਂ ਨਿਕਲ ਕੇ ਭੁੱਖਾ ਭਾਣਾ ਜਾਂਦਾ ਹੋਇਆ ਉਹ ਸ਼ਾਮ ਨੂੰ ਇੱਕ ਜੱਟ ਦੇ ਘਰ ਜਾ ਵੜਿਆ। ਜੱਟੀ ਨੇ ਵੱਡਾ ਦਿਲ ਦਿਖਾਉਂਦੇ ਹੋਏ ਉਸ ਦੀ ਬਹੁਤ ਸੇਵਾ ਕੀਤੀ।

ਇੱਥੋਂ ਸਵੇਰੇ ਨਿਕਲ ਕੇ ਉਹ ਸਿਆਲਾਂ ਦੇ ਇਲਾਕੇ ਵਿੱਚ ਚਨ੍ਹਾਂ ਦਰਿਆ ਕੰਢੇ ਜਾ ਪੁੱਜਿਆ। ਉਥੇ ਜਾ ਕੇ ਉਸ ਨੇ ਵੰਝਲੀ ਵਜਾਈ ਤਾਂ ਪੰਜ ਪੀਰ ਕਿਸ਼ਤੀ ਵਿੱਚ ਨਜ਼ਰ ਆਉਂਦੇ ਹਨ। ਉਹ ਕਿਸ਼ਤੀ ਤੋਂ ਬਾਹਰ ਆ ਕੇ ਧੀਦੋ ਨੂੰ ਮਿਲੇ ਤੇ ਉਸ ਨੂੰ ਹੀਰ ਬਖ਼ਸ਼ੀ ਤੇ ਕੀਮਤੀ ਤੋਹਫਾ ਦਿੱਤਾ। ਉਸੇ ਰਾਤ ਇਹ ਪੰਜ ਪੀਰ ਹੀਰ ਨੂੰ ਸੁਪਨੇ ਵਿੱਚ ਮਿਲੇ ਤੇ ਉਸ ਨੂੰ ਕਿਹਾ ਕਿ ਉਹ ਧੀਦੋ ਬਗੈਰ ਕਿਸੇ ਹੋਰ ਨੂੰ ਕਬੂਲ ਨਾ ਕਰੇ।

ਅਗਲੇ ਦਿਨ ਧੀਦੋ ਦਰਿਆ ਦੇ ਪੱਤਣ 'ਤੇ ਚਲਾ ਗਿਆ, ਜਿੱਥੇ ਉਸਦੀ ਮੁਲਾਕਾਤ ਲੁੱਡਣ ਨਲ ਹੋਈ। ਲੁੱਡਣ ਵੀ ਧੀਦੋ ਦੀ ਵੰਝਲੀ 'ਤੇ ਬਹੁਤ ਖੁਸ਼ ਹੋਇਆ।ਉਹ ਏਨਾਂ ਖ਼ੁਸ਼ ਹੋਇਆ ਕਿ ਉਹ ਆਪਣੀਆਂ ਦੋਵੇਂ ਪਤਨੀਆਂ ਉਸ ਨੂੰ ਦੇਣ ਲਈ ਤਿਆਰ ਹੋ ਗਿਆ। ਰਾਂਝੇ ਨੇ ਉਸ ਨੂੰ ਕਿਹਾ ਹੀਰ ਦੇ ਪਲੰਘ 'ਤੇ ਕੁਝ ਸਮਾਂ ਸੌਣ ਲਈ ਆਗਿਆ ਦੇ ਦੇਵੇ। ਲੁੱਡਣ ਨੇ ਹੀਰ ਦੇ ਪਲੰਘ ਉਪਰ ਉਸ ਨੂੰ ਸੌਣ ਦੀ ਆਗਿਆ ਦੇ ਦਿੱਤੀ। ਜਦ ਹੀਰ ਆਈ ਤਾਂ ਉਸ ਨੇ ਕਿਸੇ ਹੋਰ ਨੂੰ ਪਲੰਘ ਉਪਰ ਸੁੱਤਾ ਵੇਖਿਆ ਤਾਂ ਉਸ ਨੇ ਇਸ ਨੂੰ ਬਹੁਤ ਬੁਰਾ ਮਨਾਇਆ ਤੇ ਲੁੱਡਣ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦ ਧੀਦੋ ਨੇ ਆਪਣੇ ਮੂੰਹ ਤੋਂ ਪੱਲਾ ਲਾਹਿਆ ਤਾਂ ਹੀਰ ਬਹੁਤ ਖ਼ੁਸ਼ ਹੋਈ:

**ਆਖ ਦਮੋਦਰ ਬਹੂੰ ਖੁਸ਼ ਹੋਈ ਜਾਂ ਰਾਂਝੇ ਮੂੰਹ ਤੋਂ ਪੱਲੂ ਲਾਹਿਆ॥215॥** ਦੋਵਾਂ ਦੀਆਂ ਅੱਖਾਂ ਚਾਰ ਹੋਈਆਂ। ਦੋਵੇਂ ਇੱਕ ਦੂਜੇ ਦੇ ਹੋ ਕੇ ਰਹਿ ਗਏ। ਹੀਰ ਰਾਂਝੇ ਨੂੰ ਵੰਝਲੀ ਵਜਾਉਣ ਲਈ ਕਹਿੰਦੀ ਹੈ। ਜਦ ਰਾਂਝਾ ਵੰਝਲੀ ਵਜਾਉਂਦਾ ਹੈ ਤਾਂ ਸਭ ਮਸਤ ਹੋ ਜਾਂਦੇ ਹਨ। ਦਮੋਦਰ ਅਨੁਸਾਰ ਚੀਤੇ, ਸ਼ੇਰ ਤੇ ਹੋਰ ਜਾਨਵਰ ਦਰਸ਼ਨ ਕਰਨ ਆਉਂਦੇ ਹਨ ਤਾਂ ਉਹ ਆਪਣੇ ਸਿਰ ਇਸ ਤਰ੍ਹਾਂ ਨਿਵਾ ਲੈਂਦੇ ਹਨ ਜਿਵੇਂ ਈਦ ਦੇ ਦਿਨ ਨਮਾਜ਼ ਪੜਦੇ ਸਮੇਂ ਮੁਸਲਮਾਨ ਆਪਣੇ ਸਿਰ ਝੁਕਾਉਂਦੇ ਹਨ।

ਹੀਰ ਉਸ ਨੂੰ ਆਪਣੇ ਘਰ ਲੈ ਜਾਂਦੀ ਹੈ। ਚੂਚਕ ਰਾਂਝੇ ਦੀਆਂ ਗੱਲਾਂ ਸੁਣਦਾ ਹੈ ਤਾਂ ਉਸ ਦਾ ਮਨ ਪਿਘਲ ਜਾਂਦਾ ਹੈ ਤੇ ਉਹ ਉਸ ਨੂੰ ਪੁੱਤਰਾਂ ਵਾਂਗ ਰਖਣਾ ਚਾਹੁੰਦਾ ਹੈ ਪਰ ਉਹ ਨੌਕਰ ਰਹਿਣਾ ਚਾਹੁੰਦਾ ਹੈ। ਜਦ ਚੂਚਕ ਨੇ ਮੱਝ ਦੇ ਦੁੱਧ ਦਾ ਛੰਨਾ ਦਿੱਤਾ ਤਾਂ ਰਾਂਝੇ ਨੇ ਇਹ ਦੁੱਧ ਤਰੂਈ ਮੱਝ ਦਾ ਹੋਣ ਕਰਕੇ ਪੀਣੋਂ ਨਾਂਹ ਕਰ ਦਿੱਤੀ। ਚੂਚਕ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਮੱਝਾਂ ਦੀ ਸਾਂਭ ਸੰਭਾਲ ਦੀ ਜ਼ੁੰਮੇਵਾਰੀ ਉਸ ਨੂੰ ਦੇ ਦਿੱਤੀ।

ਹੀਰ ਰਾਂਝੇ ਦੇ ਇਸ਼ਕ ਦੀ ਕੌੜੀ ਵੇਲ ਵਧਣ ਲੱਗੀ। ਮਹਿਕ ਫੈਲਣੀ ਸ਼ੁਰੂ ਹੋ ਗਈ। ਪਹਿਲਾਂ ਮਾਂ ਨੂੰ ਸ਼ੱਕ ਹੋਇਆ, ਧੀ ਨੂੰ ਤਾੜਿਆ ਤਾਂ ਉਹ ਅੱਗੋਂ ਪੈਰਾਂ 'ਤੇ ਪਾਣੀ ਨਾ ਪੈ ਦੇਵੇ। ਸ਼ਰੀਕ ਵੀ ਚੂਚਕ ਨੂੰ ਮਿਹਣੇ ਦੇਣ ਲੱਗੇ। ਮਾਪੇ ਪਹਿਲਾ ਦੜ ਵੱਟੀ ਰੱਖਦੇ ਹਨ ਪਰ ਇੱਕ ਦਿਨ ਕੈਦੋ (ਹੀਰ ਦੇ ਚਾਚੇ) ਨੇ ਰਾਂਝੇ ਤੋਂ ਧੋਖੇ ਨਾਲ ਉਸ ਚੂਰੀ ਦਾ ਇੱਕ ਬੁੱਕ ਮੰਗ ਲਿਆਂਦਾ ਜੋ ਹੀਰ ਉਹਨੂੰ ਰੋਜ਼ ਖੁਆਉਂਦੀ ਸੀ। ਕੈਦੋ ਨੇ ਪਰ੍ਹੇ ਵਿੱਚ ਜਾ ਕੇ ਪੱਗ ਲਾਹ ਕੇ ਰੱਖ ਦਿੱਤੀ ਤੇ ਆਖਿਆ, 'ਚੌਧਰੀਉ, ਕੁਝ ਹੋਸ਼ ਕਰੋ।' ਪਰ ਹੀਰ ਦੀ ਮਾਂ ਉਸ ਨੂੰ 'ਮੰਨਤ' ਦਾ ਰੂਪ ਦੇ ਕੇ ਟਾਲਦੀ ਹੈ।

ਪਰ ਹੀਰ ਕੈਦੋ ਤੋਂ ਤਗੜਾ ਬਦਲਾ ਲੈਂਦੀ ਹੈ। ਉਹਦੀ ਝੁੱਗੀ ਸਾੜ ਦੇਂਦੀ ਹੈ ਤੇ ਉਂਜ ਵੀ ਉਸ ਦੀ ਚੋਖੀ ਸੇਵਾ ਕਰਦੀ ਹੈ। ਇੱਕ ਰਾਤ ਹੀਰ ਦੇ ਭਰਾ ਤੇ ਮਾਮੇ ਰਾਂਝੇ ਨੂੰ ਮਾਰਨ ਵੀ ਆਉਂਦੇ ਹਨ। ਪਰ ਅਗੋਂ ਪੀਰ ਉਨ੍ਹਾਂ ਦੀ ਚੰਗੀ ਮੁਰੰਮਤ ਕਰਦੇ ਹਨ :- **'ਕਾਲੇ ਜੋੜੇ, ਕਾਲੇ ਘੋੜੇ, ਅਗੇ ਚੌਂਕੀ ਆਏ'।**

ਅਖੀਰ ਇੱਕ ਦਿਨ ਚੂਚਕ ਨੇ ਖੁਦ ਇਹ ਸਾਰਾ ਪ੍ਰੇਮ-ਕਲੋਲ ਅੱਖੀਂ ਵੇਖ ਲਿਆ। ਰਾਂਝੇ ਨੂੰ ਕੰਮ ਤੋਂ ਜਵਾਬ ਮਿਲ ਗਿਆ। ਰਾਂਝਾ ਕੰਬਲੀ ਮੋਢੇ ਮਾਰ ਕੇ ਟੁਰ ਪਿਆ। ਪਿੱਛੇ ਪਿੱਛੇ ਮੱਝੀਆਂ ਦਾ ਵਗ ਵੀ ਟੁਰ ਪਿਆ। ਬੜੀ ਔਕੜ ਬਣੀ। ਅਖੀਰ ਖਾਨ ਤੇ ਪਠਾਣ ਉਹਨੂੰ ਮਨਾਉਂਦੇ ਹਨ। ਹੀਰ ਦਾ ਵਿਆਹ ਸਿਧਾਅ ਦਿੱਤਾ ਜਾਂਦਾ ਹੈ। ਹੀਰ ਬਥੇਰਾ ਚੀਕ-ਚਿਹਾੜਾ ਪਾਉਂਦੀ ਹੈ ਪਰ ਉਹਦੀ ਕੋਈ ਨਹੀਂ ਸੁਣਦਾ। ਡੋਲੀ ਤੁਰਨ ਵੇਲੇ ਰਾਂਝੇ ਨੂੰ ਟਮਕ ਚੁਕਾ ਕੇ ਨਾਲ ਟੋਰਦੇ ਹਨ। ਇਹ ਵੀ ਅਸਲ ਵਿੱਚ ਹੀਰ ਦੇ ਧੀਰਜ ਵਾਸਤੇ ਸੀ।

ਰਾਹ ਵਿੱਚ ਹੀਰ, ਸਾਹਿਬੇ ਨੂੰ ਰਾਂਝੇ ਬਾਰੇ ਸਾਫ਼ ਸਾਫ਼ ਦੱਸ ਦੇਂਦੀ ਹੈ। ਇਥੇ ਖੇੜੇ, ਰਾਂਝੇ ਨੂੰ ਰਾਹ ਵਿੱਚੋਂ ਸਾਫ਼ ਕਰਨ ਦਾ ਉਪਰਾਲਾ ਕਰਦੇ ਹਨ ਪਰ ਪੰਜ ਪੀਰ ਫਿਰ ਬਹੁੜ ਪੈਂਦੇ ਹਨ।

ਸਹੁਰੇ ਆ ਕੇ ਹੀਰ ਸੱਸ ਵਲੋਂ ਕੀਤੇ ਸ਼ਗਨਾਂ ਵਿੱਚ ਕੋਈ ਦਿਲਚਸਪੀ ਨਹੀਂ ਲੈਂਦੀ। ਰਾਂਝੇ ਨੂੰ ਕਤਲ ਕਰਨ ਦੀ ਸਾਜ਼ਸ਼ ਫਿਰ ਘੜੀ ਜਾਂਦੀ ਹੈ। ਰਾਂਝਾ ਇਥੋਂ ਖਿਸਕ ਟੁਰਦਾ ਹੈ। ਪਹਿਲਾਂ ਝੰਗ ਤੇ ਫਿਰ ਤਖ਼ਤ ਹਜ਼ਾਰੇ ਆ ਜਾਂਦਾ ਹੈ।

ਰਾਂਝੇ ਦੇ ਵਾਪਸ ਆਉਣ ਤੇ ਯਾਕੂਬ ਵੜਾਇਚ ਆਪਣੀ ਧੀ ਦੇ ਵਿਆਹ ਲਈ ਸੁਆਲ ਪਾਂਉਦਾ ਹੈ ਜੋ ਕਿ ਪਹਿਲਾਂ ਧੀਦੋ ਦੀ ਮੰਗ ਸੀ। ਪਰ ਰਾਂਝਾ ਨਹੀਂ ਮੰਨਦਾ। ਅਖੀਰ ਉਹ ਤਾਹਰ ਦੇ ਪੁੱਤਰ (ਰਾਂਝੇ ਦੇ ਭਤੀਜੇ) ਦਾ ਸਾਕ ਲੈ ਕੇ ਜਾਂਦਾ ਹੈ।

ਵਿਆਹ ਸਮੇਂ ਰਾਂਝਾ ਵੀ ਜੰਞ ਨਾਲ ਜਾਂਦਾ ਹੈ। ਉਥੇ ਕੁੜੀਆ ਟਪਲਾ ਮਾਰ ਕੇ ਉਸ ਨੂੰ ਆਪਣੀ ਪੁਰਾਣੀ ਮੰਗੇਤਰ ਪਾਸ ਲੈ ਜਾਂਦੀਆਂ ਹੈ। ਉਹ ਕੁੜੀ ਸਿੱਧੇ ਸ਼ਬਦਾਂ ਵਿੱਚ ਪੁਛਦੀ ਹੈ ਕਿ ਮੇਰੇ ਵਿੱਚ ਕੀ ਔਗੁਣ ਹੈ ਕਿ ਜੋ ਮੰਗ ਛੱਡ ਦਿੱਤੀ। ਉਂਜ ਤਾਂ ਲੋਕਾਂ ਦਾ ਚਾਕ ਬਣੀ ਫਿਰਦੈਂ ਤੇ ਮੇਰੀ ਵਾਰੀ ਕਹਿੰਦਾ ਹੈਂ ਕਿ ਮੈਂ ਨਿਕੰਮਾ ਹਾਂ। ਗੱਲਾਂ ਕਰ ਰਹੇ ਸਨ ਕਿ ਰਾਂਝੇ ਦੇ ਭਰਾ ਵੀ ਉਥੇ ਆ ਜਾਂਦੇ ਹਨ। ਇਸ ਮੁਲਾਕਾਤ ਦਾ ਗਲਤ ਅਰਥ ਸਮਝ ਕੇ ਰਾਂਝੇ ਨੂੰ ਝਾੜ ਵੀ ਪਾਉਂਦੇ ਹਨ। ਰਾਂਝਾ ਬੜੀ ਮੁਸ਼ਕਲ ਨਾਲ ਅਸਲ ਗੱਲ ਸਮਝਾਉਂਦਾ ਹੈ।

ਉਧਰ ਹੀਰ ਰਾਂਝੇ ਦੇ ਵਿਯੋਗ ਵਿੱਚ ਵਿਆਕੁਲ ਹੁੰਦੀ ਹੈ। ਉਹ ਆਪਣੇ ਪਤੀ ਸਾਹਿਬਾਂ ਨੂੰ ਆਪਣੇ ਲਾਗੇ ਨਹੀਂ ਲੱਗਣ ਦੇਂਦੀ। ਉਸ ਨੂੰ ਮਾਰਨ ਲਈ ਉਸ ਦਾ ਸਹੁਰਾ ਅਲੀ ਆਪਣੇ ਸਕਿਆਂ ਨਾਲ ਮਤਾ ਪਕਾਉਂਦਾ ਹੈ ਪਰ ਉਸ ਦੀ ਸੱਸ ਇਸ ਦਾ ਵਿਰੋਧ ਕਰਦੀ ਹੈ। ਉਸ ਨੂੰ ਉਸ ਦੀ ਨਨਾਣ ਸਹਿਤੀ ਕੋਲ ਉਸ ਦੀ ਹਵੇਲੀ ਵਿਚ ਭੇਜ ਦਿੱਤਾ ਜਾਂਦਾ ਹੈ।

ਹੀਰ ਰਾਂਝੇ ਦੇ ਵਿਛੋੜੇ ਵਿਚ ਤੜਫ਼ਦੀ ਹੈ। ਸਹਿਤੀ ਹੀਰ ਦਾ ਭੇਦ ਪਾ ਲੈਂਦੀ ਹੈ ਤੇ ਉਸ ਨਾਲ ਹਮਦਰਦੀ ਪ੍ਰਗਟ ਕਰਦੀ ਹੈ। ਸਹਿਤੀ ਉਸ ਨੂੰ ਦਸਦੀ ਹੈ ਕਿ ਉਸਦਾ ਰਾਮੂ ਬ੍ਰਾਹਮਣ ਨਾਲ ਇਸ਼ਕ ਹੈ। ਉਹ ਰਾਤ ਨੂੰ ਰਾਮੂੰ ਨਾਲ ਹੀਰ ਦਾ ਮੇਲ ਕਰਾਉਂਦੀ ਹੈ। ਉਹ ਰਾਮੂ ਨੂੰ ਹੀਰ ਦਾ ਸੁਨੇਹਾ ਦੇ ਕੇ ਤਖ਼ਤ ਹਜ਼ਾਰੇ ਭੇਜਦੀ ਹੈ। ਰਾਂਝਾ ਪਹਿਲਾਂ ਹੀ ਸੁਨੇਹਾ ਉਡੀਕ ਰਿਹਾ ਸੀ। ਰਾਂਝਾ ਰਾਮੂੰ ਨੂੰ ਜਲਦੀ ਹੀ ਰੰਗਪੁਰ ਖੇੜੇ ਪੁੱਜਣ ਦਾ ਇਕਰਾਰ ਕਰਦਾ ਹੈ।

ਰਾਂਝਾ ਪਹਿਲਾਂ ਜਿਹਲਮ ਪਹੁੰਚਦਾ ਹੈ। ਦੂਜੀ ਮੰਜਿਲ ਉਹ ਪਹਾੜੀ ਦੀ ਚੜਾਈ ਚੜਦਾ ਹੈ। ਤੀਜੀ ਮੰਜਿਲ ਉਹ ਟਿੱਲੇ ਵੱਲ ਨੂੰ ਕਰਦਾ ਹੈ ਤੇ ਸਿੱਧ ਬਗਾਈ ਦੇ ਡੇਰੇ ਪਹੁੰਚਦਾ ਹੈ। ਸਿੱਧ ਬਗਾਈ ਉਸ ਨੂੰ ਆਉਣ ਦਾ ਮਕਸਦ ਬਾਰੇ ਪੁੱਛਦਾ ਹੈ ਤਾਂ ਉਹ ਸਾਰੀ ਹਕੀਕਤ ਦੱਸ ਦੇਂਦਾ ਹੈ। ਸਿੱਧ ਬਗਾਈ ਚੇਲਿਆਂ ਪਾਸੋਂ ਉਸ ਨੂੰ ਜੋਗ ਦੇਣ ਬਾਰੇ ਪੁੱਛਦਾ ਹੈ। ਚੇਲੇ ਕਹਿੰਦੇ ਹਨ ਕਿ ਇਹ ਜੋਗ ਦੇਣ ਦੇ ਲਾਇਕ ਨਹੀਂ। ਰਾਂਝਾ ਸਿੱਧ ਦੇ ਪੈਰੀਂ ਪੈਂਦਾ ਹੈ। ਸਿੱਧ ਉਸ ਨੂੰ ਜੋਗ ਦੀਆਂ ਮੁਸ਼ਕਲਾਂ ਬਾਰੇ ਦੱਸਦਾ ਹੈ। ਭਗਵੇਂ ਕੱਪੜੇ ਪਾ ਕੇ ਕੰਨ ਪੜਵਾ ਕੇ ਉਹ ਉੱਥੋਂ ਚੱਲ ਕੇ ਦਰਿਆ ਕੰਢੇ ਆ ਡੇਰਾ ਲਾਉਂਦਾ ਹੈ।

ਉਥੋਂ ਚਲ ਕੇ ਉਹ ਤਖ਼ਤ ਹਜ਼ਰੇ ਆਉਂਦਾ ਹੈ ਤੇ ਉਥੋਂ ਲੰਮੀ ਵੱਲ ਨੂੰ ਚਲ ਕੇ ਚਣੀਓਟ ਦੇ ਵਿੱਚ ਦੀ ਲੰਘਦਾ ਹੋਇਆ ਅਲੀਪੁਰ ਪੁੱਜਦਾ ਹੈ ਤੇ ਦੂਜੇ ਕੰਢੇ ਪੱਤਣ ਪਾਰ ਕਰਕੇ ਝੰਗ ਸਿਆਲ ਪੁੱਜ ਜਾਂਦਾ ਹੈ। ਉਥੇ ਉਹ ਹੀਰ ਦੀਆਂ ਸਹੇਲੀਆਂ ਨੂੰ ਮਿਲਦਾ ਹੈ ਪਰ ਉਸ ਦੀ ਅੰਤਿਮ ਮੰਜ਼ਲ ਰੰਗਪੁਰ ਖੇੜੇ ਦੀ ਹੈ। ਭਿਖਿਆ ਮੰਗਦਾ ਹੋਇਆ ਉਹ ਅਲੱਖ ਨਿਰੰਜਨ ਕਹਿੰਦਾ ਹੋਇਆ ਉਹ ਖੇੜਿਆਂ ਦੇ ਵਿਹੜੇ ਜਾ ਵੜਿਆ। ਅਖ਼ੀਰ ਉਹ ਹੀਰ ਦੇ ਘਰ ਭਿਖਿਆ ਮੰਗਣ ਚਲਾ ਗਿਆ। ਉਥੇ ਹੀਰ ਦੀ ਨਨਾਣ ਸਹਿਤੀ ਨਾਲ ਉਸ ਦੀ ਬਹਿਸ ਹੁੰਦੀ ਹੈ। ਗੱਲਬਾਤ ਤੋਂ ਹੀਰ ਨੂੰ ਪਤਾ ਲੱਗਦਾ ਹੈ ਕਿ ਇਹ ਜੋਗੀ ਰਾਂਝਾ ਹੀ ਹੈ। ਦਮੋਦਰ ਨੇ ਉਨ੍ਹਾਂ ਦੀ ਲੰਮੀ ਬਾਤਚੀਤ ਕਿੱਸੇ ਵਿੱਚ ਲਿਖੀ ਹੈ। ਹੀਰ ਉਸ ਨੂੰ ਕਈ ਤਰ੍ਹਾਂ ਦੇ ਸੁਆਲ ਕਰਦੀ ਹੈ। ਅਖ਼ੀਰ ਪੰਜ ਪੀਰ ਆਉਂਦੇ ਹਨ ਤੇ ਹੀਰ ਨੂੰ ਦੱਸਦੇ ਹਨ ਕਿ ਇਹ ਰਾਂਝਾ ਹੈ ਜੋ ਕਿ ਜੋਗੀ ਦਾ ਭੇਸ ਧਾਰ ਕੇ ਆਇਆ ਹੈ। ਰਾਂਝਾ ਹੀਰ ਨੂੰ ਯਾਦ ਕਰਾਉਂਦਾ ਹੈ ਕਿ ਤੂੰ ਆਪਣੇ ਹੱਥ ਨਾਲ ਖੀਰ ਖਵਾਉਂਦੀ ਰਹੀ ਹੈ ਤੇ ਦੁੱਧ ਪਿਲਾਉਂਦੀ ਰਹੀ ਹੈ। ਬੇਲੇ ਵਿੱਚ ਆਨੰਦ ਮਾਣਦੀ ਰਹੀ ਹੈ ਤੇ ਹੁਣ ਮੈਨੂੰ ਵਖ਼ਤ ਪਿਆ ਤਾਂ ਪਛਾਣਦੀ ਨਹੀਂ। ਹੀਰ ਉਸ ਨੂੰ ਪੁੱਛਦੀ ਹੈ ਕਿ ਤੇਰਾ ਕਿਹੜਾ ਵਤਨ ਹੈ ਤੇ ਕਿਸ ਨੇ ਤੈਨੂੰ ਜਾਇਆ ? ਕਿਹੜੀ ਨਦੀ ਉਤੇ ਤੂੰ ਵਸਦਾ ਤੇ ਕਿਸ ਜੋਗੀ ਦੀ ਤੈਨੂੰ ਥਾਪਨਾ ਹੈ ? ਉਹ ਜੁਆਬ ਦੇਂਦਾ ਹੈ ਕਿ ਮੈਂ ਤਖ਼ਤ ਹਜ਼ਾਰੇ ਜੰਮਿਆ

ਜਿਥੇ ਝਨਾਂ ਦਰਿਆ ਵਗਦਾ। ਮੈਨੂੰ ਟਿੱਲੇ ਦੇ ਪੀਰ ਸਿੱਧ ਬਗਾਈ ਦੀ ਥਾਪਨਾ ਹੈ। ਉਹ ਦੱਸਦਾ ਹੈ ਕਿ ਮੈਂ ਬੜੀ ਮੁਸ਼ਕਲ ਨਾਲ ਤੇਰੇ ਕੋਲ ਆਇਆ ਹਾਂ। ਅੱਖਾਂ ਖੋਲ ਕੇ ਵੇਖ ਕਿ ਮੈਂ ਰਾਂਝਾ ਹਾਂ ਤੂੰ ਹੀਰ ਹੈਂ। ਉਹ ਵੈਰਾਗ ਵਿੱਚ ਆ ਜਾਂਦੀ ਹੈ। ਦੋਵੇਂ ਰੁਦਨ ਕਰਦੇ ਹਨ ਤੇ ਉਹ ਕਹਿੰਦੀ ਹੈ ਕਿ ਸਹਿਤੀ ਨੇ ਹੀਲਾ ਕਰਕੇ ਸਾਨੂੰ ਮਿਲਾਇਆ ਹੈ।

ਰਾਂਝੇ ਨੇ ਹੀਰ ਦੇ ਪਿੰਡ ਦੇ ਬਾਹਰ ਵਿੱਚ ਡੇਰਾ ਲਾ ਲਿਆ। ਸਹਿਤੀ ਨੇ ਹੀਰ ਰਾਂਝੇ ਦੀ ਹਮੇਸ਼ਾਂ ਦੇ ਮਿਲਾਪ ਲਈ ਇੱਕ ਤਰੀਕਾ ਸੋਚਿਆ। ਉਹ ਹੀਰ ਨੂੰ ਖੇਤਾਂ ਵਿੱਚ ਲੈ ਗਈ। ਉਥੇ ਉਸ ਨੇ ਗਿੱਟੇ ਵਿੱਚ ਇੱਕ ਕੰਡਾ ਚੋਬ ਕੇ ਖ਼ੂਨ ਵਹਾ ਦਿੱਤਾ ਤੇ ਸੱਪ ਲੜ੍ਹਨ ਦੀ ਅਫ਼ਵਹ ਉਡਾ ਦਿੱਤੀ। ਦਵਾ ਦਾਰੂ ਜਾਦੂ ਟੂਣਾ ਕੋਈ ਵੀ ਕੰਮ ਨਾ ਆਇਆ। ਸਹਿਤੀ ਨੇ ਆਪਣੇ ਬਾਪ ਅਲੀ ਨੂੰ ਕਿਹਾ ਕਿ ਉਦਿਆਨ ਵਿੱਚ ਇੱਕ ਜੋਗੀ ਬੈਠਾ ਹੈ ਜੋ ਕਿ ਬਹੁਤ ਸਿੱਧ ਸੁਣੀਂਦਾ ਹੈ। ਉਹ ਮੰਤਰ ਪੜ੍ਹ ਕੇ ਹੀਰ ਨੂੰ ਠੀਕ ਕਰ ਸਕਦਾ ਹੈ। ਅਲੀ ਨੇ ਜੋਗੀ ਦਾ ਤਰਲਾ ਮਿੰਨਤਾਂ ਕੀਤੀਆਂ ਤਾਂ ਜੋਗੀ ਅਲੀ ਨਾਲ ਆ ਗਿਆ। ਹੀਰ ਨੂੰ ਵੇਖਣ ਤੋਂ ਬਾਅਦ ਕਹਿਣ ਲੱਗਾ ਕਿ ਇਸਨੂੰ ਬਹੁਤ ਜ਼ਹਿਰੀਲਾ ਸੱਪ ਲੜਿਆ ਹੈ। ਇਸ ਦੇ ਇਲਾਜ਼ ਲਈ ਚਾਲੀਹਾ (ਚਾਲੀ ਦਿਨ) ਮੰਤਰ ਪੜ੍ਹਣਨਾ ਪਵੇਗਾ ਤੇ ਇਸ ਨੂੰ ਵੱਖਰੇ ਕੋਠੇ ਵਿੱਚ ਰੱਖਣਾ ਪਵੇਗਾ। ਭੋਲੇ ਭਾਲੇ ਖੇੜੇ ਮੰਨ ਗਏ।

ਰਾਂਝੇ ਤੇ ਹੀਰ ਨੂੰ ਇੱਕ ਇਕੱਲੇ ਕਮਰੇ ਵਿੱਚ ਵਾੜ ਦਿੱਤਾ ਗਿਆ। ਉਨ੍ਹਾਂ ਦੀ ਸਾਂਭ ਸੰਭਾਲ ਲਈ ਸਹਿਤੀ ਨੂੰ ਨਾਲ ਭੇਜ ਦਿੱਤਾ। ਪੈਂਤੀ ਮਹੀਨੇ ਤੇ ਨੌਂ ਰਾਤਾਂ ਪਿੱਛੋਂ ਹੀਰ ਤੇ ਰਾਂਝਾ ਮੁੜ ਇਕੱਠੇ ਹੋਏ। ਉਹ ਮੁੜ ਆਨੰਦ ਮਾਨਣ ਲੱਗੇ। ਚਾਲੀ ਦਿਨ ਹੋਣ ਵਾਲੇ ਸਨ ਤਾਂ ਸਹਿਤੀ ਨੇ ਉਨ੍ਹਾਂ ਨੂੰ ਨੱਸਣ ਦੀ ਸਲਾਹ ਦਿੱਤੀ। ਹੀਰ, ਰਾਂਝੇ ਤੇ ਸਹਿਤੀ ਤਿੰਨਾਂ ਨੇ ਸੰਨ ਲਾਈ ਤੇ ਉਥੋਂ ਨੱਸ ਗਏ। ਜਦ ਅਲੀ ਹੀਰ ਨੂੰ ਨੁਹਾਉਣ ਆਉਂਦਾ ਹੈ ਤਾਂ ਹੀਰ ਤੇ ਜੋਗੀ ਉਥੋਂ ਗਾਇਬ ਹੁੰਦੇ ਹਨ। ਸਹਿਤੀ ਵੀ ਅੰਦਰੋਂ ਬੋਲਦੀ ਨਹੀਂ। ਉਹ ਕੰਧ ਟੱਪ ਕੇ ਅੰਦਰ ਜਾਂਦੇ ਹਨ ਤਾਂ ਸਹਿਤੀ ਬੂਹੇ ਪਾਸੇ 'ਸੁੱਤੀ' ਹੁੰਦੀ ਹੈ। ਮਾਪਿਆਂ ਦੇ ਪੁੱਛਣ 'ਤੇ ਉਹ ਆਖਦੀ ਹੈ, "ਤੀਜੇ ਦਿਹੁੰ ਦੀ ਬਾਹਰ ਸੁੱਤੀ, ਮੈਨੂੰ ਹੀਰ ਦੀ ਖ਼ਬਰ ਨ ਕਾਈ"।

ਖੇੜਿਆਂ ਦੀ ਵਾਹਰ ਘੋੜਿਆਂ 'ਤੇ ਹੀਰ ਤੇ ਰਾਂਝੇ ਦਾ ਪਿੱਛਾ ਕਰਦੀ ਹੈ। ਵਾਹਰ ਵੇਖ ਕੇ ਹੀਰ ਰਾਂਝਾ ਨਾਹੜਾਂ ਦੀ ਸ਼ਰਨ ਜਾਂਦੇ ਹਨ। ਇਸ ਲੜਾਈ ਵਿੱਚ ਨੌਂ ਖੇੜੇ ਤੇ ਪੰਜ ਨਾਹੜ ਮਾਰੇ ਜਾਂਦੇ ਹਨ। ਦੂਜੇ ਭੇੜ ਵਿੱਚ ਪੰਜ ਖੇੜੇ ਤੇ ਤਿੰਨ ਨਾਹੜ ਮੌਤ ਦਾ ਸ਼ਿਕਾਰ ਹੁੰਦੇ ਹਨ।

ਰਜੋਏ ਪਿੰਡ ਦਾ ਸੱਯਦ ਉਥੋਂ ਲੰਘ ਰਿਹਾ ਸੀ। ਉਹ ਲੜ ਰਹੇ ਦੋਹਾਂ ਧੜਿਆਂ ਨੂੰ ਰੋਕ ਕੇ ਲੜਾਈ ਦਾ ਕਾਰਨ ਪੁੱਛਦਾ ਹੈ। ਜਦ ਉਸ ਨੂੰ ਸਾਰੀ ਗੱਲ ਦਾ ਪਤਾ ਚੱਲਦਾ ਹੈ ਤਾਂ ਉਹ ਦੋਹਾਂ ਧਿਰਾਂ ਨੂੰ ਉਥੋਂ ਬਾਈ ਮੀਲ ਦੀ ਦੂਰੀ 'ਤੇ ਵੱਸ ਰਹੇ ਕੋਟ ਕਬੂਲੇ ਸ਼ਹਿਰ ਦੇ ਕਾਜ਼ੀ ਦੀ ਅਦਾਲਤ ਵਿੱਚ ਜਾਣ ਦੀ ਸਲਾਹ ਦੇਂਦਾ ਹੈ। ਦੋਵੇਂ ਧਿਰਾਂ ਇਸ ਸਲਾਹ ਨੂੰ ਮੰਨ ਕੇ ਹੀਰ ਰਾਂਝੇ ਸਮੇਤ ਕੋਟ ਕਬੂਲੇ ਜਾਣ ਨੂੰ ਤਿਆਰ ਹੁੰਦੀਆਂ ਹਨ। ਨਾਹੜਾਂ ਦੀਆਂ ਕੁੜੀਆਂ ਹੀਰ ਤੇ ਰਾਂਝੇ ਦੀ ਜੋੜੀ ਨੂੰ ਬਹੁਤ ਪਸੰਦ ਕਰਦੀਆਂ

ਹਨ। ਸਭ ਕੋਟ ਕਬੂਲੇ ਵੱਲ ਜਾਂਦੇ ਹਨ ਤਾਂ ਰਾਹ ਵਿੱਚ ਖੇੜੇ ਹੀਰ ਨਾਲ ਖਹਿਬੜਦੇ ਹਨ। ਉਹ ਸ਼ਾਮ ਸਮੇਂ, ਕੋਟ ਕਬੂਲੇ ਪਹੁੰਚਦੇ ਹਨ। ਉਨ੍ਹਾਂ ਨੇ ਦੂਜੇ ਦਿਨ ਅਦਾਲਤ ਵਿੱਚ ਪੇਸ਼ ਹੋਣਾ ਸੀ।

ਪਹਿਲਾਂ ਅਲੀ ਅਦਾਲਤ ਵਿੱਚ ਫ਼ਰਿਆਦ ਕਰਦਾ ਹੈ ਕਿ ਰਾਂਝਾ ਜੋਗੀ ਬਣ ਕੇ ਆਇਆ ਅਤੇ ਸਾਡੀ ਨੂੰਹ ਨਸਾ ਕੇ ਲੈ ਗਿਆ। ਕਾਜ਼ੀ ਤੇ ਹੀਰ ਦੇ ਸੁਆਲ ਜੁਆਬ ਹੁੰਦੇ ਹਨ ਤਾਂ ਹੀਰ ਪੈਰਾਂ 'ਤੇ ਪਾਣੀ ਨਹੀਂ ਪੈਣ ਦੇਂਦੀ। ਕਾਜ਼ੀ! ਸ਼ਰ੍ਹਾ ਦਾ ਪੱਖ ਲੈਂਦਾ ਹੈ ਪ੍ਰੰਤੂ ਹੀਰ ਇਸ਼ਕ ਦੀ ਦੁਹਾਈ ਦਿੰਦੀ ਹੈ।

ਕਾਜ਼ੀ ਦੇ ਹੁਕਮ ਨਾਲ ਹੀਰ ਨੂੰ ਤਿੰਨ ਕੋਰੜਿਆਂ ਦੀ ਸਜ਼ਾ ਮਿਲਦੀ ਹੈ। ਕੋਰੜਿਆਂ ਨਾਲ ਉਸ ਦੀ ਸੁੰਦਰ ਦੇਹ ਖ਼ੂਨੀ ਹੋ ਜਾਂਦੀ ਹੈ। ਫੇਰ ਵੀ ਉਹ ਰਾਂਝੇ ਦਾ ਸਾਥ ਛੱਡਣ ਲਈ ਤਿਆਰ ਨਹੀਂ ਹੁੰਦੀ। ਇਸ ਪਿੱਛੋਂ ਕਾਜ਼ੀ ਰਾਂਝੇ ਨੂੰ ਕੋਰੜੇ ਮਾਰਨ ਦਾ ਹੁਕਮ ਦੇਂਦਾ ਹੈ। ਜਦ ਰਾਂਝੇ ਨੂੰ ਕੋਰੜੇ ਮਾਰੇ ਜਾਂਦੇ ਹਨ ਤਾਂ ਹੀਰ ਉਸ ਦੇ ਸਰੀਰ ਨੂੰ ਆਪਣੀ ਜੱਫੀ ਵਿੱਚ ਲੈ ਲੈਂਦੀ ਹੈ। ਉਹ ਰਾਂਝੇ ਦੇ ਹਿੱਸੇ ਦੇ ਕੋਰੜੇ ਖ਼ੁਦ ਖਾਣਾ ਚਾਹੁੰਦੀ ਹੈ।

ਇਸ ਤੋਂ ਬਾਦ ਹਾਕਿਮ ਅਬੂ-ਉਲ਼-ਫ਼ਤਹ ਦੇ ਕਹਿਣ 'ਤੇ ਕਾਜ਼ੀ ਹੀਰ ਨੂੰ ਖੇੜਿਆਂ ਦੇ ਹਵਾਲੇ ਕਰ ਦੇਂਦਾ ਹੈ। ਖੇੜੇ ਉਸ ਨੂੰ ਬੜੀ ਬੇਰਹਮੀ ਨਾਲ ਮਾਰਦੇ ਕੁਟਦੇ ਹੋਏ ਲੈ ਜਾਂਦੇ ਹਨ। ਉਸ ਸਮੇਂ ਕੋਟ ਕਬੂਲੇ ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ। ਹਰ ਥਾਂ 'ਤੇ ਹਾਹਾਕਾਰ ਮੱਚ ਜਾਂਦੀ ਹੈ। ਸ਼ਹਿਰੀ ਇਕੱਠੇ ਹੋ ਕੇ ਰਾਂਝੇ ਦੀਆਂ ਮਿੰਨਤਾਂ ਕਰਦੇ ਹਨ ਕਿ ਤੁਸੀਂ ਅੱਗ ਬੁਝਾਉ ਅਸੀਂ ਫ਼ੌਜ ਰਾਹੀਂ ਹੀਰ ਨੂੰ ਖੇੜਿਆਂ ਤੋਂ ਵਾਪਸ ਮੰਗਵਾਉਂਦੇ ਹਾਂ। ਰਾਂਝਾ ਹੱਥ ਦੇ ਇਸ਼ਾਰੇ ਨਾਲ ਅੱਗ ਬੁਝਾ ਦੇਂਦਾ ਹੈ।

ਫੌਜ ਹੀਰ ਨੂੰ ਵਾਪਸ ਲੈ ਆਉਂਦੀ ਹੈ। ਹੁਣ ਕਾਜ਼ੀ ਹੀਰ ਰਾਂਝੇ ਦਾ ਪੱਖ ਲੈਣ ਲੱਗ ਪੈਂਦਾ ਹੈ ਤੇ ਖੇੜਿਆਂ ਨੂੰ ਕਹਿੰਦਾ ਹੈ ਕਿ ਹੀਰ ਉਸ ਨੂੰ ਮਿਲੇਗੀ ਜੋ ਅੱਗ ਬੁਝਾਏਗਾ, "ਹਕ ਸਿਆਲ ਸੋਈ ਘਿੱਨ ਵੰਞਹੁ, ਜੇਹੜਾ ਅੱਗ ਬੁਝਾਏ।"

ਇਹ ਗੱਲ ਸੁਣ ਕੇ ਖੇੜੇ ਨਿਰਾਸ਼ ਹੋ ਜਾਂਦੇ ਹਨ। ਰਾਂਝਾ ਜੋਗੀ ਪੀਰਾਂ ਨੂੰ ਯਾਦ ਕਰ ਕੇ ਸ਼ਹਿਰ ਦੀ ਅੱਗ ਬੁਝਵਾ ਦੇਂਦਾ ਹੈ। ਹੀਰ ਉਸ ਨੂੰ ਦੇ ਦਿੱਤੀ ਜਾਂਦੀ ਹੈ। ਸਭ ਖੁਸ਼ ਹੋ ਜਾਂਦੇ ਹਨ। ਖੇੜੇ ਖਾਲੀ ਹੱਥ ਵਾਪਿਸ ਮੁੜਦੇ ਹਨ। ਹੀਰ ਤੇ ਰਾਂਝਾ ਕੋਟ ਕਬੂਲੇ ਦੇ ਵਾਸੀਆਂ ਦੀ ਉਥੇ ਰਹਿਣ ਦੀ ਗੱਲ ਨਾ ਮੰਨਦੇ ਹੋਏ ਪੱਛਮ ਵੱਲ ਤੁਰ ਜਾਂਦੇ ਹਨ।ਤਿੰਨ ਕੋਹ ਅੱਗੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜ ਪੀਰ ਮਿਲਦੇ ਤੇ ਆਸ਼ੀਰਵਾਦ ਦੇਂਦੇ ਹਨ:-

**ਤਾਂ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਭੀ ਨਾਲੇ ਆਹੇ।**
**ਪੰਜ ਅਸਵਾਰ ਜੋੜੇ ਸਭ ਕਾਲੇ, ਚੱਲ ਅ.ਗੈਬੂੰ ਆਏ।**
**ਹੱਥ ਫਿਰੇਂਦੇ ਸਿਰ ਦੋਹਾਂ ਦੇ, ਸਿਰ ਚੁੰਮਨ ਤੇ ਸਧਰਾਏ।**
**ਇਨੇ ਬਾਝਹੁ ਤੂੰ ਸੁਣ ਹੀਰੇ, ਰੋਸ਼ਨ ਹੋਂਦੇ ਨਾਹੇ।**
**ਆਖ ਦਮੋਦਰ ਛਪੇ ਕਿਥਾਈਂ, ਗਏ ਸੁ ਫੇਰ ਨ ਆਏ॥966॥**

ਦਮੋਦਰ ਕਿੱਸੇ ਦਾ ਅੰਤ ਇਸ ਤਰ੍ਹਾਂ ਕਰਦਾ ਹੈ :

**ਪੂਰੀ ਭਈ ਕਥਾ ਹੀਰੇ ਦੀ, ਇਸ ਸਮ ਇਸ਼ਕ ਨ ਕੋਈ।**
**ਜਿਉਂ ਚਾਈ ਤਿਉਂ ਤੋੜ ਨਿਭਾਈ, ਜਾਣਤ ਹੈ ਤ੍ਰੈ ਲੋਈ।**

**ਨਾਉਂ ਦਮੋਦਰ ਜਾਤ ਗੁਲਾਟੀ, ਡਿੱਠਾ ਸੋ ਲਿਖਿਓਈ।**
**ਵਿਚ ਸਿਆਲੀ ਪਾਸ ਚੂਚਕ ਦੇ, ਅਸਾਂ ਤਾਂ ਰਹਿਣ ਕੀਤੋਈ ॥967॥**

ਇਸ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਉਸ ਨੇ ਚੂਚਕ ਕੋਲ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ।

❋❋❋

---

ਵਿਸਥਾਰ ਲਈ ਵੇਖੋ: 1. **ਹੀਰ ਦਮੋਦਰ, ਇਤਿਹਾਸਕ ਤੇ ਸਾਹਿਤਕ ਮੁਲਾਂਕਣ**, ਸੰਪਾ. ਕੁਲਬੀਰ ਸਿੰਘ ਕਾਂਗ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2019, ਪੰਨੇ 20-25.

2. **ਹੀਰ ਦਮੋਦਰ ਮੂਲ ਪਾਠ ਅਤੇ ਆਲੋਚਨਾ**), ਸੰਪਾ.ਗੁਰਦੇਵ ਸਿੰਘ, ਪ੍ਰੀਤਮ ਸੈਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1994, ਪੰਨੇ 163-183.

# ਅਧਿਆਇ 5

# ਦਮੋਦਰ ਨੇ ਕਿੱਸਾ ਕਦੋਂ ਲਿਖਿਆ?

ਦਮੋਦਰ ਆਪਣੇ ਕਿੱਸਾ ਹੀਰ ਰਾਂਝਾ ਦੇ ਅੰਤ ਵਿੱਚ ਕਿੱਸੇ ਦੀ ਸਮਾਪਤੀ ਕਰਨ ਤੋਂ ਪਹਿਲਾਂ ਲਿਖਦਾ ਹੈ :

**ਪੰਦਰਾਂ ਸੈ ਅਤੇ ਉਨੱਤ੍ਰੀ ਸੰਬਤ ਬਿਕ੍ਰਮ ਰਾਏ।**
**ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।**
**ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।**
**ਆਖ ਦਮੋਦਰ ਦੇ ਅਸੀਸਾਂ, ਸ਼ਹਿਰੋਂ ਬਾਹਰ ਆਏ।**

ਉਪਰੋਕਤ ਬਿਆਨ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਅਦਲੀ ਰਾਜੇ ਦੇ ਫ਼ੈਸਲੇ ਪਿੱਛੋਂ ਹੀਰ ਤੇ ਰਾਂਝਾ ਹਮੇਸ਼ਾਂ ਲਈ ਇਕੱਠੇ ਹੋ ਗਏ ਤੇ ਇਹ ਗੱਲ 1529 ਬਿਕ੍ਰਮੀ ਭਾਵ 1472 ਈਸਵੀ ਦੀ ਹੈ। ਉਸ ਸਮੇਂ ਅਕਬਰ ਦਾ ਰਾਜ ਸੀ ਜੋ ਬੜੀ ਚੜ੍ਹਦੀ ਕਲਾ ਵਿੱਚ ਸੀ। ਪਰ ਵੱਖ ਵੱਖ ਲੇਖਕਾਂ ਨੇ ਸੰਮਤ ਬਾਰੇ ਵੱਖਰੇ ਵੱਖਰੇ ਵਿਚਾਰ ਦਿੱਤੇ ਹਨ।ਇੱਥੇ ਅਸੀਂ ਡਾ. ਪਰਮਿੰਦਰ ਸਿੰਘ ਦੁਆਰਾ ਇਨ੍ਹਾਂ ਲੇਖਕਾਂ ਦੇ ਵਿਚਾਰਾਂ ਨੂੰ ਜਿਵੇ ਕਾਨੀਬੱਧ ਕੀਤਾ ਗਿਆ ਹੈ, ਉਸ ਨੂੰ ਅਸੀਂ ਹੇਠਾਂ ਦੇ ਰਹੇ ਹਾਂ[1]:

(ੳ) ਪ੍ਰਿੰਸੀਪਲ ਤੇਜਾ ਸਿੰਘ ਆਪਣੀ ਪੁਸਤਕ ਜੀਵਨ ਸੰਦੇਸ (ਪ੍ਰਕਾਸ਼ਿਤ ਵਰ੍ਹਾ 1951), ਪੰਨਾ 78 'ਤੇ ਲਿਖਦੇ ਹਨ ਕਿ ਇਹ ਤਰੀਕ (1529 ਬਿ.) ਠੀਕ ਨਹੀਂ, ਇਸ ਦੀ ਥਾਂ 1629 ਬਿ. ਚਾਹੀਦਾ ਸੀ। ਮਲੂਮ ਹੁੰਦਾ ਹੈ ਕਿ ਲਿਖਾਰੀਆਂ ਨੇ ਇੱਕ ਕਿਸੇ ਤੋਂ ਦੂਜੇ ਦਾ ਉਤਾਰਾ ਕਰਨ ਲੱਗਿਆਂ ਗਲਤੀ ਖਾਧੀ ਹੈ ਅਤੇ 1629 ਦੀ ਥਾਂ 1529 ਲਿਖ ਦਿੱਤਾ ਹੈ।

(ਅ) ਬਾਵਾ ਬੁਧ ਸਿੰਘ ਆਪਣੀ ਪੁਸਤਕ ਬੰਬੀਹਾ ਬੋਲ-ਪੰਨਾ 14 ਵਿੱਚ ਬੜੇ ਵਿਸਤਾਰ ਨਾਲ ਹੀਰ ਦਮੋਦਰ ਉਤੇ ਵਿਚਾਰ ਕੀਤੀ, ਉਨ੍ਹਾਂ ਦਾ ਖਿਆਲ ਹੈ ਕਿ ਸੰਮਤ ਤੇ ਅਕਬਰ ਦੇ ਰਾਜ ਵੱਲ ਇਸ਼ਾਰਾ ਕਰਕੇ, ਵੇਲੇ ਦਾ ਰੌਲਾ ਪਾ ਦਿੱਤਾ ਹੈ। ਸੰਮਤ ਦੀ ਭੁਲ ਲਿਖਣ ਵਿੱਚ ਹੋ ਸਕਦੀ ਹੈ।

(ੲ) ਮੌਲਾ ਬਖਸ਼ ਕੁਸ਼ਤਾ ਨੇ ਆਪਣੀ ਪੁਸਤਕ ਪੰਜਾਬ ਦੇ ਹੀਰ-ਪੰਨਾ 37 ਵਿੱਚ ਵੀ ਪ੍ਰਿੰ. ਤੇਜਾ ਸਿੰਘ ਨਾਲ ਸੰਮਤੀ ਪ੍ਰਗਟ ਕਰਦੇ ਹੋਏ ਆਖਦੇ ਹਨ, ਮਲੂਮ ਹੁੰਦਾ ਹੈ ਕਿ ਕਾਤਬ ਨੇ ਗਲਤੀ ਨਾਲ ਪੰਦਰਾਂ ਸੌ ਸੁਨਤਰੀ ਲਿਖ ਦਿੱਤਾ ਹੈ।

(ਸ) ਡਾ. ਸੁਰਿੰਦਰ ਸਿੰਘ ਕੋਹਲੀ ਆਪਣੀ ਪੁਸਤਕ ਪੰਜਾਬੀ ਸਾਹਿਤ ਦਾ ਇਤਿਹਾਸ ਪੰਨਾ 242 ਵਿੱਚ ਲਿਖਦੇ ਹਨ ਕਿ ਅਕਬਰ ਦੇ ਰਾਜ ਨੂੰ ਮੁੱਖ ਰਖਦਿਆਂ 1629 ਬਿ: ਸੰਮਤ ਠੀਕ ਬੈਠਦਾ ਹੈ। ਲਿਖਣ ਲਗਿਆਂ ਕਾਤਬ ਤੋਂ ਗਲਤੀ ਹੋ ਗਈ।

(ਹ) ਗਿ: ਨਿਹਾਲ ਸਿੰਘ ਰਸ ਆਪਣੀ ਪੁਸਤਕ ਹੀਰ ਦਮੋਦਰ ਵਿੱਚ ਲਿਖਦੇ ਹਨ ਕਿ 1529 ਦੀ ਥਾਂ 1569 ਮਿਥ ਕੇ ਆਖਦਾ ਹੈ 'ਦਮੋਦਰ ਦਾ ਸੰਮਤ 1569

ਬਿਕਰਮ ਰਾਏ ਬਿਲਕੁਲ ਠੀਕ ਹੈ। ਸੋ ਹੀਰ ਤੇ ਰਾਂਝਾ ਸ਼ੇਰ ਸ਼ਾਹ ਸੂਰੀ ਦੇ ਸਮੇਂ ਹੋਏ ਕਹੇ ਜਾ ਸਕਦੇ ਹਨ।

(ਕ) ਗੰਗਾ ਸਿੰਘ ਬੇਦੀ ਆਪਣੀ ਪੁਸਤਕ ਹੀਰ ਦਮੋਦਰ ਪੰਨਾ 9 ਸੰਮਤ ਵਿੱਚ ਉਤਾਰੇ ਵਾਲਿਆਂ ਗਲਤੀ ਪਾ ਦਿੱਤੀ ਹੈ, ਸੰਮਤ 1626 ਚਾਹੀਦਾ ਸੀ।

(ਖ) ਡਾ. ਮੋਹਨ ਸਿੰਘ ਆਪਣੀ ਪੁਸਤਕ ਪੰਜਾਬੀ ਅਦਬ ਦੀ ਮੁਖਤਸਰ ਤਵਾਰੀਖ-ਪੰਨਾ 82 ਵਿੱਚ ਲਿਖਦੇ ਹਨ ਕਿ ਉਂਜ ਤਾਂ ਮੈਨੂੰ ਇਹੀ ਤਾਰੀਖ 1529 ਬਿਕਰਮੀ ਜ਼ਿਆਦਾ ਸਹੀ ਜਾਪਦੀ ਹੈ, ਪਰ ਨਕਲ ਵਿੱਚ ਉਨੱਹਤਰਾਂ ਦੀ ਥਾਂ ਉਨੱਤਰੀ ਵੀ ਲਿਖਿਆ ਜਾਣਾ ਅਸੰਭਵ ਨਹੀਂ।

ਵਿਦਵਾਨਾਂ ਵਲੋਂ ਪ੍ਰਗਟਾਏ ਗਏ ਇਹ ਸਭ ਸ਼ੰਕੇ ਇਸ ਗਲ ਉਤੇ ਅਧਾਰਿਤ ਜਾਪਦੇ ਹਨ ਕਿ ਦਮੋਦਰ ਨੇ ਆਪਣੇ ਕਿੱਸੇ ਵਿੱਚ ਕਿਉਂ ਜੋ ਕਈ ਵਾਰ ਅਕਬਰ ਦਾ ਜ਼ਿਕਰ ਕੀਤਾ ਹੈ, ਇਸ ਲਈ ਇਹ ਘਟਨਾ ਅਕਬਰ ਦੇ ਰਾਜ ਵਿੱਚ ਵਾਪਰੀ ਤੇ ਦਮੋਦਰ ਨੇ ਅੱਖੀ ਵੇਖ ਕੇ ਲਿਖੀ। ਇਹ ਵਿਦਵਾਨ ਭੁਲ ਜਾਂਦੇ ਹਨ ਕਿ 1529 ਬਿਕਰਮੀ ਦਮੋਦਰ ਦੁਆਰਾ ਕਿੱਸਾ ਪੂਰਾ ਕਰਨ ਦਾ ਸਾਲ ਨਹੀਂ, ਸਗੋਂ ਹੀਰ ਰਾਂਝੇ ਦੇ ਮਿਲਾਪ ਦਾ ਹੈ, ਜਿਹੜਾ 1472 ਈ. ਬਣਦਾ ਹੈ। ਉਸ ਵੇਲੇ ਏਥੇ ਬਹਿਲੋਲ ਲੋਧੀ (1451 ਤੋਂ 1488 ਈ.) ਦਾ ਰਾਜ ਸੀ, ਜਿਸ ਤੋਂ ਸਪੱਸ਼ਟ ਹੈ ਕਿ ਇਹ ਘਟਨਾ ਅਕਬਰ ਤੋਂ ਬਹੁਤ ਚਿਰ ਪਹਿਲਾਂ ਵਾਪਰੀ। ਦਮੋਦਰ ਨੇ ਹੀਰ ਰਾਂਝੇ ਦੀ ਪ੍ਰਚਲਿਤ ਲੋਕ-ਕਥਾ ਨੂੰ, ਉਸ ਵੇਲੇ ਕਿੱਸੇ ਦਾ ਰੂਪ ਦਿੱਤਾ, ਜਿਸ ਵੇਲੇ ਏਥੇ ਅਕਬਰ ਦਾ ਰਾਜ ਸੀ। ਆਪਣੇ ਵੇਲੇ ਦੇ ਹਾਕਮ ਦਾ ਦਮੋਦਰ ਦੁਆਰਾ ਜ਼ਿਕਰ ਕੀਤਾ ਜਾਣਾ ਕੋਈ ਅਸੁਭਾਵਿਕ ਜਾਂ ਅਨੁਚਿਤ ਗੱਲ ਪ੍ਰਤੀਤ ਨਹੀਂ ਹੁੰਦੀ। ਅਕਬਰ ਦਾ ਜ਼ਿਕਰ ਸਾਰੇ ਕਿੱਸੇ ਵਿੱਚ ਇੱਕ ਦਰਜਨ ਤੋਂ ਵਧੀਕ ਵਾਰ ਆਇਆ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

1. ਅਕਬਰ ਨਾਲ ਕਰੇਂਦਾ ਦਾਅਵੇ, ਭੁਈਂ ਨਈਂ ਦਾ ਸਾਈਂ।
2. ਹਿਜੇ ਦਵੀਹਾਂ ਅਕਬਰ ਗ਼ਾਜੀ, ਕੱਛਾ ਆਪ ਕਛੀਹਾਂ।
3. ਨਾਲ ਸੁ ਅਕਬਰ ਦਾਅਵਾ ਜੈਂਦਾ, ਢੁਕਣ ਸੱਤੇ ਪਾਈ।
4. ਕਿਸ ਨੂੰ ਆਖਾਂ ਤੁਧ ਸਦਾਈਂ, ਕਿਛ ਅਕਬਰ ਮੈਂਥੇ ਆਇਆ।
5. ਉਹ ਨ ਟਲੇਂ ਅਕਬਰ ਕੋਲੋਂ, ਮੈਨੂੰ ਜਾਣ ਮਰੈਂਦਾ।
6. ਤਾਂ ਸੱਦੀ ਬਾਪ ਚਾਚੇ ਦੇ ਤਾਈਂ, ਜੇ ਹੋਵੀ ਅਕਬਰ ਦਾ ਛਪਾਇਆ।
7. ਆਖ ਦਮੋਦਰ ਅਕਬਰ ਕੋਲੋਂ, ਦੋਵੇਂ ਨਾ ਘੱਟ ਆਹੇ।
8. ਆਖ ਦਮੋਦਰ ਮੂਲ ਨ ਦੱਸਾਂ, ਤੋੜੇ ਅਕਬਰ ਆਏ।
9. ਅਕਬਰ ਨਾਲ ਜੁੜੇਂਦੇ ਪਲ, ਭੁਈਂ ਨਈਂ ਦੇ ਸਾਈਂ।
10. ਅਕਬਰ ਸ਼ਾਹ ਦਾ ਰਾਹ ਡਢੇਰਾ, ਜੈਂ ਤੈਨੂੰ ਕਜ਼ਾ ਦਿੱਤੀ ਆਈ।
11. ਆਖ ਬੀਬੀ ਸੱਚ ਹਕੀਕਤ, ਅਕਬਰ ਸ਼ਾਹ ਭਛਾਇਆ।
12. ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨਾ ਹੁਜਤ ਕਾਈ।
13. ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਏ।

ਅਕਬਰ ਦਾ ਏਨੀ ਵਾਰੀ ਜ਼ਿਕਰ ਆਉਣ ਦੇ ਬਾਵਜੂਦ, ਹੁਣ ਤੱਕ ਹੋਈ ਖੋਜ,

ਇਤਿਹਾਸਕ ਹਵਾਲਿਆਂ ਤੇ ਕਹਾਣੀ ਵਿਚਲੇ ਸੰਕੇਤਾਂ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਹੀਰ ਰਾਂਝੇ ਦੀ ਘਟਨਾ ਅਕਬਰ ਤੋਂ ਬਹੁਤ ਪਹਿਲਾਂ ਪੰਦਰ੍ਹਵੀਂ ਸਦੀ ਦੇ ਅੱਧ ਵਿੱਚ ਵਾਪਰੀ। ਇਸ ਸਬੰਧੀ ਹੇਠ ਲਿਖੇ ਤੱਥ ਸਾਡੇ ਵਿਚਾਰ ਅਧੀਨ ਹਨ :-

(ੳ) ਨਾਹੜਾਂ ਨਾਲ ਲੜਾਈ ਤੋਂ ਪਿੱਛੋਂ ਹੀਰ ਤੇ ਰਾਂਝੇ ਨੂੰ ਕੋਟ ਕਬੂਲੇ ਦੇ ਕਾਜ਼ੀ ਸਾਹਮਣੇ ਨਿਆਂ ਲਈ ਪੇਸ਼ ਕੀਤਾ ਜਾਂਦਾ ਹੈ। ਇਤਿਹਾਸਕ ਪ੍ਰਮਾਣ ਦੇ ਆਧਾਰ 'ਤੇ ਉਸ ਵੇਲੇ ਕੋਟ ਕਬੂਲੇ ਦਾ ਹਾਕਮ ਅਬੁਲ-ਫੱਤਾ ਸੀ, ਜਿਹੜਾ ਲੋਧੀਆਂ ਵਲੋਂ ਨਿਯੁਕਤ ਕੀਤਾ ਹੋਇਆ ਸੀ, ਪਰ ਉਹ ਸ਼ੇਰ ਸ਼ਾਹ ਸੂਰੀ (1540 ਈ. 1556 ਈ.) ਤੋਂ ਆਕੀ ਸੀ। ਉਸ ਨੂੰ ਦਬਾਉਣ ਲਈ ਹੈਰਤ ਖਾਂ ਨੂੰ 1545 ਈ. ਵਿੱਚ ਭੇਜਿਆ ਗਿਆ ਸੀ। ਦਮੋਦਰ ਉਸੇ ਅਬੁਲ ਫਤਹ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ :-

**ਅਵਲ-ਫ਼ਤਹ ਆਖੇ 'ਸੁਣ ਹਜ਼ਰਤ' ਕਿਤ ਨੂੰ ਇਨ੍ਹਾਂ ਮਰੇਂਦੇ ?**
**ਪਕੜ ਸਿਆਲ ਦੇਵਹੁ ਅਲੀ ਨੂੰ, ਸ਼ਰਮਿੰਦਾ ਕਿੱਤ ਕਰੇਂਦੇ।**

ਸੋ ਸਪੱਸ਼ਟ ਹੈ ਕਿ ਇਹ ਘਟਨਾ ਲੋਧੀਆਂ ਦੇ ਰਾਜ ਸਮੇਂ ਵਾਪਰੀ।

(ਅ) ਡਾਕਟਰ ਮੋਹਨ ਸਿੰਘ ਆਪਣੀ ਪੁਸਤਕ 'ਕਿੱਸਾ ਹੀਰ' (ਫ਼ਾਰਸੀ ਲਿਪੀ) ਭੂਮਿਕਾ ਪੰਨਾ 46 ਵਿੱਚ ਅਹਸਨਲ ਮੁਕਾਲ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਹੀਰ ਦੀ ਮੌਤ 1451 ਈ. (856 ਹਿਜ਼ਰੀ) ਵਿੱਚ ਹੋਈ।

(ੲ) ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਪੁਸਤਕ 'ਮਹਾਨ ਕੋਸ਼' ਪੰਨਾ 207 ਵਿੱਚ ਹੀਰ ਰਾਂਝੇ ਦੀ ਮ੍ਰਿਤੂ 1452 ਈ. ਵਿੱਚ ਹੋਈ ਲਿਖੀ ਹੈ।

(ਸ) ਡਾਕਟਰ ਹਰਨਾਮ ਸਿੰਘ ਸ਼ਾਨ ਨੇ 'ਪੰਜਾਬੀ ਦੁਨੀਆਂ ਦੇ ਦਮੋਦਰ ਅੰਕ' ਮਾਰਚ 1951, ਪੰਨਾ 129 ਅਨੁਸਾਰ ਹੀਰ ਰਾਂਝੇ ਦੀ ਸਾਰੀ ਵਾਰਤਾ 1425 ਈ. ਤੋਂ 1453 ਈ. ਦੇ ਵਿੱਚ-ਵਿੱਚ ਵਾਪਰੀ।

(ਹ) ਡਾ. ਮੁਹੰਮਦ ਬਾਕਰ ਨੇ 'ਪੰਜਾਬੀ ਦੁਨੀਆਂ ਵਾਰਿਸ ਅੰਕ-ਜਨਵਰੀ-ਫਰਵਰੀ 1964 ਵਿੱਚ ਲਿਖਿਆ ਕਿਦਮੋਦਰ ਤੋਂ ਪਹਿਲਾਂ ਫਾਰਸੀ ਵਿੱਚ ਇਹ ਕਿੱਸਾ ਬਾਕੀ ਕੋਲਾਥੀ ਨੇ 1574 ਈ. ਵਿੱਚ 'ਮਸਨਵੀ ਹੀਰ ਰਾਂਝਾ' ਨਾਂ ਹੇਠ ਲਿਖਿਆ, ਕਿਉਂ ਜੋ ਇਹ ਕਹਾਣੀ ਆਮ ਲੋਕਾਂ ਵਿੱਚ ਕਾਫੀ ਪ੍ਰਚਲਿਤ ਹੋ ਚੁੱਕੀ ਸੀ, ਜਿਸ ਨੂੰ ਆਧਾਰ ਬਣਾ ਕੇ ਬਾਕੀ ਕੋਲਾਬੀ ਨੇ ਆਪਣੀ ਮਸਨਵੀ ਲਿਖੀ।

(ਕ) ਦਮੋਦਰ ਨੇ ਆਪਣੇ ਕਿੱਸੇ ਵਿੱਚ ਤਮਾਖੂ ਦਾ ਜ਼ਿਕਰ ਕੀਤਾ ਹੈ। ਜਦ ਰਾਂਝੇ ਉਤੇ ਮਸੀਤ ਵਿੱਚ ਝੀਉਰਾਂ ਦੀ ਕੁੜੀ ਮੋਹਿਤ ਹੋ ਜਾਂਦੀ ਹੈ ਤਾਂ ਮਲਾਹ ਧੋਖੇ ਨਾਲ ਝੀਉਰੀ ਪਾਸੋਂ ਟਹਿਲ ਸੇਵਾ ਕਰਾਉਂਦੇ ਹਨ ਤਾਂ ਜੋ ਧੀਦੋ ਨਾਲ ਨਕਾਹ ਹੋ ਜਾਏ। ਦਮੋਦਰ ਆਖਦਾ ਹੈ:

ਉਬਾਲ ਸੇਵੀਆਂ, ਘੜਾ ਲੱਸੀ ਦਾ, ਤਮਾਕੂ ਚਿਲਮ ਸਦਾਏ।

ਤਮਾਕੂ ਭਾਰਤ ਵਿੱਚ ਪਹਿਲੀ ਵੇਰ 1605 ਈ. ਵਿੱਚ ਪੁਰਤਗਾਲ ਦੇ ਵਪਾਰੀ ਲਿਆਏ ਅਤੇ ਅਕਬਰ ਨੂੰ ਪੇਸ਼ ਕੀਤਾ ਗਿਆ। ਇਸ ਪਿਛੋਂ ਇਹ ਬੜੀ ਛੇਤੀ ਸਾਰੇ ਦੇਸ਼ ਵਿੱਚ ਇਸ ਹੱਦ ਤੱਕ ਪੈਲ ਗਿਆ ਕਿ ਗਰੀਬ ਤੋਂ ਗਰੀਬ ਘਰ ਤੱਕ ਪੁਜ ਗਿਆ।

ਏਸੇ ਕਰਕੇ ਜਹਾਂਗੀਰ ਬਾਦਸ਼ਾਹ ਨੂੰ, 10 ਮਾਰਚ 1617 ਈ. ਨੂੰ ਇੱਕ ਹੁਕਮ ਜਾਰੀ ਕਰਕੇ, ਤਮਾਕੂ ਦੀ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਬੰਦ ਕਰਨਾ ਪਿਆ।

ਗੁਰਦੇਵ ਸਿੰਘ ਅਤੇ ਡਾ. ਪ੍ਰੀਤਮ ਸੈਣੀ ਅਨੁਸਾਰ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਤਮਾਕੂ ਜਹਾਂਗੀਰ ਦੇ ਸਮੇਂ ਭਾਰਤ ਵਿੱਚ ਆਇਆ ਸੀ, ਇਸ ਲਈ ਦਮੋਦਰ ਜਹਾਂਗੀਰ ਜਾਂ ਸ਼ਾਹ ਜਹਾਨ ਦੇ ਕਾਲ ਵਿੱਚ ਹੋਇਆ ਹੈ। ਤਮਾਕੂ ਭਾਰਤ ਵਿੱਚ ਅਕਬਰ ਦੇ ਕਾਲ ਤੋਂ ਵੀ ਪਹਿਲਾਂ ਆ ਚੁੱਕਾ ਸੀ। ਉਨ੍ਹਾਂ ਦੀ ਇਸ ਬਾਰੇ ਦਲੀਲ ਹੈ:-[2]

1) ਫਾਰਸੀ ਵਿੱਚ ਲਿਖੀ ਇਤਿਹਾਸ ਦੀ ਪੁਸਤਕ 'ਸਯਦ-ਮੁਤਾਖ਼ਰੀਨ' ਅਨੁਸਾਰ ਤਮਾਕੂ ਭਾਰਤ ਵਿੱਚ ਜਹਾਂਗੀਰ ਦੇ ਸਮੇਂ ਤੋਂ ਪਹਿਲਾਂ ਆਇਆ ਸੀ ਪ੍ਰੰਤੂ ਜਹਾਂਗੀਰ ਦੇ ਸਮੇਂ ਉਹ ਪੰਜਾਬ ਵਿੱਚ ਐਨਾ ਪ੍ਰਚਲਿਤ ਹੋ ਗਿਆ ਸੀ ਕਿ ਉਸ ਨੂੰ ਇਸ ਨਸ਼ੀਲੀ ਵਸਤੂ ਦੀ ਵਰਤੋਂ ਦੀ ਮਨਾਹੀ ਕਰਨੀ ਪਈ।
2) ਫਾਰਸੀ ਦੀ ਪੁਸਤਕ 'ਮੀਨਾ ਬਾਜ਼ਾਰ' ਵਿੱਚ ਹੋਰ ਵਸਤਾਂ ਦੇ ਨਾਲ-ਨਾਲ ਕਈ ਪ੍ਰਕਾਰ ਦੇ ਤਮਾਕੂ ਵਿਕਣ ਦਾ ਵਰਣਨ ਵੀ ਹੈ ਇਹ ਬਾਜ਼ਾਰ ਅਕਬਰ ਦੇ ਸਮੇਂ ਵੀ ਲੱਗਦਾ ਹੁੰਦਾ ਸੀ।
3) ਇਰਫ਼ਾਨ ਹਬੀਬ ਦੀ ਪੁਸਤਕ ਅਗਗਰਓਰਓਿਨ ਸ਼ੇਸਟਏਮ ੋਡ ਟਹਏ ੍ਗਹਓਲਸ ਵਿੱਚ ਵੀ ਅਕਬਰ ਦੇ ਸਮੇਂ ਤਮਾਕੂ ਦੀ ਫ਼ਸਲ ਦਾ ਵਰਣਨ ਹੈ।
4) ਕਈ ਇਤਿਹਾਸ ਦੀਆਂ ਪੁਸਤਕਾਂ ਵਿੱਚ ਅਕਬਰ ਨੂੰ ਹੁਕਾ ਪੀਂਦੇ ਦਰਸਾਇਆ ਗਿਆ ਹੈ ਅਤੇ ਆਗਰੇ ਦੇ ਕਿਲ੍ਹੇ ਵਿੱਚ ਅਕਬਰ ਦੇ ਹੁੱਕੇ ਨੂੰ ਪ੍ਰਦਰਸ਼ਨੀ ਦੀ ਇੱਕ ਵਸਤੂ ਦੇ ਤੌਰ 'ਤੇ ਰਖਿਆ ਹੋਇਆ ਹੈ।
5) ਹਿੰਦੀ ਦੇ ਕਵੀ ਕਬੀਰ ਅਤੇ ਜਾਇਸੀ ਅਕਬਰ ਤੋਂ ਵੀ ਪਹਿਲਾਂ ਹੋਏ ਹਨ ਆਪਣੀ ਕਵਿਤਾ ਵਿੱਚ ਤਮਾਕੂ (ਕਰਕਟਾ) ਦਾ ਜ਼ਿਕਰ ਕਰਦੇ ਹਨ।
6) ਤਮਾਕੂ ਕੰਪਨੀਆਂ ਦੇ ਅਖ਼ਬਾਰਾਂ ਵਿੱਚ ਪਾਏ ਜਾਣ ਵਾਲੇ ਵਿਗਿਆਪਨ ਵੀ ਤਮਾਕੂ ਨੂੰ ਭਾਰਤ ਵਿਖੇ 1508 ਈਸਵੀ ਵਿੱਚ ਆਇਆ ਦੱਸਦੇ ਹਨ।

ਉਪਰੋਕਤ ਦਲੀਲ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਦਮੋਦਰ ਨੇ ਇਹ ਕਿੱਸਾ 1605 ਤੋਂ 1617 ਈ. ਦੇ ਦਰਮਿਆਨ ਲਿਖਿਆ।

(ਖ) ਮੌਲਵੀ ਨੂਰ ਮੁਹੰਮਦ ਆਪਣੀ ਪੁਸਤਕ ਤਾਰੀਖ ਝੰਗ ਸਿਆਲ, ਪੰਨਾ 9 ਵਿੱਚ ਲਿਖਿਆ ਹੈ ਕਿ ਝੰਗ ਦੀ ਨੀਂਹ 1462 ਈ. ਵਿੱਚ ਚੂਚਕ ਦੇ ਭਤੀਜੇ ਮੱਲ ਖਾਂ ਨੇ ਰੱਖੀ ਅਤੇ ਚਾਰ ਸਾਲ ਬਾਅਦ 1466 ਈ. ਵਿੱਚ ਲਾਹੌਰ ਦਰਬਾਰ ਤੋਂ ਅਪਣੇ ਨਾਂ ਇਸਦਾ ਪਟਾ ਲਿਖਵਾ ਲਿਆਇਆ। ਇਸ ਤੋਂ ਨਿਸਚੇ ਹੀ ਇਹ ਸਿੱਟਾ ਨਿਕਲਦਾ ਹੈ ਕਿ ਚੂਚਕ ਦੀ ਮ੍ਰਿਤੂ ਇਸ ਤੋਂ ਪਹਿਲਾਂ ਹੋ ਚੁੱਕੀ ਸੀ ਤਾਂ ਹੀ ਇਹ ਪਟਾ ਉਸਦੇ ਭਤੀਜੇ ਦੇ ਨਾਂ ਹੋਇਆ। ਚੂਚਕ ਵੇਲੇ ਇਸ ਥਾਂ ਦਾ ਨਾਂ ਚੂਚਕਾਣਾ ਸੀ।

(ਗ) ਪੰਜਾਬੀ ਸਹਿਤ ਵਿੱਚ ਹੀਰ ਰਾਂਝੇ ਦਾ ਪਹਿਲਾ ਸੰਕੇਤ ਸ਼ਾਹ ਹੁਸੈਨ ਦੀਆਂ ਕਾਫੀਆਂ ਵਿੱਚ ਆਉਂਦਾ ਹੈ। ਇਹ ਪ੍ਰੇਮ-ਕਥਾ ਜਦ ਲੋਕਾਂ ਵਿੱਚ ਪ੍ਰਚਲਿਤ ਹੋ ਗਈ ਅਤੇ ਇਸ ਨੂੰ ਇਸ਼ਕ ਮਿਜਾਜ਼ੀ ਦੀ ਥਾਂ ਇਸ਼ਕ ਹਕੀਕੀ ਦਾ ਦਰਜਾ

ਦਿੱਤਾ ਜਾਣ ਲੱਗਾ ਤਾਂ ਸੂਫੀ ਕਵੀਆਂ ਨੇ ਆਪਣੇ ਅਧਿਆਤਮਕ ਅਨੁਭਵ ਨੂੰ ਪ੍ਰਗਟਾਉਣ ਲਈ ਇਸ ਕਥਾ ਨੂੰ ਪ੍ਰਤੀਕ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਸ਼ਾਹ ਹੁਸੈਨ ਦੀਆਂ ਕਾਫੀਆਂ ਵਿੱਚ ਆਏ ਹੀਰ ਰਾਂਝੇ ਦੇ ਹਵਾਲੇ ਪਿਛੇ ਦਿੱਤੇ ਜਾ ਚੁੱਕੇ ਹਨ, ਜਿਵੇਂ ਕਿ 'ਰਾਂਝਾ ਜੋਗੀ ਮੈਂ ਜੁਗਿਆਨੀ ਕਮਲੀ ਕਰ ਕਰ ਸਦੀਆ ਜਾਂ 'ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤਾ ਕੌਲ ਜ਼ਰੂਰ ਹੈ ਜਾਣਾ'। ਏਸੇ ਤਰ੍ਹਾਂ ਭਾਈ ਗੁਰਦਾਸ ਨੇ ਵੀ ਇਸ ਪ੍ਰੀਤ ਨੂੰ 'ਪੀਰ ਮੁਰੀਦਾਂ ਪਿਰਹੜੀ' ਦੇ ਭਾਵ ਅਧੀਨ ਗਾਵਿਆ ਹੈ।

(ਘ) ਗੰਗ-ਭੱਟ (ਜੋ ਅਕਬਰ ਦਾ ਦਰਬਾਰੀ ਕਵੀ ਸੀ) ਦੁਆਰਾ ਝਗੜਾ ਹੀਰ ਰਾਂਝਾ, ਕਾਜ਼ੀ ਜੀ ਕਾ ਵੀ ਦਮੋਦਰ ਤੋਂ ਪਹਿਲਾਂ ਲਿਖਿਆ ਗਿਆ। ਇਸ ਦਾ ਹਵਾਲਾ ਪਿੱਛੇ ਦਿੱਤਾ ਜਾ ਚੁੱਕਾ ਹੈ।

ਉਪਰੋਕਤ ਸਾਰੇ ਹਵਾਲਿਆਂ ਤੇ ਦਲੀਲਾਂ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਹੀਰ ਰਾਂਝੇ ਦੀ ਸਾਰੀ ਪ੍ਰੀਤ-ਘਟਨਾ ਪੰਦਰ੍ਹਵੀਂ ਸਦੀ ਦੇ ਅੱਧ ਵਿੱਚ ਤੇ ਹਰ ਹਾਲਤ ਵਿੱਚ 1462 ਈ. ਤੋਂ ਅਰਥਾਤ ਝੰਗ ਦੀ ਸਥਾਪਨਾ ਤੋਂ ਪਹਿਲਾਂ ਵਾਪਰੀ। ਬਹਿਲੋਲ ਲੋਧੀ ਦਾ ਰਾਜ 1450 ਤੋਂ 1488 ਤੱਕ ਰਿਹਾ ਤੇ ਉਸੇ ਦੇ ਰਾਜ ਵਿੱਚ ਕੋਟ ਕਬੂਲੇ ਦੇ ਹਾਕਮ ਅਬੁਲ ਫਤਹ ਦੇ ਆਦੇਸ਼ ਦੁਆਰਾ ਸ਼ਹਿਰ ਨੂੰ ਅੱਗ ਲੱਗਣ 'ਤੇ ਹੀਰ ਰਾਂਝੇ ਨੂੰ ਮਿਲੀ ਤੇ ਇਸ ਮਿਲਾਪ ਦੀ ਤਾਰੀਖ ਨੂੰ ਦਮੋਦਰ 1529 ਸੰਮਤ ਬਿਕਰਮ ਰਾਏ ਆਖਦਾ ਹੈ, ਜਿਹੜਾ ਬਹੁਤ ਹੱਦ ਤੱਕ ਠੀਕ ਪ੍ਰਤੀਤ ਹੁੰਦਾ ਹੈ।

❋❋❋

---

1 ਹੀਰ ਦਮੋਦਰ,ਇਕ ਆਲੋਚਨਾਤਮਿਕ ਅਧਿਐਨ,ਪੈਪਸੂ ਬੁਕ ਡੀਪੋ, ਪਟਿਆਲਾ, 1979, ਪੰਨੇ 243- 248.

2 ਹੀਰ ਦਮੋਦਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1994, ਪੰਨਾ 148

# ਅਧਿਆਇ-6

# ਝੰਗ ਸਿਆਲ ਦਾ ਇਤਿਹਾਸ*

ਸਿਆਲਾਂ ਦਾ ਵਡੇਰਾ, ਜਿਸ ਤੋ ਇਸ ਵੰਸ਼ ਦਾ ਮੁੱਢ ਬੱਝਿਆ, ਰਾਉ ਸ਼ੰਕਰ ਸੀ ਜੋ ਪ੍ਰਮਾਰ (ਪੰਵਾਰ) ਖ਼ਾਨਦਾਨ ਦਾ ਰਈਸ ਸੀ। ਸ਼ੰਕਰ ਦੀ ਰਿਆਸਤ ਪ੍ਰਯਾਕ (ਅਲਾਹਾਬਾਦ) ਤੇ ਫ਼ਤਿਹ ਪੁਰ ਦੇ ਵਿਚਕਾਰ ਧਾਰਾ ਨਗਰੀ ਸੀ। ਪ੍ਰਸਿੱਧ ਰਾਜਾ ਗੋਪੀ ਚੰਦ ਤੇ ਮਹਾਰਾਜਾ ਭੋਜ ਰਾਉ ਸ਼ੰਕਰ ਦੇ ਬਜ਼ੁਰਗ ਸਨ। ਰਾਉ ਸ਼ੰਕਰ ਦੇ ਤਿੰਨ ਪੁਤ੍ਰ ਹੋਏ : ਸਿਉ ਅਥਵਾ ਸਿਆਲ, ਟਿਉ ਤੇ ਘਿਉ। ਸਿਉ ਤੋਂ ਸਿਆਲ, ਟਿਉ ਤੋ ਟਿਵਾਣਾ ਤੇ ਘਿਉ ਤੋ ਘੇਵਾ ਖ਼ਾਨਦਾਨ ਦਾ ਮੁੱਢ ਤੁਰਿਆ। ਰਾਉ ਸ਼ੰਕਰ ਦੇ ਦੇਹਾਂਤ ਤੋ ਬਾਅਦ ਰਾਇ ਸਿਆਲ ਨੇ ਸੰਨ 1230 ਈ. ਦੇ ਨੇੜੇ-ਤੇੜੇ ਦੁਸ਼ਮਨ ਦੇ ਹੱਲਿਆਂ ਤੋਂ ਤੰਗ ਆ ਕੇ ਧਾਰਾ ਨਗਰ ਦਾ ਵਸੇਬਾ ਛੱਡਿਆ ਤੇ ਇੱਥੋਂ ਪੰਜਾਬ ਵਲ ਚਲਾ ਆਇਆ।

ਦਿੱਲੀ ਦੇ ਤਖ਼ਤ ਉੱਤੇ ਇਸ ਸਮੇਂ ਸ਼ਾਹ ਸ਼ਹਾਬੁੱਦਨ ਗੌਰੀ ਸੀ ਤੇ ਖ਼ੁਆਜਾ ਕੁਤਬੁੱਦੀਨ ਬਖ਼ਤਿਆਰ ਕਾਕੀ, ਜੋ ਹਜ਼ਰਤ ਖ਼ੁਆਜਾ ਮੁਈਨੁੱਦੀਨ ਚਿਸ਼ਤੀ ਅਜਮੇਰੀ ਦਾ ਸ਼ਾਗਿਰਦ ਸੀ, ਇਸ ਸਮੇਂ ਸ਼ਾਹ ਦਿੱਲੀ ਦਾ ਧਾਰਮਕ ਸਲਾਹਕਾਰ ਸੀ। ਸ਼ੇਖ਼ ਫ਼ਰੀਦ ਸ਼ੱਕਰ ਗੰਜ ਪਾਕ-ਪਟਨ (ਅਯੋਧਨ) ਵਾਲਾ, ਜੋ ਉਨ੍ਹਾਂ ਦਿਨਾਂ ਵਿਚ ਬੜਾ ਕਰਣੀ ਵਾਲਾ ਫ਼ਕੀਨ ਮੰਨਿਆ ਜਾਂਦਾ ਸੀ, ਇਸੇ ਖੁਆਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦਾ ਚੇਲਾ ਸੀ। ਦਿੱਲੀ ਤੋਂ ਮੁਲਤਾਨ ਤਕ ਥਾਂ-ਥਾਂ ਉਸ ਸਮੇਂ ਇਸਲਾਮੀ ਪ੍ਰਚਾਰ ਦੇ ਅੱਡੇ ਬਣੇ ਹੋਏ ਸਨ ਤੇ ਪਿੰਡਾਂ ਦੇ ਲੋਕੀ ਸ਼ੇਖ਼ ਫ਼ਰੀਦ ਦੇ ਪ੍ਰਚਾਰ ਦੇ ਪ੍ਰਭਾਵ ਵਿਚ ਆ ਕੇ ਧੜਾ-ਧੜ ਮੁਸਲਮਾਨ ਬਣ ਰਹੇ ਸਨ। 'ਤ੍ਵਾਰੀਖ਼ ਝੰਗ ਸਿਆਲ' ਦਾ ਲੇਖਕ ਮੌਲਵੀ ਨੂਰ ਅਹਿਮਦ ਚੇਲਾ ਲਿਖਦਾ ਹੈ ਕਿ ਇਸ ਸਮੇਂ ਰਾਇ ਸਿਆਲ ਨੇ, ਜੋ ਅਜੇ ਨਵਾਂ ਨਵਾਂ ਪੰਜਾਬ ਵਿਚ ਆਇਆ ਸੀ, ਪਾਕਪਟਨ ਪਹੁੰਚ ਕੇ ਇਸਲਾਮ ਕਬੂਲ ਕਰ ਲਿਆ, ਪਰ ਇਸੇ 'ਤਾਰੀਖ਼ ਝੰਗ ਸਿਆਲ' ਵਿਚੋਂ ਰਾਇ ਸਿਆਲ ਤੋਂ ਅਗਲੇ ਕੁਰਸੀ ਨਾਮੇ ਵਿਚ 6 ਪੁਸ਼ਤਾਂ ਤਕ ਉਸ ਦੇ ਪੁਤ੍ਰ ਪੋਤ੍ਰਿਆਂ ਆਦਿ ਦੇ ਹਿੰਦੂਆਂ ਵਾਲੇ ਨਾਂ ਦੇਖ ਕੇ ਨਿਸ਼ਚਾ ਹੁੰਦਾ ਹੈ ਕਿ ਰਾਇ ਸਿਆਲ ਅਜੇ ਮੁਸਲਮਾਨ ਨਹੀਂ ਸੀ ਬਣਿਆ, ਸਗੋਂ ਹੀਰ ਦੇ ਪਿਉ ਚੂਚਕ ਤੋਂ ਬਾਅਦ ਉਸ ਦੇ ਪੁਤ੍ਰਾਂ-ਪੋਤ੍ਰਿਆਂ ਨੇ ਇਸਲਾਮ ਕਬੂਲ ਕੀਤਾ ਸੀ। ਇਹ ਜਾਣਨ ਲਈ ਚੂਚਕ ਦਾ ਕੁਰਸੀ ਨਾਮਾ ਇਸ ਪ੍ਰਕਾਰ ਹੈ—

---

*ਹਵਾਲਾ : ਸ਼ਮਸ਼ੇਰ ਸਿੰਘ ਅਸ਼ੋਕ, **ਹੀਰ ਵਾਰਿਸ**, ਭਾਸ਼ਾ ਵਿਭਾਗ ਪਟਿਆਲਾ, ਪੰਜਾਬ, ਪੰਨੇ ਸ-ਚ।

ਰਾਉ ਸ਼ੰਕਰ

ਸਿਆਲ ਟਿਉ ਘਿਉ

ਭਰਮੀ ਕੌਹਲੀ ਮਹਿਣੀ

ਭੂਪਤੀ

ਉੱਪਲ

ਅਚਲ

ਮਹੀਪਾਲ

ਚੋਟ (ਅਚਯੁਤ)

ਚੂਚਕ ਅੱਲ੍ਹਾ ਦਿੱਤਾ ਪੱਥਰ (ਵ੍ਰਿਹੱਤਰ ਜਾਂ ਵ੍ਰਿਹਦਰਥ)

ਮੱਲ ਖ਼ਾਨ[1]

## (ਝੰਗ ਸਿਆਲ ਦਾ ਪਹਿਲਾ ਰਈਸ)

ਰਾਇ ਸਿਆਲ ਅਯੋਧਨ ਥੀਂ ਹੁੰਦਾ ਹੋਇਆ ਸ਼ਾਹ ਪੁਰ ਦੇ ਇਲਾਕੇ ਵਿਚ ਸ਼ਾਹੀਵਾਲ ਪੁੱਜਾ। ਉਥੇ ਉਸ ਨੇ ਭਾਊ ਖਾਂ ਮੋਕਲ ਦੀ ਧੀ 'ਸੁਹਾਗ' ਨਾਲ ਸ਼ਾਦੀ ਕੀਤੀ। ਮਾਲੂਮ ਹੁੰਦਾ ਹੈ ਕਿ ਉਸ ਸਮੇਂ ਮੁਸਲਮਾਨ ਲੜਕੀਆਂ ਦੇ ਰਿਸ਼ਤੇ ਹਿੰਦੂਆਂ ਨਾਲ ਖੁਸ਼ੀ-ਖੁਸ਼ੀ ਹੋ ਜਾਂਦੇ ਸਨ। ਰਾਇ ਸਿਆਲ ਦੇ ਘਰ ਰਾਣੀ ਸੁਹਾਗ ਦੇ ਪੇਟੋਂ ਤਿੰਨ ਲੜਕੇ ਪੈਦਾ ਹੋਏ : ਭਰਮੀ, ਕੋਹਲੀ ਤੇ ਮਹਿਣੀ। ਇਨ੍ਹਾਂ ਤਿੰਨਾਂ ਹੀ ਪੁਤ੍ਰਾਂ ਤੋਂ ਸਿਆਲਾ ਦੀਆਂ ਵੱਖੋ-ਵੱਖ ਤਿੰਨ ਸ਼ਾਖ਼ਾਂ ਅਥਵਾ ਮੂੰਹੀਆਂ ਚੱਲੀਆਂ। ਰਾਇ ਕੋਹਲੀ ਨੇ, ਜਿਸ ਤੋਂ ਛੇ ਪੁਸ਼ਤਾਂ ਬਾਦ ਰਾਇ ਚੂਚਕ (ਹੀਰ ਦੇ ਪਿਉ) ਦਾ ਜਨਮ ਹੋਇਆ, ਸ਼ਾਹੀਵਾਲ ਦਾ ਵਸੇਬਾ ਛੱਡ ਕੇ ਜਿਹਲਮ ਦੇ ਪੱਛਮੀ ਕਿਨਾਰੇ ਕੱਛੀ ਦਾ ਇਲਾਕਾ ਜਾ ਮੱਲਿਆ। ਕੋਹਲੀ ਦੇ ਇਸ ਇਲਾਕੇ ਦੀ ਹੱਦ ਉਸ ਸਮੇਂ ਜੱਬੋਆਣੇ ਤੋਂ ਮਾਛੀਵਾਲ ਤਕ ਫੈਲੀ ਹੋਈ ਸੀ ਤੇ ਇਸ ਇਲਾਕੇ ਦੇ ਲੋਕ ਬੜੇ ਮੂੰਹ-ਜ਼ੋਰ ਤੇ ਘਟੀਆ ਸੁਭਾਉ ਦੇ ਸਨ। ਰਾਇ ਕੋਹਲੀ ਨੇ ਛੇਤੀ ਹੀ ਉਨ੍ਹਾਂ ਨੂੰ ਆਪਣੇ ਅਧੀਨ ਕਰ ਲਿਆ।

ਰਾਇ ਕੋਹਲੀ ਤੋਂ ਛੇਵੀਂ ਪੁਸ਼ਤ ਰਾਇ ਅਚਯੁਤ ਦਾ ਪੁਤ੍ਰ ਰਾਇ ਚੂਚਕ (ਚੌਚਕ ਜਾਂ ਚੌਚਕ੍ਰ) ਰਿਆਸਤ ਕੱਛੀ ਦਾ ਰਈਸ ਸੀ। ਉਸ ਦਾ ਇਕ ਭਰਾ, ਜਿਸ ਦਾ ਅਸਲ

ਨਾਂ ਕੁਛ ਹੋਰ ਸੀ, ਅਚਾਨਕ ਮੁਸਲਮਾਨ ਬਣ ਗਿਆ ਤੇ ਉਸ ਨੇ ਆਪਣਾ ਨਾਂ ਅੱਲ੍ਹਾ ਦਿੱਤਾ ਰਖਾਇਆ। ਹੀਰ ਦਾ ਚਾਚਾ ਕੈਦੋ ਇਹੋ ਅਲ੍ਹਾ ਦਿੱਤਾ ਸੀ ਜਾਂ ਕੋਈ ਹੋਰ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਕਸਬਾ ਝੰਗ ਦੀ ਨੀਂਹ ਅਜੇ ਨਹੀਂ ਸੀ ਰੱਖੀ ਗਈ, ਸੋ ਇਸ ਸਮੇਂ ਕੱਛੀ ਦੇ ਇਲਾਕੇ ਵਿਚ ਹੀ ਰਾਇ ਚੂਚਕ ਦੇ ਘਰ ਇਸ ਕਿੱਸੇ ਦੀ ਨਾਇਕਾ ਹੀਰ ਦਾ ਜਨਮ ਹੋਇਆ। ਹੀਰ ਦੀ ਮਾਂ ਦਾ ਨਾਂ ਸਕੁੱਤਾਂ ਜਾਂ ਕੁੰਤੀ (ਕੁੰਦੀ) ਸੀ। ਜਦ ਹੀਰ ਜੁਆਨ ਹੋਈ ਤਾਂ ਉਸ ਦਾ ਪ੍ਰੇਮ ਧੀਦੋ (ਰਾਂਝੇ) ਨਾਲ, ਜੋ ਉਸ ਦੇ ਪਿਤਾ ਦਾ ਆਪਣਾ ਹੀ ਇਕ ਮਮੂਲੀ ਚਾਕਰ (ਮੱਝੀਆਂ ਚਾਰਨ ਵਾਲਾ) ਸੀ, ਹੋ ਗਿਆ। ਥੋੜ੍ਹੇ ਚਿਰ ਵਿੱਚ ਹੀ ਇਸ ਪਰੇਮ ਦੀ ਚਰਚਾ ਚੁਫੇਰੇ ਹੋਣ ਕਰਕੇ ਹੀਰ ਦਾ ਸਾਕ ਕਿਸੇ ਚੰਗੇ ਘਰ ਤਾਂ ਨਾ ਹੋ ਸਕਿਆ। ਆਖ਼ਰ ਚੂਚਕ ਨੇ ਤੰਗ ਆ ਕੇ ਉਹ ਖੇੜਿਆਂ ਦੇਂ ਵਿਆਹ ਦਿੱਤੀ। ਹੀਰ ਦਾ ਪਤੀ ਸੈਦਾ ਸਰੀਰ ਦਾ ਕਮਜ਼ੋਰ, ਅੱਖੋਂ ਕਾਣਾ ਤੇ ਰੂਪ ਦਾ ਕੋਝਾ ਸੀ, ਜਿਸ ਕਰਕਰੇ ਹੀਰ ਉਸ ਦੇ ਘਰ ਨਾ ਵਸੀ ਤੇ ਥੋੜ੍ਹੇ ਦਿਨਾਂ ਪਿੱਛੋਂ ਹੀ ਰਾਂਝੇ ਨਾਲ, ਜੋ ਉਸਦਾ ਪਿੱਛਾ ਕਰਦਾ ਆ ਰਿਹਾ ਸੀ, ਨਿਕਲ ਤੁਰੀ। ਖੇੜਿਆਂ ਦੇ ਪਿਛਾ ਕਰਨ ਤੇ ਭਾਵੇਂ ਉਹ ਅਧਵਾਟੇ ਹੀ ਫੜੀ ਗਈ, ਪਰ ਜਦ ਰਾਜਾ ਅਦਲੀ ਨੇ ਰਾਂਝੇ ਦੇ ਹੱਕ ਵਿਚ ਹੀ ਫੈਸਲਾ ਦੇ ਦਿੱਤਾ ਤਾਂ ਹੀਰ ਦੇ ਪੇਕੇ ਘਰ ਮੁੜ ਆਉਣ ਦੇ ਚੂਚਕ ਨੇ ਸ਼ਰਮ ਦੇ ਮਾਰਿਆਂ ਰਾਂਝੇ ਨੂੰ ਤਾਂ ਲਾਰਾ ਲਾ ਕੇ ਤਖ਼ਤ ਹਜ਼ਾਰੇ ਤੋਰ ਦਿੱਤਾ ਤੇ ਪਿਛੋਂ ਹੀਰ ਦਾ ਖ਼ਾਤਮਾ ਕਰ ਦਿੱਤਾ। ਉਧਰ ਪਤਾ ਲੱਗਣ ਤੇ ਤਖ਼ਤ ਹਜ਼ਾਰੇ ਇਸੇ ਦਰੇਗ਼ ਵਿਚ ਰਾਂਝੇ ਦਾ ਦੇਹਾਂਤ ਹੋ ਗਿਆ। ਇਹ ਘਟਨਾ ਗ਼ਾਲਬਨ ਸੰਨ 1453 ਈ. ਦੀ ਹੈ।

ਰਾਇ ਚੂਚਕ ਦੇ ਪੁਤ੍ਰ ਸ਼ਾਇਦ ਹੀਰ ਦੇ ਉੱਧਲ ਜਾਣ ਕਰਕੇ ਜਾਂ ਕਿਸੇ ਹੋਰ ਕਾਰਣ ਆਪਣੇ ਪਿਤਾ ਦੇ ਵਫ਼ਾਦਾਰ ਨਾ ਰਹੇ ਤੇ ਘਰ ਦੇ ਇਸ ਵਿਰੋਧ ਦਾ ਨਤਜਾ ਇਹ ਨਿਕਲਿਆ ਕਿ ਚੂਚਕ ਨੇ ਰਿਆਸਤ ਕੱਛੀ ਦ ਵਾਗ-ਡੋਰ ਆਪਣੇ ਭਤੀਜੇ ਮੱਲ ਖ਼ਾਨ ਨੂੰ, ਜੋ ਉਸ ਦੇ ਭਰਾ ਰਾਇ ਪੱਥਰ (ਵ੍ਰਿਹੱਤਰ ਜਾਂ ਵ੍ਰਿਹਦਰਥ) ਦਾ ਪੁਤ੍ਰ ਸੀ, ਸੌਂਪ ਦਿੱਤੀ[2] ਤੇ ਖ਼ੁਦ ਝਨਾਂ ਦੇ ਪੂਰਬੀ ਕੰਢੇ ਤੇ, ਜਿੱਥੇ ਅੱਜ ਕਲ ਪਿੰਡ ਕੋਟਲੀ ਬਾਕਰ ਖ਼ਾਨ ਹੈ, ਰਹਿਣ ਲੱਗਾ ਤੇ ਇਥੇ ਹੀ ਉਸ ਦਾ ਸੰਨ 1462 ਈ. ਵਿਚ ਦੇਹਾਂਤ ਹੋਇਆ। (ਵੇਖੋ, ਤਾਰੀਖ਼ਿ ਝੰਗ ਸਿਆਲ ਕ੍ਰਿਤ ਮੌਲਵੀ ਨੂਰ ਅਹਿਮਦ ਚੇਲਾ ਤੇ ਜ਼ਿਲ੍ਹਾ ਝੰਗ ਦਾ ਗ਼ਜ਼ਟੀਅਰ (1884) ਸਫ਼ਾ 19)।

ਚੂਚਕ ਤੋਂ ਪਿੱਛੋਂ ਮੱਲ ਖ਼ਾਨ ਨੇ ਇਸੇ ਸਾਲ ਕੱਛੀ ਦਾ ਵਸੇਬਾ ਛੱਡਿਆ ਤੇ ਦਰਿਆ ਝਨਾਂ ਲੰਘ ਕੇ ਝੰਗ ਨਾਮੀ ਕਸਬੇ ਦੀ ਨੀਂਹ ਰੱਖੀ।[3] ਦਿੱਲੀ ਦੇ ਤਖ਼ਤ ਉੱਤੇ ਇਸ ਸਮੇਂ ਬਹਿਲੋਲ ਲੋਧੀ ਬੈਠਾ ਹੋਇਆ ਸੀ ਤੇ ਪੱਛਮ ਵੱਲੋਂ ਮੁਗ਼ਲਾਂ ਦੇ ਹੱਲੇ ਹੋਣ ਕਰਕੇ ਹਿੰਦੁਸਤਾਨ ਵਿਚ ਅੱਛੀ ਖਾਸੀ ਆਪੋ-ਧਾਪੀ ਮੱਚੀ ਹੋਈ ਸੀ, ਪਰ ਇਸ ਹਾਲਤ ਵਿਚ ਵੀ ਸਿਆਲਾਂ ਦੇ ਜ਼ੋਰ ਦੇ ਕਾਰਣ ਉਨ੍ਹਾਂ ਦੇ ਇਲਾਕੇ ਉੱਤੇ ਕੋਈ ਕੈਰੀ ਅੱਖ ਕਰ ਕੇ ਦੇਖਣ ਵਾਲਾ ਨਹੀਂ ਸੀ। ਕਸਬਾ ਝੰਗ, ਮੱਲ ਖ਼ਾਨ ਤੋਂ ਪਿੱਛੋਂ ਬੜੀ ਮੁੱਦਤ ਤਕ ਵਸਦਾ ਰਿਹਾ ਤੇ ਫੇਰ ਪਤਾ ਨਹੀਂ ਕਦ ਹੜ੍ਹ ਆਉਣ ਕਰਕੇ ਦਰਿਆ ਬੁਰਦ ਹੋ ਗਿਆ। ਅੱਜ ਕੱਲ ਉਸ ਪੁਰਾਣੇ ਝੰਗ ਦੇ ਖੰਡਰ ਮਕਬਰਾ ਨੂਰਸ਼ਾਹ ਮਦਾਰੀ ਤੋਂ

ਦੱਖਣ-ਪੱਛਮ ਦੇ ਵਿਚਕਾਰ ਦੂਰ ਤਕ ਫੈਲੇ ਹੋਏ ਦੇਖਣ ਵਿਚ ਆਉਂਦੇ ਹਨ। ਨਵਾਂ ਝੰਗ ਸ਼ਹਿਰ, ਜੋ ਅੱਜ ਕਲ ਇਸ ਮਕਬਰੇ ਦੇ ਉੱਤਰ ਵਲ ਵਾਕਿਆ ਹੈ, ਉਸ ਪੁਰਾਣੇ ਸ਼ਹਿਰ ਦੇ ਮਿਟ ਜਾਣ ਤੇ ਕੁਝ ਸਮਾਂ ਪਿਛੋਂ ਬਣਿਆ ਸੀ।

ਇਹ ਹੈ ਸ਼ਹਿਰ ਝੰਗ ਤੇ ਸਿਆਲਾਂ ਦੀ ਆਬਾਦੀ ਦਾ ਸੰਖੇਪ ਜਿਹਾ ਇਤਿਹਾਸ। ਇਸ ਤੋਂ ਪਤਾ ਲੱਗਦਾ ਹੈ ਕਿ ਹੀਰ ਦੇ ਕਿੱਸੇ ਦਾ ਝੰਗ ਨਾਲ ਅਸਲ ਵਿਚ ਏਨਾ ਸਬੰਧ ਨਹੀਂ ਹੈ। ਉਹ ਤਾਂ ਦਰਅਸਲ ਕੱਛੀ ਦੇ ਰਈਸ ਚੂਚਕ ਦੀ ਧੀ ਸੀ ਜਿਸ ਕਰ ਕੇ ਦਰਿਆ ਜਿਹਲਮ ਦੇ ਪੱਛਮੀ ਕੰਢੇ ਤੇ ਕੱਛੀ ਦੀ ਰੰਗ-ਭੂਮੀ ਵਿਚ ਹੀ ਉਸ ਦੇ ਪ੍ਰੇਮ ਦਾ ਇਹ ਨਾਟਕ ਖੇਡਿਆ ਗਿਆ ਪਰ ਪਿਛੋਂ ਉਸ ਦਾ ਅੰਤ ਚੂੰਕਿ ਕੱਛੀ ਤੋਂ ਬਾਹਰ ਅਚਾਨਕ ਕਿਸੇ ਹੋਰ ਥਾਵੇਂ, ਸ਼ਾਇਦ ਮੌਜੂਦਾ ਝੰਗ ਦੇ ਨੇੜੇ ਜੰਗਲ ਵਿਚ ਹੋਇਆ ਸੀ, ਇਸ ਲਈ ਉਸ ਦੀ ਕਬਰ ਝੰਗ ਦੇ ਪੂਰਬ ਵਲ ਮਘਿਆਣੇ ਦੇ ਲਾਗੇ, ਜੋ ਉਸ ਸਮੇਂ ਨਿਰਾ ਉਜਾੜ-ਜੰਗਲ ਸੀ, ਬਣਾਈ ਗਈ। ਇਹ ਕਬਰ ਉਸ ਥਾਂ ਹੁਣ ਤਕ ਮੌਜੂਦ ਹੈ, ਜੋ ਖ਼ਸਤਾ ਹਾਲਤ ਵਿੱਚ ਦੱਸੀਦੀ ਹੈ।

❋❋❋

1. ਮੌਲਵੀ ਨੂਰ ਅਹਿਮਦ ਚੇਲਾ; ਤਾਰੀਖ਼ਿ ਝੰਗ ਸਿਆਲ, ਫ਼ਾਰਸੀ, ਸਫ਼ਾ 21.

2. ਮੌਲਵੀ ਨੂਰ ਅਹਿਮਦ ਚੇਲਾ; ਤਾਰੀਖ਼ਿ ਝੰਗ ਸਿਆਲ, 1862, ਸਫ਼ੇ 13-14.

3. ਇਸੇ ਕਰਕੇ ਮੌਲਵੀ ਨੂਰ ਅਹਿਮਦ ਚੇਲਾ ਨੇ ਮੱਲ ਖ਼ਾਨ ਨੂੰ ਝੰਗ ਦਾ 'ਰਈਸੇ ਅੱਵਲ' ਲਿਖਿਆ ਹੈ। (ਦੇਖੋ, ਤਾਰੀਖ਼ਿ ਝੰਗ ਸਿਆਲ, ਸਫ਼ਾ 21)

# ਅਧਿਆਇ 7

# ਜੋਗੀ ਬਾਲ ਨਾਥ ਦਾ ਸਮਾਂ*

ਹੀਰ ਰਾਂਝੇ ਦੀ ਪ੍ਰੇਮ-ਕਥਾ ਦਾ ਸਮਾਂ ਨਿਰਧਾਰਤ ਕਰਨ ਵਾਸਤੇ ਝੰਗ ਸਿਆਲਾਂ ਦੇ ਇਤਿਹਾਸ ਦੇ ਨਾਲ ਹੀ ਦੂਜਾ ਸਬੂਤ ਬਾਲ ਨਾਥ ਜੋਗੀ ਦੇ ਟਿੱਲੇ ਨਾਲ ਸਬੰਧ ਰੱਖਦੀਆਂ ਜੋਗੀਆਂ ਦੀਆਂ ਲਿਖਤਾਂ ਤੋ ਵੀ ਲਿਆ ਜਾ ਸਕਦਾ ਹੈ। ਰਾਂਝੇ ਨੇ ਟਿੱਲੇ ਜਾ ਕੇ ਜਿਸ ਜੋਗੀ ਤੋਂ ਜੋਗ ਲਿਆ ਸੀ, ਦਮੋਦਰ ਦੇ ਕਥਨ ਅਨੁਸਾਰ, ਉਸ ਦਾ ਨਾਮ ਸਿਧ ਵਗਾਈ, (669-678), ਅਹਿਮਦ ਗੁਜਰ ਦੇ ਕਥਨ ਅਨੁਸਾਰ ਬਾਲ ਗੁੰਦਾਈ ਤੇ ਬਾਲ ਨਾਥ (59-60) ਅਤੇ ਵਾਰਿਸ ਦੇ ਕਥਨ ਅਨੁਸਾਰ ਸਿਰਫ਼ ਬਾਲ ਨਾਥ ਸੀ (275)। ਅਸਲ ਵਿਚ ਸਿਧ ਬਗਾਈ ਬਾਲ ਗੁੰਦਾਈ ਜਾਂ ਬਾਲ ਨਾਥ[1] ਇਕੋ ਜੋਗੀ ਦੇ ਵੱਖੋ-ਵੱਖ ਨਾਮ ਹਨ। ਸਿੱਧ ਬਾਲ ਗੁੰਦਾਈ ਆਪਣੇ ਵਡਿੱਕੇ ਗੋਰਖ ਨਾਥ, ਗੋਪੀ ਚੰਦ, ਚਰਪਟ ਨਾਥ ਆਦਿ ਵਾਂਗੂੰ ਨਾ ਕੇਵਲ ਇਕ ਵੱਡਾ ਜੋਗ ਹੀਂ ਸੀ, ਸਗੋਂ ਹਿਕ ਅੱਛਾ ਕਵੀ ਵੀ ਸੀ। ਜੋਗੀਆਂ ਦੀਆਂ ਪੁਰਾਤਨ ਲਿਖਤਾਂ ਦੀ ਖੋਜ ਕਰਨ ਤੇ ਮੈਨੂੰ ਉਸ ਦੀ ਇਕ ਅਜਿਹੀ ਕਾਵ-ਰਚਨਾ ਵੀ ਮਿਲੀ ਹੈ ਜਿਸ ਦਾ ਨਾਮ 'ਬਾਲ ਗੁੰਦਾਈ ਜੀ ਕੀ ਸ਼ਬਦੀ' ਹੈ। ਇਸ ਸ਼ਬਦੀ ਦੇ ਕੁਝ ਨਮੂਨੇ ਇਹ ਹਨਃ-

1. ਚਹੁੰ ਦਿਸ ਜੋਗੀ ਸਦਾ ਮਲੰਗੰ। ਖੇਲੈ ਕਨਕ ਕਾਮਨੀ ਸੰਗੰ।
ਹਸੈ ਖੇਲੈ ਰਾਖੈ ਭਾਵ। ਰਾਖੋ ਕਾਯਾ ਗਢ ਕਾ ਰਾਵ॥1॥
ਦਸ ਦਰਵਾਜਜਾਂ ਰਾਖ ਬਾਣ। ਭੀਤਰ ਚੋਰ ਨਾ ਦੇਈ ਜਾਣ।
ਗਜ਼ਾਨ ਕਛੋਟੀ ਬਾਂਧ ਕਸਿ। ਪਾਂਚੁੰ ਇੰਦ੍ਰੀ ਰਾਖੁ ਬਸਿ॥2॥
ਪਵਨ ਪਿਆਲਾ ਪੀਆ ਕਰੈ। ਉਨ ਮਨ ਤਾਲੀ ਜੁਗਿ ਜੁਗਿ ਧਰੈ।
ਰਾਮ ਜੀ ਅਗਲੀ ਛਮਨ ਕਹੈ। ਜੋਗੀ ਹੋਇ ਸੁ ਅਨਿਨਿਸ ਰਹੈ॥3॥
ਅਲਖ ਬਜਾਂਦ ਤੈਂ ਖੋਯਾ। ਗਏ ਬਜਾਂਦ ਕੀ ਖਬਰਿ ਨ ਜਾਣੀ।
ਮੁਯੇ ਬਜੰਦ ਕੋ ਰੋਯਾ॥4॥
ਪਹਲੀ ਕੀਯਾ ਲੜਕਾਂ ਲੜਕ, ਅਬ ਮਾਰਗ ਮੈ ਪੈਠਜਾ।
ਬੂਢੇ ਚਮੜੈ ਭਸਮ ਲਗਾਏ, ਅਬ ਬਜ੍ਰ ਸਿਧ ਹੂੈ ਬੈਠਜਾ॥5॥
ਤੁਮ ਹੋ ਪੂਰਾ ਗੁਰੂ ਕਾ ਸੂਰਾ, ਤੁਮ ਹੋ ਚਤੁਰ ਸੁਜਾਨੰ।
ਅਨਚਖਿਹਿ ਛੋਡਾ ਲਛੂ ਮਨ ਚਾਖਿ ਛੋਡਤੋ ਜਾਨੰ
ਅਵਧੂ ਸੋ ਜੋਗੀ ਅਨਭੈ ਜਾਣੈ।
ਪਲਟ ਬਾਇ ਬੇਧਿਆ ਭੌਰਾ। ਆਤਮ ਜੋਗੀ ਬਸ ਕੀਆ ਜੌਰਾ॥7॥
ਕਲਿਜੁਗ ਮਾਹਿ ਸਤਿਜੁਗ ਥਾਪਜ ਉਲਟੀ ਜੋਤਿ ਚਢਾਈ।
ਭੇਦ ਬਿਹੂਣਾ ਭਗਸਰ ਹੋਇਸੀ, ਯੌਂਸਤਿ ਸਤਿ ਭਾਖੰਤ ਸ੍ਰੀ ਬਾਲਗੁੰਦਾਈ॥8॥

---

*ਹਵਾਲਾ : ਸ਼ਮਸ਼ੇਰ ਸਿੰਘ ਅਸ਼ੋਕ, **ਹੀਰ ਵਾਰਿਸ**, ਭਾਸ਼ਾ ਵਿਭਾਗ ਪਟਿਆਲਾ, ਪੰਜਾਬ, ਪੰਨੇ ਸ-ਚ।

2. ਆਵਧੂ ਤੁਰਕ ਕੈ ਸੁਵਰ ਹਿੰਦੂ ਕੈ ਗਾਏ।
ਬਹਨਕ ਭਾਏ ਤਜੋਂ ਜੋਗੀ ਕੈ ਸ੍ਵਚ ਮਾਈ।
ਯੇ ਤੀਨੁ ਅਭਖ ਭਖਿ ਨਾ ਜਾਇ।
ਸਤਿ ਸਤਿ ਭਾਖੇ ਸ੍ਰੀ ਬਾਲ ਗੁੰਦਾਈ।1।
ਪਹਿਲੇ ਪਹਿਰੈ ਸਭ ਕੋਈ ਜਾਗੈ, ਦੂਜੈ ਪਹਰੈ ਭੋਗੀ।
ਤੀਜੈ ਪਹਰੈ ਤਸਕਰ ਜਾਗੈ, ਚੌਥੈ ਪਹਰੈ ਜੋਗੀ।2।
ਪਰਵਤ ਚਢਯਾ ਖੋਜ ਜੁ ਪਾਯਾ, ਭਾਖੈ ਬਾਲ ਗੁੰਦਾਈ।
ਪਰਚੈ ਡੋਰੀ ਗੁਰਮੁਖ ਜਾਣੀ, ਸੰਸੈ ਸੀਹ ਰਹਾਈ।
ਬੂਢੀ ਸੁਰਤ ਸਬ ਬੋਦੀ ਹੋਸਿ, ਬਾਲਕ ਡਾ ਹੋਇ ਸਿਓ ਲਖਾਈ।
ਕਲਿ ਕੇ ਤੂਟੇ ਪਰਲੈ ਜਾਸਿ, ਬਾਹਡਿਨਿ ਮਿਲਸਿ ਭਾਏ।4।
ਇਤਿ ਸ੍ਰੀ ਬਾਲ ਗੁੰਦਾਈ ਜੀ ਕੀ ਸ਼ਬਦ ਸੰਪੂਰਣੰ।

ਇਨ੍ਹਾਂ ਉਦਾਹਰਣਾਂ ਵਿਚ ਹਿੰਦੀ-ਸੰਸਕ੍ਰਿਤ ਸ਼ਬਦਾਂ ਦੇ ਨਾਲ ਹੀ ਬਹੁਤ ਸਾਰੇ ਪੰਜਾਬੀ ਦੇ ਸ਼ਬਦ ਵੀ ਵਰਤੇ ਹਨ ਜਿਸ ਤੋ ਪਤਾ ਲਗਦਾ ਹੈ ਕਿ ਸਿਧ ਬਾਲ ਗੁੰਦਾਈ ਜ ਪੰਜਾਬ ਦੇ ਵਸਨੀਕ ਸਨ ਤੇ ਨਾਲ ਹੀ ਉਨ੍ਹਾਂ ਨੇ ਹਿੰਦੂਆਂ ਨੂੰ ਗਊ ਦੀ ਤੇ ਮੁਸਲਮਾਨ ਨੂੰ ਸੂਰ (ਸੁਵਰ) ਦੀ ਆਣ ਦੱਸੀ ਹੈ, ਜੋ ਉਨ੍ਹਾਂ ਨੇ ਮੁਸਲਮਾਨੀ ਸਮੇਂ ਵਿਚ ਹੋਣ ਦੀ ਸੂਚਕ ਹੈ। ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਹ ਕਦ ਤੇ ਕਿਸ ਸਮੇਂ ਵਿਚ ਹੋਏ। ਉਨ੍ਹਾਂ ਦ ਕਵਿਤਾ ਦੇ ਉਪਰੋਕਤ ਪ੍ਰਮਾਣ, ਜਿਨ੍ਹਾਂ ਵਿੱਚ ਚੰਦ੍ ਵਰਜਾਏ ਦੀ 'ਪ੍ਰਿਥਵੀ ਰਾਜ ਰਾਸੋ' ਨਾਮੀ ਪੁਸਤਕ ਵਾਂਗ ਪੁਰਾਣੇ ਸ਼ਬਦਾਂ ਦੀ ਭ੍ਰਮਾਰ ਹੈ, ਦਸਦੇ ਹਨ ਕਿ ਉਹ ਗੁਰੂ ਨਾਨਕ ਤੋਂ ਉਮਰ ਵਿਚ ਵਡੇਰੇ ਸਨ। ਜਨਮ ਸਾਖੀ ਵਿਚ ਇਸ ਸਿੱਧ ਨਾਲ ਗੁਰੂ ਨਾਨਕ ਦਾ ਮਿਲਾਪ ਹੋਣਾ ਲਿਖਿਆ ਹੈ, ਪਰ ਗੁਰੂ ਨਾਨਕ ਨੇ ਬਾਲ ਗੁੰਦਾਈ ਦੇ ਇਸ ਪਰੰਪਰਾਵਾਦੀ ਲਿਖਣ-ਢੰਗ ਨੂੰ ਉੱਕਾ ਹੀ ਨਹੀਂ ਅਪਣਾਇਆ ਤੇ ਇਸ ਕਵਿਤਾ ਦੇ ਪਾਂਚੁੰ, ਬਜਾਂਦ, ਬਜੰਦ, ਪਹਲੀ ਕੀਯਾ, ਭਗਸਰ, ਭਾਖੰਤ, ਬਾਹਡਿਨਿ ਆਦਿ ਅਪਭ੍ਰੰਸ਼ ਮੂਲਕ ਸ਼ਬਦ ਤਾਂ ਇਸ ਸਮੇਂ ਮਤਰੂਕ-ਉਲ-ਅਮਲ ਹੋ ਚੁੱਕੇ ਸਨ। ਜੇ ਇਹ ਬਾਲ ਗੁੰਦਾਈ, ਜਿਸ ਤੋਂ ਰਾਂਝੇ ਨੇ ਜੋਗ ਲਿਆ ਸੀ, ਉਹੋ ਬਾਲ ਨਾਥ ਹੋਵੇ ਤਾਂ ਹਰ ਦੀ ਪ੍ਰੇਮ-ਕਹਾਣੀ ਦਾ ਇਤਿਹਾਸਕ ਸਮਾਂ ਨਿਸ਼ਚੇ ਹੀ ਮੁਗ਼ਲਾਂ ਦੇ ਰਾਜ ਤੋਂ ਪਹਿਲਾਂ ਲੋਧੀ-ਰਾਜ ਦੇ ਮੁੱਢ ਵਿਚ ਜਾ ਟਿਕਦਾ ਹੈ।

# ਅਧਿਆਇ 8

# ਸੱਚੀ ਜਾਂ ਮਨਘੜਤ

ਹੀਰ ਰਾਂਝੇ ਦੀ ਕਹਾਣੀ ਬਾਰੇ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਹਨ।ਇਹ ਕਹਾਣੀ ਵਾਕਿਆ ਹੀ ਸੱਚੀ (ਵਾਸਤਵਿਕ) ਹੈ ਜਾਂ ਮਨਘੜਤ(ਕਲਪਿਤ)। ਇਸ ਸਬੰਧੀ ਗੁਰਦਿੱਤ ਸਿੰਘ ਪ੍ਰੇਮੀ[1] ਲਿਖਦੇ ਹਨ ਕਿ ਖੋਜੀ ਸਹਿਤਕਾਰਾਂ ਦੀ ਸ਼ੱਕੀ ਨਿਗਾਹ ਤੋਂ ਹੀਰ ਰਾਂਝੇ ਦੀ ਪ੍ਰੀਤ ਕਹਾਣੀ ਵੀ ਨਹੀਂ ਬੱਚ ਸਕੀ। ਸਰ ਰਿਚਰਡ ਟੈਂਪਲ ਦਾ ਵਿਚਾਰ ਹੈ ਕਿ ਇਹ ਗਾਥਾ ਮੂਲ ਰੂਪ ਵਿੱਚ ਭਾਰਤੀ ਜਾਂ ਪੰਜਾਬੀ ਨਹੀਂ, ਸਗੋਂ ਯੂਨਾਨੀ ਪ੍ਰੇਮ ਕਹਾਣੀ ਹੀਰੋ ਐਂਡ ਲਿਆਂਡਰ ਦਾ ਪੰਜਾਬੀ ਰੂਪ ਹੈ ਅਤੇ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ ਅਤੇ ਖੋਜਕਾਰ ਡਾ. ਮੋਹਣ ਸਿੰਘ ਦੀਵਾਨਾ ਦਾ ਵਿਚਾਰ ਹੈ ਕਿ ਕੇਵਲ ਹੀਰ ਰਾਂਝਾ ਹੀ ਨਹੀਂ, ਸੋਹਣੀ ਮਾਹੀਵਾਲ, ਸੱਸੀ ਪੁੰਨੂੰ ਤੇ ਸਮੀਂ ਢੋਲਾ ਦੀਆਂ ਪ੍ਰੀਤ ਕਹਾਣੀਆਂ ਦਾ ਅਸਲਾ ਵੀ ਯੂਨਾਨੀ ਹੈ। ਸਿਕੰਦਰ ਆਜ਼ਮ ਦੇ ਹਮਲੇ ਪਿੱਛੋਂ ਜਦ ਫੇਰ ਯੂਨਾਨੀ ਪੰਜਾਬ 'ਤੇ ਕਾਬਿਜ਼ ਹੋ ਗਏ ਅਤੇ ਇੱਥੇ ਹੀ ਵਸ ਗਏ ਅਤੇ ਸਮਾਂ ਪਾ ਕੇ ਪੰਜਾਬੀ ਯੂਨਾਨੀ ਸਾਹਿਤ ਤੋਂ ਜਾਣੂ ਹੋ ਗਏ ਤਾਂ ਯੂਨਾਨੀ ਪ੍ਰੀਤ ਕਹਾਣੀਆਂ ਨਵੇਂ ਨਾਵਾਂ ਹੇਠ ਭਾਰਤ ਦੇ ਇਸ ਹਿੱਸੇ ਵਿੱਚ ਪ੍ਰਚਲਤ ਹੋ ਗਈਆਂ।

ਇਨ੍ਹਾਂ ਖੋਜਕਾਰਾਂ ਨੇ ਹਕੀਕਤ ਵੀ ਲੱਭੀ ਜਾਂ ਨਹੀਂ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਹਾਂ ਇਨ੍ਹਾਂ ਦੀਆਂ ਲਿਖਤਾਂ ਨੇ ਪੰਜਾਬੀ ਮਨਾਂ ਵਿੱਚ ਸ਼ੰਕੇ ਜ਼ਰੂਰ ਪੈਦਾ ਕਰ ਦਿੱਤੇ ਹਨ।

ਸਰ ਰਿਚਰਡ ਟੈਂਪਲ ਦੇ ਇਸ ਕਹਾਣੀ ਨੂੰ ਯੂਨਾਨੀ ਅਸਲੇ ਨਾਲ ਜੋੜਨ ਦੀ ਗਲ ਨਵੀਂ ਨਹੀਂ। ਪੱਛਮੀ ਵਿਦਵਾਨਾਂ ਦੀ ਨਜ਼ਰ ਵਿੱਚ ਹਰ ਚੰਗੀ ਕਲਾ ਕੇਵਲ ਪੱਛਮ ਵਿੱਚ ਹੀ ਜਨਮ ਲੈ ਸਕਦੀ ਹੈ ਅਤੇ ਏਸ਼ੀਆ ਵਿੱਚ ਉਸ ਦੀ ਨਕਲ ਹੀ ਤਿਆਰ ਹੁੰਦੀ ਹੈ। ਇਹ ਵਿਚਾਰ ਆਪਣੇ ਆਪ ਵਿੱਚ ਬੋਦਾ ਤੇ ਹਾਸੋ ਹੀਣਾ ਹੈ। ਹੀਰੋ ਐਂਡ ਲਿਆਂਡਰ ਦੀ ਕਹਾਣੀ ਸੋਹਣੀ ਮਾਹੀਵਾਲ ਨਾਲ ਤਾਂ ਮੇਲ ਖਾਂਦੀ ਹੈ, ਹੀਰ ਰਾਂਝੇ ਨਾਲ ਨਹੀਂ। ਯੂਨਾਨ ਦੀ ਕੋਈ ਪ੍ਰੀਤ ਕਹਾਣੀ ਹੀਰ ਰਾਂਝੇ ਦੀ ਗਾਥਾ ਨਾਲ ਮੇਲ ਖਾਂਦੀ ਅਜੇ ਤੱਕ ਕਿਤੇ ਵੀ ਪੜ੍ਹੀ ਸੁਣੀ ਨਹੀਂ ਗਈ। ਫੇਰ ਯੂਨਾਨੀ ਇਸ ਖਿੱਤੇ ਵਿੱਚ ਈਸਾ ਤੋਂ ਵੀ ਢੇਰ ਚਿਰ ਪਹਿਲੇ ਦੇ ਆਏ ਸਨ, ਪਰ ਹੀਰ ਰਾਂਝਾ ਦੀ ਕਹਾਣੀ ਪੰਦਰ੍ਹਵੀਂ ਸੋਲ੍ਹਵੀਂ ਸਦੀ ਵਿੱਚ ਹੀ ਜ਼ਾਹਿਰ ਹੁੰਦੀ ਹੈ। ਇਸ ਤੋਂ ਪਹਿਲੇ ਇਸ ਵਲ ਕੋਈ ਸੰਕੇਤ ਨਹੀਂ ਮਿਲਦਾ। ਸਪੱਸ਼ਟ ਹੈ ਕਿ ਇਸ ਘਟਨਾ ਦਾ ਸੰਬੰਧ ਯੂਨਾਨ ਨਾਲ ਨਹੀਂ ਹੋ ਸਕਦਾ।

ਇਹ ਕਹਾਣੀ ਸੱਚੀ ਹੈ ਤੇ ਇਸ ਦੇ ਸਬੂਤ ਮਿਲਦੇ ਹਨ।ਪਹਿਲਾ ਇਹ ਹੈ ਕਿ ਦਮੋਦਰ ਗੁਲਾਟੀ, ਜਿਸ ਨੇ ਪਹਿਲੀ ਵਾਰ ਇਸ ਕਿੱਸੇ ਨੂੰ ਲਿਖਿਆ ,ਲਿਖਦਾ ਹੈ ਕਿ ਉਸ ਨੇ ਉਹੋ ਲਿਖਿਆ ਜੋ ਕੁਝ ਉਸ ਨੇ ਅੱਖੀਂ ਡਿੱਠਾ ਹੈ।

ਦੂਜਾ ਕਿੱਸੇ ਅੰਦਰ ਆਏ ਨਾਂ ਥਾਂ, ਜਾਤ ਬਰਾਦਰੀਆਂ ਦੇ ਸੰਕੇਤ, ਘਟਨਾ ਸਥਾਨ ਆਦਿ ਸਭ ਸਹੀ ਹਨ। ਅਲੀਪੁਰ, ਚੂਚਕਾਣਾ, ਰੰਗਪੁਰ, ਝੰਗ, ਤਖ਼ਤ ਹਜ਼ਾਰਾ,

ਚਨਿਓਟ, ਕਿੜ੍ਹਾਣਾ, ਚਨ੍ਹਾਂ ਆਦਿ ਸਭ ਅੱਜ ਵੀ ਇਨ ਬਿਨ ਸਥਿਤ ਹਨ। ਇਨ੍ਹਾਂ ਵਿੱਚੋਂ ਕੋਈ ਨਾਂ ਵੀ ਕਲਪਿਤ ਨਹੀਂ। ਫੇਰ ਧੀਦੋ ਘਰੋਂ ਚੱਲ ਕੇ ਜਦ ਝੰਗ ਵੱਲ ਨੂੰ ਰਵਾਨਾ ਹੋਇਆ ਤਾਂ ਚਨਿਓਟ ਦੇ ਵਿੱਚੋਂ ਦੀ ਹੁੰਦਾ ਹੋਇਆ ਅਲੀਪੁਰ ਆ ਪਹੁੰਚਿਆ। ਇਹ ਰਸਤਾ ਵੀ ਸਹੀ ਹੈ ਅਤੇ ਚਨਿਓਟ ਬੜ੍ਹਾਣਾ ਝੰਗ ਵਿਚਕਾਰ ਪੁਰਾਣੇ ਸਮੇਂ ਤੋਂ ਕੱਚੀ ਸੜਕ ਚੱਲੀ ਆ ਰਹੀ ਹੈ।

ਇਸੇ ਤਰ੍ਹਾਂ ਸਿਆਲ, ਸੰਬਲ, ਚੱਧੜ ਜਾਤੀਆਂ ਅੱਜ ਵੀ ਝੰਗ ਦੇ ਇਲਾਕੇ ਵਿੱਚ ਆਬਾਦ ਹਨ। ਰਾਂਝੇ ਤੇ ਵੜੈਚ ਕਿੜ੍ਹਾਣਾ ਬਾਰ ਵਿੱਚ, ਖੇੜੇ ਤੇ ਨਾਹੜ ਪੱਛਮੀ ਝੰਗ ਤੇ ਮੁਜ਼ੱਫਰ ਗੜ੍ਹ ਜ਼ਿਲ੍ਹੇ ਵਿੱਚ ਅੱਜ ਤੱਕ ਵੱਸਦੇ ਚਲੇ ਆ ਰਹੇ ਹਨ। ਇਨ੍ਹਾਂ ਨਾਵਾਂ ਥਾਵਾਂ ਜਾਤ, ਬਰਾਦਰੀਆਂ ਆਦਿ ਦਾ ਹਕੀਕੀ ਵਰਣਨ ਕਹਾਣੀ ਦੇ ਹਕੀਕੀ ਹੋਣ ਦੀ ਗਵਾਹੀ ਭਰਦਾ ਹੈ।

ਇੱਕ ਹੋਰ ਗੱਲ ਇਹ ਵੀ ਹੈ ਕਿ ਝੰਗ ਦੇ ਇਲਾਕੇ ਵਿੱਚ ਹੀਰ ਨੂੰ ਮਾਈ ਹੀਰ ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਸ ਦੇ ਪਿਆਰ ਨੂੰ ਸੱਚਾ, ਸੁੱਚਾ ਅਤੇ ਭਾਰਤੀ ਪਰੰਪਰਾ ਅਨੁਸਾਰ ਇੱਕ ਕੰਤੀ ਪਿਆਰ ਦਾ ਉੱਤਮ ਨਮੂਨਾ ਮੰਨਿਆ ਜਾਂਦਾ ਹੈ। ਇਸ ਇਲਾਕੇ ਵਿੱਚ ਅੱਜ ਵੀ ਹੀਰ ਦਾ ਟੱਪਾ ਗਾਉਣ ਦੀ ਮਨਾਹੀ ਹੈ। ਸਿਆਲ ਅਤੇ ਉਨ੍ਹਾਂ ਦੀਆਂ ਉਪ-ਜਾਤੀਆਂ ਹੀਰ ਦੇ ਟੱਪੇ ਗਾਉਣ ਵਾਲੇ ਦੀ ਮਾਰ ਕੁਟਾਈ ਕਰ ਦੇਣ ਤੱਕ ਜਾਂਦੇ ਹਨ।

ਝੰਗ ਦੇ ਇਲਾਕੇ ਵਿੱਚ 'ਹੀਰ ਬਾਘੜਾ' ਦਾ ਅਖਾਣ ਪ੍ਰਸਿੱਧ ਹੈ। ਜਦ ਬੱਚੇ ਇਕੱਠੇ ਹੋ ਕੇ ਲੁਡੀ ਪਾਉਂਦੇ ਹਨ ਜਾਂ ਹੱਸਦੇ ਖੇਡਦੇ ਤੇ ਕਕਾਰਾ ਪਾਂਦੇ ਨੱਚਦੇ ਹਨ ਤਾਂ ਇਸ ਅਮਲ ਨੂੰ ਹੀਰ ਬਾਘੜਾ ਦਾ ਨਾਂ ਦਿੱਤਾ ਜਾਂਦਾ ਹੈ। ਕੇਵਲ ਇਹ ਇੱਕ ਅਖਾਣ ਹੀ ਹੀਰ ਦੇ ਅਸਲੀ ਹੋਣ ਦੀ ਵੱਡੀ ਦਲੀਲ ਹੈ। ਇੱਥੋਂ ਹੀ ਇਹ ਸੰਕੇਤ ਮਿਲਦਾ ਹੈ ਕਿ ਹੀਰ ਕਿਸ ਤਰ੍ਹਾਂ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਪਿੰਡ ਵਿੱਚ ਨੱਚਦੀ ਤੇ ਹਾਸੇ ਵੰਡਦੀ ਫਿਰਦੀ ਸੀ।

ਹੀਰ ਦੀ ਗਾਥਾ ਨੂੰ ਮਨੋਕਲਪਿਤ ਕਹਿਣ ਵਾਲਿਆਂ ਪਾਸ ਉੱਪਰ ਆਈਆਂ ਦਲੀਲਾਂ ਦਾ ਕੋਈ ਉੱਤਰ ਨਹੀਂ। ਕਿਸੇ ਵੀ ਕਲਪਿਤ ਸਾਹਿਤ ਵਿੱਚ ਸੌ ਫੀਸਦੀ ਨਾਂ ਥਾਂ ਵਾਸਤਵਿਕ ਨਹੀਂ ਹੋ ਸਕਦੇ। ਇਸੇ ਤਰ੍ਹਾਂ 'ਹੀਰ ਬਾਘੜਾ' ਦਾ ਮੁਹਾਵਰਾ ਹੀਰ ਦੀ ਹੋਂਦ ਬਿਨਾਂ ਕਿਵੇਂ ਘੜਿਆ ਜਾ ਸਕਦਾ ਹੈ ?

ਹਾਂ ਕਹਾਣੀ ਵਿਸਥਾਰ ਵਿੱਚ ਘਾਟਾ ਵਾਧਾ ਹੋ ਸਕਦਾ ਹੈ। ਇਸ ਗਾਥਾ ਨੂੰ ਮਨੋਕਲਪਿਤ ਕਹਿਣ ਵਾਲਿਆਂ ਨੂੰ ਝੰਗ ਦੇ ਇਲਾਕੇ ਵਿੱਚ ਜਾ ਕੇ ਕੁਝ ਦਿਨ ਕੱਟਣੇ ਚਾਹੀਦੇ ਹਨ। ਕੇਵਲ ਕਿਆਸ ਆਰਾਈਆਂ ਨਾਲ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਡਾ. ਕੁਲਬੀਰ ਸਿੰਘ ਕਾਂਗ ਨੇ ਇਸ ਸਬੰਧੀ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ।2ਉਨ੍ਹਾਂ ਅਨੁਸਾਰ ਇਸ ਕਹਾਣੀ ਦੇ ਕਈ ਸੋਮੇਂ ਮਿਲਦੇ ਹਨ।ਇਸ ਕਹਾਣੀ ਦੇ ਪੰਜਾਬੀ ਵਿੱਚ ਸਭ ਤੋਂ ਪਹਿਲਾਂ ਸੰਕੇਤ ਸ਼ਾਹ ਹੁਸੈਨ ਨੇ ਕੀਤਾ। ਹੇਠ ਲਿਖੀਆਂ ਉਦਾਹਰਣਾਂ ਧਿਆਨ-ਯੋਗ ਹਨ :-

1. ਰਾਂਝਾ ਜੋਗੀ ਮੈਂ ਜੁਗਿਆਨੀ, ਕਮਲੀ ਕਰ ਕਰ ਸਦੀਆਂ।
2. ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤਾ ਕੌਲ ਜ਼ਰੂਰ ਹੈ ਜਾਣਾ।
3. ਜੋਗੀ ਹੋਵਾਂ ਧੂੰਆਂ ਪਾਵਾਂ, ਤੇਰੇ ਕਾਰਨ ਮੈਂ ਮਰ ਜਾਵਾਂ।
4. ਹੀਰੇ ਨੂੰ ਇਸ਼ਕ ਚਿਰੋਕਾ ਆਹਾ, ਜਾ ਆਹੀ ਦੁੱਧ ਵਾਤੀ।
5. ਸੌ ਵਰ੍ਹਿਆਂ ਦੀ ਜ਼ਹਿਮਤ ਜਾਵੇ, ਜੇ ਰਾਂਝਣ ਪਾਵੇ ਝਾਤੀ।
6. ਜੇ ਤੂੰ ਤਖ਼ਤ ਹਜ਼ਾਰੇ ਦਾ ਸਾਈਂ, ਅਸੀਂ ਸਿਆਲਾਂ ਦੀਆਂ ਕੁੜੀਆਂ।
7. ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ।
ਰਾਂਝਣ ਰਾਂਝਣ ਸਭ ਕੋਈ ਆਖੇ, ਹੀਰ ਨਾ ਆਖੇ ਕੋਈ।

ਸ਼ਾਹ ਹੁਸੈਨ ਦਾ ਜੀਵਨ (1538 ਈ. ਤੋਂ 1599 ਈ.) ਹੈ। ਸ਼ਾਹ ਹੁਸੈਨ ਦਮੋਦਰ ਤੋਂ ਰਤਾ ਕੁ ਵਡੇਰਾ ਜਾਂ ਬਜ਼ੁਰਗ ਸਮਕਾਲੀ ਸੀ। ਦਮੋਦਰ ਹੀਰ ਦੀ ਰਚਨਾ 1605 ਈ. ਤੋਂ 1615 ਈ. ਵਿੱਚ ਮੁਕਾਈ। ਇਸ ਲਈ ਸ਼ਾਹ ਹੁਸੈਨ ਦੇ ਸੰਕੇਤ ਨੂੰ ਅਸੀਂ ਦਮੋਦਰ ਤੋਂ ਪੂਰਵ-ਕਾਲ ਮੰਨ ਸਕਦੇ ਹਾਂ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦਾ ਜੀਵਨ-ਕਾਲ ਵੀ 1551 ਈਂ ਤੋਂ 1628 ਈ. ਮੰਨਿਆ ਜਾਂਦਾ ਹੈ। ਉਨ੍ਹਾਂ ਵੀ ਆਪਣੀ 17ਵੀਂ ਵਾਰ ਵਿੱਚ ਲਿਖਿਆ ਹੈ :-

**ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਤੀ।**
**ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ।**

ਉਪਰੋਕਤ ਦੋ ਉਦਾਹਰਣਾਂ ਦੇਣ ਤੋਂ ਸਾਡਾ ਮੰਤਵ ਇਹ ਹੈ ਕਿ ਹੀਰ ਦੀ ਕਹਾਣੀ ਦਮੋਦਰ ਤੋਂ ਪਹਿਲਾਂ ਲੋਕਾਂ ਵਿੱਚ ਚੋਖੀ ਪ੍ਰਸਿੱਧ ਹੋ ਚੁੱਕੀ ਸੀ ਅਤੇ ਲੋਕ ਗਾਥਾ ਦਾ ਅੰਗ ਬਣ ਚੁੱਕੀ ਸੀ। ਉਸ ਦੇ ਨਾਇਕ ਤੇ ਨਾਇਕਾ ਆਦਰਸ਼-ਪ੍ਰੇਮ ਦੇ ਕਿਰਦਾਰ ਬਣ ਚੁੱਕੇ ਸਨ। ਕੋਈ ਵੀ ਪਾਤਰ ਇੰਨੀ ਛੇਤੀ ਮਹਾਨ ਪ੍ਰੇਮ ਦਾ ਆਦਰਸ਼ ਨਹੀਂ ਬਣ ਸਕਦਾ। ਸ਼ਾਹ ਹੁਸੈਨ ਵਰਗੇ ਅਧਿਆਤਮਕ ਕਵੀ ਨੇ ਆਪਣੇ ਪ੍ਰਭੂ-ਪਿਆਰ ਨੂੰ ਹੀਰ ਦੁਆਰਾ ਪ੍ਰਗਟ ਕੀਤਾ ਹੈ, ਪ੍ਰਭੂ ਨੂੰ ਰਾਂਝਾ ਮੰਨਿਆ ਹੈ। ਇਸੇ ਤਰ੍ਹਾਂ ਦੇ ਰਹੱਸਵਾਦ ਨੂੰ ਜੜ੍ਹ ਫੜਦਿਆਂ ਸਮਾਂ ਲੱਗਦਾ ਹੈ।

ਭਾਈ ਗੁਰਦਾਸ ਵਰਗਾ ਗੰਭੀਰ ਤੇ ਗੁਰਮਤਿ ਦਾ ਕਵੀ ਉਨ੍ਹਾਂ ਦੇ ਇਸ਼ਕ ਪਰਮ-ਉੱਚਾ ਦਰਜਾ ਦਿੰਦਾ ਹੈ। ਕਿਸੇ ਕਥਾ ਦੇ ਪਾਤਰਾਂ ਨੂੰ ਜਦੋਂ ਉਸ ਜ਼ਬਾਨ ਦੇ ਕਵੀ ਆਲੰਬਣ ਬਣਾ ਲੈਨਦੇ ਹਨ ਤਾਂ ਇਹ ਉਸ ਕਥਾ ਦੇ ਮਹਾਨ ਅਤੇ ਕਾਫ਼ੀ ਚਿਰ ਤੋਂ ਪ੍ਰਚਲਿਤ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

ਦਮੋਦਰ ਤੋਂ ਪਹਿਲਾਂ ਇਸ ਕਥਾ ਦੇ ਸਰੋਤ ਦਾ ਇੱਕ ਹੋਰ ਪ੍ਰਮਾਣ ਮਿਲਦਾ ਹੈ ਤੇ ਉਹ ਹੈ ਫ਼ਾਰਸੀ ਸ਼ਾਇਰ (ਬਾਕੀ ਕੋਲਾਬੀ) ਦੀ ਮਸਨਵੀ ਹੀਰ ਰਾਂਝਾ। ਇਸ ਬਾਰੇ ਡਾ. ਮੁਹੰਮਦਰ ਬਾਕਰ ਦੱਸਦੇ ਹਨ ਕਿ 'ਅਫ਼ਗਾਨਿਸਤਾਨ ਦੀ ਸਰਹੱਦ ਕੋਲ ਜਨੂਬ ਵਿੱਚ 69-41 ਬਲੰਦ ਅਤੇ 37-36 ਅਰਜ਼ ਬਲੰਦ 'ਤੇ ਇੱਕ ਪਿੰਡ ਹੁਣ ਵੀ ਵਾਕਿਆ ਹੈ ਜਿਸ ਨੂੰ ਕੋਲਾਬ ਕਹਿੰਦੇ ਹਨ। ਇਹ ਕਵੀ 'ਬਾਕੀ' ਇੱਥੋਂ ਦਾ ਸੀ। ਬਾਕੀ ਅਕਬਰ ਦੇ ਜ਼ਮਾਨੇ ਵਿੱਚ 1579 ਈ. ਨੂੰ ਜੌਨਪੁਰ ਵਿੱਚ ਮਾਸੂਮ ਖ਼ਾਂ ਦੀ ਬਗ਼ਾਵਤ ਵਿੱਚ ਮਾਰਿਆ ਗਿਆ ਸੀ। ਮੁੱਲਾਂ ਬਦਾਯੂਨੀ ਨੇ ਆਪਣੀ ਮਸ਼ਹੂਰ ਪੁਸਤਕ ਮੁੰਤਖ਼ਿਬ-ਉਲ-ਤਵਾਰੀਖ਼

(ਜਿਲਦ ਸੋਇਮ ਮਨ 194) ਵਿੱਚ ਉਸ ਦਾ ਜ਼ਿਕਰ ਕੀਤਾ ਤੇ ਉਹਦੇ ਫ਼ਾਰਸੀ ਸ਼ਿਅਰਾਂ ਦੀਆਂ ਮਿਸਾਲਾਂ ਵੀ ਦਿੱਤੀਆਂ ਹਨ।

ਡਾ. ਮੁਹੰਮਦ ਬਾਕਰ ਨੇ ਉਸ ਮਸਨਵੀ ਹੀਰ ਰਾਂਝਾ ਦੀ ਇੱਕ ਹੱਥ-ਲਿਖਤ ਕਾਪੀ ਆਪ ਵੀ ਵੇਖੀ ਸੀ ਜੋ ਕਿਸੇ ਵੇਲੇ ਸਰ ਸ਼ਹਾਬ-ਉ-ਦੀਨ ਕੋਲ ਸੀ। ਕਿਉਂਕਿ ਕਵੀ ਬਾਕੀ 1579 ਈ. ਵਿੱਚ ਪ੍ਰਲੋਕ ਸਿਧਾਰ ਗਿਆ ਸੀ, ਇਸ ਲਈ ਉਸ ਦੀ ਇਹ ਰਚਨਾ 1579 ਈ. ਤੋਂ ਪਹਿਲਾਂ ਦੀ ਹੈ। ਉਹ ਅਕਬਰ ਦੇ ਰਾਜ ਦਾ ਵੀ ਜ਼ਿਕਰ ਕਰਦਾ ਹੈ, ਇਸ ਲਈ ਡਾਕਟਰ ਬਾਕਰ ਦਾ ਖ਼ਿਆਲ ਹੈ ਕਿ ਇਹ ਰਚਨਾ ਉਸ ਨੇ 1574 ਈ. ਵਿੱਚ ਮੁਕੰਮਲ ਕੀਤੀ।

ਇਸ ਤਰ੍ਹਾਂ ਇਹ ਕਹਾਣੀ ਪੰਜਾਬ ਦੇ ਇੱਕ ਪਿੰਡ ਵਿੱਚੋਂ ਟੁਰ ਕੇ ਕਿੱਥੇ ਦੀ ਕਿੱਥੇ ਪਹੁੰਚ ਗਈ ਸੀ। ਪੰਜਾਬ ਦੀ ਇੱਕ ਪ੍ਰੀਤ-ਕਥਾ ਨੂੰ ਦੂਰ ਬੈਠੇ ਇੱਕ ਬਲੋਚੀ ਸ਼ਾਇਰ ਵੱਲੋਂ ਮਸਨਵੀ ਦੇ ਰੂਪ ਵਿੱਚ ਰਚਿਆ ਜਾਣਾ ਵੀ ਇਹੋ ਸਿੱਧ ਕਰਦਾ ਹੈ ਕਿ ਇਹ ਕਹਾਣੀ ਕਾਫ਼ੀ ਚਿਰ ਤੋਂ ਲੋਕ ਵਿੱਚ ਪ੍ਰਚਲਿਤ ਸੀ ਤੇ ਇਸ ਦੇ ਪਾਤਰ ਲੋਕਾਂ ਦੇ ਹਰਮਨ-ਪਿਆਰੇ ਨਾਇਕ ਬਣ ਚੁੱਕੇ ਸਨ।

ਇੱਕ ਹੋਰ ਕਵੀ 'ਗੰਗ ਭੱਟ' (ਜੋ ਕਿ ਅਕਬਰ ਦਾ ਦਰਬਾਰੀ ਕਵੀ ਵੀ ਦੱਸਿਆ ਜਾਂਦਾ ਹੈ) ਦਮੋਦਰ ਤੋਂ ਪਹਿਲਾਂ ਝਗੜਾ ਹੀਰ ਰਾਂਝੇ ਕਾਜ਼ੀ ਜੀ ਕਾ ਕਬਿੱਤਾਂ ਵਿੱਚ ਲਿਖ ਚੁੱਕਾ ਸੀ। ਇਸ ਦੀ ਹੱਥ-ਲਿਖਤ ਕਾਪੀ ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ ਉਨ੍ਹਾਂ ਸ੍ਰੀ ਰਣਧੀਰ ਸਿੰਘ (ਰੀਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ) ਪਾਸ ਵੇਖੀ ਸੀ। ਇਸ ਪੋਥੀ ਦੇ ਕੁਲ ਪੱਤਰੇ 156 ਹਨ, ਪੱਤਰਾ ਨੰਬਰ 10 ਤੋਂ ਇਹ ਸੰਵਾਦ ਸ਼ੁਰੂ ਹੁੰਦਾ ਹੈ। ਇਹ ਪੋਥੀ ਗੁਟਕਾ ਸਾਈਜ਼ ਦੀ ਹੈ ਤੇ ਹੀਰ ਕਾਜ਼ੀ ਦੇ ਸੰਵਾਦ ਤੋਂ ਇਲਾਵਾ ਇਸ ਵਿੱਚ ਮਾਦਵਾਨਲ ਕਾਮ ਕੰਦਲਾ, ਗੋਪੀ ਜਨ ਕੇ ਬਿਲਾਸ ਆਦਿ ਹੋਰ ਭਗਤਾਂ ਦੀਆਂ ਬਾਣੀਆਂ ਹਨ। ਫ਼ਾਰਸੀ, ਪੰਜਾਬੀ ਤੇ ਹਿੰਦੀ ਰਲੀ ਸਾਦਾ ਜਿਹੀ ਜ਼ੁਬਾਨ ਹੈ। ਇਸ ਤਰ੍ਹਾਂ ਦੀਆਂ ਉਨ੍ਹਾਂ ਕਈ ਮਿਸਾਲਾਂ ਆਪਣੀ ਪੁਸਤਕ ਵਿੱਚ ਦਿੱਤੀਆਂ ਹਨ।

❋❋❋

1. ਦਮੋਦਰ (ਗੁਰਦਿੱਤ ਸਿੰਘ ਪ੍ਰੇਮੀ),ਪੰਜਾਬੀ ਯੂਨੀਵਰਸਿਟੀ ਪਟਿਆਲਾ, 1977, ਪੰਨੇ 37-38
2. ਹੀਰ ਦਮੋਦਰ ਇਤਿਹਾਸਕ ਤੇ ਸਾਹਿਤਕ ਮੁਲਾਂਕਣ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2019, ਪੰਨੇ15-17

# ਸ਼ਹਾਇਕ ਪੁਸਤਕ ਸੂਚੀ


- ਅਸੋਕ, ਸ਼ਮਸ਼ੇਰ ਸਿੰਘ, **ਹੀਰ ਵਾਰਿਸ**, ਭਾਸ਼ਾ ਵਿਭਾਗ, ਪੰਜਾਬ ਪਟਿਆਲਾ 1969.
- ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**, ਲਾਹੌਰ ਬੁੱਕ ਸ਼ਾਪ, ਲੁਧਿਆਣਾ 1971.
- ਕਾਂਗ, ਕੁਲਬੀਰ ਸਿੰਘ (ਸੰਪਾ.), **ਹੀਰ ਦਮੋਦਰ**, **ਇਤਿਹਾਸਕ ਤੇ ਸਾਹਿਤਕ ਮੁਲਾਂਕਣ**, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2019.
- ਗੁਰਦੇਵ ਸਿੰਘ, ਪ੍ਰੀਤਮ ਸੈਣੀ (ਸੰਪਾਦਕ), **ਹੀਰ ਦਮੋਦਰ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1994.
- ਘੁੰਮਣ, ਬਿਕਰਮ ਸਿੰਘ, **ਵਾਰਿਸ ਸ਼ਾਹ ਦੀ ਕਿੱਸਾਕਾਰੀ**, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2012
- ਪਰਮਿੰਦਰ ਸਿੰਘ, **ਹੀਰ ਦਮੋਦਰ**, **ਇਕ ਆਲੋਚਨਾਤਮਿਕ ਅਧਿਐਨ**, ਪੈਪਸੂ ਬੁਕ ਡੀਪੋ, ਪਟਿਆਲਾ, 1979.
- ਪ੍ਰੇਮੀ, ਗੁਰਦਿੱਤ ਸਿੰਘ, **ਦਮੋਦਰ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1977
- ਭੋਗਲ, ਪਿਆਰਾ ਸਿੰਘ, **ਪ੍ਰਸਿੱਧ ਕਿੱਸਾਕਾਰ**, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1971.
- ਧਾਰੋਵਾਲੀਆ, ਬਾਵਾ ਗੰਗਾ ਸਿੰਘ ਬੇਦੀ, **ਕਿੱਸਾ ਹੀਰ ਦਮੋਦਰ**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1949.


❋❋❋